# ਕਟਹਿਰਾ

(ਨਾਵਲ)

**ਇਸੇ ਕਲਮ ਤੋਂ**

ਨਾਵਲ : ਅੱਗ ਦੇ ਬੀਜ, ਕਾਫ਼ਲਾ, ਤਫ਼ਤੀਸ਼, ਕੌਰਵ ਸਭਾ, ਸੁਧਾਰ ਘਰ
ਕਹਾਣੀ ਸੰਗ੍ਰਹਿ : ਪੁਨਰਵਾਸ, ਲਾਮ, ਠੋਸ ਸਬੂਤ
Law Books : Pro-Prosecution Law on Custody and bails
: ਫੌਜਦਾਰੀ ਕਾਨੂੰਨ ਬਾਰੇ ਜ਼ਰੂਰੀ ਜਾਣਕਾਰੀ

**ਲੇਖਕ ਸੰਬੰਧੀ ਰਚੀਆਂ ਗਈਆਂ ਪੁਸਤਕਾਂ**

ਤਫ਼ਤੀਸ਼ ਦਾ ਵਿਸ਼ਲੇਸ਼ਣ : ਸੰਪਾਦਕ : ਡਾ. ਸੁਖਦੇਵ ਸਿੰਘ ਖਾਹਰਾ
ਨਾਵਲਕਾਰ ਮਿੱਤਰ ਸੈਨ ਮੀਤ : ਸੰਪਾਦਕ : ਡਾ. ਸੁਖਦੇਵ ਸਿੰਘ ਖਾਹਰਾ
ਕੌਰਵ ਸਭਾ : ਆਲੋਚਨਾਤਮਿਕ ਅਧਿਐਨ : ਸੰਪਾਦਕ : ਡਾ. ਸੁਖਦੇਵ ਸਿੰਘ ਖਾਹਰਾ
ਪ੍ਰਸੰਗ : ਕੌਰਵ ਸਭਾ : ਅਮਰਜੀਤ ਸਿੰਘ ਗਰੇਵਾਲ
ਨਾਵਲਕਾਰ ਮਿੱਤਰ ਸੈਨ ਮੀਤ : ਸੰਵਾਦ ਦਰ ਸੰਵਾਦ : ਸੰਪਾਦਕ : ਡਾ. ਐਸ. ਤਰਸੇਮ
Fiction of Mitter Sain Meet : Dr. T. R. Vinod
ਕੌਰਵ ਸਭਾ ਦੀਆਂ ਪਰਤਾਂ : ਸੰਪਾਦਕ : ਡਾ. ਹਰਭਜਨ ਸਿੰਘ ਭਾਟੀਆ
ਨਵੀਂ ਵਿਧਾ ਦਾ ਨਾਵਲਕਾਰ - ਮਿੱਤਰ ਸੈਨ ਮੀਤ : ਡਾ. ਕਮਲਜੀਤ ਸਿੰਘ

# ਕਟਹਿਰਾ

(ਨਾਵਲ)

**ਮਿੱਤਰ ਸੈਨ ਮੀਤ**

ਪ੍ਰਕਾਸ਼ਕ :
**ਭਾ. ਚਤਰ ਸਿੰਘ ਜੀਵਨ ਸਿੰਘ**
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

**KATEHRA** (Novel)
*by :*

**Mitter Sain Meet**
Address:
H.No. 297, Street No.5,
Upkar Nagar, Civil Lines,
Ludhiana (Pb.), M-098556-31777
Email : mittersainmeet@hotmail.com

© Author

**ISBN :** 978-81041-70-3

ਪਹਿਲੀ ਵਾਰ : 1993
ਦੂਜੀ ਵਾਰ : 1993
ਤੀਜੀ ਵਾਰ : 2007
ਚੌਥੀ ਵਾਰ : 2012 (ਸੋਧਿਆ ਅਡੀਸ਼ਨ)

ਮੁੱਲ : 0/- ਰੁਪਏ

ਪ੍ਰਕਾਸ਼ਕ :
**ਭਾ: ਚਤਰ ਸਿੰਘ ਜੀਵਨ ਸਿੰਘ**
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
ਟੈਲੀਫ਼ੋਨ : (0183) 2547974, 2557973
ਫ਼ੈਕਸ : (0183) 5017488
Email : csjssales@hotmail.com
csjspurchase@yahoo.com
csjsexports@vsnl.com
Visit our website : www.csjs.com

Printed in India

**ਪ੍ਰਿੰਟਰ :** ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ : (0183) 2705003

## ਪ੍ਰਮੁੱਖ ਇਨਾਮ ਅਤੇ ਸਨਮਾਨ

1. ਸਾਹਿਤ ਅਕਾਡਮੀ ਪੁਰਸਕਾਰ, 2008
2. ਕੇਂਦਰੀ ਸਰਕਾਰ ਦੇ ਪੁਲਿਸ ਵਿਭਾਗ ਦਾ ਪੰਡਿਤ ਗੋਬਿੰਦ ਵਲਬ ਪੰਤ ਪੁਰਸਕਾਰ, 2008

ਸਾਨੂੰ ਬੁਰਾਈ ਦੇ ਖ਼ਿਲਾਫ਼
ਜਹਾਦ ਕਰਨਾ ਚਾਹੀਦਾ ਹੈ
..... .....
ਜੇ ਜਹਾਦ ਨਹੀਂ ਕਰ ਸਕਦੇ
ਤਾਂ ਇਸ ਦੇ ਖ਼ਿਲਾਫ਼
ਬੋਲਣਾ ਚਾਹੀਦਾ ਹੈ
..... .....
ਜੇ ਬੋਲ ਵੀ ਨਹੀਂ ਸਕਦੇ
ਘੱਟੋ-ਘੱਟ
ਬੁਰਾਈ ਨੂੰ ਨਫ਼ਰਤ ਜ਼ਰੂਰ
ਕਰਨੀ ਚਾਹੀਦੀ ਹੈ.....

*(ਪਾਕਿਸਤਾਨੀ ਡਰਾਮੇ 'ਝੀਲ' 'ਚੋਂ)*

ਕਾਨੂੰਨ ਅਤੇ ਇਨਸਾਫ਼ :.....ਵੱਡੇ-ਵੱਡੇ ਅਤੇ ਮਹਿੰਗੇ ਕਾਨੂੰਨ।..... ਅਦਾਲਤਾਂ ਦੀ ਕਾਰਵਾਈ ਪੇਚੀਦਾ ਕਰ ਦਿੱਤੀ ਗਈ ਹੈ ਅਤੇ ਖ਼ਰਚ ਵਧਾ ਕੇ ਅਸਹਿ ਕਰ ਦਿੱਤਾ ਗਿਆ ਹੈ।.....ਕੰਪਨੀ ਦੀ ਉਸ ਸਾਰੀ ਭਾਰਤੀ ਜਨਤਾ ਦੇ ਲਈ, ਜੋ ਇਨਸਾਫ਼ ਕਰਾਉਣ ਲਈ ਸਰਕਾਰ ਨੂੰ ਟੈਕਸ ਨਹੀਂ ਦੇ ਸਕਦੀ, ਅਦਾਲਤਾਂ ਦੇ ਦਰਵਾਜ਼ੇ ਬੰਦ ਹਨ। ਉਹਨਾਂ ਲਈ ਨਾ ਕਾਨੂੰਨ ਹੈ ਅਤੇ ਨਾ ਇਨਸਾਫ਼, ਅਤੇ ਜਿਨ੍ਹਾਂ ਕੋਲ ਧਨ ਹੈ, ਉਹ ਵੀ ਅੰਦਰ ਵੜ ਕੇ ਕੀ ਵੇਖਦੇ ਹਨ ?.....ਜੱਜ ਇਸ ਤਰ੍ਹਾਂ ਦੇ ਹਨ ਜੋ ਅੰਗਰੇਜ਼ ਜਾਤ ਦੇ ਨਾਮ ਉੱਤੇ ਇਕ ਕਲੰਕ ਹਨ।

*(1853 ਵਿਚ ਅੰਗਰੇਜ਼ਾਂ ਦੀ 'ਇੰਡੀਆ ਰਿਫ਼ਾਰਮ ਸੁਸਾਇਟੀ' ਪੱਤ੍ਰਿਕਾ ਦਾ ਸਰਵੇ)*

# 1

ਸਰਕਾਰੀ ਵਕੀਲ ਨੂੰ ਉਡੀਕ ਰਹੇ ਥਾਣੇਦਾਰ ਨੂੰ ਲੱਗ ਰਿਹਾ ਸੀ ਜਿਵੇਂ ਤੀਸਰਾ ਦਿਨ ਵੀ ਭੰਗ ਦੇ ਭਾੜੇ ਜਾਏਗਾ।

ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਿਆਂ ਪਚਾਸੀ ਦਿਨ ਹੋ ਗਏ ਸਨ। ਜੇ ਪੰਜ ਦਿਨਾਂ ਦੇ ਅੰਦਰ-ਅੰਦਰ ਚਲਾਨ ਪੇਸ਼ ਨਾ ਹੋਇਆ ਤਾਂ ਉਹਨਾਂ ਦੀ ਜ਼ਮਾਨਤ ਹੋ ਜਾਣੀ ਸੀ। ਦੋਸ਼ੀਆਂ ਦੀ ਜ਼ਮਾਨਤ ਦਾ ਮਤਲਬ ਸੀ ਫਾਂਸੀ ਦੇ ਫੰਦੇ ਦਾ ਉਹਨਾਂ ਗਲੋਂ ਲਹਿ ਕੇ ਤਫ਼ਤੀਸ਼ੀ ਦੇ ਗਲ ਪੈ ਜਾਣਾ।

ਤਫ਼ਤੀਸ਼ ਨੱਬੇ ਦਿਨਾਂ ਦੇ ਅੰਦਰ-ਅੰਦਰ ਮੁਕੰਮਲ ਕਿਉਂ ਨਹੀਂ ਹੋਈ ? ਇਸ ਪ੍ਰਸ਼ਨ ਨੂੰ ਲੈ ਕੇ ਨਾਜ਼ਰ ਸਿੰਘ ਥਾਣੇਦਾਰ ਦੀ ਜਵਾਬ-ਤਲਬੀ ਹੋਣੀ ਸੀ। ਕਈ ਮਹੀਨੇ ਅਫ਼ਸਰਾਂ ਨੇ ਉਸ ਨੂੰ ਖੱਜਲ-ਖੁਆਰ ਕਰਨਾ ਸੀ। ਖਹਿੜਾ ਛੁਡਾਉਣ ਲਈ ਨਾਜ਼ਰ ਸਿੰਘ ਨੂੰ ਹਜ਼ਾਰਾਂ ਰੁਪਏ ਚੜ੍ਹਾਵਾ ਚੜ੍ਹਾਉਣਾ ਪੈਣਾ ਸੀ। ਛੋਟੀ-ਮੋਟੀ ਸਜ਼ਾ ਵੱਟ 'ਤੇ ਸੀ। ਵੱਡੀ ਸਜ਼ਾ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਸੀ ਕੀਤਾ ਜਾ ਸਕਦਾ।

ਵਿਰੋਧੀ ਧਿਰ ਦੇ ਇਕ ਵਿਧਾਇਕ ਨੇ ਅਸੈਂਬਲੀ ਵਿਚ ਪ੍ਰਸ਼ਨ ਪੁੱਛ ਰਖਿਆ ਸੀ । ਇਹਨਾਂ ਬੇਕਸੂਰਾਂ ਨੂੰ ਛੱਡਿਆ ਕਿਉਂ ਨਹੀਂ ਜਾ ਰਿਹਾ ? ਅਸਲ ਦੋਸ਼ੀਆਂ ਨੂੰ ਕਿਉਂ ਫੜਿਆ ਨਹੀਂ ਜਾ ਰਿਹਾ ? ਉਹ ਉੱਤਰ ਚਾਹੁੰਦਾ ਸੀ।

ਥਾਣੇ ਦੇ ਛੋਟੇ ਮੁਲਾਜ਼ਮ ਤੋਂ ਲੈ ਕੇ ਮੁੱਖ ਮੰਤਰੀ ਤਕ ਸਭ ਇਸ ਪ੍ਰਸ਼ਨ ਤੋਂ ਟਲਣਾ ਚਾਹੁੰਦੇ ਸਨ। ਕਾਨੂੰਨਦਾਨਾਂ ਨੇ ਟਲਣ ਦਾ ਇਕੋ ਰਾਹ ਸੁਝਾਇਆ ਸੀ। ਕੇਸ ਨੂੰ ਜਲਦੀ ਤੋਂ ਜਲਦੀ ਅਦਾਲਤ ਦੇ ਸਪੁਰਦ ਕਰ ਦਿੱਤਾ ਜਾਵੇ। ਅਦਾਲਤ ਦੇ ਵਿਚਾਰ-ਅਧੀਨ (ਸਬ ਜੁਡਾਈਸ) ਮਸਲਾ ਕਿਧਰੇ ਹੋਰ ਨਹੀਂ ਵਿਚਾਰਿਆ ਜਾ ਸਕਦਾ। ਵਿਧਾਨ ਸਭਾ ਵਿਚ ਵੀ ਨਹੀਂ।

ਇਹ ਅਹਿਮ ਜ਼ਿੰਮੇਵਾਰੀ ਕਿਸ ਨੂੰ ਸੌਂਪੀ ਜਾਵੇ ? ਇਸ ਪ੍ਰਸ਼ਨ 'ਤੇ ਪੁਲਿਸ ਕਪਤਾਨ ਨੇ ਖ਼ੁਦ ਵਿਚਾਰ ਕੀਤਾ ਸੀ। ਥਾਣੇ ਵਿਚ ਤਾਇਨਾਤ ਸਭ ਤਫ਼ਤੀਸ਼ੀਆਂ ਦੇ ਨਾਵਾਂ ਨੂੰ ਉਸ ਨੇ ਵਾਰੀ-ਵਾਰੀ ਵਿਚਾਰਿਆ ਸੀ।

ਡਿਪਟੀ ਨੇ ਪਾਖਰ ਦਾ ਨਾਂ ਸੁਝਾਇਆ ਸੀ।

ਉਹ ਲਿਖਾ-ਪੜ੍ਹੀ ਦਾ ਮਾਹਿਰ ਸੀ। ਉਸ ਦੀ ਬਹੁਤੀ ਸਰਵਿਸ ਸੀ.ਆਈ.ਏ. ਸਟਾਫ਼ ਦੀ ਸੀ। ਇਕੋ ਦੋਸ਼ੀ 'ਤੇ ਤਿੰਨ-ਤਿੰਨ ਐਕਟਾਂ ਅਧੀਨ ਕੇਸ ਫਿੱਟ ਕਰਨ ਵਿਚ ਉਸ ਨੂੰ ਮੁਹਾਰਤ ਹਾਸਲ ਸੀ। ਸਿਰ 'ਤੇ ਚੋਰੀ ਕੀਤੇ ਭਾਂਡਿਆਂ ਵਾਲੀ ਬੋਰੀ, ਹੱਥ ਵਿਚ ਬਰਛਾ ਅਤੇ ਖੀਸੇ ਵਿਚ ਅਫ਼ੀਮ। ਕਮੀ-ਪੇਸ਼ੀ ਰਹਿ ਜਾਏ ਤਾਂ ਮੋਢੇ 'ਤੇ ਲਟਕਾਏ ਝੋਲੇ ਵਿਚ ਨਾਜਾਇਜ਼ ਸ਼ਰਾਬ ਦੀਆਂ ਬੋਤਲਾਂ। ਲਿਖਾ-ਪੜ੍ਹੀ ਇੰਨੀ ਸਾਫ਼-ਸੁਥਰੀ ਕਿ ਵੱਡੇ ਤੋਂ ਵੱਡੇ ਵਕੀਲ ਨੂੰ ਵੀ ਰਾਹ ਨਹੀਂ ਦਿੰਦਾ।

ਉਸ ਦੇ ਸਾਰੇ ਕੇਸਾਂ ਵਿਚ ਸਜ਼ਾ ਹੁੰਦੀ ਸੀ।

ਇਹ ਨਾਂ ਕਪਤਾਨ ਦੇ ਨੱਕ ਹੇਠ ਨਹੀਂ ਸੀ ਆਇਆ। ਅਫ਼ੀਮ ਸ਼ਰਾਬ ਦੇ ਕੇਸਾਂ ਦੀ ਲਿਖਾ-ਪੜ੍ਹੀ ਵੀ ਕੋਈ ਲਿਖਾ-ਪੜ੍ਹੀ ਹੁੰਦੀ ਹੈ। ਅਜਿਹੇ ਕੇਸਾਂ ਦੇ ਬਿਆਨ ਇਕੋ ਜਿਹੇ ਹੁੰਦੇ ਹਨ। ਛੋਟੀ-ਮੋਟੀ ਤਬਦੀਲੀ ਕਰ ਕੇ ਡੰਗ ਟੱਪ ਜਾਂਦਾ ਹੈ। ਤਫ਼ਤੀਸ਼ੀ ਦੀ ਹੁਸ਼ਿਆਰੀ ਦਾ ਪਤਾ ਉਦੋਂ ਲੱਗਦੈ ਜਦੋਂ ਗ਼ਬਨ, ਕਤਲ ਜਾਂ ਬਲਾਤਕਾਰ ਵਰਗੇ ਕਿਸੇ ਕੇਸ ਨਾਲ ਵਾਹ ਪਿਆ ਹੋਵੇ। ਪਾਖਰ ਨੇ ਸਾਰੀ ਨੌਕਰੀ ਵਿਚ ਇਕ ਵੀ ਅਜਿਹਾ ਕੇਸ ਨਹੀਂ ਕੀਤਾ। ਬਿਨਾਂ ਮੂੰਹ-ਸਿਰ ਵਾਲਾ ਇਹ ਕਤਲ ਕੇਸ ਉਸ ਦੇ ਵੱਸ ਦਾ ਨਹੀਂ ਸੀ।

ਕਪਤਾਨ ਨੂੰ ਅਜਿਹੇ ਤਫ਼ਤੀਸ਼ੀ ਦੀ ਲੋੜ ਸੀ, ਜਿਸ ਦੀ ਬੁੱਧੀ ਤੀਖਣ ਅਤੇ ਕਲਪਨਾ ਸ਼ਕਤੀ ਤੇਜ਼ ਹੋਵੇ। ਗੁੰਝਲਦਾਰ ਕੇਸਾਂ ਵਿਚ ਤਫ਼ਤੀਸ਼ੀ ਕੋਲ ਵਾਪਰੀਆਂ ਘਟਨਾਵਾਂ ਦੀਆਂ ਕੁਝ ਤੰਦਾਂ ਹੁੰਦੀਆਂ ਹਨ। ਕਾਨੂੰਨ ਦੇ ਸਾਂਚੇ ਵਿਚ ਫਿੱਟ ਕਰਨ ਲਈ ਕਹਾਣੀ ਦਾ ਬਾਕੀ ਤਾਣਾ-ਪੇਟਾ ਉਸ ਨੇ ਖ਼ੁਦ ਬੁਣਨਾ ਹੁੰਦਾ ਹੈ। ਇਸ ਕੇਸ ਦੀ ਤਫ਼ਤੀਸ਼ੀ ਨੂੰ ਕਹਾਣੀ ਵੀ ਘੜਨੀ ਪੈਣੀ ਸੀ ਅਤੇ ਸਬੂਤ ਵੀ।

ਕਪਤਾਨ ਨੂੰ ਲੱਗਦਾ ਸੀ ਕਿ ਇਸ ਅੜੇ ਗੱਡੇ ਨੂੰ ਜੇ ਕੋਈ ਕੱਢ ਸਕਦਾ ਸੀ ਤਾਂ ਉਹ ਨਾਜ਼ਰ ਸਿੰਘ ਸੀ।

ਬਲਤਾਕਾਰ ਦੇ ਇਕ ਕੇਸ 'ਚ ਉਲਝੀ ਗੁੱਥੀ ਨੂੰ ਜਿਸ ਅਕਲ ਅਤੇ ਦਲੇਰੀ ਨਾਲ ਨਾਜ਼ਰ ਨੇ ਸੁਲਝਾਇਆ ਸੀ, ਉਸ ਨਾਲ ਉਹ ਕਪਤਾਨ ਦੀਆਂ ਨਜ਼ਰਾਂ ਵਿਚ ਉੱਚਾ ਉੱਠ ਗਿਆ ਸੀ।

ਅਨਾਥ ਆਸ਼ਰਮ ਦੀ ਇਕ ਵਾਰਡਨ ਦੇ ਭਰਾ ਨੇ ਪੰਦਰਾਂ ਸਾਲਾਂ ਦੀ ਇਕ ਲੜਕੀ ਨਾਲ ਦਿਨ-ਦਿਹਾੜੇ ਬਲਾਤਕਾਰ ਕੀਤਾ ਸੀ। ਪਰ ਲੜਕੀ ਦੀ ਵਿਗੜੀ ਹਾਲਤ ਦੇਖ ਕੇ ਉਹ ਘਬਰਾ ਗਿਆ ਅਤੇ ਘਰੋਂ ਫ਼ਰਾਰ ਹੋ ਗਿਆ।

ਅਜਿਹੀਆਂ ਘਟਨਾਵਾਂ ਆਸ਼ਰਮ ਲਈ ਨਵੀਆਂ ਨਹੀਂ ਸਨ। ਲੜਕੀਆਂ ਰੋ-ਧੋ ਕੇ ਚੁੱਪ ਹੋ ਜਾਇਆ ਕਰਦੀਆਂ ਸਨ। ਵਾਰਡਨ ਨੇ ਇਸੇ ਆਸ ਨਾਲ ਤੂਫ਼ਾਨ ਦੇ ਗੁਜ਼ਰ ਜਾਣ ਤਕ ਦੜ ਵੱਟਣੀ ਬੇਹਤਰ ਸਮਝੀ।

ਪਰ ਕੁਝ ਹੀ ਘੰਟਿਆਂ ਵਿਚ ਬਿੱਲੀ ਬੋਰੀ ਵਿਚੋ ਬਾਹਰ ਆ ਗਈ।

ਖ਼ਬਰ ਪ੍ਰਬੰਧਕਾਂ ਤਕ ਪੁੱਜ ਗਈ। ਉਹ ਕਾਰਵਾਈ ਲਈ ਕਾਹਲੇ ਪੈਣ ਲੱਗੇ । ਇਸ ਦੇ ਕਈ ਕਾਰਨ ਸਨ। ਪਹਿਲਾ ਇਹ ਕਿ ਲੜਕੀ ਦੀ ਉਮਰ ਛੋਟੀ ਸੀ। ਦੂਜਾ ਇਹ ਕਿ ਬਲਾਤਕਾਰ ਕਰਨ ਵਾਲਾ ਇਕ ਸਾਧਾਰਨ ਆਦਮੀ ਸੀ, ਕੋਈ ਪ੍ਰਬੰਧਕ ਨਹੀਂ। ਇਸ ਤਰ੍ਹਾਂ ਤਾਂ ਜਣੇ-ਖਣੇ ਨੂੰ ਮੂੰਹ ਮਾਰਨ ਦੀ ਆਦਤ ਪੈ ਜਾਏਗੀ। ਤੀਜਾ ਕਾਰਨ ਵਾਰਡਨ ਖ਼ੁਦ ਸੀ। ਉਹ ਬਹੁਤ ਸੋਹਣੀ ਸੀ ਪਰ ਪ੍ਰਬੰਧਕਾਂ ਨੂੰ ਉਸ ਦੇ ਸੁਹੱਪਣ ਦਾ ਕੋਈ ਲਾਭ ਨਹੀਂ ਸੀ ਪੁੱਜ ਰਿਹਾ। ਹੁਣ ਬਟੇਰਾ ਪੈਰ ਥੱਲੇ ਸੀ।

ਆਪਣੀ ਨੌਕਰੀ ਖੁੱਸਣ ਅਤੇ ਭਰਾ ਨੂੰ ਸਜ਼ਾ ਹੋਣ ਦੇ ਡਰੋਂ ਵਾਰਡਨ ਨੇ ਹਾਲਾਤ ਕਾਬੂ 'ਚ ਰੱਖਣ ਦੀ ਕੋਸ਼ਿਸ਼ ਕੀਤੀ। ਵਕੀਲ ਦੀ ਸਲਾਹ ਲਈ। ਇਕ ਪਾਸੇ ਉਹ ਪ੍ਰਬੰਧਕਾਂ ਨੂੰ ਟਰਕਾਉਂਦੀ ਰਹੀ ਅਤੇ ਦੂਜੇ ਪਾਸੇ ਬਲਾਤਕਾਰ ਦੇ ਸਬੂਤ ਮਿਟਾਉਂਦੀ ਰਹੀ।

ਹਫ਼ਤੇ ਵਿਚ ਜਦ ਸਾਰੇ ਸਬੂਤ ਮਿਟ ਗਏ ਤਾਂ ਇਕ ਰਾਤ ਉਹ ਵੀ ਪੱਤਰਾ ਵਾਚ ਗਈ। ਪ੍ਰਬੰਧਕਾਂ ਦੇ ਤਨ-ਬਦਨ ਨੂੰ ਅੱਗ ਲੱਗ ਗਈ। ਗ਼ੁੱਸੇ ਹੋ ਕੇ ਉਹਨਾਂ ਕੇਸ ਪੁਲਿਸ ਨੂੰ ਦੇ ਦਿੱਤਾ।



ਪੁਲਿਸ ਇਸ ਮੁਰਦਾ ਕੇਸ ਦਾ ਕੀ ਕਰੇ ?

ਪਹਿਲਾਂ ਤਾਂ ਕੇਸ ਹੀ ਇਕ ਹਫ਼ਤਾ ਬਾਅਦ ਦਰਜ ਕਰਾਇਆ ਗਿਆ ਸੀ। ਇਹ ਦੇਰੀ ਦੋਸ਼ੀਆਂ ਨੂੰ ਬਰੀ ਕਰਵਾਉਣ ਲਈ ਕਾਫ਼ੀ ਸੀ। ਫੇਰ ਬਲਾਤਕਾਰ ਸਮੇਂ ਲੜਕੀ ਨੇ ਜਿਹੜੇ ਕੱਪੜੇ ਪਹਿਨੇ ਸਨ, ਉਹ ਸਾੜੇ ਜਾ ਚੁੱਕੇ ਸਨ। ਪੁਲਿਸ ਲਈ ਉਹਨਾਂ ਕੱਪੜਿਆਂ ਨੂੰ ਕਬਜ਼ੇ ਵਿਚ ਲੈਣਾ ਬਹੁਤ ਜ਼ਰੂਰੀ ਸੀ। ਉਹਨਾਂ 'ਤੇ ਦੋਸ਼ੀ ਦਾ ਵੀਰਜ ਸੀ। ਦੋਹਾਂ ਦੇ ਗੁਪਤ ਅੰਗਾਂ ਦੇ ਵਾਲ ਹੁੰਦੇ ਸਨ। ਲੜਕੀ ਦੇ ਸਰੀਰ 'ਤੇ ਲੱਗੀਆਂ ਝਰੀਟਾਂ ਠੀਕ ਹੋ ਗਈਆਂ ਸਨ। ਤਾਜ਼ੇ ਜ਼ਖ਼ਮਾਂ ਬਿਨਾਂ ਵੀ ਕੇਸ 'ਚ ਦਮ ਨਹੀਂ ਰਹਿਣਾ। ਕੋਈ ਚਸ਼ਮਦੀਦ ਗਵਾਹ ਵੀ ਨਹੀਂ ਸੀ। ਇਕੱਲੀ ਲੜਕੀ ਦੇ ਬਿਆਨਾਂ ਦੇ ਆਧਾਰ 'ਤੇ ਤਾਂ ਸਜ਼ਾ ਨਹੀਂ ਸੀ ਹੋ ਜਾਣੀ।

ਕਪਤਾਨ ਉਹਨੀਂ ਦਿਨੀਂ ਉਸ ਇਲਾਕੇ ਦਾ ਡਿਪਟੀ ਹੁੰਦਾ ਸੀ। ਮਸਲੇ ਦੀ ਨਜ਼ਾਕਤ ਨੂੰ ਦੇਖਦੇ ਹੋਏ ਤਫ਼ਤੀਸ਼ ਉਸ ਨੂੰ ਸੌਂਪੀ ਗਈ। ਡਿਪਟੀ ਦੀ ਤਫ਼ਤੀਸ਼ ਹੋਵੇ ਤੇ ਦੋਸ਼ੀ ਨੂੰ ਸਜ਼ਾ ਨਾ ਹੋਵੇ ! ਇਹ ਕਿਵੇਂ ਹੋ ਸਕਦਾ ਸੀ ? ਪਰ ਸਬੂਤਾਂ ਬਿਨਾਂ ਸਜ਼ਾ ਵੀ ਸੰਭਵ ਨਹੀਂ ਸੀ। ਡਿਪਟੀ ਕਰੇ ਤਾਂ ਕੀ ਕਰੇ ?

ਨਾਜ਼ਰ ਸਿੰਘ ਉਸ ਸਮੇਂ ਡਿਪਟੀ ਦਾ ਰੀਡਰ ਹੁੰਦਾ ਸੀ। ਉਸ ਦੀ ਸਲਾਹ ਲਈ ਗਈ।

ਨਾਜ਼ਰ ਨੇ ਘੰਟੇ ਵਿਚ ਸਬੂਤਾਂ ਦੇ ਢੇਰ ਲਾ ਦਿੱਤੇ।

ਬਿਆਨ ਲਿਖਣ ਦੇ ਬਹਾਨੇ ਉਹ ਲੜਕੀ ਨੂੰ ਆਪਣੇ ਕੁਆਰਟਰ ਲੈ ਗਿਆ। ਘੰਟੇ ਬਾਅਦ ਜਦੋਂ ਉਹ ਵਾਪਸ ਆਏ ਤਾਂ ਲੜਕੀ ਦੀ ਹਾਲਤ ਉਸੇ ਤਰ੍ਹਾਂ ਦੀ ਸੀ, ਜਿਸ ਤਰ੍ਹਾਂ ਪਹਿਲੇ ਬਲਾਤਕਾਰ ਸਮੇਂ ਸੀ।

ਕੇਸ ਸਫਲਤਾ ਦੀ ਪੌੜੀ ਚੜ੍ਹ ਗਿਆ।

ਸੋਚ-ਸਮਝ ਕੇ ਹੀ ਨਾਜ਼ਰ ਸਿੰਘ ਦੇ ਮੋਢਿਆਂ 'ਤੇ ਇਹ ਭਾਰ ਪਾਇਆ ਗਿਆ ਸੀ।

ਉਸ ਸਮੇਂ ਨਾਜ਼ਰ ਸਿੰਘ ਨੇ ਇਸ ਜ਼ਿੰਮੇਵਾਰੀ ਨੂੰ ਖਿੜੇ-ਮੱਥੇ ਸਵੀਕਾਰ ਕੀਤਾ ਸੀ। ਅਫ਼ਸਰਾਂ ਨੇ ਉਸ 'ਤੇ ਵਿਸ਼ਵਾਸ ਕੀਤਾ ਸੀ। ਇਹ ਉਸ ਲਈ ਫ਼ਖ਼ਰ ਵਾਲੀ ਗੱਲ ਸੀ।

ਪਰ ਜਿਉਂ-ਜਿਉਂ ਤਫ਼ਤੀਸ਼ ਅੱਗੇ ਵਧ ਰਹੀ ਸੀ, ਉਸ ਦਾ ਜੋਸ਼ ਮੱਠਾ ਪੈਂਦਾ ਜਾ ਰਿਹਾ ਸੀ।

ਪੜਤਾਲ 'ਤੇ ਆਏ ਡਿਪਟੀ ਨੇ ਆਪਣੀ ਜਾਣੇ ਤਾਂ ਨਾਜ਼ਰ ਸਿੰਘ 'ਤੇ ਮਿਹਰ ਕੀਤੀ ਸੀ। ਨਾਜ਼ਰ ਸਿੰਘ ਨੂੰ ਕੋਈ ਤੰਗ ਨਾ ਕਰੇ, ਇਸ ਲਈ ਬਾਕੀ ਦੀਆਂ ਜ਼ੇਰੇ-ਤਫ਼ਤੀਸ਼ ਮਿਸਲਾਂ ਉਸ ਤੋਂ ਲੈ ਕੇ ਦੂਸਰੇ ਥਾਣੇਦਾਰਾਂ ਹਵਾਲੇ ਕਰ ਦਿੱਤੀਆਂ ਸਨ। ਉਸ ਦਾ ਹਲਕੇ ਵਿਚ ਜਾਣਾ ਵੀ ਬੰਦ। ਚੁੱਪ ਕਰ ਕੇ ਮੇਜ਼ 'ਤੇ ਬੈਠੇ ਅਤੇ ਇਸ ਕੇਸ ਦੀ ਲਿਖਾ-ਪੜ੍ਹੀ ਮੁਕੰਮਲ ਕਰੇ।

ਡਿਪਟੀ ਦੀ ਇਹ ਮਿਹਰਬਾਨੀ ਨਾਜ਼ਰ ਨੂੰ ਮਹਿੰਗੀ ਪੈ ਰਹੀ ਸੀ।

ਉਹ ਆਪ ਹੇਰਾਫੇਰੀ ਨਾ ਕਰੇ ਤਾਂ ਵੀ ਚਲਾਨ ਦੇ ਅਦਾਲਤ ਸਪੁਰਦ ਹੋਣ ਤਕ ਹਜ਼ਾਰ-ਪੰਦਰਾਂ ਸੌ ਖ਼ਰਚ ਹੋਣਾ ਸੀ। ਇੰਨਾ ਖ਼ਰਚ ਚੰਗੇ-ਭਲੇ ਕੇਸ ਵਿਚ ਹੋ ਜਾਂਦਾਂ ਹੈ। ਇਸ ਮਰੇ-ਮੁੱਕੇ ਕੇਸ ਵਿਚ ਤਾਂ ਸਭ ਕੁਝ ਨਵੇਂ ਸਿਰਿਉਂ ਹੋਣ ਵਾਲਾ ਸੀ। ਸਕੇਲੀ ਨਕਸ਼ਾ ਚਾਹੀਦਾ ਸੀ। ਫ਼ੋਟੋਗ੍ਰਾਫ਼ਰ ਨੂੰ ਪੈਸੇ ਦੇਣੇ ਸਨ। ਹੱਥ-ਲਿਖਤ ਦੇ ਮਾਹਿਰ ਤੋਂ ਰਿਪੋਰਟ ਠੀਕ ਕਰਵਾਉਣੀ ਸੀ। ਬਿਆਨਾਂ, ਜ਼ਿਮਨੀਆਂ ਦੀ ਰੱਦੋ-ਬਦਲ ਕਰਨੀ ਸੀ। ਸਰਕਾਰੀ ਵਕੀਲ ਨੂੰ ਸਲੂਟ ਮਾਰਨਾ ਸੀ। ਨਾਇਬ ਕੋਰਟ ਨੂੰ ਚਾਹ-ਪਾਣੀ ਪੁੱਛਣਾ ਸੀ। ਪੈਰਵਾਈ ਕਰਨ ਵਾਲਾ ਨਾਲ ਹੁੰਦਾ ਤਾਂ ਸਾਰੇ ਕੰਮ ਫਟਾਫਟ ਹੋ ਜਾਂਦੇ। ਹੁਣ ਨਾਜ਼ਰ ਸਿੰਘ ਨੂੰ ਮੁਸ਼ਕਲ ਬਣੀ ਹੋਈ ਸੀ। ਨਾ ਕੋਲੋਂ ਖ਼ਰਚ ਕੀਤਾ ਜਾ ਸਕਦੈ, ਨਾ ਖ਼ਰਚ ਕੀਤੇ ਬਿਨਾਂ ਮਿਸਲ ਮੁਕੰਮਲ ਹੁੰਦੀ ਹੈ। ਨਤੀਜੇ ਵੱਜੋਂ ਕੇਸ ਲਟਕ

ਰਿਹੈ।

ਨਾਜ਼ਰ ਸਿੰਘ ਤੋਂ ਹੋਰ ਤਫ਼ਤੀਸ਼ਾਂ ਨਾ ਖੋਹੀਆਂ ਹੁੰਦੀਆਂ ਤਾਂ ਉਹ ਕਿਧਰੋਂ ਹੱਥ-ਪੱਲਾ ਮਾਰ ਲੈਂਦਾ। ਭਦੌੜ ਕਤਲ ਕੇਸ ਦੇ ਮੁਦੱਈ ਨੂੰ ਬੁਲਾਉਂਦਾ ਜਾਂ ਸਹਿਕਾਰੀ ਸਭਾ ਦੇ ਮੁਲਜ਼ਮ ਨੂੰ। ਕਿਸੇ ਨੂੰ ਕੀ ਪਤੈ ਕਿਸ ਨੂੰ ਕਿੰਨੀ ਫ਼ੀਸ ਦੇਣੀ ਹੈ। ਇਕੋ ਧਿਰ ਤੋਂ ਦੁਗਣੇ ਪੈਸੇ ਦਿਵਾ ਕੇ ਉਹ ਖਹਿੜਾ ਛੁਡਾ ਲੈਂਦਾ।

ਇਸੇ ਤਰ੍ਹਾਂ ਇਕ ਵਾਰ ਤਿੰਨ ਸੌ ਛੱਬੀ ਦਾ ਕੇਸ ਅੜ ਗਿਆ ਸੀ । ਭਰਾਵਾਂ ਦਾ ਆਪਸੀ ਝਗੜਾ ਸੀ। ਰਿਸ਼ਤੇਦਾਰਾਂ ਨੇ ਵਿਚ ਪੈ ਕੇ ਰਾਜ਼ੀਨਾਮਾ ਕਰਵਾ ਦਿੱਤਾ। ਰਾਜ਼ੀਨਾਮਾ ਕਰਵਾਉਣ ਦੀ ਸਾਰੀ ਫ਼ੀਸ ਮੁੱਖ ਅਫ਼ਸਰ ਆਪ ਡਕਾਰ ਗਿਆ। ਉਪਰੋਂ ਸਰਪੰਚ ਨੂੰ ਆਖ ਦਿੱਤਾ, "ਕਿਸੇ ਹਰਾਮਜ਼ਾਦੇ ਨੂੰ ਦੁਆਨੀ ਨਾ ਦਿਓ, ਕੋਈ ਤੰਗ ਕਰੇ ਤਾਂ ਮੇਰੇ ਕੋਲ ਆ ਜਾਇਓ।" ਭਾਊ ਚੁੱਪ ਕਰ ਕੇ ਘਰ ਬੈਠ ਗਏ। ਸਰਕਾਰੀ ਵਕੀਲ ਨੇ ਮਿਸਲ ਨੱਪ ਲਈ। ਨਾ ਕੋਈ ਧਿਰ ਸਰਕਾਰੀ ਵਕੀਲ ਨੂੰ ਪੈਸੇ ਦੇਵੇ, ਨਾ ਉਹ ਚਲਾਨ ਪੇਸ਼ ਕਰੇ। ਹਰ ਮੀਟਿੰਗ ਵਿਚ ਨਾਜ਼ਰ ਦੇ ਛਿੱਤਰ ਪਿਆ ਕਰਨ, ਕੇਸ ਲੇਟ ਕਿਉਂ ਹੋ ਰਿਹੈ? ਆਖ਼ਿਰ ਇਕ ਦਿਨ ਜੂਆ ਖੇਡਦੇ ਲਾਲੇ ਉਸ ਦੇ ਹੱਥ ਲੱਗ ਗਏ। ਜੂਏ ਦੇ ਦੋਸ਼ ਵਿਚ ਦੋਸ਼ੀ ਆਪਣੇ ਜੁਰਮ ਦਾ ਇਕਬਾਲ ਕਰ ਜਾਣ ਤਾਂ ਵੀ ਪੰਜਾਹ ਰੁਪਏ ਤੋਂ ਵੱਧ ਜੁਰਮਾਨਾ ਨਹੀਂ ਹੁੰਦਾ। ਅਜਿਹੇ ਚਲਾਨਾਂ ਵੱਲ ਸਰਕਾਰੀ ਵਕੀਲ ਬਹੁਤਾ ਧਿਆਨ ਨਹੀਂ ਦਿੰਦੇ। ਸਰਸਰੀ ਜਿਹੀ ਨਜ਼ਰ ਮਾਰੀ ਤੇ ਚਲਾਨ ਪਾਸ।

ਨਾਜ਼ਰ ਨੇ ਲਾਲੇ ਦਬਕਾਏ। ਸਰਕਾਰੀ ਵਕੀਲ ਦਾ ਰੋਹਬ ਪਾਇਆ।

"ਜੇ ਮੁੱਠੀ ਗਰਮ ਨਾ ਕੀਤੀ ਤਾਂ ਕੈਦ ਕਰਾ ਦੇਊ। ਜੱਜ ਨਾਲ ਸੂਤ ਹੈ। ਅੱਖਾਂ ਠੰਢੀਆਂ ਹੋ ਗਈਆਂ ਤਾਂ ਮੁਆਫ਼ੀ ਦਿਵਾ ਦੇਊ।"

ਡਰੇ ਲਾਲਿਆਂ ਨੇ ਝੱਟ ਸੌ-ਸੌ ਦੇ ਪੰਜ ਨੋਟ ਫੜਾ ਦਿੱਤੇ। ਦੋ ਨਾਜ਼ਰ ਨੇ ਆਪ ਰੱਖੇ, ਤਿੰਨ ਸਰਕਾਰੀ ਵਕੀਲ ਦੇ ਹਵਾਲੇ ਕੀਤੇ। ਇਕ ਨੋਟ ਇਸ ਕੇਸ ਦੇ ਖਾਤੇ ਅਤੇ ਦੋ ਛੱਬੀ ਦੇ ਖਾਤੇ। ਝਟ ਸਭ ਕੰਮ ਨੱਕੀ ਹੋ ਗਏ।

ਇਹ ਪੈਸੇ ਦੀ ਕਮੀ ਹੀ ਸੀ ਕਿ ਚਲਾਨ ਪਚਾਸੀਆਂ ਦਿਨਾਂ ਤੋਂ ਲਟਕ ਰਿਹਾ ਸੀ।

ਕਤਲ ਰੋਜ਼-ਰੋਜ਼ ਤਾਂ ਹੁੰਦੇ ਨਹੀਂ। ਕਦੇ ਹੋ ਜਾਵੇ ਤਾਂ ਹਰ ਇਕ ਨੂੰ ਫ਼ੀਸ ਮਿਲਣ ਦੀ ਆਸ ਬੱਝਦੀ ਹੈ। ਇਹੋ ਆਸ ਸਰਕਾਰੀ ਵਕੀਲ ਨੂੰ ਸੀ। ਉਸ ਨੇ ਪੂਰੇ ਤਿੰਨ ਘੰਟੇ ਮਗਜ਼ ਖਪਾਈ ਕਰਨੀ ਸੀ। ਮਿਸਲ ਦਾ ਅੱਖਰ-ਅੱਖਰ ਪੜ੍ਹਨਾ ਸੀ। ਬਿਆਨਾਂ ਦਾ ਮਿਲਾਣ ਕਰਨਾ ਸੀ। ਪੋਸਟ-ਮਾਰਟਮ ਦੀ ਰਿਪੋਰਟ ਦੇਖਣੀ ਸੀ। ਨਕਸ਼ੇ ਦੀ ਪੜਤਾਲ ਕਰਨੀ ਸੀ। ਸਭ ਦਸਤਾਵੇਜ਼ਾਂ ਦਾ ਆਪਸ ਵਿਚ ਤਾਲਮੇਲ ਬਿਠਾਉਣਾ ਸੀ। ਸਰਕਾਰ ਵੱਲੋਂ ਤਾਂ ਉਹਨਾਂ ਨੂੰ ਬਦਾਮ ਮਿਲਦੇ ਨਹੀਂ। ਕੋਈ ਧਿਰ ਹੀਲਾ ਕਰੂ ਤਾਂ ਉਹ ਮਗ਼ਜ਼ ਖਪਾਈ ਕਰੂ।

ਨਾ ਨਾਜ਼ਰ ਨੇ ਉਸ ਦੇ ਹੱਥ 'ਤੇ ਕੁਝ ਧਰਿਆ ਸੀ, ਨਾ ਸਰਕਾਰੀ ਵਕੀਲ ਨੇ ਚਲਾਨ ਦਰਾਜ਼ੋਂ ਬਾਹਰ ਕੱਢਿਆ ਸੀ। ਤਿੰਨ ਦਿਨ ਤੋਂ ਉਹ ਜਿਥੇ ਸੀ, ਉਥੇ ਹੀ ਪਿਆ ਸੀ।

ਪਹਿਲੇ ਦਿਨ ਨਾਜ਼ਰ ਸਿੰਘ ਜਦੋਂ ਚਲਾਨ ਲੈ ਕੇ ਆਇਆ ਸੀ ਤਾਂ ਸੁਰਿੰਦਰ ਕੁਮਾਰ ਬੜੀ ਹਲੀਮੀ ਨਾਲ ਮਿਲਿਆ ਸੀ। ਨਾਜ਼ਰ ਸਿੰਘ ਕਤਲ ਕੇਸ ਲੈ ਕੇ ਆਇਆ ਹੈ, ਇਹ ਸੁਣ ਕੇ ਉਸ ਦਾ ਚਿਹਰਾ ਗੁਲਾਬ ਵਾਂਗ ਖਿੜ ਉਠਿਆ ਸੀ। ਮਾੜੇ ਤੋਂ ਮਾੜੇ ਕੇਸ ਵਿਚ ਵੀ ਪੰਜ-ਚਾਰ ਸੌ ਵੱਟ 'ਤੇ ਸੀ।



ਕਾਫ਼ੀ ਦੇਰ ਸੁਰਿੰਦਰ ਕੁਮਾਰ ਮਿਸਲ ਦੇ ਵਰਕੇ ਪਲਟਦਾ ਰਿਹਾ। ਨਾਜ਼ਰ ਸਿੰਘ ਸਭ ਸਮਝ ਰਿਹਾ ਸੀ। ਉਸ ਨੂੰ ਫ਼ੀਸ ਦੀ ਉਡੀਕ ਸੀ। ਨਾਜ਼ਰ ਨੂੰ ਚਾਹੀਦਾ ਸੀ ਮਿਸਲ ਦੇ ਨਾਲ ਹੀ ਫ਼ੀਸ ਵੀ ਸਰਕਾਰੀ ਵਕੀਲ ਦੇ ਹਵਾਲੇ ਕਰ ਦਿੰਦਾ। ਨਾਜ਼ਰ ਕੋਲ ਕੁਝ ਹੁੰਦਾ ਤਾਂ ਹੀ ਦਿੰਦਾ। ਉਹ ਚੁੱਪ-ਚਾਪ ਬੈਠਾ ਰਿਹਾ। ਕੋਈ ਜ਼ਰੂਰੀ ਨਹੀਂ ਹਰ ਕੇਸ ਵਿਚ ਪੈਸੇ ਦਿੱਤੇ ਜਾਣ। ਆਖ਼ਰ ਚਲਾਨ ਚੈੱਕ ਕਰਨਾ ਉਸ ਦੀ ਡਿਊਟੀ ਸੀ।

ਥਾਣੇਦਾਰ ਨੂੰ ਬੇਸ਼ਰਮ ਹੋਇਆ ਦੇਖ ਕੇ ਸਰਕਾਰੀ ਵਕੀਲ ਨੇ ਵੀ ਮੂੰਹ 'ਤੇ ਮਿੱਟੀ ਮਲ ਲਈ। ਬਿਨਾਂ ਭੂਮਿਕਾ ਬੰਨ੍ਹੇ ਉਸ ਨੇ ਸਿੱਧਾ ਹੀ ਪੁੱਛ ਲਿਆ :

"ਕਿਉਂ ਮੁਦਈ ਨਾਲ ਲਿਆਂਦੈ ?"

"ਮੁਦਈ ਲਾਲਾ ਜੀ ਹਨ, ਯੁਵਾ ਸੰਘ ਹੈ, ਉਹਨਾਂ ਦਾ ਤੁਹਾਨੂੰ ਪਤਾ ਹੈ। ਅੱਗੇ ਹੀ ਪੁਲਿਸ ਦੇ ਪਿੱਛੇ ਪਏ ਹੋਏ ਨੇ। ਸ਼ਿਕਾਇਤ ਕਰਨ ਦਾ ਬਹਾਨਾ ਭਾਲਦੇ ਨੇ।"

"ਫੇਰ ਮੁਲਜ਼ਮਾਂ ਦਾ ਕੋਈ ਹੋਊ ?"

"ਉਹਨਾਂ ਦਾ ਵੀ ਤੁਹਾਨੂੰ ਪਤਾ ਹੀ ਹੈ। ਸੰਮਤੀ ਵਾਲੇ ਹਰ ਰੋਜ਼ ਪੁਲਿਸ ਦਾ ਜਲੂਸ ਕੱਢਦੇ ਹਨ। ਮਸਲਾ ਪਾਰਲੀਮੈਂਟ ਤਕ ਗਿਆ ਹੋਇਐ।"

"ਫੇਰ ਤੂੰ ਤਾ ਕਿਧਰੇ ਨਹੀਂ ਗਿਆ।" ਖਿਝੇ ਸਰਕਾਰੀ ਵਕੀਲ ਨੇ ਕਟਾਖ਼ਸ਼ ਕੀਤਾ ਸੀ ਜਾਂ ਮਜ਼ਾਕ, ਨਾਜ਼ਰ ਦੀ ਸਮਝ ਨਹੀਂ ਸੀ ਆਇਆ।

"ਅਸੀਂ ਕਦੋਂ ਭੱਜੇ ਹਾਂ!" ਨਾਜ਼ਰ ਨੇ ਇਹ ਆਖਿਆ ਜ਼ਰੂਰ ਪਰ ਜ਼ੇਬ ਵਿੱਚ ਹੱਥ ਨਾ ਪਾਇਆ ।

"ਕੋਈ ਨਹੀਂ ਮੈਂ ਮਿਸਲ ਪੜ੍ਹ ਲਵਾਂ। ਤੂੰ ਕੱਲ੍ਹ ਨੂੰ ਗਿਆਰਾਂ ਕੁ ਵਜੇ ਆ ਕੇ ਲੈ ਜਾਈਂ।"

ਅੱਗੋਂ ਸਰਕਾਰੀ ਵਕੀਲ ਕਿਹੜਾ ਕੂਲਾ ਸੀ। ਬਹਾਨੇ ਨਾਲ ਉਸ ਨੇ ਨਾਜ਼ਰ ਨੂੰ ਟਾਲ ਦਿੱਤਾ। ਨਕਦ ਨਹੀਂ ਤਾਂ ਵਗਾਰ ਸਹੀ। ਵਗਾਰ ਵੀ ਨਹੀਂ ਕਰੇਗਾ ਤਾਂ ਧੱਕੇ ਖਾਏਗਾ।

ਸੁਰਿੰਦਰ ਨੂੰ ਫਸੇ ਤਫ਼ਤੀਸ਼ੀ ਤੋਂ ਕੰਮ ਲੈਣਾ ਆਉਂਦੈ। ਹੋਰ ਨਹੀਂ ਤਾਂ ਵਿਗੜੀ ਘੜੀ ਹੀ ਫੜਾ ਦਿੱਤੀ, ਠੀਕ ਕਰਾਓ। ਕਦੇ ਗੈਸ ਵਾਲਾ ਸਿਲੰਡਰ ਚੁਕਵਾ ਦਿੱਤਾ, ਇਸ ਨੂੰ ਭਰਾਓ। ਸਿਨਮੇ ਦੇ ਟਿਕਟ ਲਿਆਓ। ਬੱਚਿਆਂ ਨੇ ਸੈਰ ਕਰਨ ਜਾਣੈ, ਕਾਰ ਚਾਹੀਦੀ ਹੈ। ਜਿੰਨਾ ਚਿਰ ਵਗਾਰ ਪੂਰੀ ਨਹੀਂ ਹੁੰਦੀ, ਥਾਣੇਦਾਰ ਸਰਕਾਰੀ ਵਕੀਲ ਦੇ ਮੱਥੇ ਨਹੀਂ ਲੱਗਦਾ।

ਪਰ ਸ਼ੁਕਰ ਸੀ ਪਹਿਲੇ ਦਿਨ ਨਾਜ਼ਰ ਸਿੰਘ ਨੂੰ ਅਜਿਹੀ ਕੋਈ ਵਗਾਰ ਨਹੀਂ ਸੀ ਪਈ।

ਵਗਾਰ ਨਾ ਪਾਉਣ ਦਾ ਜਿਹੜਾ ਕਾਰਨ ਨਾਜ਼ਰ ਨੂੰ ਸਮਝ ਆਇਆ ਸੀ, ਸ਼ਾਇਦ ਉਹ ਇਹ ਸੀ ਕਿ ਉਹ ਧਿਰਾਂ ਨਾਲ ਸਿੱਧਾ ਸੰਪਰਕ ਕਾਇਮ ਕਰਨਾ ਚਾਹੁੰਦਾ ਸੀ।

ਹਾਲੇ ਤਕ ਉਸ ਨੇ ਧਿਰਾਂ ਨਾਲ ਸੰਪਰਕ ਕਾਇਮ ਨਾ ਕੀਤਾ ਹੋਵੇ, ਇਹ ਵੀ ਸੰਭਵ ਨਹੀਂ ਸੀ। ਮੁਨਸ਼ੀ, ਵਕੀਲ, ਅਹਿਲਕਾਰ, ਪੰਚ, ਸਰਪੰਚ ਅਤੇ ਪ੍ਰਧਾਨ ਸਭ ਉਸ ਦੇ ਯਾਰ-ਬੇਲੀ ਸਨ। ਹੁਣ ਤਕ ਉਹ ਧਿਰਾਂ ਨੂੰ ਸਰਕਾਰੀ ਵਕੀਲ ਦੇ ਅੱਗੇ-ਪਿੱਛੇ ਘੁਮਾ-ਘੁਮਾ ਕੇ ਹੰਭਾ ਚੁੱਕੇ ਹੋਣਗੇ। ਕੁਝ ਨੇ ਲੰਬੀ-ਚੌੜੀ ਭੂਮਿਕਾ ਬੰਨ੍ਹ ਕੇ ਲਾਲਾ ਜੀ ਨੂੰ ਸਮਝਾਇਆ ਹੋਏਗਾ :

"ਸਰਕਾਰੀ ਵਕੀਲ ਨੇ ਮਿਸਲ ਬੰਨ੍ਹਣੀ ਹੈ। ਚੰਗਾ ਹੈ, ਉਸ ਨੂੰ ਮਿਲ ਲਈਏ। ਨਾ ਮਿਲੇ ਤਾਂ ਕੇਸ ਢਿੱਲਾ ਛੱਡਦੂ।"

ਕੁਝ ਹੋਰ ਮੁਲਜ਼ਮਾਂ ਕੋਲ ਗਏ ਹੋਣਗੇ। ਮੁਲਜ਼ਮਾਂ ਦੇ ਮੋਟੇ ਦਿਮਾਗ਼ 'ਚ ਗੱਲ ਪਾਉਣ

ਲਈ ਉਹਨਾਂ ਨੂੰ ਵਾਰ-ਵਾਰ ਸਮਝਾਇਆ ਹੋਵੇਗਾ।

"ਥਾਣੇਦਾਰ ਨੇ ਬਥੇਰੀ ਮਦਦ ਕਰਤੀ। ਫ਼ਾਇਦਾ ਤਾਂ ਹੋਊ ਜੇ ਸਰਕਾਰੀ ਵਕੀਲ ਇਸੇ ਤਰ੍ਹਾਂ ਕੇਸ ਪਾਸ ਕਰ ਦਏ। ਜੇਬ ਭਰਾਂਗੇ ਤਾਂ ਹਾਥੀ ਅੱਗੋਂ ਦੀ ਲੰਘਣ ਦੇਊ। ਨਹੀਂ ਤਾਂ ਪੂਛ ਫੜ ਕੇ ਘੜੀਸ ਲੂ।"

ਘਬਰਾਈਆਂ ਦੋਵੇਂ ਧਿਰਾਂ ਸੁਰਿੰਦਰ ਕੋਲ ਆਈਆਂ ਹੋਣਗੀਆਂ।

ਠੰਢਾ ਪਾਣੀ ਪਿਆ ਕੇ ਸੁਰਿੰਦਰ ਨੇ ਲਾਲਾ ਜੀ ਦਾ ਸੀਨਾ ਠਾਰਿਆ ਹੋਵੇਗਾ।

"ਫ਼ਿਕਰ ਨਾ ਕਰੋ ਸੇਠ ਜੀ। ਅਜਿਹੀ ਮਿਸਲ ਬੰਨੂੰ, ਬਈ ਪੁੱਤ ਮੇਰੇ, ਹਾਈ ਕੋਰਟ ਤਕ ਬਰੀ ਨੀ ਹੋਣੇ।"

ਮੁਲਜ਼ਮਾਂ ਦੇ ਵਾਰਿਸਾਂ ਨੂੰ ਉਸ ਨੇ ਘਰ ਬੁਲਾਇਆ ਹੋਏਗਾ। ਉਹਨਾਂ ਦੀ ਪਿੱਠ ਥਾਪੜ ਕੇ ਆਖਿਆ ਹੋਏਗਾ :

"ਫ਼ਿਕਰ ਨਾ ਕਰੋ। ਕੇਸ 'ਚ ਬਰੀ ਹੋਣ ਲਈ ਵੀਹ ਮੋਰੀਆਂ ਨੇ। ਜੇ ਮੈਂ ਨਾ ਭਰੀਆਂ ਤਾਂ ਜੱਜ ਭਾਵੇਂ ਮੁਦਈ ਦਾ ਸਾਲਾ ਲੱਗਦਾ ਹੋਵੇ ਤਾਂ ਵੀ ਮੁੰਡਿਆਂ ਨੂੰ ਸਜ਼ਾ ਨੀ ਕਰ ਸਕਦਾ।"

ਗੱਲਾਂ 'ਚ ਆਏ ਸਾਇਲਾਂ ਨੇ ਜੇਬਾਂ ਉਲਟਨ ਦਾ ਵਾਅਦਾ ਕੀਤਾ ਹੋਏਗਾ।

ਪਰ ਸੁਰਿੰਦਰ ਦੀਆਂ ਗੱਲਾਂ ਤੋਂ ਲੱਗਦਾ ਸੀ ਜਿਵੇਂ ਨਾਜ਼ਰ ਵਾਂਗ ਉਸ ਦੇ ਪੱਲੇ ਵੀ ਕੁਝ ਨਹੀਂ ਸੀ ਪਿਆ।

ਕੁਝ ਪੱਲੇ ਪਿਆ ਹੁੰਦਾ ਤਾਂ ਮਿਸਲ ਦਾ ਅੱਖਰ-ਅੱਖਰ ਪੜ੍ਹਦਾ। ਮੁਲਜ਼ਮਾਂ ਨੂੰ ਬੇ-ਕਸੂਰ ਅਤੇ ਬੇਕਸੂਰ ਨੂੰ ਮੁਲਜ਼ਮ ਬਣਾਉਣ ਦੇ ਰਾਹ ਲੱਭਦਾ। ਮੁਦਈ, ਮੁਲਜ਼ਮਾਂ ਨਾਲ ਕੀਤੇ ਵਾਅਦੇ ਨਿਭਾਉਣ ਲਈ ਮਿਸਲ ਵਿਚ ਰੱਦੋ-ਬਦਲ ਕਰਵਾਉਂਦਾ।

ਨਾਜ਼ਰ ਦੇ ਇਕ ਕੇਸ ਵਿਚ ਉਸ ਨੇ ਇੰਝ ਹੀ ਕੀਤਾ ਸੀ।

ਲੰਬੜਾਂ ਦੇ ਸ਼ਰਾਬੀ ਮੁੰਡੇ ਨੇ ਨਸ਼ੇ ਦੇ ਲੋਰ 'ਵਿਚ ਆਪਣੇ ਗੁਆਂਢੀਆਂ 'ਤੇ ਹਵਾਈ ਫ਼ਾਇਰ ਕਰ ਦਿੱਤਾ ਸੀ। ਪੁਲਿਸ ਨੇ ਪਰਚਾ ਦਰਜ ਕਰਦੇ ਸਮੇਂ ਗੋਲੀ ਚੱਲੀ ਦਾ ਕਾਰਨ ਮੁੰਡੇ ਦੀ ਅਣਗਹਿਲੀ ਅਤੇ ਲਾ-ਪ੍ਰਵਾਹੀ ਲਿਖਿਆ ਸੀ। ਇਸ ਤਰ੍ਹਾਂ ਤਿੰਨ ਸੌ ਛੱਤੀ ਦਾ ਮਾਮੂਲੀ ਜਿਹਾ ਕੇਸ ਬਣਿਆ ਸੀ, ਉਹ ਵੀ ਕਾਬਲੇ ਜ਼ਮਾਨਤ। ਲੰਬੜਾਂ ਨੇ ਮੁੱਖ ਅਫ਼ਸਰ ਨਾਲ ਗਿਟਮਿਟ ਕਰ ਕੇ ਮੁੰਡਾ ਸਿੱਧਾ ਅਦਾਲਤ ਵਿਚ ਪੇਸ਼ ਕਰ ਦਿੱਤਾ। ਅਦਾਲਤ ਨੇ ਝੱਟ ਜ਼ਮਾਨਤ ਲੈ ਲਈ। ਵਿਰੋਧੀ ਧਿਰ ਦੇਖਦੀ ਹੀ ਰਹਿ ਗਈ।

ਆਪਣੇ ਵਕੀਲ ਨਾਲ ਮਸ਼ਵਰਾ ਕਰਨ ਆਈ ਮੁਦਈ ਧਿਰ ਸੁਰਿੰਦਰ ਕੁਮਾਰ ਦੇ ਧੱਕੇ ਚੜ੍ਹ ਗਈ। ਉਸ ਨੇ ਪਹਿਲਾਂ ਨੋਟਾਂ ਦੀ ਥਹੀ ਆਪ ਲਈ ਤੇ ਫੇਰ ਤਫ਼ਤੀਸ਼ੀ ਨੂੰ ਦਿਵਾਈ। ਗਵਾਹਾਂ ਦੇ ਬਿਆਨਾਂ ਵਿਚ ਮਾਮੂਲੀ ਜਿਹੀ ਰੱਦੋ-ਬਦਲ ਕਰਨ ਨਾਲ ਹੀ ਮੁਕੱਦਮਾ ਤਿੰਨ ਸੌ ਸੱਤ ਵਿਚ ਤਬਦੀਲ ਹੋ ਗਿਆ। ਪਹਿਲਾਂ ਬੰਦੂਕ ਦਾ ਮੂੰਹ ਅਸਮਾਨ ਵੱਲ ਸੀ, ਫੇਰ ਮੁਦੱਈ ਵੱਲ ਕਰ ਦਿੱਤਾ। ਕਾਬਲੇ-ਜ਼ਮਾਨਤ ਜੁਰਮ, ਨਾ-ਕਾਬਲੇ ਜ਼ਮਾਨਤ ਬਣ ਗਿਆ। ਮਹੀਨਾ ਜੇਲ੍ਹ ਦੀ ਹਵਾ ਖਾ ਕੇ ਮੁੰਡੇ ਦੀ ਜ਼ਮਾਨਤ ਹੋਈ, ਉਹ ਵੀ ਹਾਈ ਕੋਰਟ ਵਿਚੋਂ।

ਸਰਕਾਰੀ ਵਕੀਲ ਜੋ ਮਰਜ਼ੀ ਕਰੇ। ਨਾਜ਼ਰ ਸਿੰਘ ਨੂੰ ਕੋਈ ਸਰੋਕਾਰ ਨਹੀਂ। ਉਹ ਲਾਲਾ ਜੀ ਨੂੰ ਬੁਲਾਏ ਜਾਂ ਦੋਸ਼ੀਆਂ ਦੇ ਵਾਰਿਸਾਂ ਨੂੰ। ਗਵਾਹਾਂ ਦੇ ਬਿਆਨ ਬਦਲੇ ਜਾਂ ਦਫ਼ਾਵਾਂ ਵਿਚ ਘਾਟਾ-ਵਾਧਾ ਕਰੇ। ਬੱਸ, ਚਲਾਨ ਪਾਸ ਕਰ ਦੇਵੇ।

ਪਰ ਅਗਲੇ ਦਿਨ ਵੀ ਪਨਾਲਾ ਉਥੇ ਦਾ ਉਥੇ ਸੀ।



ਨਾਜ਼ਰ ਨੂੰ ਚਲਾਣ ਗਿਆਰਾਂ ਵਜੇ ਮਿਲਣਾ ਸੀ। ਉਹ ਦਸ ਵਜੇ ਹੀ ਆ ਧਮਕਿਆ।

ਧੋਬੀ ਦੇ ਕੁੱਤੇ ਵਾਂਗ ਉਹ ਨਾ ਘਰ ਦਾ ਰਿਹਾ ਸੀ, ਨਾ ਘਾਟ ਦਾ। ਥਾਣੇ ਜਾਂਦਾ ਤਾਂ ਮੁੱਖ ਅਫ਼ਸਰ ਸੂਈ ਕੁੱਤੀ ਵਾਂਗ ਪੈਂਦਾ।

"ਇਥੇ ਕੀ ਆਂਡੇ ਦਿੰਨੈ ? ਉਸ ਭੜੂਏ ਦੇ ਸਿਰ 'ਤੇ ਜਾ ਕੇ ਬੈਠ।" ਝਿੜਕ ਕੇ ਮੁੱਖ ਅਫ਼ਸਰ ਨਾਜ਼ਰ ਨੂੰ ਕਚਹਿਰੀ ਧੱਕ ਦਿੰਦਾ।

ਕਚਹਿਰੀ ਆਏ ਨੂੰ ਸਰਕਾਰੀ ਵਕੀਲ ਰਾਹ ਨਹੀਂ ਸੀ ਦਿੰਦਾ।

ਨੱਬਿਆਂ ਵਿਚੋਂ ਪਚਾਸੀ ਦਿਨ ਲੰਘ ਚੁੱਕੇ ਸਨ ਪਰ ਨਾਜ਼ਰ ਨੇ ਹਾਲੇ ਗੋਹੜੇ ਵਿਚੋਂ ਪੂਣੀ ਵੀ ਨਹੀਂ ਸੀ ਕੱਤੀ। ਪਹਿਲਾਂ ਇਹ ਸਰਕਾਰੀ ਵਕੀਲ ਨੁਕਸ ਕੱਢੇਗਾ। ਫੇਰ ਚਲਾਨ ਇਸ ਤੋਂ ਵੱਡੇ ਸਰਕਾਰੀ ਵਕੀਲ ਕੋਲ ਜਾਏਗਾ। ਉਹ ਆਪਣੀ ਅਕਲ ਦਿਖਾਏਗਾ। ਫੇਰ ਜ਼ਿਲ੍ਹਾ ਅਟਾਰਨੀ ਨੋਕ-ਝੋਕ ਕਰੇਗਾ। ਇਹੋ ਸਪੀਡ ਰਹੀ ਤਾਂ ਚਲਾਨ ਹੋਰ ਨੱਬੇ ਦਿਨ ਗੇੜੇ ਖਾਂਦਾ ਰਹੇਗਾ।

ਦਸ ਵਜੇ ਸਰਕਾਰੀ ਵਕੀਲ ਕਚਹਿਰੀ ਪੇਸ਼ ਹੋਇਆ-ਹੋਇਆ ਸੀ।

ਗਿਆਰਾਂ ਵਜੇ ਪਤਾ ਲੱਗਾ ਉਹ ਬਾਰ-ਰੂਮ ਵਿਚ ਬੈਠਾ ਤਾਸ਼ ਖੇਡ ਰਿਹੈ। ਨਾਜ਼ਰ ਨੇ ਕਈ ਸੁਨੇਹੇ ਭੇਜੇ ਪਰ ਉਸਦੇ ਕੰਨ 'ਤੇ ਜੂੰ ਨਾ ਸਰਕੀ।

ਉਥੋਂ ਉੱਠ ਕੇ ਉਹ ਸਿੱਧਾ ਖਾਣਾ ਖਾਣ ਤੁਰ ਗਿਆ।

ਖਾਣਾ ਖਾ ਕੇ ਆਇਆ ਤਾਂ ਮੁੜ ਕਚਹਿਰੀ ਵੜ ਗਿਆ।

ਨਾਜ਼ਰ ਸਿੰਘ ਲੁੱਕਣ-ਮੀਟੀ ਦਾ ਕਾਰਨ ਸਮਝਦਾ ਸੀ। ਉਹ ਨਾਜ਼ਰ ਦਾ ਕੰਮ ਨਹੀਂ ਸੀ ਕਰਨਾ ਚਾਹੁੰਦਾ। ਜਾਣ-ਬੁਝ ਕੇ ਟਾਲ ਰਿਹਾ ਸੀ।

ਤਿੰਨ ਕੁ ਵਜੇ ਉਹ ਸੈਣੀ ਵਕੀਲ ਦੇ ਖੋਖੇ 'ਚ ਜਾ ਬੈਠਾ। ਨਾਜ਼ਰ ਨੂੰ ਕੁਝ ਰਾਹਤ ਮਹਿਸੂਸ ਹੋਈ। ਸੈਣੀ ਲਾਲਾ ਜੀ ਦੇ ਨਜ਼ਦੀਕੀ ਮਿੱਤਰਾਂ ਵਿਚੋਂ ਇਕ ਸੀ। ਸ਼ਾਇਦ ਕੋਈ ਹੇਠ-ਉਤਾਂਹ ਕਰਨ ਗਿਆ ਹੋਵੇ।

ਝੱਟ ਕੁ ਬਾਅਦ ਨਾਜ਼ਰ ਦੀ ਖ਼ੁਸ਼ੀ ਗ਼ਮੀ ਵਿਚ ਬਦਲ ਗਈ। ਖੋਖੇ ਵਿਚ ਖਾਰੇ ਸੋਡੇ ਜਾਣ ਲੱਗੇ। ਖੋਖੇ ਦਾ ਦਰਵਾਜ਼ਾ ਬੰਦ ਹੋ ਗਿਆ। ਅੰਦਰੋਂ ਕਹਿਕਹੇ ਸੁਣਾਈ ਦੇਣ ਲੱਗੇ।

ਜਦੋਂ ਚਾਰ ਵਜੇ ਤਕ ਕੁਝ ਪੱਲੇ ਨਾ ਪਿਆ ਤਾਂ ਮਜਬੂਰ ਹੋਏ ਨਾਜ਼ਰ ਸਿੰਘ ਨੇ ਸੈਣੀ ਵਕੀਲ ਦੇ ਬੂਹੇ 'ਤੇ ਦਸਤਕ ਦਿੱਤੀ।

ਸੁਰਿੰਦਰ ਨੂੰ ਜਿਵੇਂ ਉਸੇ ਦੀ ਉਡੀਕ ਸੀ। ਬੜੇ ਅਦਬ ਨਾਲ ਨਾਜ਼ਰ ਨੂੰ ਅੰਦਰ ਬੁਲਾਇਆ ਗਿਆ। ਪਹਿਲਾਂ ਕੁਰਸੀ ਪੇਸ਼ ਕੀਤੀ ਗਈ, ਫੇਰ ਜਾਮ ਉਸ ਵੱਲ ਵਧਾਇਆ ਗਿਆ।

ਨਾਜ਼ਰ ਪੀਣ ਦੇ ਮੂਡ ਵਿਚ ਨਹੀਂ ਸੀ। ਪੀਣ ਬੈਠ ਗਿਆ ਤਾਂ ਕੰਮ ਵਿਚੇ ਰਹਿ ਜਾਏਗਾ। ਉਸ ਨੇ ਗਲਾਸ ਪਰ੍ਹਾਂ ਖਸਕਾ ਦਿੱਤਾ।

ਇਸ ਤੋਂ ਪਹਿਲਾਂ ਕਿ ਨਾਜ਼ਰ ਚਲਾਨ ਬਾਰੇ ਪੁੱਛਦਾ, ਸੈਣੀ ਨੇ ਸੁਰਿੰਦਰ ਨੂੰ ਹੁੱਝ ਮਾਰੀ। ਵਿਸਕੀ ਵਾਲੀ ਬੋਤਲ ਖ਼ਾਲੀ ਹੋ ਗਈ ਸੀ। ਇਹ ਸਮਝਾਇਆ।

"ਤੂੰ ਸ਼ਾਮ ਨੂੰ ਕੋਠੀ ਆ ਜਾਈਂ। ਆਰਾਮ ਨਾਲ ਬੈਠ ਕੇ ਚਲਾਨ ਕੱਢਾਂਗੇ। ਹੁਣ ਤੂੰ ਇਉਂ ਕਰ.....ਦੋ ਵਿਸਕੀ ਦੀਆਂ ਬੋਤਲਾਂ, ਦੋ ਚਿਕਨ ਅਤੇ ਇਕ ਕਿੱਲੋ ਮੱਛੀ ਫੜ ਲਿਆ।"

ਇਹ ਚੀਜ਼ਾਂ ਲਿਆਉਣ ਵਿਚ ਨਾਜ਼ਰ ਨੂੰ ਕੋਈ ਇਤਰਾਜ਼ ਨਹੀਂ ਸੀ। ਉਸ ਨੇ ਹੁਕਮ

ਅਗਾਂਹ ਤੋਰ ਦੇਣਾ ਸੀ। ਸ਼ਰਾਬ ਠੇਕੇਦਾਰਾਂ ਕੋਲੋਂ ਮੁਫ਼ਤ ਅਤੇ ਮੱਛੀ ਅਜੀਤ ਤੋਂ। ਫ਼ਿਕਰ ਸੀ ਤਾਂ ਇਸ ਗੱਲ ਦਾ ਕਿ ਸ਼ਰਾਬੀ ਹੋਇਆ ਸੁਰਿੰਦਰ ਚਲਾਣ ਕਿਵੇਂ ਚੈੱਕ ਕਰੂ।

ਨਾਜ਼ਰ ਨੂੰ ਇਕ ਵਾਰ ਪਹਿਲਾਂ ਉਸ ਨਾਲ ਬੈਠਣ ਦਾ ਮੌਕਾ ਮਿਲਿਆ ਸੀ। ਅਧੀਏ ਨਾਲ ਹੀ ਉਹ ਗੁੱਟ ਹੋ ਗਿਆ ਸੀ। ਗੁੱਟ ਹੋਏ ਸੁਰਿੰਦਰ ਨੂੰ ਕੋਈ ਸੁੱਧ ਨਹੀਂ ਸੀ ਕਿ ਉਹ ਕਿਥੇ ਬੈਠਾ ਸੀ ਅਤੇ ਕਿਸ ਨਾਲ ਬੈਠਾ ਸੀ। ਪਹਿਲਾਂ ਉਹ ਹੋਟਲ ਵਾਲੇ ਨਾਲ ਲੜਿਆ, ਫੇਰ ਹੋਟਲੋਂ ਨਿਕਲ ਕੇ ਇਉਂ ਬੱਕਾਰੇ ਬੁਲਾਉਣ ਲੱਗਾ, ਜਿਵੇਂ ਕੋਈ ਅਨਪੜ੍ਹ ਗਵਾਰ ਹੋਵੇ। ਰਾਹ ਜਾਂਦੀਆਂ ਕੁੜੀਆਂ ਨੂੰ ਅਵਾਜ਼ੇ ਕੱਸਣ ਲੱਗਾ। ਰਿਕਸ਼ੇ 'ਚ ਚੜ੍ਹਨ ਲੱਗੇ ਨੇ ਰਿਕਸ਼ੇ ਵਾਲੇ ਦੇ ਥੱਪੜ ਜੜ੍ਹ ਦਿੱਤਾ। ਨਾਜ਼ਰ ਨਾਲ ਨਾ ਹੁੰਦਾ ਤਾਂ ਕੋਈ ਨਾ ਕੋਈ ਉਸ ਦੀ ਭੁਗਤ ਸਵਾਰ ਦਿੰਦਾ।

ਨਾਜ਼ਰ ਕੋਲ ਆਪਣੇ ਪੈਰ 'ਤੇ ਕੁਹਾੜਾ ਮਾਰਨ ਤੋਂ ਸਿਵਾ ਕੋਈ ਚਾਰਾ ਨਹੀਂ ਸੀ।

ਹੁਕਮ ਦੀ ਪਾਲਨਾ ਹੋਈ। ਮੂੰਹ-ਹਨੇਰੇ ਉਹ ਸੁਰਿੰਦਰ ਦੀ ਕੋਠੀ ਗਿਆ। ਚਲਾਨ ਇਕ ਪਾਸੇ ਰਿਹਾ, ਉਹ ਖ਼ੁਦ ਵੀ ਘਰ ਨਹੀਂ ਸੀ ਪੁੱਜਾ। ਸੜਦਾ ਬਲਦਾ ਉਹ ਵਾਪਸ ਮੁੜ ਆਇਆ।

ਅਜ ਤੀਸਰੇ ਦਿਨ ਵੀ ਕਹਾਣੀ ਉਥੇ ਹੀ ਖੜੋਤੀ ਸੀ।

ਸਰਕਾਰੀ ਵਕੀਲ ਨੂੰ ਉਡੀਕਦਾ ਨਾਜ਼ਰ ਆਪਣੇ ਮੁੱਖ ਅਫ਼ਸਰ ਨੂੰ ਕੋਸਣ ਲੱਗਾ।

ਲਾਲ ਸਿੰਘ ਨੂੰ ਇਸ ਥਾਣੇ ਦਾ ਮੁੱਖ ਅਫ਼ਸਰ ਬਣਿਆਂ ਤਿੰਨ ਮਹੀਨੇ ਹੋ ਗਏ ਸਨ। ਉਸ ਮਾਂ ਦੇ ਪੁੱਤਾਂ ਨੇ ਇਕ ਵਾਰ ਵੀ ਕਚਹਿਰੀ 'ਚ ਚੱਕਰ ਨਹੀਂ ਸੀ ਮਾਰਿਆ। ਸਰਕਾਰੀ ਵਕੀਲਾਂ ਅਤੇ ਜੱਜਾਂ ਦੇ ਮੂੰਹ ਸੁੱਜੇ ਹੋਏ ਸਨ। ਦਸ-ਵੀਹ ਦਿਨਾਂ ਬਾਅਦ ਜੇ ਉਹ ਅਫ਼ਸਰਾਂ ਨੂੰ ਸਲੂਟ ਮਾਰ ਜਾਵੇ, ਫੇਰ ਕਿਹੜਾ ਉਸ ਦਾ ਤੁਰਲਾ ਲਹਿ ਜਾਵੇ। ਛੋਟੇ ਮੁਲਾਜ਼ਮਾਂ ਨੂੰ ਸੌਖ ਹੋ ਜਾਵੇ। ਹੁਣ ਡਿੱਗੀ ਖੋਤੇ ਤੋਂ ਗ਼ੁੱਸਾ ਘੁਮਿਆਰ 'ਤੇ ਵਾਲੀ ਕਹਾਣੀ ਬਣੀ ਪਈ ਸੀ। ਅਫ਼ਸਰਾਂ ਤੋਂ ਲਾਲ ਸਿੰਘ ਦਾ ਕੁਝ ਵਿਗਾੜ ਨਹੀਂ ਸੀ ਹੁੰਦਾ। ਨਜ਼ਲਾ ਨਾਜ਼ਰ ਸਿੰਘ ਵਰਗਿਆਂ 'ਤੇ ਝੜਦਾ ਸੀ।

ਇਸ ਪੱਖੋਂ ਪਹਿਲਾ ਮੁੱਖ ਅਫ਼ਸਰ ਸਿਆਣਾ ਸੀ। ਹਾੜ੍ਹੀ ਨੂੰ ਕਣਕ ਸੁਟਵਾ ਦੇਣੀ। ਲੋਹੜੀ ਦੀਵਾਲੀ ਨੂੰ ਚਾਰ-ਚਾਰ ਬੋਤਲਾਂ ਵਿਸਕੀ ਦੀਆਂ ਭੇਜ ਦੇਣੀਆਂ। ਕਦੇ ਪਿੰਡ ਜਾਣਾ ਹੋਵੇ ਤਾਂ ਗੱਡੀ ਭੇਜ ਦਿੱਤੀ। ਬੱਸ ਅਫ਼ਸਰ ਬਾਗ਼ੋ-ਬਾਗ਼। ਜਿਥੇ ਮਰਜ਼ੀ ਅੰਗੂਠਾ ਲਗਵਾ ਲਓ।

ਲਾਲ ਸਿੰਘ ਨੂੰ ਆਖੋ ਤਾਂ ਪੁੱਠਾ ਪਏਗਾ। ਧੌਣ 'ਚ ਮੁੱਖ ਅਫ਼ਸਰੀ ਦਾ ਕਿੱਲਾ ਅੜਿਆ ਹੋਇਐ। ਆਖੇਗਾ :

"ਤੁਸੀਂ ਖ਼ੁਦ ਪਹਿਲਾਂ ਉਨ੍ਹਾਂ ਨੂੰ ਸਿਰ ਚੜ੍ਹਾਉਂਦੇ ਹੋ, ਫੇਰ ਪਿੱਟਦੇ ਹੋ। ਜੇ ਚਲਾਨ ਚੈੱਕ ਨਹੀਂ ਕਰਦਾ ਤਾਂ ਰੋਜ਼ਨਾਮਚੇ 'ਚ ਰਪਟ ਪਾ ਦੇ। ਕਾਪੀ ਡੀ.ਏ. ਨੂੰ ਭੇਜ ਦੇ। ਲਿਖ ਦੇ, ਪੈਸੇ ਮੰਗਦੈ। ਆਪੇ ਪੜਤਾਲ ਹੁੰਦੀ ਰਹੂ ਸਾਲੇ ਦੀ।"

ਦੂਜਿਆਂ ਨੂੰ ਨਸੀਹਤਾਂ ਦੇਣੀਆਂ ਸੌਖੀਆਂ ਸਨ। ਆਪ ਅਮਲ ਕਰਨਾ ਪਏ, ਫੇਰ ਆਟੇ-ਦਾਣੇ ਦਾ ਭਾਅ ਪਤਾ ਲੱਗੇ। ਨਾਜ਼ਰ ਨੇ ਹਾਲੇ ਨੌਕਰੀ ਕਰਨੀ ਹੈ, ਘਰ ਨਹੀਂ ਜਾਣਾ।

ਨਾਜ਼ਰ ਨੂੰ ਆਪਣੇ ਉਸਤਾਦ ਦੀ ਤਰਸਯੋਗ ਹਾਲਤ ਭੁੱਲੀ ਨਹੀਂ ਸੀ। ਇਸੇ ਤਰ੍ਹਾਂ ਚੁੱਕੇ-ਚੁਕਾਏ ਉਸਤਾਦ ਨੇ ਇਕ ਵਾਰ ਇਕ ਸਰਕਾਰੀ ਵਕੀਲ ਦੀ ਸ਼ਿਕਾਇਤ ਕਰ ਦਿੱਤੀ। ਜ਼ਿਲ੍ਹਾ ਅਟਾਰਨੀ ਨੇ ਆਪਣੇ ਸਰਕਾਰੀ ਵਕੀਲ ਦੀ ਝਾੜ-ਝੰਬ ਕੀਤੀ ਜਾਂ ਨਹੀਂ, ਇਹ ਕਿਸੇ ਨੂੰ ਨਹੀਂ ਪਤਾ, ਪਰ ਉਸ ਨੇ ਪੁਲਿਸ ਕਪਤਾਨ ਦੇ ਕੰਨ ਜ਼ਰੂਰ ਭਰੇ ਸਨ। ਉਸਤਾਦ ਦੇ ਲੈਣ-ਦੇਣ ਦੇ ਸਾਰੇ ਕਿੱਸੇ ਸਾਹਿਬ ਨੂੰ ਜਾ ਸੁਣਾਏ ਸਨ। ਉਸਤਾਦ ਨੂੰ ਜਾਨ ਛੁਡਾਉਣੀ ਔਖੀ ਹੋ ਗਈ ਸੀ। ਸਾਹਿਬ ਦੇ ਅਲੱਗ ਗੋਡੀਂ ਹੱਥ ਲਾਏ ਅਤੇ ਸਰਕਾਰੀ ਵਕੀਲ ਦੇ ਅਲੱਗ।



ਸਰਕਾਰੀ ਵਕੀਲਾਂ 'ਚ ਉਸ ਦੀ ਪੜਤ ਮਾਰੀ ਗਈ। ਉਹ ਉਸ ਨੂੰ ਦਫ਼ਤਰ ਨਾ ਵੜਨ ਦਿਆ ਕਰਨ। ਚਲਾਨ ਨਾ ਪਾਸ ਕਰਿਆ ਕਰਨ। ਇਤਰਾਜ਼ 'ਤੇ ਇਤਰਾਜ਼ ਠੋਕ ਦਿਆ ਕਰਨ। ਅੱਗੋਂ ਸਾਹਿਬ ਨਾ ਸੁਣੇ । ਆਖਿਆ ਕਰੇ ਦੇਖ ਅਫ਼ਸਰਾਂ ਨਾਲ ਵਿਗਾੜਨ ਦਾ ਮਜ਼ਾ।

ਸ਼ਿਕਾਇਤ ਨਾਜ਼ਰ ਦੇ ਮਸਲੇ ਦਾ ਹੱਲ ਨਹੀਂ ਸੀ। ਗਲ ਪਿਆ ਢੋਲ ਉਸ ਨੂੰ ਵਜਾਉਣਾ ਹੀ ਪੈਣਾ ਸੀ।

ਅੱਜ ਉਹ ਫ਼ੈਸਲਾ ਕਰ ਕੇ ਆਇਆ ਸੀ। ਜੇ ਹਾਲੇ ਤਕ ਵੀ ਚਲਾਨ ਚੈੱਕ ਨਾ ਹੋਇਆ ਤਾਂ ਸੌ ਦਾ ਇਕ ਨੋਟ ਉਸ ਨੇ ਸਰਕਾਰੀ ਵਕੀਲ ਦੇ ਮੱਥੇ ਮਾਰਨਾ ਸੀ। ਇਥੇ ਸੌ ਨਾਲ ਖਹਿੜਾ ਛੁੱਟ ਜਾਣਾ ਸੀ। ਚਲਾਨ ਲੇਟ ਹੋ ਗਿਆ ਤਾਂ ਰਾਈ ਦਾ ਪਹਾੜ ਬਣ ਜਾਣਾ ਸੀ।

ਸੋਚ ਸਮਝ ਕੇ ਨਾਜ਼ਰ ਨੇ ਸੌ ਦਾ ਇਕ ਨੋਟ ਬਟੂਏ ਵਿਚੋਂ ਕੱਢਿਆ ਅਤੇ ਸਾਹਮਣੀ ਵਾਲੀ ਜੇਬ ਵਿਚ ਪਾ ਲਿਆ।

ਨਾਇਬ ਕੋਰਟ ਨੂੰ ਸਮਝਾਇਆ। ਜਿਉਂ ਹੀ ਸਰਕਾਰੀ ਵਕੀਲ ਦਫ਼ਤਰ ਵੜੇ, ਉਹ ਝੱਟ ਜੂਸ ਦਾ ਜੱਗ ਭਰਾ ਲਿਆਏ।

ਅੱਜ ਮਿਹਨਤ ਪੱਲੇ ਪਏਗੀ ਜਾਂ ਨਹੀਂ ? ਇਸ ਹਿਸਾਬ 'ਚ ਗੁਆਚੇ ਨਾਜ਼ਰ ਨੂੰ ਪਤਾ ਨਹੀ ਸੀ ਲੱਗਾ ਕਦੋਂ ਸੁਰਿੰਦਰ ਕੁਮਾਰ ਉਸ ਦੇ ਸਾਹਮਣੇ ਆ ਬੈਠਾ ਸੀ।

"ਕਿਉਂ ਅੱਖ ਲੱਗ ਗਈ ?" ਇਕੋ ਘੁੱਟ ਨਾਲ ਜੂਸ ਦਾ ਅੱਧਾ ਗਲਾਸ ਅੰਦਰ ਸੁੱਟਦੇ ਸੁਰਿੰਦਰ ਨੇ ਨਾਜ਼ਰ ਦਾ ਸੁਪਨਾ ਤੋੜਿਆ।

"ਨਹੀਂ ਜਨਾਬ.....ਸ਼ਾਇਦ ..।" ਇਕ ਹੱਥ ਨਾਲ ਅੱਖਾਂ ਮਲਦੇ ਅਤੇ ਦੂਜੇ ਹੱਥ ਨਾਲ ਢਿੱਲਾ ਜਿਹਾ ਸਲੂਟ ਮਾਰਦੇ ਨਾਜ਼ਰ ਨੇ ਆਪਣੇ ਆਪ ਨੂੰ ਸੰਭਾਲਿਆ।

"ਚੰਗਾ ਬੰਦੈ ਤੁਹਾਡਾ ਮੁੱਖ ਅਫ਼ਸਰ। ਕੇਸਾਂ ਦੀ ਪੈਰਵਾਈ ਲਈ ਪੈਰਵਾਈ ਅਫ਼ਸਰ ਨਹੀਂ ਭੇਜਦਾ। ਗਵਾਹ ਧੜਾਧੜ ਮੁੱਕਰ ਰਹੇ ਹਨ। ਹੋਰ ਤਾਂ ਹੋਰ ਪੁਲਿਸ ਵਾਲੇ ਵੀ ਮੁਕਰ ਜਾਂਦੇ ਹਨ। ਮਾਲ-ਮੁਕੱਦਮਾ ਸਹੀ ਨਹੀਂ ਆਉਂਦਾ। ਨਾ ਸੰਮਨ ਤਾਮੀਲ ਹੁੰਦੇ ਹਨ।" ਦਫਤਰ ਵੜਦਿਆਂ ਹੀ ਸਰਕਾਰੀ ਵਕੀਲ ਨੇ ਥਾਣੇਦਾਰ ਦਾ ਮਨੋਬਲ ਡੇਗਣਾ ਸ਼ੁਰੂ ਕੀਤਾ।

ਪੈਰਵਾਈ ਅਫ਼ਸਰ ਭੇਜਣਾ, ਮਾਲ-ਮੁਕੱਦਮੇ ਦਾ ਖ਼ਿਆਲ ਰੱਖਣਾ ਜਾਂ ਸੰਮਨ ਤਾਮੀਲ ਕਰਵਾਉਣੇ ਨਾਜ਼ਰ ਸਿੰਘ ਦਾ ਕੰਮ ਨਹੀਂ ਸੀ। ਇਹ ਮੁੱਖ ਅਫ਼ਸਰ ਜਾਣੇ ਜਾਂ ਮੁਨਸ਼ੀ। ਨਾਜ਼ਰ ਇਹ ਜਵਾਬ ਦੇਣਾ ਚਾਹੁੰਦਾ ਸੀ। ਪਰ ਚਲਾਨ ਚੈੱਕ ਹੋਣ ਤਕ ਉਸ ਨੇ ਚੁੱਪ ਵੱਟਣੀ ਹੀ ਬੇਹਤਰ ਸਮਝੀ।

"ਕੋਈ ਨੀ ਜਨਾਬ, ਅੱਜ ਹੀ ਥਾਣੇ ਜਾ ਕੇ ਮੁਨਸ਼ੀ ਅਤੇ ਤਾਮੀਲੀ ਨੂੰ ਖਿੱਚਦਾ ਹਾਂ। ਕੱਲ੍ਹ ਤੋਂ ਸਭ ਠੀਕ ਹੋ ਜਾਏਗਾ।

ਕੁਝ ਦੇਰ ਦੋਹਾਂ ਵਿਚ ਖ਼ਾਮੋਸ਼ੀ ਛਾਈ ਰਹੀ।

ਫੇਰ ਸੁਰਿੰਦਰ ਨੇ ਕੁਝ ਮਿਸਲਾਂ ਦਰਾਜ਼ ਵਿਚੋਂ ਕੱਢੀਆਂ ਅਤੇ ਉਲਟਾ-ਪੁਲਟਾ ਕੇ ਦੇਖਣ ਲੱਗਾ।

"ਮੇਰਾ ਕੰਮ ਹੋਇਆ ਜਨਾਬ ?" ਪਹਿਲਾਂ ਨਾਜ਼ਰ ਨੂੰ ਲੱਗਾ ਜਿਵੇਂ ਸਰਕਾਰੀ ਵਕੀਲ ਉਸੇ ਦੀ ਮਿਸਲ ਕੱਢ ਰਿਹਾ ਹੋਵੇ। ਜਦੋਂ ਉਸ ਨੇ ਕੋਈ ਹੋਰ ਮਿਸਲ ਚੈੱਕ ਕਰਨੀ ਸ਼ੁਰੂ ਕਰ ਦਿੱਤੀ ਤਾਂ ਮਜਬੂਰਨ ਨਾਜ਼ਰ ਨੂੰ ਆਪਣੀ ਹਾਜ਼ਰੀ ਦਾ ਮਕਸਦ ਦੱਸਣਾ ਪਿਆ।

"ਕਿਹੜਾ ਕੰਮ ?"

"ਬੰਟੀ ਕਤਲ ਕਾਂਡ ਵਾਲਾ ਚਲਾਨ, ਜਿਹੜਾ ਮੈਂ ਪਰਸੋਂ ਦੇ ਗਿਆ ਸੀ ?"

"ਉਹ ? ਨਾ ਤੂੰ ਆਖਦਾ ਸੀ, ਮੈਂ ਲਾਲਾ ਜੀ ਨੂੰ ਭੇਜਾਂਗਾ। ਮੈਂ ਉਡੀਕਦਾ ਰਿਹਾ। ਨਾ ਲਾਲਾ ਜੀ ਆਏ ਨਾ ਤੂੰ ਕੁਝ ਕੀਤਾ।" ਸੁਰਿੰਦਰ ਕੋਲ ਇਧਰ-ਉਧਰ ਦੀਆਂ ਗੱਲਾਂ ਮਾਰਨ ਦਾ ਸਮਾਂ ਨਹੀਂ ਸੀ। ਉਹ ਸਿੱਧਾ ਅਸਲ ਮੁੱਦੇ 'ਤੇ ਪੁੱਜਾ।

"ਥੋਨੂੰ ਦੱਸਿਆ ਤਾਂ ਸੀ.....। ਦੋਵੇਂ ਧਿਰਾਂ ਮਾੜੀਆਂ ਨੇ.....।"

"ਪਰ ਤੂੰ ਤਾਂ ਨੀ ਮਾੜਾ। ਜ਼ਰੂਰੀ ਨੀ ਤੁਸੀਂ ਸਾਨੂੰ ਉਸੇ ਕੇਸ ਵਿਚ ਫ਼ੀਸ ਦੇਵੋ ਜਿਸ ਵਿਚ ਤੁਹਾਨੂੰ ਮਿਲੀ ਹੋਵੇ। ਬਥੇਰੇ ਕੇਸ ਹੁੰਦੇ ਨੇ, ਜਿਹੜੇ ਤੁਸੀਂ ਬਾਹਰੋ-ਬਾਹਰ ਡਕਾਰ ਜਾਂਦੇ ਹੋ। ਸਾਡੇ ਤਕ ਨਾ ਕੇਸ ਆਉਂਦਾ, ਨਾ ਪਾਰਟੀ। ਇਹੋ ਜਿਹੇ ਕੇਸ ਵਿਚ ਉਸ ਕੋਟੇ ਵਿਚੋਂ ਫ਼ੀਸ ਦੇ ਦਿਆ ਕਰੋ।"

"ਕਿਥੇ ਜਨਾਬ! ਡਿਪਟੀ ਬੜਾ ਮਾੜੈ। ਪਤਾ ਨਹੀਂ ਕਿਵੇਂ ਸੂਹ ਕੱਢ ਲੈਂਦੈ। ਵੀਹ ਰੁਪਏ ਵੀ ਕਿਸੇ ਤੋਂ ਲੈ ਲਈਏ, ਉਹ ਵੀ ਅਗਲੇ ਦਿਨ ਮੇਜ਼ 'ਤੇ ਰਖਾ ਲੈਂਦੈ। ਮਸਾਂ ਦਿਨ-ਕਟੀ ਕਰਦੇ ਹਾਂ ਜਨਾਬ! ਫੇਰ ਵੀ ਆਹ ਲਓ....." ਆਖਦੇ ਨਾਜ਼ਰ ਨੇ ਉਹੋ ਸੌ ਦਾ ਨੋਟ ਕੱਢਿਆ ਜਿਹੜਾ ਉਸ ਨੇ ਇਸੇ ਮਕਸਦ ਲਈ ਜੇਬ ਵਿਚ ਪਾਇਆ ਸੀ।

"ਬੱਸ!" ਸੌ ਦਾ ਇਕ ਨੋਟ ਦੇਖ ਕੇ ਸੁਰਿੰਦਰ ਬੇਇੱਜ਼ਤ ਹੋਇਆ ਮਹਿਸੂਸ ਕਰਨ ਲੱਗਾ।

"ਬਹੁਤ ਹੈ ਜਨਾਬ। ਪੱਲਿਓਂ ਦੇ ਰਿਹਾਂ। ਕਦੇ ਫੇਰ ਭਾਂਗਾ ਕੱਢ ਦਿਆਂਗੇ।" ਨੋਟ ਨੂੰ ਮੇਜ਼ 'ਤੇ ਪਈ ਕਿਤਾਬ ਹੇਠ ਰੱਖਦਿਆਂ ਨਾਜ਼ਰ ਨੇ ਤਰਲਾ ਲਿਆ।

"ਫੇਰ ਦੀ ਫੇਰ ਦੇਖੀ ਜਾਊ। ਇੰਨੇ ਨਾਲ ਕੰਮ ਨਹੀਂ ਚੱਲਣਾ।" ਕਿਤਾਬ ਨਾਜ਼ਰ ਵੱਲ ਧੱਕਦੇ ਸੁਰਿੰਦਰ ਨੇ ਨਰਾਜ਼ਗੀ ਪ੍ਰਗਟਾਈ।

"ਤੁਸੀਂ ਰੱਖੋ ਵੀ। ਕੱਲ੍ਹ ਵੀ ਤਿੰਨ-ਚਾਰ ਸੌ ਲੱਗ ਗਿਆ ਸੀ।" ਨਾਜ਼ਰ ਸੁਰਿੰਦਰ ਦੀ ਸੌਦੇਬਾਜ਼ੀ 'ਤੇ ਚਿੜਨ ਲੱਗਾ। ਪਹਿਲਾਂ ਕੀਤੀਆਂ ਵਗਾਰਾਂ ਖੂਹ 'ਚ ਪੈ ਚੱਲੀਆਂ ਸਨ।

ਕੱਲ੍ਹ ਦੇ ਖ਼ਰਚੇ ਦੀ ਗੱਲ 'ਤੇ ਸੁਰਿੰਦਰ ਕੁਝ ਢਿੱਲਾ ਤਾਂ ਪਿਆ ਪਰ ਉਹ ਇਕ ਅੱਧਾ ਨੋਟ ਹੋਰ ਬਟੋਰਨ ਦੀ ਆਸ ਨਹੀਂ ਸੀ ਛੱਡ ਰਿਹਾ।

ਸੁਰਿੰਦਰ ਨੇ ਦਰਾਜ਼ ਖੋਲ੍ਹਿਆ ਤੇ ਇਕ ਥੱਬਾ ਹੋਰ ਚਲਾਨਾਂ ਦਾ ਕੱਢ ਕੇ ਮੇਜ਼ 'ਤੇ ਸਜਾ ਲਿਆ।

"ਇਹ ਸਾਰੇ ਚਲਾਨ ਤੇਰੇ ਚਲਾਨ ਤੋਂ ਪਹਿਲਾਂ ਦੇ ਆਏ ਹੋਏ ਨੇ। ਜੇ ਨੰਬਰਵਾਰ ਕੱਢਣ ਲੱਗਿਆ ਤਾਂ ਤੇਰੀ ਵਾਰੀ ਦਸ ਦਿਨ ਨਹੀਂ ਆਉਣੀ।"

"ਪਰ ਜਨਾਬ, ਮੇਰਾ ਚਲਾਨ ਬਹੁਤ ਜ਼ਰੂਰੀ ਹੈ। ਪੰਜਾਂ ਦਿਨਾਂ ਦੇ ਅੰਦਰ-ਅੰਦਰ ਚਲਾਨ ਪੇਸ਼ ਨਾ ਹੋਇਆ ਤਾਂ ਮੇਰੀ ਪੇਟੀ ਉਤਰ ਜੂ।"

"ਪਚਾਸੀ ਦਿਨ ਮਿਸਲ ਕੁੱਛੜ 'ਚ ਦੇਈ ਫਿਰਦੇ ਰਹੇ। ਪੰਜ ਦਿਨ ਰਹਿ ਗਏ ਤਾਂ ਸਾਨੂੰ ਫਾਹੇ ਚਾੜ੍ਹ ਦਿੱਤਾ। ਆਖ਼ਿਰ ਕਤਲ ਦਾ ਮੁਕੱਦਮਾ ਹੈ। ਅੱਖਰ-ਅੱਖਰ ਪੜ੍ਹਨਾ ਹੁੰਦੈ।"

"ਕਿਹੜਾ ਇਕ ਕੰਮ ਸੀ ਜਨਾਬ। ਪਹਿਲਾਂ ਮਿਸਲ ਦੀ ਲਿਖਾ-ਪੜ੍ਹੀ ਕੀਤੀ। ਦਸ ਦਿਨ ਚੰਡੀਗੜ੍ਹ ਬੈਠ ਕੇ ਉਂਗਲਾਂ ਦੇ ਨਿਸ਼ਾਨ ਤੇ ਮੋਲਡ ਬਦਲਵਾਏ। ਮੈਂ ਤਾਂ ਪਹਿਲੇ ਦਿਨੋਂ ਇਸੇ ਮਿਸਲ 'ਤੇ ਹਾਂ।" ਨਾਜ਼ਰ ਦੇ ਸਬਰ ਦਾ ਪਿਆਲਾ ਭਰ ਗਿਆ। ਉਹ ਗੁਸਤਾਖ਼ੀ 'ਤੇ ਉਤਰਨ ਲੱਗਾ।

"ਫੇਰ ਮੈਂ ਕਿਹੜਾ ਵਿਹਲਾ ਬੈਠਾਂ। ਦੋ ਕਚਹਿਰੀਆਂ ਦਾ ਕੰਮ ਹੈ। ਸਿਰ ਖੁਰਕਣ ਦੀ



ਵਿਹਲ ਨਹੀਂ।"

"ਤੁਸੀਂ ਠੀਕ ਫ਼ੁਰਮਾ ਰਹੇ ਹੋ ਜਨਾਬ। ਕੱਲ੍ਹ ਮੀਟਿੰਗ ਵਿਚ ਇਹੋ ਗੱਲ ਚੱਲੀ ਸੀ। ਡਿਪਟੀ ਸਾਹਿਬ ਆਖਦੇ ਸਨ, ਜ਼ਿਆਦਾ ਕੰਮ ਹੋਣ ਕਰਕੇ ਤੁਹਾਥੋਂ ਕੰਮ ਨਿੱਬੜਦਾ ਨਹੀਂ। ਉਹ ਕਹਿੰਦੇ ਸਨ ਡੀ.ਏ. ਨਾਲ ਗੱਲ ਕਰ ਕੇ ਤੁਹਾਡਾ ਭਾਰ ਹਲਕਾ ਕਰਾਉਣਗੇ। ਮੈਂ ਵੀ ਆਖ ਦੇਵਾਂਗਾ, ਉਹ ਜਲਦੀ ਚਿੱਠੀ ਲਿਖਣ।"

ਆਖ਼ਿਰ ਨਾਜ਼ਰ ਦੇ ਪੈਰਾਂ ਹੇਠ ਬਟੇਰਾ ਆ ਗਿਆ। ਨਾਜ਼ਰ ਨੂੰ ਸਿੱਧੀ ਉਂਗਲ ਨਾਲ ਘਿਓ ਨਿਕਲਦਾ ਨਜ਼ਰ ਨਹੀਂ ਸੀ ਆ ਰਿਹਾ। ਉਸ ਨੇ ਦੁਖਦੀ ਰਗ 'ਤੇ ਉਂਗਲ ਰੱਖੀ।

ਪਹਿਲਾ ਸਰਕਾਰੀ ਵਕੀਲ ਅਸਤੀਫ਼ਾ ਦੇ ਗਿਆ ਸੀ। ਉਸ ਦੀ ਥਾਂ ਕਿਸੇ ਨੂੰ ਨਹੀਂ ਸੀ ਲਾਇਆ ਗਿਆ । ਉਸ ਦੀ ਕਚਹਿਰੀ ਦਾ ਚਾਰਜ ਲੈਣ ਲਈ ਇਥੋਂ ਦੇ ਸਰਕਾਰੀ ਵਕੀਲਾਂ ਵਿਚ ਹੋੜ ਲੱਗੀ ਰਹੀ ਸੀ। ਕੋਈ ਡੀ.ਏ. ਵੱਲ ਘਿਓ ਦਾ ਪੀਪਾ ਲੈ ਕੇ ਭੱਜਾ ਸੀ ਤੇ ਕੋਈ ਵਿਸਕੀ ਦੀ ਪੇਟੀ।

ਪਰ ਬਾਜ਼ੀ ਸੁਰਿੰਦਰ ਨੇ ਜਿੱਤੀ ਸੀ।

ਇਕ ਵਾਰ ਡਿਪਟੀ ਨੇ ਸ਼ਿਕਾਇਤ ਕਰ ਦਿੱਤੀ ਤਾਂ ਕਚਹਿਰੀ ਵੀ ਖੁੱਸਣੀ ਸੀ ਤੇ ਬਦਨਾਮੀ ਵੀ ਹੋਣੀ ਸੀ।

"ਡੀ.ਏ. ਡੂ.ਏ. ਨੂੰ ਲਿਖਣ ਦੀ ਕੀ ਲੋੜ ਆ। ਲਿਆ ਪਹਿਲਾਂ ਤੇਰਾ ਚਲਾਨ ਕੱਢਾਂ। ਦੋਸ਼ੀਆਂ ਦੀ ਸੱਚੀਂ ਨਾ ਕਿਧਰੇ ਜ਼ਮਾਨਤ ਹੋ ਜੇ।"

ਨਾਜ਼ਰ ਦਾ ਤੀਰ ਸਹੀ ਨਿਸ਼ਾਨੇ 'ਤੇ ਵੱਜਾ। ਬੁੜ-ਬੁੜ ਕਰਦੇ ਸਰਕਾਰੀ ਵਕੀਲ ਨੇ ਮਿਸਲ ਫਰੋਲਣੀ ਸ਼ੁਰੂ ਕੀਤੀ।

ਨੋਟ ਉਸੇ ਤਰ੍ਹਾਂ ਕਿਤਾਬ ਹੇਠ ਪਿਆ ਰਿਹਾ। ਨਾ ਸੁਰਿੰਦਰ ਨੇ ਚੁੱਕਿਆ ਤੇ ਨਾ ਨਾਜ਼ਰ ਨੇ।

## 2

ਕਚਹਿਰੀ ਛੁੱਟਦੀ ਨਜ਼ਰ ਆਉਂਦਿਆਂ ਹੀ ਸੁਰਿੰਦਰ ਕੁਮਾਰ ਦੀ ਹੋਸ਼ ਟਿਕਾਣੇ ਆ ਗਈ।

ਸਾਊ ਜਿਹਾ ਬਣ ਕੇ ਉਹ ਆਪਣੀ ਡਿਊਟੀ ਨਿਭਾਉਣ ਲੱਗਾ।

ਅੱਖਾਂ ਮਿਸਲ 'ਤੇ ਸਨ ਪਰ ਜ਼ਿਹਨ ਡਿਪਟੀ ਵੱਲੋਂ ਲੱਗੇ ਦੋਸ਼ਾਂ ਦੀ ਘੋਖ ਕਰ ਰਿਹਾ ਸੀ।

ਦੇਖਿਆ ਜਾਏ ਤਾਂ ਡਿਪਟੀ ਦੀ ਗੱਲ ਸੱਚੀ ਸੀ। ਸਬ-ਡਵੀਜ਼ਨ ਦੇ ਛੇਆਂ ਵਿਚੋਂ ਚਾਰ ਥਾਣੇ ਹੁਣ ਉਸ ਕੋਲ ਸਨ। ਥਾਣੇ ਵੀ ਇਕ ਦੂਜੇ ਤੋਂ ਚੜ੍ਹਦੇ। ਅਜਿਹੇ ਥਾਣੇ ਜਿਥੇ ਦੋ-ਦੋ ਚਾਰ-ਚਾਰ ਕੇਸ ਹਰ ਰੋਜ਼ ਦਰਜ ਹੁੰਦੇ ਸਨ। ਕੰਮ ਇੰਨਾ ਵਧ ਗਿਆ ਸੀ ਕਿ ਸੁਰਿੰਦਰ ਨੂੰ ਸਿਰ ਖੁਰਕਣ ਤਕ ਦੀ ਵਿਹਲ ਨਹੀਂ ਮਿਲਦੀ । ਉਹ ਇਕ ਥਾਣੇਦਾਰ ਨੂੰ ਤੋਰਦਾ ਸੀ, ਦੋ ਹੋਰ ਆ ਜਾਂਦੇ ਸਨ। ਕਦੇ ਅੰਦਰਲੀ ਅਦਾਲਤ ਵਿਚ ਆਵਾਜ਼ ਪੈ ਗਈ, ਕਦੇ ਬਾਹਰਲੀ ਵਿਚ।

ਇਹ ਵਾਧੂ ਜ਼ਿੰਮੇਵਾਰੀ ਆਪਣੇ ਆਪ ਉਸ ਦੇ ਮੋਢਿਆਂ 'ਤੇ ਨਹੀਂ ਸੀ ਆ ਪਈ। ਇਸ ਜ਼ਿੰਮੇਵਾਰੀ ਨੂੰ ਹਥਿਆਉਣ ਲਈ ਉਸ ਨੂੰ ਕਈ ਦਿਨ ਨੱਠ-ਭੱਜ ਕਰਨੀ ਪਈ ਸੀ। ਵਜ਼ੀਰ ਤੋਂ ਸਿਫ਼ਾਰਸ਼ ਵੀ ਕਰਵਾਈ ਸੀ ਤੇ ਨਾਲ ਡੀ.ਏ. ਨੂੰ ਪੰਜ ਹਜ਼ਾਰ ਦੇ ਨੋਟ ਵੀ ਭੇਟ ਕੀਤੇ ਸਨ। ਇਨ੍ਹੀਂ ਦਿਨੀਂ ਸੂਬੇ ਵਿਚ ਸਰਕਾਰੀ ਵਕੀਲਾਂ ਦੀ ਘਾਟ ਸੀ। ਕਈ ਅਸਾਮੀਆਂ ਖ਼ਾਲੀ ਪਈਆਂ ਸ਼ਨ। ਅਪ੍ਰੈਲ ਤਕ ਇਥੇ ਕਿਸੇ ਨਹੀਂ ਸੀ ਆਉਣਾ। ਜਿਸ ਹਿਸਾਬ ਨਾਲ ਪਹਿਲੇ ਸਰਕਾਰੀ ਵਕੀਲ ਕੋਲ ਲੋਕਾਂ ਦੀ ਭੀੜ ਲੱਗਦੀ ਸੀ, ਉਸ ਤੋਂ ਸਾਫ਼ ਜ਼ਾਹਰ ਸੀ ਕਿ ਇੰਨੇ ਕੁ ਪੈਸੇ ਪਹਿਲੇ ਮਹੀਨੇ ਹੀ ਬਣ ਜਾਣੇ ਸਨ।

ਵਾਧੂ ਮਿਲੀ ਕਚਹਿਰੀ ਨਾਲ ਸ਼ਹਿਰੀ ਥਾਣਾ ਲੱਗਦਾ ਸੀ। ਸ਼ਹਿਰੀ ਥਾਣੇ ਦਾ ਸੁਆਦ ਸੁਰਿੰਦਰ ਕੁਮਾਰ ਕਈ ਵਾਰ ਚੱਖ ਚੁੱਕਾ ਸੀ।

ਬਠਿੰਡੇ ਉਸ ਦੀ ਬਹੁਤ ਚੜ੍ਹਤ ਰਹੀ ਸੀ। ਇਕ ਪਾਸੇ ਉਸ ਦਾ ਲੋਕਾਂ ਨਾਲ ਸਿੱਧਾ ਸੰਪਰਕ ਹੋ ਗਿਆ ਸੀ ਤੇ ਦੂਜੇ ਪਾਸੇ ਸਥਾਨਕ ਪੁਲਿਸ ਉਸ ਦਾ ਆਖਾ ਨਹੀਂ ਸੀ ਮੋੜ ਸਕਦੀ। ਥਾਣੇ ਲੈ ਜਾਣ ਵਾਲਾ ਕੋਈ ਨਾ ਕੋਈ ਖੜ੍ਹਾ ਹੀ ਰਹਿੰਦਾ ਸੀ। ਕਦੇ ਡਾਕਟਰ ਨੇ ਕੁੰਡਾ ਖੜਕਾ ਦਿੱਤਾ, ਕਾਰ ਦਾ ਐਕਸੀਡੈਂਟ ਹੋ ਗਿਆ, ਕਾਰ ਛੁਡਾਓ। ਕਦੇ ਮਾਸਟਰ ਜੀ ਆ ਗਏ, ਗੁਆਂਢੀ ਨਾਲ ਲਾਂਘੇ ਦਾ ਰੌਲਾ ਪੈ ਗਿਆ। ਗੁਆਂਢੀ ਥਾਣਾ ਚੜ੍ਹਾ ਲਿਆਇਐ, ਸਮਝੌਤਾ ਕਰਾਓ। ਕਦੇ ਲਾਲਾ ਜੀ ਜੂਆ ਖੇਡਦੇ ਫੜੇ ਗਏ, ਕੇਸ ਤੋਂ ਬਚਾਓ। ਦਾਰੂ ਸਿੱਕਾ ਤਾਂ ਅਸਾਮੀ ਸਿਰ ਉਸੇ ਸਮੇਂ ਹੋ ਜਾਂਦਾ ਜਦੋਂ ਅਗਲੇ ਨਾਲ ਉਹ ਉੱਠ ਕੇ ਤੁਰਦਾ। ਅਹਿਸਾਨ ਵਾਧੂ ਦਾ। ਪਿੱਛੋਂ ਭਾਵੇਂ ਚੌਥੇ ਦਿਨ ਗੱਡੀ ਵਾਲੇ ਤੋਂ ਗੱਡੀ ਮੰਗਵਾ ਲਓ ਤੇ ਰਾਸ਼ਨ ਵਾਲੇ ਤੋਂ ਰਾਸ਼ਨ। ਕੋਈ ਮੱਥੇ ਵੱਟ ਨਹੀਂ ਸੀ ਪਾਉਂਦਾ।

ਰਾਮਪੁਰੇ ਉਸ ਨੂੰ ਵੱਡੀਆਂ-ਵੱਡੀਆਂ ਅਸਾਮੀਆਂ ਟੱਕਰੀਆਂ ਸਨ। ਉਨ੍ਹੀਂ ਦਿਨੀਂ ਗੁਪਤੇ ਐਸ.ਡੀ.ਓ. ਦਾ ਚੋਰੀ ਦਾ ਸੀਮਿੰਟ ਫੜਿਆ ਗਿਆ ਤੇ ਗਰੇਵਾਲ ਓਵਰਸੀਅਰ ਦੀ ਲੁੱਕ।



ਜੈਨੀਆਂ ਦੀ ਨੂੰਹ ਸੜ ਕੇ ਮਰੀ ਤੇ ਹੈੱਡਮਾਸਟਰ ਦੀ ਕੁੜੀ ਨਿਕਲੀ। ਫਸੀਆਂ ਧਿਰਾਂ ਨੂੰ ਛੁਡਾਉਣ ਲਈ ਉਸੇ ਨੂੰ ਅਹਿਮ ਭੂਮਿਕਾ ਨਿਭਾਉਣੀ ਪਈ। ਦੋਹਾਂ ਪਾਸਿਆਂ ਤੋਂ ਮੋਟੀ ਫ਼ੀਸ ਉਗਰਾਹੀ। ਅੱਧੀ ਆਪ ਰੱਖੀ, ਅੱਧੀ ਪੁਲਿਸ ਨੂੰ ਦਿੱਤੀ।

ਸਥਾਨਕ ਥਾਣੇ ਦੇ ਸਰਕਾਰੀ ਵਕੀਲ ਦੀ ਵੁੱਕਤ ਐਮ.ਐਲ.ਏ. ਤੋਂ ਘੱਟ ਨਹੀਂ ਹੁੰਦੀ।

ਇਹੋ ਵੁੱਕਤ ਹਾਸਲ ਕਰਨ ਲਈ ਸੁਰਿੰਦਰ ਨੇ ਪੈਸਾ ਪਾਣੀ ਵਾਂਗ ਵਹਾਇਆ ਸੀ।

'ਕਿਧਰੇ ਇਹ ਮਨਹੂਸ ਬੰਟੀ ਕਤਲ-ਕੇਸ ਉਸ ਦੀਆਂ ਜੜ੍ਹਾਂ ਵਿਚ ਹੀ ਨਾ ਬੈਠ ਜਾਏ।' ਜਦੋਂ ਦੀ ਨਾਜ਼ਰ ਨੇ ਡਿਪਟੀ ਵਾਲੀ ਗੱਲ ਸੁਣੀ ਸੀ, ਉਦੋਂ ਤੋਂ ਉਸ ਨੂੰ ਇਹੋ ਫ਼ਿਕਰ ਖਾਈ ਜਾ ਰਿਹਾ ਸੀ।

ਉਸ ਨੂੰ ਸਮਝ ਨਹੀਂ ਸੀ ਆਉਂਦੀ, ਉਹ ਡੀ.ਏ. ਨੂੰ ਆਪਣੀ ਪਿੱਠ 'ਤੇ ਸਮਝੇ ਜਾਂ ਨਾ? ਅਫ਼ਸਰ ਦੇ ਕਿੱਲੇ ਦੇ ਜ਼ੋਰ 'ਤੇ ਉਹ ਬੜ੍ਹਕ ਮਾਰੇ ਜਾਂ ਨਾ? ਡਿਪਟੀ ਨੇ ਜੇ ਸੱਚਮੁੱਚ ਸ਼ਿਕਾਇਤ ਕਰ ਦਿੱਤੀ, ਡੀ.ਏ. ਉਸ ਦੀ ਮੰਨੂ ਜਾਂ ਨਾ?

ਜੇ ਵਗਾਰਾਂ ਦੇ ਹਿਸਾਬ ਨਾਲ ਸੋਚਿਆ ਜਾਵੇ ਤਾਂ ਡੀ.ਏ. ਸੌ ਫ਼ੀਸਦੀ ਉਸ ਦੇ ਨਾਲ ਸੀ।

ਕਚਹਿਰੀ ਮਿਲੀ ਨੂੰ ਦਸ ਦਿਨ ਵੀ ਨਹੀਂ ਸੀ ਹੋਏ ਕਿ ਉਸ ਨੇ ਕਾਰ ਦੀ ਵਗਾਰ ਪਾ ਦਿੱਤੀ, ਅਖੇ ਅੰਮ੍ਰਿਤਸਰ ਵਿਆਹ ਜਾਣੈ। ਇਕ ਦਿਨ ਲਈ ਆਖ ਕੇ ਗਿਆ, ਤਿੰਨ ਦਿਨ ਵਾਪਸ ਨਾ ਆਇਆ। ਕਾਰ ਇਉਂ ਵਰਤੀ ਜਿਵੇਂ ਪਾਣੀ 'ਤੇ ਚੱਲਦੀ ਹੋਵੇ। ਪਿਸ਼ਾਬ ਕਰਨ ਜਾਣਾ ਤਾਂ ਵੀ ਕਾਰ ਵਿਚ, ਟੱਟੀ ਜਾਣਾ ਤਾਂ ਵੀ ਕਾਰ ਵਿਚ। ਪੂਰੇ ਤਿੰਨ ਹਜ਼ਾਰ ਦਾ ਬਿੱਲ ਚੁਕਾਉਣਾ ਪਿਆ ਸੀ ਸੁਰਿੰਦਰ ਕੁਮਾਰ ਨੂੰ।

ਇਹ ਘਾਟਾ ਪੂਰਾ ਨਹੀਂ ਸੀ ਹੋਇਆ ਕਿ ਨਵੀਂ ਵਗਾਰ ਆ ਪਈ। ਇਸ ਵਾਰ ਵਗਾਰ ਡੀ.ਏ. ਨੂੰ ਪਈ ਸੀ। ਪਈ ਜਾਂ ਨਹੀਂ ਇਹ ਖ਼ੁਦਾ ਹੀ ਜਾਣੇ। ਉਹ ਕਹਿੰਦਾ ਸੀ : ਡਾਇਰੈਕਟਰ ਨੂੰ ਵੀ.ਸੀ.ਆਰ. ਭੇਜਣਾ ਹੈ। ਵੀ.ਸੀ.ਆਰ. 'ਤੇ ਵੀਹ ਹਜ਼ਾਰ ਲੱਗਣਾ ਸੀ। ਵਾਧੂ ਕੰਮ ਦੇ ਕੇ ਡੀ.ਏ. ਨੇ ਸੁਰਿੰਦਰ 'ਤੇ ਜੋ ਮਿਹਰਬਾਨੀ ਕੀਤੀ ਸੀ, ਹੁਣ ਭੀੜ ਸਮੇਂ ਉਹ ਉਸ ਦਾ ਅਹਿਸਾਨ ਚੁਕਾਏ। ਪੂਰਾ ਨਹੀਂ ਤਾਂ ਸੁਰਿੰਦਰ ਅੱਧਾ ਬੋਝ ਤਾਂ ਉਠਾਏ ਹੀ।

ਵਗਾਰਾਂ ਤੋਂ ਤੰਗ ਆਏ ਸੁਰਿੰਦਰ ਦੇ ਇਕ ਵਾਰ ਮਨ ਵਿਚ ਆਇਆ ਸੀ, ਉਹ ਕਚਹਿਰੀ ਹੀ ਵਾਪਸ ਕਰ ਦੇਵੇ । ਪਰ ਅਫ਼ਸਰ ਨੂੰ ਨਰਾਜ਼ ਵੀ ਤਾਂ ਨਹੀਂ ਸੀ ਕੀਤਾ ਜਾ ਸਕਦਾ। ਉਸੇ ਦੇ ਸਹਾਰੇ ਉਹ ਬੜ੍ਹਕਾਂ ਮਾਰਦਾ ਸੀ। ਮੁਦੱਈ ਮੁਲਜ਼ਮ ਤੋਂ ਲੈ ਕੇ ਹੌਲਦਾਰ ਥਾਣੇਦਾਰਾਂ ਤਕ ਤੋਂ ਉਹ ਠੋਕ-ਵਜਾ ਕੇ ਪੈਸੇ ਲੈਂਦਾ ਸੀ।

ਕੋਈ ਔਖਾ ਹੋਊ ਤਾਂ ਡੀ.ਏ. ਕੋਲ ਹੀ ਸ਼ਿਕਾਇਤ ਕਰੂ। ਜਲਦੀ-ਜਲਦੀ ਉਹ ਕਿਸੇ ਨੂੰ ਨੇੜੇ ਨਹੀਂ ਢੁਕਣ ਦਿੰਦਾ। ਕੋਈ ਬਹੁਤਾ ਖਹਿੜੇ ਪੈ ਜਾਏ ਤਾਂ ਦਰਖ਼ਾਸਤ ਲੈ ਕੇ ਰੱਖ ਲਊ। ਉਧਰ ਸੁਰਿੰਦਰ ਨੂੰ ਇਤਲਾਹ ਭੇਜ ਦਊ। ਸੁਰਿੰਦਰ ਕਿਸੇ ਵਿਚੋਲੇ ਨੂੰ ਵਿਚ ਪਾ ਕੇ ਬੰਦੇ ਨੂੰ ਪੁਚਕਾਰ ਲੈਂਦਾ ਸੀ।

ਮਿਸਲ ਘੋਖ ਰਹੇ ਸੁਰਿੰਦਰ ਨੂੰ ਲੱਗ ਰਿਹਾ ਸੀ, ਜਿਵੇਂ ਸਰਦਾਰੀ ਉਸ ਤੋਂ ਸਾਂਭੀ ਨਹੀਂ ਸੀ ਜਾ ਰਹੀ।

ਜੇ ਸੁਰਿੰਦਰ ਸਿਆਣਾ ਹੁੰਦਾ ਤਾਂ ਇਸ ਕੇਸ ਵਿਚ ਪੈਸਿਆਂ ਦੀ ਝਾਕ ਨਾ ਕਰਦਾ। ਚੰਗਾ ਭਲਾ ਪਤਾ ਹੈ ਕਿ ਇਸ ਕੇਸ ਵਿਚ ਕੱਢਣ-ਪਾਉਣ ਨੂੰ ਕੱਖ ਨਹੀਂ। ਜਿਸ ਅਫ਼ਸਰ ਨੇ ਵੀ ਕੁਤਾਹੀ

ਕੀਤੀ, ਉਸੇ ਨੇ ਸਜ਼ਾ ਭੁਗਤੀ। ਪੁਲਿਸ ਕਪਤਾਨ ਤਕ ਦਾ ਤਬਾਦਲਾ ਹੋ ਗਿਆ। ਸੁਰਿੰਦਰ ਕਿਥੋਂ ਦਾ ਪਾਣੀਹਾਰ ਸੀ।

ਲਾਲਾ ਜੀ ਦਾ ਪੋਤਾ ਮਰਿਆ ਸੀ। ਉਸ ਦਾ ਘਰ ਉਂਞ ਹੀ ਉਜੜ ਗਿਆ ਸੀ। ਪਾਲੇ ਅਤੇ ਮੀਤੇ ਨੂੰ ਸਜ਼ਾ ਹੋਣ ਦਾ ਲਾਲਾ ਜੀ ਨੂੰ ਕੀ ਲਾਭ ਹੋਏਗਾ ? ਲਾਲਾ ਜੀ ਸਰਕਾਰੀ ਵਕੀਲ ਨੂੰ ਪੈਸੇ ਕਿਉਂ ਦੇਣ ?

ਮੁਲਜ਼ਮ ਵਿਚਾਰੇ ਵੀ ਨੰਗ ਸਨ। ਵੈਸੇ ਵੀ ਨਿਰਦੋਸ਼ ਸਨ। ਥੋੜ੍ਹਾ ਜਿਹਾ ਵੀ ਦਮ ਹੁੰਦਾ ਤਾਂ ਕੇਸ ਵਿਚ ਕਿਉਂ ਫਸਦੇ ? ਹੋਰਾਂ ਵਾਂਗ ਪੈਸੇ ਦੇ ਕੇ ਛੁੱਟ ਨਾ ਗਏ ਹੁੰਦੇ।

ਬਾਕੀ ਰਹਿ ਗਿਆ ਤਫ਼ਤੀਸ਼ੀ। ਪੱਲਿਉਂ ਖ਼ਰਚ ਕੇ ਕੰਮ ਕਢਾਉਣ ਵਾਲਾ ਤਫ਼ਤੀਸ਼ੀ ਕੋਈ ਟਾਵਾਂ-ਟੱਲਾ ਹੀ ਹੁੰਦੈ। ਨਾਜ਼ਰ ਉਹਨਾਂ ਟਾਵੇਂ-ਟੱਲਿਆਂ ਵਿਚੋਂ ਹੀ ਸੀ। ਉਹ ਤਿੰਨ-ਚਾਰ ਸੌ ਦੇ ਹੇਠ ਆ ਚੁੱਕਾ ਸੀ। ਮਾੜੀ ਮੱਦ 'ਤੇ ਰਹਿ ਕੇ ਖੁੱਲ੍ਹ-ਦਿਲੀ ਨਾਲ ਖ਼ਰਚ ਕਰਨਾ ਉਸ ਦੀ ਦਲੇਰੀ ਦਾ ਸਬੂਤ ਸੀ। ਨਹੀਂ ਤਾਂ ਸੁਰਿੰਦਰ ਦਾ ਤਜਰਬਾ ਦੱਸਦਾ ਸੀ ਕਿ ਮਾੜੀ ਥਾਂ 'ਤੇ ਤਾਇਨਾਤ ਪੁਲਸੀਆ ਜੇਬ 'ਚੋਂ ਧੇਲਾ ਨਹੀਂ ਕੱਢਦਾ। ਪੁਲਿਸ ਟ੍ਰੇਨਿੰਗ ਕਾਲਜ ਫਿਲੌਰ ਵਿਚ ਸੁਰਿੰਦਰ ਨੇ ਥਾਣੇਦਾਰਾਂ ਦੀ ਤਰਸਯੋਗ ਹਾਲਤ ਦੇਖੀ ਸੀ। ਉਹੋ ਥਾਣੇਦਾਰ ਜਿਹੜੇ ਕਾਰ ਵਿਚੋਂ ਪੈਰ ਨਹੀਂ ਸਨ ਲਾਹਿਆ ਕਰਦੇ, ਜਦੋਂ ਫ਼ਿਲੌਰ ਲੱਗੇ ਸਨ ਤਾਂ ਤਿੰਨ ਰੁਪਏ ਬਚਾਉਣ ਲਈ ਬੱਸ ਸਟੈਂਡ ਤੋਂ ਕਿਲ੍ਹੇ ਤਕ ਤੁਰ ਕੇ ਜਾਇਆ ਕਰਦੇ ਸਨ। ਉਹੋ ਹੌਲਦਾਰ ਜਿਹੜੇ ਵਧੀਆ ਤੋਂ ਵਧੀਆ ਵਿਸਕੀ ਨੂੰ ਵੀ ਨੱਕ ਮਾਰ ਕੇ ਪੀਆ ਕਰਦੇ ਸਨ, ਸੱਠ ਪੈਸੇ ਦਾ ਚਾਹ ਦਾ ਕੱਪ ਪੀਣ ਤੋਂ ਗੁਰੇਜ਼ ਕਰਿਆ ਕਰਦੇ ਸਨ। ਇਨ੍ਹੀਂ ਦਿਨੀਂ ਨਾਜ਼ਰ ਦੀ ਹਾਲਤ ਵੀ ਫਿਲੌਰ ਦੇ ਕਿਲ੍ਹੇ ਵਿਚ ਲੱਗੇ ਥਾਣੇਦਾਰਾਂ ਵਰਗੀ ਹੀ ਸੀ।

ਜੇ ਸੱਚਮੁੱਚ ਪੰਜ ਦਿਨਾਂ ਦੇ ਅੰਦਰ-ਅੰਦਰ ਚਲਾਨ ਪੇਸ਼ ਨਾ ਹੋਇਆ ਤਾਂ ਪੁਲਿਸ ਦੇ ਨਾਲ-ਨਾਲ ਸੁਰਿੰਦਰ ਦੀ ਵੀ ਸ਼ਾਮਤ ਆਉਣੀ ਸੀ। ਨਾਜ਼ਰ ਨੇ ਤਾਂ ਰੋਜ਼ਨਾਮਚੇ ਵਿਚ ਰਪਟਾਂ ਪਾ-ਪਾ ਅਤੇ ਜ਼ਿਮਨੀਆਂ ਲਿਖ-ਲਿਖ, ਆਪਣੇ ਆਪ ਨੂੰ ਬੇਕਸੂਰ ਸਿੱਧ ਕਰ ਰੱਖਿਆ ਹੋਣਾ ਹੈ। ਚਲਾਨ ਲੇਟ ਹੋਣ ਦੀ ਸਾਰੀ ਜ਼ਿੰਮੇਵਾਰੀ ਸੁਰਿੰਦਰ ਸਿਰ ਮੜ੍ਹੀ ਗਈ ਹੋਣੀ ਹੈ। ਜੇ ਸਰਕਾਰੀ ਵਕੀਲ ਚਲਾਨ ਚੈੱਕ ਨਾ ਕਰੇ ਤਾਂ ਨਾਜ਼ਰ ਤਫ਼ਤੀਸ਼ ਮੁਕੰਮਲ ਕਿਵੇਂ ਕਰੇ ?

ਇਸ ਪੱਖੋਂ ਡੀ.ਏ. ਮਾੜਾ ਸੀ। ਮਾਤਹਿਤਾਂ ਦਾ ਪੱਖ ਨਹੀਂ ਸੀ ਪੂਰਦਾ। ਲੋਕਾਂ ਦੀਆਂ ਸ਼ਿਕਾਇਤਾਂ 'ਤੇ ਭਾਵੇਂ ਕੰਨ ਨਹੀਂ ਸੀ ਧਰਦਾ ਪਰ ਪੁਲਿਸ ਅਫ਼ਸਰਾਂ ਨੂੰ ਅਹਿਮੀਅਤ ਦਿੰਦਾ ਸੀ। ਪੁਲਿਸ ਕਪਤਾਨ ਜਾਂ ਡਿਪਟੀ ਦੀ ਸ਼ਿਕਾਇਤ 'ਤੇ ਕਾਰਵਾਈ ਕਰਨੀ ਹੀ ਹੋਈ। ਜੇ ਕੋਈ ਮੁੱਖ ਅਫ਼ਸਰ ਆਖ ਆਵੇ ਕਿ ਸਰਕਾਰੀ ਵਕੀਲ ਸਹਿਯੋਗ ਨਹੀਂ ਦਿੰਦਾ, ਉਹ ਤਾਂ ਵੀ ਸਰਕਾਰੀ ਵਕੀਲ ਦਾ ਥਾਣਾ ਬਦਲ ਦਿੰਦਾ ਸੀ।

ਪੁਲਿਸ ਅਫ਼ਸਰਾਂ ਨੂੰ ਖ਼ੁਸ਼ ਰੱਖਣ ਵਿਚ ਉਸ ਦਾ ਆਪਣਾ ਸਵਾਰਥ ਸੀ। ਉਸ ਨੂੰ ਮਸਾਂ-ਮਸਾਂ ਇਹ ਜ਼ਿਲ੍ਹਾ ਮਿਲਿਆ ਸੀ। ਕਿਸੇ ਮਾਤਹਿਤ ਖ਼ਾਤਰ ਉਹ ਆਪਣੀ ਕੁਰਸੀ ਨੂੰ ਖ਼ਤਰੇ ਵਿਚ ਕਿਉਂ ਪਾਏ ? ਖ਼ੁਸ਼ ਹੋਏ ਪੁਲਿਸ ਅਫ਼ਸਰਾਂ ਤੋਂ ਉਹ ਵਗਾਰਾਂ ਕਰਾਉਂਦਾ ਸੀ ਅਤੇ ਆਪਣੀ ਲੀਡਰੀ ਚਮਕਾਉਂਦਾ ਸੀ। ਜਣੇ-ਖਣੇ ਨਾਲ ਉਠ ਕੇ ਤੁਰ ਪਊ। ਥਾਣੇ ਜਾ ਵੜੂ। ਹੌਲਦਾਰਾਂ ਨਾਲ ਬੈਠ ਕੇ ਦਾਰੂ ਪੀਣ ਲੱਗ ਜੂ। ਦੋ ਘੜੀ ਸੁਰਿੰਦਰ ਕੁਮਾਰ ਵੀ ਥਾਣੇ ਜਾਣੋਂ ਝਿਜਕਦਾ ਸੀ। ਉਹ ਜ਼ਿਲ੍ਹੇ ਦਾ ਮਾਲਕ ਹੋ ਕੇ ਵੀ ਤੁਰ ਪੈਂਦਾ ਸੀ।

ਜਦੋਂ ਅਫ਼ਸਰਾਂ ਦਾ ਇਹ ਹਾਲ ਹੋਵੇ ਤਾਂ ਸੁਰਿੰਦਰ ਵਰਗੇ ਸਿਆਣੇ ਅਫ਼ਸਰ ਨੂੰ ਸਮੇਂ ਦੀ ਨਜ਼ਾਕਤ ਪਛਾਣਨੀ ਚਾਹੀਦੀ ਸੀ। ਉਸ ਦਾ ਫ਼ਰਜ਼ ਬਣਦਾ ਸੀ, ਉਹ ਆਪਣੇ ਵਿਰੁੱਧ ਉੱਠਣ



ਵਾਲੇ ਤੂਫ਼ਾਨ ਦਾ ਰੁਖ਼ ਸਮੇਂ ਸਿਰ ਹੀ ਬਦਲ ਦੇਵੇ।

ਹੁਣ ਭਲਾ ਇਸੇ ਵਿਚ ਸੀ ਕਿ ਚਲਾਨ ਚੈੱਕ ਕਰ ਕੇ ਨਾਜ਼ਰ ਨੂੰ ਖ਼ੁਸ਼ ਕੀਤਾ ਜਾਵੇ।

ਇਹ ਬੜਾ ਗੁੰਝਲਦਾਰ ਮੁਕੱਦਮਾ ਸੀ। ਸਾਰੇ ਕੇਸ ਵਿਚ ਇਕ ਵੀ ਚਸ਼ਮਦੀਦ ਗਵਾਹ ਨਹੀਂ ਸੀ। ਸਾਰਾ ਕੇਸ ਹਾਲਾਤਾਂ ਦੇ ਆਧਾਰਤ ਗਵਾਹੀ ਤੇ ਖੜਾ ਸੀ। ਕੇਸ ਵਿਚਲੀਆਂ ਘਟਨਾਵਾਂ ਦੀ ਤੰਦ ਨਾਲ ਤੰਦ ਇੰਨੀ ਹੁਸ਼ਿਆਰੀ ਨਾਲ ਜੋੜਨੀ ਪੈਣੀ ਸੀ ਕਿ ਦੋਸ਼ੀਆਂ ਦੇ ਕਾਤਲ ਨਾ ਹੋਣ ਵਿਚ ਸ਼ੱਕ ਦੀ ਰੱਤੀ ਭਰ ਵੀ ਗੁੰਜਾਇਸ਼ ਨਾ ਰਹੇ।

ਮਿਸਲ ਨਾਲ ਗਿਣਤੀ ਦੇ ਕਾਗ਼ਜ਼ ਸਨ। ਇਕ ਐਫ.ਆਈ.ਆਰ. ਸੀ ਜਿਹੜੀ ਚਾਰ ਮਹੀਨੇ ਪਹਿਲਾਂ ਲਿਖੀ ਗਈ ਸੀ। ਉਹ ਵੀ ਬੰਟੀ ਦੇ ਅਗਵਾ ਹੋਣ ਬਾਰੇ ਸੀ। ਫੇਰ ਦੋਸ਼ੀਆਂ ਵੱਲੋਂ ਫਿਰੌਤੀ ਲਈ ਲਿਖੀਆਂ ਚਿੱਠੀਆਂ ਸਨ। ਇਕ ਦੋਸ਼ੀ ਦੀ ਹੱਥ-ਲਿਖਤ ਦੇ ਨਮੂਨੇ ਸਨ। ਅਗਾਂਹ ਹੱਥ-ਲਿਖਤਾਂ ਦੇ ਮਾਹਿਰ ਦੀ ਰਿਪੋਰਟ ਸੀ, ਜਿਸ ਵਿਚ ਉਸ ਨੇ ਚਿੱਠੀਆਂ ਪਾਲੇ ਵੱਲੋਂ ਲਿਖੀਆਂ ਤਸਦੀਕ ਕੀਤੀਆਂ ਸਨ। ਪੋਸਟ ਮਾਰਟਮ ਦੀ ਰਿਪੋਰਟ ਸੀ। ਲਾਸ਼ ਦੀ ਬਰਾਮਦਗੀ ਵਾਲੀ ਥਾਂ ਤੋਂ ਮਿਲੇ ਉਂਗਲਾਂ ਦੇ ਨਿਸ਼ਾਨ ਸਨ। ਇਕ ਹੋਰ ਮਾਹਿਰ ਦੀ ਰਿਪੋਰਟ ਸੀ, ਜਿਸ ਅਨੁਸਾਰ ਇਹ ਨਿਸ਼ਾਨ ਪਾਲੇ ਅਤੇ ਮੀਤੇ ਦੇ ਸਨ। ਮੌਕੇ ਤੋਂ ਮਿਲੀ ਪੈੜ ਦਾ ਮੋਲਡ ਸੀ। ਫੇਰ ਮਾਹਿਰ ਦੀ ਰਿਪੋਰਟ ਸੀ। ਗ੍ਰਿਫ਼ਤਾਰੀ ਸਮੇਂ ਜਿਹੜੀ ਜੁੱਤੀ ਪਾਲੇ ਤੋਂ ਬਰਾਮਦ ਕਰਾਈ ਗਈ ਸੀ, ਇਹ ਉਸੇ ਜੁੱਤੀ ਦੀ ਪੈੜ ਸੀ। ਆਖ਼ਿਰ ਵਿਚ ਦੋਸ਼ੀਆਂ ਵੱਲੋਂ ਮੈਜਿਸਟ੍ਰੇਟ ਸਾਹਮਣੇ ਦਿੱਤਾ ਗਿਆ ਇਕਬਾਲੀਆ ਬਿਆਨ ਸੀ।

ਬੱਚੇ ਨੂੰ ਅਗਵਾ ਕਰਨ ਦੀ ਸਾਜ਼ਿਸ਼ ਕਿਥੇ ਰਚੀ ਗਈ ? ਬੱਚਾ ਕਿਸ ਨੇ, ਕਿਥੋਂ ਚੁੱਕਿਆ, ਕਿਥੇ ਰੱਖਿਆ ? ਚਿੱਠੀਆਂ ਕਿਥੇ ਬੈਠ ਕੇ ਲਿਖੀਆਂ ? ਚਿੱਠੀਆਂ ਕਿਸ ਨੇ ਸੁੱਟੀਆਂ ? ਲੈਟਰ-ਪੈਡ ਕਿਥੋਂ ਆਏ ? ਬਰਤਨ ਕਿਥੋਂ ਖ਼ਰੀਦੇ ? ਬੱਚਾ ਕਿਥੇ ਮਾਰਿਆ ਗਿਆ ? ਲਾਸ਼ ਇਥੇ ਕੌਣ ਸੁੱਟ ਕੇ ਗਿਆ ? ਕਤਲ ਲਈ ਵਰਤੇ ਹਥਿਆਰ ਕਿਥੋਂ ਆਏ ? ਫੇਰ ਕਿਧਰ ਗਏ ? ਹੁਣ ਕਿਥੇ ਹਨ ? ਇਨ੍ਹਾਂ ਜ਼ਰੂਰੀ ਗੱਲਾਂ ਬਾਰੇ ਮਿਸਲ ਖ਼ਾਮੋਸ਼ ਸੀ।

ਇਕ ਵਾਰ ਸੁਰਿੰਦਰ ਦਾ ਦਿਲ ਕੀਤਾ, ਜਿਸ ਤਰ੍ਹਾਂ ਮਿਸਲ ਆਈ ਸੀ, ਉਸੇ ਤਰ੍ਹਾਂ ਅਗਾਂਹ ਧੱਕ ਦੇਵੇ। ਉਸ ਨੂੰ ਭਾਈਚਾਰਕ ਤੌਰ 'ਤੇ ਵੀ ਕਿਸੇ ਨੇ ਦੁਆ-ਸਲਾਮ ਨਹੀਂ ਸੀ ਕੀਤੀ। ਜਦੋਂ ਦੋਸ਼ੀ ਬਰੀ ਹੋ ਗਏ, ਲਾਲਾ ਜੀ ਆਪੇ ਅੱਖਾਂ 'ਚ ਘਸੁੰਨ ਦੇ ਕੇ ਰੋਣਗੇ।

ਇਸ ਤਰ੍ਹਾਂ ਸੋਚਦੇ ਸੁਰਿੰਦਰ ਨੂੰ ਅਜਿਹੇ ਕਈ ਕੇਸ ਚੇਤੇ ਆਏ, ਜਿਥੇ ਉਸ ਨੇ ਇਸੇ ਕਾਰਨ ਮੁਦੱਈ ਧਿਰ ਦਾ ਭੱਠਾ ਬਿਠਾਇਆ ਸੀ।

ਸ਼ਹਿਣੇ ਦੇ ਸਾਧਾਂ ਵਾਲੇ ਕਤਲ ਕੇਸ ਵਿਚ ਮੁਦੱਈ ਦੇ ਵਕੀਲ ਨੇ ਮੁਦੱਈ ਨੂੰ ਪੁੱਠੀ ਪੱਟੀ ਪੜ੍ਹਾ ਦਿੱਤੀ ਸੀ। ਵਕੀਲ ਦਾ ਸੁਰਿੰਦਰ ਕੁਮਾਰ ਨਾਲ ਕਮਿਸ਼ਨ ਦਾ ਰੌਲਾ ਸੀ। ਕਚਹਿਰੀ ਦੀ ਸ਼ਰ੍ਹਾ ਅਨੁਸਾਰ ਸੁਰਿੰਦਰ ਉਸ ਨੂੰ ਤੀਜਾ ਹਿੱਸਾ ਦੇਣ ਨੂੰ ਤਿਆਰ ਸੀ। ਉਹ ਸ਼ਰ੍ਹਾ ਦੇ ਉਲਟ ਅੱਧ ਭਾਲਦਾ ਸੀ। ਇਹ ਅਸਾਮੀ ਸੁਰਿੰਦਰ ਨੇ ਆਪ ਹੀ ਫਸਾਈ ਸੀ। ਉਹ ਪੈਸੇ ਫੜਨ ਦਾ ਅੱਧ ਭਾਲਦਾ ਸੀ। ਖਿਝੇ ਵਕੀਲ ਨੇ ਅਸਾਮੀ ਟਰਕਾ ਦਿੱਤੀ। ਅਖੇ ਇਹ ਛੋਟਾ ਸਰਕਾਰੀ ਵਕੀਲ ਹੈ। ਇਸ ਨੇ ਕੁਝ ਨਹੀਂ ਕਰਨਾ। ਕੰਮ ਸੈਸ਼ਨ ਕੋਰਟ ਦੇ ਸਰਕਾਰੀ ਵਕੀਲ ਨੇ ਕਰਨੈ। ਇਸ ਤੋਂ ਵਾਧੂ 'ਚ ਧੌੜੀ ਕਿਉਂ ਲੁਹਾਈ ਜਾਏ ?

ਅਗਾਂਹ ਸੁਰਿੰਦਰ ਵੀ ਸੱਤਾਂ ਪੱਤਣਾਂ ਦਾ ਤਾਰੂ ਸੀ। ਮੁਲਜ਼ਮਾਂ ਨੂੰ ਬਰੀ ਕਰਾਉਣ ਦਾ ਨੁਕਤਾ

ਉਹ ਪਹਿਲਾਂ ਹੀ ਲੱਭੀ ਬੈਠਾ ਸੀ।

ਰਪਟ ਵਿਚ ਦਰਜ ਸੀ ਕਿ ਮਰਨ ਵਾਲੇ ਨੂੰ ਮੋਟੀ ਸੱਬਲ ਨਾਲ ਕੁੱਟ-ਕੁੱਟ ਕੇ ਮਾਰਿਆ ਗਿਐ। ਚਸ਼ਮਦੀਦ ਗਵਾਹ ਵੀ ਇਸੇ ਤੱਥ ਦੀ ਤਾਈਦ ਕਰਦੇ ਸਨ।

ਪੋਸਟ-ਮਾਰਟਮ ਦੀ ਰਿਪੋਰਟ ਕਹਾਣੀ ਨੂੰ ਉਲਟਾ ਰਹੀ ਸੀ। ਰਿਪੋਰਟ ਆਖਦੀ ਸੀ ਕਿ ਮੌਤ ਗਲਾ ਘੁੱਟਣ ਨਾਲ ਹੋਈ ਸੀ। ਮਰਨ ਵਾਲੇ ਦੇ ਸੱਟਾਂ ਲੱਗੀਆਂ ਜ਼ਰੂਰ ਸਨ ਪਰ ਉਹ ਮਾਮੂਲੀ ਸਨ।

ਦੋਸ਼ੀਆਂ ਨੂੰ ਸਜ਼ਾ ਤਾਂ ਹੁੰਦੀ ਜੇ ਚਸ਼ਮਦੀਦ ਗਵਾਹਾਂ ਦੀ ਗਵਾਹੀ ਅਤੇ ਡਾਕਟਰ ਦੀ ਰਿਪੋਰਟ ਵਿਚ ਇਕ-ਸੁਰਤਾ ਹੁੰਦੀ।

ਇਸੇ ਨੁਕਸ ਨੂੰ ਤਾੜ ਕੇ ਸੁਰਿੰਦਰ ਨੇ ਮੁਦੱਈਆਂ ਨੂੰ ਬੁਲਾਇਆ ਸੀ। ਦੋ ਹਫ਼ਤੇ ਮਿਸਲ ਦੱਬੀ ਰੱਖੀ ਸੀ। ਜੇ ਮੁਦੱਈ ਗੱਲ ਕਰਦੇ ਤਾਂ ਉਹ ਡਾਕਟਰ ਤੋਂ ਰਿਪੋਰਟ ਬਦਲਵਾ ਦਿੰਦਾ। ਵਕੀਲ ਦੇ ਹੱਥ 'ਤੇ ਚੜ੍ਹ ਕੇ ਮੁਦੱਈ ਜਦੋਂ ਦੜ ਵੱਟ ਗਏ ਤਾਂ ਸੁਰਿੰਦਰ ਵੀ ਸੌਂ ਗਿਆ।

ਭਾਵੇਂ ਦੋਸ਼ੀਆਂ ਕੋਲੋਂ ਵੀ ਉਸ ਨੂੰ ਕੁਝ ਨਹੀਂ ਸੀ ਮਿਲਿਆ, ਪਰ ਮੁਦੱਈਆਂ ਨੂੰ ਝੋਟੀਆਂ ਚੁੰਘਾ ਕੇ ਉਸ ਨੂੰ ਬੋਤਲ ਵਰਗਾ ਨਸ਼ਾ ਚੜ੍ਹਿਆ ਸੀ।

ਕੋਈ ਸਾਧਾਰਨ ਕੇਸ ਹੁੰਦਾ ਤਾਂ ਸੁਰਿੰਦਰ ਇਸੇ ਤਰ੍ਹਾਂ ਕਰਦਾ ਪਰ ਇਹ ਅਹਿਮ ਕੇਸ ਸੀ। ਮਿਸਲ ਕਈ ਵਾਰ ਮੁੱਖ ਮੰਤਰੀ ਦੇ ਦਫ਼ਤਰ ਦੇ ਚੱਕਰ ਕੱਟ ਆਈ ਸੀ। ਪਤਾ ਨਹੀਂ ਕਿੰਨੇ ਵਾਰ ਹੋਰ ਜਾਣੀ ਸੀ। ਸੁਰਿੰਦਰ ਦੀ ਕੋਈ ਵੀ ਅਣਗਹਿਲੀ ਖ਼ਤਰਨਾਕ ਸਿੱਧ ਹੋ ਸਕਦੀ ਸੀ। ਸੁਰਿੰਦਰ ਸਾਹਮਣੇ ਖੜ੍ਹੀ ਬਿੱਲੀ ਨੂੰ ਦੇਖ ਕਬੂਤਰ ਵਾਂਗ ਅੱਖਾਂ ਮੀਚ ਕੇ ਖ਼ਤਰੇ ਨੂੰ ਟਾਲ ਦੇਣ ਦਾ ਭਰਮ ਨਹੀਂ ਸੀ ਪਾਲ ਸਕਦਾ।

ਮਨ ਇਕਾਗਰ ਕਰ ਕੇ ਸੁਰਿੰਦਰ ਨੇ ਮਿਸਲ ਦਾ ਅੱਖਰ-ਅੱਖਰ ਪੜ੍ਹਿਆ। ਬਿਆਨਾਂ ਨਾਲ ਬਿਆਨ ਮਿਲਾਏ। ਫੇਰ ਬਿਆਨਾਂ ਨਾਲ ਮਾਹਿਰਾਂ ਦੀਆਂ ਰਿਪੋਰਟਾਂ ਮਿਲਾਈਆਂ। ਉਂਗਲਾਂ ਦੇ ਨਿਸ਼ਾਨਾਂ, ਹੱਥ-ਲਿਖਤਾਂ ਅਤੇ ਮਾਹਿਰਾਂ ਦੀਆਂ ਰਾਵਾਂ ਦਾ ਮਿਲਾਨ ਕੀਤਾ।

ਇਥੋਂ ਤਕ ਸਭ ਠੀਕ ਸੀ। ਪਰ ਜੇ ਘਟਨਾ ਦੀ ਕੜੀ ਨਾਲ ਕੜੀ ਨਾ ਜੋੜੀ ਗਈ ਤਾਂ ਇਹਨਾਂ ਸਬੂਤਾਂ ਦੇ ਆਧਾਰ 'ਤੇ ਦੋਸ਼ੀਆਂ 'ਤੇ ਚਾਰਜ ਤਕ ਨਹੀਂ ਸੀ ਲੱਗਣਾ।

ਕਲਪਨਾ ਸ਼ਕਤੀ ਨੂੰ ਤੇਜ਼ ਕਰਨ ਲਈ ਸੁਰਿੰਦਰ ਨੇ ਸਿਗਰਟ ਸੁਲਘਾਈ। ਨਾਲੇ ਉਹ ਲੰਬੇ-ਲੰਬੇ ਕਸ਼ ਮਾਰਦਾ ਰਿਹਾ, ਨਾਲੇ ਉਲਝੀ ਤਾਣੀ ਦੀਆਂ ਤੰਦਾਂ ਸੁਲਝਾਉਂਦਾ ਰਿਹਾ।

"ਨਾਜ਼ਰ ਸਿੰਆਂ, ਮੈਨੂੰ ਤਾਂ ਕੇਸ 'ਚ ਕੱਖ ਨਜ਼ਰ ਨੀ ਆਉਂਦਾ। ਸੱਚ-ਸੱਚ ਦੱਸ, ਕੇਸ ਨੂੰ ਸਿਰੇ ਚੜ੍ਹਾਉਣੈ ਜਾਂ ਨਹੀਂ ?"

"ਕੀ ਆਖਦੇ ਹੋ ਜਨਾਬ ? ਹਰ ਤਫ਼ਤੀਸ਼ੀ ਚਾਹੁੰਦੈ ਉਸ ਦਾ ਕੇਸ ਕਾਮਯਾਬ ਹੋਵੇ। ਇਸ ਕੇਸ 'ਚ ਤਾਂ ਤਰੱਕੀ ਮਿਲਣ ਦੇ ਚਾਂਸ ਨੇ।"

"ਫੇਰ ਸੁਣ ! ਸਬੂਤ ਘੜਨ ਲਈ ਝੂਠੇ-ਸੱਚੇ ਗਵਾਹਾਂ ਦੀ ਕਤਾਰ ਖੜ੍ਹੀ ਕਰ, ਫੇਰ ਕੰਮ ਬਣੂ।"

"ਜਿਵੇਂ ਆਖੋਗੇ, ਕਰ ਲਵਾਂਗਾ ਜਨਾਬ।"

"ਚੰਗਾ ਨਾ ਹੁੰਦਾ ਜੇ ਇਕ ਦੋਸ਼ੀ ਦੀ ਗ੍ਰਿਫ਼ਤਾਰੀ ਹੋਰ ਪਾ ਲਈ ਜਾਂਦੀ। ਸੀ.ਬੀ.ਆਈ. ਵਾਲੇ ਇਸੇ ਤਰ੍ਹਾਂ ਕਰਦੇ ਹਨ। ਜਦੋਂ ਕੇਸ ਮਾੜਾ ਹੋਵੇ ਤਾਂ ਆਪਣਾ ਕੋਈ ਖ਼ਾਸ ਬੰਦਾ ਪਹਿਲਾਂ ਦੋਸ਼ੀ ਬਣਾ ਲੈਂਦੇ ਹਨ, ਫੇਰ ਵਾਅਦਾ-ਮੁਆਫ਼ ਗਵਾਹ। ਉਸੇ ਗਵਾਹ ਦੇ ਸਿਰ 'ਤੇ ਬਾਕੀ ਦੋਸ਼ੀ



ਸਜ਼ਾ ਖਾ ਜਾਂਦੇ ਹਨ।"

"ਉਸ ਸਮੇਂ ਕੀ ਪਤਾ ਸੀ ਜਨਾਬ। ਉਈਂ ਰਾਈ ਦਾ ਪਹਾੜ ਬਣ ਗਿਆ। ਅਸੀਂ ਸੋਚਿਆ ਸੀ, ਦੋਸ਼ੀਆਂ ਦੀ ਗ੍ਰਿਫ਼ਤਾਰੀ ਨਾਲ ਲੋਕਾਂ ਦਾ ਰੋਹ ਠੰਢਾ ਪੈ ਜਾਊ। ਫੇਰ ਦੋਸ਼ੀ ਸਜ਼ਾ ਹੋਣ ਜਾਂ ਬਰੀ, ਸਾਨੂੰ ਕੀ ?

"ਹੂੰ.....।" ਆਖਦਾ ਸੁਰਿੰਦਰ ਕਹਾਣੀ ਘੜਨ ਵਿਚ ਮਗਨ ਰਿਹਾ।

"ਜੋ ਹੋਣਾ ਸੀ, ਹੋ ਗਿਆ। ਹੁਣ ਇਸੇ ਤਰ੍ਹਾਂ ਬੇੜੀ ਬੰਨੇ ਲਾਓ।"

ਕੁਝ ਦੇਰ ਉਡੀਕ ਕੇ ਨਾਜ਼ਰ ਨੇ ਚੁੱਪ ਬੈਠੇ ਸੁਰਿੰਦਰ ਦਾ ਮੁੜ ਧਿਆਨ ਖਿੱਚਿਆ।

"ਉਹੋ ਸੋਚ ਰਿਹਾਂ.....। ਇੰਝ ਕਰੀਏ, ਕਹਾਣੀ ਸਾਜ਼ਿਸ਼ ਤੋਂ ਸ਼ੁਰੂ ਕਰੀਏ। ਚਾਹ-ਦੁੱਧ ਦੀ ਦੁਕਾਨ ਵਾਲਾ ਕੋਈ ਅਜਿਹਾ ਗਵਾਹ ਖੜ੍ਹਾ ਕਰ, ਜਿਹੜਾ ਆਖੇ ਕਿ ਪਾਲੇ ਅਤੇ ਮੀਤੇ ਨੇ ਉਸ ਦੀ ਦੁਕਾਨ ਵਿਚ ਬੈਠ ਕੇ ਸਾਜ਼ਿਸ਼ ਘੜੀ ਸੀ। ਇਸ ਕੇਸ ਵਿਚ ਸਾਜ਼ਿਸ਼ ਸਾਬਤ ਕਰਨੀ ਬਹੁਤ ਜ਼ਰੂਰੀ ਹੈ।"

"ਫੇਰ ਲੱਭ ਕੋਈ ਰੇਹੜੀ ਵਾਲਾ। ਉਸ ਨੂੰ ਬੰਟੀ ਦੇ ਸਕੂਲ ਅੱਗੇ ਰਿਓੜੀ ਗੱਚਕ ਦੀ ਰੇਹੜੀ ਲਾਉਂਦਾ ਦਿਖਾ। ਉਹ ਬੰਟੀ ਅਤੇ ਦੋਸ਼ੀਆਂ ਦਾ ਜਾਣੂ ਹੋਵੇ। ਉਹ ਆਖੇ—ਪਹਿਲਾਂ ਬੰਟੀ ਦਾ ਦਾਦਾ ਉਸ ਨੂੰ ਸਕੂਲ ਛੱਡ ਕੇ ਜਾਂਦਾ ਸੀ ਅਤੇ ਲੈ ਕੇ ਵੀ ਆਉਂਦਾ ਸੀ। ਘਟਨਾ ਵਾਲੇ ਦਿਨ ਦਾਦੇ ਦੀ ਥਾਂ ਪਾਲਾ ਅਤੇ ਮੀਤਾ ਉਸ ਨੂੰ ਲੈਣ ਆਏ ਸਨ। ਅੱਧੀ ਛੁੱਟੀ ਵੇਲੇ ਉਨ੍ਹਾਂ ਖ਼ੁਦ ਵੀ ਗੱਚਕ ਖਾਧੀ ਅਤੇ ਬੰਟੀ ਨੂੰ ਵੀ ਖਵਾਈ। ਪਿੱਛੋਂ ਤਿੰਨੇ ਇਕ ਰਿਕਸ਼ੇ 'ਤੇ ਬੈਠ ਕੇ ਚਲੇ ਗਏ।"

"ਫੇਰ ਲੋੜ ਪਏਗੀ ਕਿਸੇ ਰਿਕਸ਼ੇ ਵਾਲੇ ਦੀ। ਉਹ ਆਖੇਗਾ, ਉਹ ਦਸਾਂ ਸਾਲਾਂ ਤੋਂ ਰਿਕਸ਼ਾ ਚਲਾਉਂਦਾ ਹੈ। ਅਗਵਾ ਵਾਲੇ ਦਿਨ ਪਾਲੇ ਅਤੇ ਮੀਤੇ ਨੇ ਉਸ ਦਾ ਰਿਕਸ਼ਾ ਲਿਆ ਸੀ। ਉਨ੍ਹਾਂ ਨਾਲ ਬੰਟੀ ਵੀ ਸੀ। ਉਹ ਤਿੰਨਾਂ ਨੂੰ ਧਾਨਕਿਆਂ ਦੀ ਬਸਤੀ ਉਤਾਰ ਆਇਆ ਸੀ। ਇਸ ਤਰ੍ਹਾਂ ਅਗਵਾ ਕਰਨ ਦਾ ਦੋਸ਼ ਸਾਬਤ ਹੋਏਗਾ। ਸਮਝਿਆ ?"

"ਜੀ ਜਨਾਬ!" ਮੂੰਹ ''ਚ ਉਂਗਲ ਪਾਈ ਬੈਠੇ ਨਾਜ਼ਰ ਨੇ ਹੁੰਗਾਰਾ ਭਰਿਆ।

"ਅਗਾਂਹ ਕੋਈ ਅਜਿਹੀ ਬੁੱਢੀ ਫੜੋ ਜਿਹੜੀ ਇਕੱਲੀ ਰਹਿੰਦੀ ਹੋਵੇ, ਜਿਸ ਦਾ ਨਾ ਅੱਗਾ ਹੋਵੇ ਨਾ ਪਿੱਛਾ। ਉਹ ਆਖੇਗੀ ਦੋਸ਼ੀ, ਬੱਚੇ ਨੂੰ ਅਗਵਾ ਕਰ ਕੇ ਪਹਿਲਾਂ ਉਸ ਦੇ ਘਰ ਲੈ ਆਏ। ਚਾਕੂ ਦਿਖਾ ਕੇ ਉਨ੍ਹਾਂ ਬੁੱਢੀ ਨੂੰ ਡਰਾਇਆ-ਧਮਕਾਇਆ। ਰੌਲਾ ਪਾਉਣ ਤੋਂ ਵਰਜਿਆ। ਸਬਰ ਦਾ ਘੁੱਟ ਭਰੀ ਉਹ ਸਭ ਕੁਝ ਸਹਿੰਦੀ ਰਹੀ। ਬੰਟੀ ਨੂੰ ਕੁਝ ਦਿਨ ਉਸ ਦੇ ਘਰ ਰੱਖਿਆ ਦਿਖਾਓ। ਇਹ ਵੀ ਲਿਖੋ ਕਿ ਬੱਚੇ ਲਈ ਖਾਣ-ਪੀਣ ਵਾਲੀਆਂ ਚੀਜ਼ਾਂ ਉਹ ਨਾਲ ਦੀ ਦੁਕਾਨ ਤੋਂ ਲਿਆਉਂਦੀ ਰਹੀ।

"ਬੁੱਢੀ ਵੱਲੋਂ ਟਾਫ਼ੀਆਂ, ਬਿਸਕੁਟ ਖ਼ਰੀਦਣ ਦੀ ਤਸਦੀਕ ਕਿਸੇ ਅਜਿਹੇ ਦੁਕਾਨਦਾਰ ਤੋਂ ਕਰਾਓ, ਜਿਹੜਾ ਉਸੇ ਬਸਤੀ ਵਿਚ ਦੁਕਾਨ ਕਰਦਾ ਹੋਵੇ।"

"ਕਤਲ ਵਾਲੀ ਰਾਤ ਉਹ ਬੁੱਢੀ ਨੂੰ ਬਿਨਾਂ ਕੁਝ ਦੱਸੇ ਬੱਚਾ ਉਥੋਂ ਲੈ ਗਏ। ਬੁੱਢੀ ਪੁਲਿਸ ਨੂੰ ਇਤਲਾਹ ਦੇਣਾ ਚਾਹੁੰਦੀ ਸੀ ਪਰ ਡਰ ਕਾਰਨ ਚੁੱਪ ਰਹੀ। ਦੋਸ਼ੀਆਂ ਦੇ ਫੜੇ ਜਾਣ 'ਤੇ ਤੁਰੰਤ ਉਸ ਨੇ ਬਿਆਨ ਕਲਮਬੰਦ ਕਰਵਾ ਦਿੱਤਾ। ਇਸ ਤਰ੍ਹਾਂ ਕਰਨ ਲਾਲ ਬਿਆਨ ਲਿਖਣ ਵਿਚ ਹੋਈ ਦੇਰੀ ਕਵਰ ਹੋ ਜਾਏਗੀ।"

"ਬੁੱਢੀ ਅਤੇ ਦੁਕਾਨਦਾਰ ਦੇ ਬਿਆਨ ਬੱਚੇ ਦੀ ਗ਼ੈਰ-ਕਾਨੂੰਨੀ ਹਿਰਾਸਤ ਸਾਬਤ

ਕਰਨਗੇ। ਠੀਕ ਹੈ ?"

"ਬਿਲਕੁਲ ਠੀਕ !" ਨਾਜ਼ਰ ਨੇ ਇਉਂ ਹੁੰਗਾਰਾ ਭਰਿਆ, ਜਿਵੇਂ ਨਾਨੀ ਤੋਂ ਕਹਾਣੀ ਸੁਣਦਾ ਕੋਈ ਬੱਚਾ ਹੁੰਗਾਰਾ ਭਰਦਾ ਹੈ।

"ਇਕ ਸੱਬਲ ਵੀ ਬਰਾਮਦ ਕਰਾਓ। ਸੱਬਲ 'ਤੇ ਖ਼ੂਨ ਦੇ ਧੱਬੇ ਹੋਣ। ਬੁੱਢੀ ਤੋਂ ਸੱਬਲ ਦੀ ਸ਼ਨਾਖ਼ਤ ਕਰਾਓ। ਇਸ ਦਾ ਭਲਾ ਕੀ ਫ਼ਾਇਦਾ ਹੋਏਗਾ ?"

"ਕਤਲ ਹੋਣਾ ਸਾਬਤ ਹੋਏਗਾ।"

"ਸ਼ਾਬਾਸ਼।"

"ਹਸਪਤਾਲ ਦੇ ਚੌਕੀਦਾਰ ਅਤੇ ਮੁਹੱਲੇ ਦੇ ਪਹਿਰੇਦਾਰ ਨੂੰ ਥਾਪੀ ਦਿਓ। ਪਹਿਰੇਦਾਰ ਆਖੇਗਾ—ਉਸ ਨੇ ਲਾਸ਼ ਦੀ ਬਰਾਮਦਗੀ ਵਾਲੀ ਰਾਤ ਦੋਸ਼ੀਆਂ ਨੂੰ ਸ਼ੱਕੀ ਹਾਲਤ ਵਿਚ ਹਸਪਤਾਲ ਵੱਲ ਜਾਂਦੇ ਦੇਖਿਆ ਸੀ। ਉਨ੍ਹਾਂ ਵਿਚੋਂ ਇਕ ਕੋਲ ਬੋਰੀ ਸੀ। ਬੋਰੀ ਵਿਚ ਕੋਈ ਚੀਜ਼ ਸੀ। ਪਹਿਰੇਦਾਰ ਨੇ ਉਨ੍ਹਾਂ ਨੂੰ ਰੋਕਿਆ ਜ਼ਰੂਰ ਪਰ ਬੋਰੀ ਦੀ ਤਲਾਸ਼ੀ ਨਹੀਂ ਸੀ ਲਈ। ਬੋਰੀ ਸਣੇ ਉਹ ਹਸਪਤਾਲ ਵੱਲ ਚਲੇ ਗਏ।"

"ਚੌਕੀਦਾਰ ਉਨ੍ਹਾਂ ਨੂੰ ਹਸਪਤਾਲੋਂ ਬਾਹਰ ਨਿਕਲਦੇ ਖ਼ਾਲੀ ਹੱਥ ਦਿਖਾਏਗਾ। ਉਸ ਦੀ ਦੋਸ਼ੀਆਂ ਨਾਲ ਹੱਥੋਪਾਈ ਹੋਈ। ਹੱਥੋਪਾਈ 'ਚ ਇਕ ਦਾ ਬਟੂਆ ਗਿਰ ਗਿਆ। ਬਟੂਏ ਵਿਚ ਪਾਲੇ ਦੀ ਫ਼ੋਟੋ ਸੀ। ਦੂਜੇ ਦੀ ਪੱਗ ਡਿੱਗ ਪਈ। ਪੱਗ 'ਤੇ ਲਲਾਰੀ ਦੀ ਨਿਸ਼ਾਨੀ ਸੀ। ਕਿਸੇ ਲਲਾਰੀ ਦਾ ਬਿਆਨ ਲਿਖੋ ਕਿ ਪੱਗ ਮੀਤੇ ਦੀ ਸੀ।"

"ਇਸ ਤਰ੍ਹਾਂ ਪਾਲੇ ਅਤੇ ਮੀਤੇ ਦੀ ਸ਼ਨਾਖ਼ਤ ਵੀ ਹੋ ਜਾਏਗੀ ਅਤੇ ਉਨ੍ਹਾਂ ਵੱਲੋਂ ਲਾਸ਼ ਦਾ ਹਸਪਤਾਲ ਵਿਚ ਸੁੱਟੇ ਜਾਣਾ ਵੀ ਸਾਬਤ ਹੋ ਜਾਏਗਾ।" ਉਤੇਜਿਤ ਹੋਏ ਥਾਣੇਦਾਰ ਨੇ ਸਰਕਾਰੀ ਵਕੀਲ ਦੇ ਪੁੱਛਣ ਤੋਂ ਪਹਿਲਾਂ ਹੀ ਬਿਆਨਾਂ ਦਾ ਮਕਸਦ ਦੱਸ ਦਿੱਤਾ।

"ਬਰਾਮਦਗੀ ਸਮੇਂ ਲਾਸ਼ ਨੰਗੀ ਸੀ। ਇਸ ਨੁਕਤੇ ਦਾ ਫ਼ਾਇਦਾ ਉਠਾਓ। ਲਾਲਾ ਜੀ ਕੋਲੋਂ ਬੰਟੀ ਦੀ ਇਕ ਵਰਦੀ ਹਾਸਲ ਕਰੋ। ਉਸ 'ਤੇ ਖ਼ੂਨ ਦੇ ਧੱਬੇ ਲਾਓ। ਫੇਰ ਵਰਦੀ ਨੂੰ ਕਿਸੇ ਦੋਸ਼ੀ ਦੀ ਨਿਸ਼ਾਨਦੇਹੀ 'ਤੇ ਬਰਾਮਦ ਕਰੋ।"

"ਜੇ ਲਾਲਾ ਜੀ ਸਹਿਮਤ ਹੋਣ ਤਾਂ ਉਨ੍ਹਾਂ ਦੀ ਮਦਦ ਨਾਲ ਕਿਸੇ ਪ੍ਰਿੰਟਿੰਗ ਪ੍ਰੈਸ ਵਾਲੇ ਦਾ ਬਿਆਨ ਲਿਖੋ। ਉਹ ਸਾਬਤ ਕਰੇ ਕਿ ਦੋਸ਼ੀਆਂ ਨੇ ਡਰਾ-ਧਮਕਾ ਕੇ ਉਸ ਤੋਂ ਲੈਟਰ-ਪੈਡ ਛਪਵਾਇਆ ਸੀ।"

"ਕਿਸੇ ਭਾਂਡਿਆਂ ਵਾਲੇ ਰਾਹੀਂ ਦੋਸ਼ੀਆਂ ਨੂੰ ਟੋਪੀਏ ਦੀ ਸੇਲ ਹੋਈ ਦਿਖਾਓ।"

"ਇੰਨਾ ਕੁਝ ਕਰੋਗੇ ਤਾਂ ਕੇਸ ਸਿਰੇ ਚੜ੍ਹੇਗਾ।'

ਸੁਰਿੰਦਰ ਦੀ ਤਜਵੀਜ਼ ਤਾਂ ਠੀਕ ਸੀ ਪਰ ਇਸ ਨੂੰ ਸਿਰੇ ਚਾੜ੍ਹਨਾ ਇੰਨਾ ਆਸਾਨ ਨਹੀਂ ਸੀ।

ਨਾਜ਼ਰ ਸਾਹਮਣੇ ਪਹਿਲੀ ਦਿੱਕਤ ਇਹ ਸੀ ਕਿ ਝੂਠੇ ਗਵਾਹਾਂ ਦੀ ਲਿਸਟ ਬਹੁਤ ਲੰਬੀ ਸੀ। ਕਿਸੇ ਜੱਟ ਦਾ ਕੇਸ ਹੁੰਦਾ ਤਾਂ ਉਸ ਨੇ ਸਾਰੇ ਰਿਸ਼ਤੇਦਾਰਾਂ ਨੂੰ ਬਤੌਰ ਗਵਾਹ ਪੇਸ਼ ਕਰ ਦੇਣਾ ਸੀ। ਲਾਲਾ ਜੀ ਤੋਂ ਇਹ ਆਸ ਨਹੀਂ ਸੀ ਰੱਖੀ ਜਾ ਸਕਦੀ।

ਇਸ ਵਿਸ਼ੇ 'ਤੇ ਲਾਲਾ ਜੀ ਨਾਲ ਗੱਲ ਕਰਨ ਵਿਚ ਨਾਜ਼ਰ ਨੂੰ ਘਾਟਾ ਰਹਿਣਾ ਸੀ। ਜੇ ਲਾਲਾ ਜੀ ਨੂੰ ਪਤਾ ਲੱਗ ਗਿਆ ਕਿ ਪੁਲਿਸ ਮਨਘੜਤ ਕਹਾਣੀ ਘੜ ਰਹੀ ਹੈ ਤਾਂ ਉਹ ਸੱਚਾ ਬਿਆਨ ਦੇਣੋਂ ਵੀ ਮੁੱਕਰ ਸਕਦਾ ਸੀ।

ਰੇਹੜੀ, ਰਿਕਸ਼ੇ ਵਾਲਿਆਂ ਪਿੱਛੇ ਕੌਣ ਫਿਰੇਗਾ ? ਥਾਣੇ ਵਿਚ ਪੱਕੇ ਗਵਾਹਾਂ ਦੀ ਲੰਬੀ-ਚੌੜੀ



ਲਿਸਟ ਮੌਜੂਦ ਸੀ। ਗਵਾਹ ਵੀ ਇਕ-ਦੂਜੇ ਤੋਂ ਚੜ੍ਹਦਾ, ਚਸ਼ਮਦੀਦ ਗਵਾਹਾਂ ਨਾਲੋਂ ਵਧੀਆ ਗਵਾਹੀ ਦੇਣ ਵਾਲਾ। ਨਾਜ਼ਰ ਨੇ ਮਨ ਬਣਾ ਲਿਆ, ਉਨ੍ਹਾਂ ਵਿਚੋਂ ਹੀ ਉਹ ਕਿਸੇ ਨੂੰ ਰੇਹੜੀ ਵਾਲਾ ਅਤੇ ਕਿਸੇ ਨੂੰ ਰਿਕਸ਼ੇ ਵਾਲਾ ਬਣਾਏਗਾ। ਮਾਲੀ, ਪਹਿਰੇਦਾਰ ਜਾਂ ਚੌਕੀਦਾਰ ਤੋਂ ਪੁੱਛਣ ਦੀ ਜ਼ਰੂਰਤ ਨਹੀਂ ਸੀ। ਉਨ੍ਹਾਂ ਦੇ ਆਪੇ ਮਰਜ਼ੀ ਦੇ ਬਿਆਨ ਲਿਖ ਦੇਵੇਗਾ। ਜਦੋਂ ਉਹ ਗਵਾਹੀ ਦੇਣ ਆਏ, ਘੁਰਕੀ ਮਾਰ ਕੇ ਮਨਾ ਲਏਗਾ।

ਸੁਰਿੰਦਰ ਦੀਆਂ ਗੱਲਾਂ ਨੇ ਨਾਜ਼ਰ ਦਾ ਮਨ ਮੋਹ ਲਿਆ। ਉਹ ਐਵੇਂ ਸੁਰਿੰਦਰ ਨਾਲ ਨਰਾਜ਼ ਹੋਇਆ ਫਿਰਦਾ ਸੀ। ਇਹ ਬੰਦਾ ਕੰਮ ਦਾ ਵੀ ਸੀ ਅਤੇ ਦਿਮਾਗ਼ੀ ਵੀ।

ਖ਼ੁਸ਼ੀ ਦੀ ਲੋਰ 'ਚ ਆਏ ਤਫ਼ਤੀਸ਼ੀ ਨੇ ਕਾਗ਼ਜ਼ ਸਮੇਟ ਕੇ ਬੈਗ ਵਿਚ ਪਾਏ। ਬਟੂਏ ਵਿਚੋਂ ਸੌ ਦਾ ਇਕ ਹੋਰ ਨੋਟ ਕੱਢਿਆ, ਪਹਿਲੇ ਨਾਲ ਰਲਾਇਆ। ਫੇਰ ਦੋਵੇਂ ਨੋਟ ਸੁਰਿੰਦਰ ਕੁਮਾਰ ਵੱਲ ਵਧਾ ਦਿੱਤੇ।

"ਕੋਈ ਨੀ ਰਹਿਣ ਦੇ.....ਇਹੋ ਰਾਇ ਮੈਂ ਕਿਸੇ ਪ੍ਰਾਈਵੇਟ ਪਾਰਟੀ ਨੂੰ ਦਿੱਤੀ ਹੁੰਦੀ ਤਾਂ ਪੰਜ ਹਜ਼ਾਰ ਲਿਆ ਹੁੰਦਾ। ਸਰਕਾਰ ਦੇਖ ਲੈ ਮੁਫ਼ਤ 'ਚ ਦਿਮਾਗ਼ ਖਾਈ ਜਾਂਦੀ ਐ", ਆਖਦੇ ਸੁਰਿੰਦਰ ਨੇ ਨੋਟਾਂ ਨੂੰ ਨਾਜ਼ਰ ਵੱਲ ਖਿਸਕਾਉਣ ਦਾ ਨਾਟਕ ਕੀਤਾ ।

"ਤੁਸੀਂ ਹੁਣ ਸ਼ਰਮਿੰਦਾ ਨਾ ਕਰੋ। ਮੈਂ ਬਹੁਤ ਖ਼ਰਚੀ ਬੈਠਾਂ। ਹਾਲੇ ਉਪਰ ਵੀ ਖ਼ਰਚ ਹੋਣੈ।" ਨਾਜ਼ਰ ਸਿੰਘ ਸੁਰਿੰਦਰ ਵੱਲ ਇਉਂ ਝੁਕਿਆ ਜਿਵੇਂ ਗੋਡੀਂ ਹੱਥ ਲਾਉਣੇ ਹੋਣ।

"ਚੰਗਾ ਇਉਂ ਕਰ। ਕਿਸੇ ਕੰਟੀਨ ਵਾਲੇ ਦਾ ਬਿੱਲ ਦਿਵਾ ਦੇ। ਥੋੜੇ ਅੱਗੇ-ਪਿੱਛੇ ਬਥੇਰੇ ਫਿਰਦੇ ਨੇ ਖ਼ਰਚ ਕਰਨ ਵਾਲੇ।

ਜਦੋਂ ਨਾਜ਼ਰ ਨੇ ਸੁਰਿੰਦਰ ਦੀ ਜੇਬ ਵਿਚ ਨੋਟ ਪਾ ਦਿੱਤੇ ਤਾਂ ਉਸ ਨੇ ਗਰਮ ਹੋਏ ਤਵੇ 'ਤੇ ਇਕ ਹੋਰ ਰੋਟੀ ਸੇਕਣੀ ਸ਼ੁਰੂ ਕੀਤੀ।

"ਆਹ ਲਓ ! ਤੁਸੀਂ ਆਪੇ ਹੀ ਦੇ ਦਿਉ।" ਆਖਦੇ ਨਾਜ਼ਰ ਨੇ ਪੰਜਾਹ ਦਾ ਇਕ ਹੋਰ ਨੋਟ ਉਸ ਵੱਲ ਵਧਾਇਆ।

ਹੁਣ ਦੋਵੇਂ ਖ਼ੁਸ਼ ਸਨ।

ਨਾਜ਼ਰ ਇਸ ਲਈ ਕਿ ਉਸ ਦਾ ਪੰਜਾਹ ਵਿਚ ਹੀ ਖਹਿੜਾ ਛੁੱਟ ਗਿਆ। ਬਿੱਲ ਪਤਾ ਨਹੀਂ ਤਿੰਨ ਸੌ ਦਾ ਸੀ ਜਾਂ ਪੰਜ ਸੌ ਦਾ।

ਸੁਰਿੰਦਰ ਇਸ ਲਈ ਕਿ ਇਕ ਤਾਂ ਨਾਜ਼ਰ ਖ਼ੁਸ਼ ਹੋ ਗਿਆ। ਹੁਣ ਸ਼ਿਕਾਇਤ ਦੀ ਸੰਭਾਵਨਾ ਨਹੀਂ ਸੀ ਰਹੀ, ਦੂਜਾ ਇਸ ਲਈ ਕਿ ਜਾਂਦੇ ਚੋਰ ਦੀ ਲੰਗੋਟੀ ਵਾਂਗ ਉਸ ਨੇ ਬਿੱਲ ਦੇ ਬਹਾਨੇ ਪੰਜਾਹ ਦਾ ਇਕ ਹੋਰ ਨੋਟ ਮਾਂਜ ਲਿਆ ਸੀ।

# 3

ਅਹਿਲਕਾਰਾਂ ਦੇ ਦਫ਼ਤਰ ਪੁੱਜਣ ਦਾ ਸਮਾਂ ਸਾਢੇ ਨੌਂ ਵਜੇ ਦਾ ਸੀ । ਆਮ ਦਫ਼ਤਰਾਂ ਤੋਂ ਉਲਟ ਇਥੋਂ ਦੇ ਮੁਲਾਜ਼ਮ ਨੌਂ ਵਜੇ ਤੋਂ ਪਹਿਲਾਂ ਹੀ ਕੁਰਸੀਆਂ ਮੱਲ ਲੈਂਦੇ ਸਨ। 'ਜਿੰਨਾ ਕੋਈ ਪਹਿਲਾਂ ਆਏਗਾ, ਓਨੀ ਵੱਧ ਕਦਰ ਕਰਵਾਏਗਾ।' ਇਥੋਂ ਦੇ ਮੁਲਾਜ਼ਮਾਂ ਦੀ ਇਹੋ ਧਾਰਨਾ ਸੀ।

ਮੇਜਰ ਸਿੰਘ ਅਹਿਲਮੱਦ ਨੌਂ ਵਜੇ ਪੁੱਜਣ ਵਾਲੇ ਅਹਿਲਕਾਰਾਂ ਵਿਚੋਂ ਮੋਹਰੀ ਹੁੰਦੀ ਸੀ।

ਅੱਜ ਨਾਜ਼ਰ ਸਿੰਘ ਉਸ ਤੋਂ ਵੀ ਕਾਹਲਾ ਨਿਕਲਿਆ । ਉਹ ਮੇਜਰ ਤੋਂ ਵੀ ਪਹਿਲਾਂ ਕੁਰਸੀ ਸਾਂਭੀ ਬੈਠਾ ਸੀ।

ਨਾਜ਼ਰ ਸਿੰਘ ਦੇ ਹੱਥ ਵਿਚ ਮੋਟੀ ਸਾਰੀ ਮਿਸਲ ਦੇਖ ਕੇ ਮੇਜਰ ਸਿੰਘ ਦਾ ਚਿਹਰਾ ਗੁਲਾਬ ਵਾਂਗ ਖਿੜ ਉਠਿਆ।

ਮੇਜਰ ਸਿੰਘ ਨੂੰ ਝੱਟ ਯਾਦ ਆਇਆ, ਅੱਜ ਬੰਟੀ ਕਤਲ ਕੇਸ ਪੇਸ਼ ਕਰਨ ਦੀ ਆਖ਼ਰੀ ਤਾਰੀਖ਼ ਸੀ। ਕਤਲ ਕੇਸ ਅਤੇ ਉਹ ਵੀ ਆਖ਼ਰੀ ਦਿਨ। ਮਤਲਬ ਸੀ ਨੀਲੇ ਨੋਟ ਦੇ ਦਰਸ਼ਨ ਹੋਣ ਹੀ ਵਾਲੇ ਸਨ।

ਇਸੇ ਚਲਾਨ ਨੇ ਪਹਿਲਾਂ ਮੇਜਰ ਦੇ ਹੱਥਾਂ ਵਿਚ ਖੇਲਣਾ ਸੀ। ਉਸ ਨੇ ਇਸ ਕੇਸ ਦੀ ਐਫ਼.ਆਈ.ਆਰ., ਰਿਮਾਂਡ ਪੇਪਰ, ਜ਼ਮਾਨਤ-ਨਾਮੇ ਅਤੇ ਅਰਜ਼ੀਆਂ-ਪੱਤਰ ਮਿਸਲ ਨਾਲ ਨੱਥੀ ਕਰਨੇ ਸਨ, ਨਾਲ ਦੀ ਨਾਲ ਉਸ ਨੇ ਚਲਾਨ ਦੀ ਘੋਖ ਕਰਨੀ ਸੀ। ਪੁਲਿਸ ਨੇ ਜਿੰਨੇ ਕਾਗ਼ਜ਼ ਮਿਸਲ ਨਾਲ ਨੱਥੀ ਹੋਣਾ ਲਿਖੇ ਸਨ, ਕੀ ਉਹ ਮਿਸਲ ਨਾਲ ਨੱਥੀ ਸਨ ? ਜੇ ਸਨ ਤਾਂ ਕੀ ਉਹ ਠੀਕ ਠਾਕ ਸਨ ? ਜਿੰਨਾ ਚਿਰ ਅਹਿਲਮੱਦ ਹਰੀ ਝੰਡੀ ਨਹੀਂ ਦਿੰਦਾ, ਜੱਜ ਚਲਾਨ ਸਵੀਕਾਰ ਨਹੀਂ ਕਰ ਸਕਦਾ।

ਇਸ ਹਰੀ ਝੰਡੀ ਲਈ ਮੇਜਰ ਦੀ ਫ਼ੀਸ ਨਿਸ਼ਚਿਤ ਸੀ। ਜੇ ਕਾਗ਼ਜ਼ ਪੂਰੇ ਹੋਣ ਤਾਂ ਸਾਧਾਰਨ ਕੇਸ ਦੀ ਫ਼ੀਸ ਵੀਹ ਰੁਪਏ ਅਤੇ ਸੈਸ਼ਨ ਸਪੁਰਦ ਹੋਣ ਵਾਲੇ ਕੇਸ ਦੇ ਪੰਜਾਹ। ਤਫ਼ਤੀਸ਼ੀ ਨੇ ਕਿਹੜਾ ਪੱਲਿਉਂ ਦੇਣੇ ਸਨ। ਨਾਲ ਆਏ ਮੁਦੱਈ, ਮੁਲਜ਼ਮ ਨੂੰ ਇਸ਼ਾਰਾ ਕਰਨਾ ਸੀ। ਚਲਾਨ ਆਖ਼ਰੀ ਦਿਨ ਪੇਸ਼ ਕਰਨਾ ਹੋਵੇ ਤਾਂ ਐਮਰਜੈਂਸੀ ਫ਼ੀਸ ਲੱਗਦੀ ਸੀ ਜੋ ਸਾਧਾਰਨ ਨਾਲੋਂ ਦੁੱਗਣੀ ਹੁੰਦੀ ਸੀ।

ਮੇਜਰ ਸਿੰਘ ਨੂੰ ਪਤਾ ਸੀ ਨਾਜ਼ਰ ਸਿੰਘ ਤਾਬੇਦਾਰ ਸੀ। ਦਸ ਦੀ ਥਾਂ ਵੀਹ ਦਿਵਾਉਣ ਵਾਲਾ।

ਇਸੇ ਲਈ ਉਸ ਨੇ ਨਾਜ਼ਰ ਸਿੰਘ ਦਾ ਖਿੜੇ ਮੱਥੇ ਸਵਾਗਤ ਕੀਤਾ ਸੀ।

ਨਾਜ਼ਰ ਸਿੰਘ ਨੇ ਵੀ ਖੜਾ ਹੋ ਕੇ ਮੇਜਰ ਨੂੰ ਕੁਰਸੀ ਭੇਟ ਕੀਤੀ ਸੀ ਹਾਲਾਂਕਿ ਥਾਣੇਦਾਰ ਲਈ ਅਹਿਲਮੱਦ ਦੇ ਸਵਾਗਤ ਵਿਚ ਖੜਾ ਹੋਣਾ ਜ਼ਰੂਰੀ ਨਹੀਂ ਸੀ।



"ਆ ਬਈ ਨਾਜ਼ਰ ਸਿੰਆਂ। ਕਿਸੇ ਭੀੜ 'ਚ ਫਸਿਆ ਲੱਗਦੈਂ, ਜਿਹੜਾ ਤੜਕੇ ਹੀ ਬੂਹਾ ਆ ਮੱਲਿਆ।" ਲੰਚ ਬਾਕਸ ਨੂੰ ਮੇਜ਼ ਦੀ ਦਰਾਜ 'ਚ ਰੱਖਦਿਆਂ ਅਤੇ ਆਪਣੀ ਕੁਰਸੀ 'ਤੇ ਬੈਠਦਿਆਂ ਮੇਜਰ ਸਿੰਘ ਨੇ ਨਾਜ਼ਰ ਸਿੰਘ ਨੂੰ ਟੁਣਕਾਇਆ।

"ਹਾਂ ਛੋਟੇ ਵੀਰ, ਅੱਜ ਬੰਟੀ ਕਤਲ ਕੇਸ ਦਾ ਫਾਹਾ ਵੱਢਣੈ।" ਹੱਥਲੇ ਕਾਗ਼ਜ਼ਾਂ ਨੂੰ ਠੀਕ ਕਰਦੇ ਥਾਣੇਦਾਰ ਨੇ ਨਾਲੇ ਆਪਣੇ ਆਉਣ ਦਾ ਮਕਸਦ ਦੱਸਿਆ, ਨਾਲੇ ਰਮਜ਼ ਨਾਲ ਸਮਝਾਇਆ, ਇਹ ਵਾਧੂ ਅਤੇ ਵਗਾਰੀ ਕੇਸ ਹੈ, ਇਸ ਵਿਚ ਉਹ ਬਹੁਤੀ ਆਸ ਨਾ ਰੱਖੇ।

ਮੇਜਰ ਉਸ ਦੀ ਰਮਜ਼ ਸਮਝ ਗਿਆ। ਆਪਣੇ ਆਪ ਨੂੰ ਰੁੱਝਿਆ ਦਰਸਾਉਣ ਲਈ ਉਹ ਬਿਨਾਂ ਮਤਲਬ ਮਿਸਲਾਂ ਇਧਰ-ਉਧਰ ਕਰਨ ਲੱਗਾ। ਕਦੇ ਮਿਸਲ ਨਾਲ ਸੰਮਨ ਨੱਥੀ ਕਰ ਦਿੱਤੇ,' ਕਦੇ ਕਿਸੇ ਨਾਲੋਂ ਲਾਹ ਲਏ।

ਅਸਾਮੀਆਂ ਦੇ ਆਉਣ ਦਾ ਵਕਤ ਸੀ। ਮੇਜਰ ਸਿੰਘ ਚਾਹੁੰਦਾ ਸੀ ਨਾਜ਼ਰ ਸਿੰਘ ਕੰਮ ਦੀ ਗੱਲ ਕਰੇ ਤੇ ਜਾਏ। ਕਈ ਡਰਪੋਕ ਅਸਾਮੀਆਂ ਨੇ ਕੋਲ ਬੈਠੇ ਥਾਣੇਦਾਰ ਨੂੰ ਦੇਖ ਕੇ ਟਲ ਜਾਣਾ ਸੀ। ਅਰਦਲੀ ਕਚਹਿਰੀ ਪੁੱਜ ਚੁੱਕਾ ਸੀ। ਉਸ ਨੇ ਅਸਾਮੀ ਅੜਾ ਲਈ ਤਾਂ ਵਿਚੋਂ ਅੱਧ ਮਾਰ ਜਾਣਾ ਸੀ।

ਥਾਣੇਦਾਰ ਨੂੰ ਵੀ ਕਾਹਲ ਸੀ। ਉਹ ਮੇਜਰ ਦੇ ਵਿਹਲੇ ਹੋਣ ਨੂੰ ਉਡੀਕ ਰਿਹਾ ਸੀ। ਬੋਹਣੀ ਸਮੇਂ ਉਹ ਆਪਣਾ ਰੰਡੀ-ਰੋਣਾ ਲੈ ਕੇ ਨਹੀਂ ਸੀ ਬੈਠਣਾ ਚਾਹੁੰਦਾ।

"ਚਾਹ ਪੀਏਂਗਾਂ ਜਾਂ ਠੰਢਾ ? ਆਪਣਾ ਅਰਦਲੀ ਕਿੱਥੇ ਹੈ ?" ਮਾਣ-ਤਾਣ ਲਈ ਥਾਣੇਦਾਰ ਨੇ ਅਹਿਲਮੱਦ ਤੋਂ ਪੁੱਛਿਆ।

"ਨਹੀਂ ! ਕਿਸੇ ਚੀਜ਼ ਦੀ ਜ਼ਰੂਰਤ ਨਹੀਂ। ਹੁਣੇ ਰੋਟੀਆਂ ਝੰਮ ਕੇ ਆਇਆਂ।" ਨਾਜ਼ਰ ਦੇ ਹੱਥ ਫੜੀ ਮਿਸਲ ਵੱਲ ਤੱਕ ਕੇ ਉਹ ਫੇਰ ਕੰਮ ਵਿਚ ਰੁੱਝ ਗਿਆ।

'ਮੈਂ ਕਿਉਂ ਆਖਾਂ ? ਅੱਕ-ਥੱਕ ਕੇ ਆਪੇ ਫ਼ੀਸ ਕੱਢੇਗਾ।' ਸੋਚਦੇ ਮੇਜਰ ਨੇ ਉਨ੍ਹਾਂ ਕੇਸਾਂ ਦੀ ਲਿਸਟ ਤਿਆਰ ਕਰਨੀ ਸ਼ੁਰੂ ਕਰ ਦਿੱਤੀ, ਜਿਨ੍ਹਾਂ ਵਿਚ ਅੱਜ ਦੋਸ਼ੀਆਂ ਨੂੰ ਪੇਸ਼ ਕੀਤਾ ਜਾਣਾ ਸੀ ਜਾਂ ਉਨ੍ਹਾਂ ਦੇ ਚਲਾਨਾਂ ਨੂੰ। ਉਸ ਦਾ ਧਿਆਨ ਉਨ੍ਹਾਂ ਕੇਸਾਂ ਵੱਲ ਜ਼ਿਆਦਾ ਸੀ, ਜਿਨ੍ਹਾਂ ਵਿਚ ਹਾਲੇ ਤੱਕ ਕੋਈ ਵਕੀਲ ਪੇਸ਼ ਨਹੀਂ ਸੀ ਹੋਇਆ। ਦੂਜੇ ਨੰਬਰ 'ਤੇ ਉਹ ਕੇਸ ਸਨ, ਜਿਨ੍ਹਾਂ ਦਾ ਵਕੀਲ ਨਵਾਂ ਸੀ ਜਾਂ ਅਨਾੜੀ। ਅਜਿਹੇ ਵਕੀਲ ਕਿਵੇਂ ਨਾ ਕਿਵੇਂ ਇਕ ਵਾਰ ਵਕਾਲਤਨਾਮਾ ਲਾ ਲੈਂਦੇ ਹਨ ਪਰ ਉਨ੍ਹਾਂ ਤੋਂ ਬਹੁਤਾ ਚਿਰ ਟਿਕਿਆ ਨਹੀਂ ਜਾਂਦਾ। ਜਿਉਂ ਹੀ ਦੋਸ਼ੀ ਨੂੰ ਕਚਹਿਰੀ ਦੇ ਜ਼ਾਬਤੇ ਦੀ ਸਮਝ ਆਉਂਦੀ ਹੈ, ਉਹ ਝੱਟ ਵਕੀਲ ਬਦਲ ਲੈਂਦਾ ਹੈ। ਮੇਜਰ ਨੇ ਅਜਿਹੀਆਂ ਸੰਭਾਵਨਾਵਾਂ ਦਾ ਪਤਾ ਲਾਉਣਾ ਸੀ।

ਇਸ ਸ਼ਹਿਰ ਵਿਚ ਫ਼ੌਜਦਾਰੀ ਦੇ ਵਕੀਲ ਬਹੁਤ ਥੋੜ੍ਹੇ ਸਨ, ਜਿਹੜੇ ਸਨ ਉਨ੍ਹਾਂ ਸਭਨਾਂ ਨਾਲ ਮੇਜਰ ਦਾ ਰਾਬਤਾ ਸੀ। ਉਹ ਸਾਰਿਆ ਨੂੰ ਹੀ ਅਜਿਹੇ ਕੇਸਾਂ ਦੇ ਨਾਂ-ਪਤੇ ਨੋਟ ਕਰਵਾ ਆਉਂਦਾ ਸੀ। ਮੁਰਗੀ ਨੇ ਕਿਸੇ ਨਾ ਕਿਸੇ ਕੋਲ ਫਸਣਾ ਹੀ ਹੁੰਦੈ । ਜਿਸ ਕੋਲ ਵੀ ਫਸ ਗਈ, ਉਸ ਕੋਲੋਂ ਮੇਜਰ ਦਾ ਹਿੱਸਾ ਪੱਕਾ।

ਲਿਸਟ ਤਿਆਰ ਕਰ ਕੇ ਮੇਜਰ ਜਿਉਂ ਹੀ ਉੱਠਣ ਲੱਗਾ, ਥਾਣੇਦਾਰ ਨੇ ਉਸ ਨੂੰ ਰੋਕ ਲਿਆ।

ਮਿਸਲ ਅਹਿਲਮੱਦ ਦੀ ਮੇਜ਼ 'ਤੇ ਰੱਖਣ ਤੋਂ ਪਹਿਲਾਂ ਉਸ ਨੇ ਇਕ ਨੋਟ ਜੇਬ ਵਿਚੋਂ ਕੱਢਿਆ ਅਤੇ ਤਹਿ ਕਰ ਕੇ ਮੇਜਰ ਦੀ ਮੁੱਠੀ ਵਿਚ ਦੇ ਦਿੱਤਾ।

ਪਹਿਲੇ ਹੱਲੇ ਮੇਜਰ ਨੇ ਕੋਈ ਉਜ਼ਰ ਨਾ ਕੀਤਾ। ਖ਼ਿਆਲ ਸੀ, ਸੌ ਦਾ ਨੋਟ ਹੀ ਹੋਏਗਾ।

ਫੇਰ ਓਪਰੀ ਜਿਹੀ ਨਜ਼ਰ ਨਾਲ ਉਸ ਨੇ ਨੋਟ ਘੋਖਿਆ। ਇਹ ਤਾਂ ਵੀਹਾਂ ਦਾ ਸੀ। ਉਸ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਥਾਣੇਦਾਰ ਨੇ ਅਹਿਲਮੱਦ ਦਾ ਮਜ਼ਾਕ ਉਡਾਇਆ ਸੀ।

"ਆਹ ਨੋਟ ਆਪਣੇ ਕੋਲ ਸੰਭਾਲ ਕੇ ਰੱਖ। ਕਤਲ ਕੇਸ 'ਚ ਸਾਰੇ ਵੀਹ ਰੁਪਏ ?"

ਨੋਟ ਨੂੰ ਮੁੜ ਥਾਣੇਦਾਰ ਦੀ ਮੁੱਠ 'ਚ ਥਮਾਉਂਦੇ ਮੇਜਰ ਨੇ ਉਜ਼ਰ ਕੀਤਾ।

"ਠੀਕ ਹੈ ਛੋਟੇ ਭਾਈ। ਤੈਨੂੰ ਪਤਾ ਤਾਂ ਹੈ, ਮੈਂ ਢਾਈ ਮਹੀਨੇ ਤੋਂ ਥਾਣੇ ਨਹੀਂ ਵੜਿਆ। ਮੁਦਈ ਖ਼ਰਚ ਕਰਦੇ ਹੁੰਦੇ ਨੇ ਜਾਂ ਮੁਲਾਜ਼ਮ। ਇਥੇ ਮੈਂ ਹੀ ਸਭ ਕੁਝ ਹਾਂ। ਨੋਟ ਪੱਲਿਉਂ ਦੇ ਰਿਹਾਂ, ਮਾਣ-ਤਾਣ ਵਜੋਂ, ਫ਼ੀਸ ਦੇ ਤੌਰ 'ਤੇ ਨਹੀਂ।" ਰੋਣ-ਹਾਕੇ ਹੋਏ ਨਾਜ਼ਰ ਦੀ ਆਵਾਜ਼ ਵਿਚ ਤਰਲਾ ਸੀ।

ਹਾਥੀ ਨਾਜ਼ਰ ਨੇ ਕੱਢ ਲਿਆ ਸੀ, ਪੂਛ ਬਾਕੀ ਸੀ। ਕਿਵੇਂ ਨਾ ਕਿਵੇਂ ਇਕ ਵਾਰ ਚਲਾਨ ਪੇਸ਼ ਹੋਵੇ ਤੇ ਖਹਿੜਾ ਛੁੱਟੇ।

"ਜਿਥੇ ਹੋਰ ਖ਼ਰਚ ਹੋ ਗਿਆ ਹੋਰ ਸਹੀ। ਕੱਢ ਇਕ ਨੀਲਾ ਨੋਟ ਤੇ ਦੇਖ ਮੇਜਰ ਦੇ ਹੱਥ। ਘੰਟੇ 'ਚ ਫ਼ਾਰਗ਼ ਨਾ ਕੀਤਾ ਤਾਂ ਤੂੰ ਵੀ ਕੀ ਸਮਝੇਂਗਾ।" ਸਵੇਰ ਦਾ ਸਮਾਂ ਹੋਣ ਕਰਕੇ ਮੇਜਰ ਮੂਡ ਖ਼ਰਾਬ ਕਰਨ ਦੇ ਰੌਂ ਵਿਚ ਨਹੀਂ ਸੀ। ਉਹ ਸਮਝੌਤੇ ਦੀ ਨੀਅਤ ਨਾਲ ਬੋਲਿਆ।

"ਮੈਂ ਕਦੇ ਕਿਸੇ ਦਾ ਹੱਕ ਨਹੀਂ ਰੱਖਿਆ। ਜਦੋਂ ਅਸਾਮੀ ਹੱਥ ਵਿਚ ਹੋਵੇ ਤਾਂ ਦੋ ਦੀ ਥਾਂ ਚਾਰ ਦਿਵਾਉਂਦਾਂ। ਸ਼ਰਾਬ ਦੇ ਇਕਬਾਲ ਵਾਲੇ ਕੇਸ ਵਿਚ ਤੈਨੂੰ ਦਸ ਦੀ ਥਾਂ ਪੰਜਾਹ ਨਹੀਂ ਸੀ ਦਿਵਾਏ ? ਬੋਤਲ ਅਲੱਗ।"

ਕੁਝ ਦਿਨ ਪਹਿਲਾਂ ਨਾਜ਼ਰ ਸਿੰਘ ਕੋਲ ਇਕ ਚੰਗੀ ਅਸਾਮੀ ਫਸ ਗਈ ਸੀ, ਦਸ ਦੀ ਥਾਂ ਨਾਜ਼ਰ ਨੇ ਇਸ ਨੂੰ ਪੰਜਾਹ ਦਿਵਾ ਦਿੱਤੇ। ਸੋਚਿਆ ਸੀ ਦਾਨੀ ਦਾਨ ਕਰੇ ਤਾਂ ਭੰਡਾਰੀ ਦਾ ਢਿੱਡ ਕਿਉਂ ਦੁਖੇ ? ਅਹਿਸਾਨ ਹੇਠਾਂ ਦੱਬਿਆ ਅਹਿਲਮੱਦ ਕਦੇ ਕੰਮ ਆਏਗਾ। ਨਾਜ਼ਰ ਸਿੰਘ ਮੇਜਰ ਨੂੰ ਨਾਲੇ ਉਸ ਮਿਹਰਬਾਨੀ ਦੀ ਯਾਦ ਦਿਵਾ ਰਿਹਾ ਸੀ, ਨਾਲੇ ਪਛਤਾ ਰਿਹਾ ਸੀ। ਮੁੱਖ ਅਫ਼ਸਰ ਸੱਚ ਆਖਦਾ ਸੀ। ਪਹਿਲਾਂ ਵੱਧ ਪੈਸੇ ਦਿਵਾ ਕੇ ਇਨ੍ਹਾਂ ਨੂੰ ਸਿਰ ਚੜ੍ਹਾ ਲਈਦਾ ਹੈ। ਜਦੋਂ ਲਹੂ ਮੂੰਹ ਲੱਗ ਜਾਂਦਾ ਹੈ ਤਾਂ ਇਹ ਆਪਣਿਆਂ ਨੂੰ ਹੀ ਬੁਰਕ ਮਾਰਨ ਲੱਗਦੇ ਹਨ। ਚੰਗਾ ਹੁੰਦਾ ਜੇ ਨਾਜ਼ਰ ਨਾਲੀ ਦੇ ਕੀੜੇ ਨੂੰ ਨਾਲੀ ਵਿਚ ਰਹਿਣ ਦਿੰਦਾ।

"ਉਹ ਤੁਸੀਂ ਕੋਈ ਅਹਿਸਾਨ ਨਹੀਂ ਸੀ ਕੀਤਾ ਸਰਦਾਰ ਜੀ ! ਤੁਸੀਂ ਫੜਿਆ ਹੋਰ ਮੁਲਜ਼ਮ ਸੀ ਤੇ ਇਕਬਾਲ ਕਿਸੇ ਹੋਰ ਤੋਂ ਕਰਾਇਆ ਸੀ। ਇਹ ਮੇਰੀ ਭਲਮਾਣਸੀ ਸੀ ਕਿ ਜੱਜ ਸਾਹਿਬ ਦੇ ਨੋਟਿਸ ਵਿਚ ਨਹੀਂ ਲਿਆਂਦਾ। ਨਹੀਂ ਨਾਲੇ ਤੇਰੀ ਪੇਟੀ ਲਹਿੰਦੀ ਨਾਲੇ ਚਾਰ ਸੌ ਵੀਹ ਦਾ ਪਰਚਾ ਦਰਜ ਹੁੰਦਾ।" ਮੇਜਰ ਵੀ ਕਿਸੇ ਤੋਂ ਘੱਟ ਨਹੀਂ ਸੀ। ਇਹੋ ਜਤਾਉਣ ਲਈ ਉਸ ਨੇ ਅਸਲੀਅਤ ਦਾ ਪਰਦਾ ਫ਼ਾਸ਼ ਕੀਤਾ ਸੀ।

ਜੇ ਤਫ਼ਤੀਸ਼ੀ ਮੁਖ਼ਬਰਾਂ ਦਾ ਜਾਲ ਵਿਛਾ ਕੇ ਰੱਖਦੇ ਹਨ ਤਾਂ ਅਹਿਲਮੱਦ ਮੇਜਰ ਸਿੰਘ ਵੀ ਕਿਸੇ ਤੋਂ ਘੱਟ ਨਹੀਂ। ਮੇਜਰ ਸਿੰਘ ਥਾਣੇ ਦੇ ਨਾਇਬ-ਕੋਰਟ ਤੋਂ ਲੰਕਾ ਢਾਹੁਣ ਲਈ ਭਬੀਸ਼ਣ ਦਾ ਕੰਮ ਲੈਂਦਾ ਸੀ।

ਕਚਹਿਰੀ ਵੜਦਿਆਂ ਹੀ ਨਾਇਬ-ਕੋਰਟ ਦਾ ਕੰਮ ਮੇਜਰ ਨੂੰ ਡਾਇਰੀ ਦੇਣਾ ਹੁੰਦਾ ਸੀ। ਉਸ ਦਿਨ ਪੇਸ਼ ਹੋਣ ਵਾਲੇ ਰਿਮਾਂਡਾਂ, ਚਲਾਨਾਂ ਅਤੇ ਇਕਬਾਲ ਕਰਨ ਵਾਲੀਆਂ ਅਸਾਮੀਆਂ ਵਿਚ ਕਿੰਨਾ ਦਮ ਹੈ, ਉਸ ਨੇ ਇਹ ਦੱਸਣਾ ਹੁੰਦਾ ਸੀ। ਉਸ ਇਤਲਾਹ ਦੇ ਆਧਾਰ 'ਤੇ ਮੇਜਰ ਆਪਣੀ ਫ਼ੀਸ ਤਹਿ ਕਰਦਾ ਸੀ।



ਇਸ ਇਕਬਾਲ ਦੀ ਹਿਸਟਰੀ ਮੇਜਰ ਨੂੰ ਉਸ ਨੇ ਦੱਸੀ ਸੀ। ਅਸਲ ਦੋਸ਼ੀ ਕਾਟਨ ਮਿੱਲ ਦੇ ਮਾਲਕ ਦਾ ਭਾਣਜਾ ਸੀ। ਸ਼ਰਮ ਦਾ ਮਾਰਿਆ ਉਹ ਪਹਿਲੇ ਦਿਨ ਤੋਂ ਹੀ ਘਰੋਂ ਫ਼ਰਾਰ ਸੀ। ਘਰ ਵਾਲੇ ਨਹੀਂ ਸੀ ਚਾਹੁੰਦੇ ਕਿ ਉਸ ਦੇ ਦਸਤਖ਼ਤ ਅੰਗੂਠੇ ਕਚਹਿਰੀ ਦੇ ਰਿਕਾਰਡ ਵਿਚ ਆਉਣ। ਭਾਣਜੇ ਦੀ ਥਾਂ ਮਾਲਕਾਂ ਨੇ ਆਪਣਾ ਨੌਕਰ ਭੇਜਿਆ ਸੀ।

ਸਰਕਾਰੀ ਵਕੀਲ ਨੇ ਮੁਲਜ਼ਮ ਤਬਦੀਲ ਕਰਨ ਦੀ ਮੋਟੀ ਫ਼ੀਸ ਲਈ ਸੀ। ਨਾਇਬ-ਕੋਰਟ ਨੂੰ ਸਾਰੇ ਪੰਜਾਹ ਮਿਲੇ ਸਨ। ਇਸੇ ਗੱਲ 'ਤੇ ਗੁੱਸੇ ਹੋ ਕੇ ਨਾਇਬ ਕੋਰਟ ਨੇ ਚੁਰਾਹੇ 'ਚ ਭਾਂਡਾ ਭੰਨਿਆ ਸੀ।

ਨਾਜ਼ਰ ਦਾ ਇਹ ਤੀਰ ਨਿਸ਼ਾਨੇ ਤੋਂ ਖੁੰਝ ਗਿਆ। ਉਸ ਨੇ ਦੂਜਾ ਵਾਰ ਕੀਤਾ।

"ਚੱਲ ਉਹ ਛੱਡ, ਬਿਮਲਾ ਰੇਪ ਕੇਸ ਵਿਚ ਦੋ ਸੌ ਦਿਵਾਇਆ ਸੀ। ਉਸ ਦੇ ਮੁਲਜ਼ਮ ਤਾਂ ਨਹੀਂ ਸੀ ਬਦਲੇ।"

"ਉਸ ਵਿਚ ਵੀ ਹੇਰਾ-ਫੇਰੀ ਹੋਈ ਸੀ। ਉਸ ਕੇਸ ਦੇ ਅਸਲ ਦੋਸ਼ੀ ਨੂੰ ਬੇ-ਕਸੂਰ ਠਹਿਰਾ ਕੇ ਤੁਸੀਂ ਕਾਲਮ ਨੰਬਰ ਦੋ ਵਿਚ ਰੱਖ ਦਿੱਤਾ ਸੀ। ਮੁਦਈ ਧਿਰ ਉੱਚ ਅਧਿਕਾਰੀਆਂ ਤੋਂ ਇਨਕੁਆਇਰੀ ਕਰਾ ਕੇ ਉਸ ਨੂੰ ਗ੍ਰਿਫ਼ਤਾਰ ਕਰਾਉਣਾ ਚਾਹੁੰਦੀ ਸੀ। ਦੋਸ਼ੀ ਨੂੰ ਡਰਾ ਕੇ ਤੁਸੀਂ ਚਲਾਨ ਜਲਦੀ ਪੇਸ਼ ਕਰਨ ਦਾ ਇਕ ਹਜ਼ਾਰ ਰੁਪਿਆ ਲਿਆ ਸੀ। ਆਪਣੀ ਫ਼ੀਸ ਤੁਸੀਂ ਪਹਿਲਾਂ ਹੀ ਹਜ਼ਮ ਕਰ ਚੁੱਕੇ ਸੀ। ਉਹ ਹਜ਼ਾਰ ਸਾਡਾ ਅਹਿਲਕਾਰਾਂ ਦਾ ਸੀ। ਤੁਸੀਂ ਦੋ ਸੌ ਦਿਵਾ ਕੇ ਕੋਈ ਅਹਿਸਾਨ ਨਹੀਂ ਸੀ ਕੀਤਾ। ਸਗੋਂ ਸਾਡੇ ਹਿੱਸੇ ਦਾ ਅੱਠ ਸੌ ਹੜੱਪਿਆ ਸੀ।"

ਮੇਜਰ ਨੇ ਇਥੇ ਵੀ ਮਾਰ ਨਾ ਖਾਧੀ। ਕਿਸ-ਕਿਸ ਨੂੰ ਕਿੰਨੇ-ਕਿੰਨੇ ਪੈਸੇ ਪੁੱਜੇ ਸਨ, ਇਸ ਦੀ ਇਤਲਾਹ ਉਸ ਨੂੰ ਮੁਲਜ਼ਮਾਂ ਦਾ ਵਕੀਲ ਦੇ ਗਿਆ ਸੀ।

ਡਰ ਦੇ ਮਾਰੇ ਨਾਜ਼ਰ ਸਿੰਘ ਦਾ ਦਿਲ ਧੱਕ-ਧੱਕ ਕਰਨ ਲੱਗਾ।

"ਲੈ ਦਸ ਹੋਰ ਲੈ ਲੈ.....ਮੇਰੇ ਕੋਲ ਬੱਸ ਇੰਨੇ ਹੀ ਨੇ, ਨਾਂਹ ਨਾ ਕਰੀਂ।" ਦਸ ਦਾ ਨੋਟ ਹੋਰ ਕੱਢ ਕੇ ਜੇਬਾਂ ਝਾੜਦੇ ਨਾਜ਼ਰ ਨੇ ਫੇਰ ਤਰਲਾ ਲਿਆ।

"ਜੇ ਤੇਰਾ ਸੱਚੀਂ ਦਿਵਾਲਾ ਨਿਕਲ ਗਿਆ ਤਾਂ ਇਹ ਵੀ ਰੱਖ, ਚਾਹ-ਪਾਣੀ ਪੀ ਲਈਂ। ਮੈਂ ਮੁਫ਼ਤ ਵਿਚ ਕੰਮ ਕਰ ਦਿੰਨਾਂ।.....ਜਾਹ, ਪਹਿਲਾਂ ਸਾਹਿਬ ਤੋਂ ਮਿਸਲ 'ਤੇ ਘੁੱਗੀ ਮਰਵਾ ਲਿਆ। ਉਹ ਮੇਰੇ ਨਾਂ ਹੁਕਮ ਜਾਰੀ ਕਰ ਦੇਣਗੇ।" ਸਾਢੇ ਨੌਂ ਵੱਜਦੇ ਦੇਖ ਕੇ ਮੇਜਰ ਨੇ ਨਾਜ਼ਰ ਨੂੰ ਗਲੋਂ ਲਾਹੁਣਾ ਠੀਕ ਸਮਝਿਆ।

ਹੁਣ ਤਕ ਕਈ ਮੁਨਸ਼ੀ ਉਸ ਨੂੰ ਇਸ਼ਾਰੇ ਕਰ ਚੁੱਕੇ ਸਨ। ਇਕ ਦੋ ਵਕੀਲਾਂ ਦੇ ਸੁਨੇਹੇ ਵੀ ਆ ਚੁੱਕੇ ਸਨ। ਜੇ ਉਹ ਇਸ ਤਰ੍ਹਾਂ ਨਾਜ਼ਰ ਸਿੰਘ ਨਾਲ ਉਲਝਿਆ ਰਿਹਾ ਤਾਂ ਦਿਹਾੜੀ ਗੁੱਲ ਹੋ ਜਾਣੀ ਸੀ।

ਚਹਿਲ ਵਕੀਲ ਦੇ ਵਸੀਅਤ ਦੇ ਇਕ ਕੇਸ ਵਿਚ ਸੰਮਨ ਤਾਮੀਲ ਹੋ ਕੇ ਆਏ ਸਨ। ਸੰਮਨ ਮਿਸਲ ਨਾਲ ਲੱਗ ਗਏ ਤਾਂ ਉਸ ਨੂੰ ਗਵਾਹ ਭੁਗਤਾਉਣੇ ਪੈਣਗੇ। ਹੋਰ ਤਾਰੀਖ਼ ਮੰਗੀ ਤਾਂ ਜੱਜ ਭੱਜ-ਭੱਜ ਪਏਗਾ। ਗਵਾਹ ਹਾਲੇ ਤਿਆਰ ਨਹੀਂ ਸਨ। ਭਲਾ ਇਸੇ ਵਿਚ ਸੀ ਕਿ ਸੰਮਨ ਮਿਸਲ ਨਾਲ ਨੱਥੀ ਨਾ ਹੋਣ ਦਿੱਤੇ ਜਾਣ। ਜਦੋਂ ਮਿਸਲ ਨਾਲ ਸੰਮਨ ਨਹੀਂ ਹੋਣਗੇ ਤਾਂ ਜੱਜ ਨੂੰ ਤਾਰੀਖ਼ ਦੇਣੀ ਪਏਗੀ। ਸੰਮਨ ਤਾਂ ਲਹਿਣਗੇ ਜੇ ਮੇਜਰ ਨਾਲ ਸੌਦਾ ਤਹਿ ਹੋਏਗਾ। ਮੇਜਰ ਕੁਝ ਮਿੰਟ ਲੇਟ ਹੋ ਗਿਆ ਤਾਂ ਮਿਸਲ ਜੱਜ ਦੀ ਮੇਜ਼ 'ਤੇ ਚਲੀ ਜਾਏਗੀ। ਮਿਸਲ ਮੇਜ਼ 'ਤੇ ਜਾਣ ਨਾਲ ਮੇਜਰ ਦੀ ਕਮਾਨੋਂ ਤੀਰ ਨਿਕਲ ਜਾਏਗਾ। ਚਹਿਲ ਨਾਲ ਫ਼ੌਰਨ ਗਿਟ-ਮਿਟ ਹੋਣੀ ਚਾਹੀਦੀ ਸੀ।

ਮੋਹਨ ਜੀ ਭੱਠੀ ਦੇ ਇਕ ਕੇਸ ਵਿਚ ਬਹਿਸ ਨਹੀਂ ਸੀ ਕਰਨਾ ਚਾਹੁੰਦਾ। ਉਸ ਦੀ ਧਿਰ ਦੀ ਹਾਲੇ ਜੱਜ ਨਾਲ ਗੱਲ ਨਹੀਂ ਸੀ ਹੋਈ। ਬਿਨਾਂ ਗੱਲ ਕਰੇ ਬਹਿਸ ਕਰਨਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਇਸ ਦਾ ਹੱਲ ਮੇਜਰ ਹੀ ਕਰ ਸਕਦਾ ਸੀ। ਉਸ ਨੇ ਉਸ ਮਿਸਲ ਨੂੰ ਉਸ ਦਿਨ ਸੁਣਵਾਈ ਲਈ ਲੱਗੇ ਕੇਸਾਂ ਦੀ ਲਿਸਟ ਵਿਚੋਂ ਕੱਢ ਦੇਣਾ ਸੀ। ਨਾ ਰਹੇਗਾ ਬਾਂਸ, ਨਾ ਵੱਜੇਗੀ ਬੰਸਰੀ। ਸ਼ਾਮ ਨੂੰ ਆਪੇ ਤਾਰੀਖ਼ ਪੈ ਜਾਣੀ ਸੀ। ਮੇਜਰ ਨੂੰ ਇਥੋਂ ਵੀ ਚੰਗੀ ਦਿਹਾੜੀ ਬਣਨ ਦੀ ਆਸ ਸੀ।

ਵੈਸੇ ਵੀ ਮੇਜਰ ਅੱਜ ਵੱਧ ਤੋਂ ਵੱਧ ਪੈਸੇ ਬਟੋਰਨਾ ਚਾਹੁੰਦਾ ਸੀ। ਉਸ ਨੂੰ ਪੈਸੇ ਦੀ ਸਖ਼ਤ ਜ਼ਰੂਰਤ ਸੀ। ਦੋ ਕਿਸ਼ਤਾਂ ਦਾ ਭੂਤ ਉਸ ਨੂੰ ਡਰਾ ਰਿਹਾ ਸੀ।

ਪਹਿਲੀ ਕਿਸ਼ਤ ਪਲਾਟ ਦੀ ਸੀ, ਜਿਹੜੀ ਉਸ ਨੇ ਅੱਜ ਭਰਨੀ ਸੀ। ਇਸ ਤਿਮਾਹੀ ਕਿਸ਼ਤ ਲਈ ਉਸ ਨੂੰ ਦਸ ਹਜ਼ਾਰ ਚਾਹੀਦਾ ਸੀ। ਦੂਜੀ ਕਿਸ਼ਤ ਭਾਈਚਾਰਕ ਲਾਟਰੀ ਦੀ ਸੀ, ਇਹ ਐਤਵਾਰ ਨੂੰ ਨਿਕਲਣੀ ਸੀ। ਇਸ ਲਈ ਹਜ਼ਾਰ ਵੱਖਰਾ ਚਾਹੀਦਾ ਸੀ।

ਸਟੈਨੋ ਅਤੇ ਰੀਡਰ ਨੂੰ ਦੇਖ ਕੇ ਮੇਜਰ ਨੇ ਵੀ ਪਲਾਟ ਖ਼ਰੀਦ ਲਿਆ ਸੀ। ਦੋ-ਦੋ ਸਾਲਾਂ ਵਿਚ ਉਨ੍ਹਾਂ ਦੇ ਪਲਾਟ ਦੁਗਣੇ-ਤਿਗਣੇ ਦੇ ਹੋ ਗਏ ਸਨ। ਸਟੈਨੋ ਨੇ ਦੋ ਪਲਾਟ ਖ਼ਰੀਦੇ ਸਨ। ਇਕ ਦੇ ਨਫ਼ੇ ਵਿਚ ਉਸ ਨੇ ਦੂਸਰੇ ’ਤੇ ਮਕਾਨ ਉਸਾਰ ਲਿਆ। ਰੀਡਰ ਨੇ ਦੁਗਣੇ ਪੈਸੇ ਵੱਟ ਕੇ ਟਰੱਕ ’ਚ ਹਿੱਸਾ ਪਾ ਲਿਆ। ਸਟੈਨੋ ਕੋਠੀ ਵਾਲਾ ਅਤੇ ਰੀਡਰ ਟਰਾਂਸਪੋਰਟਰ ਅਖਵਾਉਂਦਾ ਸੀ।

ਸਟੈਨੋ ਦੀ ਜੱਜ ਨਾਲ ਸਿੱਧੀ ਸੀ। ਜਿਹੜੀ ਅਸਾਮੀ ਉਹ ਜੱਜ ਕੋਲ ਫਸਾਉਂਦਾ, ਉਸ ਵਿਚੋਂ ਉਸ ਨੂੰ ਹਿੱਸਾ ਮਿਲਦਾ। ਉਹ ਰਕਮ ਉਹ ਕਿਸ਼ਤ ਲਈ ਰਾਖਵੀਂ ਰੱਖ ਲੈਂਦਾ।

ਰੀਡਰ ਦੀ ਘਰ ਵਾਲੀ ਟੀਚਰ ਸੀ। ਉਹ ਕਿਸ਼ਤ ਉਸ ਦੀ ਤਨਖ਼ਾਹ ਨਾਲ ਪੂਰੀ ਕਰਦਾ। ਮੇਜਰ ਦੀ ਨਾ ਜੱਜ ਨਾਲ ਬਣਦੀ ਸੀ, ਨਾ ਉਸ ਦੀ ਘਰਵਾਲੀ ਨੌਕਰ ਸੀ। ਉਸ ਨੇ ਇਧਰੋਂ-ਉਧਰੋਂ ਹੀ ਹੱਥ ਮਾਰਨਾ ਸੀ।

ਨਾਜ਼ਰ ਸੀ ਕਿ ਉਸ ਦੀ ਮਜਬੂਰੀ ਸਮਝ ਹੀ ਨਹੀਂ ਸੀ ਰਿਹਾ।

“ਉਨ੍ਹਾਂ ਤੋਂ ਵੀ ਕਰਵਾ ਲਿਆਉਨਾਂ। ਤੂੰ ਇਕ ਨਜ਼ਰ ਤਾਂ ਮਾਰ ਲੈ। ਉਨ੍ਹਾਂ ਨੇ ਹਾਲੇ ਘੰਟੇ ਨੂੰ ਆਉਣੈ।” ਤੀਹ ਰੁਪਏ ਮੁੜ ਅਹਿਲਮੱਦ ਦੀ ਜੇਬ ਵਿਚ ਪਾਉਂਦਾ ਥਾਣੇਦਾਰ ਗਿੜਗਿੜਾਇਆ।

“ਮੈਨੂੰ ਹੋਰ ਬਥੇਰੇ ਕੰਮ ਨੇ। ਤੂੰ ਉਨ੍ਹਾਂ ਤੋਂ ਹੁਕਮ ਕਰਾ। ਮੈਂ ਝੱਟ ਮਿਸਲ ਚੈੱਕ ਕਰ ਦੂੰ। ਕਾਗ਼ਜ਼ ਵੀ ਕੱਢ ਲੂੰ। ਤੂੰ ਰਿਟਾਇਰਿੰਗ ਰੂਮ ਅੱਗੇ ਜਾ ਕੇ ਬੈਠ। ਜੇ ਸਾਹਿਬ ਉਪਰ ਗਏ ਬੈਠ ਗਏ ਤਾਂ ਇਕ ਵਜੇ ਤਕ ਬੈਠਾ ਰਹਿ ਜਾਏਂਗਾ।”

ਬੋਹਣੀ ਦੇ ਪੈਸੇ ਸਨ। ਮੇਜਰ ਨੇ ਮੋੜਨੇ ਠੀਕ ਨਹੀਂ ਸਮਝੇ। ਜੇ ਇਹੋ ਮੁੜ ਗਏ ਤਾਂ ਸਾਰਾ ਦਿਨ ਮਨਹੂਸ ਨਿਕਲੇਗਾ। ਕੰਮ ਮੇਜਰ ਨੇ ਮਰਜ਼ੀ ਨਾਲ ਕਰਨਾ ਸੀ। ਜਿੰਨਾ ਚਿਰ ਫ਼ੀਸ ਪੂਰੀ ਨਹੀਂ ਹੋਏਗੀ, ਉਸ ਨੇ ਟੱਸ ਤੋਂ ਮੱਸ ਨਹੀਂ ਸੀ ਹੋਣਾ।

ਨਾਜ਼ਰ ਨੂੰ ਤੋਰ ਕੇ ਅਹਿਲਮੱਦ ਉਹ ਸਾਰੇ ਹੀਲੇ ਸੋਚਣ ਲੱਗਾ, ਜਿਨ੍ਹਾਂ ਨਾਲ ਉਹ ਚਲਾਨ ਟਰਕਾ ਸਕੇ।

ਮੇਜਰ ਨੂੰ ਪਤਾ ਸੀ ਕਿ ਦੋ ਦਿਨ ਪਹਿਲਾਂ ਥਾਣੇ ਵਾਲਿਆਂ ਨੇ ਮੈਜਿਸਟ੍ਰੇਟ ਦੀ ਵਗਾਰ ਕੀਤੀ ਸੀ। ਵਗਾਰ ਵੀ ਛੋਟੀ-ਮੋਟੀ ਨਹੀਂ, ਸੈਸ਼ਨ ਜੱਜ ਦੀ ਮਾਰੂਤੀ ਕਾਰ ਦੇ ਚਾਰੋਂ ਟਾਇਰ ਨਵੇਂ ਪਵਾਏ ਸਨ। ਇਸ ਲਈ ਮੈਜਿਸਟ੍ਰੇਟ ਦਾ ਰਵੱਈਆ ਨਰਮ ਰਹਿਣਾ ਸੀ।



ਪੁਲਿਸ ਦਾ ਕੰਮ ਕਰਨ ਲੱਗੇ ਮੈਜਿਸਟ੍ਰੇਟ ਨੇ ਆਪਣੀ ਸਮਝ ’ਚ ਹੁਸ਼ਿਆਰੀ ਤੋਂ ਕੰਮ ਲਿਆ ਸੀ। ਇਸ ਕੇਸ ਨਾਲ ਸੰਬੰਧਤ ਸਾਰੇ ਕਾਗ਼ਜ਼ ਉਸ ਨੇ ਕੋਠੀ ਮੰਗਵਾਏ ਸਨ। ਅਹਿਲਮੱਦ ਦੀ ਅੱਖ ਵੀ ਇੱਲ ਵਰਗੀ ਸੀ। ਦੂਰੋਂ ਹੀ ਤਾੜ ਗਈ। ਮੇਜਰ ਨੇ ਸਾਰੇ ਕਾਗ਼ਜ਼ਾਂ ਦੀ ਪਹਿਲਾਂ ਹੀ ਫ਼ੋਟੋ ਕਰਵਾ ਲਈ। ਕਾਗ਼ਜ਼ਾਂ ਵਿਚ ਕੋਈ ਹੇਰਾ-ਫੇਰੀ ਹੋਈ ਤਾਂ ਮੇਜਰ ਨੂੰ ਕਈ ਫ਼ਾਇਦੇ ਹੋਣੇ ਸਨ। ਪਹਿਲਾ ਇਹ ਕਿ ਜੱਜ ਕਾਣਾ ਰਹੇਗਾ। ਦੂਜਾ ਕਦੇ ਕੋਈ ਅਹਿਲਮੱਦ ’ਤੇ ਹੇਰਾ-ਫੇਰੀ ਦਾ ਸ਼ੱਕ ਕਰੇ ਤਾਂ ਸਫ਼ਾਈ ਵਜੋਂ ਉਸ ਕੋਲ ਸਬੂਤ ਰਹੇਗਾ। ਤੀਜਾ ਇਹ ਕਿ ਲੋੜ ਪੈਣ ’ਤੇ ਇਨ੍ਹਾਂ ਨੂੰ ਸਫ਼ਾਈ ਦੇ ਵਕੀਲ ਕੋਲ ਵੇਚਿਆ ਜਾ ਸਕੇਗਾ। ਇਸ ਆਧਾਰ ’ਤੇ ਦੋਸ਼ੀ ਸ਼ਰਤੀਆ ਬਰੀ ਹੋਣਗੇ।

ਮੇਜਰ ਦਾ ਅੰਦਾਜ਼ਾ ਠੀਕ ਨਿਕਲਿਆ। ਦੋ ਦਿਨਾਂ ਬਾਅਦ ਜਦੋਂ ਕਾਗ਼ਜ਼ ਵਾਪਸ ਆਏ ਸਨ ਤਾਂ ਦੋਸ਼ੀਆਂ ਦੇ ਇਕਬਾਲੀਆ ਬਿਆਨਾਂ ਦਾ ਹੁਲੀਆ ਵਿਗੜਿਆ ਹੋਇਆ ਸੀ।

ਇਸੇ ਰਿਆਇਤ ਦਾ ਮੁੱਲ ਚਾਰ ਟਾਇਰ ਪਾਇਆ ਗਿਆ ਸੀ। ਨਾਇਬ-ਕੋਰਟ ਝੂਠ ਨਹੀਂ ਸੀ ਬੋਲਦਾ। ਉਹ ਖ਼ੁਦ ਟਾਇਰ ਛੱਡ ਕੇ ਆਇਆ ਸੀ।

ਇਸ ਤੋਂ ਪਹਿਲਾਂ ਕਿ ਥਾਣੇਦਾਰ ਜੱਜ ਕੋਲੋਂ ਹੁਕਮ ਕਰਾ ਲਏ, ਮੇਜਰ ਨੂੰ ਪਹਿਲਾਂ ਹੀ ਜੱਜ ਦੇ ਕੰਨ ਵਿਚ ਫੂਕ ਮਾਰ ਦੇਣੀ ਚਾਹੀਦੀ ਸੀ।

ਜੱਜ ਦੇ ਰਿਟਾਇਰਿੰਗ ਰੂਮ ਵਿਚ ਵੜਦਿਆਂ ਹੀ ਉਹ ਵੀ ਦਸਤਖ਼ਤ ਕਰਾਉਣ ਦੇ ਬਹਾਨੇ ਅੰਦਰ ਜਾ ਵੜਿਆ।

ਨਾਲੇ ਉਹ ਮਿਸਲਾਂ ’ਤੇ ਦਸਤਖ਼ਤ ਕਰਾਉਂਦਾ ਰਿਹਾ, ਨਾਲੇ ਬਾਹਰ ਬੈਠੇ ਥਾਣੇਦਾਰ ਦੇ ਅਦਾਲਤ ਆਉਣ ਦਾ ਮਕਸਦ ਸਮਝਾਉਂਦਾ ਰਿਹਾ।

ਥਾਣੇਦਾਰ ਕੋਲ ਕਤਲ ਕੇਸ ਸੀ। ਦੋਸ਼ੀ ਦੋ ਸਨ ਪਰ ਨਕਲਾਂ ਦਾ ਸੈੱਟ ਇਕ ਸੀ। ਉਸ ਸੈੱਟ ਵਿਚ ਵੀ ਨਕਲਾਂ ਪੂਰੀਆਂ ਨਹੀਂ ਸਨ।

ਅਹਿਲਮੱਦ ਨੇ ਜੱਜ ਨੂੰ ਉਸ ਕੇਸ ਦੀ ਯਾਦ ਦਿਵਾਈ ਜਿਹੜਾ ਨਕਲਾਂ ਦੀ ਘਾਟ ਕਾਰਨ ਕਈ ਦਿਨ ਚਰਚਾ ਦਾ ਵਿਸ਼ਾ ਬਣਿਆ ਰਿਹਾ ਸੀ। ਉਸ ਕੇਸ ਵਿਚ ਗਵਾਹਾਂ ਦੇ ਬਿਆਨਾਂ ਦੀਆਂ ਨਕਲਾਂ ਦੇ ਦਿੱਤੀਆਂ ਗਈਆਂ ਸਨ ਪਰ ਰਿਕਾਰਡ ਦੀਆਂ ਨਹੀਂ। ਉਹ ਚਲਾਨ ਵੀ ਦੋਸ਼ੀ ਦੀ ਗ਼ੈਰ-ਹਾਜ਼ਰੀ ਵਿਚ ਪੇਸ਼ ਹੋਇਆ ਸੀ। ਚਲਾਨ ਦੋਸ਼ੀ ਜਾਂ ਵਕੀਲ ਦੀ ਹਾਜ਼ਰੀ ਵਿਚ ਪੇਸ਼ ਹੋਵੇ ਤਾਂ ਸਰ ਜਾਂਦਾ ਹੈ। ਜੱਜ ਓਨਾ ਚਿਰ ਚਲਾਨ ਸਵੀਕਾਰ ਨਹੀਂ ਕਰਦਾ, ਜਿੰਨਾ ਚਿਰ ਵਕੀਲ ਇਹ ਨਾ ਆਖੇ ਕਿ ਨਕਲਾਂ ਪੂਰੀਆਂ ਹਨ। ਉਸ ਕੇਸ ਦਾ ਦੋਸ਼ੀ ਇਕ ਸੇਲਜ਼ਮੈਨ ਸੀ। ਰਿਕਾਰਡ ਵਿਚ ਕੈਸ਼-ਬੁੱਕਾਂ, ਬਿੱਲ-ਬੁੱਕਾਂ, ਸਟਾਕ-ਰਜਿਸਟਰ ਅਤੇ ਹੋਰ ਪਤਾ ਨਹੀਂ ਕੀ-ਕੀ ਸ਼ਾਮਲ ਸੀ। ਦੋਸ਼ੀ ਖ਼ੁਦ ਨਕਲਾਂ ਕਰਾਉਣ ਲੱਗਦਾ ਤਾਂ ਬਿੱਲ ਵਕੀਲ ਦੀ ਫ਼ੀਸ ਤੋਂ ਟੱਪ ਜਾਣਾ ਸੀ। ਪਹਿਲਾਂ ਮੁੱਖ ਅਫ਼ਸਰ ਇਹ ਆਖ ਕੇ ਚਲਾਨ ਦੇ ਗਿਆ ਕਿ ਬਾਕੀ ਦੀਆਂ ਨਕਲਾਂ ਤਿੰਨ ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਦਿਆਂਗੇ। ਪਹਿਲਾਂ ਦੋਸ਼ੀ ਨਾ ਲੱਭਾ, ਜਦੋਂ ਦੋਸ਼ੀ ਹਾਜ਼ਰ ਹੋਇਆ ਤਾਂ ਮੁੱਖ ਅਫ਼ਸਰ ਬਦਲ ਗਿਆ। ਨਵੇਂ ਮੁੱਖ ਅਫ਼ਸਰ ਨੇ ਕਈ ਤਫ਼ਤੀਸ਼ੀਆਂ ਦੀ ਡਿਊਟੀ ਲਾਈ। ਨਕਲਾਂ ਕਰਵਾ ਕੇ ਦਿਓ। ਹਰ ਤਫ਼ਤੀਸ਼ੀ ਟਾਲ ਜਾਂਦਾ। ਫ਼ੀਸ ਕੋਈ ਹੋਰ ਖਾਵੇ, ਬਿੱਲ ਉਹ ਚੁਕਾਵੇ। ਜਦੋਂ ਮਸਲਾ ਸੈਸ਼ਨ-ਜੱਜ ਤਕ ਅਪੜਨ ਵਾਲਾ ਹੋ ਗਿਆ ਤਾਂ ਅਹਿਲਮੱਦ ਨੂੰ ਨਕਲਾਂ ਪੱਲਿਉਂ ਕਰਾ ਕੇ ਦੇਣੀਆਂ ਪਈਆਂ ਸਨ।

ਇਸ ਕੇਸ ਵਿਚ ਵੀ ਇੰਝ ਹੀ ਹੋਣਾ ਸੀ। ਨਕਲਾਂ ਪੂਰੀਆਂ ਕਰਵਾ ਲਈਆਂ ਜਾਣ ਜਾਂ

ਵਕੀਲ ਤੋਂ ਨਕਲਾਂ ਪੂਰੀਆਂ ਹੋਣ ਬਾਰੇ ਲਿਖਵਾ ਲਿਆ ਜਾਵੇ।

ਮੇਜਰ ਨੇ ਉਨਾ ਚਿਰ ਭਾਸ਼ਣ ਜਾਰੀ ਰੱਖਿਆ ਸੀ, ਜਿੰਨਾ ਚਿਰ ਜੱਜ ਉਸ ਨਾਲ ਸਹਿਮਤ ਨਹੀਂ ਸੀ ਹੋ ਗਿਆ।

ਅਹਿਲਮੱਦ ਦੇ ਬਾਹਰ ਨਿਕਲਦੇ ਹੀ ਨਾਜ਼ਰ ਨੇ ਸਲੂਟ ਜਾ ਮਾਰਿਆ।

ਇਕ ਨੁਕਰੇ ਛੁਪਿਆ ਮੇਜਰ ਆਪਣੀ ਲਾਈ ਆਰ ਦਾ ਪ੍ਰਤੀਕਰਮ ਦੇਖਣ ਲੱਗਾ।

ਮੈਜਿਸਟ੍ਰੇਟ ਨੇ ਥਾਣੇਦਾਰ ਨੂੰ ਬੈਠਣ ਲਈ ਕੁਰਸੀ ਦਿੱਤੀ। ਤੱਤਾ-ਠੰਢਾ ਪੁੱਛਿਆ ਪਰ ਉਹ ਦੋਸ਼ੀਆਂ ਦੀ ਗ਼ੈਰ-ਹਾਜ਼ਰੀ ਵਿਚ ਚਲਾਨ ਲੈਣ ਲਈ ਸਹਿਮਤ ਨਾ ਹੋਇਆ। ਚੰਗਾ ਹੋਵੇ ਜੇ ਨਾਜ਼ਰ ਦੋ ਦਿਨ ਠਹਿਰ ਜਾਵੇ।

ਨਾਜ਼ਰ ਨੇ ਜਦੋਂ ਅੱਜ ਨੱਬੇ ਦਿਨ ਪੂਰੇ ਹੋਣ ਦੀ ਮਜਬੂਰੀ ਦੱਸੀ ਤਾਂ ਜੱਜ ਨੇ ਦੂਸਰਾ ਸੁਝਾਅ ਪੇਸ਼ ਕੀਤਾ। ਹਾਲੇ ਦਸ ਹੀ ਵੱਜੇ ਸਨ। ਉਹ ਦੋਸ਼ੀਆਂ ਦੇ ਪ੍ਰੋਡਕਸ਼ਨ ਵਰੰਟ ਲਏ ਅਤੇ ਦੋਸ਼ੀਆਂ ਨੂੰ ਜੇਲ੍ਹੋਂ ਬੁਲਾ ਲਏ।

ਨਾਜ਼ਰ ਇਸ ਸੁਝਾਅ ਨਾਲ ਸਹਿਮਤ ਨਹੀਂ ਸੀ। ਇਸ ਤਰ੍ਹਾਂ ਦਿਹਾੜੀ ਲੱਗ ਜਾਣੀ ਸੀ। ਨਾਜ਼ਰ ਇਕੱਲਾ ਸੀ। ਚਲਾਨ ਚੈੱਕ ਕਰਾਉਣ ਤੋਂ ਲੈ ਕੇ ਨਕਲਾਂ ਤਿਆਰ ਕਰਨ ਤਕ ਦੀ ਸਾਰੀ ਕਾਰਵਾਈ ਬਾਕੀ ਪਈ ਸੀ। ਨਾਜ਼ਰ ਕੋਲ ਦੋਸ਼ੀਆਂ ਨੂੰ ਲਿਆਉਣ ਲਈ ਨਾ ਗੱਡੀ ਸੀ ਨਾ ਗਾਰਦ।

ਜੇ ਨਾਜ਼ਰ ਕੁਝ ਵੀ ਨਹੀਂ ਕਰ ਸਕਦਾ ਤਾਂ ਨਕਲਾਂ ਤਾਂ ਪੂਰੀਆਂ ਕਰੇ। ਥਾਣੇਦਾਰ ਵਾਂਗ ਜੱਜ ਵੀ ਇਕ ਮੁਲਾਜ਼ਮ ਸੀ। ਉਸ ਦੀਆਂ ਵੀ ਮਜਬੂਰੀਆਂ ਸਨ। ਪਹਿਲਾਂ ਪੁਲਿਸ ਵਾਲੇ ਮਿੰਨਤ ਤਰਲਾ ਕਰ ਕੇ ਚਲਾਨ ਪੇਸ਼ ਕਰ ਜਾਂਦੇ ਹਨ, ਪਿੱਛੋਂ ਲੋਹੇ ਦੇ ਥਣ ਬਣ ਜਾਂਦੇ ਹਨ। ਸੌ-ਸੌ ਸੁਨੇਹੇ ’ਤੇ ਵੀ ਨਹੀਂ ਆਉਂਦੇ। ਦੋਸ਼ੀ ਜ਼ਮਾਨਤ ’ਤੇ ਹੁੰਦੇ, ਉਹ ਫੇਰ ਵੀ ਚਲਾਨ ਲੈ ਲੈਂਦਾ। ਫੇਰ ਇਕ-ਦੋ ਪੇਸ਼ੀਆਂ ਵੱਧ-ਘੱਟ ਪੈਣ ਨਾਲ ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਸੀ ਪੈਣਾ। ਵਕੀਲ ਦਾ ਵੀ ਪਤਾ ਨਹੀਂ, ਉਨ੍ਹਾਂ ਕਿਹੜਾ ਕਰਨਾ ਹੈ। ਕੋਈ ਸਿਆਣਾ ਵਕੀਲ ਕੀਤਾ ਹੁੰਦਾ ਤਾਂ ਜੱਜ ਨੂੰ ਸਮਝਾ ਦਿੰਦਾ। ਮਿਸਲ-ਮੁਆਇਨੇ ਦੀ ਦੋ ਸੌ ਰੁਪਿਆ ਫ਼ੀਸ ਲੈ, ਪੰਜਾਹਾਂ ’ਚ ਨਕਲਾਂ ਕਰਵਾ ਤੇ ਬਾਕੀ ਬੋਝੇ ’ਚ ਪਾ। ਦੋਸ਼ੀ ਅਮੀਰ ਹੋਣ ਜੱਜ ਤਾਂ ਵੀ ਚਲਾਨ ਲੈ ਲਏ। ਅਮੀਰ ਦੋਸ਼ੀ ਦੋ ਤਾਰੀਖ਼ਾਂ ਵੱਧ ਭੁਗਤਣ ਨਾਲੋਂ ਪੱਲਿਉਂ ਪੈਸੇ ਖ਼ਰਚ ਕੇ ਨਕਲਾਂ ਤਿਆਰ ਕਰਨ ਨੂੰ ਤਰਜੀਹ ਦਿੰਦਾ ਹੈ। ਹੁਣ ਜਦੋਂ ਕਿ ਨਾ ਸਾਇਲ ਵਿਚ ਪਰੋਖੋ ਸੀ ਤੇ ਨਾ ਵਕੀਲ ਦਾ ਪਤਾ ਸੀ ਤਾਂ ਜੱਜ ਕੀ ਕਰੇ ?

ਇਸ ਕੇਸ ਦੀ ਸਮਾਇਤ ਸੈਸ਼ਨ ਜੱਜ ਨੇ ਕਰਨੀ ਸੀ। ਉਥੇ ਵਾਧੂ ਪਈ ਇਕ-ਇਕ ਤਾਰੀਖ਼ ਦਾ ਹਿਸਾਬ ਹੋਣਾ ਸੀ। ਸੈਸ਼ਨ ਜੱਜ ਨੇ ਉਸ ਤੋਂ ਸਪੱਸ਼ਟੀਕਰਨ ਮੰਗਣਾ ਸੀ। ਮੈਜਿਸਟ੍ਰੇਟ ਦੀ ਕੁਤਾਹੀ ਕਾਰਨ ਦੋਸ਼ੀ ਵੱਧ ਸਜ਼ਾ ਕਿਉਂ ਭੁਗਤਣ ?

ਦੋਵੇਂ ਧਿਰਾਂ ਆਪਣੀ-ਆਪਣੀ ਥਾਂ ਜਾਇਜ਼ ਸਨ। ਫੇਰ ਮਸਲਾ ਹੱਲ ਕਿਵੇਂ ਹੋਵੇ ?

ਜੱਜ ਕੁੜਿੱਕੀ ਵਿਚ ਸੀ। ਉਸਨੂੰ ਕਰਾਈ ਵਗਾਰ ਦੀ ਸ਼ਰਮ ਸੀ। ਕਾਨੂੰਨੀ ਤੌਰ ’ਤੇ ਵੀ ਉਹ ਚਲਾਨ ਵਾਪਸ ਨਹੀਂ ਸੀ ਕਰ ਸਕਦਾ। ਜੇ ਚਲਾਨ ਵਾਪਸ ਹੋ ਗਿਆ ਤਾਂ ਦੋਸ਼ੀਆਂ ਦੀ ਜ਼ਮਾਨਤ ਹੋ ਗਈ ਤਾਂ ਮਰਿਆ ਸੱਪ ਪੁਲਿਸ ਦੇ ਗਲੋਂ ਲਹਿ ਕੇ ਜੱਜ ਦੇ ਗਲ ਆ ਪੈਣਾ ਸੀ, ਪਿੱਛੋਂ ਉਸ ਨੂੰ ਖਹਿੜਾ ਛੁਡਾਉਣਾ ਔਖਾ ਹੋ ਜਾਣਾ ਸੀ।

ਆਖ਼ਿਰ ਹੱਲ ਲੱਭਿਆ ਗਿਆ।

ਅਹਿਲਮੱਦ ਨੂੰ ਬੁਲਾਇਆ ਗਿਆ। ਉਸ ਨੂੰ ਨਕਲਾਂ ਚੰਗੀ ਤਰ੍ਹਾਂ ਚੈੱਕ ਕਰਨ ਦਾ ਹੁਕਮ ਸੁਣਾਇਆ ਗਿਆ।



ਨਕਲਾਂ ਪੂਰੀਆਂ ਕਰਨ ਦੀ ਜ਼ਿੰਮੇਵਾਰੀ ਨਾਜ਼ਰ ਦੀ ਥਾਂ, ਮੇਜਰ ਦੀ ਲਾਈ ਗਈ।

ਇਹ ਫੈਸਲਾ ਦੋਹਾਂ ਨੂੰ ਮਨਜ਼ੂਰ ਸੀ।

ਨਾਜ਼ਰ ਨੂੰ ਇਸ ਲਈ ਕਿਉਂਕਿ ਉਸ ਨੇ ਮੇਜਰ ਦਾ ਘਰ ਪੂਰਾ ਕੀਤਾ ਹੋਇਆ ਸੀ। ਉਹ ਕਮੀ-ਪੇਸ਼ੀ ਆਪੇ ਢੱਕ ਦੇਵੇਗਾ।

ਮੇਜਰ ਇਸ ਲਈ ਕਿ ਥਾਣੇਦਾਰ ਹੁਣ ਉਸ ਦੀ ਦਾੜ੍ਹ ਹੇਠ ਸੀ। ਉਹ ਦੋ ਸੌ ਖ਼ਰਚ ਕੇ ਨਕਲਾਂ ਪੂਰੀਆਂ ਕਰੇਗਾ ਜਾਂ ਮੇਜਰ ਨੂੰ ਬਾਕੀ ਦੇ ਸੱਤਰ ਰੁਪਏ ਦੇਵੇਗਾ।

# 4

ਨਾਜ਼ਰ ਸਿੰਘ ਦੋ ਘੰਟੇ ਤੋਂ ਵਾਰੀ ਉਡੀਕ ਰਿਹਾ ਸੀ। ਅਹਿਲਮੱਦ ਨੇ ਹਾਲੇ ਤੱਕ ਉਸ ਦੀ ਵਾਤ ਨਹੀਂ ਸੀ ਪੁੱਛੀ।

ਇਸ ਅਰਸੇ ਦੌਰਾਨ ਅਹਿਲਮੱਦ ਕੋਲ ਕਈ ਆਏ ਤੇ ਕੰਮ ਕਰਾ ਕੇ ਚਲੇ ਗਏ। ਇਕ-ਦੋ ਸਿਪਾਹੀ ਅਤੇ ਹੌਲਦਾਰ ਵੀ ਚਲਾਨ ਪਾਸ ਕਰਵਾ ਗਏ। ਨਾਜ਼ਰ ਨੇ ਜਦੋਂ ਵੀ ਆਪਣੇ ਬੈਠੇ ਹੋਣ ਦਾ ਅਹਿਸਾਸ ਕਰਾਇਆ, ਉਹ ਟਾਲ ਜਾਂਦਾ ਰਿਹਾ। ਫਸੀ ਨੂੰ ਫੜਕਣ ਕੀ ? ਉਹ ਸਬਰ ਦਾ ਘੁੱਟ ਭਰੀ ਬਿਟਰ-ਬਿਟਰ ਤੱਕਦਾ ਰਿਹਾ।

ਮੇਜਰ ਨੂੰ ਕਦੇ ਵਿਹਲ ਮਿਲਦੀ ਤਾਂ ਉਹ ਛੋਟੇ-ਮੋਟੇ ਕੰਮਾਂ ਵਿਚ ਰੁੱਝ ਜਾਂਦਾ।

ਪਹਿਲਾਂ ਉਹ ਮਿਸਲਾਂ ਦਾ ਮੁੱਠਾ ਲੈ ਕੇ ਬੈਠ ਗਿਆ। ਇਕ-ਇਕ ਕਰ ਕੇ ਸਾਰੀਆਂ ਮਿਸਲਾਂ ਖੋਲ੍ਹੀਆਂ, ਤਰਤੀਬਵਾਰ ਕਰ ਕੇ ਬੰਨ੍ਹ ਦਿੱਤੀਆਂ। ਫੇਰ ਦੂਸਰਾ ਮੁੱਠਾ ਖੋਲ੍ਹਿਆ ਅਤੇ ਇਹੋ ਕਾਰਵਾਈ ਦੁਹਰਾਈ।

ਫੇਰ ਬੜੀ ਪ੍ਰੀਤ ਨਾਲ ਸੰਮਨ ਕੱਟਣ ਲੱਗਾ। ਇਕ-ਇਕ ਸੰਮਨ ’ਤੇ ਤਿੰਨ-ਤਿੰਨ ਮਿੰਟ ਲਾਉਣ ਲੱਗਾ, ਜਦੋਂ ਕਿ ਉਸ ਦੀ ਰਫ਼ਤਾਰ ਇਕ ਮਿੰਟ ਵਿਚ ਤਿੰਨ ਸੰਮਨ ਕੱਟਣ ਦੀ ਸੀ।

ਫੇਰ ਇਸ ਦਾ ਮਤਲਬ ਸੀ ਮੇਜਰ ਸਿੰਘ ਉਸ ਦਾ ਕੰਮ ਨਹੀਂ ਸੀ ਕਰਨਾ ਚਾਹੁੰਦਾ।

ਸ਼ੱਕ ਦੂਰ ਕਰਨ ਲਈ ਥਾਣੇਦਾਰ ਨੇ ਮੇਜਰ ਤੋਂ ਸਾਫ਼-ਸਾਫ਼ ਸ਼ਬਦਾਂ ਵਿਚ ਪੁੱਛਿਆ, “ਮੇਰੀ ਵਾਰੀ ਆਊ ਕਿ ਨਹੀਂ ?”

“ਆਊ ਕਿਉਂ ਨਹੀਂ। ਮੈਂ ਵਿਹਲਾ ਬੈਠਾਂ। ਸਰਕਾਰੀ ਕੰਮ ਕਰ ਰਿਹਾਂ।” ਮੇਜਰ ਦੀ ਆਵਾਜ਼ ਵਿਚ ਵੀ ਥਾਣੇਦਾਰ ਜਿੰਨੀ ਹੀ ਕੁੜੱਤਣ ਸੀ

“ਕਈ ਮੇਰੇ ਤੋਂ ਪਿੱਛੋਂ ਆ ਕੇ ਪਹਿਲਾਂ ਕੰਮ ਕਰਾ ਗਏ।”

“ਉਨ੍ਹਾਂ ਪੂਰੀ ਫ਼ੀਸ ਦਿੱਤੀ ਹੈ। ਤੂੰ ਦੇ ਦੇ।” ਮੇਜਰ ਵੀ ਥਾਣੇਦਾਰ ਨੂੰ ਕਿਸੇ ਭੁਲੇਖੇ ਵਿਚ ਨਹੀਂ ਸੀ ਰੱਖਣਾ ਚਾਹੁੰਦਾ। ਬਾਰਾਂ ਵੱਜ ਚੁੱਕੇ ਸਨ। ਸਮਰੀ ਕੇਸਾਂ ਦੇ ਦੋਸ਼ੀਆਂ ਦੀ ਹਾਜ਼ਰੀ ਲਾਉਣ ਦਾ ਸਮਾਂ ਹੋ ਗਿਆ ਸੀ। ਨਾਜ਼ਰ ਤੁਰੇ ਤਾਂ ਉਹ ਪੈਸੇ ਬਟੋਰਨੇ ਸ਼ੁਰੂ ਕਰੇ।

ਨਾਇਬ ਕੋਰਟ ਕਈ ਚੱਕਰ ਲਾ ਚੁੱਕਾ ਸੀ। ਉਸ ਦੇ ਹੱਥ ਵਿਚ ਟਰੈਫ਼ਿਕ ਦੇ ਚਲਾਨਾਂ ਦਾ ਥੱਬਾ ਸੀ। ਦੁਕਾਨਾਂ, ਫ਼ੈਕਟਰੀਆਂ ਵਾਲੇ ਤਾਂ ਥਾਣੇਦਾਰ ਤੋਂ ਨਹੀਂ ਸਨ ਝਿਜਕੇ। ਮੇਜਰ ਨਾਲ ਗੱਲ ਕਰ ਗਏ ਸਨ ਪਰ ਟਰੈਫ਼ਿਕ ਦੇ ਚਲਾਨ ਪੁਲਿਸ ਰਾਹੀਂ ਭੁਗਤਦੇ ਸਨ। ਨਾਇਬ ਕੋਰਟ ਪੁਲਿਸ ਕਰਮਚਾਰੀ ਸੀ। ਥਾਣੇਦਾਰ ਦੇ ਸਾਹਮਣੇ ਕੋਈ ਹੇਰਾ-ਫੇਰੀ ਹੋਈ ਤਾਂ ਉਸ ਦੀ ਸ਼ਿਕਾਇਤ ਹੋ ਜਾਣੀ ਸੀ। ਡਿਪਟੀ ਬੜਾ ਅੜੀਅਲ ਸੀ। ਸਸਪੈਂਡ ਕਰ ਕੇ ਸਿੱਧਾ ਘਰ ਨੂੰ ਤੋਰੇਗਾ। ਉਸ ਨੇ ਕਈ ਥਾਣੇਦਾਰ ਮੁਅੱਤਲ ਕੀਤੇ ਸਨ, ਸਿਪਾਹੀ ਕਿਸ ਖੇਤ ਦੀ ਮੂਲੀ ਸੀ।



ਇਸ ਵਾਰ ਜਦੋਂ ਨਾਇਬ ਕੋਰਟ ਵਾਪਸ ਮੁੜਿਆ ਤਾਂ ਨਾਜ਼ਰ ਨੇ ਖੰਘੂਰਾ ਮਾਰ ਦਿੱਤਾ। ਮੇਜਰ ਮਤਲਬ ਤਾੜ ਗਿਆ। ਨਾ ਖੇਡਣਾ ਨਾ ਖੇਡਣ ਦੇਣਾ, ਖੁੱਤੀ ਵਿਚ.....। ਜੇ ਮੇਜਰ ਉਸ ਦਾ ਕੰਮ ਨਹੀਂ ਕਰਦਾ ਤਾਂ ਉਹ ਵੀ ਫ਼ੀਸ ਨਹੀਂ ਲੈ ਸਕਦਾ।

ਦੋਹਾਂ ਨੇ ਅੜੀ ਫੜ ਲਈ। ਉਹ ਇਕ-ਦੂਜੇ ਦੇ ਕੰਮ ਵਿਚ ਰੋੜਾ ਅਟਕਾਉਣ ਲੱਗੇ।

ਨਾਜ਼ਰ ਸਿੰਘ ਨੇ ਤਾਂ ਕੁਰਸੀ ਨਾ ਛੱਡੀ, ਮੇਜਰ ਹੀ ਟਲ ਗਿਆ। ਜੇ ਇਥੇ ਸੌਦਾ ਨਹੀਂ ਹੁੰਦਾ ਨਾ ਸਹੀ। ਮੁਨਸ਼ੀਆਂ, ਨਕਲ-ਨਵੀਸਾਂ ਅਤੇ ਟਾਈਪਿਸਟਾਂ ਦੇ ਤਖ਼ਤਪੋਸ਼ਾਂ ਜਾਂ ਵਕੀਲਾਂ ਦੇ ਖੋਖਿਆਂ ਵਿਚ ਸਹੀ।

ਮੁਨਸ਼ੀਆਂ ਮੁਸੱਦੀਆਂ ਤੋਂ ਉਗਰਾਹੀ ਕਰਦੇ ਅਹਿਲਮੱਦ ਨੂੰ ਇਕ ਵੱਜ ਗਿਆ।

ਲੰਚ-ਬਕਸ ਚੁੱਕਣ ਜਦੋਂ ਉਹ ਵਾਪਸ ਆਇਆ ਤਾਂ ਨਾਜ਼ਰ ਗ਼ਾਇਬ ਸੀ। ਮੇਜਰ ਨੇ ਸੁੱਖ ਦਾ ਸਾਹ ਲਿਆ। ਬਲਾ ਟਲੀ।

ਮੇਜਰ ਦੇ ਪਹਿਲੀ ਬੁਰਕੀ ਤੋੜਦਿਆਂ ਹੀ ਨਾਇਬ ਕੋਰਟ ਆ ਧਮਕਿਆ। ਉਸ ਨੇ ਮੇਜਰ ਨੂੰ ਸਾਵਧਾਨ ਕੀਤਾ। ਥਾਣੇਦਾਰ ਬਹੁਤ ਗਰਮ ਸੀ। ਸਰਕਾਰੀ ਵਕੀਲ ਦੇ ਦਫ਼ਤਰ ਵਿਚ ਮੇਜਰ ਦੇ ਖ਼ਿਲਾਫ਼ ਗੋਂਦ ਗੁੰਦੀ ਜਾ ਰਹੀ ਸੀ।

ਸਰਕਾਰੀ ਵਕੀਲ ਬਲਦੀ ’ਤੇ ਤੇਲ ਪਾ ਰਿਹਾ ਸੀ। ਉਹ ਮੇਜਰ ’ਤੇ ਵਿਜੀਲੈਂਸ ਦਾ ਰੇਡ ਕਰਾਉਣ ਦਾ ਸੁਝਾਅ ਦੇ ਰਿਹਾ ਸੀ। ਮੇਜਰ ਨੇ ਅੱਤ ਚੁੱਕੀ ਹੋਈ ਸੀ। ਬਿਨਾਂ ਪੈਸੇ ਲਏ ਉਹ ਸਕੇ ਬਾਪ ਦਾ ਵੀ ਕੰਮ ਨਹੀਂ ਸੀ ਕਰਦਾ। ਉਹ ਆਖ ਰਿਹਾ ਸੀ।

ਇਹ ਤਜਵੀਜ਼ ਨਾਜ਼ਰ ਸਿੰਘ ਨੂੰ ਮਨਜ਼ੂਰ ਨਹੀਂ ਸੀ। ਰੇਡ ’ਤੇ ਪੂਰੀ ਦਿਹਾੜੀ ਲੱਗਣੀ ਸੀ। ਮਸਲਾ ਤਾਂ ਸ਼ਾਮ ਤਕ ਚਲਾਨ ਪੇਸ਼ ਕਰਨ ਦਾ ਸੀ।

ਨਾਜ਼ਰ ਸਿੰਘ ਦੇ ਦੜ ਵੱਟ ਲੈਣ ’ਤੇ ਸੁਰਿੰਦਰ ਨੇ ਦੂਜਾ ਹੱਲ ਸੁਝਾਇਆ ਸੀ।

“ਅਸੀਂ ਅਹਿਲਮੱਦ ਦੇ ਬਾਪ ਦੇ ਨੌਕਰ ਨਹੀਂ, ਬਈ ਸਾਰਾ ਦਿਨ ਉਸ ਦੇ ਬੂਹੇ ਅੱਗੇ ਬੈਠੇ ਰਹੀਏ। ਕਾਗ਼ਜ਼-ਪੱਤਰ ਲਾਉਣਾ ਉਸ ਦੀ ਡਿਊਟੀ ਹੈ। ਕਾਗ਼ਜ਼ ਲੱਭਦੇ ਹਨ ਤਾਂ ਲਾਵੇ, ਨਹੀਂ ਲੱਭਦੇ ਤਾਂ ਨਾ ਲਾਵੇ। ”

“ਤੂੰ ਚਲਾਨ ਰੱਖ ਜਾ। ਮੈਂ ਆਪੇ ਪੇਸ਼ ਕਰ ਦੇਊਂ। ਕਾਗ਼ਜ਼-ਪੱਤਰ ਸਹੀ ਹਨ ਜਾਂ ਨਹੀਂ, ਇਹ ਘੋਖਣਾ ਜੱਜ ਦਾ ਕੰਮ ਨਹੀਂ। ਘਾਟ-ਵਾਧ ਹੋਏਗੀ ਤਾਂ ਦੋਸ਼ੀ ਬਰੀ ਹੋ ਜਾਣਗੇ। ਜੱਜ ਨੇ ਇਹੋ ਦੇਖਣਾ ਹੈ ਕਿ ਜਿੰਨੇ ਕਾਗ਼ਜ਼ ਪੁਲਿਸ ਚਲਾਨ ਨਾਲ ਲੱਗੇ ਆਖਦੀ ਹੈ, ਉਹ ਲੱਗੇ ਹਨ ਜਾਂ ਨਹੀਂ, ਬੱਸ।”

ਇਸ ਤਜਵੀਜ਼ ’ਤੇ ਵੀ ਨਾਜ਼ਰ ਨੇ ਚੁੱਪ ਧਾਰ ਲਈ।

ਦੁੱਧ ਦਾ ਫੂਕਿਆ ਉਹ ਲੱਸੀ ਨੂੰ ਵੀ ਫੂਕਾਂ ਮਾਰ ਕੇ ਪੀਂਦਾ ਸੀ। ਦੂਜਿਆਂ ਸਹਾਰੇ ਕੰਮ ਸੁੱਟਣ ਦੀ ਅਣਗਹਿਲੀ ਉਸ ਤੋਂ ਇਕ ਵਾਰ ਹੋਈ ਸੀ। ਉਸੇ ਵਿਚ ਉਸ ਦੀ ਦੋ ਸਾਲ ਦੀ ਨੌਕਰੀ ਕੱਟੀ ਗਈ ਸੀ। ਨਹੀਂ ਉਹ ਅੱਜ ਸਬ ਇੰਸਪੈਕਟਰ ਹੁੰਦਾ ਤੇ ਕਿਸੇ ਥਾਣੇ ਦਾ ਮੁੱਖ ਅਫ਼ਸਰ।

ਇਹ ਗ਼ਲਤੀ ਉਸ ਸਮੇਂ ਹੋਈ ਜਦੋਂ ਉਹ ਪਹਿਲੀ ਵਾਰ ਹੌਲਦਾਰ ਲੱਗਾ ਸੀ।

ਪਹਿਲੇ ਹੌਲਦਾਰ ਨੇ ਸ਼ਰਾਬ ਦੇ ਇਕ ਠੇਕੇਦਾਰ ਕੋਲੋਂ ਦਸ ਬੋਰੇ ਸ਼ਰਾਬ ਦੇ ਫੜੇ ਸਨ, ਬਿਨਾਂ ਪਰਮਿਟ ਦੇ। ਦੋਸ਼ੀ ਕੋਈ ਕਰਿੰਦਾ ਹੁੰਦਾ ਤਾਂ ਠੇਕੇਦਾਰ ਪਰਵਾਹ ਨਾ ਕਰਦਾ। ਮੁਕੱਦਮਾ

ਹਿੱਸੇਦਾਰ ’ਤੇ ਬਣਿਆ ਸੀ। ਜ਼ਿਲ੍ਹੇ ਭਰ ਦੇ ਠੇਕੇਦਾਰਾਂ ਦੇ ਵਕਾਰ ਦਾ ਸਵਾਲ ਸੀ। ਸਾਰੇ ਠੇਕੇਦਾਰ ਮੁਕੱਦਮਾ ਕੈਂਸਲ ਕਰਾਉਣ ’ਤੇ ਤੁੱਲ ਗਏ।

ਪਹਿਲਾਂ ਉਨ੍ਹਾਂ ਐਕਸਾਈਜ਼ ਇੰਸਪੈਕਟਰ ਤੋਂ ਉਸ ਦੇ ਮਹਿਕਮੇ ਦਾ ਸਾਰਾ ਰਿਕਾਰਡ ਤਬਦੀਲ ਕਰਵਾਇਆ। ਫੇਰ ਉਸ ਤੋਂ ਰਿਪੋਰਟ ਕਰਵਾਈ। ਫੜਿਆ ਮਾਲ ਪਰਮਿਟ ਦਾ ਸੀ, ਪਰਮਿਟ ਉਸੇ ਨੇ ਜਾਰੀ ਕੀਤਾ ਸੀ। ਠੇਕੇਦਾਰ ਪੁਲਿਸ ਨੂੰ ਵਗਾਰ ਨਹੀਂ ਸੀ ਦਿੰਦਾ। ਇਸੇ ਰੰਜਿਸ਼ ਕਾਰਨ ਇਹ ਮੁਕੱਦਮਾ ਬਣਿਆ ਸੀ।

ਪੁਲਿਸ ਕਪਤਾਨ ਨੇ ਠੇਕੇਦਾਰਾਂ ਦੇ ਇਸ ਦੋਸ਼ ਦੀ ਪੜਤਾਲ ਕਰਵਾਈ। ਦੋਸ਼ ਤਾਂ ਸਾਬਤ ਨਾ ਹੋਏ ਪਰ ਮੁਕੱਦਮਾ ਚਾਰ ਮਹੀਨੇ ਲਈ ਜ਼ਰੂਰ ਲਟਕ ਗਿਆ।

ਠੇਕੇਦਾਰਾਂ ਦੀ ਇਥੇ ਦਾਲ ਨਾ ਗਲੀ ਤਾਂ ਉਨ੍ਹਾਂ ਕੈਮੀਕਲਜ਼ ਐਗਜ਼ਾਮੀਨਰ ਨਾਲ ਰਿਸ਼ਤੇਦਾਰੀ ਗੰਢੀ। ਉਹ ਨਮੂਨੇ ਵਿਚ ਤਾਂ ਹੇਰਾਫੇਰੀ ਕਰਨ ਦੀ ਜੁਰਅਤ ਨਾ ਕਰ ਸਕਿਆ ਪਰ ਕੁਝ ਸਮੇਂ ਲਈ ਰਿਪੋਰਟ ਜ਼ਰੂਰ ਦੱਬ ਲਈ।

ਨਾਜ਼ਰ ਨੂੰ ਮਿਸਲ ਮਿਆਦ ਮੁੱਕਣ ਤੋਂ ਇਕ ਦਿਨ ਪਹਿਲਾਂ ਦਿੱਤੀ ਗਈ।

ਮਿੰਨਤ ਤਰਲਾ ਕਰ ਕੇ ਉਸ ਨੇ ਸਰਕਾਰੀ ਵਕੀਲ ਤੋ ਚਲਾਨ ਪਾਸ ਕਰਵਾ ਲਿਆ। ਮੁਲਜ਼ਮ ਨੂੰ ਲੈਣ ਗਿਆ ਤਾਂ ਪਤਾ ਲੱਗਾ ਉਹ ਜੰਮੂ ਬੈਠਾ ਹੈ ।

ਬਿਨਾਂ ਦੋਸ਼ੀ ਤੋਂ ਆਖ਼ਰੀ ਦਿਨ ਚਲਾਨ ਪੇਸ਼ ਕਰਨ ਦਾ ਮਤਲਬ ਸੀ, ਕੋਈ ਵੱਡੀ ਸਾਰੀ ਵਗਾਰ। ਉਨ੍ਹੀਂ ਦਿਨੀਂ ਹਾਈਕੋਰਟ ਦੇ ਜੱਜ ਨੇ ਇੰਸਪੈਕਸ਼ਨ ’ਤੇ ਆਉਣਾ ਸੀ। ਉਸ ਦੇ ਅਮਲੇ ਫੈਲੇ ਲਈ ਫੰਡ ਇਕੱਠਾ ਕੀਤਾ ਜਾ ਰਿਹਾ ਸੀ। ਜਿਹੜਾ ਵੀ ਤਫ਼ਤੀਸ਼ੀ ਕਚਹਿਰੀ ਵੜਦਾ, ਉਸੇ ਦੀ ਜੇਬ ਕੱਟ ਲਈ ਜਾਂਦੀ। ਨਾਜ਼ਰ ਨਵਾਂ-ਨਵਾਂ ਹੌਲਦਾਰ ਬਣਿਆ ਸੀ। ਡਰਦਾ ਰਿਸ਼ਵਤ ਨਹੀਂ ਸੀ ਲੈਂਦਾ। ਬਹੁਤਾ ਭਾਰ ਝੱਲਣਾ ਉਸ ਦੇ ਵਿਤੋਂ ਬਾਹਰ ਸੀ।

ਪੰਜਾਹ ਦਾ ਨੋਟ ਲੈ ਕੇ ਅਹਿਲਮੱਦ ਨੇ ਹਿੱਕ ਥਾਪੜੀ। ਉਹ ਆਪੇ ਜੱਜ ਕੋਲੋਂ ਦਸਤਖ਼ਤ ਕਰਵਾ ਲਏਗਾ। ਅਹਿਲਮੱਦ ’ਤੇ ਸਾਰਾ ਥਾਣਾ ਭਰੋਸਾ ਕਰਦਾ ਸੀ। ਨਾਜ਼ਰ ਨੇ ਵੀ ਕਰ ਲਿਆ। ਅਹਿਲਮੱਦ ਦੇ ਮੋਢਿਆਂ ’ਤੇ ਭਾਰ ਸੁੱਟ ਕੇ ਉਹ ਸੁੱਖ ਦੀ ਨੀਂਦ ਜਾ ਸੁੱਤਾ।

ਅੱਖ ਉਦੋਂ ਖੁੱਲ੍ਹੀ ਜਦੋਂ ਪੁਲਿਸ ਕਪਤਾਨ ਵੱਲੋਂ ਨੋਟਿਸ ਆ ਗਿਆ। ਦੋਸ਼ੀ ਉਸ ਦੀ ਅਣਗਹਿਲੀ ਕਾਰਨ ਬਰੀ ਹੋਇਆ ਸੀ। ਚਲਾਨ ਮਿਆਦ ਦੇ ਅੰਦਰ ਪੇਸ਼ ਕਿਉਂ ਨਾ ਕੀਤਾ ? ਇਸ ਦਾ ਕਾਰਨ ਪੁੱਛਿਆ ਗਿਆ ਸੀ।

ਨਾਜ਼ਰ ਦੁਹੱਥੜੇ ਮਾਰਨ ਤੋਂ ਸਿਵਾ ਕੁਝ ਨਹੀਂ ਸੀ ਕਰ ਸਕਿਆ। ਉਹ ਅਹਿਲਮੱਦ ਕੋਲ ਜਾ ਕੇ ਪਿੱਟਿਆ। ਉਸ ਨੇ ਮਜਬੂਰੀ ਜ਼ਾਹਰ ਕੀਤੀ। ਠੇਕੇਦਾਰਾਂ ਨੇ ਜੱਜ ਤਕ ਪਹੁੰਚ ਕਰ ਲਈ ਸੀ। ਚਲਾਨ ਜੱਜ ਨੇ ਟਰਕਾਇਆ ਸੀ। ਉਸ ਦਿਨ ਤੋਂ ਨਾਜ਼ਰ ਨੇ ਕੰਨਾਂ ਨੂੰ ਹੱਥ ਲਾ ਲਏ। ਜਿੰਨਾ ਚਿਰ ਅਹਿਲਮੱਦ ਆਪਣੇ ਰਜਿਸਟਰ ਵਿਚ ਚਲਾਨ ਪੇਸ਼ ਹੋਣ ਦਾ ਇੰਦਰਾਜ ਨਹੀਂ ਸੀ ਕਰ ਲੈਂਦਾ, ਉਨਾ ਚਿਰ ਉਹ ਥਾਣੇ ਵਾਪਸ ਨਹੀਂ ਸੀ ਜਾਂਦਾ।

ਬੰਟੀ ਕਤਲ ਕੇਸ ਬਹੁ-ਚਰਚਿਤ ਕੇਸ ਸੀ। ਇਸ ਵਿਚ ਉਸ ਨੂੰ ਰਸੀਦ ਚਾਹੀਦੀ ਸੀ। ਉਹ ਵੀ ਅਹਿਲਮੱਦ ਦੇ ਦਸਤਖ਼ਤੀ।

ਉਹ ਚਲਾਨ ਸਰਕਾਰੀ ਵਕੀਲ ਨੂੰ ਫੜਾ ਕੇ ਜਾਣ ਲਈ ਤਿਆਰ ਨਹੀਂ ਸੀ। ਉਹ ਚਲਾਨ ਪੇਸ਼ ਵੀ ਕਰੇਗਾ ਅਤੇ ਰਸੀਦ ਵੀ ਲਏਗਾ, ਮੇਜਰ ਵਿਰੁੱਧ ਜੋ ਕਰ ਸਕਿਆ ਕਰੇਗਾ।



ਸਮੱਸਿਆ ਦੇ ਹੱਲ ਲਈ ਨਾਜ਼ਰ ਨੂੰ ਕਿਸੇ ਦੀ ਸਹਾਇਤਾ ਦੀ ਜ਼ਰੂਰਤ ਨਹੀਂ ਸੀ। ਨਾ ਵਿਜੀਲੈਂਸ ਦੀ, ਨਾ ਸਰਕਾਰੀ ਵਕੀਲ ਦੀ। ਜੇ ਉਸ ਨੇ ਅਹਿਲਮੱਦ ਵਿਰੁੱਧ ਕਾਰਵਾਈ ਕਰਨੀ ਹੋਈ ਤਾਂ ਉਹ ਖ਼ੁਦ ਕਰੇਗਾ, ਆਪਣੇ ਬਲ-ਬੂਤੇ ’ਤੇ।

ਨਾਜ਼ਰ ਸਿੰਘ ਸਾਰੇ ਅਮਲੇ-ਫੈਲੇ ਨੂੰ ਜਾਣਦਾ ਸੀ। ਸ਼ਾਮ ਨੂੰ ਸਭ ਸ਼ਰਾਬੀ ਹੋਏ ਹੁੰਦੇ ਹਨ। ਕੋਈ ਕਿਸੇ ਵਕੀਲ ਦੇ ਖੋਖੇ ਵਿਚ ਲੇਟਿਆ ਪਿਆ ਹੁੰਦੈ, ਕੋਈ ਕਿਸੇ ਚੌਕ ਵਿਚ। ਕੋਈ ਕਿਸੇ ਅਵਾਰਾ ਜ਼ਨਾਨੀ ਨੂੰ ਲਈ ਰਿਟਾਇਰਿੰਗ ਰੂਮ ਵਿਚ ਵੜਿਆ ਹੁੰਦਾ ਅਤੇ ਕੋਈ ਤਾਸ਼ ਫੜੀ ਕੋਰਟ-ਰੂਮ ਨੂੰ ਜੂਆਖ਼ਾਨਾ ਬਣਾਈ ਬੈਠਾ ਹੁੰਦਾ। ਨਾਜ਼ਰ ਨੂੰ ਉਨ੍ਹਾਂ ਸਾਰੇ ਅੱਡਿਆਂ ਦਾ ਪਤਾ ਹੈ, ਜਿਥੇ ਜਾ ਕੇ ਇਹ ਖੇਹ ਖਾਂਦੇ ਹਨ। ਨਾਜ਼ਰ ਚਾਹੇ ਤਾਂ ਅੱਜ ਹੀ ਸਾਰਿਆਂ ਦੇ ਹੱਥਕੜੀ ਜੜ੍ਹ ਦੇਵੇ। ਉਹ ਉਨ੍ਹਾਂ ਦਾ ਲਿਹਾਜ਼ ਰੱਖਦਾ ਸੀ। ਹਰ ਰੋਜ਼ ਮੂੰਹ-ਮੱਥੇ ਲੱਗਦੇ ਸਨ। ਲੋਕ ਕੀ ਆਖਣਗੇ ? ਡੈਣ ਨੇ ਇਕ ਘਰ ਵੀ ਨਹੀਂ ਛੱਡਿਆ।

ਔਕਿਆ ਥਾਣੇਦਾਰ ਅੱਜ ਸ਼ਾਮ ਕੋਈ ਕਾਰਵਾਈ ਕਰ ਸਕਦਾ ਸੀ।

ਨਾਇਬ ਕੋਰਟ ਨੇ ਜੋ ਸੁਣਿਆ ਸੀ, ਉਹ ਹੂ-ਬ-ਹੂ ਮੇਜਰ ਨੂੰ ਆ ਸੁਣਾਇਆ ਸੀ। ਅਗਾਂਹ ਮੇਜਰ ਨੇ ਸੋਚਣਾ ਸੀ ਕਿ ਉਸ ਨੇ ਕੀ ਕਰਨਾ ਸੀ।

ਉਂਝ ਨਾਇਬ ਕੋਰਟ ਦੀ ਸਲਾਹ ਸੀ ਕਿ ਗੱਲ ਬਹੁਤੀ ਨਾ ਵਧਾਈ ਜਾਏ। ਨਾਜ਼ਰ ਬੰਦਾ ਮਾੜਾ ਨਹੀਂ। ਇਸ ਕੇਸ ਨੇ ਸੱਚਮੁੱਚ ਉਸ ਦੀ ਟੋਟਨੀ ਗੰਜੀ ਕਰ ਦਿੱਤੀ ਸੀ। ਨਾਇਬ ਕੋਰਟ ਉਸ ਦਾ ਜ਼ਾਮਨ ਬਣਨ ਨੂੰ ਤਿਆਰ ਸੀ। ਜਿਉਂ ਹੀ ਨਾਜ਼ਰ ਨੂੰ ਕੋਈ ਤਫ਼ਤੀਸ਼ ਮਿਲੀ, ਉਹ ਸੌ ਦਾ ਨੋਟ ਲਿਆ ਦੇਵੇਗਾ।

ਅਹਿਲਮੱਦ ਨਾਇਬ ਕੋਰਟ ਨਾਲ ਸਹਿਮਤ ਨਹੀਂ ਸੀ। ਪਹਿਲਾਂ ਸੱਤ-ਅੱਠ ਸੌ ਸੁਰਿੰਦਰ ਰਗੜ ਗਿਆ, ਫੇਰ ਡੀ.ਏ. ਨੇ ਵਗਾਰ ਕਰਵਾਈ। ਮੇਜਰ ਵਾਰੀ ਜੇਬ ਨੂੰ ਜਿੰਦਾ ਕਿਉਂ ?

ਨਾਇਬ ਕੋਰਟ ਨੇ ਖ਼ੁਦ ਹੀ ਤਾਂ ਦੱਸਿਆ ਸੀ। ਇਹ ਚਲਾਨ ਲੈ ਕੇ ਨਾਜ਼ਰ ਤਿੰਨ ਦਿਨ ਡੀ.ਏ. ਦੇ ਦਫ਼ਤਰ ਅੱਗੇ ਬੈਠਾ ਰਿਹਾ ਸੀ। ਡੀ.ਏ. ਚਾਹੁੰਦਾ ਸੀ ਫ਼ੀਸ ਦੀ ਗੱਲ ਪਹਿਲਾਂ ਨਾਜ਼ਰ ਸਿੰਘ ਚਲਾਏ। ਵੱਡੇ ਅਫ਼ਸਰ ਆਪ ਫ਼ੀਸ ਦੀ ਗੱਲ ਚਲਾਉਂਦੇ ਚੰਗੇ ਨਹੀਂ ਲੱਗਦੇ। ਨਾਜ਼ਰ ਸੀ ਕਿ ਲੀਹ ’ਤੇ ਨਹੀਂ ਸੀ ਆ ਰਿਹਾ।

ਜਦੋਂ ਨਾਜ਼ਰ ਨੇ ਮੂੰਹ ’ਤੇ ਮਿੱਟੀ ਮਲ ਲਈ ਤਾਂ ਐਨ ਆਖ਼ਰੀ ਵਕਤ ’ਤੇ ਡੀ.ਏ. ਨੇ ਕੱਛ ’ਚੋਂ ਮੁੰਗਲਾ ਕੱਢ ਮਾਰਿਆ।

ਉਂਗਲਾਂ ਦੇ ਨਿਸ਼ਾਨਾਂ ਬਾਰੇ ਰਾਏ ਦਿੰਦੇ ਸਮੇਂ ਫੋਰੈਂਸਿਕ ਸਾਇੰਸ ਲਬਾਰਟਰੀ ਵਾਲਿਆਂ ਤੋਂ ਇਕ ਵੱਡੀ ਗ਼ਲਤੀ ਹੋਈ ਸੀ। ਉਹ ਦਰੁਸਤ ਨਾ ਹੋਈ ਤਾਂ ਦੋਸ਼ੀਆਂ ਨੇ ਬਰੀ ਹੋ ਜਾਣਾ ਸੀ।

ਜਿਸ ਥਾਂ ਤੋਂ ਬੰਟੀ ਦੀ ਲਾਸ਼ ਬਰਾਮਦ ਹੋਈ ਸੀ, ਉਸ ਥਾਂ ਤੋਂ ਮਾਹਿਰਾਂ ਨੂੰ ਉਂਗਲਾਂ ਦੇ ਕੁਝ ਨਿਸ਼ਾਨ ਮਿਲੇ ਸਨ। ਸਬੂਤ ਵੱਜੋਂ ਉਹ ਨਿਸ਼ਾਨ ਉਸੇ ਦਿਨ ਲਬਾਰਟਰੀ ਵਿਚ ਜਮ੍ਹਾਂ ਹੋਣੇ ਚਾਹੀਦੇ ਸਨ ਜਿਸ ਦਿਨ ਦੋਸ਼ੀਆਂ ਨੇ ਕਾਬੂ ਆਉਣਾ ਸੀ। ਉਸ ਦਿਨ ਉਨ੍ਹਾਂ ਦੇ ਨਿਸ਼ਾਨ ਮੁੜ ਜਾਣੇ ਸਨ। ਫੇਰ ਲਬਾਰਟਰੀ ਵਾਲਿਆਂ ਨੇ ਮੌਕੇ ਤੋਂ ਮਿਲੇ ਨਿਸ਼ਾਨਾਂ ਨੂੰ ਦੋਸ਼ੀਆਂ ਦੇ ਨਿਸ਼ਾਨਾਂ ਨਾਲ ਮਿਲਾਉਣਾ ਸੀ ਤੇ ਇਹ ਸਾਬਤ ਕਰਨਾ ਸੀ ਕਿ ਜਿਨ੍ਹਾਂ ਵਿਅਕਤੀਆਂ ਨੇ ਮੌਕੇ ’ਤੇ ਲਾਸ਼

ਸੁੱਟੀ ਸੀ ਉਹ ਇਹੋ ਸਨ।

ਮੌਕੇ 'ਤੇ ਮਿਲੇ ਨਿਸ਼ਾਨ ਪਤਾ ਨਹੀਂ ਕਿਸ ਆਦਮੀ ਦੇ ਸਨ। ਜਦੋਂ ਪਾਲੇ ਅਤੇ ਮੀਤੇ ਨੂੰ ਇਸ ਕੇਸ ਵਿਚ ਗ੍ਰਿਫ਼ਤਾਰ ਕਰਨ ਦਾ ਪ੍ਰੋਗਰਾਮ ਬਣਿਆ ਸੀ ਤਾਂ ਉਨ੍ਹਾਂ ਦੀਆਂ ਉਂਗਲਾਂ ਦੇ ਨਿਸ਼ਾਨ ਵੀ ਲੈ ਲਏ ਗਏ ਸਨ। ਇਕ ਭਰੋਸੇਯੋਗ ਅਫ਼ਸਰ ਰਾਹੀਂ ਪਹਿਲਿਆਂ ਦੀ ਥਾਂ ਇਹ ਨਿਸ਼ਾਨ ਰਖਵਾਏ ਗਏ ਸਨ । ਫੇਰ ਜ਼ਾਬਤੇ ਅਨੁਸਾਰ ਕਾਰਜਕਾਰੀ ਮੈਜਿਸਟ੍ਰੇਟ ਸਾਹਮਣੇ ਉਨ੍ਹਾਂ ਦੀਆਂ ਉਂਗਲਾਂ ਦੇ ਨਿਸ਼ਾਨ ਲਏ ਗਏ ਅਤੇ ਜ਼ਾਬਤੇ ਅਨੁਸਾਰ ਲਬਾਰਟਰੀ ਕੋਲ ਪਹਿਲਾਂ ਜਮ੍ਹਾਂ ਕਰਵਾਏ ਨਿਸ਼ਾਨਾਂ ਨਾਲ ਮਿਲਾਨ ਕਰਨ ਲਈ ਭੇਜੇ ਗਏ।

ਲਬਾਰਟਰੀ ਵਾਲਿਆਂ ਨੇ ਨਿਸ਼ਾਨ ਤਬਦੀਲ ਕਰ ਦਿੱਤੇ। ਪੁਲਿਸ ਦੀ ਲੋੜ ਅਨੁਸਾਰ ਰਿਪੋਰਟ ਵੀ ਲਿਖ ਦਿੱਤੀ। ਰਿਪੋਰਟ ਵਿਚ ਇਕ ਖ਼ਾਨਾ ਸੀ ਜਿਸ ਵਿਚ ਉਹ ਤਾਰੀਖ਼ ਦਰਜ ਕਰਨੀ ਸੀ ਜਿਸ ਦਿਨ ਮੌਕੇ ਤੋਂ ਲਏ ਗਏ ਨਿਸ਼ਾਨ ਲਬਾਰਟਰੀ ਵਿਚ ਜਮ੍ਹਾਂ ਹੋਏ ਸਨ। ਭੁਲੇਖੇ ਨਾਲ ਇਥੇ ਉਹ ਤਾਰੀਖ਼ ਲਿਖ ਗਏ ਜਿਸ ਦਿਨ ਪੁਰਾਣੇ ਨਿਸ਼ਾਨਾਂ ਨੂੰ ਨਵੇਂ ਨਿਸ਼ਾਨਾਂ ਨਾਲ ਤਬਦੀਲ ਕੀਤਾ ਗਿਆ ਸੀ। ਇਸ ਗ਼ਲਤੀ ਨਾਲ ਇਹ ਸਾਬਤ ਹੋ ਰਿਹਾ ਸੀ ਕਿ ਮੌਕੇ ਤੋਂ ਲਏ ਗਏ ਨਿਸ਼ਾਨ ਦੋ ਤਾਰੀਖ਼ਾਂ 'ਤੇ ਜਮ੍ਹਾਂ ਹੋਏ ਸਨ। ਇਕ ਵਾਰ ਲਾਸ਼ ਬਰਾਮਦਗੀ ਵਾਲੇ ਦਿਨ, ਦੂਜੀ ਵਾਰ ਰਿਪੋਰਟ ਵਿਚ ਦਰਜ ਤਾਰੀਖ਼ ਵਾਲੇ ਦਿਨ। ਇਸ ਘਪਲੇ ਨਾਲ ਖੇਡ ਵਿਗੜ ਜਾਣੀ ਸੀ।

ਰਿਪੋਰਟ ਦਰੁਸਤ ਹੋਣੀ ਜ਼ਰੂਰੀ ਸੀ। ਨਵੀਂ ਦੀ ਥਾਂ ਪੁਰਾਣੀ ਤਾਰੀਖ਼ ਦਰਜ ਹੋਣੀ ਚਾਹੀਦੀ ਸੀ।

ਲਬਾਰਟਰੀ ਵਿਚੋਂ ਨਵੀਂ ਚਿੱਠੀ ਜਾਰੀ ਕਰਵਾਉਣੀ ਕੋਈ ਵੱਡੀ ਗੱਲ ਨਹੀਂ ਸੀ। ਸਮੱਸਿਆ ਸੀ ਸਮੇਂ ਦੀ ਘਾਟ। ਸ਼ਾਮ ਦੇ ਚਾਰ ਵੱਜ ਚੁੱਕੇ ਸਨ। ਚੰਡੀਗੜ੍ਹ ਜਾ ਕੇ ਬਾਬੂਆਂ ਨੂੰ ਘਰੋਂ ਲੱਭਣਾ, ਰਿਪੋਰਟ ਠੀਕ ਕਰਵਾਉਣੀ ਅਤੇ ਫੇਰ ਅਫ਼ਸਰਾਂ ਤੋਂ ਦਰੁਸਤ ਕਰਵਾਉਣਾ ਅਸੰਭਵ ਸੀ।

ਡੀ.ਏ. ਹਾਲੇ ਇਸੇ ਤਰ੍ਹਾਂ ਚਲਾਨ ਪਾਸ ਕਰੇ। ਨਾਜ਼ਰ ਇਸੇ ਤਰ੍ਹਾਂ ਪੇਸ਼ ਕਰ ਦੇਵੇਗਾ। ਪਿੱਛੋਂ ਚੰਡੀਗੜ੍ਹ ਜਾ ਕੇ ਨਵੀਂ ਚਿੱਠੀ ਜਾਰੀ ਕਰਵਾਏਗਾ ਅਤੇ ਚੁਪਕੇ ਜਿਹੇ ਮਿਸਲ ਨਾਲ ਨੱਥੀ ਕਰ ਦੇਵੇਗਾ।

ਇਹ ਪਾਪ ਸੀ, ਜੁਰਮ ਸੀ। ਇਸ ਜੁਰਮ ਵਿਚ ਡੀ.ਏ. ਭਾਗੀਦਾਰ ਕਿਉਂ ਬਣੇ ? ਜੇ ਉਸ ਨੂੰ ਵੀ ਪਾਪਾਂ ਦੀ ਪੰਡ ਚੁਕਾਉਣੀ ਹੈ ਤਾਂ ਉਸ ਦੀ ਸਮੱਸਿਆ ਦਾ ਹੱਲ ਕੀਤਾ ਜਾਵੇ। ਗਰਮੀ ਨੇੜੇ ਆ ਰਹੀ ਸੀ। ਉਸ ਨੂੰ ਕੂਲਰ ਚਾਹੀਦਾ ਸੀ, ਪ੍ਰਬੰਧ ਕੀਤਾ ਜਾਵੇ।

ਕੂਲਰ ਦੀ ਵਗਾਰ ਸੁਣਦਿਆਂ ਹੀ ਨਾਜ਼ਰ ਦੀ ਭੂੱਬ ਨਿਕਲ ਗਈ। ਉਸ ਨੇ ਆਪਣੀ ਮਜਬੂਰੀ ਦੱਸ ਕੇ ਖਹਿੜਾ ਛੁਡਾਉਣਾ ਚਾਹਿਆ ਤਾਂ ਡੀ.ਏ. ਡਾਇਰੀ ਕੱਢ ਕੇ ਬੈਠ ਗਿਆ। ਅੰਕੜੇ ਦੱਸਣ ਲੱਗਾ। ਤਫ਼ਤੀਸ਼ ਸਮੇਂ ਕਿਸ ਥਾਣੇਦਾਰ ਨੇ ਕਿਸ ਵਿਅਕਤੀ ਤੋਂ ਕਿੰਨੇ ਪੈਸੇ ਲਏ ਸਨ। ਕੂਲਰ 'ਤੇ ਉਸ ਦਾ ਸੌਂਵਾਂ ਹਿੱਸਾ ਵੀ ਖ਼ਰਚ ਨਹੀਂ ਸੀ ਆਉਣਾ।

ਨਾਜ਼ਰ ਨੂੰ ਖੈਤਾਨ ਪੱਖੇ ਦੇ ਪੈਸੇ ਦੇ ਕੇ ਖਹਿੜਾ ਛੁਡਾਉਣਾ ਪਿਆ ਸੀ।

ਨਾਇਬ ਕੋਰਟ ਕੁਝ ਵੀ ਆਖੇ, ਮੇਜਰ ਨੂੰ ਥਾਣੇਦਾਰ ਨਾਲ ਕੋਈ ਹਮਦਰਦੀ ਨਹੀਂ ਸੀ।



ਨਾਜ਼ਰ ਤਾਂ ਨਾਜ਼ਰ, ਅਹਿਲਮੱਦ ਨੂੰ ਸਰਕਾਰੀ ਵਕੀਲ ਦਾ ਵੀ ਕੋਈ ਡਰ ਨਹੀਂ ਸੀ।

"ਮੈਨੂੰ ਕਿਸੇ ਸਰਕਾਰੀ ਵਕੀਲ ਦਾ ਡਰ ਨਹੀਂ। ਉਸ ਨੇ ਕਿਹੜਾ ਮੁਫ਼ਤ 'ਚ ਕੰਮ ਕੀਤੈ ? ਦੋ ਦਿਨ ਪੀਂਦਾ ਰਿਹਾ। ਫੇਰ ਨਕਦ ਨਰਾਇਣ ਲਿਆ। ਹੁਣ ਸਾਡੀ ਫ਼ੀਸ 'ਤੇ ਜਲਦੈ।"

ਅਜਿਹਾ ਕਾਣਾ ਸਰਕਾਰੀ ਵਕੀਲ ਮੇਜਰ ਨਾਲ ਪੰਗਾ ਨਹੀਂ ਲੈ ਸਕਦਾ।

ਫੇਰ ਵੀ ਮੇਜਰ ਚੁਕੰਨਾ ਹੋ ਗਿਆ। ਉਹ ਨਾਜ਼ਰ ਨਾਲ ਉਚਿਤ ਢੰਗ ਨਾਲ ਨਿਬੜਨ ਦੀ ਤਿਆਰੀ ਕਰਨ ਲੱਗਾ।

ਉਹੋ ਹੋਇਆ, ਜੋ ਨਾਇਬ ਕੋਰਟ ਦੱਸ ਕੇ ਗਿਆ ਸੀ।

ਦੁਬਾਰਾ ਆਇਆ ਥਾਣੇਦਾਰ ਉਸ 'ਤੇ ਹਾਵੀ ਹੋਣ ਦਾ ਯਤਨ ਕਰਨ ਲੱਗਾ।

"ਆਹ ਪਈ ਆ ਮਿਸਲ, ਜਿਹੜੀ ਮਰਜ਼ੀ ਰਿਪੋਰਟ ਕਰ। ਮੈਂ ਅਗਾਂਹ ਐਸ.ਐਸ.ਪੀ. ਨੂੰ ਰਿਪੋਰਟ ਕਰਨੀ ਹੈ।" ਆਖਦੇ ਨਾਜ਼ਰ ਨੇ ਮਿਸਲ ਮੇਜਰ ਦੇ ਟੇਬਲ 'ਤੇ ਵਗਾਹ ਮਾਰੀ।

"ਕਿੰਨੇ ਮੁਲਜ਼ਮ ਆ ਇਸ ਕੇਸ ਵਿਚ ?"

"ਦੋ।"

"ਨਕਲਾਂ ਦੇ ਸੈੱਟ ਕਿੰਨੇ ਨੇ ?"

"ਇਕ।"

"ਦੋ ਸੈੱਟ ਲਿਆ। ਮੈਂ ਰਿਪੋਰਟ ਕਰ ਦਿੰਨਾਂ।" ਮੇਜਰ 'ਤੇ ਨਾਜ਼ਰ ਦੀ ਧਮਕੀ ਦਾ ਕੋਈ ਅਸਰ ਨਹੀਂ ਸੀ। ਬੜੀ ਨਿਮਰਤਾ ਨਾਲ ਉਸ ਨੇ ਮਿਸਲ ਥਾਣੇਦਾਰ ਵੱਲ ਖਿਸਕਾ ਦਿੱਤੀ।

"ਦੋਹਾਂ ਮੁਲਜ਼ਮਾਂ ਨੇ ਇਕੋ ਵਕੀਲ ਕੀਤੈ। ਇਕ ਸੈੱਟ ਨਾਲ ਕੰਮ ਚੱਲ ਜੂ।"

"ਫੇਰ ਤੂੰ ਵਕੀਲ ਤੋਂ ਲਿਖਵਾ ਲਿਆ।"

"ਮੈਂ ਕਿਸੇ ਵਕੀਲ ਦੀ ਮਿੰਨਤ ਨਹੀਂ ਕਰਨੀ।"

"ਫੇਰ ਸਾਡੀ ਕਰ।" ਮੇਜਰ ਨੇ ਵਿਅੰਗ ਕੀਤਾ।

"ਤੁਸੀਂ ਬਾਬੂ ਲੋਕ ਕਿਸੇ ਦਾ ਲਿਹਾਜ਼ ਨਹੀਂ ਕਰਦੇ। ਉਹ ਦਿਨ ਭੁੱਲ ਗਿਆ, ਜਦੋਂ ਮੇਮਣੇ ਵਾਂਗ ਮੇਰੇ ਅੱਗੇ ਪਿੱਛੇ ਮਿਆਂਕਦਾ ਫਿਰਦਾ ਸੀ। ਮੈਂ ਚਾਹਾਂ ਤਾਂ ਤੈਨੂੰ ਹੁਣੇ ਅੰਦਰ ਕਰ ਸਕਦਾਂ। ਕਿਹੜਾ ਜੁਰਮ ਹੈ, ਜਿਹੜਾ ਤੁਸੀਂ ਨਹੀਂ ਕਰਦੇ ? ਮਿਸਲਾਂ ਵਕੀਲਾਂ ਦੇ ਘਰ ਪਹੁੰਚਾ ਦੇਂਦੇ ਹੋ। ਸਾਰੇ ਗੁਪਤ ਦਸਤਾਵੇਜ਼ਾਂ ਦੀਆਂ ਨਕਲਾਂ ਉਨ੍ਹਾਂ ਕੋਲ ਹੁੰਦੀਆਂ ਹਨ। ਤੁਸੀਂ ਵਸੀਅਤਾਂ, ਪਰਨੋਟਾਂ ਅਤੇ ਰਿਕਾਰਡ ਵਿਚ ਹੇਰਾ-ਫੇਰੀ ਕਰਦੇ ਹੋ। ਕੇਸ ਤਬਾਹ ਕਰ ਦਿੰਦੇ ਹੋ।"

ਨਾਜ਼ਰ ਦਾ ਪਾਰਾ ਚੜ੍ਹਦਾ ਜਾ ਰਿਹਾ ਸੀ। ਉਸ ਦੀ ਉੱਚੀ ਆਵਾਜ਼ ਸੁਣ ਕੇ ਨਾਲ ਬੈਠੇ ਬਾਬੂ ਆਪਣੀਆਂ-ਆਪਣੀਆਂ ਸੀਟਾਂ ਛੱਡ ਕੇ ਉਨ੍ਹਾਂ ਕੋਲ ਆ ਖੜੋਤੇ।

"ਤੁਸੀਂ ਕਿਹੜਾ ਘੱਟ ਗੰਦ ਪਾਇਆ ਹੋਇਐ। ਸਾਰਾ ਦਿਨ ਸਾਡੇ ਸਿਰਾਂ 'ਤੇ ਖੜੇ ਰਹਿੰਦੇ ਹੋ। ਕਦੇ ਲਾਹਣ ਦੀ ਟੈਸਟ ਰਿਪੋਰਟ ਬਦਲਾ ਦਿਓ, ਕਦੇ ਮਕੈਨਿਕ ਦੀ। ਕਦੇ ਦਫ਼ਾ ਕਾਹਠ ਦੇ ਬਿਆਨ ਠੀਕ ਕਰ ਦਿਉ, ਕਦੇ ਨਕਸ਼ਾ ਮੌਕਾ। ਅਸੀਂ ਸੋਡਾ ਸਾਥ ਨਾ ਦੇਈਏ ਤਾਂ ਤੁਸੀਂ ਚਾਰ ਦਿਨਾਂ 'ਚ ਘਰ ਨੂੰ ਤੁਰ ਜਾਵੋ। ਨਾਲੇ ਇਸ ਕੇਸ ਵਿਚ ਜਾਣੀ ਤੂੰ ਕਦੇ ਰੱਦੋ-ਬਦਲ ਨਹੀਂ ਕਰੇਂਗਾ ? ਕੱਲ੍ਹ ਨੂੰ ਹੀ ਆਖੇਂਗਾ, ਮੈਂ ਫ਼ੋਰੈਂਸਿਕ ਸਾਇੰਸ ਲਬਾਰਟਰੀ ਦੀ ਰਿਪੋਰਟ ਬਦਲਨੀ ਐਂ।"

ਨਾਜ਼ਰ ਨੇ ਜਦੋਂ ਬਾਬੂਆਂ 'ਤੇ ਹਮਲਾ ਕਰ ਦਿੱਤਾ ਤਾਂ ਦੀਵਾਨੀ ਅਹਿਲਮੱਦ ਸ਼ਤੀਸ਼ ਕੁਮਾਰ ਨੂੰ ਵੀ ਗ਼ੁੱਸਾ ਆ ਗਿਆ। ਉਹ ਨਾਜ਼ਰ ਦੇ ਹੋਸ਼ ਟਿਕਾਣੇ ਕਰਨ ਲੱਗਾ।

ਇਕ-ਇਕ ਕਰਕੇ ਸਾਰਾ ਸਟਾਫ਼ ਨਾਜ਼ਰ ਦੇ ਗਲ ਪੈ ਗਿਆ। ਵਕਤ ਖੁੱਲ੍ਹਾ ਹੁੰਦਾ ਤਾਂ ਪਹਿਲਾਂ ਉਹ ਥਾਣੇ ਜਾਂਦਾ। ਅਹਿਲਮੱਦ 'ਤੇ ਕੁਰੱਪਸ਼ਨ ਦਾ ਪਰਚਾ ਦਰਜ ਕਰਦਾ, ਭਰੀ ਕਚਹਿਰੀ 'ਚੋਂ ਗ੍ਰਿਫ਼ਤਾਰ ਕਰ ਕੇ ਉਸ ਨੂੰ ਨਾਨੀ ਯਾਦ ਕਰਾਉਂਦਾ। ਨਤੀਜਾ ਚਾਹੇ ਕੁਝ ਵੀ ਨਿਕਲਦਾ। ਉਹ ਪੁਲਿਸ ਅਫ਼ਸਰ ਸੀ। ਦੁਆਨੀ ਦੇ ਬਾਬੂ ਤੋਂ ਤੌਹੀਨ ਤਾਂ ਨਹੀਂ ਸੀ ਕਰਾਉਣੀ।

ਇਸ ਵਕਤ ਨਾਜ਼ਰ ਕੇਵਲ ਸ਼ਿਕਾਇਤ ਹੀ ਕਰ ਸਕਦਾ ਸੀ।

ਜੱਜ ਕੰਮ ਮੁਕਾ ਕੇ ਰਿਟਾਇਰਿੰਗ ਰੂਮ ਵਿਚ ਜਾ ਚੁੱਕਾ ਸੀ। ਉਹ ਸਟੈਨੋ ਨੂੰ ਕੋਈ ਫ਼ੈਸਲਾ ਲਿਖਾ ਰਿਹਾ ਸੀ। ਅਰਦਲੀ ਬਾਹਰ ਖੜ੍ਹਾ ਸੀ। ਅਰਦਲੀ ਨੂੰ ਸਖ਼ਤ ਹਦਾਇਤ ਸੀ, 'ਜਿੰਨਾ ਚਿਰ ਫ਼ੈਸਲਾ ਲਿਖਾਇਆ ਜਾ ਰਿਹੈ ਕੋਈ ਅੰਦਰ ਨਾ ਆਵੇ।' ਪਰ ਭਰੇ-ਪੀਤੇ ਨਾਜ਼ਰ ਨੇ ਕਿਸੇ ਦੀ ਪਰਵਾਹ ਨਾ ਕੀਤੀ। ਉਹ ਤੁਫ਼ਾਨ ਵਾਂਗ ਰਿਟਾਇਰਿੰਗ ਰੂਮ ਵਿਚ ਜਾ ਵੜਿਆ।

"ਹੱਦ ਹੋ ਗਈ ਜਨਾਬ! ਅਹਿਲਮੱਦ ਨੇ ਮੈਥੋਂ ਪੈਸੇ ਵੀ ਲੈ ਲਏ ਤੇ ਕੰਮ ਵੀ ਨਹੀਂ ਕਰਦਾ। ਤੀਹ ਲੈ ਲਏ, ਸੱਤਰ ਹੋਰ ਮੰਗਦੈ।" ਗੁੱਸੇ 'ਚ ਲਾਲ-ਪੀਲਾ ਹੋਏ ਨਾਜ਼ਰ ਨੂੰ ਸਾਰੇ ਪੁਲਿਸ ਰੂਲ ਭੁੱਲ ਗਏ। ਬਿਨਾਂ ਸਲੂਟ ਮਾਰੇ ਹੀ ਉਹ ਆਪਣੇ ਦੁਖੜੇ ਰੋਣ ਲੱਗਾ।

"ਮੈਂ ਰਾਜਾ ਹਰੀਸ਼ਚੰਦਰ ਵਰਗੀ ਈਮਾਨਦਾਰ ਪੁਲਿਸ ਨੂੰ ਜਾਣਦਾਂ। ਛੱਜ ਤਾਂ ਬੋਲੇ ਛਾਨਣੀ ਕੀ ਬੋਲੇ।" ਮੈਜਿਸਟ੍ਰੇਟ ਵੀ ਉਸੇ ਗੁਸਤਾਖ਼ੀ ਨਾਲ ਨਾਜ਼ਰ 'ਤੇ ਵਰ੍ਹ ਪਿਆ। ਇਸ ਤਰ੍ਹਾਂ ਦਾ ਵਿਵਹਾਰ ਕਰ ਕੇ ਉਹ ਮੇਜਰ ਦਾ ਪੱਖ ਨਹੀਂ ਸੀ ਲੈ ਰਿਹਾ, ਸਗੋਂ ਨਾਜ਼ਰ ਦੇ ਬਿਨਾਂ ਇਜਾਜ਼ਤ ਅੰਦਰ ਘੁਸ ਆਉਣ 'ਤੇ ਔਖਾ ਸੀ। ਅੰਦਰ ਤਾਂ ਚਲੋ ਉਹ ਆ ਗਿਆ, ਗੱਲ ਤਾਂ ਸਲੀਕੇ ਨਾਲ ਕਰੇ।

ਜੱਜ ਦੀ ਝਾੜ ਨੇ ਨਾਜ਼ਰ ਦੇ ਮੱਥੇ ਦੀਆਂ ਤਿਊੜੀਆਂ ਹੋਰ ਸੰਘਣੀਆਂ ਕਰ ਦਿੱਤੀਆਂ। ਟੋਭੇ ਦਾ ਗਵਾਹ ਡੱਡੂ। ਇਕ ਵਾਰ ਉਸ ਦੇ ਮਨ ਵਿਚ ਆਇਆ, ਉਹ ਪੁਲਿਸ ਨੂੰ 'ਛਾਨਣੀ' ਆਖਣ ਵਾਲੇ ਜੱਜ ਨੂੰ ਪਹਿਲਾਂ ਪੀੜ੍ਹੀ ਥੱਲੇ ਸੋਟਾ ਮਾਰਨ ਲਈ ਆਖੇ। ਜਦੋਂ ਉਸ ਨੇ ਟਾਇਰ ਮੰਗੇ ਸਨ, ਉਦੋਂ ਉਹ ਹਰੀਸ਼ ਚੰਦਰ ਸੀ?

ਗੁੱਸਾ ਨਾਜ਼ਰ ਦੇ ਕਾਬੂ ਤੋਂ ਬਾਹਰ ਹੁੰਦਾ ਜਾ ਰਿਹਾ ਸੀ। ਉਹ ਦਸ-ਬਾਰਾਂ ਸਾਲ ਪਹਿਲਾਂ ਵਾਲਾ ਇਤਿਹਾਸ ਦੁਹਰਾਉਣਾ ਚਾਹੁੰਦਾ ਸੀ। ਉਸ ਸਮੇਂ ਉਹ ਸੁਨਾਮ ਲੱਗਾ ਹੋਇਆ ਸੀ। ਉਥੇ ਜੱਜ ਤੋਤਾ ਰਾਮ ਸੀ, ਬੜਾ ਸਖ਼ਤ। ਥਾਣੇਦਾਰ ਜੇ ਸੰਮਨ ਤਾਮੀਲ ਕਰ ਕੇ ਸ਼ਹਾਦਤ ਦੇਣ ਨਾ ਆਵੇ ਤਾਂ ਉਹ ਅਗਲੀ ਵਾਰ ਆਏ ਨੂੰ ਜੁਰਮਾਨਾ ਕਰੇ ਬਗ਼ੈਰ ਨਹੀਂ ਸੀ ਛੱਡਦਾ। ਜੁਰਮਾਨਾ ਵੀ ਨਕਦ ਨਹੀਂ ਸੀ ਵਸੂਲਦਾ। ਵਸੂਲੀ ਲਈ ਪੁਲਿਸ ਕਪਤਾਨ ਨੂੰ ਲਿਖਦਾ ਸੀ। ਮਤਲਬ ਹੁੰਦਾ ਸੀ, ਗ਼ਲਤੀ ਕਪਤਾਨ ਦੀ ਨਜ਼ਰ ਚੜ੍ਹ ਜਾਵੇ।

ਉਪਰੋਂ ਈਮਾਨਦਾਰੀ ਦਾ ਢੌਂਗ ਰਚਦਾ ਸੀ। ਵੈਸੇ ਉਹ ਨਾਜ਼ਰ ਨਾਲ ਖੁੱਲ੍ਹਾ ਸੀ। ਅੜੇ-ਥੁੜੇ ਨਾਜ਼ਰ ਉਸ ਦੇ ਕੰਮ ਆਉਂਦਾ ਸੀ।

ਇਕ ਵਾਰ ਨਾਜ਼ਰ ਦੇ ਵੀ ਵਰੰਟ ਜਾਰੀ ਹੋ ਗਏ। ਜਿਸ ਦਿਨ ਉਸ ਦੀ ਗਵਾਹੀ ਸੀ, ਉਸ ਦਿਨ ਸ਼ਹਿਰ ਵਿਚ ਮੁੱਖ ਮੰਤਰੀ ਆਇਆ ਹੋਇਆ ਸੀ। ਵੀ.ਆਈ.ਪੀ. ਡਿਊਟੀ ਕਾਰਨ ਉਹ ਗਵਾਹੀ ਦੇਣ ਨਹੀਂ ਸੀ ਆ ਸਕਿਆ।

ਪੇਸ਼ੀ ਤੋਂ ਇਕ ਦਿਨ ਪਹਿਲਾਂ ਨਾਜ਼ਰ ਨੂੰ ਕੋਠੀ ਬੁਲਾਇਆ ਗਿਆ। ਜੱਜ ਕੋਲ ਸੈਸ਼ਨ ਜੱਜ ਦਾ ਸੁਪ੍ਰਿਟੈਂਡੈਂਟ ਬੈਠਾ ਸੀ।



ਐਤਵਾਰ ਨੂੰ ਸੁਪ੍ਰਿਟੈਂਡੈਂਟ ਦੀ ਲੜਕੀ ਦੀ ਸ਼ਾਦੀ ਸੀ। ਜੱਜ ਉਸ ਨੂੰ ਘਿਓ ਦਾ ਪੀਪਾ ਭੇਜਣਾ ਚਾਹੁੰਦਾ ਸੀ।

ਨਾਜ਼ਰ ਨੇ ਖਿੜੇ ਮੱਥੇ ਹੁਕਮ ਦੀ ਤਾਮੀਲ ਕੀਤੀ।

ਅਗਲੇ ਦਿਨ ਜਦੋਂ ਉਹ ਗਵਾਹੀ ਦੇਣ ਗਿਆ ਤਾਂ ਤੋਤਾ ਰਾਮ ਨੇ ਉਸ ਨਾਲ ਅੱਖ ਨਾ ਮਿਲਾਈ। ਨਾਜ਼ਰ ਨੇ ਸੋਚਿਆ ਅਫ਼ਸਰ ਠੀਕ ਕਰ ਰਿਹੈ। ਜਦੋਂ ਰਿਆਇਤ ਕਰਨੀ ਹੋਵੇ ਤਾਂ ਦਿਖਾਵਾ ਨਹੀਂ ਕਰੀਦਾ।

ਗਵਾਹੀ ਸਮੇਂ ਹੋਰਨਾਂ ਵਾਂਗ ਉਸ ਨੂੰ ਵੀ ਨੋਟਿਸ ਜਾਰੀ ਕੀਤਾ ਗਿਆ। ਨਾਜ਼ਰ ਨੂੰ ਹਾਲੇ ਵੀ ਆਸ ਸੀ ਕਿ ਜੱਜ ਉਸ ਦੇ ਸਪੱਸ਼ਟੀਕਰਨ ਨੂੰ ਸਹੀ ਮੰਨ ਕੇ ਨੋਟਿਸ ਖ਼ਾਰਜ ਕਰ ਦੇਵੇਗਾ। ਇਸ ਤਰ੍ਹਾਂ ਦੂਸਰਿਆਂ ਨੂੰ ਇਤਰਾਜ਼ ਕਰਨ ਦਾ ਮੌਕਾ ਨਹੀਂ ਮਿਲੇਗਾ।

ਜਦੋਂ ਜੱਜ ਨੇ ਉਸ ਨੂੰ ਵੀ ਪੰਜਾਹ ਰੁਪਏ ਜੁਰਮਾਨਾ ਕਰ ਦਿੱਤਾ ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ।

ਜਦੋਂ ਕੋਈ ਵੀ ਮਿੰਨਤ-ਤਰਲਾ ਜੱਜ ਨੂੰ ਪਸੀਜ ਨਾ ਸਕਿਆ ਤਾਂ ਨਾਜ਼ਰ ਅੰਦਰਲਾ ਭੈਰੋਂ ਜਾਗ ਉੱਠਿਆ। ਅੱਖਾਂ 'ਚੋਂ ਅੱਗ ਬਰਸਾਉਂਦਾ ਉਹ ਰਿਟਾਇਰਿੰਗ ਰੂਮ ਵਿਚ ਜਾ ਬੈਠਾ।

ਉਸ ਨੂੰ ਰਿਟਾਇਰਿੰਗ ਰੂਮ ਵਿਚ ਵੜਿਆ ਦੇਖ ਕੇ ਜੱਜ ਵੀ ਪਿੱਛੇ ਹੀ ਆ ਗਿਆ।

"ਕੱਲ੍ਹ ਜਿਹੜਾ ਪੀਪਾ ਮੈਂ ਭੇਜਿਆ ਸੀ, ਉਸ 'ਤੇ ਮੇਰਾ ਡੇਢ ਸੌ ਲੱਗਾ ਸੀ। ਪੰਜਾਹ ਕੱਟ ਕੇ ਸੌ ਮੈਨੂੰ ਵਾਪਸ ਕਰ ਦਿਉ।"

ਨਾਜ਼ਰ ਦੀ ਗੱਲ ਸੁਣ ਕੇ ਜੱਜ ਦਾ ਚਿਹਰਾ ਪੀਲਾ ਭੂਕ ਹੋ ਗਿਆ। ਉਹ ਮਿਉਂ-ਮਿਉਂ ਕਰਨ ਲੱਗਾ। ਉਸ ਨੂੰ ਖਹਿੜਾ ਛੁਡਾਉਣਾ ਔਖਾ ਹੋ ਗਿਆ। ਜਿੰਨਾ ਚਿਰ ਜੱਜ ਨੇ ਨੋਟਿਸ ਪਾੜ ਨਾ ਦਿੱਤਾ, ਨਾਜ਼ਰ ਨੂੰ ਸਬਰ ਨਾ ਆਇਆ।

ਕੁਝ ਉਹੋ ਜਿਹਾ ਜਵਾਬ ਉਹ ਇਸ ਭਲੇਮਾਨਸ ਨੂੰ ਦੇਣਾ ਚਾਹੁੰਦਾ ਸੀ ਪਰ ਹੁਣ ਤੱਕ ਕਰੋੜਾਂ ਗੈਲਨ ਪਾਣੀ ਪੁਲਾਂ ਹੇਠ ਦੀ ਲੰਘ ਚੁੱਕਾ ਸੀ। ਅੱਜ-ਕੱਲ੍ਹ ਉਹ ਅਫ਼ਸਰਾਂ ਨੂੰ ਨਰਾਜ਼ ਨਹੀਂ ਸੀ ਕਰਦਾ। ਢੀਠ ਬਣ ਕੇ ਸਬਰ ਦੀ ਘੁੱਟ ਭਰਦਾ ਸੀ।

ਨਾਜ਼ਰ ਦੀ ਸ਼ਿਕਾਇਤ ਨੂੰ ਰੱਦੀ ਦੀ ਟੋਕਰੀ ਵਿਚ ਨਹੀਂ ਸੀ ਸੁੱਟਿਆ ਗਿਆ। ਉਸੇ ਵਕਤ ਮੇਜਰ ਨੂੰ ਤਲਬ ਕੀਤਾ ਗਿਆ। ਕੀ ਉਸ ਨੇ ਸੱਚਮੁੱਚ ਥਾਣੇਦਾਰ ਤੋਂ ਰਿਸ਼ਵਤ ਲਈ ਸੀ? ਇਸ ਦੋਸ਼ ਦਾ ਸਪੱਸ਼ਟੀਕਰਨ ਮੰਗਿਆ ਗਿਆ।

ਮੇਜਰ ਦੀ ਸਾਰੀ ਆਕੜ ਲਹਿ ਗਈ। ਉਹ ਥਰ-ਥਰ ਕੰਬਣ ਲੱਗਾ। ਥਰਥਰਾਉਂਦੀ ਆਵਾਜ਼ ਨਾਲ ਉਹ ਇਹੋ ਬਹਾਨਾ ਘੜਦਾ ਰਿਹਾ।

"ਦੋਸ਼ੀ ਦੋ ਹਨ ਪਰ ਨਕਲਾਂ ਦਾ ਸੈੱਟ ਇਕ ਹੈ।"

"ਮੈਂ ਇਕ ਜ਼ਿੰਮੇਵਾਰ ਪੁਲਿਸ ਅਫ਼ਸਰ ਹਾਂ। ਜਦੋਂ ਮੈਂ ਸਾਰੀ ਜ਼ਿੰਮੇਵਾਰੀ ਲੈ ਰਿਹਾ ਹਾਂ ਕਿ ਕੱਲ੍ਹ ਨੂੰ ਨਕਲਾਂ ਪੇਸ਼ ਕਰ ਦਿਆਂਗਾ ਤਾਂ ਇਹ ਮੰਨਦਾ ਕਿਉਂ ਨਹੀਂ?"

ਨਾਜ਼ਰ ਦਾ ਗ਼ੁੱਸਾ ਹਾਲੇ ਵੀ ਠੰਢਾ ਨਹੀਂ ਸੀ ਹੋਇਆ।

"ਸਮਝ ਲੈ ਤੇਰਾ ਚਲਾਨ ਪੇਸ਼ ਹੋ ਗਿਆ। ਤੂੰ ਆਪਣੇ ਕਪਤਾਨ ਨੂੰ ਇਹ ਸੂਚਨਾ ਭੇਜ ਦੇ। ਹੁਣ ਤਾਂ ਠੀਕ ਹੈ? .....ਹੁਣ ਦੂਜੀ ਗੱਲ ਸੁਣ। ਨਕਲਾਂ ਅੱਜ ਹੀ ਤਿਆਰ ਕਰਵਾ, ਭਾਵੇਂ ਰਾਤ ਦੇ ਬਾਰਾਂ ਵੱਜ ਜਾਣ। ਬੱਸ! ਹੋਰ ਕੋਈ ਬਹਾਨਾ ਨਹੀਂ।"

ਮੈਜਿਸਟ੍ਰੇਟ ਨੇ ਸੋਚ-ਸਮਝ ਕੇ ਅਜਿਹਾ ਫ਼ੈਸਲਾ ਸੁਣਾਇਆ ਸੀ, ਇਸ ਨਾਲ ਦੋਹਾਂ ਧਿਰਾਂ ਦੀ ਰਹਿ ਜਾਣੀ ਸੀ।

ਰਿਟਾਇਰਿੰਗ ਰੂਮ ਵਿਚੋਂ ਬਾਹਰ ਨਿਕਲਦੀਆਂ ਦੋਵੇਂ ਧਿਰਾਂ ਖ਼ੁਸ਼ ਸਨ।

ਮੇਜਰ ਇਸ ਲਈ ਕਿ ਨਾਜ਼ਰ ਨੇ ਜੇ ਸੱਤਰ ਨਹੀਂ ਦਿੱਤੇ ਨਾ ਸਹੀ, ਫ਼ੋਟੋਆਂ ’ਤੇ ਤਾਂ ਦੋ ਸੌ ਲਾਏਗਾ ਹੀ।

ਨਾਜ਼ਰ ਸਿੰਘ ਇਸ ਲਈ ਕਿ ਚਲਾਨ ਵੀ ਪੇਸ਼ ਹੋ ਗਿਆ ਅਤੇ ਆਕੜ ਵੀ ਰਹਿ ਗਈ।

ਬਹੁਤਾ ਜ਼ੋਰ ਲਾ ਕੇ ਨਕਲਾਂ ਦਾ ਬਿੱਲ ਪੰਜਾਹ ਰੁਪਏ ਬਣੇਗਾ। ਉਸ ਨੇ ਕਿਹੜਾ ਪੱਲਿਉਂ ਦੇਣੇ ਸਨ। ਫ਼ੋਟੋ-ਸਟੈਟ ਵਾਲੇ ਨਾਲ ਉਸ ਦਾ ਹਿਸਾਬ ਚੱਲਦਾ ਸੀ। ਖਾਤੇ ਵਿਚ ਲਿਖਵਾ ਦੇਵੇਗਾ। ਕਦੇ ਕਿਸੇ ਅਸਾਮੀ ਤੋਂ ਦਿਵਾ ਦੇਵੇਗਾ।



# 5

ਬੰਟੀ ਕਤਲ ਕੇਸ ਦੇ ਅਦਾਲਤ ਵਿਚ ਪੇਸ਼ ਹੋਣ ਦੀ ਸੂਹ ਸਭ ਤੋਂ ਪਹਿਲਾਂ ਬਲਵੰਤ ਰਾਏ ਮੁਨਸ਼ੀ ਨੂੰ ਮਿਲੀ ਸੀ।

ਨਾਜ਼ਰ ਸਿੰਘ ਥਾਣੇਦਾਰ ਨਾਲ ਉਸ ਦੀ ਯਾਰੀ ਸੀ। ਚਲਾਨ ਪੇਸ਼ ਕਰ ਕੇ ਥਾਣੇ ਮੁੜਦਾ ਨਾਜ਼ਰ ਸਿੰਘ ਉਸ ਦੇ ਕੰਨ ਵਿਚ ਫੂਕ ਮਾਰ ਗਿਆ ਸੀ।

“ਦੋਵੇਂ ਦੋਸ਼ੀ ਲਾਵਾਰਿਸ ਹਨ। ਤਿੰਨ ਮਹੀਨਿਆਂ ਤੋਂ ਅੰਦਰ ਹਨ। ਹਾਲੇ ਤਕ ਉਨ੍ਹਾਂ ਨੇ ਕੋਈ ਵਕੀਲ ਨਹੀਂ ਕੀਤਾ। ਚਲਾਨ ਪੇਸ਼ ਹੋਣ ਨਾਲ ਸਮਾਇਤ ਸ਼ੁਰੂ ਹੋ ਜਾਣੀ ਹੈ। ਦੋਸ਼ੀਆਂ ਨੂੰ ਹੁਣ ਵਕੀਲ ਕਰਨਾ ਪੈਣਾ ਹੈ। ਤੂੰ ਜੇ ਥੋੜ੍ਹੀ ਜਿਹੀ ਹਿੰਮਤ ਮਾਰ ਲਏਂ ਤਾਂ ਕੇਸ ਤੇਰੀ ਝੋਲੀ ਪੈ ਸਕਦਾ ਹੈ।”

ਝੱਟ ਬਲਵਿੰਦਰ ਦੇ ਕੰਨ ਖੜੇ ਹੋ ਗਏ। ਉਹ ਸੱਚ ਆਖਦਾ ਸੀ। ਇਹ ਕਤਲ ਕੇਸ ਸੀ। ਕਤਲ ਕੇਸ ਵਿਚ ਵਕੀਲ ਨੇ ਚੋਖੀ ਫ਼ੀਸ ਲੈਣੀ ਸੀ। ਮੁਨਸ਼ੀ ਨੂੰ ਮੁਨਸ਼ੀਆਣਾ ਵੀ ਉਸੇ ਹਿਸਾਬ ਨਾਲ ਮਿਲਣਾ ਸੀ ਅਤੇ ਕੇਸ ਦਿਵਾਉਣ ਦਾ ਕਮਿਸ਼ਨ ਵੀ।

ਚਲਾਨ ਪੇਸ਼ ਹੋਣ ਦੀ ਖ਼ਬਰ ਦੇ ਕਚਹਿਰੀ ਵਿਚ ਫੈਲਣ ਤੋਂ ਪਹਿਲਾਂ-ਪਹਿਲਾਂ ਬਲਵਿੰਦਰ ਨੂੰ ਦੋਸ਼ੀਆਂ ਨਾਲ ਸੰਪਰਕ ਕਾਇਮ ਕਰ ਲੈਣਾ ਚਾਹੀਦਾ ਸੀ।

ਮੁਨਸ਼ੀਪੁਣਾ ਬਲਵਿੰਦਰ ਦਾ ਖ਼ਾਨਦਾਨੀ ਪੇਸ਼ਾ ਸੀ। ਉਸ ਦੇ ਬਾਪ-ਦਾਦੇ ਦੀ ਉਮਰ ਵੀ ਕਚਹਿਰੀ ਦੇ ਇਨ੍ਹਾਂ ਤਖ਼ਤਪੋਸ਼ਾਂ ਉਪਰ ਹੀ ਗੁਜ਼ਰੀ ਸੀ। ਬਲਵਿੰਦਰ ਦੇ ਆਪਣੇ ਤਜਰਬੇ ਦਾ ਵੀ ਇਹ ਤੀਹਵਾਂ ਵਰ੍ਹਾ ਸੀ। ਅਜਿਹੀਆਂ ਅਸਾਮੀਆਂ ਠੁੰਗਣ ਦੇ ਉਸ ਕੋਲ ਢੇਰ ਸਾਰੇ ਨੁਸਖ਼ੇ ਸਨ।

ਪਾਲੇ ਅਤੇ ਮੀਤੇ ਉਪਰ ਉਹ ਕਿਹੜਾ ਨੁਸਖ਼ਾ ਵਰਤੇ? ਇਹ ਜਾਇਜ਼ਾ ਲੈਣ ਲਈ ਬਲਵਿੰਦਰ ਨੇ ਸਿਗਰਟਾਂ ਦੀ ਇਕ ਨਵੀਂ ਡੱਬੀ ਖ਼ਰੀਦੀ ਅਤੇ ਸੈਸ਼ਨ ਕੋਰਟ ਦੀ ਨੁੱਕਰ ਵਾਲੇ ਪਿੱਪਲ ਹੇਠ ਜਾ ਬੈਠਾ।

ਦੋ ਸਿਗਰਟਾਂ ਜੋੜ ਕੇ ਉਸ ਨੇ ਇਕ ਸਿਗਰਟ ਬਣਾਈ। ਉਂਗਲ ਨਾਲ ਧਰਤੀ ’ਤੇ ਸ਼ਤਰੰਜ ਵਾਹੀ।

ਜਦੋਂ ਕਦੇ ਉਸ ਨੇ ਗੰਭੀਰ ਚਿੰਤਨ ਕਰਨਾ ਹੋਵੇ, ਉਦੋਂ ਉਹ ਇੰਝ ਹੀ ਕਰਦਾ ਸੀ।

ਇਕ ਪਾਸੇ ਉਹ ਸਿਗਰਟ ਦੇ ਲੰਬੇ-ਲੰਬੇ ਕਸ਼ ਲਾਉਂਦਾ ਅਤੇ ਦੂਜੇ ਪਾਸੇ ਸ਼ਤਰੰਜ ਦੇ ਮੋਹਰੇ ਦੁੜਾਉਂਦਾ।

ਸਿਗਰਟ ਦਾ ਪਹਿਲਾ ਕਸ਼ ਲਾ ਕੇ ਉਹ ਮੀਤੇ ’ਤੇ ਡੋਰੇ ਪਾਉਣ ਦੀਆਂ ਸਕੀਮਾਂ ਘੜਨ ਲੱਗਾ।

ਗਾਂਧੀ ਬਸਤੀ ‘ਚੂਹੜਿਆਂ ਵਿਹੜੇ’ ਦਾ ਆਧੁਨਿਕ ਨਾਂ ਸੀ। ਨਾ ਇਹ ਪਿੰਡ ਸੀ ਨਾ ਸ਼ਹਿਰ। ਪਿੰਡ ਇਹ ਇਸ ਲਈ ਨਹੀਂ ਸੀ, ਕਿਉਂਕਿ ਇਹ ਸ਼ਹਿਰ ਦੀ ਹਦੂਦ ਵਿਚ ਆਉਂਦਾ

ਸੀ। ਇਥੋਂ ਦੇ ਵਸਨੀਕ ਸੀਰੀ-ਪਾਲੀ ਰਲਣ ਦੀ ਥਾਂ ਘਰਾਂ-ਕਾਰਖ਼ਾਨਿਆਂ ਵਿਚ ਕੰਮ ਕਰਦੇ ਸਨ। ਸ਼ਹਿਰ ਵਿਚ ਇਸ ਬਸਤੀ ਨੂੰ ਇਸ ਲਈ ਨਹੀਂ ਸੀ ਗਿਣਿਆ ਜਾਂਦਾ, ਕਿਉਂਕਿ ਸ਼ਹਿਰ ਦੀ ਅਸਲ ਵੱਸੋਂ ਤੋਂ ਇਹ ਇਕ ਕਿੱਲੋਮੀਟਰ ਦੂਰ ਸੀ। ਦੂਜੇ ਸ਼ਹਿਰ ਦੀ ਇਕ ਵੀ ਆਧੁਨਿਕ ਸਹੂਲਤ ਇਸ ਦੇ ਕੋਲ ਦੀ ਨਹੀਂ ਸੀ ਲੰਘੀ।

ਬਲਵਿੰਦਰ ਲਈ ਸਮੱਸਿਆ ਇਹ ਸੀ ਕਿ ਮੀਤੇ ਨੂੰ ਫਸਾਉਣ ਲਈ ਉਹ ਸ਼ਹਿਰੀ ਨੁਸਖ਼ੇ ਵਰਤੇ ਜਾਂ ਪੇਂਡੂ ?

ਇਹ ਬਸਤੀ ਕੋਈ ਪਿੰਡ ਹੁੰਦੀ ਤਾਂ ਬਲਵਿੰਦਰ ਮੂੰਹ-ਹਨੇਰੇ ਆਪਣਾ ਸਾਈਕਲ ਚੁੱਕਦਾ ਅਤੇ ਪਿੰਡ ਦੇ ਰਾਹ ਪੈ ਜਾਂਦਾ।

ਪਿੰਡ ਵੜਨ ਤੋਂ ਪਹਿਲਾਂ ਉਹ ਬਾਹਰਲੇ ਵਿਹੜੇ ਬਰੇਕ ਮਾਰਦਾ। ਚੌਕੀਦਾਰ ਦੇ ਘਰ ਅੱਗੇ ਖੜੋ ਕੇ ਸਾਈਕਲ ਦੀ ਘੰਟੀ ਖੜਕਾਉਂਦਾ।

ਮੁਨਸ਼ੀ ਨੂੰ ਘਰ ਆਇਆ ਦੇਖ ਕੇ ਚੌਕੀਦਾਰ ਦੀ ਹਿੱਕ ਗਿੱਠ ਚੌੜੀ ਹੋ ਜਾਂਦੀ। ਉਸ ਨੂੰ ਲੱਗਦਾ, ਜਿਵੇਂ ਕੀੜੀ ਘਰ ਭਗਵਾਨ ਆਇਐ। ਖ਼ੁਸ਼ੀ ਦੀ ਲੋਰ 'ਚ ਆਇਆ ਚੌਕੀਦਾਰ ਨਾਲੇ ਮੀਤੇ ਨੂੰ ਕਾਬੂ ਕਰਨ ਦੇ ਢੰਗ ਤਰੀਕੇ ਦੱਸਦਾ ਨਾਲੇ ਖ਼ਬਰਾਂ ਵਾਲੀ ਪਟਾਰੀ ਖੋਲ੍ਹ ਦਿੰਦਾ।

ਬਲਵਿੰਦਰ ਬਾਰੇ ਲੋਕਾਂ ਨੂੰ ਵਹਿਮ ਸੀ ਕਿ ਉਸ ਨੇ ਕੋਈ ਦੈਵੀ ਸ਼ਕਤੀ ਵੱਸ ਕੀਤੀ ਹੋਈ ਹੈ। ਨਹੀਂ ਭਲਾ ਇਹ ਕਿਵੇਂ ਸੰਭਵ ਸੀ ਕਿ ਧਿਰਾਂ ਨੂੰ ਹਾਲੇ ਹੋਣ ਵਾਲੇ ਝਗੜੇ ਦਾ ਸੁਪਨਾ ਤਕ ਨਹੀਂ ਆਇਆ ਹੁੰਦਾ ਅਤੇ ਬਲਵਿੰਦਰ ਨੂੰ ਉਨ੍ਹਾਂ ਉਪਰ ਦਰਜ ਹੋਣ ਵਾਲੇ ਮੁਕੱਦਮੇ ਦੀਆਂ ਧਾਰਾਵਾਂ ਤਕ ਦਾ ਪਹਿਲਾਂ ਪਤਾ ਲੱਗ ਜਾਂਦਾ ਸੀ।

ਬਲਵਿੰਦਰ ਲੋਕਾਂ ਦੀ ਮੂਰਖਤਾ 'ਤੇ ਹੱਸਦਾ ਸੀ। ਇਹ ਸੱਚ ਸੀ ਕਿ ਉਸ ਨੂੰ ਹੋਣ ਵਾਲੇ ਝਗੜਿਆਂ ਦਾ ਇਲਮ ਅਗਾਉਂ ਹੋ ਜਾਂਦਾ ਸੀ। ਇਹ ਵੀ ਸੱਚ ਸੀ ਕਿ ਉਸ ਨੂੰ ਲੱਗਣ ਵਾਲੀਆਂ ਧਾਰਵਾਂ ਦਾ ਪਹਿਲਾਂ ਪਤਾ ਲੱਗ ਜਾਂਦਾ ਸੀ ਪਰ ਇਹ ਝੂਠ ਸੀ ਕਿ ਇਸ ਕਰਾਮਾਤ ਪਿੱਛੇ ਕਿਸੇ ਗ਼ੈਰ-ਕੁਦਰਤੀ ਸ਼ਕਤੀ ਦਾ ਹੱਥ ਸੀ। ਇਹ ਕਰਾਮਾਤ ਉਹ ਇਸੇ ਮਾਤ-ਲੋਕ ਦੇ ਜਿਉਂਦੇ-ਜਾਗਦੇ ਲੋਕਾਂ ਦੇ ਸਿਰ 'ਤੇ ਕਰਦਾ ਸੀ। ਇਨ੍ਹਾਂ ਕਰਾਮਾਤੀ ਲੋਕਾਂ ਵਿਚ ਪਿੰਡ ਦਾ ਚੌਕੀਦਾਰ ਵੀ ਸ਼ਾਮਲ ਸੀ।

ਇਨ੍ਹਾਂ ਸ਼ਕਤੀਆਂ ਨੂੰ ਵੱਸ ਕਰਨ ਲਈ ਬਲਵਿੰਦਰ ਨੂੰ ਨਾ ਕਿਸੇ ਟੂਣੇ-ਟਾਮਣ ਦੀ ਜ਼ਰੂਰਤ ਪੈਂਦੀ ਸੀ, ਨਾ ਕਿਸੇ ਮੰਤਰ-ਜਾਪ ਦੀ।

ਵਿਚਾਰੇ ਚੌਕੀਦਾਰ ਦਾ ਕੀ ਸੀ ? ਤੰਗੀ-ਤੁਰਸ਼ੀ ਵੇਲੇ ਚਾਰ ਛਿੱਲੜ ਉਧਾਰ ਦੇ ਦਿੱਤੇ। ਕੁੜੀ-ਕੱਤਰੀ ਦੇ ਵਿਆਹ 'ਤੇ ਰੈੱਡ-ਕਰਾਸ ਵਿਚੋਂ ਪੰਜ-ਚਾਰ ਸੌ ਦੀ ਸਹਾਇਤਾ ਲੈ ਦਿੱਤੀ। ਇੰਨੇ ਨਾਲ ਚੌਕੀਦਾਰ ਉਸ ਦੇ ਅੱਗੇ-ਪਿੱਛੇ ਘੁੰਮਣ ਲੱਗਦਾ ਸੀ।

ਚੌਕੀਦਾਰ ਨੂੰ ਬਲਵਿੰਦਰ ਪਿੰਡ ਦੀ ਮਾਂ ਸਮਝਦੈ। ਹਰ ਪਿੰਡ ਵਾਸੀ ਦੇ ਦੁਖੜੇ ਦਾ ਉਸ ਨੂੰ ਇਲਮ ਹੁੰਦੈ।

ਬਲਵਿੰਦਰ ਪਿੰਡ ਪਿੱਛੋਂ ਵੜਦਾ, ਚੌਕੀਦਾਰ ਆਉਣ ਵਾਲੇ ਤੁਫ਼ਾਨ ਦੀ ਸੂਚਨਾ ਉਸ ਨੂੰ ਪਹਿਲਾਂ ਦੇ ਦਿੰਦਾ।

ਪਿਛਲੀ ਪਹਿਲੀ ਤਾਰੀਖ਼ ਨੂੰ ਬਲਵਿੰਦਰ ਜਦੋਂ ਮਹਿਲੀਂ ਗਿਆ ਸੀ ਤਾਂ ਉਸ ਨੂੰ ਚੌਕੀਦਾਰ ਦੀ ਮਾਰੂ ਚਾਹ ਅੰਮ੍ਰਿਤ ਵਰਗੀ ਲੱਗੀ ਸੀ। ਪਹਿਲੇ ਹੱਲੇ ਉਸ ਨੇ ਪਿੰਡ ਵਿਚ ਦੋ ਮੁਕੱਦਮਿਆਂ ਦੇ ਬੀਜੇ ਜਾ ਚੁੱਕੇ ਬੀਜਾਂ ਦੀ ਇਤਲਾਹ ਦਿੱਤੀ ਸੀ।

ਮਿੰਦੇ ਦੇ ਮੁੰਡੇ ਦੀ ਛਟੀ ਸੀ। ਉਸ ਨੇ ਚਾਰ ਡਰੰਮ ਲਾਹਣ ਦੇ ਪਾਏ ਸਨ। ਠੇਕੇਦਾਰਾਂ



ਨੂੰ ਸ਼ਰਾਬ ਵਿਕਦੀ ਨਜ਼ਰ ਨਹੀਂ ਸੀ ਆਉਂਦੀ। ਉਹ ਦਰੋਗੇ ਨੂੰ ਲੈ ਕੇ ਸੂਹ ਕੱਢਦੇ ਫਿਰਦੇ ਸਨ। ਜਿਉਂ ਹੀ ਭੱਠੀ ਚੜ੍ਹੀ ਛਾਪਾ ਪਏਗਾ। ਭੱਠੀ ਦਾ ਕੇਸ ਬਣੇਗਾ।

ਕਾਲੇ ਅਮਲੀ ਕੋਲ ਅਜਿੱਤਵਾਲ ਵਾਲਾ ਦਰਸ਼ਨ ਆਉਣ ਲੱਗ ਪਿਐ। ਅਮਲੀ ਖਾਹਰੇ ਤੋਂ ਅਫ਼ੀਮ ਲੈਣੋਂ ਹਟ ਗਿਐ। ਉਹ ਦਰਸ਼ਨ ਦੀ ਅਫ਼ੀਮ ਦੇ ਗੁਣ ਗਾਉਂਦਾ ਰਹਿੰਦਾ। ਕਿਸੇ ਵੀ ਦਿਨ ਖਾਹਰਾ ਦਰਸ਼ਨ ਅਤੇ ਅਮਲੀ 'ਤੇ ਛਾਪਾ ਮਰਵਾ ਸਕਦੈ। ਅਫ਼ੀਮ ਦੇ ਦੋ ਕੇਸ ਬਣਨੇ ਸਨ।

ਬਲਦੀ 'ਤੇ ਕੁਝ ਫੂਸ ਬਲਵਿੰਦਰ ਨੇ ਪਾਇਆ ਸੀ। ਹਫ਼ਤੇ ਦੇ ਅੰਦਰ-ਅੰਦਰ ਦੋਨੋਂ ਭਵਿੱਖ-ਬਾਣੀਆਂ ਨੂੰ ਸੱਚ ਵਿਚ ਤਬਦੀਲ ਕਰਾਇਆ ਸੀ। ਫੇਰ ਦੋਨਾਂ ਕੇਸਾਂ ਨੂੰ ਆਪਣੀ ਝੋਲੀ ਪਾਇਆ ਸੀ।

ਹੁਣ ਮੀਤੇ ਬਾਰੇ ਉਹ ਕਿਸ ਚੌਕੀਦਾਰ ਨਾਲ ਸੰਪਰਕ ਕਰੇ ? ਬਸਤੀ ਦਾ ਕੋਈ ਚੌਕੀਦਾਰ ਹੀ ਨਹੀਂ ਸੀ। ਇਸ ਦਾ ਮਤਲਬ ਸੀ ਉਸ ਦਾ ਪਹਿਲਾ ਮੋਹਰਾ ਅਜਾਈਂ ਚਲਿਆ ਗਿਆ ਸੀ।

ਇਸ ਦਾ ਬਲਵਿੰਦਰ ਨੂੰ ਕੋਈ ਫ਼ਿਕਰ ਨਹੀਂ ਸੀ। ਹਾਲੇ ਉਸ ਕੋਲ ਆਹਲਾ ਤੋਂ ਆਹਲਾ ਮੋਹਰੇ ਬਾਕੀ ਸਨ।

ਸਿਗਰਟਾਂ ਦਾ ਨਵਾਂ ਜੋੜਾ ਸੁਲਗਾ ਕੇ ਉਹ ਨਵੇਂ ਮੋਹਰੇ ਬਾਰੇ ਸੋਚਣ ਲੱਗਾ।

ਬਲਵਿੰਦਰ ਲਈ ਚੌਕੀਦਾਰ ਜੇ ਪਿੰਡ ਦੀ ਮਾਂ ਸੀ ਤਾਂ ਪਟਵਾਰੀ ਪਿੰਡ ਦੀ ਦਾਈ। ਦਾਈਆਂ ਤੋਂ ਕਦੇ ਪੇਟ ਲੁਕੇ ਨੇ ? ਪਿੰਡ ਦੀ ਜਮ੍ਹਾਂਬੰਦੀ, ਗਿਰਦਾਵਰੀ ਖੋਲ੍ਹਦਿਆਂ ਹੀ ਪਟਵਾਰੀ ਦੇ ਮਨ ਨੂੰ ਖੁੜਕ ਜਾਂਦੀ ਹੈ ਕਿ ਕਿਸ ਧਿਰ ਨੇ ਕਿਸ ਧਿਰ ਦਾ ਕਦੋਂ ਸਿਰ ਪਾੜਨਾ ਹੈ ? ਕਿਸ ਸ਼ਰੀਕ ਨੇ ਕਿਸ ਸ਼ਰੀਕ 'ਤੇ ਕਦੋਂ ਦਾਅਵਾ ਠੋਕਣਾ ਹੈ ?

ਅਜਿਹੇ ਜੋਤਿਸ਼ ਲਗਵਾਉਣ ਬਲਵਿੰਦਰ ਖ਼ੁਦ ਪਟਵਾਰੀ ਕੋਲ ਜਾਇਆ ਕਰਦਾ ਸੀ।

ਪਟਵਾਰੀ ਕੋਲ ਗਿਆ ਬਲਵਿੰਦਰ ਕਿਸੇ ਨਿਭਾਗੇ ਦਿਨ ਹੀ ਖ਼ਾਲੀ ਹੱਥ ਮੁੜਦਾ ਸੀ। ਨਹੀਂ ਤਾਂ ਅਕਸਰ ਉਸ ਦਾ ਮੂੰਹ ਮਿੱਠਾ ਹੁੰਦਾ ਸੀ।

ਪਰਸੋਂ ਮਹੰਤਾਂ ਵਾਲੀ ਜ਼ਮੀਨ ਦੇ ਨੰਬਰ ਲੈਣ ਉਹ ਸ਼ਹਿਣੇ ਗਿਆ ਸੀ।

ਪਟਵਾਰੀ ਨੇ ਨੰਬਰਾਂ ਦੀ ਗੱਲ ਪਿੱਛੋਂ ਸੁਣੀ ਸੀ ਅਤੇ ਆਪਣੇ ਢਿੱਡ ਦਾ ਗੁਬਾਰ ਪਹਿਲਾਂ ਕੱਢਿਆ ਸੀ।

ਬਾਜਵਾ ਪੱਤੀ ਵਾਲੇ ਲੰਬੜਾਂ ਦਾ ਔਂਤ ਤਾਇਆ ਮਰ ਗਿਆ ਸੀ।

ਤਾਏ ਦੇ ਮਰਨ ਦੀ ਖ਼ਬਰ ਦਾ ਮਤਲਬ ਮੁਨਸ਼ੀ ਝੱਟ ਸਮਝ ਗਿਆ ਸੀ। ਲੰਬੜਾਂ ਦੇ ਮੁੰਡਿਆਂ ਵਿਚਕਾਰ ਮੁਕੱਦਮੇਬਾਜ਼ੀ ਸ਼ੁਰੂ ਹੋਣ ਵਾਲੀ ਸੀ।

ਵੱਡਾ ਮੁੰਡਾ ਕੋਈ ਦਸ-ਵੀਹ ਸਾਲ ਪੁਰਾਣੀ ਵਸੀਅਤ ਪੇਸ਼ ਕਰੇਗਾ, ਜਿਸ ਦੇ ਆਧਾਰ 'ਤੇ ਉਹ ਬੁੱਢੇ ਦੀ ਜ਼ਮੀਨ ਦਾ ਵਾਰਿਸ ਬਣੇਗਾ।

ਛੋਟੇ ਕੋਲ ਕੁਝ ਮਹੀਨੇ ਪਹਿਲਾਂ ਲਿਖੀ ਖ਼ਾਨਗੀ ਵਸੀਅਤ ਹੋਏਗੀ, ਜਿਹੜੀ ਪੰਚਾਂ-ਸਰਪੰਚਾਂ ਦੁਆਰਾ ਤਸਦੀਕ ਕੀਤੀ ਹੋਏਗੀ।

ਸਭ ਤੋਂ ਛੋਟਾ ਤਾਏ ਤਾ ਮੁਤਬੰਨਾ ਹੋਣ ਦਾ ਦਾਅਵਾ ਕਰੇਗਾ।

ਸਿਆਣੇ ਹੋਏ ਤਾਂ ਦੀਵਾਨੀ ਮੁਕੱਦਮੇ ਨਾਲ ਸਾਰ ਲੈਣਗੇ। ਚਾਰ ਭਰਾਵਾਂ ਦੇ ਧੱਕੇ ਚੜ੍ਹ ਗਏ ਤਾਂ ਛੱਬੀ ਤੋਂ ਲੈ ਕੇ ਕਤਲ ਤਕ ਦੀ ਫ਼ੌਜਦਾਰੀ ਕਰ ਕੇ ਵਕੀਲਾਂ ਮੁਨਸ਼ੀਆਂ ਦੇ ਘਰ ਭਰਨਗੇ।

ਪਟਵਾਰੀ ਨੇ ਬਲਵਿੰਦਰ ਨੂੰ ਇਹ ਵੀ ਦੱਸਿਆ ਸੀ ਕਿ ਵੱਡੇ ਮੁੰਡੇ ਨੂੰ ਉਸ ਨੇ ਆਪਣੇ ਹੱਥ 'ਤੇ ਚੜ੍ਹਾ ਰੱਖਿਆ ਸੀ। ਛੋਟਿਆਂ ਵਿਚੋਂ ਇਕ ਨੂੰ ਉਹ ਚਾੜ੍ਹ ਲਵੇ। ਫੇਰ ਮੁਕੱਦਮੇ ਹੀ ਮੁਕੱਦਮੇ

ਸਨ। ਦੋਹਾਂ ਲਈ ਉਮਰ ਭਰ ਦੀਆਂ ਰੋਟੀਆਂ ਖਰੀਆਂ ਸਨ।

ਕੱਲ੍ਹ ਬਲਵਿੰਦਰ ਇਸ ਕੇਸ ਦੇ ਇੰਤਜ਼ਾਮ ਵਿਚ ਲੱਗਾ ਰਿਹਾ ਸੀ।

ਆਪਣਾ ਇਕ ਚੇਲਾ ਉਸ ਨੇ ਲੰਬੜਾਂ ਦੇ ਵਿਚਕਾਰਲੇ ਮੁੰਡੇ ਤਾਰੇ ਪਿੱਛੇ ਲਾਇਆ ਸੀ।

ਜਾਅਲੀ ਵਸੀਅਤ ਬਣਾਉਣ ਲਈ ਤਾਰੇ ਨੂੰ ਇਕ ਵਸੀਕਾ-ਨਵੀਸ ਦੀ ਜ਼ਰੂਰਤ ਪੈਣੀ ਸੀ। ਵਸੀਅਤ ਨੇ ਤਾਂ ਹੀ ਭਰੋਸੇ-ਯੋਗ ਬਣਨਾ ਸੀ ਜੇ ਉਸ ਨੇ ਕਿਸੇ ਵਸੀਕਾ-ਨਵੀਸ ਦੇ ਰਜਿਸਟਰ ਵਿਚ ਪਿਛਲੀਆਂ ਤਾਰੀਖ਼ਾਂ ਵਿਚ ਚੜ੍ਹਿਆ ਹੋਣਾ ਸੀ। ਤਾਰੇ ਦੀ ਇਸੇ ਲੋੜ ਨੂੰ ਮੁੱਖ ਰੱਖ ਕੇ ਬਲਵਿੰਦਰ ਨੇ ਉਸ ਪਿੱਛੇ ਭੋਲੇ ਨੂੰ ਲਾਇਆ ਸੀ। ਭੋਲੇ ਦਾ ਅੱਧੇ ਨਾਲੋਂ ਵੱਧ ਰਜਿਸਟਰ ਖ਼ਾਲੀ ਸੀ। ਸਾਰੇ ਦਾ ਸਾਰਾ ਰਜਿਸਟਰ ਤਾਰੇ ਦੀ ਸੇਵਾ ਵਿਚ ਹਾਜ਼ਰ ਸੀ।

ਵਸੀਕਾ-ਨਵੀਸ ਨੂੰ ਆਪੇ ਘਰ ਆਇਆ ਦੇਖ ਕੇ ਤਾਰੇ ਦੀਆਂ ਅੱਖਾਂ ਚੁੰਧਿਆ ਗਈਆਂ। ਉਸ ਨੂੰ ਲੱਗਾ ਜਿਵੇਂ ਵਾਹਿਗੁਰੂ ਖ਼ੁਦ ਉਸ ਦੀ ਪਿੱਠ ਥਾਪੜਨ ਆਇਆ ਸੀ। ਉਸ ਦੇ ਭਾਗ ਜਗਾਉਣ ਲੱਗਾ ਸੀ।

"ਜਦੋਂ ਚੇਲਾ ਹਨੂਮਾਨ ਵਰਗਾ ਕੌਤਕੀ ਸੀ ਤਾਂ ਗੁਰੂ ਜ਼ਰੂਰ ਵਿਸ਼ਨੂੰ ਦਾ ਅਵਤਾਰ ਹੋਏਗਾ।" ਸੋਚਦੇ ਤਾਰੇ ਨੇ ਬਲਵਿੰਦਰ ਦੀ ਹਾਜ਼ਰੀ ਭਰੀ ਸੀ।

ਬਲਵਿੰਦਰ ਨੇ ਤਾਰੇ ਨੂੰ ਅਸ਼ੀਰਵਾਦ ਦਿੱਤਾ ਸੀ। ਜਦੋਂ ਉਹ ਬਲਵਿੰਦਰ ਦੀ ਸ਼ਰਨ ਆ ਹੀ ਗਿਆ ਤਾਂ ਉਸ ਦੀ ਰੱਖਿਆ ਕਰਨਾ ਉਸ ਦਾ ਧਰਮ ਸੀ।

ਤਾਰੇ ਨੂੰ ਹੁਣ ਘਬਰਾਉਣ ਦੀ ਜ਼ਰੂਰਤ ਨਹੀਂ ਸੀ। ਮੁਕੱਦਮਾ ਜਿਤਾਉਣ ਵਾਲੀਆਂ ਹਰ ਪ੍ਰਕਾਰ ਦੀਆਂ ਸੇਵਾਵਾਂ ਦਾ ਉਸ ਕੋਲ ਪ੍ਰਬੰਧ ਸੀ।

ਜਾਅਲੀ ਵਸੀਅਤ ਲਈ ਸਭ ਤੋਂ ਪਹਿਲਾਂ ਤਾਰੇ ਨੂੰ ਗਵਾਹਾਂ ਦੀ ਜ਼ਰੂਰਤ ਪੈਣੀ ਸੀ। ਪੰਚ, ਸਰਪੰਚ ਅਤੇ ਨੰਬਰਦਾਰ ਤੋਂ ਲੈ ਕੇ ਵਕੀਲ ਤਕ ਦੀ ਉਹ ਗਵਾਹੀ ਪਵਾ ਸਕਦਾ ਸੀ। ਹਰ ਗਵਾਹ ਦੀ ਆਪਣੀ ਅਹਿਮੀਅਤ ਸੀ। ਇਹ ਤਾਰੇ ਨੇ ਦੇਖਣਾ ਸੀ ਕਿ ਕਿੰਨਾ ਗੁੜ ਪਾ ਕੇ ਉਸ ਨੇ ਕਿੰਨੇ ਮਿੱਠੇ ਦਾ ਸਵਾਦ ਚੱਖਣਾ ਸੀ?

ਫੇਰ ਵਸੀਅਤ ਉਪਰ ਤਾਏ ਦੇ ਦਸਤਖ਼ਤ ਸਾਬਤ ਕਰਨ ਲਈ ਹੱਥ-ਲਿਖਤਾਂ ਦੇ ਮਾਹਿਰ ਦੀ ਜ਼ਰੂਰਤ ਪੈਣੀ ਸੀ। ਹਰ ਤਰ੍ਹਾਂ ਦੇ ਮਾਹਿਰ ਦਾ ਨਾਂ-ਪਤਾ ਉਸ ਕੋਲ ਨੋਟ ਸੀ।

ਮੁੱਕਦੀ ਗੱਲ ਇਹ ਕਿ ਉਹ ਜਾਅਲੀ ਵਸੀਅਤ ਨੂੰ ਸੌ ਫ਼ੀਸਦੀ ਸੱਚ ਸਿੱਧ ਕਰਨ ਦੀ ਤਾਕਤ ਰੱਖਦਾ ਸੀ।

ਵੇਗ 'ਚ ਆਏ ਤਾਰੇ ਨੇ ਬਲਵਿੰਦਰ ਦੇ ਗੋਡੀਂ ਹੱਥ ਵੀ ਲਾਏ ਸਨ ਅਤੇ ਨੋਟਾਂ ਨਾਲ ਜੇਬ ਵੀ ਭਰੀ ਸੀ।

ਜੇ ਇਹ ਦੀਵਾਨੀ ਕੇਸ ਹੁੰਦਾ, ਉਹ ਪਟਵਾਰੀ ਦੇ ਸਿਰਹਾਣੇ ਜਾ ਬੈਠਦਾ। ਉਸ ਤੋਂ ਧਿਰ ਦੇ ਕੰਨ ਖਿਚਾਉਂਦਾ। ਅਸਾਮੀ ਭਲਮਾਣਸੀ ਨਾਲ ਨਾ ਮੰਨਦੀ ਤਾਂ ਉਸ ਤੋਂ ਧਮਕੀ ਦਿਵਾਉਂਦਾ।

ਮਲੰਗ ਮੀਤੇ ਕੋਲ ਕੁਝ ਵੀ ਨਹੀਂ ਸੀ। ਨਾ ਉਸ ਨੂੰ ਕਿਸੇ ਪਟਵਾਰੀ ਦਾ ਡਰ ਸੀ, ਨਾ ਕਿਸੇ ਰਿਕਾਰਡ ਦੇ ਉਲਟ-ਪੁਲਟ ਹੋਣ ਦਾ।

ਕਿਉਂ ਝੱਲੇਗਾ ਉਹ ਪਟਵਾਰੀ ਦਾ ਰੋਹਬ?

ਦੂਜਾ ਮੋਹਰਾ ਭੰਗ ਦੇ ਭਾੜੇ ਗੁਆ ਕੇ ਬਲਵਿੰਦਰ ਨੂੰ ਡਾਢਾ ਦੁੱਖ ਹੋਇਆ ਸੀ।

ਸਿਗਟਰਾਂ ਦੇ ਤੀਜੇ ਜੋੜੇ ਦੀ ਉਸ ਨੂੰ ਤਲਬ ਮਹਿਸੂਸ ਹੋਣ ਲੱਗੀ।



ਕਿਸੇ ਧਿਰ ਦਾ ਚੌਕੀਦਾਰ ਜਾਂ ਪਟਵਾਰੀ ਬਿਨਾਂ ਸਰ ਸਕਦੈ ਪਰ ਪੰਚਾਂ, ਸਰਪੰਚਾਂ ਬਿਨਾਂ ਨਹੀਂ ਸਰਦਾ। ਫ਼ੌਜਦਾਰੀ ਮੁਕੱਦਮਿਆਂ ਵਿਚ ਦੋਸ਼ੀਆਂ ਨੂੰ ਇਨ੍ਹਾਂ ਨੂੰ ਜਵਾਈਆਂ ਵਾਂਗ ਪਲੋਸ ਕੇ ਰੱਖਣਾ ਪੈਂਦੈ। ਨੰਬਰਦਾਰ ਤੋਂ ਜ਼ਮਾਨਤ ਤਸਦੀਕ ਕਰਾਉਣੀ ਹੁੰਦੀ ਹੈ। ਸਰਪੰਚਾਂ ਤੋਂ ਆਪਣੇ ਹੱਕ 'ਚ ਮਤਾ ਪਾਸ ਕਰਾਉਣਾ ਹੁੰਦੈ। ਜਿਸ ਧਿਰ ਨਾਲ ਪਿੰਡ ਦੀ ਪੰਚਾਇਤ ਨਾ ਹੋਵੇ, ਅੱਧਾ ਮੁਕੱਦਮਾ ਉਹ ਪਹਿਲੇ ਦਿਨ ਹੀ ਹਾਰ ਜਾਂਦੀ ਹੈ।

ਬਲਵਿੰਦਰ ਇਸ ਨੁਕਤੇ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਪੰਜ-ਦਸ ਜਾਂ ਪੰਦਰਾਂ-ਵੀਹ ਨਹੀਂ, ਉਸ ਨੇ ਪੰਚਾਂ, ਸਰਪੰਚਾਂ ਅਤੇ ਨੰਬਰਦਾਰਾਂ ਦੀ ਫ਼ੌਜ ਪਾਲ ਰੱਖੀ ਸੀ।

ਉਹ ਪੰਚ-ਸਰਪੰਚ ਹੀ ਕਾਹਦਾ, ਜਿਸ ਨੇ ਪਿੰਡ ਦੀ ਹਰ ਘਟਨਾ 'ਤੇ ਕੜੀ ਨਜ਼ਰ ਨਾ ਰੱਖੀ। ਇਸੇ ਨਜ਼ਰ ਦੀ ਉਹ ਖੱਟੀ ਖਾਂਦੇ ਸਨ।

ਸਵੇਰੇ ਹੀ ਉਹ ਪੋਚਵੀਂ ਪੱਗ ਬੰਨ੍ਹ ਕੇ ਬੈਠ ਜਾਂਦੇ। ਕੀ ਪਤੈ ਕਦੋਂ ਕੋਈ ਥਾਣੇ ਕਚਹਿਰੀ ਲੈ ਜਾਣ ਵਾਲਾ ਉਸ ਦਾ ਬੂਹਾ ਆਣ ਖੜਕਾਏ। ਇਹ ਨਾ ਹੋਵੇ ਕਿ ਨੰਬਰਦਾਰ ਤਿਆਰ ਹੁੰਦਾ ਰਹਿ ਜਾਏ ਅਤੇ ਅਗਲਾ ਕਾਹਲ ਕਾਰਨ ਕਿਸੇ ਹੋਰ ਨੂੰ ਲੈ ਤੁਰੇ।

ਇਕ ਨੂੰ ਤਿਆਰ ਰਹਿਣ ਦਾ ਸੁਨੇਹਾ ਲਾ ਕੇ ਜੇ ਭੁੱਲ-ਭੁਲੇਖੇ ਕੋਈ ਦੂਜੇ ਨੂੰ ਲੈ ਜਾਵੇ ਤਾਂ ਪਹਿਲੇ ਦੇ ਤਨ-ਬਦਨ ਨੂੰ ਅੱਗ ਲੱਗ ਜਾਂਦੀ ਸੀ। ਨਾਲੇ ਉਸ ਦਾ ਸਾਰੇ ਦਿਨ ਦਾ ਸੈਰ-ਸਪਾਟਾ ਗਿਆ, ਨਾਲੇ ਖਾਣ-ਪੀਣ ਅਤੇ ਨਾਲੇ ਦਿਹਾੜੀ-ਦੱਪਾ। ਪਹਿਲੇ ਮੋਹਤਬਰ ਨੂੰ ਉਨਾ ਚਿਰ ਚੈਨ ਨਹੀਂ ਸੀ ਆਉਂਦੀ, ਜਿੰਨਾ ਚਿਰ ਉਹ ਸਾਰੀ ਤਾਣੀ ਨੂੰ ਸੁਲਝਾ ਨਹੀਂ ਸੀ ਲੈਂਦਾ।

ਤਫ਼ਤੀਸ਼ ਕਰ ਕੇ ਉਹ ਬਲਵਿੰਦਰ ਵੱਲ ਦੌੜਦਾ। ਉਸ ਨੂੰ ਪੂਰੀ ਰਿਪੋਰਟ ਦਿੰਦਾ। ਫਲਾਣੇ ਨੰਬਰਦਾਰ ਨੇ ਫਲਾਣੇ ਦੀ ਜਆਲੀ ਵਸੀਅਤ 'ਤੇ ਗਵਾਹੀ ਪਾਈ ਹੈ, ਫਲਾਣੇ ਨੇ ਫਲਾਣੇ ਦੀ ਗ਼ਲਤ ਸ਼ਨਾਖ਼ਤ ਕਰ ਕੇ ਝੂਠਾ ਕਲੇਮ ਦਵਾਇਆ ਹੈ ਅਤੇ ਫਲਾਣੇ ਨੇ ਫਲਾਣੇ ਦੀ ਜਾਇਦਾਦ ਨੂੰ ਗ਼ਲਤ ਤਸਦੀਕ ਕੀਤਾ ਹੈ।

ਇਕ ਵਾਰ ਬਲਵਿੰਦਰ ਨੂੰ ਕਿਸੇ ਠੱਗੀ ਦਾ ਪਤਾ ਲੱਗੇ ਸਹੀ, ਉਹ ਓਨਾ ਚਿਰ ਚੈਨ ਨਾਲ ਨਹੀਂ ਸੀ ਬੈਠਦਾ, ਜਿੰਨਾ ਚਿਰ ਧਿਰਾਂ ਦੇ ਸਿਰ ਨਹੀਂ ਸੀ ਭਿੜ ਜਾਂਦੇ। ਸਿਰ ਭੇੜ ਕੇ ਡੱਬੂ ਕੰਧ 'ਤੇ।

ਇਸ ਮੁਕੱਦਮੇ ਵਿਚ ਸਿਰ ਪਹਿਲਾਂ ਹੀ ਭਿੜ ਚੁੱਕੇ ਸਨ। ਜ਼ਮਾਨਤ ਹਾਲੇ ਮਨਜ਼ੂਰ ਨਹੀਂ ਸੀ ਹੋਈ। ਮੀਤੇ ਨੂੰ ਕਿਸੇ ਡੱਬੂ ਦੀ ਜ਼ਰੂਰਤ ਪਏ ਤਾਂ ਕਿਸ ਤਰ੍ਹਾਂ?

ਸਿਗਰਟਾਂ ਦੇ ਤੀਜੇ ਜੋੜੇ ਦਾ ਭੋਗ ਪੈਂਦਿਆਂ ਹੀ ਬਲਵਿੰਦਰ ਦੀਆਂ ਮੋਹਤਬਰਾਂ 'ਤੇ ਲੱਗੀਆਂ ਆਸਾਂ ਦਾ ਵੀ ਭੋਗ ਪੈ ਗਿਆ।

ਹੁਣ ਉਸ ਕੋਲ ਇਕ ਮੋਹਰਾ ਬਾਕੀ ਸੀ। ਮਹਾਰਾਜੇ ਵਰਗਾ ਇਹ ਮੋਹਰਾ ਸੀ ਪੁਲਿਸ ਦਾ।

ਪੁਲਿਸ ਦਾ ਖ਼ਿਆਲ ਆਉਂਦਿਆਂ ਹੀ ਬਲਵਿੰਦਰ ਨੂੰ ਆਪਣੀ ਅਣਗਹਿਲੀ 'ਤੇ ਪਛਤਾਵਾ ਹੋਣ ਲੱਗਾ।

ਚਲਾਨ ਪੇਸ਼ ਹੋ ਚੁੱਕਾ ਸੀ। ਕੇਸ ਨਾਲ ਹੁਣ ਪੁਲਿਸ ਦਾ ਕੋਈ ਲਾਗਾ-ਦੇਗਾ ਨਹੀਂ ਸੀ। ਜੇ ਉਸ ਨੂੰ ਪਹਿਲਾਂ ਪਤਾ ਹੁੰਦਾ ਕਿ ਕੇਸ ਨੇ ਇੰਝ ਕਰਵਟ ਲੈਣੀ ਹੈ, ਉਹ ਬੰਟੀ ਦੇ ਅਗਵਾ ਵਾਲੇ ਦਿਨ ਹੀ ਕੇਸ ਨਾਲ ਚਿੰਬੜ ਜਾਂਦਾ।

ਪਹਿਲਾਂ ਉਹ ਇੰਝ ਹੀ ਕਰਦਾ ਸੀ।

ਕਿਸੇ ਹੋਣ ਵਾਲੇ ਝਗੜੇ ਦੀ ਸੂਹ ਮਿਲਦਿਆਂ ਹੀ ਉਹ ਥਾਣੇ ਜਾ ਵੱਜਦਾ ਸੀ। ਥਾਣੇਦਾਰ ਦੇ ਕੰਨ ਭਰਦਾ ਸੀ। ਥਾਣੇਦਾਰ ਝੱਟ ਅਗਲੇ ਦੀ ਗਿੱਚੀ ਜਾ ਨੱਪਦਾ।

ਮੁਖ਼ਬਰੀ ਕਰ ਕੇ ਬਲਵਿੰਦਰ ਕੁਝ ਦੇਰ ਖ਼ਾਮੋਸ਼ ਰਹਿੰਦਾ।

ਜਦੋਂ ਪਰਚਾ ਦਰਜ ਹੋ ਜਾਂਦਾ ਅਤੇ ਫੜੋ-ਫੜਾਈ ਸ਼ੁਰੂ ਹੋ ਜਾਂਦੀ ਤਾਂ ਕਿਧਰੋਂ ਬਰਸਾਤੀ ਖੁੰਬਾਂ ਵਾਂਗ ਆ ਟਪਕਦਾ।

ਮੋਹਤਬਰ ਬਣ ਕੇ ਕਦੇ ਮੁਦੱਈ ਦਾ ਪੱਖ ਪੂਰਦਾ ਅਤੇ ਕਦੇ ਮੁਲਜ਼ਮ ਦਾ।

ਨਾਜ਼ਰ ਨਾਲ ਉਸ ਦੀ ਜਾਣ-ਪਹਿਚਾਣ ਇੰਝ ਹੀ ਹੋਈ ਸੀ।

ਫਰਵਾਹੀ ਵਾਲੇ 'ਧਗੜਿਆਂ' ਦੀ ਜਦੋਂ ਸਾਂਝੀ ਕੰਧ ਖ਼ਾਤਰ ਲੜਾਈ ਹੋਈ ਸੀ ਤਾਂ ਬਲਵਿੰਦਰ ਨੇ ਮੁਦਈਆਂ ਦਾ ਪੱਖ ਪੂਰਿਆ ਸੀ।

ਪਹਿਲੇ ਹੱਲੇ ਪਰਚਾ ਤਿੰਨ ਸੌ ਚੌਵੀ ਵਿਚ ਦਰਜ ਹੋਇਆ ਸੀ। ਕੁਝ ਸੱਟਾਂ ਬਾਰੇ ਡਾਕਟਰ ਨੇ ਹਾਲੇ ਰਾਏ ਦੇਣੀ ਸੀ। ਉਸੇ ਰਾਏ ਨੇ ਇਹ ਫ਼ੈਸਲਾ ਕਰਨਾ ਸੀ ਕਿ ਪਰਚੇ ਨੇ ਤਿੰਨ ਸੌ ਛੱਬੀ ਵਿਚ ਤਬਦੀਲ ਹੋਣਾ ਸੀ ਜਾਂ ਚੌਵੀ ਵਿਚ ਰਹਿਣਾ ਸੀ।

ਇਸ ਤਬਦੀਲੀ ਲਈ ਉਸ ਨੂੰ ਧਗੜਿਆਂ ਦੇ ਬੁੜ੍ਹੇ ਨਾਲ ਮਥਾ-ਭਕਾਈ ਕਰਨੀ ਪਈ ਸੀ। ਕਦੇ ਉਹ ਬੁੜ੍ਹੇ ਨੂੰ ਇਕ ਪਾਸੇ ਲਿਜਾ ਕੇ ਤਿੰਨ ਸੌ ਚੌਵੀ ਦੇ ਨੁਕਸਾਨ ਸਮਝਾਉਂਦਾ। ਕਦੇ ਦੂਜੇ ਪਾਸੇ ਲਿਜਾ ਕੇ ਛੱਬੀ ਦੇ ਫ਼ਾਇਦੇ ਦੱਸਦਾ। ਕਦੇ ਉਹ ਆਖਦਾ :

"ਬੁੜ੍ਹਿਆ ! ਚੌਵੀ ਦਾ ਜੁਰਮ ਕਾਹਦਾ ਜੁਰਮ ਹੁੰਦੈ। ਜਿਹਾ ਲੱਗਿਆ ਤਿਹਾ ਨਾ। ਇਸ ਦਫ਼ਾ ਦਾ ਪਹਿਲਾ ਨੁਕਸ ਇਹ ਆ ਕਿ ਪੁਲਿਸ ਨੇ ਦੋਸ਼ੀਆਂ ਨੂੰ ਪਿੰਡ ਹੀ ਛੱਡ ਜਾਣੈ। ਇਹ ਕਾਬਲੇ-ਜ਼ਮਾਨਤ ਜੁਰਮ ਐ। ਪੁਲਿਸ ਜੇ ਚਾਹੇ ਤਾਂ ਵੀ ਉਨ੍ਹਾਂ ਨੂੰ ਥਾਣੇ ਨਹੀਂ ਲਿਜਾ ਸਕਦੀ। ਨਾਲੇ ਇਹ ਜੁਰਮ ਕਾਬਲੇ-ਰਾਜ਼ੀਨਾਮਾ ਐ। ਹਰ ਪੇਸ਼ੀ 'ਤੇ ਜੱਜ ਰਾਜ਼ੀਨਾਮੇ ਲਈ ਜ਼ੋਰ ਪਾਇਆ ਕਰੂ। ਹੋਰ ਸੁਣ, ਇਸ ਜੁਰਮ ਦੀ ਵੱਧ ਤੋਂ ਵੱਧ ਸਜ਼ਾ ਤਿੰਨ ਸਾਲ ਕੈਦ ਐ। ਸਖ਼ਤ ਤੋਂ ਸਖ਼ਤ ਜੱਜ ਨੇ ਛੇ ਮਹੀਨੇ ਤੋਂ ਵੱਧ ਕੈਦ ਨਹੀਂ ਕਰਨੀ।"

ਉਹ ਫੇਰ ਆਖਦਾ :

"....ਹੁਣ ਛੱਬੀ ਦੇ ਨਜ਼ਾਰੇ ਦੇਖ। ਪਹਿਲਾਂ ਪੁਲਿਸ ਦੋਸ਼ੀਆਂ ਨੂੰ ਘਰ ਤੋਂ ਲੈ ਕੇ ਥਾਣੇ ਤਕ ਕੁੱਟਦੀ ਲਿਜਾਊ। ਫੇਰ ਹਵਾਲਾਤ ਬੰਦ ਕਰੂ। ਬਹੁਤੇ ਨਹੀਂ ਤਾਂ ਪੰਦਰਾਂ ਦਿਨਾਂ ਲਈ ਜੱਜ ਉਨ੍ਹਾਂ ਨੂੰ ਜੇਲ੍ਹ ਦੀਆਂ ਰੋਟੀਆਂ ਖਵਾਊ ਹੀ ਖਵਾਊ। ਛੱਬੀ 'ਚ ਸਜ਼ਾ ਉਮਰ ਕੈਦ ਹੈ। ਰਹਿਮ-ਦਿਲ ਤੋਂ ਰਹਿਮ-ਦਿਲ ਜੱਜ ਨੂੰ ਵੀ ਤਿੰਨ ਸਾਲ ਕੈਦ ਕਰਨੀ ਪਊ। ਪੰਚਾਇਤ ਧਿਰਾਂ ਵਿਚਕਾਰ ਰਾਜ਼ੀਨਾਮਾ ਕਰਵਾ ਦੇਵੇ ਤਾਂ ਵੀ ਮੁਲਜ਼ਮਾਂ ਨੂੰ ਸਾਲ ਭਰ ਕਚਹਿਰੀ ਵਿਚ ਧੱਕੇ ਖਾਣੇ ਪੈਣਗੇ। ਅਰਦਲੀ, ਰੀਡਰ ਅਤੇ ਸਟੈਨੋ ਤੋਂ ਲੈ ਕੇ ਵਕੀਲ ਤਕ ਦੀਆਂ ਜੇਬਾਂ ਭਰਨੀਆਂ ਪੈਣਗੀਆਂ।"

ਫੇਰ ਲੋਹਾ ਗਰਮ ਹੋਇਆ ਦੇਖ ਉਹ ਆਖ਼ਰੀ ਸੱਟ ਮਾਰਦਾ :

"....ਮਾੜੀ ਜਿਹੀ ਜੇਬ ਢਿੱਲੀ ਕਰ। ਹੁਣ ਛੱਬੀ ਬਣਾ ਦਿੰਨਾਂ। ਛੱਬੀ ਨਾ ਬਣੀ, ਅਗਲੇ ਸਾਰੀ ਉਮਰ ਡੌ-ਡੌ ਕਰਦੇ ਰਹਿਣਗੇ। ਆਖਣਗੇ ਧਗੜਿਆਂ ਨੇ ਕੀ ਸਾਡਾ ਫੰਨੂੰ ਪੱਟ ਲਿਆ ?"

ਧਗੜਿਆਂ ਨੂੰ ਬਲਵਿੰਦਰ ਦੀ ਰਾਏ ਕੜਾਹ ਵਰਗੀ ਲੱਗੀ ਸੀ। ਝੱਟ ਬੁੜ੍ਹੇ ਨੇ ਨੋਟਾਂ ਵਾਲੀ ਪੋਟਲੀ ਖੋਲ੍ਹ ਦਿੱਤੀ ਸੀ।

ਪਹਿਲਾਂ ਬਲਵਿੰਦਰ ਨੇ ਨਾਜ਼ਰ ਦੀ ਜੇਬ ਭਰਾਈ, ਫੇਰ ਡਾਕਟਰ ਦੀ।

ਇੰਝ ਉਸ ਨੇ ਨਾਜ਼ਰ ਸਿੰਘ ਨਾਲ ਯਾਰੀ ਗੰਢੀ ਸੀ।



ਅੱਜ ਤਕ ਨਾਜ਼ਰ ਸਿੰਘ ਵੀ ਯਾਰੀ ਵਾਲੀ ਕਸਵੱਟੀ 'ਤੇ ਪੂਰਾ ਉਤਰਦਾ ਆ ਰਿਹਾ ਸੀ।– ਸੈਕੜੇ ਕੇਸ ਬਲਵਿੰਦਰ ਨੂੰ ਦਵਾ ਚੁੱਕਾ ਸੀ ।

ਪਾਲੇ ਅਤੇ ਮੀਤੇ ਦਾ ਚਲਾਨ ਪੇਸ਼ ਹੋ ਚੁੱਕਾ ਸੀ। ਹੁਣ ਨਾ ਪੁਲਿਸ ਰਿਮਾਂਡ ਮਿਲ ਸਕਦਾ ਸੀ, ਨਾ ਕਿਸੇ ਦਫ਼ਾ ਵਿਚ ਵਾਧ-ਘਾਟ ਹੋ ਸਕਦੀ ਸੀ। ਨਾਜ਼ਰ ਸਿੰਘ ਮਜ਼ਬੂਰ ਸੀ ।

ਪੁਲਿਸ ਵਾਲਾ ਮੋਹਰਾ ਹਾਰ ਕੇ ਬਲਵਿੰਦਰ ਨੇ ਹਾਰ ਕਬੂਲ ਕਰ ਲਈ।

ਧਰਤੀ 'ਤੇ ਵਾਹੀ ਸ਼ਤਰੰਜ ਢਾਹ ਕੇ ਉਸ ਨੇ ਸਿਗਰਟਾਂ ਵਾਲੀ ਡੱਬੀ ਦੀ ਘੋਖ ਕੀਤੀ।

ਸਿਗਰਟਾਂ ਦਾ ਇਕ ਜੋੜਾ ਹਾਲੇ ਬਾਕੀ ਸੀ।

ਆਖ਼ਰੀ ਜੋੜਾ ਸੁਲਗਾ ਕੇ ਉਹ ਪਾਲੇ ਨੂੰ ਨਿਸ਼ਾਨਾ ਬਣਾਉਣ ਲੱਗਾ।

ਪਾਲੇ ਦੀ ਮਾਂ ਨੂੰ ਉਸ ਨੇ ਕਈ ਵਾਰੀ ਕਚਹਿਰੀ ਘੁੰਮਦੇ ਦੇਖਿਆ ਸੀ। ਕਦੇ ਉਹ ਸਰਦਾਰੀ ਲਾਲ ਦੇ ਫੱਟੇ 'ਤੇ ਬੈਠੀ ਹੁੰਦੀ, ਕਦੇ ਗੁਪਤੇ ਦੇ ਅਤੇ ਕਦੇ ਮੋਹਨ ਜੀ ਦੇ । ਇਹ ਕਿਹੜਾ ਚੋਰੀ ਦਾ ਮੁਕੱਦਮਾ ਸੀ ਬਈ ਸੌ-ਦੋ ਸੌ ਨਾਲ ਸਰ ਜਾਊ। ਇਹ ਕਤਲ ਕੇਸ ਸੀ। ਘੱਟੋ-ਘੱਟ ਦਸ ਹਜ਼ਾਰ ਉਸ ਨੂੰ ਵਕੀਲ ਦੇ ਬੋਝੇ ਪਾਉਣਾ ਪੈਣਾ ਸੀ। ਸ਼ਾਇਦ ਇਸੇ ਕਾਰਨ ਉਸ ਦਾ ਕਿਸੇ ਵਕੀਲ ਨਾਲ ਸੌਦਾ ਤਹਿ ਨਹੀਂ ਸੀ ਹੋ ਰਿਹਾ।

ਬਲਵਿੰਦਰ ਕਿਸੇ ਦੇ ਭਰੋਸੇ ਨਹੀਂ ਰਹੇਗਾ। ਉਹ ਖ਼ੁਦ ਪਾਲੇ ਦੀ ਮਾਂ ਨਾਲ ਗੱਲ ਕਰੇਗਾ। ਉਸ ਭੋਲੀ ਤੀਵੀਂ ਨੂੰ ਸੰਮਤੀ ਦੀ ਸਿਆਸਤ ਸਮਝਾਏਗਾ।

ਸੰਮਤੀ ਦਾ ਉਦੇਸ਼ ਸਿਆਸੀ ਸੀ। ਉਸ ਨੇ ਕਿਸੇ ਨੂੰ ਰਿਸ਼ਵਤ ਥੋੜ੍ਹਾ ਦੇਣੀ ਸੀ। ਇਹ ਘੋਰ ਕਲਯੁੱਗ ਹੈ। ਇਸ ਕਲਯੁੱਗ ਵਿਚ ਜੇ ਰਾਜਾ ਹਰੀਸ਼ ਚੰਦਰ ਉਪਰ ਮੁਕੱਦਮਾ ਬਣ ਜਾਏ, ਮਜਾਲ ਹੈ, ਉਹ ਬਿਨਾਂ ਰਿਸ਼ਵਤ ਦਿੱਤਿਆਂ ਛੁੱਟ ਜਾਏ। ਪਾਲੇ ਦੀ ਮਾਂ ਨੂੰ ਉਹ ਸੱਚਾਈ ਸਮਝਾਏਗਾ। ਸੰਮਤੀ ਦੇ ਨਾਲ-ਨਾਲ ਉਹ ਖ਼ੁਦ ਵੀ ਯਤਨ ਕਰੇ । ਤਕੜਾ, ਨਹੀਂ ਤਾਂ ਛੋਟਾ-ਮੋਟਾ ਵਕੀਲ ਖੜਾ ਕਰ ਲਏ ਤਾਂ ਖਹਿੜਾ ਛੁੱਟੇਗਾ।

ਉਂਝ ਪਾਲੇ ਦੀ ਮਾਂ ਨੇ ਹੀ ਮੰਨ ਜਾਣਾ ਸੀ। ਉਸ ਨੇ ਕੋਈ ਝਿਜਕ ਦਿਖਾਈ ਤਾਂ ਬਲਵਿੰਦਰ ਨੇ ਜੀਵਨ ਆੜ੍ਹਤੀਏ ਕੋਲ ਚਲੇ ਜਾਣਾ ਸੀ। ਪੈਸਾ ਉਥੋਂ ਹੀ ਆਉਣਾ ਸੀ। ਜੇ ਆੜ੍ਹਤੀਏ ਬਜਾਜਾਂ ਅਤੇ ਪੰਸਾਰੀਆਂ ਤੋਂ ਅਸਾਮੀ ਨੂੰ ਆਪਣੀ ਜ਼ਿੰਮੇਵਾਰੀ 'ਤੇ ਉਧਾਰ ਦਿਵਾ ਸਕਦੇ ਹਨ ਤਾਂ ਉਹ ਵਕੀਲ ਵੀ ਕਰਵਾ ਸਕਦੇ ਹਨ।

ਬਲਵਿੰਦਰ ਦਾ ਬਥੇਰੇ ਆੜ੍ਹਤੀਆਂ ਨਾਲ ਵਿਹਾਰ ਚੱਲਦਾ ਸੀ। ਆੜ੍ਹਤੀਆਂ ਨੂੰ ਘਰ ਬੈਠਿਆਂ ਨੂੰ ਆੜ੍ਹਤ ਪੁੱਜਦੀ ਸੀ।

ਨਵੇਂ ਵਿਹਾਰ ਵਿਚ ਜੀਵਨ ਨੂੰ ਵੀ ਕੀ ਇਤਰਾਜ਼ ਹੋ ਸਕਦਾ ਸੀ ? ਬਲਵਿੰਦਰ ਨੇ ਉਸ ਨੂੰ ਜਿਨਸ ਦੇ ਵਿਉਪਾਰ ਨਾਲੋਂ ਦੁੱਗਣਾ ਕਮਿਸ਼ਨ ਦਿਵਾਉਣਾ ਸੀ।

ਜੇ ਪਾਣੀ ਸਾਰੇ ਹੀ ਪੁਲਾਂ ਹੇਠ ਦੀ ਲੰਘ ਚੁੱਕਾ ਹੋਇਆ ਤਾਂ ਬਲਵਿੰਦਰ ਨੇ ਮੋਹਨ ਜੀ ਦੇ ਦਰ 'ਤੇ ਅਲਖ ਜਗਾਉਣੀ ਸੀ।

ਜਿਨ੍ਹਾਂ ਵਕੀਲਾਂ ਨੂੰ ਬਲਵਿੰਦਰ ਕੇਸ ਦਿੰਦਾ ਸੀ, ਮੋਹਨ ਜੀ ਉਹਨਾਂ ਵਿਚੋਂ ਇਕ ਸੀ।

ਮੋਹਨ ਜੀ ਛੋਟਾ ਵਕੀਲ ਸੀ। ਉਹ ਸੈਸ਼ਨ ਕੇਸ ਨਹੀਂ ਸੀ ਲੈਂਦਾ। ਅਜਿਹਾ ਕੋਈ ਕੇਸ ਆ ਜਾਵੇ ਤਾਂ ਉਹ ਸੀਨੀਅਰ ਵਕੀਲ ਕਰਾਉਂਦਾ ਸੀ। ਸੀਨੀਅਰ ਕੋਲੋਂ ਆਪਣਾ ਹਿੱਸਾ ਲੈਂਦਾ ਸੀ।

ਪਹਿਲਾਂ ਪਾਲੇ ਅਤੇ ਮੀਤੇ ਹੁਰਾਂ ਦੇ ਸਾਰੇ ਮੁਕੱਦਮੇ ਉਹੋ ਲੜਦਾ ਸੀ। ਜੇ ਇਹ ਮੁਕੱਦਮਾ ਉਸ ਕੋਲ ਗਿਆ ਤਾਂ ਉਸ ਨੇ ਅਗਾਂਹ ਹੀ ਦੇਣਾ ਸੀ।

ਬਲਵਿੰਦਰ ਨੂੰ ਯਕੀਨ ਸੀ, ਮੋਹਨ ਜੀ ਉਸ ਦਾ ਆਖਾ ਨਹੀਂ ਮੋੜੇਗਾ। ਇਹ ਭਾਈਚਾਰਕ ਸਾਂਝ ਸੀ। ਵਕੀਲ ਦੀ ਫ਼ੀਸ ਵਿਚੋਂ ਮਿਲਣ ਵਾਲਾ ਸਾਰਾ ਹਿੱਸਾ ਬਲਵਿੰਦਰ ਨੇ ਮੋਹਨ ਜੀ ਨੂੰ ਦੇ ਦੇਣਾ ਸੀ। ਬਲਵਿੰਦਰ ਨੂੰ ਮੁਨਸ਼ੀਆਨਾ ਮੁਫ਼ਤ ਵਿਚ ਮਿਲ ਜਾਣਾ ਸੀ।

ਸਿਗਰਟ ਦੇ ਖ਼ਤਮ ਹੋਣ ਤਕ ਬਲਵਿੰਦਰ ਦੇ ਹੌਸਲੇ ਬੁਲੰਦ ਹੋ ਗਏ।

ਉਹ ਪਹਿਲਾਂ ਹੀ ਬਹੁਤ ਲੇਟ ਸੀ। ਹੋਰ ਲੇਟ ਹੋਣਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ।

ਮਨ 'ਚ ਲੱਡੂ ਭੋਰਦੇ ਬਲਵਿੰਦਰ ਨੇ ਸਾਈਕਲ ਚੁੱਕਿਆ ਅਤੇ ਪਾਲੇ ਦੇ ਘਰ ਦੇ ਰਾਹ ਪਾ ਲਿਆ।

ਪਾਲੇ ਦੀ ਮਾਂ ਨੂੰ ਜਿਵੇਂ ਉਸੇ ਦਾ ਇੰਤਜ਼ਾਰ ਸੀ।

ਬਲਵਿੰਦਰ ਜੋ ਆਖਦਾ ਸੀ ਸਭ ਠੀਕ ਸੀ, ਪਰ ਉਸ ਕੋਲ ਓਨਾ ਪੈਸਾ ਨਹੀਂ ਸੀ ਜਿੰਨਾ ਬਲਵਿੰਦਰ ਮੰਗਦਾ ਸੀ। ਉਹ ਵੱਧ ਤੋਂ ਵੱਧ ਪੰਜ-ਛੇ ਸੌ ਦੇ ਸਕਦੀ ਸੀ ਅਤੇ ਉਹ ਵੀ ਕਿਸ਼ਤਾਂ ਵਿਚ।

ਪਾਲੇ ਦੀ ਮਾਂ ਹਜ਼ਾਰ ਤੱਕ ਅੱਪੜੀ, ਬਲਵਿੰਦਰ ਤਾਂ ਵੀ ਕੋਈ ਵਕੀਲ ਅੜ੍ਹਕਾ ਦਿੰਦਾ। ਪੰਜ-ਛੇ ਸੌ ਵਿਚ ਕੀ ਨੰਗੀ ਨਹਾਏਗੀ ਅਤੇ ਕੀ ਨਚੋੜੇਗੀ ?

ਪਾਲੇ ਦੀ ਮਾਂ ਨੂੰ ਹਾਂ ਜਾਂ ਨਾਂਹ ਕਰਨ ਤੋਂ ਪਹਿਲਾਂ ਉਹ ਜੀਵਨ ਅਤੇ ਮੋਹਨ ਜੀ ਨੂੰ ਟੋਹਣਾ ਚਾਹੁੰਦਾ ਸੀ। ਤੱਤਾ ਲੱਕਣ ਵਿਚ ਕੋਈ ਫ਼ਾਇਦਾ ਨਹੀਂ ਸੀ।

ਜੀਵਨ ਆੜ੍ਹਤੀਏ ਨੇ ਵੀ ਪੈਰਾਂ 'ਤੇ ਪਾਣੀ ਨਾ ਪੈਣ ਦਿੱਤਾ।

ਆੜ੍ਹਤੀਏ ਨੂੰ ਸੰਮਤੀ 'ਤੇ ਯਕੀਨ ਸੀ। ਪਾਲਾ ਬੇਗੁਨਾਹ ਸੀ। ਸੱਚੇ ਬੰਦੇ ਦਾ ਕਦੇ ਵਾਲ ਵਿੰਗਾ ਨਹੀਂ ਹੁੰਦਾ। ਇਹ ਉਸ ਦਾ ਵਿਸ਼ਵਾਸ ਸੀ।

ਫੇਰ ਉਹ ਸੰਮਤੀ ਦੇ ਅਨੁਸ਼ਾਸਨ ਵਿਚ ਬੱਝਾ ਹੋਇਆ ਸੀ। ਸੌ-ਦੋ ਸੌ ਰੁਪਏ ਦੇ ਲਾਲਚ ਵਿਚ ਉਹ ਸੰਮਤੀ ਨਾਲ ਵਿਸ਼ਵਾਸਘਾਤ ਨਹੀਂ ਸੀ ਕਰ ਸਕਦਾ।

ਅਗਾਂਹ ਮੋਹਨ ਜੀ ਵੀ 'ਪਾਲਕੀ ਵਾਲਾ' ਬਣਿਆ ਬੈਠਾ ਸੀ। ਅਖੇ 'ਤਾਇਆ ਇਹ ਕੇਸ ਮੈਂ ਆਪ ਲੜੂੰ। ਸਜ਼ਾ ਤਾਂ ਉਨ੍ਹਾਂ ਨੂੰ ਹੋਣੀ ਹੀ ਹੋਣੀ ਹੈ। ਆਪਣਾ ਤਜਰਬਾ ਹੋ ਜੂ।"

ਘਰ ਮੁੜਦੇ ਬਲਵਿੰਦਰ ਨੂੰ ਅੱਧੀ ਰਾਤ ਹੋ ਗਈ।

ਬਿਨਾਂ ਕੁਝ ਖਾਧੇ-ਪੀਤੇ ਉਹ ਚੁਬਾਰੇ ਜਾ ਚੜ੍ਹਿਆ।

"ਇਸ ਕੇਸ ਬਿਨਾਂ ਮੈਂ ਕਿਹੜਾ ਨੰਗ ਹੋ ਜੂੰ!"

ਸਵੇਰ ਤਕ ਕਰਵਟਾਂ ਬਦਲਦਾ ਉਹ ਅਜਿਹਾ ਕੁਝ ਬੜਾਉਂਦਾ ਰਿਹਾ।



# 6

ਜੇ ਗੁਰਮੀਤ ਸਿੰਘ ਸਰਕਾਰੀ ਵਕੀਲ ਨੇ ਨੌਕਰੀ ਤੋਂ ਅਸਤੀਫ਼ਾ ਨਾ ਦਿੱਤਾ ਹੁੰਦਾ ਤਾਂ ਪਿਆਰੇ ਲਾਲ ਐਡਵੋਕੇਟ ਵੀ ਇਸ ਕੇਸ ਵਿਚ ਨਹੁੰ ਅੜਾਉਣ ਦੀ ਆਸ ਰੱਖ ਸਕਦਾ ਸੀ। ਦੋਹਾਂ ਵਿਚੋਂ ਇਕ ਦੋਸ਼ੀ ਗੁਰਮੀਤ ਦਾ ਖ਼ਾਸ ਸੀ ਅਤੇ ਗੁਰਮੀਤ ਪਿਆਰੇ ਲਾਲ ਦਾ। ਹੁਣ ਜਦੋਂ ਗੁਰਮੀਤ ਖ਼ੁਦ ਬੇਰੁਜ਼ਗਾਰਾਂ ਦੀ ਕਤਾਰ ਵਿਚ ਖੜੋਤਾ ਸੀ, ਉਹ ਪਿਆਰੇ ਲਾਲ ਵਰਗੇ ਵਿਹਲੜਾਂ ਦਾ ਕੀ ਸਵਾਰ ਸਕਦਾ ਸੀ ?

ਕਾਸ਼ ! ਅਸਤੀਫ਼ਾ ਦੇਣ ਤੋਂ ਪਹਿਲਾਂ ਗੁਰਮੀਤ ਨੇ ਇਕ ਵਾਰ ਤਾਂ ਪਿਆਰੇ ਲਾਲ ਨਾਲ ਮਸ਼ਵਰਾ ਕੀਤਾ ਹੁੰਦਾ। ਇਸ ਧੰਦੇ ਵਿਚ ਸਥਾਪਤ ਹੋਣ ਲਈ ਕਿੰਨਾ ਜ਼ਲੀਲ ਹੋਣਾ ਪਏਗਾ ? ਪਿਆਰੇ ਲਾਲ ਤੋਂ ਇਕ ਵਾਰ ਪੁੱਛਿਆ ਹੁੰਦਾ। ਹੋਰ ਨਹੀਂ ਤਾਂ ਪਿਆਰੇ ਲਾਲ ਦੀ ਹੱਡ-ਬੀਤੀ ਵੱਲ ਹੀ ਝਾਤ ਮਾਰ ਲੈਂਦਾ। ਕਦੇ ਕਿਸੇ ਨੇ ਨਹੀ ਪੁੱਛਿਆ, ਪਿਆਰੇ ਲਾਲ ਕੋਲ ਕਿਹੜੀ ਡਿਗਰੀ ਹੈ ਅਤੇ ਕਿਸ ਯੂਨੀਵਰਸਿਟੀ ਦੀ ?

ਕੀ ਗੁਰਮੀਤ ਨੇ ਆਪਣੇ ਆਪ ਨੂੰ ਬੱਬੂ ਸਮਝ ਲਿਆ, ਬਈ ਆਉਂਦੇ ਦੇ ਹੀ ਪੈਰ ਜੰਮ ਜਾਣਗੇ।

ਬੱਬੂ ਤਾਂ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਦਾ ਪੋਤਾ ਸੀ। ਇਸੇ ਕਰਕੇ ਵਕਾਲਤ ਦੇ ਪਹਿਲੇ ਸਾਲ ਹੀ ਉਸ ਦੇ ਫੱਟੇ 'ਤੇ ਬਾਣੀਆਂ ਦਾ ਝੁਰਮਟ ਬੱਝਣ ਲੱਗਾ। ਕਿਸੇ ਬਾਣੀਏ ਕੋਲ ਵਹੀਆਂ ਦਾ ਬਸਤਾ ਹੁੰਦਾ ਅਤੇ ਕਿਸੇ ਕੋਲ ਪਰਨੋਟਾਂ ਦਾ ਥੱਬਾ। ਕਿਸੇ ਨੇ ਦੁਕਾਨ ਖ਼ਾਲੀ ਕਰਾਉਣੀ ਹੁੰਦੀ ਅਤੇ ਕਿਸੇ ਨੇ ਮਕਾਨ। ਅਸਾਮੀ ਲਿਆਉਣ ਵਾਲਾ ਪਾਰਟੀ ਵਰਕਰ ਹੁੰਦਾ ਹੈ। ਮੂੰਹ-ਮੰਗੀ ਫ਼ੀਸ ਮਿਲਦੀ ਹੈ। ਗੁਰਮੀਤ ਉਸ ਨਾਲ ਕਿਵੇਂ ਰਲ ਜੂ ?

ਜਾਂ ਗੁਰਮੀਤ ਨੇ ਆਪਣੇ ਆਪ ਨੂੰ ਸਰਦਾਰਾਂ ਦਾ ਬਿੱਲੂ ਸਮਝ ਲਿਆ ਹੋਣੈ।

ਬਿੱਲੂ ਦੀ ਵਕਾਲਤ ਚਮਕਣ ਲਈ ਇੰਨਾ ਹੀ ਕਾਫ਼ੀ ਸੀ ਕਿ ਉਹ ਇਕ ਪੁਲਿਸ ਕਪਤਾਨ ਦਾ ਸਾਲਾ ਸੀ। ਇਲਾਕੇ ਦੀ ਪੁਲਿਸ 'ਤੇ ਇਸੇ ਗੱਲ ਦਾ ਰੋਹਬ ਸੀ। ਸਰਦਾਰ ਜੀ ਪਟਿਆਲੇ ਲੱਗੇ ਸਨ, ਫੇਰ ਕੀ ਹੋਇਆ ? ਕਦੇ ਇਥੇ ਵੀ ਆ ਸਕਦੇ ਸਨ। ਇਥੋਂ ਦੇ ਪੁਲਿਸ ਅਫ਼ਸਰ ਪਟਿਆਲੇ ਜਾ ਸਕਦੇ ਸਨ। ਤਬਾਦਲਾ ਨਾ ਹੋਵੇ, ਫੇਰ ਕਿਹੜਾ ਕਿਸੇ ਦਾ ਕੰਮ ਨਹੀਂ ਕਰਵਾ ਸਕਦੇ। ਜਦੋਂ ਵੀ ਕਚਹਿਰੀ ਆਉਂਦਾ, ਦੋ ਘੜੀ ਬਿੱਲੂ ਕੋਲ ਬੈਠ ਕੇ ਜਾਂਦਾ। ਚਾਹ-ਪਾਣੀ ਬਹਾਨਾ ਹੁੰਦਾ। ਮਕਸਦ ਇਹ ਦਰਸਾਉਣਾ ਹੁੰਦਾ ਕਿ ਉਸ ਦੀ ਕਾਕਾ ਜੀ ਨਾਲ ਲਿਹਾਜ਼ ਐ। ਇਸ ਇਸ਼ਾਰੇ ਨੂੰ ਕੌਣ ਨਹੀਂ ਸਮਝਦਾ ? ਪੁਲਿਸ ਟਾਊਟ ਪੁਰਾਣੇ ਵਕੀਲਾਂ ਦੇ ਨਾਲ-ਨਾਲ ਬਿੱਲੂ ਵੱਲ ਵੀ ਫੇਰਾ ਮਾਰਦੇ ਸਨ। ਸਿਪਾਹੀਆਂ, ਹੌਲਦਾਰਾਂ ਨੂੰ ਤਾਂ ਸਲੂਟ ਤਕ ਮਾਰਨਾ ਪੈਂਦੈ। ਹਾਜ਼ਰੀ ਲਵਾਉਣ ਲਈ ਉਹ ਕੇਸ ਭੇਜਦੇ ਸਨ। ਡਰਦੇ ਹਿੱਸਾ-ਪੱਤੀ ਵੀ ਨਹੀਂ ਲੈਂਦੇ। ਦੋ ਸਾਲਾਂ ਵਿਚ ਉਹ ਫ਼ੌਜਦਾਰੀ ਵਕੀਲਾਂ ਵਿਚ ਗਿਣਿਆ ਜਾਣ ਲੱਗਿਆ ਸੀ ।

ਵਕਾਲਤ ਚਮਕਾਉਣ ਲਈ ਹੁਣ ਗੁਰਮੀਤ ਕਿਸ ਕਪਤਾਨ ਨਾਲ ਰਿਸ਼ਤੇਦਾਰੀ ਪਾਏਗਾ ?

ਗੁਰਮੀਤ ਆਪਣੇ ਕੰਮ ਦਾ ਮਾਹਿਰ ਜ਼ਰੂਰ ਸੀ। ਡਿਗਰੀ ਕਰਦੇ ਸਮੇਂ ਉਹ ਗੋਲਡ ਮੈਡਲ ਵੀ ਜਿੱਤ ਚੁੱਕਾ ਸੀ । ਪਰ ਕਚਹਿਰੀ ਵਿਚ ਉਸ ਦੀ ਲਿਆਕਤ ਨੂੰ ਕਿਸ ਪੁੱਛਣਾ ਸੀ ?

ਉਹ ਪਿਆਰੇ ਲਾਲ ਵੱਲ ਦੇਖਦਾ। ਉਹ ਐਲ.ਐਲ.ਐਮ. ਪਾਸ ਸੀ। ਉਸ ਨੇ ਫ਼ੌਜਦਾਰੀ ਕਾਨੂੰਨ ਵਿਚ ਵਿਸ਼ੇਸ਼ ਮੁਹਾਰਤ ਹਾਸਲ ਕੀਤੀ ਸੀ। ਅੱਜ ਤਕ ਕਦੇ ਕਿਸੇ ਨੇ ਡਿਗਰੀ ਦੇ ਆਧਾਰ 'ਤੇ ਉਸ ਦੀ ਵਾਤ ਨਹੀਂ ਸੀ ਪੁੱਛੀ।

ਗੁਰਮੀਤ ਨੇ ਕਈ ਸਾਲ ਨੌਕਰੀ ਕੀਤੀ ਸੀ। ਇਸ ਧੰਦੇ ਦਾ ਉਸ ਨੂੰ ਗੂੜ੍ਹਾ ਤਜਰਬਾ ਸੀ। ਕੀ ਉਸ ਨੂੰ ਨਹੀਂ ਸੀ ਪਤਾ ਕਿ ਸਾਇਲ ਦੀ ਬੁੱਧੀ 'ਤੇ ਪਰਦਾ ਤਾਂ ਕਚਹਿਰੀ ਵੜਦਿਆਂ ਹੀ ਪੈ ਜਾਂਦਾ ਹੈ। ਉਸ ਦੀ ਰਹਿੰਦੀ-ਖੂੰਹਦੀ ਅਕਲ ਟਾਊਟ ਮਾਰ ਦਿੰਦੇ ਹਨ। ਉਹ ਜਾਦੂਗਰ, ਵਕੀਲ ਬਾਰੇ ਕੁਝ ਸੋਚਣ ਹੀ ਨਹੀਂ ਦਿੰਦੇ।

ਕੇਵਲ ਇਕ ਵਾਰ ਇਕ ਸਾਇਲ ਪਿਆਰੇ ਲਾਲ ਦੇ ਫੱਟੇ 'ਤੇ ਐਲ.ਐਮ.ਐਮ. ਲਿਖਿਆ ਪੜ੍ਹ ਕੇ ਉਸ ਕੋਲ ਆਇਆ ਸੀ। ਵਕਾਲਤਨਾਮੇ ਦਾ ਫ਼ਾਰਮ ਲੈਣ ਗਏ ਨੂੰ ਹੀ ਉਸ ਨੂੰ ਕਿਸੇ ਟਾਊਟ ਨੇ ਘੇਰ ਲਿਆ ਸੀ।

"ਚੰਡੀਗੜ੍ਹੋਂ ਤਾਂ ਜਣਾ-ਖਣਾ ਪੜ੍ਹ ਕੇ ਆ ਜਾਂਦੈ। ਐਲ.ਐਲ.ਐਮ. ਦੀ ਥਾਂ ਭਾਵੇਂ ਪੀ-ਐਚ.ਡੀ. ਦੀ ਡਿਗਰੀ ਲੈ ਆਓ। ਸਾਡਾ ਵਕੀਲ ਬਾਹਰੋਂ ਪੜ੍ਹ ਕੇ ਆਇਐ।

ਬਾਹਰੋਂ ਪੜ੍ਹ ਕੇ ਆਉਣ ਦੀ ਗੱਲ ਨੇ ਸਾਇਲ ਨੂੰ ਭੰਬਲ-ਭੂਸਿਆਂ ਵਿਚ ਪਾ ਦਿੱਤਾ ਸੀ। ਉਸ ਨੂੰ ਲੱਗਾ ਸੀ ਜਿਵੇਂ ਉਸ ਦਾ ਵਕੀਲ ਵਲੈਤੋਂ ਪੜ੍ਹ ਕੇ ਆਇਆ ਹੈ।

ਫ਼ੀਸ ਵਾਪਸ ਮੰਗਣ ਆਏ ਸਾਇਲ ਨੂੰ ਪਿਆਰੇ ਲਾਲ ਨੇ ਬਥੇਰਾ ਸਮਝਾਇਆ ਸੀ। ਵਕੀਲ ਵਿਦੇਸ਼ੋਂ ਨਹੀਂ, ਗੰਗਾਨਗਰੋਂ ਪੜ੍ਹ ਕੇ ਆਇਐ। ਉਥੋਂ ਡਿਗਰੀ ਹਾਸਲ ਕਰਨ ਲਈ ਵਿਦਿਆਰਥੀ ਨੂੰ ਸਾਰੀ-ਸਾਰੀ ਰਾਤ ਦੀਵਾ ਬਾਲਣ ਦੀ ਲੋੜ ਨਹੀਂ ਪੈਂਦੀ। ਉਥੇ ਹਾਜ਼ਰੀ-ਸੌਣੀ ਜਾ ਕੇ ਫ਼ੀਸਾਂ ਭਰ ਕੇ ਅਤੇ ਇਮਤਿਹਾਨ ਵਿਚ ਬੈਠ ਕੇ ਸਰ ਜਾਂਦਾ। ਕਾਲਜ ਵਾਲਿਆਂ ਨੂੰ ਪੈਸਾ ਚਾਹੀਦੈ ਅਤੇ ਪੈਸੇ ਵਾਲਿਆਂ ਨੂੰ ਡਿਗਰੀ। ਉਸ ਦੇ ਵਕੀਲ ਨੇ ਇਉਂ ਡਿਗਰੀ ਹਾਸਲ ਕੀਤੀ ਹੈ।

ਪਰ ਪਿਆਰੇ ਲਾਲ ਨਾਲੋਂ ਟਾਊਟ ਦਾ ਤਰਕ ਤੇਜ਼ ਸੀ। ਸਾਇਲ ਨੇ ਫ਼ੀਸ ਮੁੜਵਾ ਕੇ ਹੀ ਸਾਹ ਲਿਆ ਸੀ।

ਪੰਜਾਂ ਸਾਲਾਂ ਤੋਂ ਪਿਆਰੇ ਲਾਲ ਕਚਹਿਰੀਆਂ ਵਿਚ ਧੱਕੇ ਖਾਂਦਾ ਆ ਰਿਹਾ ਸੀ। ਇਕ ਵੀ ਕੇਸ ਵਿਚ ਉਸ ਨੂੰ ਆਪਣੀ ਯੋਗਤਾ ਦਿਖਾਉਣ ਦਾ ਮੌਕਾ ਨਹੀਂ ਸੀ ਮਿਲਿਆ। ਪਿਆਰੇ ਲਾਲ ਨੂੰ ਲੱਗਦਾ ਸੀ, ਉਸ ਦੇ ਦੋਸਤ ਗੁਰਮੀਤ ਨਾਲ ਵੀ ਇੰਝ ਹੀ ਹੋਵੇਗੀ। ਕੌਣ ਲਿਆ ਕੇ ਦੇਵੇਗਾ ਉਸ ਨੂੰ ਕੇਸ ?

ਪਾਲੇ ਅਤੇ ਮੀਤੇ ਨੇ ਜੇ ਇਹ ਕਤਲ ਨਹੀਂ ਸੀ ਕੀਤਾ, ਨਾ ਸਹੀ। ਸਨ ਤਾਂ ਉਹ ਦਸ ਨੰਬਰੀਏ ਹੀ। ਬਥੇਰੇ ਲੋੜਵੰਦਾਂ ਦੀਆਂ ਉਹਨਾਂ ਜੇਬਾਂ ਕੱਟੀਆਂ ਹੋਣਗੀਆਂ। ਬਥੇਰੇ ਗ਼ਰੀਬਾਂ ਦੇ ਘਰੋਂ ਸਾਮਾਨ ਚੋਰੀ ਕੀਤਾ ਹੋਵੇਗਾ। ਕਾਨੂੰਨ ਦੀਆਂ ਕਮਜ਼ੋਰੀਆਂ ਦਾ ਫ਼ਾਇਦਾ ਉਠਾ ਕੇ ਬਰੀ ਵੀ ਹੁੰਦੇ ਰਹੇ ਹੋਣਗੇ। ਸਮਾਜ ਨੂੰ ਅਜਿਹੇ ਮੁਜਰਮਾਂ ਤੋਂ ਰਾਹਤ ਮਿਲਣੀ ਹੀ ਚਾਹੀਦੀ ਸੀ। ਉਹਨਾਂ 'ਤੇ ਜੇ ਝੂਠਾ ਕੇਸ ਮੜ੍ਹ ਦਿੱਤਾ ਗਿਆ ਸੀ ਤਾਂ ਗੁਰਮੀਤ ਨੂੰ ਕੀ ? ਪਿਆਰੇ ਲਾਲ ਸਮਝਦਾ ਸੀ, ਉਸ ਨੂੰ ਬਾਦਸ਼ਾਹਾਂ ਵਰਗੀ ਨੌਕਰੀ ਨਹੀਂ ਸੀ ਛੱਡਣੀ ਚਾਹੀਦੀ।

ਸ਼ਾਇਦ ਗੁਰਮੀਤ ਵੀ ਪਿਆਰੇ ਲਾਲ ਵਰਗਾ ਆਦਰਸ਼ਵਾਦੀ ਸੀ। ਪਹਿਲਾਂ-ਪਹਿਲ ਹਰ



ਕੋਈ ਹੁੰਦਾ ਹੈ। ਕਾਲਾ ਕੋਟ ਪਾਉਣ ਤੋਂ ਪਹਿਲਾਂ ਪਿਆਰੇ ਲਾਲ ਨੇ ਵੀ ਪ੍ਰਤਿੱਗਿਆ ਕੀਤੀ ਸੀ, "ਉਹ ਇਕ ਵਕੀਲ ਦੇ ਫ਼ਰਜ਼ਾਂ ਨੂੰ ਦ੍ਰਿੜਤਾ ਨਾਲ ਨਿਭਾਏਗਾ। ਉਹ ਜੱਜ ਦੇ ਸਾਹਮਣੇ ਸੱਚਾਈ ਲਿਆਇਆ ਕਰੇਗਾ। ਉਸ ਦਾ ਉਦੇਸ਼ ਆਪਣੀ ਧਿਰ ਨੂੰ ਜਿਤਾਉਣਾ ਨਹੀਂ ਹੋਏਗਾ। ਉਹ ਸਸਤਾ ਇਨਸਾਫ਼ ਮੁਹੱਈਆ ਕਰਾਉਣ ਵਿਚ ਲੋਕਾਂ ਦੀ ਮਦਦ ਕਰੇਗਾ। ਵਕਾਲਤ ਵਿਚ ਪੂਰੀ ਤਰ੍ਹਾਂ ਸਥਾਪਤ ਹੋ ਕੇ ਵੀ ਉਹ ਸਾਇਲਾਂ ਦੀਆਂ ਜੇਬਾਂ ਨਹੀਂ ਕੱਟੇਗਾ। ਕਾਨੂੰਨ ਤੋੜਨ ਵਿਚ ਫ਼ਖ਼ਰ ਮਹਿਸੂਸ ਕਰਨ ਵਾਲਿਆਂ ਦਾ ਕਦੇ ਉਹ ਵਕੀਲ ਨਹੀਂ ਬਣੇਗਾ। ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰੇਗਾ। ਅਜਿਹਾ ਕਰਦੇ ਸਮੇਂ ਉਸ ਨੂੰ ਕਦੇ ਕੋਈ ਸੰਘਰਸ਼ ਛੇੜਨਾ ਪਿਆ ਤਾਂ ਉਹ ਛੇੜੇਗਾ।"

ਸ਼ਾਇਦ ਇਹੋ ਜਿਹਾ ਕੋਈ ਉਦੇਸ਼ ਸਾਹਮਣੇ ਰੱਖ ਕੇ ਹੀ ਗੁਰਮੀਤ ਨੇ ਅਸਤੀਫ਼ਾ ਦਿੱਤਾ ਹੋਵੇਗਾ।

ਪਰ ਰੋਟੀ-ਰੋਜ਼ੀ ਲਈ ਜੂਝਦੇ ਪਿਆਰੇ ਲਾਲ ਦਾ ਆਦਰਸ਼ਵਾਦ ਦਿਨਾਂ ਵਿਚ ਹੀ ਖੰਡਿਤ ਹੋ ਗਿਆ ਸੀ। ਭੁੱਖ ਨੇ ਉਸ ਦੀਆਂ ਅੱਖਾਂ ਵਿਚ ਲਟਕਦੇ ਸੁਪਨੇ ਇਕ-ਇਕ ਕਰ ਕੇ ਝਾੜ ਦਿੱਤੇ ਸਨ। ਥੱਕੇ ਹਾਰੇ ਪਿਆਰੇ ਲਾਲ ਨੂੰ ਵਕੀਲਾਂ ਦੀ ਭੀੜ ਵਿਚ ਗੁਆਚ ਕੇ ਇਕ ਸਾਧਾਰਨ ਮੈਂਬਰ ਬਣਨ ਲਈ ਮਜਬੂਰ ਹੋਣਾ ਪਿਆ ਸੀ।

ਗੁਰਮੀਤ ਨੂੰ ਚੋਖੀ ਤਨਖ਼ਾਹ ਮਿਲਦੀ ਸੀ, ਭਰੇ ਢਿੱਡ ਨਾਲ ਉਪਦੇਸ਼ ਦੇਣੇ ਸੌਖੇ ਹੁੰਦੇ ਹਨ। ਪਿਆਰੇ ਲਾਲ ਨੂੰ ਲੱਗਦਾ ਸੀ, ਗੁਰਮੀਤ ਫੂਕ ਛਕ ਗਿਆ ਸੀ। ਛੋਟੇ-ਮੋਟੇ ਮੁਜਰਮਾਂ ਨੂੰ ਜੁਰਮ ਕਰਨੋਂ ਹਟਾ ਕੇ ਜਾਂ ਪਿਆਰੇ ਲਾਲ ਵਰਗੇ ਵਕੀਲਾਂ ਨੂੰ ਚਾਰ ਕੇਸ ਦਿਵਾ ਕੇ ਆਪਣੇ-ਆਪ ਨੂੰ ਫ਼ਰਿਸ਼ਤਾ ਸਮਝ ਬੈਠੈ। ਜਦੋਂ ਆਟੇ-ਦਾਣੇ ਦਾ ਭਾਅ ਪਤਾ ਲੱਗਾ ਤਾਂ ਪਿਆਰੇ ਲਾਲ ਵਾਂਗ ਉਸ ਨੂੰ ਆਪੇ ਸਾਰੇ ਆਦਰਸ਼ ਭੁੱਲ ਜਾਣਗੇ।

ਪਿਆਰੇ ਲਾਲ ਨੂੰ ਸਮਝ ਨਹੀਂ ਸੀ ਆ ਰਹੀ, ਗੁਰਮੀਤ ਨੂੰ ਅਸਤੀਫ਼ਾ ਦੇਣ ਦਾ ਝੱਲ ਕਿਉਂ ਚੜ੍ਹਿਆ ?

ਸ਼ਾਇਦ ਪਿਆਰੇ ਲਾਲ ਵਾਂਗ ਉਹ ਵੀ ਸ਼ੇਖ਼-ਚਿੱਲੀ ਬਣ ਗਿਆ ਸੀ। ਸੁਪਨਿਆਂ ਵਿਚ ਹੀ ਉਹ ਉੱਚੀਆਂ ਉਡਾਰੀਆਂ ਮਾਰ ਗਿਆ ਸੀ।

ਦਿਨੇ ਸੁਪਨੇ ਦੇਖਣ ਵਿਚ ਪਿਆਰੇ ਲਾਲ ਦਾ ਕਸੂਰ ਨਹੀਂ ਸੀ। ਇਹ ਗੁਣ ਉਸ ਨੂੰ ਵਿਰਾਸਤ ਵਿਚ ਮਿਲਿਆ ਸੀ।

ਪਿਆਰੇ ਲਾਲ ਦੇ ਬਾਪ ਮੁਕੰਦ ਲਾਲ ਨੇ ਵੀ ਸੁਪਨਾ ਲਿਆ ਸੀ । ਪਿਆਰੇ ਲਾਲ ਨੂੰ ਵਕੀਲ ਬਣਾਉਣ ਦਾ। ਉਸ ਦੇ ਜਨਮ ਤੋਂ ਵੀ ਪਹਿਲਾਂ।

ਕਿਸੇ ਅਸਾਮੀ ਨੇ ਮੁਕੰਦ ਲਾਲ ਦੇ ਦੋ ਸੌ ਰੁਪਏ ਮਾਰ ਲਏ ਸਨ। ਉਸ ਨੂੰ ਸਹੇ ਨਾਲੋਂ ਪਹੇ ਦਾ ਜ਼ਿਆਦਾ ਡਰ ਸੀ। ਅੱਜ ਇਸ ਅਸਾਮੀ ਨੇ ਝੱਗਾ ਚੁੱਕਿਆ, ਕੱਲ੍ਹ ਦੂਸਰੀ ਚੁੱਕੇਗੀ ਅਤੇ ਪਰਸੋਂ ਤੀਸਰੀ। ਇਸ ਤਰ੍ਹਾਂ ਮੁਕੰਦ ਲਾਲ ਦਾ ਕਾਰੋਬਾਰ ਠੱਪ ਹੋ ਸਕਦਾ ਸੀ।

ਅਦਾਲਤ ਦਾ ਦਰਵਾਜ਼ਾ ਖੜਕਾਉਣ ਲਈ ਮੁਕੰਦ ਲਾਲ ਨੇ ਬਿਹਾਰੀ ਲਾਲ ਵਕੀਲ ਕੀਤਾ ਸੀ। ਪਹਿਲੀ ਸੱਟੇ ਹੀ ਉਸ ਨੇ ਪੰਜਾਹ ਰੁਪਏ ਝਾੜ ਲਏ ਸਨ। ਇੰਨੀ ਰਕਮ ਨਾ ਮੁਕੰਦ ਲਾਲ ਤੋਂ ਇਕ ਮਹੀਨੇ ਵਿਚ ਕਮਾਈ ਜਾਣੀ ਸੀ, ਨਾ ਉਸ ਦੀ ਅਸਾਮੀ ਕੋਲੋਂ।

ਫ਼ੀਸ ਦੇ ਨਾਲ-ਨਾਲ ਵਗਾਰਾਂ ਵੀ। ਕਦੇ ਸਾਗ ਮੰਗਵਾ ਲਿਆ, ਕਦੇ ਗੰਨੇ। ਕਦੇ ਮੱਖਣ

ਅਤੇ ਕਦੇ ਖੋਆ।

ਵਕੀਲ ਦੇ ਖ਼ਰਬੂਜ਼ਿਆਂ ਵਰਗੇ ਬੱਚੇ, ਮੱਖਣੀ ਵਰਗੀ ਪਤਨੀ, ਨੌਕਰ-ਚਾਕਰ ਅਤੇ ਹਵੇਲੀ ਜਿੱਡਾ ਘਰ। ਵਕੀਲ ਦੀ ਐਸ਼ੋ-ਇਸ਼ਰਤ ਦੇਖ ਕੇ ਮੁਕੰਦ ਲਾਲ ਦੇ ਮੂੰਹ ਵਿਚ ਪਾਣੀ ਆ ਜਾਂਦਾ।

ਦੋ ਸਾਲ ਤਾਰੀਖ਼ਾਂ ਭੁਗਤ ਕੇ ਉਸ ਨੂੰ ਮਹਿਸੂਸ ਹੋਇਆ, ਅਦਾਲਤਾਂ ਦੇ ਤਾਂ ਮੁਨਸ਼ੀ ਮੁਸੱਦੀ ਨਹੀਂ ਮਾਣ। ਵਕੀਲਾਂ ਦੇ ਤਾਂ ਕਿਆ ਕਹਿਣੇ।

"ਉਹ ਵੀ ਮੁੰਡੇ ਨੂੰ ਵਕੀਲ ਬਣਾਉਣਗੇ", ਪਿਆਰੇ ਲਾਲ ਦੇ ਜਨਮ ਲੈਂਦਿਆਂ ਹੀ ਪਤੀ ਪਤਨੀ ਨੇ ਮਤਾ ਪਕਾ ਲਿਆ ਸੀ।

ਵਕਾਲਤ ਕਰਾਉਣ 'ਤੇ ਬਹੁਤ ਖ਼ਰਚ ਹੋਣਾ ਸੀ। ਬਾਣੀਏ ਪੁੱਤ ਨੇ ਵੀਹ ਸਾਲ ਪਹਿਲਾਂ ਹੀ ਯੋਜਨਾ ਘੜ ਲਈ। ਪਲੀ-ਪਲੀ ਕਰ ਕੇ ਜੋੜਿਆ ਤਾਂ ਵੀ ਉਸ ਸਮੇਂ ਤਕ ਕੁੱਪਾ ਭਰ ਜਾਣਾ ਸੀ।

ਉਹਨਾਂ ਦੇ ਪਿੰਡੋਂ ਸ਼ਹਿਰ ਬਾਰਾਂ ਮੀਲ ਦੂਰ ਸੀ। ਜਵਾਨ ਬੰਦੇ ਲਈ ਇੰਨਾ ਕੁ ਪੈਂਡਾ ਕੀ ਹੁੰਦੈ। ਮੂੰਹ-ਹਨੇਰੇ ਉੱਠ ਕੇ ਸ਼ਹਿਰ ਜਾਇਆ ਕਰੇਗਾ। ਸਬਜ਼ੀ ਦੀ ਖੁਰਜੀ ਭਰ ਲਿਆਇਆ ਕਰੇਗਾ। ਜਿਹੜੀ ਵਾਧੂ ਆਮਦਨ ਹੋਈ, ਉਹ ਵਕੀਲ ਪੁੱਤ ਦੇ ਖਾਤੇ ਜਮ੍ਹਾਂ ਕਰਾ ਦਿਆ ਕਰੇਗਾ।

ਕਲਾਵੰਤੀ ਨੇ ਵੀ ਸਾਥ ਦਿੱਤਾ। ਉਸ ਨੂੰ ਬਥੇਰੇ ਹੁਨਰ ਆਉਂਦੇ ਸਨ। ਦਰੀਆਂ, ਖੇਸ ਤੇ ਨਾਲੇ ਬੁਣ ਲੈਂਦੀ ਸੀ। ਥੋੜ੍ਹੀ ਬਹੁਤ ਸਿਲਾਈ ਮਸ਼ੀਨ ਵੀ ਜਾਣਦੀ ਸੀ। ਉਹਨਾਂ ਮਸ਼ੀਨ ਖ਼ਰੀਦ ਲਈ ਤਾਂ ਪੂਰੀ ਮੁਹਾਰਤ ਹੋ ਜਾਏਗੀ। ਪਿੰਡ ਵਿਚ ਕੱਪੜੇ ਸਿਵਾਉਣ ਵਾਲਿਆਂ ਦਾ ਘਾਟਾ ਨਹੀਂ ਸੀ।

ਉਹਨਾਂ ਆਪਣੀ ਯੋਜਨਾ ਨੂੰ ਅਮਲੀ ਜਾਮਾ ਪਹਿਨਾਇਆ। ਉਹਨਾਂ ਦੇ ਕੰਮ ਦਾ ਸਮਾਂ ਸਵੇਰੇ ਤਿੰਨ ਵਜੇ ਸ਼ੁਰੂ ਹੋ ਕੇ ਰਾਤ ਨੂੰ ਗਿਆਰਾਂ ਵਜੇ ਖ਼ਤਮ ਹੋਣ ਲੱਗਾ।

ਪਿਆਰੇ ਲਾਲ ਆਪਣਾ ਫ਼ਰਜ਼ ਨਿਭਾਉਂਦਾ ਰਿਹਾ। ਲਾਅ ਦੀ ਡਿਗਰੀ ਹਾਸਲ ਕਰਨ ਤਕ ਪਹਿਲੇ ਪੰਜਾਂ-ਸੱਤਾਂ ਵਿਚ ਆਉਂਦਾ ਰਿਹਾ।

ਪਿਆਰੇ ਲਾਲ ਦੇ ਪ੍ਰੋਫ਼ੈਸਰ ਉਸ ਨੂੰ ਸਮਝਾਉਣ ਲੱਗੇ। ਉਹ ਜੱਜ ਬਣੇ। ਇੰਗਲਿਸ਼ ਉਸ ਦੀ ਪਹਿਲਾਂ ਹੀ ਚੰਗੀ ਸੀ। ਕਾਨੂੰਨ ਉਸ ਨੂੰ ਸਮਝ ਆਉਂਦਾ ਸੀ।

ਪਿਆਰੇ ਲਾਲ ਇਨਸਾਫ਼ ਦੀ ਕੁਰਸੀ 'ਤੇ ਬੈਠਣ ਦੇ ਸੁਪਨੇ ਲੈਣ ਲੱਗਾ।

ਐਲ.ਐਲ.ਬੀ. ਕਰ ਕੇ ਵਕਾਲਤ ਕਰਨ ਦੀ ਥਾਂ ਉਸ ਨੇ ਐਲ.ਐਲ.ਐਮ. ਵਿਚ ਦਾਖ਼ਲਾ ਲੈ ਲਿਆ। ਵਜ਼ੀਫ਼ਾ ਮਿਲ ਜਾਣਾ ਸੀ। ਯੂਨੀਵਰਸਿਟੀ ਬੈਠ ਕੇ ਉਹ ਕੰਪੀਟੀਸ਼ਨ ਦੀ ਤਿਆਰੀ ਕਰੇਗਾ। ਨਿਕਲ ਗਿਆ ਤਾਂ ਠੀਕ ਨਹੀਂ ਮਾਸਟਰ ਆਫ਼ ਲਾਅ ਬਣ ਜਾਏਗਾ।

ਇਕ-ਇਕ ਕਰ ਕੇ ਐਲ.ਐਲ.ਐਮ. ਦੇ ਦੋ ਸਾਲ ਨਿਕਲ ਗਏ ਪਰ ਪੀ.ਸੀ.ਐਸ. ਦੀਆਂ ਨੌਕਰੀਆਂ ਨਾ ਨਿਕਲੀਆਂ। ਮਹੀਨੇ-ਵੀਹ ਦਿਨਾਂ ਬਾਅਦ ਉਹ ਸਕੱਤਰੇਤ ਗੇੜਾ ਮਾਰ ਆਉਂਦਾ। ਕਦੋਂ ਕੁ ਕੱਢੋਗੇ ਪੋਸਟਾਂ ? ਪੁੱਛ-ਪੜਤਾਲ ਕਰ ਆਉਂਦਾ। ਹੌਲੀ-ਹੌਲੀ ਉਸ ਨੂੰ ਪਤਾ ਲੱਗਾ। ਹਾਈ ਕੋਰਟ ਅਤੇ ਪਬਲਿਕ ਸਰਵਿਸ ਕਮਿਸ਼ਨ ਵਿਚਕਾਰ ਝਗੜਾ ਚੱਲਦਾ ਸੀ। ਕਮਿਸ਼ਨ ਲਿਖਤੀ ਇਮਤਿਹਾਨ ਦੇ ਨਾਲ-ਨਾਲ ਇੰਟਰਵਿਊ ਰੱਖਣਾ ਚਾਹੁੰਦਾ ਸੀ। ਹਾਈ ਕੋਰਟ ਇੰਟਰਵਿਊ ਰੱਖਣ ਲਈ ਰਾਜ਼ੀ ਨਹੀਂ ਸੀ। ਕਮਿਸ਼ਨ ਦੀ ਸ਼ੁਹਰਤ ਮਾੜੀ ਸੀ। ਮਾੜੀ ਸ਼ੁਹਰਤ ਵਾਲਿਆਂ ਨੂੰ 'ਦੂਜੇ ਰੱਬ' ਚੁਣਨ ਦੀ ਛੁੱਟੀ ਨਹੀਂ ਸੀ ਦਿੱਤੀ ਜਾ ਸਕਦੀ। ਜੇ ਕਮਿਸ਼ਨ ਵਾਲੇ ਆਪਣੀ ਮਰਜ਼ੀ ਨਾਲ ਚੋਣ ਨਹੀਂ ਕਰ ਸਕਦੇ, ਆਪਣੇ ਭਾਈ-ਭਤੀਜਿਆਂ ਨੂੰ ਨੌਕਰੀ ਨਹੀਂ ਦਿਵਾ ਸਕਦੇ ਤਾਂ ਉਹਨਾਂ ਦਾ ਦਿਮਾਗ਼ ਫਿਰਿਐ ਬਈ ਦਿਨ ਰਾਤ ਮੱਥਾ ਮਾਰ-ਮਾਰ ਸਰਕਾਰ



ਨੂੰ ਜੱਜ ਭਰਤੀ ਕਰ ਕੇ ਦੇਣ। ਇਸੇ ਕਸ਼ਮਕਸ਼ ਕਾਰਨ ਭਰਤੀ ਵਾਲੀ ਫ਼ਾਈਲ ਦੋਹਾਂ ਦਫ਼ਤਰਾਂ ਵਿਚਕਾਰ ਗੇਂਦ ਵਾਂਗ ਬੁੜ੍ਹਕਦੀ ਫਿਰਦੀ ਸੀ।

ਐਲ.ਐਲ.ਐਮ. ਕਰ ਕੇ ਚੰਡੀਗੜ੍ਹ ਬੈਠਣਾ ਮੁਸ਼ਕਲ ਹੋ ਗਿਆ। ਵਜ਼ੀਫ਼ਾ ਬੰਦ ਹੋ ਗਿਆ। ਪ੍ਰੋਫ਼ੈਸਰੀ ਮਿਲਣ ਦਾ ਕੋਈ ਚਾਨਸ ਨਹੀਂ ਸੀ।

ਪਿਆਰੇ ਲਾਲ ਨੂੰ ਪਿੰਡ ਡੇਰਾ ਜਮਾਉਣ ਵਿਚ ਬਿਹਤਰੀ ਲੱਗੀ। ਨਾਲੇ ਵਕਾਲਤ ਕਰੇਗਾ, ਨਾਲੇ ਇਮਤਿਹਾਨ ਦੀ ਤਿਆਰੀ।

ਵਕੀਲ ਬਣ ਕੇ ਘਰ ਆਏ ਪੁੱਤਰ ਨੂੰ ਦੇਖ ਕੇ ਮਾਪਿਆਂ ਦਾ ਧਰਤੀ 'ਤੇ ਪੈਰ ਨਹੀਂ ਸੀ ਲੱਗਦਾ। ਉਹਨਾਂ ਦੇ ਸੁਪਨੇ ਸਾਕਾਰ ਹੋਏ ਸਨ।

ਪੰਡਤ ਨੂੰ ਬੁਲਾ ਕੇ ਮਹੂਰਤ ਕਢਾਇਆ ਗਿਆ। ਸਾਕ-ਸੰਬੰਧੀਆਂ ਅਤੇ ਜਾਣ-ਪਹਿਚਾਣ ਵਾਲਿਆਂ ਨੂੰ ਦੱਸਣ ਲਈ ਰਾਮਾਇਣ ਦਾ ਪਾਠ ਰਖਵਾਇਆ ਗਿਆ।

ਦਹੀਂ ਖੁਆ ਕੇ ਅਤੇ ਮੱਥੇ 'ਤੇ ਤਿਲਕ ਲਗਾ ਪੂਰੇ ਸ਼ਗਨਾਂ ਨਾਲ ਉਸ ਨੂੰ ਕਚਹਿਰੀ ਤੋਰਿਆ ਗਿਆ।

ਸ਼ਾਮੀਂ ਪਿਆਰੇ ਲਾਲ ਜਦੋਂ ਘਰ ਮੁੜਿਆ ਤਾਂ ਕੰਧ 'ਤੇ ਲਟਕਦਾ ਵੱਡਾ ਸਾਰਾ ਬੋਰਡ ਦੇਖ ਕੇ ਉਹ ਹੈਰਾਨ ਰਹਿ ਗਿਆ। ਉਸ ਦਾ ਬਾਪ ਸਾਰਾ ਦਿਨ ਪੇਂਟਰ ਦੇ ਸਿਰਹਾਣੇ ਬੈਠਾ ਰਿਹਾ ਸੀ ਤਾਂ ਕਿਧਰੇ ਜਾ ਕੇ ਬੋਰਡ ਤਿਆਰ ਹੋਇਆ ਸੀ।

ਪਿਆਰੇ ਲਾਲ ਕਮਰੇ ਵਿਚ ਪੁੱਜਾ ਤਾਂ ਮੇਜ਼ 'ਤੇ ਇਕ ਲੈਟਰ ਪੈਡ ਪਈ ਸੀ। ਇਹ ਛੋਟੇ ਭਰਾ ਨੇ ਛਪਵਾ ਕੇ ਲਿਆਂਦੀ ਸੀ। ਸੋਹਣੇ-ਸੋਹਣੇ ਅੱਖਰਾਂ ਵਿਚ ਮੁਲਾਇਮ-ਮੁਲਾਇਮ ਕਾਗ਼ਜ਼ਾਂ 'ਤੇ ਲਿਖਿਆ ਸੀ : 'ਪਿਆਰੇ ਲਾਲ ਬੀ.ਏ. (ਆਨਰਜ਼), ਐਲ.ਐਲ.ਐਮ. ਐਡਵੋਕੇਟ ਪੰਜਾਬ ਐਂਡ ਹਰਿਆਣਾ ਹਾਈ ਕੋਰਟ'।

ਘਰ ਅੱਗੇ ਲਟਕਦੇ ਬੋਰਡ ਅਤੇ ਮੇਜ਼ ਉੱਪਰ ਪਈ ਪੈਡ ਨੂੰ ਦੇਖ ਕੇ ਘਰ ਦੇ ਹੋਰਨਾਂ ਮੈਂਬਰਾਂ ਵਾਂਗ ਪਿਆਰੇ ਲਾਲ ਨੂੰ ਵੀ ਅਜੀਬ ਜਿਹਾ ਨਸ਼ਾ ਚੜ੍ਹਿਆ ਸੀ। ਘਰ ਵਿਚ ਵਿਆਹ ਵਰਗੀ ਚਹਿਲ-ਪਹਿਲ ਸੀ। ਵਾਰ-ਵਾਰ ਉਹ ਘਰੋਂ ਬਾਹਰ ਨਿਕਲਦੇ ਤੇ ਚੋਰ ਅੱਖ ਨਾਲ ਕੰਧ 'ਤੇ ਲਟਕਦੇ ਫੱਟੇ ਨੂੰ ਤੱਕਦੇ। ਬਿਲਕੁਲ ਉਸੇ ਤਰ੍ਹਾਂ ਜਿਵੇਂ ਸੱਜ-ਵਿਆਹੀ ਵਹੁਟੀ ਨੂੰ ਗੁਆਂਢੀ ਤੱਕਦੇ ਹਨ।

ਪਰ ਇਹ ਖ਼ੁਮਾਰੀ ਕੁਝ ਦਿਨਾਂ ਬਾਅਦ ਹੀ ਉਤਰਨੀ ਸ਼ੁਰੂ ਹੋ ਗਈ। ਇਕ, ਦੋ ਅਤੇ ਫੇਰ ਤਿੰਨ ਮਹੀਨੇ ਲੰਘ ਗਏ। ਉਸ ਕੋਲ ਇਕ ਵੀ ਕੇਸ ਨਾ ਆਇਆ।

ਪਤਾ ਕੀਤਾ ਤਾਂ ਗ਼ਲਤੀ ਦਾ ਅਹਿਸਾਸ ਹੋਇਆ। ਉਸ ਨੂੰ ਕੁਝ ਸਾਲ ਕਿਸੇ ਸੀਨੀਅਰ ਵਕੀਲ ਦਾ ਜੂਨੀਅਰ ਬਣਨਾ ਚਾਹੀਦਾ ਸੀ। ਇਸ ਤਰ੍ਹਾਂ ਨਾਲੇ ਲੋਕਾਂ ਨਾਲ ਵਾਕਫ਼ੀਅਤ ਬਣ ਜਾਂਦੀ, ਨਾਲੇ ਜੇਬ ਖ਼ਰਚਾ ਨਿਕਲਦਾ ਰਹਿੰਦਾ।

ਉਹਨੀਂ ਦਿਨੀਂ ਤਰੱਕੀ ਲਾਲ ਦੀ ਸਭ ਤੋਂ ਵੱਧ ਚੜ੍ਹਤ ਸੀ। ਪਿਆਰੇ ਲਾਲ ਬੜੇ ਮਾਣ ਨਾਲ ਉਸ ਕੋਲ ਗਿਆ, ਸ਼ਾਗਿਰਦ ਬਣਨ ਲਈ। ਪਿਆਰੇ ਲਾਲ ਨੂੰ ਆਪਣੀ ਡਿਗਰੀ ਅਤੇ ਲਿਆਕਤ 'ਤੇ ਭਰੋਸਾ ਸੀ। ਤਰੱਕੀ ਲਾਲ ਕੋਲ ਭਾਵੇਂ ਕਈ ਜੂਨੀਅਰ ਸਨ ਪਰ ਪਿਆਰੇ ਲਾਲ ਦੇ ਮੁਕਾਬਲੇ ਦਾ ਇਕ ਵੀ ਨਹੀਂ ਸੀ। ਉਸ ਨੂੰ ਯਕੀਨ ਸੀ, ਕੁਝ ਹੀ ਮਹੀਨਿਆਂ ਵਿਚ ਉਹ ਤਰੱਕੀ ਲਾਲ ਦਾ ਹੱਥ ਵਟਾਉਣ ਲੱਗ ਪਏਗਾ।

ਹਾਂ ਜਾਂ ਨਾਂਹ ਕਰਨ ਤੋਂ ਪਹਿਲਾਂ ਤਰੱਕੀ ਲਾਲ ਨੇ ਪੂਰੀ ਪੁੱਛ-ਪੜਤਾਲ ਕੀਤੀ, ਡਿਗਰੀ ਜਾਂ ਡਵੀਜ਼ਨ ਬਾਰੇ ਨਹੀਂ। ਉਸ ਤੋਂ ਅੱਗੇ-ਪਿੱਛੇ, ਖ਼ਾਨਦਾਨੀ ਅਤੇ ਸਿਆਸੀ ਸੰਬੰਧਾਂ ਬਾਰੇ

ਪੁੱਛਿਆ ਗਿਆ। ਇਹਨਾਂ ਵਿਚ ਪਿਆਰੇ ਲਾਲ ਫਾਡੀ ਸੀ।

ਦੋ ਦਿਨਾਂ ਬਾਅਦ ਪਿਆਰੇ ਲਾਲ ਨੂੰ ਟਰਕਾ ਦਿੱਤਾ ਗਿਆ। ਹਾਲੇ ਉਸ ਕੋਲ ਚਾਰ ਜੂਨੀਅਰ ਸਨ, ਕੋਈ ਹਟਿਆ ਤਾਂ ਪਿਆਰੇ ਲਾਲ ਨੂੰ ਬੁਲਾ ਲਿਆ ਜਾਏਗਾ।

ਉਥੋਂ ਨਿਰਾਸ਼ ਹੋ ਕੇ ਉਹ ਮਹਿੰਦਰਦੀਪ ਕੋਲ ਗਿਆ ਸੀ। ਉਸ ਬਾਰੇ ਪਿਆਰੇ ਲਾਲ ਨੇ ਸੁਣਿਆ ਸੀ ਕਿ ਪਹਿਲਾਂ-ਪਹਿਲਾਂ ਉਸ ਨੂੰ ਵੀ ਕਿਸੇ ਨੇ ਜੂਨੀਅਰ ਨਹੀਂ ਸੀ ਰੱਖਿਆ। ਪੁਰਾਣੇ ਦਿਨ ਯਾਦ ਕਰ ਕੇ ਸ਼ਾਇਦ ਉਹ ਉਸ ਦੀ ਬਾਂਹ ਫੜ ਲਏ।

ਮਹਿੰਦਰਦੀਪ ਨੇ ਉਸ ਨੂੰ ਨਾਂਹ ਤਾਂ ਨਾ ਕੀਤੀ ਪਰ ਮੁਨਸ਼ੀਆਂ ਨਾਲੋਂ ਵੱਡਾ ਰੁਤਬਾ ਵੀ ਨਾ ਦਿੱਤਾ। ਕੰਮ ਦੀ ਗੱਲ ਕਦੇ ਨਾ ਦੱਸੀ। ਲਿਫ਼ਾਫ਼ੇ ਚੁਕਾਈ ਨਾਲ ਘੁਮਾਈ ਫਿਰਦਾ ਰਿਹਾ। ਪਿਆਰੇ ਲਾਲ ਵਿਹਲਾ ਹੁੰਦਾ ਤਾਂ ਉਹ ਵਗਾਰਾਂ ਕਰਾਉਣ ਲੱਗਦਾ। ਕਦੇ ਟਾਈਪਿਸਟ ਕੋਲ ਬੈਠ ਕੇ ਦਾਅਵਾ ਟਾਈਪ ਕਰਾਓ, ਕਦੇ ਦਾਅਵੇ ਵਿਚੋਂ ਗ਼ਲਤੀਆਂ ਕੱਢੋ।

ਪੈਸਾ ਦੇਣ ਲੱਗੇ ਦੀ ਜਾਨ ਨਿਕਲਦੀ। ਜੂਨੀਅਰ ਦੀ ਫ਼ੀਸ ਵੀ ਉਹ ਆਪ ਹੜੱਪ ਜਾਂਦਾ। ਇਕ ਸਾਲ ਧੱਕੇ ਖਾ ਕੇ ਵੀ ਜਦੋਂ ਕੁਝ ਪੱਲੇ ਨਾ ਪਿਆ ਤਾਂ ਪਿਆਰੇ ਲਾਲ ਨੇ ਮੁੜ ਇਕੱਲੇ ਦਾ ਫੱਟਾ ਲਾ ਲਿਆ।

ਆਪਣਾ ਕੰਮ ਉਸ ਕੋਲ ਬਹੁਤਾ ਨਹੀਂ ਸੀ, ਪਰ ਨਵੇਂ ਮੁੰਡਿਆਂ ਦਾ ਉਹ ਕੇਂਦਰ ਬਿੰਦੂ ਬਣਨ ਲੱਗਾ। ਜਿਨ੍ਹਾਂ ਵਕੀਲਾਂ ਨੂੰ ਸੀਨੀਅਰ ਵਕੀਲਾਂ ਤੋਂ ਸਹੀ ਰਾਏ ਨਾ ਮਿਲਦੀ, ਉਹ ਪਿਆਰੇ ਲਾਲ ਕੋਲ ਆ ਜਾਂਦੇ। ਪਿਆਰੇ ਲਾਲ ਉਹਨਾਂ ਦੇ ਦਾਅਵੇ ਲਿਖ ਦਿੰਦਾ, ਜਵਾਬ-ਦਾਅਵੇ ਤਿਆਰ ਕਰ ਦਿੰਦਾ। ਨਵੇਂ-ਨਵੇਂ ਕਾਨੂੰਨ ਅਤੇ ਫ਼ੈਸਲੇ ਲੱਭ ਦਿੰਦਾ। ਲੋੜ ਪੈਣ 'ਤੇ ਉਹਨਾਂ ਦੀ ਥਾਂ ਬਹਿਸ ਕਰ ਆਉਂਦਾ। ਇਸ ਬਦਲੇ ਉਸ ਨੂੰ ਹਿੱਸੇ ਮੁਤਾਬਕ ਫ਼ੀਸ ਮਿਲਦੀ।

ਕੋਈ ਗੁੰਝਲਦਾਰ ਮੁਕੱਦਮਾ ਹੁੰਦਾ ਤਾਂ ਜੂਨੀਅਰ ਸਾਰਾ ਕੇਸ ਪਿਆਰੇ ਲਾਲ ਨੂੰ ਦੇ ਦਿੰਦੇ। ਫ਼ੀਸ ਵਿਚੋਂ ਆਪਣਾ ਹਿੱਸਾ ਲੈ ਲੈਂਦੇ।

ਹੋਰ ਸਾਲ ਬਾਅਦ ਉਸ ਦੇ ਫੱਟੇ 'ਤੇ ਵੀ ਰੌਣਕ ਰਹਿਣ ਲੱਗੀ। ਉਸ ਦੀ ਡਾਇਰੀ ਵਿਚ ਵੀ ਹਰ ਰੋਜ਼ ਇਕ-ਦੋ ਕੇਸ ਦਰਜ ਰਹਿਣ ਲੱਗੇ।

ਪਿਆਰੇ ਲਾਲ ਨੂੰ ਸੁਖ ਦਾ ਸਾਹ ਆਉਣ ਲੱਗਾ। ਇਸੇ ਰਫ਼ਤਾਰ ਨਾਲ ਕੰਮ ਮਿਲਦਾ ਰਿਹਾ ਤਾਂ ਇਕ ਦਿਨ ਉਹ ਵੀ ਚੰਗੀ ਰੋਟੀ ਖਾਣ ਲੱਗੇਗਾ। ਉਸ ਨੂੰ ਯਕੀਨ ਹੋਣ ਲੱਗਾ।

ਉਹਨੀਂ ਦਿਨੀਂ ਸੁੱਤੀ ਸਰਕਾਰ ਜਾਗ ਪਈ। ਜੱਜਾਂ ਦੀ ਭਰਤੀ ਲਈ ਵੀਹ ਨੌਕਰੀਆਂ ਕੱਢ ਦਿੱਤੀਆਂ।

ਪਿਆਰੇ ਲਾਲ ਨੂੰ ਲੱਗਾ, ਜਿਵੇਂ ਉਸ ਦੀ ਲਾਟਰੀ ਨਿਕਲ ਆਈ ਹੋਵੇ। ਇਸ ਵਾਰ ਚੋਣ ਬਿਨਾਂ ਇੰਟਰਵਿਊ ਤੋਂ ਸੀ। ਅੱਗੇ ਤੋਂ ਇੰਟਰਵਿਊ ਹੋਇਆ ਕਰਨੀ ਸੀ। ਇੰਟਰਵਿਊ—ਜਾਣੀ ਕਿ ਸਿਫ਼ਾਰਸ਼ੀਆਂ ਦੀ ਭਰਤੀ। ਪਿਆਰੇ ਲਾਲ ਵਰਗਿਆਂ ਲਈ ਜੱਜ ਬਣਨ ਦਾ ਇਹ ਆਖ਼ਰੀ ਮੌਕਾ ਸੀ।

ਉਸ ਨੇ ਪੂਰੇ ਜ਼ੋਰ-ਸ਼ੋਰ ਨਾਲ ਤਿਆਰੀ ਆਰੰਭ ਦਿੱਤੀ। ਤਿੰਨ ਮਹੀਨੇ ਉਹ ਚੁਬਾਰੇ ਵਿਚ ਕੈਦ ਰਿਹਾ। ਨਾ ਖਾਣ ਦੀ ਸੁੱਧ, ਨਾ ਪੀਣ ਦੀ।

ਸਾਰੇ ਪੇਪਰ ਬਹੁਤ ਵਧੀਆ ਹੋਏ। ਉਸ ਦਾ ਧਰਤੀ 'ਤੇ ਪੱਬ ਨਹੀਂ ਸੀ ਲੱਗਦਾ। ਉਹ ਜੱਜ ਬਣਿਆ ਕਿ ਬਣਿਆ। ਆਪਣੇ-ਆਪ ਨੂੰ ਜੱਜ ਸਮਝ ਕੇ, ਅੱਖਾਂ ਵਿਚ ਅਜੀਬ-ਅਜੀਬ ਸੁਪਨੇ ਲਟਕਾ ਕੇ ਉਹ ਪਿੰਡ ਘੁੰਮਦਾ ਰਿਹਾ। ਕਚਹਿਰੀ ਵੀ ਉਹ ਕਦੇ-ਕਦਾਈਂ ਜਾਂਦਾ। ਜਾਂਦਾ ਵੀ



ਤਾਂ ਜੱਜਾਂ ਕੋਲ ਜਾ ਬੈਠਦਾ। ਉਹਨਾਂ ਤੋਂ ਕੰਮ ਸਿੱਖਣ ਦੇ ਯਤਨ ਕਰਦਾ।

ਜਦੋਂ ਨਤੀਜਾ ਆਇਆ ਤਾਂ ਸਾਰੇ ਅੱਠ ਉਮੀਦਵਾਰ ਪਾਸ ਹੋਏ। ਬਾਕੀ ਸੱਤ ਸੌ ਦੇ ਸੱਤ ਸੌ ਫ਼ੇਲ੍ਹ।

ਇਹ ਕੀ ਭਾਣਾ ਵਰਤ ਗਿਆ ? ਉਹ ਮੈਰਿਟ ਵਿਚ ਆਉਂਦਾ ਜਾਂ ਨਾ, ਇਹ ਦੂਸਰੀ ਗੱਲ ਸੀ, ਫ਼ੇਲ੍ਹ ਹੋਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।

ਘਰ ਵਿਚ ਮਾਤਮ ਛਾ ਗਿਆ। ਪਾਂ ਪਏ ਕੁੱਤੇ ਵਾਂਗ ਉਹ ਪਿਛਲੀ ਕੋਠੜੀ ਵਿਚ ਪਿਆ ਰਹਿੰਦਾ। ਨਾ ਬਾਹਰ ਨਿਕਲਦਾ, ਨਾ ਕੁਝ ਖਾਂਦਾ-ਪੀਂਦਾ।

ਹੌਲੀ-ਹੌਲੀ ਸਭ ਨੇ ਹਾਲਾਤ ਨਾਲ ਸਮਝੌਤਾ ਕੀਤਾ। ਮਾਂ-ਬਾਪ ਨੇ ਉਸ ਨੂੰ ਸਮਝਾਇਆ। ਇਮਤਿਹਾਨ ਕਿਹੜਾ ਕੁੰਭ ਦਾ ਮੇਲਾ ਹੈ ਬਈ ਬਾਰ੍ਹਾਂ ਸਾਲਾਂ ਬਾਅਦ ਆਊ। ਸਾਲ ਨੂੰ ਫੇਰ ਸਹੀ। ਜੱਜ ਨਾ ਬਣਿਆ ਤਾਂ ਕੀ ਐ ? ਸਿਆਣੇ ਵਕੀਲ ਹਾਈ ਕੋਰਟ ਦੀ ਜੱਜੀ ਤਕ ਨੂੰ ਲੱਤ ਮਾਰ ਦਿੰਦੇ ਨੇ। ਇਹ ਫੇਰ ਮੈਜਸਿਟ੍ਰੇਟੀ ਸੀ। ਵਕਾਲਤ ਘਰ ਦੀ ਖੇਤੀ ਸੀ। ਜਿੰਨੀ ਕੋਈ ਵੱਧ ਮਿਹਨਤ ਕਰੂ, ਓਨਾ ਵੱਧ ਲਾਭ ਪ੍ਰਾਪਤ ਕਰੂ।

ਨੰਬਰਾਂ ਵਾਲਾ ਕਾਰਡ ਆਇਆ। ਨੰਬਰ ਪੜ੍ਹ ਕੇ ਮਨ ਹੋਰ ਮਸੋਸਿਆ ਗਿਆ। ਬਾਕੀ ਸਾਰੇ ਪੇਪਰਾਂ ਵਿਚੋਂ ਉਹ ਪਹਿਲੇ ਨੰਬਰ 'ਤੇ ਆਇਆ ਸੀ। ਅੰਗਰੇਜ਼ੀ ਦੇ ਲੇਖ ਵਾਲੇ ਪਰਚੇ ਵਿਚੋਂ ਵੀਹ, ਦਸ ਜਾਂ ਪੰਜ ਨਹੀਂ, ਸਿਰਫ਼ ਜ਼ੀਰੋ ਦਿੱਤੀ ਗਈ ਸੀ। ਉਸ ਦਾ ਇਹ ਪਰਚਾ ਦੂਜਿਆਂ ਨਾਲੋਂ ਵੀ ਵਧੀਆ ਹੋਇਆ ਸੀ।

ਪਬਲਿਕ ਸਰਵਿਸ ਕਮਿਸ਼ਨ ਨੂੰ ਕੋਈ ਗ਼ਲਤੀ ਲੱਗੀ ਸੀ। ਉਸ ਦਾ ਪਰਚਾ ਬਦਲ ਗਿਆ ਜਾਂ ਨੰਬਰ ਲਾਉਣੇ ਰਹਿ ਗਏ।

ਪਿਆਰੇ ਲਾਲ ਜਿਸ ਕੋਲ ਵੀ ਗਿਆ, ਉਸ ਨੇ ਇਕੋ ਰਾਏ ਦਿੱਤੀ। ਹਾਈ ਕੋਰਟ ਵਿਚ ਰਿਟ ਕੀਤੀ ਜਾਵੇ, ਜ਼ਰੂਰ ਕਾਮਯਾਬੀ ਮਿਲੇਗੀ।

ਇਕ ਵਾਰ ਫੇਰ ਪਿਆਰੇ ਲਾਲ ਨੂੰ ਸੁਪਨੇ ਆਉਣ ਲੱਗੇ। ਹਾਈ ਕੋਰਟ ਜ਼ਰੂਰ ਉਸ ਨੂੰ ਇਨਸਾਫ਼ ਦੇਵੇਗਾ। ਉਸ ਨੂੰ ਪਾਸ ਮਾਰਕਸ ਮਿਲ ਗਏ, ਉਹ ਫੇਰ ਵੀ ਮੈਰਿਟ ਵਿਚ ਆ ਜਾਵੇਗਾ।

ਹਾਈ ਕੋਰਟ ਨੇ ਉਸ ਨਾਲ ਕਮਿਸ਼ਨ ਨਾਲੋਂ ਵੱਧ ਧੱਕਾ ਕੀਤਾ।

"ਕਮਿਸ਼ਨ ਨੇ ਜੋ ਨੰਬਰ ਲਾਏ ਸਨ ਠੀਕ ਸਨ। ਲੱਗੇ ਨੰਬਰਾਂ ਨੂੰ ਗ਼ਲਤ ਜਾਂ ਸਹੀ ਠਹਿਰਾਉਣ ਦਾ ਹਾਈ ਕੋਰਟ ਕੋਲ ਕੋਈ ਅਖ਼ਤਿਆਰ ਨਹੀਂ ਸੀ।"

"ਨੰਬਰ ਲੱਗੇ ਹੁੰਦੇ ਫੇਰ ਰੋਣਾ ਕਾਹਦਾ ਸੀ ? ਹਾਈ ਕੋਰਟ ਇਹ ਤਾਂ ਦੇਖ ਲਏ ਕਿ ਉਸ ਦੀ ਆਨਸਰ-ਸ਼ੀਟ ਕਿਧਰੇ ਕੋਰੀ ਤਾਂ ਨਹੀਂ ? ਜੇ ਉਹ ਲਿਖੀ ਹੋਈ ਹੈ ਤਾਂ ਕੀ ਉਸ 'ਤੇ ਪਿਆਰੇ ਲਾਲ ਦੀ ਲਿਖਤ ਹੈ ਜਾਂ ਨਹੀਂ ?"

ਪਿਆਰੇ ਲਾਲ ਪਿੱਟਦਾ ਹੀ ਰਹਿ ਗਿਆ। ਹਾਈ ਕੋਰਟ ਨੇ 'ਮੈਂ ਨਾ ਮਾਨੂੰ' ਆਖ ਕੇ ਝੋਟੇ ਵਾਂਗ ਸਿਰ ਹਿਲਾ ਦਿੱਤਾ।

ਧੋਬੀ ਦੇ ਕੁੱਤੇ ਵਾਂਗ ਨਾ ਉਹ ਘਰ ਦਾ ਰਿਹਾ, ਨਾ ਘਾਟ ਦਾ। ਨਾ ਜੱਜ ਬਣ ਸਕਿਆ, ਨਾ ਵਕੀਲ ਹੀ ਰਿਹਾ।

ਪੰਜ-ਛੇ ਮਹੀਨਿਆਂ ਦੀ ਗ਼ੈਰ-ਹਾਜ਼ਰੀ ਕਾਰਨ ਜਿਹੜੇ ਚਾਰ ਕੇਸ ਕੋਲ ਸਨ, ਉਹ ਵੀ ਖਿੰਡ ਗਏ। ਮੁੜ ਕਿਸੇ ਦੀ ਉਸ ਨੂੰ ਕੇਸ ਦੇਣ ਦੀ ਹਿੰਮਤ ਨਾ ਪਈ। ਇਸ ਦਾ ਕੀ ਪਤੈ ਕਦੋਂ

ਇਮਤਿਹਾਨ ਦੇਣ ਤੁਰ ਜਾਵੇ। ਸਾਇਲ ਜਾਂ ਕੇਸ ਦਿਵਾਉਣ ਵਾਲਾ ਕਿਸ ਦੀ ਮਾਂ ਨੂੰ ਮਾਸੀ ਆਖੇਗਾ ?

ਪਿੱਛੋਂ ਕਈ ਵਾਰੀ ਨੌਕਰੀਆਂ ਨਿਕਲੀਆਂ। ਲੋਕਾਂ ਦੇ ਲੱਖ ਸਮਝਾਉਣ ਦੇ ਬਾਵਜੂਦ ਵੀ ਉਹ ਕਦੇ ਇਮਤਿਹਾਨ ਵਿਚ ਨਹੀਂ ਸੀ ਬੈਠਾ। ਉਸ ਨੂੰ ਚੰਗੀ ਤਰ੍ਹਾਂ ਸਮਝ ਆ ਚੁੱਕੀ ਸੀ ਕਿ ਜੱਜ ਕੌਣ ਬਣਦੇ ਹਨ ?

ਜਦੋਂ ਪਿਆਰੇ ਲਾਲ ਇਮਤਿਹਾਨ ਵਿਚ ਬੈਠਾ ਸੀ ਤਾਂ ਉਸ ਦੇ ਦੋ ਜਮਾਤੀ ਜੱਜ ਬਣੇ ਸਨ। ਉਹਨਾਂ ਵਿਚੋਂ ਇਕ ਦਾ ਬਾਪ ਸੀ.ਆਈ.ਡੀ. ਵਿਚ ਡੀ.ਐਸ.ਪੀ. ਸੀ। ਡਿਪਟੀ ਨੇ ਪਹਿਲਾਂ ਅੰਮ੍ਰਿਤਸਰੋਂ ਪਟਿਆਲੇ ਬਦਲੀ ਕਰਵਾਈ। ਫੇਰ ਆਪਣੀ ਸਾਰੀ ਫ਼ੋਰਸ ਕਮਿਸ਼ਨ ਅਧਿਕਾਰੀਆਂ ਦੇ ਪਿੱਛੇ ਲਾ ਕੇ ਇਹ ਪਤਾ ਕੀਤਾ ਕਿ ਪ੍ਰਸ਼ਨ-ਪੱਤਰ ਕਿਸ ਨੇ ਤਿਆਰ ਕੀਤੇ ਸਨ ? ਬਹੁਤੇ ਨਹੀਂ ਪਰ ਦੋ ਪੇਪਰ ਲੀਕ ਕਰਾਉਣ ਵਿਚ ਉਹ ਕਾਮਯਾਬ ਹੋ ਗਿਆ ਸੀ।

ਬਾਕੀ ਪੇਪਰਾਂ ਬਾਰੇ ਇਹ ਪਤਾ ਕੀਤਾ ਗਿਆ ਕਿ ਉਹ ਕਿਥੇ ਗਏ ਸਨ। ਫੇਰ ਉਹਨਾਂ ਇਗਜ਼ਾਮੀਨਰਾਂ ਤਕ ਪਹੁੰਚ ਕੀਤੀ ਗਈ। ਮਰਜ਼ੀ ਦੇ ਨੰਬਰ ਲਗਵਾਏ ਗਏ। ਡਿਪਟੀ ਦੀ ਮਿਹਨਤ ਸਦਕਾ ਕਾਕਾ ਜੱਜ ਬਣ ਗਿਆ।

ਪਿਆਰੇ ਲਾਲ ਤਾਂ ਕਮਿਸ਼ਨ ਦੇ ਨੇੜੇ ਨਹੀਂ ਸੀ ਢੁਕ ਸਕਦਾ। ਕਿਸੇ ਦੀ ਹਮਾਇਤ ਪ੍ਰਾਪਤ ਕਰਨੀ ਤਾਂ ਦੂਰ ਦੀ ਗੱਲ ਸੀ।

ਜੱਜੀ ਦਾ ਖਹਿੜਾ ਛੱਡ ਕੇ ਪਿਆਰੇ ਲਾਲ ਆਪਣਾ ਸਾਰਾ ਧਿਆਨ ਵਕਾਲਤ ਵੱਲ ਕੇਂਦਰਿਤ ਕਰਨ ਲੱਗਾ।

ਪਰ ਗੁਆਚੀ ਸ਼ਾਖ਼ ਮੁੜ ਪਿਆਰੇ ਲਾਲ ਦੇ ਹੱਥ ਨਹੀਂ ਸੀ ਆਈ।

ਇਕ ਪਾਸੇ ਕਮਿਸ਼ਨ ਵੱਲੋਂ ਹੋਏ ਧੱਕੇ ਦਾ ਗ਼ਮ, ਦੂਜੇ ਪਾਸੇ ਕੰਮ ਦਾ ਫ਼ਿਕਰ। ਪਿਆਰੇ ਲਾਲ ਵਿਚੇ-ਵਿਚ ਖੁਰਨ ਲੱਗਾ।

ਕੰਮ ਚਲਾਉਣ ਲਈ ਪਿਆਰੇ ਲਾਲ ਹਰ ਹੀਲਾ ਵਰਤਣ ਲੱਗਾ। ਕੰਮ ਸੀ ਕਿ ਰਿੜ੍ਹਨ ਦਾ ਨਾਂ ਹੀ ਨਹੀਂ ਸੀ ਲੈ ਰਿਹਾ।

ਪਹਿਲਾਂ ਉਸ ਨੇ ਚਹਿਲ ਵਕੀਲ ਨੂੰ ਆਪਣਾ ਆਦਰਸ਼ ਬਣਾਇਆ।

ਸ਼ੁਰੂ ਵਿਚ ਚਹਿਲ ਵੀ ਘਰੋਂ ਲਿਆਂਦੀ ਰੋਟੀ ਖਾ ਕੇ ਮੁੜ ਜਾਇਆ ਕਰਦਾ ਸੀ। ਥੱਕ-ਹਾਰ ਕੇ ਉਸ ਨੇ ਕਈ ਵਾਰ ਕਚਹਿਰੀ ਆਉਣਾ ਛੱਡਿਆ ਸੀ। ਜਦੋਂ ਘਰੋਂ ਧੱਕੇ ਪੈਂਦੇ, ਉਹ ਮੁੜ ਕਚਹਿਰੀ ਆ ਜਾਂਦਾ ਸੀ।

ਸਮੇਂ ਦੀ ਨਜ਼ਾਕਤ ਨੂੰ ਪਹਿਚਾਣ ਕੇ ਚਹਿਲ ਨੇ ਸਿਆਸਤ ਵਿਚ ਮੂੰਹ ਮਾਰਨਾ ਸ਼ੁਰੂ ਕੀਤਾ।

ਪਹਿਲਾਂ ਉਸ ਨੇ ਮਾਰਕਸੀ ਪਾਰਟੀ ਵੱਲ ਹੱਥ ਵਧਾਇਆ। ਸੀ.ਪੀ.ਆਈ ਦੇ ਵਕੀਲ ਦੇ ਫੱਟੇ 'ਤੇ ਵਰਕਰਾਂ ਦਾ ਮੇਲਾ ਲੱਗਾ ਰਹਿੰਦਾ ਸੀ। ਉਸ ਨੂੰ ਵਧੀਆ ਕਮਾਈ ਹੁੰਦੀ ਸੀ। ਚਹਿਲ ਨੇ ਸੋਚਿਆ ਕਿਉਂ ਨਾ ਮਾਰਕਸੀਆਂ ਦਾ ਬਿੱਲਾ ਲਾ ਕੇ ਅੱਧੇ ਕੇਸ ਖੋਹੇ ਜਾਣ ਪਰ ਲਾਲ ਪੱਗ ਬੰਨ੍ਹਣ ਜਾਂ ਦਸ ਮਿੰਟ ਮੀਟਿੰਗਾਂ 'ਚ ਸ਼ਾਮਲ ਹੋ ਕੇ ਕੋਈ ਕਾਮਰੇਡ ਨਹੀਂ ਬਣ ਜਾਂਦਾ। ਪਾਰਟੀ ਕਾਰਡ ਲੈਣ ਲਈ ਉਸ ਨੂੰ ਕਈ ਸਾਲ ਲਾਈਨ ਵਿਚ ਖਲੋਣਾ ਪੈਣਾ ਸੀ। ਇੰਨੇ ਵਿਚ ਗੱਡੀ ਨੇ ਸਟੇਸ਼ਨੋਂ ਲੰਘ ਜਾਣਾ ਸੀ।

ਕਮਿਊਨਿਸਟਾਂ ਵੱਲੋਂ ਮੂੰਹ ਮੋੜ ਕੇ ਉਸ ਨੇ ਅਕਾਲੀਆਂ 'ਤੇ ਡੋਰੇ ਪਾਏ। ਇਥੇ ਨਾ ਕੋਈ ਕਾਡਰ ਸੀ, ਨਾ ਕਾਰਡ। ਜਦੋਂ ਮਰਜ਼ੀ ਪਾਰਟੀ ਵਿਚ ਸ਼ਾਮਲ ਹੋਵੋ ਤੇ ਜਦੋਂ ਮਰਜ਼ੀ ਨਿਕਲ



ਜਾਵੋ। ਬੱਸ ਇਕ ਕਾਲੀ ਪੱਗ ਚਾਹੀਦੀ ਸੀ। ਦਿੱਕਤ ਇਹ ਸੀ ਕਿ ਅਕਾਲੀਆਂ ਕੋਲ ਪਹਿਲਾਂ ਹੀ ਬਾਬਾ ਬੋਹੜ ਜਿੱਡਾ ਵਕੀਲ ਸੀ। ਉਹ ਲੀਡਰ ਵੀ ਸਿਰੇ ਦਾ ਸੀ। ਇਕ ਵਾਰ ਵਜ਼ੀਰ ਬਣ ਚੁੱਕਾ ਸੀ। ਕੇਂਦਰ ਤਕ ਉਸ ਦੀ ਪਹੁੰਚ ਸੀ, ਜਲਦੀ ਕੀਤੇ ਚਹਿਲ ਸਿਆਸਤ ਵਿਚ ਤਾਂ ਸਥਾਪਤ ਨਹੀਂ ਸੀ ਹੋ ਸਕਦਾ, ਪਰ ਕੰਮ ਚੱਲਣ ਦੀ ਪੂਰੀ ਸੰਭਾਵਨਾ ਸੀ। ਸਰਦਾਰ ਦਾ ਕੀ ਸੀ। ਉਹ ਨਾਂ ਦਾ ਵਕੀਲ ਸੀ, ਸਾਲ ਵਿਚੋਂ ਅੱਠ ਮਹੀਨੇ ਚੰਡੀਗੜ੍ਹ ਰਹਿੰਦਾ ਸੀ।

ਚਹਿਲ ਨੇ ਸਰਦਾਰ ਦੇ ਨੇੜੇ-ਨੇੜੇ ਕੱਟੇ-ਵੱਛੇ ਬੰਨ੍ਹਣੇ ਸ਼ੁਰੂ ਕੀਤੇ। ਉਹ ਪਾਰਟੀ ਦਾ ਮੈਂਬਰ ਬਣ ਗਿਆ। ਜਲਸੇ-ਜਲੂਸਾਂ 'ਚ ਮੰਚ 'ਤੇ ਬੈਠਣ ਲੱਗਾ। ਵਕੀਲ ਹੋਣ ਕਾਰਨ ਪਾਰਟੀ 'ਚ ਪੁੱਛ ਜਲਦੀ ਪੈ ਗਈ।

ਜਲਦੀ ਹੀ ਅਕਾਲੀ ਸੱਤਾ ਗਵਾ ਬੈਠੇ। ਵਿਰੋਧੀ ਧਿਰ ਵਿਚ ਆਏ ਅਕਾਲੀ ਵਿਹਲੇ ਕਿਵੇਂ ਬੈਠਦੇ ? ਝੱਟ ਪਾਰਟੀ ਮੋਰਚਾ ਲਾ ਲੈਂਦੀ। ਜੇਲ੍ਹਾਂ ਭਰਨ ਦਾ ਪ੍ਰੋਗਰਾਮ ਬਣ ਜਾਂਦਾ।

ਸ਼ਰਮੋਂ-ਸ਼ਰਮੀਂ ਚਹਿਲ ਨੂੰ ਵੀ ਦੋ ਵਾਰ ਜੇਲ੍ਹ ਜਾਣਾ ਪਿਆ। ਸਿਆਸਤ ਵਿਚ ਆਇਆ ਤਾਂ ਵਕਾਲਤ ਚਮਕਾਉਣ ਲਈ ਸੀ, ਪਰ ਲੈਣੇ ਦੇ ਦੇਣੇ ਪੈ ਗਏ। ਜਿਹੜੇ ਚਾਰ ਕੇਸ ਮਿਲਦੇ, ਉਹ ਜੇਲ੍ਹੋਂ ਮੁੜਨ ਤਕ ਸਾਫ਼ ਹੋ ਜਾਂਦੇ।

ਚਹਿਲ ਨੇ ਹਿੰਮਤ ਨਾ ਹਰੀ। ਅਖ਼ੀਰ ਇਕ ਆਜ਼ਾਦੀ ਘੁਲਾਟੀਏ ਦੀ ਧੀ ਨਾਲ ਵਿਆਹ ਕਰਾ ਲਿਆ। ਕੁੜੀ ਨਾ ਸੋਹਣੀ ਸੀ, ਨਾ ਪੜ੍ਹੀ-ਲਿਖੀ। ਬੱਸ ਇਕੋ ਹੀ ਗੁਣ ਸੀ। ਮਾਪਿਆਂ ਦੀ ਉਹ ਇਕੋ-ਇਕ ਧੀ ਸੀ ਤੇ ਬਾਰਾਂ ਕਿੱਲਿਆਂ ਦੀ ਮਾਲਕ ਸੀ।

ਚਹਿਲ ਦਾ ਸਹੁਰਾ ਕਾਂਗਰਸੀ ਸੀ। ਪਾਰਟੀ ਵਿਚ ਚੰਗਾ ਰਸੂਖ਼ ਸੀ। ਉਸ ਨੇ ਚਹਿਲ ਨੂੰ ਕਾਂਗਰਸ ਵਿਚ ਸ਼ਾਮਲ ਕਰਵਾ ਕੇ ਪਹਿਲੇ ਹੱਲੇ ਹੀ ਬਲਾਕ ਕਾਂਗਰਸ ਦਾ ਪ੍ਰਧਾਨ ਬਣਵਾ ਦਿੱਤਾ। ਬਹਾਨਾ ਵਧੀਆ ਸੀ। ਇਕ ਪੜ੍ਹੇ-ਲਿਖੇ ਅਕਾਲੀ ਤੋਂ ਦਲ-ਬਦਲੀ ਕਰਵਾਈ ਗਈ ਸੀ। ਵਕੀਲ ਨੂੰ ਮੁਆਵਜ਼ਾ ਮਿਲਣਾ ਚਾਹੀਦਾ ਸੀ।

ਅਗਲੇ ਸਾਲ ਉਸ ਨੂੰ ਇੰਪਰੂਵਮੈਂਟ ਟਰੱਸਟ ਦਾ ਮੈਂਬਰ ਬਣਵਾ ਦਿੱਤਾ। ਚਹਿਲ ਦੀ ਸਰਕਾਰੇ-ਦਰਬਾਰੇ ਪੁੱਛ ਪੈਣ ਲੱਗੀ। ਬੈਂਕਾਂ ਅਤੇ ਸਰਕਾਰੀ ਅਦਾਰਿਆਂ ਦਾ ਕੰਮ ਮਿਲਣ ਲੱਗਾ, ਚੱਲ ਸੋ ਚੱਲ।

ਵਕੀਲ ਹੋਣ ਕਾਰਨ ਪਾਰਟੀ ਵਿਚ ਜਲਦੀ ਅਹੁਦਾ ਮਿਲ ਜਾਂਦਾ। ਅਹੁਦੇ ਕਾਰਨ ਵਕਾਲਤ ਚਮਕ ਜਾਂਦੀ।

ਅੱਜ ਕੱਲ੍ਹ ਮੰਤਰੀਆਂ ਤੋਂ ਲੈ ਕੇ ਹਾਈ ਕੋਰਟ ਦੇ ਜੱਜਾਂ ਤਕ ਦਾ ਉਸ ਦੇ ਘਰ ਆਉਣ-ਜਾਣ ਸੀ। ਪਾਰਟੀ ਪ੍ਰਧਾਨ ਨਾਲ ਉਸ ਦੀ ਪੱਕੀ ਯਾਰੀ ਸੀ। ਪਾਰਟੀ ਸੱਤਾ ਵਿਚ ਆਈ ਤਾਂ ਉਸ ਦੀ ਵਜ਼ੀਰੀ ਪੱਕੀ ਸੀ।

ਪਿਆਰੇ ਲਾਲ ਨੇ ਵੀ ਚਹਿਲ ਦੇ ਪਦ-ਚਿੰਨ੍ਹਾਂ 'ਤੇ ਚੱਲ ਕੇ ਦੇਖਿਆ। ਹੋਰ ਕੋਈ ਅਜਿਹੀ ਪਾਰਟੀ ਨਹੀਂ ਸੀ, ਜਿਸ ਦੇ ਦੋ-ਦੋ, ਤਿੰਨ-ਤਿੰਨ ਵਕੀਲ ਨਾ ਹੋਣ। ਅਸਾਮੀ ਕੇਵਲ ਰਾਸ਼ਟਰੀ ਸ੍ਵੈਮ-ਸੇਵਕ-ਸੰਘ ਵਿਚ ਖ਼ਾਲੀ ਸੀ।

ਸੁਬ੍ਹਾ ਸ਼ਾਮ ਸ਼ਾਖ਼ਾ 'ਚ ਜਾਣ ਲਈ ਉਸ ਨੂੰ ਸ਼ਹਿਰ ਰਹਿਣਾ ਪੈਣਾ ਸੀ। ਪਿਆਰੇ ਲਾਲ ਨੇ ਇਹ ਅੱਕ ਵੀ ਚੱਬ ਕੇ ਦੇਖ ਲਿਆ। ਸ਼ਹਿਰ ਕਮਰਾ ਕਿਰਾਏ 'ਤੇ ਲੈ ਲਿਆ।

ਸੰਘ ਵਾਲਿਆਂ ਨੇ ਸੰਘ ਦਾ ਅਹੁਦਾ ਝੱਟ ਬਖ਼ਸ਼ ਦਿੱਤਾ ਪਰ ਕੰਮ ਦਿਵਾਉਣ ਲੱਗਿਆਂ ਖੁੱਲ੍ਹ-ਦਿਲੀ ਨਾ ਦਿਖਾਈ। ਕਚਹਿਰੀ ਗਏ ਸੰਘੀ, ਚਾਹ ਭਾਰਤੀ ਜਨਤਾ ਪਾਰਟੀ ਦੇ ਵਕੀਲ

ਕੋਲ ਹੀ ਪੀਂਦੇ।

ਜਦੋਂ ਸਿਆਸਤ ਵਿਚ ਦਾਲ ਨਾ ਗਲੀ ਤਾਂ ਪਿਆਰੇ ਲਾਲ ਨੇ ਮੁਨਸ਼ੀਆਂ, ਟਾਊਟਾਂ ਵਾਲੇ ਢੰਗ ਤਰੀਕੇ ਵਰਤਣੇ ਸ਼ੁਰੂ ਕੀਤੇ।

ਵਿਹਲੇ ਸਮੇਂ ਉਹ ਥਾਣੇ ਅੱਗੇ ਚੱਕਰ ਕੱਟਦਾ। ਕੋਈ ਸਿਪਾਹੀ ਹੌਲਦਾਰ ਮਿਲਦਾ, ਉਸ ਨਾਲ ਦੋਸਤੀ ਗੰਢਣ ਦਾ ਯਤਨ ਕਰਦਾ। ਉਲਟਾ ਉਹ ਮਹਿੰਗੇ ਪੈਣ ਲੱਗੇ। ਕਿਸੇ ਨੂੰ ਸ਼ਰਾਬ ਦੀ ਤਲਬ ਹੁੰਦੀ ਤੇ ਕਿਸੇ ਨੂੰ ਮੀਟ-ਮੁਰਗ਼ੇ ਦੀ। ਕੋਈ ਉਸ ਦੇ ਕਮਰੇ ਦੀ ਚਾਬੀ ਮੰਗ ਲੈਂਦਾ। ਕਦੇ ਜੂਆ ਖੇਡਣ ਲਈ ਅਤੇ ਕਦੇ ਮਾਸ਼ੂਕ ਬੁਲਾਉਣ ਲਈ।

ਦੁਪਹਿਰ ਸਮੇਂ ਪਿਆਰੇ ਲਾਲ ਬੱਸ ਅੱਡੇ 'ਚ ਗੇੜਾ ਮਾਰਦਾ। ਟਾਊਟ ਇਸੇ ਤਰ੍ਹਾਂ ਅਸਾਮੀਆਂ ਫਸਾਉਂਦੇ ਸਨ। ਜਿਉਂ ਹੀ ਪੁਲਿਸ ਵਾਲੇ ਕਿਸੇ ਮੁਲਜ਼ਮ ਨੂੰ ਲੈ ਕੇ ਬੱਸੋਂ ਉਤਰਦੇ, ਉਹ ਉਹਨਾਂ ਦੁਆਲੇ ਹੋ ਜਾਂਦਾ। ਘੱਟੋ-ਘੱਟ ਫ਼ੀਸ ਵਿਚ ਵਕੀਲ ਬਣਨ ਲਈ ਤਰਲੇ ਕਰਦਾ। ਸਿਪਾਹੀਆਂ ਨੂੰ ਮਨਾਉਂਦਾ। ਅੱਧੀ ਨਾਲੋਂ ਵੱਧ ਫ਼ੀਸ ਕਮਿਸ਼ਨ ਵਜੋਂ ਦੇਣ ਦਾ ਲਾਲਚ ਦਿੰਦਾ ਪਰ ਕੁੱਤੇ ਦੀ ਪੂਛ ਕਦੇ ਕਦਾਈਂ ਹੀ ਸਿੱਧੀ ਹੁੰਦੀ। ਬਹੁਤ ਵਾਰ ਕਾਮਯਾਬੀ ਟਾਊਟਾਂ ਨੂੰ ਮਿਲਦੀ।

ਘਰੋਂ ਜ਼ੋਰ ਪੈ ਰਿਹਾ ਸੀ, ਉਹ ਵਿਆਹ ਕਰਵਾਏ। ਵਿਆਹ ਦੀ ਉਮਰ ਲੰਘਦੀ ਜਾ ਰਹੀ ਸੀ। ਦੋ-ਚਾਰ ਸਾਲ ਹੋਰ ਲੰਘ ਗਏ ਤਾਂ ਕਿਸੇ ਨੇ ਕੁੜੀ ਨਹੀਂ ਸੀ ਦੇਣੀ।

ਵਿਆਹ ਕਰਵਾ ਕੇ ਪਿਆਰੇ ਲਾਲ ਮੀਤਪਾਲ ਨਹੀਂ ਸੀ ਬਣਨਾ ਚਾਹੁੰਦਾ।

ਉਸ ਦੇ ਯਾਰ ਮੀਤਪਾਲ ਨੇ ਚਾਈਂ-ਚਾਈਂ ਵਿਆਹ ਕਰਵਾਇਆ ਸੀ। ਦੋ ਪਿਆਰੇ-ਪਿਆਰੇ ਬੱਚੇ ਵੀ ਹੋ ਗਏ। ਉਸ ਦੀ ਕਮਾਈ ਪਿਆਰੇ ਲਾਲ ਨਾਲੋਂ ਵੀ ਘੱਟ ਸੀ। ਘਰ ਦੀ ਹਾਲਤ ਵੀ ਖਸਤਾ।

ਉਸ ਦੇ ਘਰ 'ਚ ਕਲੇਸ਼ ਰਹਿਣ ਲੱਗਾ। ਨਾ ਘਰਵਾਲੀ ਦੇ ਅਰਮਾਨ ਪੂਰੇ ਹੋਏ, ਨਾ ਬੱਚਿਆਂ ਦੀ ਸੰਭਾਲ।

ਪਹਿਲਾਂ ਇਕ-ਇਕ ਕਰਕੇ ਪਤਨੀ ਦੇ ਗਹਿਣੇ ਵਿਕੇ। ਫੇਰ ਘਰ-ਬਾਰ। ਉਹ ਆਪ ਸ਼ਰਾਬੀ ਰਹਿਣ ਲੱਗਾ। ਕਈ-ਕਈ ਡੰਗ ਚੁੱਲ੍ਹਾ ਨਾ ਮਘਦਾ। ਭੁੱਖੇ ਬੱਚੇ ਚੀਕਾਂ ਮਾਰਦੇ ਰਹਿੰਦੇ। ਅਖ਼ੀਰ ਉਸ ਦੀ ਪਤਨੀ ਨੂੰ ਸ਼ਰਮ ਦਾ ਘੱਗਰਾ ਲਾਹ ਕੇ ਕਿੱਲੀ ਟੰਗਣਾ ਪਿਆ। ਲੋਕ ਆਖਦੇ ਸਨ, ਉਸ ਦੀ ਪਤਨੀ ਕਾਲ-ਗਰਲ ਬਣ ਗਈ। ਉਸ ਮਾਂ ਦੇ ਸ਼ੇਰ ਨੇ ਮੂੰਹ 'ਤੇ ਮਿੱਟੀ ਮਲ ਲਈ। ਕਦੇ ਇਹ ਨਹੀਂ ਸੋਚਿਆ, ਘਰ ਦਾ ਖ਼ਰਚ ਕਿਵੇਂ ਚੱਲਦਾ ਹੈ ?

ਪਿਆਰੇ ਲਾਲ ਇਕ ਹੋਰ ਮੀਤਪਾਲ ਨਹੀਂ ਸੀ ਬਣ ਸਕਦਾ।

ਮੀਤਪਾਲ ਵਾਂਗ ਮਾਨਸਿਕ ਦਬਾਅ ਪਿਆਰੇ ਲਾਲ 'ਤੇ ਵੀ ਵਧਣ ਲੱਗਾ। ਕਦੇ-ਕਦੇ ਸੌਣ ਲਈ ਉਹ ਨਸ਼ੇ ਦਾ ਸਹਾਰਾ ਲੈਣ ਲੱਗਾ।

ਦੋ ਵਕਤ ਦੀ ਰੋਟੀ ਦਾ ਖ਼ਰਚਾ ਕੱਢਣ ਲਈ ਕਈ ਵਾਰ ਉਸ ਨੂੰ ਆਪਣੇ ਸਾਇਲਾਂ ਦੀਆਂ ਜੇਬਾਂ ਕੱਟਣੀਆਂ ਪੈਂਦੀਆਂ। 'ਕਦੇ ਤਲਬਾਨਾ ਭਰਨੈਂ' ਆਖ ਕੇ ਡੇਢ ਰੁਪਏ ਦੀ ਥਾਂ ਪੰਜਾਹ ਲੈਣੇ ਪੈਂਦੇ, ਕਦੇ ਗਵਾਹ ਦੇ ਖ਼ਰਚੇ ਦੇ ਬਹਾਨੇ ਵੀਹ ਦੀ ਥਾਂ ਸੌ। ਕਦੇ-ਕਦੇ ਇਸ ਚੁਸਤੀ ਦਾ ਸਾਇਲ ਨੂੰ ਪਤਾ ਲੱਗ ਜਾਂਦਾ। ਨਾਲੇ ਉਹ ਕੁਪੱਤ ਕਰਦਾ, ਨਾਲੇ ਲਿਫ਼ਾਫ਼ਾ ਚੁੱਕ ਕੇ ਲੈ ਜਾਂਦਾ।

ਇਕ ਸਮਾਂ ਅਜਿਹਾ ਵੀ ਆਇਆ, ਜਦੋਂ ਉਹ ਹਰ ਤਰ੍ਹਾਂ ਦੇ ਗ਼ਲਤ ਕੰਮ ਕਰਨ ਲਈ ਮਸ਼ਹੂਰ ਹੋ ਗਿਆ। ਕਿਸੇ ਨੇ ਝੂਠਾ ਹਲਫ਼ੀਆ ਬਿਆਨ ਤਸਦੀਕ ਕਰਾਉਣਾ ਹੋਵੇ, ਕਿਸੇ ਨੇ ਕਿਸੇ ਥਾਂ ਝੂਠੀ ਗਵਾਹੀ ਪਵਾਉਣੀ ਹੋਵੇ ਜਾਂ ਕਿਸੇ ਨੇ ਕਿਸੇ ਮਰੇ-ਖਪੇ ਬੰਦੇ ਦੀ ਥਾਂ ਵਕੀਲ ਖੜਾ ਕਰਨਾ



ਹੋਵੇ ਤਾਂ ਬਿਨਾਂ ਝਿਜਕ ਉਹ ਪਿਆਰੇ ਲਾਲ ਦੀ ਸ਼ਰਨ ਆਉਂਦਾ। ਬਿਨਾਂ ਕਿਸੇ ਦੀ ਪਰਵਾਹ ਕੀਤੇ ਉਹ ਆਪਣੀ ਮੋਹਰ ਟਿਕਾ ਦਿੰਦਾ। ਕੋਈ ਇਤਰਾਜ਼ ਕਰਦਾ ਤਾਂ ਉਹ ਖਰੀਆਂ- ਖਰੀਆਂ ਸੁਣਾਉਣ ਲੱਗਦਾ।

"ਮੈਂ ਵੀ ਰੋਟੀ ਖਾਣੀ ਹੈ। ਈਮਾਨਦਾਰੀ ਨਾਲ ਨਹੀਂ ਮਿਲਦੀ ਤਾਂ ਬੇਈਮਾਨੀ ਨਾਲ ਸਹੀ। ਅੱਗੇ ਕਿਹੜਾ ਅਦਾਲਤਾਂ ਵਿਚ ਸਹੀ ਕੰਮ ਹੁੰਦਾ ਹੈ। ਸਭ ਝੂਠੋ-ਝੂਠ। ਕੋਈ ਲੁਕ ਕੇ ਠੱਗੀ ਮਾਰਦਾ ਹੈ, ਕੋਈ ਜੱਗਰ। ਮੈਂ ਜੱਗਰ ਠੱਗੀ ਮਾਰਾਂਗਾ।"

ਗੁਰਮੀਤ ਦੇ ਸ਼ਹਿਰ ਤਬਦੀਲ ਹੋ ਕੇ ਆਉਣ ਤਕ ਉਹ ਪੂਰੀ ਤਰ੍ਹਾਂ ਤਬਾਹ ਹੋ ਚੁੱਕਾ ਸੀ। ਉਸ ਨੇ ਪਿੰਡ ਜਾਣਾ ਛੱਡ ਦਿੱਤਾ ਸੀ। ਸਾਰਾ ਦਿਨ ਉਹ ਸ਼ਰਾਬ ਪੀਈ ਰੱਖਦਾ। ਨਸ਼ੇ ਲਈ ਜੀਅ-ਜੀਅ ਅੱਗੇ ਹੱਥ ਅੱਡ ਲੈਂਦਾ। ਕਈ ਵਾਰ ਸ਼ਰਾਬੀ ਹੋਇਆ ਖੋਖਿਆਂ ਵਿਚ ਲਿਟਿਆ ਰਹਿੰਦਾ।

ਕਈ ਮਹੀਨੇ ਨਾ ਪਿਆਰੇ ਲਾਲ ਨੇ ਗੁਰਮੀਤ ਨੂੰ ਪਛਾਣਿਆ, ਨਾ ਗੁਰਮੀਤ ਨੇ ਪਿਆਰੇ ਲਾਲ ਨੂੰ। ਨਾ ਸਰਕਾਰੀ ਵਕੀਲ ਨੂੰ ਸ਼ਰਾਬੀ ਵਕੀਲ ਤਕ ਕੋਈ ਵਾਸਤਾ ਸੀ, ਨਾ ਪਿਆਰੇ ਲਾਲ ਨੂੰ ਸਰਕਾਰੀ ਵਕੀਲ ਤਕ।

ਗੁਰਮੀਤ ਨੂੰ ਪਿਆਰੇ ਲਾਲ ਦਾ ਉਸ ਸਮੇਂ ਪਤਾ ਲੱਗਾ, ਜਦੋਂ ਇਕ ਵਾਰ ਚੰਡੀਗੜ੍ਹ ਗਏ ਤੋਂ ਉਸ ਦੇ ਇਕ ਦੋਸਤ ਨੇ ਪਿਆਰੇ ਲਾਲ ਦਾ ਹਾਲ-ਚਾਲ ਪੁੱਛਿਆ।

ਵਾਪਸ ਆ ਕੇ ਗੁਰਮੀਤ ਨੇ ਉਸ ਨੂੰ ਹਿੱਕ ਨਾਲ ਲਾ ਲਿਆ।

ਗੁਰਮੀਤ ਰਾਹੀਂ ਪਿਆਰੇ ਲਾਲ ਨੂੰ ਪਹਿਲਾਂ ਅਜਿਹੇ ਕੇਸ ਮਿਲਣ ਲੱਗੇ ਜਿਨ੍ਹਾਂ ਵਿਚ ਦੋਸ਼ੀਆਂ ਨੇ ਆਪਣੇ ਜੁਰਮ ਦਾ ਇਕਬਾਲ ਕਰਨਾ ਹੁੰਦਾ ਸੀ। ਛੋਟੇ-ਮੋਟੇ ਕੰਮ ਦੀ ਥੋੜ੍ਹੀ-ਬਹੁਤ ਫ਼ੀਸ ਮਿਲਦੀ।

ਫੇਰ ਉਸ ਨੂੰ ਗ਼ਰੀਬ ਸਾਇਲਾਂ ਦੇ ਕੇਸ ਮਿਲਣ ਲੱਗੇ। ਹੋਰ ਨਹੀਂ ਤਾਂ ਰੁਝੇਵਾਂ ਹੀ ਸਹੀ। ਰੁਝੇਵੇਂ ਕਾਰਨ ਜੀਅ ਵੀ ਲੱਗਣ ਲੱਗਾ ਅਤੇ ਸ਼ਰਾਬ ਦੀ ਤਲਬ ਵੀ ਘਟਣ ਲੱਗੀ।

ਕਚਹਿਰੀਆਂ ਵਿਚ ਉਸ ਦਾ ਮਾਣ-ਤਾਣ ਬਹਾਲ ਹੋਣ ਲੱਗਾ। ਕਦੇ-ਕਦੇ ਉਸ ਦੀ ਕਾਬਲੀਅਤ ਦੀ ਤਾਰੀਫ਼ ਵੀ ਹੁੰਦੀ।

ਹੁਣ ਗੁਰਮੀਤ ਦੇ ਨੌਕਰੀ ਛੱਡ ਜਾਣ ਨਾਲ ਉਹ ਘਬਰਾਹਟ ਵਿਚ ਸੀ।

ਜੇ ਉਹ ਨੌਕਰੀ ਵਿਚ ਹੁੰਦਾ ਤਾਂ ਸ਼ਾਇਦ ਪਿਆਰੇ ਲਾਲ ਨੂੰ ਵੀ ਆਪਣੀ ਲਿਆਕਤ ਦਿਖਾਉਣ ਦਾ ਮੌਕਾ ਮਿਲ ਜਾਂਦਾ।

# 7

ਭਾਵੇਂ ਕਚਹਿਰੀ ਵਿਚ ਬੈਠਾ ਹਰ ਵਕੀਲ ਇਹ ਕੇਸ ਹਾਸਲ ਕਰਨ ਲਈ ਤਰਲੋ-ਮੱਛੀ ਹੋ ਰਿਹਾ ਸੀ ਪਰ ਸੰਤ ਰਾਮ ਭੰਡਾਰੀ ਬੇ-ਫ਼ਿਕਰ ਸੀ। ਉਸ ਨੇ ਮੁਦੱਈ ਧਿਰ ਵੱਲੋਂ ਵਕਾਲਤ ਕਰਨੀ ਹੀ ਕਰਨੀ ਸੀ।

ਬੰਟੀ ਦੇ ਅਗਵਾ ਵਾਲੇ ਦਿਨ ਤੋਂ ਲੈ ਕੇ ਅੱਜ ਤਕ ਉਹ ਇਸ ਕੇਸ ਨਾਲ ਜੁੜਿਆ ਰਿਹਾ ਸੀ। ਵੈਸੇ ਵੀ ਭੰਡਾਰੀ ਯੁਵਾ ਸੰਘ ਦਾ ਕਾਨੂੰਨੀ ਸਲਾਹਕਾਰ ਸੀ ਅਤੇ ਸੰਘ ਉਸ ਦਾ ਪ੍ਰਸੰਸਕ। ਜਦੋਂ ਦੋਹਾਂ ਧਿਰਾਂ ਵਿਚ ਘਿਓ-ਖਿਚੜੀ ਵਾਲਾ ਰਿਸ਼ਤਾ ਸੀ ਤਾਂ ਕੇਸ ਬਾਹਰ ਕਿਵੇਂ ਜਾ ਸਕਦਾ ਸੀ ?

ਭੰਡਾਰੀ ਦੇ ਲਾਲਾ ਜੀ ਨਾਲ ਵੀ ਨਿੱਜੀ ਸੰਬੰਧ ਸਨ। ਲਾਲਾ ਜੀ ਵਾਂਗ ਭੰਡਾਰੀ ਵੀ ਸਮਾਜ ਸੇਵਕ ਸੀ। ਬਹੁਤ ਸਾਰੀਆਂ ਸੰਸਥਾਵਾਂ ਦੋਹਾਂ ਦੇ ਸਹਾਰੇ ਚੱਲਦੀਆਂ ਸਨ। ਜੇ ਲਾਲਾ ਜੀ ਖ਼ੂਨ-ਪਸੀਨਾ ਇਕ ਕਰਕੇ ਕਿਸੇ ਸੰਸਥਾ ਨੂੰ ਜਨਮ ਦਿੰਦੇ ਸਨ ਤਾਂ ਭੰਡਾਰੀ ਸਾਹਿਬ ਧਨ-ਦੌਲਤ ਨਾਲ ਉਸ ਦੀ ਪਰਵਰਿਸ਼ ਕਰਦੇ ਸਨ। ਮਾਤਾ ਦੇ ਭੰਡਾਰੇ ਲਈ ਸੇਵਕ ਲਾਲਾ ਭੇਜਦਾ ਤਾਂ ਰਾਸ਼ਨ-ਪਾਣੀ ਭੰਡਾਰੀ, ਹਸਪਤਾਲ ਬੀਮਾਰ ਪਏ ਲੋਕਾਂ ਦੀ ਸੇਵਾ ਜੇ ਲਾਲਾ ਕਰਦਾ ਤਾਂ ਮੁਫ਼ਤ ਦਵਾਈਆਂ ਭੰਡਾਰੀ ਭੇਜਦਾ। ਜਿਥੇ ਲਾਲਾ ਜੀ ਦੀ ਨਿਸ਼ਕਾਮ ਸੇਵਕ ਵਜੋਂ ਪ੍ਰਸੰਸਾ ਹੁੰਦੀ, ਉਥੇ ਭੰਡਾਰੀ ਦੀ ਮਹਾਂਦਾਨੀ ਵਜੋਂ।

ਕੇਸ ਲੜਨ ਪਿੱਛੇ ਭੰਡਾਰੀ ਨੂੰ ਪੈਸੇ ਦਾ ਲਾਲਚ ਨਹੀਂ ਸੀ। ਬੰਟੀ ਖ਼ਾਤਰ ਹਜ਼ਾਰਾਂ ਰੁਪਿਆ ਉਹ ਪਹਿਲਾਂ ਹੀ ਪੱਲਿਉਂ ਖ਼ਰਚ ਚੁੱਕਾ ਸੀ। ਅਖ਼ਬਾਰਾਂ ਵਿਚ ਇਸ਼ਤਿਹਾਰ ਛਪਵਾਏ ਗਏ ਸਨ, ਰੇਡੀਓ ਅਤੇ ਟੀ.ਵੀ. 'ਤੇ ਸੂਚਨਾਵਾਂ ਦਿੱਤੀਆਂ ਗਈਆਂ ਸਨ। ਇਹ ਸਾਰਾ ਖ਼ਰਚਾ ਭੰਡਾਰੀ ਨੇ ਦਿੱਤਾ ਸੀ।

ਇਸ ਕੇਸ ਪਿੱਛੇ ਭੰਡਾਰੀ ਨੂੰ ਉਹੋ ਲਾਲਚ ਸੀ ਜਿਹੜਾ ਹਰ ਵਕੀਲ ਨੂੰ ਹੁੰਦੈ। ਆਪਣੀ ਚਰਚਾ ਕਰਾਉਣ ਦਾ। ਜਿੰਨਾ ਵੱਧ ਕਿਸੇ ਦਾ ਪ੍ਰਚਾਰ, ਓਨੀ ਵੱਧ ਉਸ ਦੀ ਪ੍ਰੈਕਟਿਸ। ਪ੍ਰਚਾਰ ਜੇ ਰੇਡੀਓ, ਟੀ.ਵੀ. ਜਾਂ ਅਖ਼ਬਾਰਾਂ ਰਾਹੀਂ ਹੁੰਦਾ ਹੋਵੇ ਤਾਂ ਕਿਆ ਕਹਿਣੇ। ਇਸ ਕੇਸ ਦੀ ਮੀਡੀਏ ਵਿਚ ਪਹਿਲਾਂ ਰੱਜ ਕੇ ਚਰਚਾ ਹੋਈ ਸੀ, ਅਗਾਂਹ ਵੀ ਹੋਣੀ ਸੀ। ਪ੍ਰੈਸ ਵਾਲਿਆਂ ਨੇ ਅਦਾਲਤੀ ਕਾਰਵਾਈ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨਾ ਸੀ। ਅਖ਼ਬਾਰਾਂ ਵਿਚ ਦੋਸ਼ੀਆਂ ਦੇ ਨਾਲ-ਨਾਲ ਵਕੀਲਾਂ ਦੇ ਫ਼ੋਟੋ ਛਪਣੇ ਸਨ।

ਅਸੈਂਬਲੀ ਵਿਚ ਪਹਿਲਾਂ ਵੀ ਰੌਲਾ ਪਿਆ ਸੀ, ਅਗਾਂਹ ਵੀ ਪੈਣਾ ਸੀ। ਦਬਾਅ ਹੇਠ ਆਏ ਮੁੱਖ ਮੰਤਰੀ ਨੂੰ ਦੋਸ਼ੀਆਂ ਨੂੰ ਸਜ਼ਾ ਕਰਾਉਣੀ ਪੈਣੀ ਸੀ। ਜਿਸ ਤਰ੍ਹਾਂ ਇੰਦਰਾ ਕਤਲ ਕੇਸ ਵਿਚ ਜੇਠਮਲਾਨੀ ਅਤੇ ਲੇਖੀ ਵਰਗਿਆਂ ਦੀ ਗੁੱਡੀ ਚੜ੍ਹੀ ਸੀ, ਉਸੇ ਤਰਾਂ ਇਸ ਕੇਸ ਵਿਚ ਭੰਡਾਰੀ ਦੀ ਗੁੱਡੀ ਚੜ੍ਹਨੀ ਸੀ।



ਵੈਸੇ ਵੀ ਅਜਿਹੇ ਖ਼ਤਰਨਾਕ ਮੁਲਜ਼ਮਾਂ ਨੂੰ ਸਜ਼ਾ ਕਰਾਉਣ ਨੂੰ ਭੰਡਾਰੀ ਸਮਾਜ ਸੇਵਾ ਸਮਝਦਾ ਸੀ। ਉਸ ਦੇ ਵਿਚਾਰ ਵਿਚ ਕੁਝ ਹਜ਼ਾਰ ਰੁਪਿਆਂ ਬਦਲੇ, ਕਿਸੇ ਮਾਸੂਮ ਦਾ ਕਤਲ ਕਰਨਾ, ਘੋਰ ਅਪਰਾਧ ਸੀ, ਮਹਾਂ ਪਾਪ ਸੀ। ਅਜਿਹੇ ਦੁਸ਼ਟਾਂ ਨੂੰ ਫ਼ਾਂਸੀ ਹੋਣੀ ਚਾਹੀਦੀ ਸੀ।

ਇਕੋ ਤੀਰ ਨਾਲ ਉਹ ਦੋ ਸ਼ਿਕਾਰ ਫੁੰਡਣਾ ਲੋਚਦਾ ਸੀ। ਮਸ਼ਹੂਰੀ ਵੀ ਅਤੇ ਸਮਾਜ ਸੇਵਾ ਵੀ।

ਤਫ਼ਤੀਸ਼ ਦੌਰਾਨ ਭੰਡਾਰੀ ਨੇ ਆਪਣੇ ਅਸਰ-ਰਸੂਖ਼ ਦੀ ਪੂਰੀ ਵਰਤੋਂ ਕੀਤੀ ਸੀ।

ਪਹਿਲਾਂ ਉਸ ਨੇ ਪੁਲਿਸ 'ਤੇ ਦਬਾਅ ਪਾਇਆ। ਦੋਸ਼ੀ ਜਲਦੀ ਤੋਂ ਜਲਦੀ ਫੜੇ ਜਾਣ।

ਦੋਸ਼ੀ ਫੜੇ ਗਏ ਤਾਂ ਮੈਜਿਸਟ੍ਰੇਟ 'ਤੇ ਦਬਾਅ ਪਾਇਆ। ।। "ਦੋਸ਼ੀ ਪੁਖ਼ਤਾ-ਮੁਜਰਮ ਹਨ। ਜਲਦੀ-ਜਲਦੀ ਭੇਤ ਦੇਣ ਵਾਲੇ ਨਹੀਂ। ਵੱਧ ਤੋਂ ਵੱਧ ਰਿਮਾਂਡ ਦੇਵੋ ਤਾਂ ਜੋ ਪੁਲਿਸ ਚੱਜ ਨਾਲ ਤਫ਼ਤੀਸ਼ ਕਰ ਸਕੇ।"

ਮੈਜਿਸਟ੍ਰੇਟ ਨੇ ਪੂਰੇ ਪੰਦਰਾਂ ਦਿਨਾਂ ਦਾ ਰਿਮਾਂਡ ਦੇ ਦਿੱਤਾ।

ਉਸਨੂੰ ਭੰਡਾਰੀ ਦਾ ਅਹਿਸਾਨ ਚੁਕਾਉਣ ਦਾ ਮਸਾਂ ਮਸਾਂ ਮੌਕਾ ਮਿਲਿਆ ਸੀ ।

ਸ਼ਹਿਰ ਵਿਚ ਜੱਜ ਬਹੁਤੇ ਸਨ ਅਤੇ ਸਰਕਾਰੀ ਕੋਠੀ ਇਕ। ਉਹ ਵੀ ਬਾਬਾ ਆਲਾ ਵੇਲੇ ਦੀ। ਕਦੇ ਕਿਸੇ ਕਮਰੇ ਦੀ ਛੱਤ ਗਿਰ ਗਈ, ਕਦੇ ਕਿਸੇ ਕੰਧ ਦਾ ਪਲਸਤਰ। ਕਦੇ ਸੱਪ ਨਿਕਲ ਆਏ, ਕਦੇ ਚੂਹਿਆਂ ਨੇ ਹੱਲਾ ਬੋਲ ਦਿੱਤਾ। ਕਦੇ ਬਿਜਲੀ ਦੀ ਤਾਰ ਸੜ ਗਈ, ਕਦੇ ਪੱਖਾ ਸੜ ਗਿਆ।

ਇਹ ਕੋਠੀ ਕਿਹੜਾ ਹਰ ਇਕ ਨੂੰ ਨਸੀਬ ਹੁੰਦੀ ਸੀ। ਜਿਸ ਨੂੰ ਮਿਲ ਗਈ, ਮਿਲ ਗਈ। ਬਾਕੀਆਂ ਨੂੰ ਆਪਣਾ ਪ੍ਰਬੰਧ ਆਪ ਕਰਨਾ ਪੈਂਦਾ ਸੀ।

ਸ਼ਹਿਰ ਵਿਚ ਵਧੀਆ ਰਿਹਾਇਸ਼ ਦੀ ਕਮੀ ਸੀ। ਜੱਜਾਂ ਦੇ ਸਟੈਂਡਰਡ ਦੀਆਂ ਚਾਲੀ ਪੰਜਾਹ ਕੋਠੀਆਂ ਮਸਾਂ ਸਨ। ਉਹਨਾਂ ਵਿਚੋਂ ਬਹੁਤੀਆਂ ਵਿਚ ਮਾਲਕ ਰਹਿੰਦੇ ਸਨ। ਕਦੇ ਕੋਈ ਖ਼ਾਲੀ ਹੁੰਦੀ ਤਾਂ ਜੱਜਾਂ ਨੂੰ ਉਹ ਵੀ ਨਾ ਮਿਲਦੀ। ਉਹਨਾਂ ਨੂੰ ਕੋਠੀਆਂ ਕਿਰਾਏ 'ਤੇ ਦੇਣ ਵਿਚ ਮਾਲਕਾਂ ਨੂੰ ਕਈ ਇਤਰਾਜ਼ ਸਨ। ਪਹਿਲਾ ਇਹ ਕਿ ਜੱਜ ਪੂਰਾ ਕਿਰਾਇਆ ਨਹੀਂ ਦਿੰਦੇ। ਅਸਲ ਵਿਚ ਉਹ ਪੂਰਾ ਕਿਰਾਇਆ ਦੇ ਹੀ ਨਹੀਂ ਸਕਦੇ। ਤਨਖ਼ਾਹ ਘੱਟ ਸੀ ਅਤੇ ਕਿਰਾਇਆ ਵੱਧ। ਘੱਟ ਕਿਰਾਇਆ ਲੈਣੋਂ ਨਾਂਹ ਕਰ ਕੇ ਹਾਕਮ ਨਾਲ ਦੁਸ਼ਮਣੀ ਪਾਉਣ ਨਾਲੋਂ ਚੰਗਾ ਸੀ ਪਹਿਲਾਂ ਹੀ ਆਖ ਦਿੱਤਾ ਜਾਵੇ ਕਿ ਕੋਠੀ ਕਿਰਾਏ 'ਤੇ ਨਹੀਂ ਦੇਣੀ। ਮਾਲਕਾਂ ਨੂੰ ਦੂਜਾ ਇਤਰਾਜ਼ ਇਹ ਸੀ ਕਿ ਲੋੜ ਪੈਣ 'ਤੇ ਕੋਠੀ ਖ਼ਾਲੀ ਨਹੀਂ ਸੀ ਹੁੰਦੀ। ਕਦੇ ਕੋਈ ਕੋਠੀ ਖ਼ਾਲੀ ਕਰਨ ਲਈ ਆਖਣ ਦੀ ਗ਼ਲਤੀ ਕਰ ਬੈਠਦਾ ਤਾਂ ਮੁਕੱਦਮੇ ਦੀ ਧਮਕੀ ਮਿਲਦੀ ਜਾਂ ਪੁਲਿਸ ਦੇ ਚੜ੍ਹਾ ਲਿਆਉਣ ਦੀ।

ਕਿਸ ਮਾਲਕ ਦਾ ਸਿਰ ਭਵਿਆਂ ਸੀ, ਉਹ ਬਲਦੀ ਅੱਗ ਵਿਚ ਹੱਥ ਪਾਵੇ।

ਇਸ ਦੇ ਉਲਟ ਭੰਡਾਰੀ ਕੋਲ ਕੋਠੀਆਂ ਦੀ ਵੀ ਕਮੀ ਨਹੀਂ ਸੀ ਅਤੇ ਖੁੱਲ੍ਹ-ਦਿਲੀ ਦੀ ਵੀ। ਸ਼ਹਿਰ ਦੀ ਰਈਸ ਕਾਲੋਨੀ ਭੰਡਾਰੀ ਬਾਗ਼ ਵਿਚ ਉਸ ਦੀਆਂ ਪੰਜ ਕੋਠੀਆਂ ਸਨ। ਇਕ ਵਿਚ ਆਪ ਰਹਿੰਦਾ ਸੀ, ਦੋ ਜੱਜਾਂ ਲਈ ਰਾਖਵੀਆਂ ਸਨ।

ਜੱਜਾਂ ਨਾਲ ਉਸ ਦਾ ਨਿੱਤ ਦਾ ਵਾਹ ਸੀ। ਕਾਗ਼ਜ਼ੀਂ-ਪੱਤਰੀਂ ਉਹ ਉਹਨਾਂ ਤੋਂ ਪੂਰਾ ਕਿਰਾਇਆ ਵਸੂਲਦਾ ਸੀ। ਉਹਨਾਂ ਨੂੰ ਵਸੂਲੇ ਕਿਰਾਏ ਦੀਆਂ ਰਸੀਦਾਂ ਵੀ ਦਿੰਦਾ ਸੀ। ਇਹ ਦੂਸਰੀ ਗੱਲ ਸੀ ਕਿ ਕਿਰਾਇਆ ਤਾਂ ਕੀ ਲੈਣਾ ਸੀ, ਉਹ ਬਿਜਲੀ ਪਾਣੀ ਤਕ ਦਾ ਬਿੱਲ ਪੱਲਿਉਂ

ਭਰਿਆ ਕਰਦਾ ਸੀ।

ਇਹ ਨਹੀਂ ਕਿ ਭੰਡਾਰੀ ਬੁੱਧੂ ਸੀ। ਓਹ ਅਫ਼ਸਰਾਂ ਤੋਂ ਕਿਰਾਇਆ ਵਸੂਲਦਾ ਸੀ, ਨੋਟਾਂ ਦੀ ਥਾਂ ਸੋਨੇ ਦੀਆਂ ਮੋਹਰਾਂ ਵਿਚ।

ਮਾਲਕ-ਮਕਾਨ ਅਤੇ ਕਿਰਾਏਦਾਰ ਦੇ ਰਿਸ਼ਤੇ ਕਾਰਨ ਪਹਿਲਾਂ ਅਫ਼ਸਰਾਂ ਨਾਲ ਉਸ ਦੀ ਦੋਸਤੀ ਹੁੰਦੀ। ਫੇਰ ਇਹ ਦੋਸਤੀ ਯਾਰੀ ਵਿਚ ਤਬਦੀਲ ਹੋ ਜਾਂਦੀ। ਲੋੜ ਪੈਣ 'ਤੇ ਉਹ ਯਾਰੀ ਦਾ ਮੁੱਲ ਵੀ ਵੱਟਦਾ ਸੀ।

ਉਸ ਦੀ ਵਕਾਲਤ ਦਾ ਡੰਕਾ ਸਾਰੇ ਪੰਜਾਬ ਵਿਚ ਵੱਜਦਾ ਸੀ। ਸ਼ਹਿਰ ਵਿਚ ਕੇਸ ਲੜਨ ਦੀ ਉਸ ਦੀ ਫ਼ੀਸ ਦਸ ਹਜ਼ਾਰ ਸੀ। ਬਾਹਰ ਜਾਣ ਦੀ ਪੱਚੀ-ਤੀਹ ਹਜ਼ਾਰ।

ਬਾਹਰਲੇ ਕੇਸ ਉਹ ਉਦੋਂ ਹੀ ਫੜਦਾ ਸੀ, ਜਦੋਂ ਕੁਰਸੀ 'ਤੇ ਕੋਈ ਮਿੱਤਰ ਬੈਠਾ ਹੁੰਦਾ ਸੀ।

ਪਿੱਛੇ ਜਿਹੇ ਜਲੰਧਰ ਦੇ ਇਕ ਆਈ.ਟੀ.ਓ. 'ਤੇ ਕੁਰਪਸ਼ਨ ਦਾ ਕੇਸ ਬਣ ਗਿਆ। ਪੁਲਿਸ ਗ੍ਰਿਫ਼ਤਾਰ ਕਰਨ ਲਈ ਉਸ ਦੇ ਪਿੱਛੇ ਲੱਗ ਗਈ।

ਉਥੋਂ ਦਾ ਸੈਸ਼ਨ ਜੱਜ ਅੜੀਅਲ ਟੱਟੂ ਸੀ। ਕਿਸੇ ਵੀ ਕੀਮਤ 'ਤੇ ਉਹ ਆਈ.ਟੀ.ਓ. ਦੀ ਪੇਸ਼ਗੀ ਜ਼ਮਾਨਤ ਲੈਣ ਨੂੰ ਤਿਆਰ ਨਹੀਂ ਸੀ।

ਕਿਸੇ ਨੇ ਆਈ.ਟੀ.ਓ. ਨੂੰ ਸਲਾਹ ਦਿੱਤੀ। ਇਸ ਜੱਜ ਕੋਲੋਂ ਪੇਸ਼ਗੀ ਜ਼ਮਾਨਤ ਦੀ ਗਾਰੰਟੀ ਜੇ ਕੋਈ ਦੇ ਸਕਦਾ ਸੀ ਤਾਂ ਉਹ ਸ਼ਹਿਰ ਵਾਲਾ ਭੰਡਾਰੀ ਵਕੀਲ ਹੀ ਸੀ। ਸੈਸ਼ਨ ਜੱਜ ਕਦੇ ਭੰਡਾਰੀ ਦਾ ਕਰਾਏਦਾਰ ਰਿਹਾ ਸੀ।

ਜਲੰਧਰ ਦੇ ਸੈਸ਼ਨ ਜੱਜ ਦੀ ਅਦਾਲਤ ਵਿਚ ਪੇਸ਼ ਹੋਣ ਦਾ ਭੰਡਾਰੀ ਨੇ ਪੂਰਾ ਵੀਹ ਹਜ਼ਾਰ ਰੁਪਿਆ ਲਿਆ ਸੀ।

ਇੰਝ ਮਿਲੀਆਂ ਨੋਟਾਂ ਦੀਆਂ ਥਹੀਆਂ ਨੂੰ ਉਹ ਕੋਠੀਆਂ ਦਾ ਕਿਰਾਇਆ ਸਮਝਦਾ ਸੀ।

ਝੇਪੋ-ਝੇਪੀ ਇਸ ਮੈਜਿਸਟ੍ਰੇਟ ਨੇ ਵੀ ਬੰਟੀ ਕਤਲ ਕੇਸ ਵਿਚ ਓਨਾ ਪੁਲਿਸ ਰਿਮਾਂਡ ਦਿੱਤਾ ਸੀ, ਜਿੰਨਾਂ ਪੁਲਿਸ ਨੇ ਮੰਗਿਆ ਸੀ।

ਮੁਕੱਦਮਾ ਚੱਲਣ 'ਤੇ ਸੰਘ ਨੂੰ ਭੰਡਾਰੀ ਦੀ ਫੇਰ ਲੋੜ ਪੈਣੀ ਸੀ। ਜੇ ਦੋਸ਼ੀਆਂ ਨੂੰ ਸਜ਼ਾ ਸ਼ਹਾਦਤਾਂ ਦੇ ਅਧਾਰ 'ਤੇ ਹੁੰਦੀ ਨਾ ਦਿਖੀ ਤਾਂ ਭੰਡਾਰੀ ਨੂੰ ਸੈਸ਼ਨ ਜੱਜ ਤਕ ਪਹੁੰਚ ਕਰਨੀ ਪੈਣੀ ਸੀ। ਸੈਸ਼ਨ ਨੇ ਝਿਜਕ ਦਿਖਾਈ ਤਾਂ ਹਾਈ ਕੋਰਟੋਂ ਹਰੀ ਝੰਡੀ ਕਰਾਉਣੀ ਪੈਣੀ ਸੀ।

ਜਦੋਂ ਅੰਦਰਖ਼ਾਤੇ ਕੰਮ ਕਰਨਾ ਸੀ, ਫੇਰ ਜੱਗਰ ਹੋ ਕੇ ਕਿਉਂ ਨਾ ਕੀਤਾ ਜਾਵੇ ? ਮੁਦੱਈ ਦਾ ਵਕੀਲ ਬਣ ਕੇ ਨਾਮਣਾ ਕਿਉਂ ਨਾ ਖੱਟਿਆ ਜਾਵੇ ?

ਭੰਡਾਰੀ ਨੂੰ ਵਕੀਲ ਬਣਨ ਦੀ ਪੇਸ਼ਕਸ਼ ਉਡੀਕਦਿਆਂ ਇਕ-ਇਕ ਕਰਕੇ ਤਿੰਨ ਮਹੀਨੇ ਲੰਘ ਗਏ। ਪੇਸ਼ਕਸ਼ ਕਰਨੀ ਦੂਰ ਰਹੀ, ਲਾਲਾ ਜੀ ਨੇ ਕਦੇ ਉਸ ਕੋਲ ਮੁਕੱਦਮੇ ਦਾ ਜ਼ਿਕਰ ਤਕ ਨਾ ਛੇੜਿਆ।

ਪਹਿਲਾਂ ਭੰਡਾਰੀ ਚੁੱਪ ਰਿਹਾ। ਜਿਸ ਦੀਆਂ ਅੱਖਾਂ ਦੁਖਣਗੀਆਂ, ਆਪੇ ਪੱਟੀ ਬੰਨ੍ਹੇਗਾ।

ਜਦੋਂ ਚਲਾਨ ਪੇਸ਼ ਹੋਣ ਤੋਂ ਬਾਅਦ ਵੀ ਲਾਲਾ ਜੀ ਨੇ ਵਕਾਲਤਨਾਮਾ ਨਾ ਭੇਜਿਆ ਤਾਂ ਭੰਡਾਰੀ ਨੂੰ ਸ਼ੱਕ ਹੋਇਆ। "ਹੋ ਸਕਦੈ, ਲਾਲਾ ਜੀ ਨੂੰ ਪਤਾ ਹੀ ਨਾ ਹੋਵੇ ਕਿ ਮੁਦੱਈ ਧਿਰ ਨੂੰ ਵੀ ਵਕੀਲ ਕਰਨਾ ਪੈਂਦੈ।"

ਮੁਨਸ਼ੀ ਹੱਥ ਉਹਨਾਂ ਖ਼ੁਦ ਵਕਾਲਤਨਾਮਾ ਭੇਜ ਦਿੱਤਾ।



ਲਾਲਾ ਜੀ ਰੱਬ ਦਾ ਭਾਣਾ ਮੰਨੀ ਬੈਠੇ ਸਨ। ਪਾਲੇ ਅਤੇ ਮੀਤੇ ਨੂੰ ਸਜ਼ਾ ਕਰਾਉਣ ਵਿਚ ਉਹਨਾਂ ਨੂੰ ਕੋਈ ਦਿਲਚਸਪੀ ਨਹੀਂ ਸੀ। ਤੁਰ ਗਿਆ ਤਾਂ ਵਾਪਸ ਆਉਣਾ ਨਹੀਂ ਸੀ। ਉਹ ਕਿਉਂ ਕੁਫ਼ਰ ਤੋਲਣ ? ਕਿਉਂ ਕਚਹਿਰੀਆਂ ਵਿਚ ਜ਼ਲੀਲ ਹੋਣ ?

ਲਾਲਾ ਜੀ ਨੇ ਵਕਾਲਤਨਾਮਾ ਬੇਰੰਗ ਮੋੜ ਦਿੱਤਾ।

ਲਾਲਾ ਜੀ ਨੂੰ ਮਨਾਉਣ ਅਤੇ ਜਰਾਇਮ-ਵਿਗਿਆਨ ਦੇ ਨੁਕਤੇ ਸਮਝਾਉਣ ਭੰਡਾਰੀ ਖ਼ੁਦ ਲਾਲਾ ਜੀ ਵੱਲ ਚੱਲ ਪਿਆ।

ਇਨਾਂ ਗ਼ਰੀਬ-ਗ਼ੁਰਬਿਆਂ ਦੇ ਮੂੰਹ ਖ਼ੂਨ ਲੱਗ ਚੁੱਕਾ ਹੈ। ਇਹ ਪਹਿਲਾਂ ਚੋਰੀਆਂ ਕਰਦੇ ਸਨ, ਹੁਣ ਕਤਲ ਕਰਦੇ ਹਨ। ਲਾਲਾ ਜੀ ਨੇ ਚੁੱਪ ਧਾਰ ਲਈ ਤਾਂ ਇਹ ਬਰੀ ਹੋ ਜਾਣਗੇ। ਬਰੀ ਹੋ ਕੇ ਬੰਦਾ ਮਾਰਨਾ ਇਹਨਾਂ ਨੂੰ ਟਿੱਚਰ ਲੱਗੇਗਾ। ਲਾਲਾ ਜੀ ਨੇ ਦੋਸ਼ੀਆਂ ਨੂੰ ਸਜ਼ਾ ਕਿਸੇ ਨਿੱਜੀ ਮੁਫ਼ਾਦ ਲਈ ਨਹੀਂ ਸੀ ਕਰਾਉਣੀ। ਇਹਨਾਂ ਨੂੰ ਸਜ਼ਾ ਕਰਾਉਣਾ ਵੀ ਇਕ ਸਮਾਜ ਸੇਵਾ ਸੀ। ਇਹ ਖੁੱਲ੍ਹੇ ਫਿਰਦੇ ਰਹੇ ਤਾਂ ਕਿਸੇ ਹੋਰ ਬੰਟੀ ਨੂੰ ਮਾਰਨਗੇ। ਸਮਾਜ ਨੂੰ ਸੁਖ ਦਾ ਸਾਹ ਦਿਵਾਉਣ ਲਈ ਅਜਿਹੇ ਮਾਸ-ਖੋਰੇ ਬਘਿਆੜਾਂ ਨੂੰ ਫਾਹੇ ਲਵਾਉਣਾ ਜ਼ਰੂਰੀ ਸੀ।

ਸਮਾਜ ਸੇਵਾ ਲਾਲਾ ਜੀ ਦਾ ਪਰਮ-ਧਰਮ ਸੀ। ਜੇ ਪਾਲੇ ਅਤੇ ਮੀਤੇ ਨੂੰ ਸਜ਼ਾ ਕਰਾਉਣ ਨਾਲ ਸਮਾਜ ਦਾ ਕੁਝ ਸੰਵਰ ਸਕਦਾ ਸੀ ਤਾਂ ਉਹ ਉਹਨਾਂ ਨੂੰ ਸਜ਼ਾ ਕਰਾਉਣ ਲਈ ਤਿਆਰ ਸਨ।

ਹੋਰ ਮਾਸੂਮਾਂ ਦੀ ਜਾਨ ਬਚਾਉਣ ਦੇ ਉਦੇਸ਼ ਨਾਲ ਲਾਲਾ ਜੀ ਨੇ ਵਕਾਲਤਨਾਮੇ 'ਤੇ ਦਸਤਖ਼ਤ ਕਰ ਦਿੱਤੇ।

ਵਕਾਲਤਨਾਮੇ ਨੂੰ ਬੋਝੇ ਵਿਚ ਪਾ ਕੇ ਭੰਡਾਰੀ ਕੱਛਾਂ ਵਜਾਉਣ ਲੱਗਾ।

## 8

ਪਾਲਾ ਅਤੇ ਮੀਤਾ ਮੋਹਨ ਜੀ ਦੇ ਪੱਕੇ ਸਾਇਲ ਸਨ।

ਪਾਲੇ ਦੀ ਮਾਂ ਉਸ ਕੋਲ ਕਈ ਚੱਕਰ ਲਾ ਚੁੱਕੀ ਸੀ। ਅੱਗੇ ਵਾਂਗ ਇਹ ਕੇਸ ਵੀ ਉਹ ਇਸੇ ਕੋਲੋਂ ਕਰਾਉਣਾ ਚਾਹੁੰਦੀ ਸੀ।

ਮੀਤੇ ਦੇ ਜੇਲ੍ਹੋਂ ਕਈ ਸੁਨੇਹੇ ਆਏ ਸਨ। ਮੋਹਨ ਜੀ ਉਹਨਾਂ ਦਾ ਕੇਸ ਲੜੇ। ਫ਼ੀਸ ਦੀ ਪਰਵਾਹ ਨਾ ਕਰੇ। ਬਾਹਰ ਆਉਂਦਿਆਂ ਹੀ ਉਹ ਮੋਹਨ ਜੀ ਦਾ ਘਰ ਨੋਟਾਂ ਨਾਲ ਭਰ ਦੇਵੇਗਾ।

ਮੋਹਨ ਜੀ ਨੂੰ ਫ਼ੀਸ ਦੀ ਪਰਵਾਹ ਨਹੀਂ ਸੀ। ਆਪਣੇ ਪੱਕੇ ਸਾਇਲਾਂ ਨਾਲ ਉਸ ਨੇ ਕਦੇ ਫ਼ੀਸ ਨਹੀਂ ਸੀ ਖੋਲ੍ਹੀ। ਸਾਇਲਾਂ ਨੂੰ ਫ਼ੀਸ ਦਾ ਆਪੇ ਪਤਾ ਹੁੰਦਾ ਸੀ। ਦਸ-ਦਸ, ਵੀਹ-ਵੀਹ ਹਰ ਪੇਸ਼ੀ ਦੇ ਕੇ ਉਹ ਮੋਹਨ ਜੀ ਦਾ ਕੋਟਾ ਪੂਰਾ ਕਰ ਜਾਇਆ ਕਰਦੇ ਸਨ।

ਇਹ ਕਤਲ ਕੇਸ ਸੀ। ਇਸ ਕੇਸ ਦੀ ਫ਼ੀਸ ਹਜ਼ਾਰਾਂ ਰੁਪਏ ਬਣਨੀ ਸੀ। ਪਾਲੇ ਅਤੇ ਮੀਤੇ ਨੇ ਹਜ਼ਾਰਾਂ ਰੁਪਏ ਵੀ ਚੁਕਾ ਦੇਣੇ ਸਨ। ਮੋਹਨ ਜੀ ਨੇ ਬੱਸ ਉਹਨਾਂ ਦੀ ਜ਼ਬਾਨ 'ਤੇ ਵਿਸ਼ਵਾਸ ਕਰਨਾ ਸੀ ਅਤੇ ਉਹਨਾਂ ਦੇ ਬਰੀ ਹੋਣ ਤਕ ਫ਼ੀਸ ਦੇ ਭੁਗਤਾਨ ਨੂੰ ਉਡੀਕਣਾ ਸੀ।

ਮੋਹਨ ਜੀ ਸਾਹਮਣੇ ਮਸਲਾ ਫ਼ੀਸ ਜਾਂ ਉਡੀਕ ਦਾ ਨਹੀਂ ਸੀ। ਮਸਲਾ ਇਹ ਸੀ ਕਿ ਇਹ ਕੇਸ ਉਸ ਨੇ ਝਗੜਨਾ ਸੀ ਜਾਂ ਨਹੀਂ।

ਮੋਹਨ ਜੀ ਇਕ ਮੁਨਸ਼ੀ ਤੋਂ ਵਕੀਲ ਬਣਿਆ ਸੀ। ਉਸ ਦਾ ਵਕਾਲਤ ਦਾ ਤਜਰਬਾ ਵੀ ਠੀਕ-ਠੀਕ ਹੀ ਸੀ। ਛੋਟੇ-ਮੋਟੇ ਕੇਸ ਉਸ ਨੇ ਬਥੇਰੇ ਲੜੇ ਸਨ। ਸੈਸ਼ਨ ਕੇਸ ਲੜਨ ਦਾ ਹਾਲੇ ਤਕ ਹੌਸਲਾ ਨਹੀਂ ਸੀ ਪਿਆ।

ਸੈਸ਼ਨ ਕੋਰਟ ਦਾ ਨਾਂ ਸੁਣਦਿਆਂ ਹੀ ਉਸ ਦੀਆਂ ਲੱਤਾਂ ਕੰਬਣ ਲੱਗਦੀਆਂ, ਦਿਲ ਧੜਕਣ ਲੱਗਦਾ ਅਤੇ ਮੱਥੇ 'ਤੇ ਪਸੀਨੇ ਦੀਆਂ ਬੂੰਦਾਂ ਟਪਕ ਪੈਂਦੀਆਂ।

ਸੈਸ਼ਨ ਕੇਸਾਂ ਵਿਚ ਦੋਸ਼ੀਆਂ ਨੂੰ ਉਮਰ ਕੈਦ ਤੋਂ ਲੈ ਕੇ ਫਾਂਸੀ ਤਕ ਦੀ ਸਜ਼ਾ ਹੁੰਦੀ ਸੀ। ਕੇਸ ਦੀ ਪੈਰਵਾਈ ਕਈ-ਕਈ ਦਿਨ ਲਗਾਤਾਰ ਚੱਲਦੀ ਸੀ। ਸੈਸ਼ਨ ਕੇਸ ਸਖ਼ਤ ਮਿਹਨਤ ਦੀ ਮੰਗ ਕਰਦਾ ਸੀ।

ਮੋਹਨ ਜੀ ਮਿਹਨਤ ਤੋਂ ਨਹੀਂ ਸੀ ਡਰਦਾ, ਪਰ ਵੀਹਾਂ ਸਾਲਾਂ ਦੇ ਲੰਬੇ ਸੰਘਰਸ਼ ਬਾਅਦ ਉਹ ਮਸਾਂ-ਮਸਾਂ ਵਕੀਲ ਅਖਵਾਉਣ ਅਤੇ ਸੁਖ ਦੀ ਰੋਟੀ ਖਾਣ ਲੱਗਾ ਸੀ। ਕਿਸੇ ਸਾਇਲ ਨੂੰ ਫਾਂਸੀ ਚੜ੍ਹਵਾ ਕੇ ਨਾ ਉਹ ਅਨਾੜੀ ਵਕੀਲ ਅਖਵਾਉਣ ਦੇ ਰੌਂ ਵਿਚ ਸੀ, ਨਾ ਹਥਲੇ ਚਾਰ ਕੇਸਾਂ ਨੂੰ ਗਵਾਉਣ ਦੇ। ਭੁੱਲ-ਭੁਲੇਖੇ ਜੇ ਕੋਈ ਸੈਸ਼ਨ-ਕੇਸ ਉਸ ਕੋਲ ਆ ਜਾਂਦਾ ਤਾਂ ਲਾਲਚ ਤਿਆਗ ਕੇ ਉਹ ਸਾਇਲ ਨੂੰ ਕਿਸੇ ਸੀਨੀਅਰ ਵਕੀਲ ਦੇ ਲੜ ਲਾ ਆਉਂਦਾ।

ਬੰਟੀ ਕਤਲ ਕੇਸ ਨੂੰ ਉਹ ਅਗਾਂਹ ਧੱਕਣ ਦੇ ਮੂਡ ਵਿਚ ਨਹੀਂ ਸੀ।

ਜਿਸ ਦਿਨ ਤੋਂ ਪਾਲੇ ਦੀ ਮਾਂ ਇਸ ਕੇਸ ਦੀ ਪੇਸ਼ਕਸ਼ ਲੈ ਕੇ ਆਈ ਸੀ, ਉਸੇ ਦਿਨ ਤੋਂ



ਉਹ ਆਪਣੇ-ਆਪ ਨਾਲ ਖੌਝਲ ਰਿਹਾ ਸੀ।

ਜਦੋਂ ਕਈ ਦਿਨਾਂ ਦੀ ਜੱਦੋ-ਜਹਿਦ ਕੋਈ ਸਿੱਟਾ ਨਾ ਕੱਢ ਸਕੀ ਤਾਂ ਰਹਿਨੁਮਾਈ ਲਈ ਉਹ ਆਪਣੇ ਸੀਨੀਅਰ ਮਨੋਹਰ ਲਾਲ ਕੋਲ ਗਿਆ ਸੀ।

ਕੇਸ ਸੁਣ-ਸਮਝ ਕੇ ਮਨੋਹਰ ਲਾਲ ਨੇ ਝੱਟ ਪਰਵਾਨਗੀ ਦੇ ਦਿੱਤੀ। ਪਿਛਲੇ ਦਸਾਂ ਸਾਲਾਂ ਦੀ ਉਸ ਦੀ ਕਾਰਗੁਜ਼ਾਰੀ ਦੇਖ ਕੇ ਮਨੋਹਰ ਲਾਲ ਤਾਂ ਪਹਿਲਾਂ ਹੀ ਮੋਹਨ ਜੀ 'ਤੇ ਜ਼ੋਰ ਪਾਉਂਦਾ ਆ ਰਿਹਾ ਸੀ। ਉਸ ਨੂੰ ਸੈਸ਼ਨ ਕੇਸ ਲੜਨ ਤੋਂ ਨਹੀਂ ਝਿਜਕਣਾ ਚਾਹੀਦਾ। ਮੋਹਨ ਜੀ ਮੌਕਾ ਟਾਲਦਾ ਰਿਹਾ ਸੀ।

ਪਹਿਲਾਂ ਜੋ ਹੋ ਗਿਆ, ਸੋ ਹੋ ਗਿਆ। ਹੁਣ ਉਸ ਦੇ ਹੱਥ ਉਹੋ ਮੌਕਾ ਲੱਗਾ ਸੀ, ਜਿਸ ਦੀ ਮੋਹਨ ਜੀ ਨੂੰ ਸਾਲਾਂ ਤੋਂ ਉਡੀਕ ਸੀ। ਸਫਲਤਾ ਦੀ ਪੌੜੀ ਦਾ ਅਗਲਾ ਟੰਬਾ ਉਸ ਨੂੰ ਆਵਾਜ਼ਾਂ ਮਾਰ ਰਿਹਾ ਸੀ।

ਇਹ 'ਬਲਾਈਂਡ ਮਰਡਰ ਕੇਸ' ਸੀ। ਹੁੰਦੇ ਕਤਲ ਨੂੰ ਅੱਖੀਂ ਦੇਖਣ ਵਾਲਾ ਪੁਲਿਸ ਕੋਲ ਇਕ ਵੀ ਗਵਾਹ ਨਹੀਂ ਸੀ। ਕੇਸ ਨੂੰ ਖੜਾ ਕਰਨ ਲਈ ਪੁਲਿਸ ਨੇ ਜਿਹੜੇ ਗਵਾਹ ਰੱਖੇ ਸਨ, ਉਹ ਸਭ ਪੁਲਿਸ ਟਾਊਟ ਸਨ। ਹਰ ਪੁਲਿਸ ਟਾਊਟ ਦੀ ਮੋਹਨ ਜੀ ਕੋਲ ਜਨਮ-ਪੱਤਰੀ ਸੀ। ਉਹਨਾਂ ਦੀਆਂ ਵੱਖੀਆਂ ਭੰਨਣ ਦਾ ਉਹ ਪਹਿਲਾਂ ਹੀ ਮਾਹਿਰ ਸੀ। ਮੋਹਨ ਜੀ ਵਰਗੇ ਵਾ-ਵਰੋਲੇ ਸਾਹਮਣੇ ਰੇਤ ਦੇ ਇਸ ਮਹਿਲ ਨੇ ਪਹਿਲੇ ਹੱਲੇ ਹੀ ਢਹਿ ਜਾਣਾ ਸੀ।

ਖ਼ੁਦਾ-ਨਾ ਖ਼ਾਸਤਾ ਜੇ ਇਹ ਦੋਸ਼ੀ ਸਜ਼ਾ ਹੋ ਗਏ, ਫੇਰ ਵੀ ਮੋਹਨ ਜੀ ਦੀ ਵਕਾਲਤ ਨੂੰ ਢਾਹ ਲੱਗਣ ਵਾਲੀ ਨਹੀਂ ਸੀ। ਦੋਵੇਂ ਦੋਸ਼ੀ ਲਾਵਾਰਿਸ ਸਨ। ਇਹਨਾਂ ਨੂੰ ਸਜ਼ਾ ਹੋਣ ਦਾ ਕਿਸੇ ਨੇ ਨੋਟਿਸ ਨਹੀਂ ਸੀ ਲੈਣਾ।

ਸਾਰੇ ਪੁੱਠ-ਸਿੱਧ ਸੋਚ ਕੇ ਮੋਹਨ ਜੀ ਨੇ ਆਪਣੀ ਝਿਜਕ ਖੋਲ੍ਹਣ ਦਾ ਮਨ ਬਣਾ ਲਿਆ।

ਮੋਹਨ ਜੀ ਦੇ ਗੁਰੂ ਦੀਆਂ ਗੱਲਾਂ ਦਰੁਸਤ ਸਨ। ਇਹਨੀਂ ਦਿਨੀਂ ਨਾ ਉਸ ਨੂੰ ਕੰਮ ਦੀ ਕਮੀ ਸੀ, ਨਾ ਕੰਮ ਵਿਚ ਮਿਲਣ ਵਾਲੀ ਕਾਮਯਾਬੀ ਦੀ। ਉਸ ਦੇ ਫੂਕ-ਫੂਕ ਪੈਰ ਧਰਨ ਦੇ ਦਿਨ ਕਦੋਂ ਦੇ ਲੰਘ ਚੁੱਕੇ ਸਨ।

ਮੋਹਨ ਜੀ ਆਪਣੀ ਆਦਤ ਤੋਂ ਮਜਬੂਰ ਸੀ। ਸਭ ਕੁਝ ਸਮਝਦਾ ਹੋਇਆ ਵੀ ਹਾਲੇ ਤਕ ਉਹ ਆਪਣੇ ਅਤੀਤ ਤੋਂ ਖਹਿੜਾ ਨਹੀਂ ਸੀ ਛੁਡਾ ਸਕਿਆ।

ਹਾਲੇ ਤਕ ਉਸ ਨੂੰ ਉਹ ਦਿਨ ਭੁੱਲੇ ਨਹੀਂ ਸਨ, ਜਦੋਂ ਮੋਹਨ ਜੀ ਦੇ ਵਕੀਲ ਬਣਨ ਦੇ ਸੁਪਨੇ 'ਤੇ ਲੋਕ ਹੱਸਿਆ ਕਰਦੇ ਸਨ।

ਕੋਈ ਪਰਾਇਆ ਨਹੀਂ, ਉਸ ਦਾ ਆਪਣਾ ਚਾਚਾ ਆਖਿਆ ਕਰਦਾ ਸੀ :

"ਜੇ ਖੁਸਰਿਆਂ ਦੇ ਮੁੰਡੇ ਹੋਣ ਲੱਗਣ ਤਾਂ ਆਦਮੀਆਂ ਨੂੰ ਕੌਣ ਰੋਵੇ ?"

ਮੋਹਨ ਜੀ ਨੇ ਕੰਨਾਂ 'ਚ ਤੇਲ ਪਾ ਲਿਆ ਸੀ।

ਉਸ ਨੂੰ ਮਨੋਹਰ ਲਾਲ 'ਤੇ ਭਰੋਸਾ ਸੀ। ਉਸੇ ਨੇ ਉਸ ਨੂੰ ਮੁਨਸ਼ੀ ਬਣਾਇਆ ਸੀ। ਉਹੋ ਉਸ ਨੂੰ ਵਕੀਲ ਬਣਾਏਗਾ।

ਮੋਹਨ ਜੀ ਦੇ ਦਸਵੀਂ ਪਾਸ ਕਰਦਿਆਂ ਹੀ ਉਸ ਦਾ ਬਾਪ ਚੱਲ ਵੱਸਿਆ ਸੀ।

ਟੀ.ਬੀ. ਨੇ ਉਸ ਦੇ ਬਾਪ ਨੂੰ ਜਵਾਨੀ ਵਿਚ ਹੀ ਘੇਰ ਲਿਆ ਸੀ। ਇਕ ਛੋਟੇ ਜਿਹੇ ਖੋਖੇ ਵਿਚ ਪਾਨ-ਬੀੜੀ ਲਾਉਣ ਵਾਲੇ ਪਨਵਾੜੀ ਕੋਲ ਕਿੰਨੀ ਕੁ ਪੂੰਜੀ ਬਚਾ ਕੇ ਰੱਖੀ ਹੋ ਸਕਦੀ

ਸੀ? ਬਾਪ ਦਾ ਸੱਥਰ ਉਠਣ ਤੱਕ, ਉਹਨਾਂ ਦੇ ਘਰ ਦਾ ਰਾਸ਼ਨ ਤੱਕ ਮੁੱਕ ਚੁੱਕਾ ਸੀ।

ਮਨੋਹਰ ਲਾਲ ਜੇ ਉਹਨਾਂ ਦੇ ਗੁਆਂਢ ਨਾ ਵੱਸਦਾ ਹੁੰਦਾ ਤਾਂ ਟੱਬਰ ਦਾ ਪਤਾ ਨਹੀਂ ਕੀ ਬਣਦਾ?

ਮੋਹਨ ਜੀ ਪੜ੍ਹਨ ਵਿਚ ਹੁਸ਼ਿਆਰ ਸੀ, ਪਰ ਪੜ੍ਹਾਈ ਨਾਲੋਂ ਉਸ ਨੂੰ ਭੁੱਖੇ ਢਿੱਡਾਂ ਦਾ ਜ਼ਿਆਦਾ ਫ਼ਿਕਰ ਸੀ। ਕਿਸੇ ਛੋਟੀ-ਮੋਟੀ ਨੌਕਰੀ ਲਈ ਉਹ ਤੜਪਣ ਲੱਗਾ।

ਮਨੋਹਰ ਲਾਲ ਨੇ ਉਸ ਨੂੰ ਘਰ ਬੁਲਾਇਆ। ਚੁੱਲ੍ਹਾ ਮਘਦਾ ਰਹੇ, ਇਸ ਲਈ ਪਹਿਲੇ ਹੱਲੇ ਉਸ ਨੇ ਮੋਹਨ ਜੀ ਨੂੰ ਆਪਣੇ ਮੁਨਸ਼ੀ ਦਾ ਸਹਾਇਕ ਬਣਾ ਦਿੱਤਾ।

ਮਨੋਹਰ ਲਾਲ ਸ਼ਹਿਰ ਦੇ ਸਿਰਕੱਢ ਵਕੀਲਾਂ ਵਿਚੋਂ ਇਕ ਸੀ। ਉਸ ਦੀ ਉਪਰ ਤਕ ਪਹੁੰਚ ਸੀ। ਉਸ ਨੇ ਸੋਚਿਆ ਸੀ ਕੋਈ ਨੌਕਰੀ ਨਿਕਲਦਿਆਂ ਹੀ ਉਹ ਉਸ ਨੂੰ ਕਿਧਰੇ ਅੜ੍ਹਕਾ ਦੇਵੇਗਾ। ਹਾਲੇ ਡੁੱਬਦੇ ਨੂੰ ਤਿਨਕੇ ਦਾ ਸਹਾਰਾ ਕਾਫ਼ੀ ਸੀ।

ਜਦੋਂ ਮਨੋਹਰ ਲਾਲ ਨੇ ਮੋਹਨ ਜੀ ਦੀ ਕੰਮ ਕਰਨ ਦੀ ਲਗਨ ਦੇਖੀ ਤਾਂ ਉਸ ਨੇ ਆਪਣਾ ਪਹਿਲਾ ਖ਼ਿਆਲ ਤਿਆਗ ਦਿੱਤਾ। ਉਹ ਮਹੀਨੇ ਵਿਚ ਹੀ ਮੁਨਸ਼ੀਪੁਣੇ ਦੀਆਂ ਸਾਰੀਆਂ ਪੇਚੀਦਗੀਆਂ ਸਮਝ ਗਿਆ ਸੀ। ਜਿਹੜਾ ਨੁਕਤਾ ਉਸ ਨੂੰ ਇਕ ਵਾਰ ਸਮਝਾ ਦਿੱਤਾ ਗਿਆ, ਉਸ ਨੁਕਤੇ ’ਤੇ ਮਨੋਹਰ ਲਾਲ ਨੂੰ ਕਦੇ ਦੁਬਾਰਾ ਮਗ਼ਜ਼-ਖਪਾਈ ਨਹੀਂ ਸੀ ਕਰਨੀ ਪਈ।

ਦੋ ਕੁ ਮਹੀਨਿਆਂ ਬਾਅਦ ਉਹ ਦਾਅਵੇ, ਜਵਾਬ-ਦਾਅਵੇ ਅਤੇ ਅਰਜ਼ੀ-ਪੱਤਰ ਤਿਆਰ ਕਰਨ ਵਿਚ ਵਕੀਲ ਦਾ ਹੱਥ ਵਟਾਉਣ ਲੱਗਾ।

ਤੀਜੇ ਮਹੀਨੇ ਮਨੋਹਰ ਲਾਲ ਨੇ ਆਪਣੇ ਮਨ ਨਾਲ ਫ਼ੈਸਲਾ ਕਰ ਲਿਆ। ਮੋਹਨ ਜੀ ਨੂੰ ਉਹ ਮੁਨਸ਼ੀ ਨਹੀਂ ਰਹਿਣ ਦੇਵੇਗਾ, ਉਸ ਨੂੰ ਵਕੀਲ ਬਣਾਏਗਾ।

ਹੱਲਾ-ਸ਼ੇਰੀ ਦੇ ਕੇ ਪਹਿਲਾਂ ਮੋਹਨ ਜੀ ਨੂੰ ਬੀ.ਏ. ਕਰਾਈ। ਫੇਰ ਗੰਗਾ ਨਗਰੋਂ ਲਾਅ ਕਰਵਾ ਦਿੱਤਾ।

ਕਾਲਾ ਕੋਟ ਪਾ ਕੇ ਵੀ ਪਹਿਲੇ ਪੰਜ ਵਰ੍ਹੇ ਉਹ ਮਨੋਹਰ ਲਾਲ ਦੇ ਮਜ਼ਬੂਤ ਖੰਭਾਂ ਹੇਠ ਪਲਦਾ ਰਿਹਾ।

ਅਲੱਗ ਫੱਟਾ ਲਾ ਕੇ ਵੀ ਉਹ ਉਸ ਨੂੰ ਰੱਬ ਵਾਂਗ ਪੂਜਦਾ ਰਿਹਾ।

ਮਨੋਹਰ ਲਾਲ ਵੀ ਉਸ ਨੂੰ ਪਹਿਲਾਂ ਵਾਂਗ ਦੁਲਾਰਦਾ ਰਿਹਾ। ਔਖੇ ਸਮਿਆਂ ਵਿਚ ਉਸ ਨੂੰ ਸੰਭਾਲਦਾ ਰਿਹਾ।

“ਪਹਿਲੇ ਦਿਨਾਂ ਵਿਚ ਹਾਰਨ ਵਾਲੇ ਕੇਸ ਘੱਟ ਫੜੋ। ਬਦਨਾਮੀ ਤੋਂ ਬਚੇ ਰਹੋਗੇ। ਕੇਸਾਂ ਦੇ ਨਾਲ-ਨਾਲ ਕੇਸ ਲਿਆਉਣ ਵਾਲਿਆਂ ਉਪਰ ਵੀ ਮਿਹਨਤ ਕਰੋ।” ਅਜਿਹੇ ਗੁਰ ਸਮਝਾਉਂਦਾ ਰਿਹਾ।

ਇਨਾਂ ਨੁਸਖਿਆਂ ਤੇ ਅਮਲ ਕਰਦਿਆਂ ਪਹਿਲਾਂ ਉਸ ਨੇ ਮੁਨਸ਼ੀਆਂ ’ਤੇ ਡੋਰੇ ਪਾਏ। ਉਹਨਾਂ ਦੇ ਭਾਈਚਾਰੇ ਵਿਚੋਂ ਸੀ। ਭਾਈਚਾਰਾ ਭਾਈਚਾਰੇ ਦੀ ਮਦਦ ਨਹੀਂ ਕਰੇਗਾ ਤਾਂ ਕੌਣ ਕਰੇਗਾ?

ਮਦਦ ਦਾ ਵਾਅਦਾ ਕਰਦੇ ਮੁਨਸ਼ੀਆਂ ਦੇ ਪ੍ਰਧਾਨ ਨੂੰ ਪਹਿਲਾਂ-ਪਹਿਲਾਂ ਝਿਜਕ ਹੋਈ। ਮੁਨਸ਼ੀ ਨਮਕ ਇਕ ਵਕੀਲ ਦਾ ਖਾਵੇ ਅਤੇ ਵਫ਼ਾਦਾਰੀ ਦੂਜੇ ਨਾਲ ਕਰੇ, ਇਹ ਵਿਸ਼ਵਾਸਘਾਤ ਸੀ।

ਉਸ ਨੂੰ ਸਮਝਾਉਣ ਲਈ ਮੋਹਨ ਜੀ ਨੂੰ ਕਈ ਦਿਨ ਮਗ਼ਜ਼-ਖਪਾਈ ਕਰਨੀ ਪਈ ਸੀ।



ਉਹ ਮੁਨਸ਼ੀਆਂ ਨੂੰ ਵਕੀਲਾਂ ਦੇ ਸਾਰੇ ਕੇਸ ਤੋੜਨ ਲਈ ਥੋੜ੍ਹਾ ਆਖ ਰਿਹਾ ਸੀ। ਉਹ ਤਾਂ ਉਹ ਕੇਸ ਮੰਗਦਾ ਸੀ, ਜਿਹੜੇ ਨਿਰੋਲ ਮੁਨਸ਼ੀਆਂ ਦੇ ਆਪਣੇ ਹੁੰਦੇ ਸਨ। ਜਿਹੜੇ ਉਹਨਾਂ ਕੋਲ ਉਹਨਾਂ ਦੇ ਆਪਣੇ ਰਸੂਖ਼ ਨਾਲ ਆਉਂਦੇ ਸਨ। ਅਜਿਹੇ ਕੇਸਾਂ ’ਤੇ ਵਕੀਲਾਂ ਦਾ ਕੋਈ ਹੱਕ ਨਹੀਂ ਹੁੰਦਾ।

ਮੁਨਸ਼ੀਆਂ ਦੇ ਲਿਆਂਦੇ ਕੇਸਾਂ ਵਿਚੋਂ ਜੇ ਉਹਨਾਂ ਨੂੰ ਹਿੱਸਾ ਮਿਲਦਾ ਹੋਵੇ ਤਾਂ ਉਹ ਕੇਸ ਜੀਅ ਸਦਕੇ ਆਪਣੇ ਵਕੀਲ ਨੂੰ ਦੇਣ। ਜੇ ਅਜਿਹੀ ਅਸਾਮੀ ਨੂੰ ਵਕੀਲ ਮੁਨਸ਼ੀ ਦਾ ਫ਼ਰਜ਼ ਸਮਝ ਕੇ ਹੀ ਡਕਾਰ ਜਾਂਦੇ ਹੋਣ, ਫੇਰ ਤਾਂ ਮੁਨਸ਼ੀਆਂ ਨੂੰ ਆਪਣੇ ਹੱਕਾਂ ਬਾਰੇ ਸੋਚਣਾ ਹੀ ਚਾਹੀਦੈ।

ਮੁਨਸ਼ੀ ਸੋਚਣ ਲੱਗੇ।

ਮੋਹਨ ਜੀ ਸੱਚ ਆਖਦਾ ਸੀ। ਉਹਨਾਂ ਨਾਲ ਧੱਕਾ ਹੋ ਰਿਹਾ ਸੀ। ਉਹਨਾਂ ਨੂੰ ਹਿੱਸਾ ਮਿਲਣਾ ਚਾਹੀਦਾ ਸੀ।

ਮੁਨਸ਼ੀਆਂ ਵਿਚੋਂ ਪਹਿਲੀ ਵਾਰੀ ਕੋਈ ਵਕੀਲ ਬਣਿਆ ਸੀ। ਇਸ ਲਈ ਮੋਹਨ ਜੀ ਉਹਨਾਂ ਦੀਆਂ ਤਕਲੀਫ਼ਾਂ ਨੂੰ ਸਮਝਦਾ ਸੀ। ਮੁਨਸ਼ੀਆਂ ਨੂੰ ਉਸ ਦੀ ਮਦਦ ਕਰਨੀ ਚਾਹੀਦੀ ਸੀ।

ਮਦਦ ਵਜੋਂ ਮੁਨਸ਼ੀਆਂ ਵੱਲੋਂ ਕੁਝ ਕੇਸ ਉਸ ਨੂੰ ਮਿਲਣ ਲੱਗੇ।

ਹੁਣ ਸਮਾਂ ਬਦਲ ਚੁੱਕਾ ਸੀ।

ਹੁਣ ਨਾ ਉਸ ਨੂੰ ਕਿਸੇ ਮੁਨਸ਼ੀ ਦੇ ਸਹਾਰੇ ਦੀ ਜ਼ਰੂਰਤ ਰਹੀ ਸੀ, ਨਾ ਕਿਸੇ ਮੋਹਤਬਰ ’ ਦੀ।

ਮੋਹਨ ਜੀ ਨੂੰ ਕੰਮ ਹਥਿਆਉਣਾ ਹੀ ਨਹੀਂ, ਸੰਭਾਲਣਾ ਵੀ ਆ ਗਿਆ ਸੀ।

ਵਿਉਪਾਰੀਆਂ ਵਾਂਗ ਗਾਹਕ ਨੂੰ ਉਹ ਰੱਬ ਦਾ ਰੂਪ ਸਮਝਦਾ ਸੀ। ਮਾਪਿਆਂ ਵਾਂਗ ਉਹ ਉਹਨਾਂ ਦਾ ਖ਼ਿਆਲ ਰੱਖਦਾ ਸੀ। ਸਾਇਲ ਦੀ ਜਾਇਜ਼-ਨਜਾਇਜ਼ ਹਰ ਢੰਗ ਨਾਲ ਮਦਦ ਕਰਨਾ ਉਹ ਆਪਣਾ ਧਰਮ ਸਮਝਦਾ ਸੀ।

ਪਾਲਾ ਅਤੇ ਮੀਤਾ ਉਂਝ ਹੀ ਤਾਂ ਉਸ ਦੇ ਭਗਤ ਨਹੀਂ ਸਨ ਬਣ ਗਏ। ਮੋਹਨ ਜੀ ਨੇ ਉਹਨਾਂ ਨੂੰ ਸੈਂਕੜੇ ਵਾਰ ਜੇਲ੍ਹ ਜਾਣੋਂ ਬਚਾਇਆ ਸੀ।

ਪਹਿਲਾਂ ਜਦੋਂ ਉਹਨਾਂ ’ਤੇ ਬੀਸੀਆਂ ਕੇਸ ਚੱਲਦੇ ਸਨ ਤਾਂ ਬਾਹਰ-ਅੰਦਰ ਗਏ ਉਹ ਅਕਸਰ ਤਾਰੀਖ਼ ਭੁੱਲ ਜਾਇਆ ਕਰਦੇ ਸਨ।

ਉਹਨਾਂ ਨੂੰ ਤਾਰੀਖ਼ ਯਾਦ ਨਹੀਂ ਰਹੀ, ਨਾ ਸਹੀ। ਮੋਹਨ ਜੀ ਦੀ ਡਾਇਰੀ ਨੂੰ ਤਾਂ ਯਾਦ ਸੀ।

ਉਹਨਾਂ ਦੇ ਘੰਟਾ ਕੁ ਲੇਟ ਹੋਣ ’ਤੇ ਮੋਹਨ ਜੀ ਨੂੰ ਫ਼ਿਕਰ ਲੱਗ ਜਾਂਦਾ।

ਘੰਟਾ ਕੁ ਹੋਰ ਉਡੀਕ ਕੇ ਉਹ ਉਹਨਾਂ ਦੇ ਬਚਾਓ ਦੇ ਪ੍ਰਬੰਧਾਂ ਵਿਚ ਰੁਝ ਜਾਂਦਾ। ਕਦੇ ਗੀਡਰ ਦੀ ਮੁੱਠੀ ਗਰਮ ਕਰਦਾ। ਉਹ ਅੱਖਾਂ ਮੀਚ ਲਏ। ਕਦੇ ਆਪਣੇ ਕਿਸੇ ਸਾਇਲ ਦੀ ਖ਼ੁਸ਼ਾਮਦ ਕਰਦਾ। ਉਹ ਪਾਲਾ ਬਣ ਕੇ ਪੇਸ਼ੀ ਭੁਗਤ ਆਏ।

ਲੱਗਦੇ ਵੱਸ ਉਹ ਆਪਣੇ ਸਾਇਲ ਨੂੰ ਜੇਲ੍ਹ ਵੀ ਨਹੀਂ ਸੀ ਜਾਣ ਦਿੰਦਾ। ਲੋੜ ਪੈਣ ’ਤੇ ਉਹਨਾਂ ਦੇ ਜ਼ਾਮਨ ਵੀ ਆਪ ਖੜ੍ਹੇ ਕਰ ਦਿੰਦਾ ਅਤੇ ਜ਼ਾਮਨ ਨੂੰ ਤਸਦੀਕ ਕਰਨ ਵਾਲੇ ਪੰਚ-ਸਰਪੰਚ ਵੀ।

ਅਜਿਹੇ ਵਕੀਲ ਨੂੰ ਛੱਡ ਕੇ ਕੋਈ ਸਾਇਲ ਕਿਧਰੇ ਹੋਰ ਜਾਵੇ ਤਾਂ ਕਿਉਂ?

ਹੁਣ ਜਦੋਂ ਕਿਸੇ ਸਾਇਲ ਦੇ ਕਿਧਰੇ ਜਾਣ ਦਾ ਖ਼ਤਰਾ ਨਹੀਂ ਸੀ ਤਾਂ ਮੋਹਨ ਜੀ ਨੂੰ ਸੈਸ਼ਨ

ਕੇਸ ਵੀ ਲੜਨੇ ਚਾਹੀਦੇ ਸਨ।

ਕੇਸ ਲੜਨ ਦਾ ਇਰਾਦਾ ਪੱਕਾ ਕਰਦਿਆਂ ਹੀ ਮੋਹਨ ਜੀ ਸਾਹਮਣੇ ਦੂਸਰੀ ਸਮੱਸਿਆ ਆ ਖੜ੍ਹੋਤੀ।

ਮੋਹਨ ਜੀ ਦਾ ਉਦੇਸ਼ ਮੁਕੱਦਮਾ ਲੜਨਾ ਹੀ ਨਹੀਂ, ਜਿੱਤਣਾ ਵੀ ਹੁੰਦਾ ਸੀ।

ਇਹ ਕੇਸ ਉਹ ਜਿੱਤੇਗਾ ਕਿਸ ਤਰ੍ਹਾਂ ? ਅੱਜ-ਕੱਲ੍ਹ ਉਹ ਇਸੇ ਸਮੱਸਿਆ ਨਾਲ ਜੂਝ ਰਿਹਾ ਸੀ।

ਇਸ ਕੇਸ ਦੀ ਸੁਣਵਾਈ ਐਡੀਸ਼ਨਲ ਸੈਸ਼ਨ ਜੱਜ ਸਤਿੰਦਰ ਨਾਥ ਨੇ ਕਰਨੀ ਸੀ।

ਕੇਸ ਲੜਨ ਦਾ ਫ਼ੈਸਲਾ ਕਰਨ ਵਾਲੇ ਦਿਨ ਤੋਂ ਲੈ ਕੇ ਅੱਜ ਤਕ ਉਹ ਉਸੇ ਦਾ ਪਿੱਛਾ ਕਰ ਰਿਹਾ ਸੀ।

ਕੇਸ ਦੀ ਰਣ-ਨੀਤੀ ਘੜਨ ਤੋਂ ਪਹਿਲਾਂ ਉਸ ਨੇ ਨਾਥ ਸਾਹਿਬ ਦੇ ਮਨੋਵਿਗਿਆਨ ਨੂੰ ਘੋਖਣਾ ਅਤੇ ਉਸ ਦੀ ਵਿਚਾਰਧਾਰਾ ਨੂੰ ਸਮਝਣਾ ਸੀ।

ਸੈਸ਼ਨ ਜੱਜ ਸਾਹਮਣੇ ਪੇਸ਼ ਹੋਣ ਦਾ ਉਸ ਦਾ ਇਹ ਪਹਿਲਾ ਮੌਕਾ ਸੀ। ਇਸੇ ਲਈ ਉਹ ਨਾਥ ਦੀਆਂ ਆਦਤਾਂ ਤੋਂ ਅਣਜਾਣ ਸੀ।

ਜਿਨ੍ਹਾਂ ਮੈਜਿਸਟ੍ਰੇਟਾਂ ਦੀਆਂ ਅਦਾਲਤਾਂ ਵਿਚ ਉਹ ਪੇਸ਼ ਹੁੰਦਾ ਸੀ, ਉਹਨਾਂ ਦੀ ਉਹ ਰਗ-ਰਗ ਤੋਂ ਵਾਕਿਫ਼ ਸੀ।

ਹਾਲੇ ਬਹੁਤੇ ਦਿਨ ਨਹੀਂ ਸਨ ਹੋਏ, ਜਦੋਂ ਨੱਥੂ ਰਾਮ ਮੈਜਿਸਟ੍ਰੇਟ ਕੋਲੋਂ ਉਸ ਨੇ ਦਸ ਕਿੱਲੋ ਅਫ਼ੀਮ ਦੇ ਇਕ ਦੋਸ਼ੀ ਨੂੰ ਬਰੀ ਕਰਾਇਆ ਸੀ।

ਇਸ ਕਤਲ ਕੇਸ ਵਾਂਗ ਉਸ ਕੇਸ ਦੀ ਵੀ ਮੋਹਨ ਜੀ ਨੂੰ ਘਬਰਾਹਟ ਸੀ।

ਅਫ਼ੀਮ ਦੀ ਮਾਤਰਾ ਦਸ ਕਿੱਲੋ ਸੀ, ਗਵਾਹ ਬੜੇ ਚੁਸਤ ਸਨ। ਦੋਸ਼ੀ ਦੇ ਬਰੀ ਹੋਣ ਦਾ ਕੋਈ ਹੀਲਾ ਬਣਦਾ ਉਸ ਨੂੰ ਨਜ਼ਰ ਨਹੀਂ ਸੀ ਆ ਰਿਹਾ।

ਮੋਹਨ ਜੀ ਨੇ ਜੱਜ ਦੇ ਲਾਂਗਰੀ ਨੂੰ ਗੰਢਿਆ। ਪਤਾ ਲੱਗਾ :

ਜੱਜ ਧਰਮੀ-ਕਰਮੀ ਸੀ। ਸੁਬ੍ਹਾ-ਸ਼ਾਮ ਉਹ ਪੂਜਾ-ਪਾਠ ਕਰਦਾ ਸੀ। ਹਰ ਰੋਜ਼ ਗਊਆਂ ਨੂੰ ਪੱਠੇ ਪਾਉਣ ਗਊਸ਼ਾਲਾ ਜਾਂਦਾ ਸੀ। ਪੁੰਨਿਆ ਅਤੇ ਮੱਸਿਆ ਵਾਲੇ ਦਿਨ ਗ਼ਰੀਬ-ਗੁਰਬਿਆਂ ਲਈ ਲੰਗਰ ਲਾਉਂਦਾ ਸੀ। ਸਾਧਾਂ-ਸੰਤਾਂ ਦਾ ਘਰ ਆਉਣ-ਜਾਣ ਬਣਿਆ ਰਹਿੰਦਾ ਸੀ।

ਮੋਹਨ ਜੀ ਨੇ ਸਾਇਲ ਨੂੰ ਭਗਵੇਂ ਕੱਪੜੇ ਪੁਆ ਦਿੱਤੇ। ਸਿਰ ਮੁੰਨਵਾ ਕੇ ਹੱਥ ਵਿਚ ਮਾਲਾ ਫੜਾ ਦਿੱਤੀ। ਹਰ ਪੇਸ਼ੀ 'ਤੇ ਉਹ ਅਦਾਲਤ ਦੀ ਇਕ ਨੁੱਕਰੇ ਬੈਠ ਜਾਂਦਾ ਅਤੇ ਮਾਲਾ ਫੇਰਨ ਲੱਗਦਾ।

ਹੌਲੀ-ਹੌਲੀ ਗਵਾਹਾਂ ਅਤੇ ਸਰਕਾਰੀ ਵਕੀਲ ਦੇ ਮਨ ਵਿਚ ਬੈਠ ਗਈ ਕਿ ਇਹ ਕੋਈ ਭਗਤ ਸੀ।

ਜੱਜ ਨੂੰ ਵੀ ਤੌਖ਼ਲਾ ਹੋਣ ਲੱਗਾ। ਜੇ ਝੂਠੀਆਂ ਗਵਾਹੀਆਂ ਦੇ ਆਧਾਰ 'ਤੇ ਇਸ ਨੂੰ ਸਜ਼ਾ ਹੋ ਗਈ ਤਾਂ ਇਹ ਸਰਾਪ ਦੇ ਦੇਵੇਗਾ।

ਸੱਚ ਪਰਖਣ ਲਈ ਪਿਛਲੀ ਪੇਸ਼ੀ 'ਤੇ ਜੱਜ ਨੇ ਦੋਸ਼ੀ ਅਤੇ ਤਫ਼ਤੀਸ਼ੀ ਦੋਹਾਂ ਨੂੰ ਕਟਹਿਰੇ ਵਿਚ ਖੜ੍ਹਾ ਕਰ ਲਿਆ ਸੀ।

"ਸੱਚ-ਸੱਚ ਦੱਸ ਭਗਤਾ ਅਸਲੀਅਤ ਕੀ ਹੈ ?" ਹੱਥ ਵਿਚ ਮਾਲਾ ਅਤੇ ਮੂੰਹ ਵਿਚ



ਰਾਮ-ਰਾਮ ਕਰਦਾ ਦੋਸ਼ੀ ਜੱਜ ਨੂੰ ਭਗਤ ਲੱਗਾ ਸੀ।

"ਅਫ਼ੀਮ ਚਰਸ ਸਭ ਝੂਠ ਹੈ ਭਗਤ ਜੀ। ਮੈਂ ਕਦੇ ਅਫ਼ੀਮ ਦੀ ਸ਼ਕਲ ਤਕ ਨਹੀਂ ਦੇਖੀ। ਫੇਰ ਵੀ ਰੱਬ ਦੀ ਰਜ਼ਾ ਵਿਚ ਰਾਜ਼ੀ ਹਾਂ। ਕੈਦ ਲਿਖੀ ਹੋਈ ਤਾਂ ਖ਼ੁਸ਼ੀ-ਖ਼ੁਸ਼ੀ ਭੁਗਤਾਂਗਾ। ਅਗਲੇ-ਪਿਛਲੇ ਕਿਸੇ ਜਨਮ ਦੇ ਪਾਪ ਦਾ ਫਲ ਭੁਗਤਣਾ ਹੀ ਪਏਗਾ ਭਗਤ ਜੀ।" ਭਗਤ ਨੇ ਅੱਖਾਂ ਖੋਲ੍ਹੀਆਂ, ਜਵਾਬ ਦਿੱਤਾ ਅਤੇ ਫੇਰ ਮਾਲਾ ਫੇਰਨੀ ਸ਼ੁਰੂ ਕਰ ਦਿੱਤੀ।

"ਹੁਣ ਤੂੰ ਬੋਲ ਬਈ ਹੌਲਦਾਰਾ! ਸਹੀ-ਸਹੀ ਦੱਸ ਕੀ ਫੜਿਆ ਸੀ ?" ਅੱਖਾਂ ਲਾਲ ਕਰ ਕੇ ਜੱਜ ਹੌਲਦਾਰ 'ਤੇ ਵਰ੍ਹਿਆ ਸੀ।

ਇਹ ਭਗਤ ਦੀ ਭਗਤੀ ਦਾ ਅਸਰ ਸੀ ਜਾਂ ਜੱਜ ਦੀ ਗੜ੍ਹਕ ਦਾ, ਇਹ ਹੌਲਦਾਰ ਜਾਣੇ। ਮੋਹਨ ਜੀ ਇੰਨਾ ਜਾਣਦਾ ਸੀ ਕਿ ਹੌਲਦਾਰ ਦੀਆਂ ਲੱਤਾਂ ਕੰਬ ਗਈਆਂ ਸਨ ਅਤੇ ਸੱਚ ਬਿਆਨ ਕਰਦਿਆਂ ਜ਼ੁਬਾਨ ਥਰਥਰਾ ਗਈ ਸੀ।

"ਜੀ, ਇਸ ਤੋਂ ਭੱਠੀ ਫੜੀ ਸੀ, ਥਾਣੇਦਾਰ ਦੇ ਆਖਣ 'ਤੇ ਮੈਂ ਅਫ਼ੀਮ ਪਾ ਤੀ।"

ਆਖ਼ਰ ਦਿਲ ਕਰੜਾ ਕਰ ਕੇ ਹੌਲਦਾਰ ਨੇ ਸੱਚ ਉਗਲਿਆ ਸੀ।

ਸੱਚ ਸਾਹਮਣੇ ਆ ਗਿਆ। ਸਿੱਟਾ ਉਹੋ ਨਿਕਲਿਆ ਜੋ ਮੋਹਨ ਜੀ ਚਾਹੁੰਦਾ ਸੀ।

ਜੇ ਨੱਥੂ ਰਾਮ ਧਰਮੀ-ਕਰਮੀ ਸੀ ਤਾਂ ਦੇਵ ਸਿੰਘ ਪੂਰਾ ਨਾਸਤਿਕ। ਆਪਣੀ ਕਾਮਰੇਡੀ ਉਸ ਨੇ ਲੁਕਾ-ਛਿਪਾ ਕੇ ਨਹੀਂ ਸੀ ਰੱਖੀ। ਸਵੇਰੇ-ਸ਼ਾਮ ਉਹ ਸ਼ਹਿਰ 'ਚ ਸਾਈਕਲ ਤੇ ਘੁੰਮਦਾ ਸੀ, ਉਹ ਵੀ ਕੁੜਤਾ ਪਜਾਮਾ ਪਾ ਕੇ। ਨਾ ਉਹ ਸਬਜ਼ੀ ਖ਼ਰੀਦਣ ਵਿਚ ਝਿਜਕ ਮਹਿਸੂਸ ਕਰਦਾ ਸੀ, ਨਾ ਬੱਚਿਆਂ ਨੂੰ ਸਕੂਲ ਛੱਡਣ ਜਾਣ ਵਿਚ।

ਸਾਧਾਂ-ਸੰਤਾਂ ਦੇ ਉਹ ਪੁੱਜ ਕੇ ਖ਼ਿਲਾਫ਼ ਸੀ, ਭਰੀ ਕਚਹਿਰੀ ਵਿਚ ਉਹ ਉਹਨਾਂ ਨੂੰ ਵਿਹਲੜ, ਹੱਡ-ਹਰਾਮ ਅਤੇ ਮਿਹਨਤਕਸ਼ਾਂ ਨੂੰ ਗੁੰਮਰਾਹ ਕਰਨ ਵਾਲੇ ਗਰਦਾਨ ਦਿੰਦਾ ਸੀ। ਜੇ ਕੋਈ ਸਾਧ ਉਸ ਦੇ ਧੱਕੇ ਚੜ੍ਹ ਜਾਵੇ ਤਾਂ ਉਸ ਨੂੰ ਜੇਲ੍ਹ ਦੀ ਚੱਕੀ ਪਿਸਾਏ ਬਿਨਾਂ ਚੈਨ ਨਹੀਂ ਸੀ ਲੈਂਦਾ।

ਮੋਹਨ ਜੀ ਨੇ ਉਸ ਦੀ ਇਸ ਵਿਚਾਰਧਾਰਾ ਤੋਂ ਵੀ ਭਰਪੂਰ ਫ਼ਾਇਦਾ ਉਠਾਇਆ ਸੀ।

ਉਸ ਦੀ ਅਦਾਲਤ ਵਿਚ ਪੇਸ਼ ਹੋਣ ਵਾਲੇ ਆਪਣੇ ਸਾਇਲਾਂ ਨੂੰ ਉਸ ਨੇ ਗੁਪਤ ਹਦਾਇਤਾਂ ਜਾਰੀ ਕੀਤੀਆਂ ਸਨ। ਪੇਸ਼ੀ 'ਤੇ ਆਉਣ ਲੱਗੇ ਉਹ ਫਟਿਆ ਝੱਗਾ ਅਤੇ ਫਿੱਡੀ ਜੁੱਤੀ ਪਹਿਨ ਕੇ ਆਉਣ। ਦਾੜ੍ਹੀ ਕਰੜ-ਬਰੜੀ ਹੋਵੇ ਅਤੇ ਵਾਲ ਝੱਥਰਾ। ਦੇਖਣ ਵਾਲੇ ਨੂੰ ਲੱਗੇ, ਜਿਵੇਂ ਹੱਡ-ਤੋੜਵੀਂ ਮਿਹਨਤ ਨੇ ਉਹਨਾਂ ਦੇ ਖ਼ੂਨ ਦਾ ਕਤਰਾ-ਕਤਰਾ ਚੂਸ ਲਿਐ।

ਮੋਹਨ ਜੀ ਨੇ ਉਸ ਅਦਾਲਤ ਵਿਚੋਂ ਵੀ ਚੰਗੇ ਨਤੀਜੇ ਕੱਢੇ ਸਨ। ਨਿਰਭੈ ਟਰਾਂਸਪੋਰਟ ਦੇ ਕੰਡਕਟਰਾਂ ਵਾਲਾ ਕੇਸ ਉਸ ਨੇ ਜਿੱਤਿਆ ਸੀ। ਨੌਕਰੀਉਂ ਨਿਕਲੇ ਕੰਡਕਟਰ ਮੁੜ ਬਹਾਲ ਹੋ ਗਏ ਸਨ। ਕਿਰਾਏਦਾਰ ਭਈਆਂ ਨੇ ਮਾਰਵਾੜੀ ਮਕਾਨ-ਮਾਲਕਾਂ ਨੂੰ ਹਰਾ ਦਿੱਤੀ ਸੀ। ਜ਼ਬਰੀ ਬੇਦਖ਼ਲੀ ਵਿਰੁੱਧ ਉਹਨਾਂ ਨੂੰ ਬੰਦੀ ਮਿਲ ਗਈ ਸੀ।

ਪਾਲੇ ਅਤੇ ਮੀਤੇ ਨੂੰ ਉਹ ਸਾਧ ਬਣਾਏ ਜਾਂ ਮਲੰਗ। ਮੋਹਨ ਜੀ ਤੋਂ ਇਹ ਫ਼ੈਸਲਾ ਨਹੀਂ ਸੀ ਹੋ ਰਿਹਾ।

ਜੱਜ ਦਾ ਅਰਦਲੀ ਜੱਜ ਨੂੰ ਧਰਮੀ-ਕਰਮੀ ਆਖਦਾ ਸੀ। ਲਾਂਗਰੀ ਉਲਟ ਬੋਲਦਾ ਸੀ। ਉਹ ਆਖਦਾ ਸੀ, ਡਿਨਰ ਸਮੇਂ ਸਾਬਤ ਮੁਰਗਾ ਖਾਣ ਵਾਲਾ ਧਰਮੀ-ਕਰਮੀ ਕਿਵੇਂ ਹੋ ਸਕਦੈ।

ਸਫ਼ਾਈਆਂ ਵਾਲੀ ਦੱਸਦੀ ਸੀ, "ਉਹ ਗ਼ਰੀਬ-ਗੁਰਬਿਆਂ ਤੇ ਬਹੁਤ ਰਹਿਮ ਕਰਦੈ। ਛੋਟੇ-ਮੋਟੇ ਮੌਕਿਆਂ 'ਤੇ ਵੀ ਉਸ ਨੂੰ ਵੱਡੀਆਂ ਬਖ਼ਸ਼ਿਸ਼ਾਂ ਦਿੰਦੈ।"

ਜਮਾਂਦਾਰ ਉਸ ਦੀ ਗੱਲ ਨੂੰ ਝੁਠਲਾ ਰਿਹਾ ਸੀ। ਉਹ ਸੋਹਣੀ ਹੈ, ਇਸੇ ਲਈ ਉਹ ਉਸ 'ਤੇ ਜਾਨ ਛਿੜਕਦੈ। ਜਮਾਂਦਾਰ ਨੂੰ ਉਹ ਆਪਣੇ ਕਮਰੇ ਦੇ ਬੂਹੇ ਅੱਗੋਂ ਦੀ ਨਹੀਂ ਲੰਘਣ ਦਿੰਦਾ।

ਮੋਹਨ ਜੀ ਦੋਚਿੱਤੀ ਵਿਚ ਸੀ। ਜੱਜ ਦੀ ਵਿਚਾਰਧਾਰਾ ਸਪੱਸ਼ਟ ਨਹੀਂ ਸੀ ਹੋ ਰਹੀ। ਝਟਪਟ ਕਿਸੇ ਨਤੀਜੇ 'ਤੇ ਪੁੱਜਣ ਦੀ ਮੋਹਨ ਜੀ ਨੂੰ ਕੋਈ ਕਾਹਲ ਵੀ ਨਹੀਂ ਸੀ। ਸਮਾਇਤ ਸ਼ੁਰੂ ਹੋਣ ਵਿਚ ਹਾਲੇ ਢੇਰ ਸਮਾਂ ਬਾਕੀ ਸੀ।

ਇਸ ਫ਼ੈਸਲੇ ਨੂੰ ਅੱਗੇ ਪਾ ਕੇ ਉਸਨੇ ਕੇਸ ਦੇ ਗਵਾਹਾਂ 'ਤੇ ਧਿਆਨ ਕੇਂਦਰਿਤ ਕਰਨਾ ਸ਼ੁਰੂ ਕੀਤਾ।

ਇਸ ਕੇਸ ਵਿਚ ਪੁਲਿਸ ਨੇ ਇਕ-ਦੋ ਨਹੀਂ, ਕਈ ਟਾਊਟਾਂ ਨੂੰ ਗਵਾਹ ਰੱਖਿਆ ਸੀ। ਇਹਨਾਂ ਵਿਚੋਂ ਮੋਹਨ ਸਿੰਘ ਅਤੇ ਬਾਬੂ ਬਦਮਾਸ਼ ਅਹਿਮ ਸਨ। ਦੋਵੇਂ ਹੁਣ ਤਕ ਸੈਂਕੜੇ ਕੇਸਾਂ ਵਿਚ ਪੁਲਿਸ ਵੱਲੋਂ ਗਵਾਹ ਭੁਗਤ ਚੁੱਕੇ ਸਨ। ਉਹਨਾਂ ਕੇਸਾਂ ਦਾ ਲੇਖਾ-ਜੋਖਾ ਇਸ ਕੇਸ ਦੀ ਸਫ਼ਲਤਾ ਲਈ ਬਹੁਤ ਜ਼ਰੂਰੀ ਸੀ।

ਤੇ ਸਾਰੀਆਂ ਕਚਹਿਰੀਆਂ ਵਿਚ ਇਹ ਲੇਖਾ-ਜੋਖਾ ਜੇ ਕਿਸੇ ਕੋਲ ਮੌਜੂਦ ਸੀ ਤਾਂ ਉਹ ਮੋਹਨ ਜੀ ਹੀ ਸੀ।

ਫ਼ੌਜਦਾਰੀ ਕੇਸਾਂ ਵਿਚ ਗਵਾਹ ਦੇ ਪਿਛੋਕੜ ਤੇ ਚਾਲ-ਚਲਨ ਨੂੰ ਬੜੀ ਮਹੱਤਤਾ ਦਿਤੀ ਜਾਂਦੀ ਸੀ । ਵਾਰ-ਵਾਰ ਪੁਲਿਸ ਵੱਲੋਂ ਭੁਗਤਣ ਵਾਲੇ ਗਵਾਹਾਂ 'ਤੇ ਅਦਾਲਤਾਂ ਚਿੜਨ ਲੱਗਦੀਆਂ ਸਨ। ਹਰ ਕੇਸ ਵਿਚ ਅਜਿਹੇ ਗਵਾਹ ਦੀ ਸ਼ਮੂਲੀਅਤ ਪੁਲਿਸ ਕਹਾਣੀ ਨੂੰ ਝੁਠਲਾਉਣ ਲੱਗਦੀ ਸੀ। ਟਾਊਟ ਗਰਦਾਨੇ ਗਵਾਹ ਸਜ਼ਾ ਦੀ ਥਾਂ ਦੋਸ਼ੀਆਂ ਨੂੰ ਬਰੀ ਕਰਾਉਣ ਸਹਾਈ ਹੁੰਦੇ ਹਨ।

ਤੇ ਕਿਸੇ ਗਵਾਹ ਨੂੰ ਟਾਊਟ ਸਿੱਧ ਕਰਨ ਵਾਲਾ ਤਵੀਤ ਮੋਹਨ ਜੀ ਕੋਲ ਮੌਜੂਦ ਸੀ।

ਇਕ ਤੋਂ ਵੱਧ ਕੇਸ ਵਿਚ ਭੁਗਤਣ ਵਾਲੇ ਗਵਾਹ ਦਾ ਮੋਹਨ ਜੀ ਕੋਲ ਝੱਟ ਖਾਤਾ ਖੁਲ੍ਹ ਜਾਂਦਾ ਸੀ। ਫੇਰ ਖਾਤੇ ਵਿਚ ਹਰ ਉਹ ਕੇਸ ਦਰਜ ਹੁੰਦਾ ਜਾਂਦਾ, ਜਿਸ ਵਿਚ ਉਹ ਗਵਾਹ ਭੁਗਤਦਾ ਸੀ। ਕਿਸ ਕੇਸ ਵਿਚ ਅਦਾਲਤ ਨੇ ਉਸ ਦੀ ਗਵਾਹੀ ਨੂੰ ਮੰਨਿਆ ਅਤੇ ਕਿਸ ਵਿਚ ਉਸ ਨੂੰ ਝੂਠਾ ਕਰਾਰ ਦਿੱਤਾ ? ਕਿਸ ਥਾਣੇਦਾਰ ਨੇ ਉਸ ਨੂੰ ਜ਼ਿਆਦਾ ਵਰਤਿਆ ਅਤੇ ਕਿਸ ਨੇ ਘੱਟ ? ਮੋਹਨ ਜੀ ਦੀਆਂ ਵਹੀਆਂ ਹਰ ਸਵਾਲ ਦਾ ਜਵਾਬ ਦਿੰਦੀਆਂ ਸਨ।

ਜਦੋਂ ਮੋਹਨ ਜੀ ਮੁਨਸ਼ੀ ਸੀ ਤਾਂ ਉਸ ਨੇ ਇਕ ਗਵਾਹ ਦੇ ਰਿਕਾਰਡ ਦੀ ਫ਼ੀਸ ਪੰਜ ਸੌ ਰੁਪਿਆ ਰੱਖੀ ਹੋਈ ਸੀ।

ਵਕੀਲ ਬਣ ਕੇ ਉਸ ਨੇ ਇਹ ਰਿਕਾਰਡ ਵੇਚਣਾ ਬੰਦ ਕਰ ਦਿੱਤਾ ਸੀ। ਹੁਣ ਇਸ ਰਿਕਾਰਡ ਦੀ ਵਰਤੋਂ ਉਸੇ ਕੇਸ ਵਿਚ ਹੁੰਦੀ ਸੀ ਜਿਸ ਵਿਚ ਉਹ ਵਕੀਲ ਹੁੰਦਾ ਸੀ।

ਇਸ ਗਿੱਦੜ-ਸਿੰਗੀ ਨੇ ਵੀ ਮੋਹਨ ਜੀ ਦੀ ਵਕਾਲਤ ਚਮਕਾਉਣ ਵਿਚ ਖ਼ੂਬ ਮਦਦ ਕੀਤੀ ਸੀ। ਸਿਆਣੇ ਸਮਗਲਰ ਪਿੱਛੋਂ ਹਾੜੇ ਕੱਢਣ ਨਾਲੋਂ ਪਹਿਲਾਂ ਹੀ ਉਸ ਨੂੰ ਵਕੀਲ ਕਰ ਲਿਆ ਕਰਦੇ ਸਨ।

ਮੁਲਜ਼ਮਾਂ ਦੇ ਨਾਲ-ਨਾਲ ਟਾਊਟਾਂ ਨੂੰ ਵੀ ਮੋਹਨ ਜੀ ਦੀ ਚੌਂਕੀ ਭਰਨੀ ਪੈਂਦੀ ਸੀ।

ਉਸ ਦੀ ਇਸ ਕਾਢ ਨੇ ਟਾਊਟਾਂ ਦਾ ਪਾਸਾ ਪਲਟ ਦਿੱਤਾ ਸੀ।

ਪਹਿਲਾਂ ਗਵਾਹ ਦੀ ਜਵਾਈਆਂ ਜਿੰਨੀ ਵੁੱਕਤ ਹੁੰਦੀ ਸੀ। ਗਵਾਹ ਨੂੰ ਮੁਕਰਾਉਣ ਲਈ ਪਹਿਲਾਂ ਮੁਲਜ਼ਮ ਉਸ ਦੀ ਟਹਿਲ ਸੇਵਾ ਵੀ ਕਰਦਾ ਸੀ ਅਤੇ ਨਕਦ ਨਾਰਾਇਣ ਵੀ ਚੜ੍ਹਾਉਂਦਾ



ਸੀ।

ਹੁਣ ਗਵਾਹਾਂ ਦੇ ਨਾਲ-ਨਾਲ ਪੁਲਿਸ ਨੂੰ ਵੀ ਹੱਥਾਂ-ਪੈਰਾਂ ਦੀ ਪਈ ਹੋਈ ਸੀ। ਪੁਲਿਸ ਨੂੰ ਕਿਸੇ ਮੋਹਤਬਰ ਨੂੰ ਗਵਾਹ ਰੱਖੇ ਬਿਨਾਂ ਸਰਦਾ ਨਹੀਂ ਸੀ। ਨਿੱਤ ਨਵੇਂ ਮੋਹਤਬਰ ਪੁਲਿਸ ਕਿਥੋਂ ਲਿਆਵੇ ? ਟਾਊਟ ਦੀ ਗਵਾਹੀ ਪੈਂਦਿਆਂ ਹੀ ਮੋਹਨ ਜੀ ਦਾ ਰਿਕਾਰਡ ਦੋਸ਼ੀ ਦੇ ਬਰੀ ਹੋਣ ਦੇ ਆਸਾਰ ਪੈਦਾ ਕਰ ਦਿੰਦਾ ਸੀ। ਗਵਾਹ ਦੇ ਪਿੱਛੇ-ਪਿੱਛੇ ਫਿਰਨ ਦੀ ਥਾਂ ਦੋਸ਼ੀ ਕੱਛਾਂ ਵਜਾਉਣ ਲੱਗਦਾ ਸੀ।

ਆਪਣੇ ਕਾਰਨਾਮੇ ਢਕਾਈ ਰੱਖਣ ਲਈ ਗਵਾਹ ਨੂੰ ਮੋਹਨ ਜੀ ਦੀ ਚਮਚੀ ਮਾਰਨੀ ਪੈਂਦੀ ਸੀ। ਮੋਹਨ ਜੀ ਚੁੱਪ ਰਹੇਗਾ ਤਾਂ ਉਨਾਂ ਦੀ ਦਿਹਾੜੀ ਬਣੇਗੀ ।

ਮੋਹਨ ਜੀ ਤੋਂ ਨਾ ਮੋਦਨ ਬਾਹਰ ਸੀ, ਨਾ ਬਾਬੂ। ਉਹਨਾਂ ਉਹੋ ਆਖਣਾ ਸੀ, ਜੋ ਮੋਹਨ ਜੀ ਨੇ ਅਖਵਾਉਣਾ ਸੀ।

ਮੋਹਨ ਜੀ ਨੇ ਉਹਨਾਂ ਨੂੰ ਤਾਂ ਹੀ ਮਕਰਾਉਣਾ ਸੀ ਜੇ ਦੋਸ਼ੀਆਂ ਨੇ ਉਸ ਨੂੰ ਵਕੀਲ ਕਰਨਾ ਸੀ।

ਵਕੀਲ ਉਸ ਨੇ ਪੈਸਿਆਂ ਲਈ ਨਹੀਂ, ਆਪਣੀ ਜਕ ਖੋਲ੍ਹਣ ਲਈ ਬਣਨਾ ਸੀ ।

ਮੋਹਨ ਜੀ ਦੀ ਝਿਜਕ ਖੁੱਲ੍ਹਣ ਦੇ ਬਾਕੀ ਸਭ ਰਾਹ ਸਾਫ਼ ਸਨ। ਬੱਸ ਇਕੋ ਸਮੱਸਿਆ ਸੀ। ਉਹ ਸੀ ਸੰਘਰਸ਼ ਸੰਮਤੀ ਦੀ। ਦੋਸ਼ੀਆਂ ਵੱਲੋਂ ਇਹ ਮੁਕੱਦਮਾ ਸੰਮਤੀ ਲੜਨ ਜਾ ਰਹੀ ਸੀ।

ਮੋਹਨ ਜੀ ਵੀ ਜ਼ਿੱਦੀ ਸੁਭਾਅ ਦਾ ਸੀ। ਜੋ ਠਾਣ ਲੈਂਦਾ ਸੀ, ਉਹ ਕਰ ਕੇ ਛੱਡਦਾ ਸੀ।

ਉਹ ਬਾਬਾ ਜੀ ਨਾਲ ਸੰਪਰਕ ਕਰੇਗਾ। ਗੁਰਮੀਤ ਨੂੰ ਮਿਲੇਗਾ। ਸੰਮਤੀ ਨੂੰ ਆਪਣੀਆਂ ਸੇਵਾਵਾਂ ਪੇਸ਼ ਕਰੇਗਾ।

ਉਹ ਕੁਝ ਵੀ ਕਰੇ। ਉਹ ਇਹ ਕੇਸ ਲੜੇਗਾ ਅਤੇ ਆਪਣੀ ਝਿਜਕ ਖੋਲ੍ਹੇਗਾ। ਇਹ ਉਸ ਦਾ ਆਖ਼ਰੀ ਫ਼ੈਸਲਾ ਸੀ।

# 9

ਸੰਮਤੀ ਦੀਆਂ ਠੱਪ ਹੋਈਆਂ ਸਰਗਰਮੀਆਂ 'ਤੇ ਗੁਰਮੀਤ ਡਾਹਡਾ ਦੁਖੀ ਸੀ।

ਪਾਲੇ ਅਤੇ ਮੀਤੇ ਦਾ ਚਲਾਨ ਪੇਸ਼ ਹੋ ਚੁੱਕਾ ਸੀ। ਕੁਝ ਦਿਨਾਂ ਬਾਅਦ ਸੁਣਵਾਈ ਸ਼ੁਰੂ ਹੋਣ ਵਾਲੀ ਸੀ। ਦੋਸ਼ੀਆਂ ਦੀ ਅਗਾਂਹ ਪੈਰਵਾਈ ਕੀਤੀ ਜਾਵੇ ਜਾਂ ਨਾ, ਸੰਮਤੀ ਤੋਂ ਇਹ ਫ਼ੈਸਲਾ ਨਹੀਂ ਸੀ ਹੋ ਰਿਹਾ।

ਸੰਮਤੀ ਵਿਚਲੀਆਂ ਕੁਝ ਧਿਰਾਂ ਦਾ ਵਿਚਾਰ ਸੀ ਕਿ ਸੰਮਤੀ ਦਾ ਗਠਨ ਪੁਲਿਸ ਅੱਤਿਆਚਾਰਾਂ ਨੂੰ ਠੱਲ੍ਹ ਪਾਉਣ ਲਈ ਕੀਤਾ ਗਿਆ ਸੀ। ਪਾਲੇ ਅਤੇ ਮੀਤੇ ਦੀ ਗ੍ਰਿਫ਼ਤਾਰੀ ਤੋਂ ਬਾਅਦ ਇਹ ਅੱਤਿਆਚਾਰ ਬੰਦ ਹੋ ਚੁੱਕਾ ਸੀ। ਹੁਣ ਸੰਮਤੀ ਦੀ ਕੋਈ ਜ਼ਰੂਰਤ ਨਹੀਂ ਸੀ। ਇਸ ਨੂੰ ਭੰਗ ਕਰ ਦੇਣਾ ਚਾਹੀਦਾ ਹੈ।

ਸੰਮਤੀ ਦਾ ਇਕ ਸ਼ਕਤੀਸ਼ਾਲੀ ਧੜਾ ਇਸ ਗ੍ਰਿਫ਼ਤਾਰੀ ਦਾ ਵਿਰੋਧ ਕਰ ਰਿਹਾ ਸੀ। ਇਹ ਧੜਾ ਸੰਘਰਸ਼ ਜਾਰੀ ਰੱਖਣਾ ਚਾਹੁੰਦਾ ਸੀ। ਇਸ ਧੜੇ ਵਿਚ ਉਹ ਲੋਕ ਸ਼ਾਮਲ ਸਨ, ਜਿਨ੍ਹਾਂ ਨੇ ਪਾਲੇ ਅਤੇ ਮੀਤੇ ਨੂੰ ਆਪਣੇ ਹੱਥੀਂ ਪੁਲਿਸ ਕੋਲ ਪੇਸ਼ ਕੀਤਾ ਸੀ ਜਾਂ ਜਿਨ੍ਹਾਂ ਨੇ ਉਹਨਾਂ ਦੀ ਗ੍ਰਿਫ਼ਤਾਰੀ ਤੋਂ ਕਈ ਦਿਨ ਪਹਿਲਾਂ ਥਾਣੇ ਬੈਠਿਆਂ ਦੇਖਿਆ ਸੀ।

ਜੀਵਨ, ਗੁਰਮੀਤ ਅਤੇ ਸਰਦਾਰੀ ਦੀ ਮੰਗ ਸੀ ਕਿ ਇਹਨਾਂ ਦੀ ਰਿਹਾਈ ਤਕ ਸੰਘਰਸ਼ ਜਾਰੀ ਰੱਖਿਆ ਜਾਵੇ।

ਉਹਨਾਂ ਦੀ ਇਸ ਮੰਗ ਦੀ ਤਾਈਦ ਸ਼ਾਮੂ, ਅਜੀਤ ਸਿੰਘ ਅਤੇ ਹੇਮ ਰਾਜ ਦੇ ਨਾਲ-ਨਾਲ ਬਾਬਾ ਗੁਰਦਿੱਤ ਸਿੰਘ ਵੀ ਕਰ ਰਿਹਾ ਸੀ।

"ਜੇ ਇਹ ਦੋਸ਼ੀ ਹੁੰਦੇ ਤਾਂ ਪਹਿਲੇ ਦਿਨ ਹੀ ਨਾ ਫੜ ਲਏ ਜਾਂਦੇ ?" ਸੰਘਰਸ਼ ਜਾਰੀ ਰੱਖਣ ਵਾਲਾ ਧੜਾ ਦੂਜੇ ਤੋਂ ਪੁੱਛ ਰਿਹਾ ਸੀ।

ਇਸ ਖਿੱਚੋਤਾਣ ਦੀ ਸਭ ਤੋਂ ਵੱਧ ਮਾਨਸਿਕ ਪੀੜਾ ਗੁਰਮੀਤ ਨੂੰ ਹੋ ਰਹੀ ਸੀ।

ਉਸ ਨੇ ਪਾਲੇ ਅਤੇ ਮੀਤੇ ਦਾ ਮੁਕੱਦਮਾ ਲੜਨ ਲਈ ਨੌਕਰੀ ਛੱਡੀ ਸੀ। ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਉਸ ਨੂੰ ਸੰਮਤੀ 'ਤੇ ਟੇਕ ਰੱਖਣੀ ਪੈਣੀ ਸੀ। ਜੇ ਸੰਮਤੀ ਹੀ ਖਿੰਡ-ਪੁੰਡ ਗਈ ਤਾਂ ਉਸ ਦੇ ਮਿਸ਼ਨ ਦਾ ਕੀ ਬਣੇਗਾ ? ਇਹੋ ਫ਼ਿਕਰ ਉਸ ਨੂੰ ਖਾਈ ਜਾ ਰਿਹਾ ਸੀ।

ਸੰਮਤੀ ਦੀਆਂ ਰੁੱਸੀਆਂ ਧਿਰਾਂ ਨੂੰ ਉਹ ਵੀਹ-ਵੀਹ ਵਾਰ ਮਿਲ ਚੁੱਕਾ ਸੀ। ਉਹਨਾਂ ਨੂੰ ਪਾਲੇ ਅਤੇ ਮੀਤੇ ਦੇ ਨਿਰਦੋਸ਼ ਹੋਣ ਬਾਰੇ ਵਾਰ-ਵਾਰ ਸਮਝਾ ਚੁੱਕਾ ਸੀ। ਸੌੜੇ ਸਿਆਸੀ ਹਿੱਤਾਂ ਤੋਂ ਉਪਰ ਉੱਠ ਕੇ, ਇਨਸਾਫ਼ ਵਰਗੇ ਸਾਂਝੇ ਮੁੱਦੇ 'ਤੇ ਇਕ-ਮੁੱਠ ਹੋ ਕੇ ਲੜਨ ਲਈ ਪ੍ਰੇਰ ਚੁੱਕਾ ਸੀ ਪਰ ਕਿਸੇ ਵੀ ਧਿਰ ਨੇ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੱਤਾ।

ਕਈ ਵਾਰ ਉਸ ਨੂੰ ਬਾਬੇ 'ਤੇ ਵੀ ਗ਼ੁੱਸਾ ਆਉਂਦਾ ਸੀ। ਸਾਰੇ ਪਾਸਿਉਂ ਨਿਰਾਸ਼ ਹੋ ਕੇ ਜਦੋਂ ਉਹ ਬਾਬੇ ਕੋਲ ਕਿਸੇ ਜਲਦੀ ਫ਼ੈਸਲੇ ਦੀ ਮੰਗ ਲੈ ਕੇ ਜਾਂਦਾ ਸੀ ਤਾਂ ਉਹ 'ਥੋੜ੍ਹਾ ਜਿਹਾ



ਹੋਰ ਉਡੀਕ' ਦਾ ਮੰਤਰ ਸੁਣਾ ਦਿੰਦਾ ਸੀ।

ਇਹ ਮੰਤਰ ਸੁਣਾਉਣ ਪਿੱਛੇ ਬਾਬੇ ਦੀ ਆਪਣੀ ਮਜਬੂਰੀ ਸੀ।

"ਭਵਿੱਖ ਵਿਚ ਕੀ ਹੋਣ ਵਾਲਾ ਹੈ ?" ਬਾਬੇ ਤੋਂ ਲੁਕਿਆ ਨਹੀਂ ਸੀ। ਨਾ ਉਹਨਾਂ ਦਾ ਸਾਥ ਅਕਾਲੀਆਂ ਨੇ ਦੇਣਾ ਸੀ, ਨਾ ਕਾਂਗਰਸੀਆਂ ਨੇ ਅਤੇ ਨਾ ਜਨਸੰਘੀਆਂ ਨੇ। ਇਹ ਲੜਾਈ ਉਹਨਾਂ ਨੂੰ ਆਪਣੀ ਹਿੱਕ ਦੇ ਜ਼ੋਰ 'ਤੇ ਲੜਨੀ ਪੈਣੀ ਸੀ। ਬਾਬਾ ਨਹੀਂ ਸੀ ਚਾਹੁੰਦਾ ਕਿ ਉਹਨਾਂ ਨੂੰ ਵੱਖ ਕਰਨ ਦਾ ਦੋਸ਼ ਸੰਮਤੀ ਸਿਰ ਲੱਗੇ। ਉਹ ਉਹਨਾਂ ਨੂੰ ਖ਼ੁਦ ਹੀ ਸੰਮਤੀ ਛੱਡ ਜਾਣ ਦਾ ਮੌਕਾ ਦੇ ਰਿਹਾ ਸੀ।

ਹਾਲੇ ਕਿਸੇ ਫ਼ੌਰੀ ਸੰਘਰਸ਼ ਦੀ ਵੀ ਲੋੜ ਨਹੀਂ ਸੀ। ਮੁਕੱਦਮਾ ਮੁੱਢਲੇ ਪੜਾਅ ਉੱਤੇ ਸੀ। ਦੋਸ਼ੀਆਂ ਵੱਲੋਂ ਵਕੀਲ ਪੇਸ਼ ਹੋਣਾ ਕੋਈ ਜ਼ਰੂਰੀ ਨਹੀਂ ਸੀ।

ਉਂਝ ਗੁਪਤ ਰੂਪ ਵਿਚ ਗੁਰਮੀਤ ਕੇਸ ਦੀ ਪੈਰਵਾਈ ਕਰ ਹੀ ਰਿਹਾ ਸੀ।

ਕੇਸ ਨੂੰ ਮਜ਼ਬੂਤ ਕਰਨ ਲਈ ਪੁਲਿਸ ਪੈਰ-ਪੈਰ 'ਤੇ ਬਿਆਨ ਬਦਲ ਰਹੀ ਸੀ। ਜ਼ਿਮਨੀਆਂ ਤਬਦੀਲ ਹੋ ਰਹੀਆਂ ਸਨ। ਹਰ ਬਦਲੇ ਜਾ ਰਹੇ ਕਾਗ਼ਜ਼ ਦੀ ਫ਼ੋਟੋ ਗੁਰਮੀਤ ਕੋਲ ਪਹੁੰਚ ਰਹੀ ਸੀ। ਕੀ ਇਹ ਪੈਰਵਾਈ ਘੱਟ ਸੀ।

ਗੁਰਮੀਤ ਦੇ ਬਹੁਤਾ ਜ਼ੋਰ ਦੇਣ 'ਤੇ ਬਾਬੇ ਨੇ ਇਕ ਗੱਲ ਸਪੱਸ਼ਟ ਕੀਤੀ। ਸੰਮਤੀ ਪਾਲੇ ਅਤੇ ਮੀਤੇ ਦਾ ਕੇਸ ਹਰ ਹਾਲਤ ਵਿਚ ਲੜੇਗੀ। ਢੁਕਵਾਂ ਸਮਾਂ ਆਉਣ ਤਕ ਗੁਰਮੀਤ ਨਿੱਜੀ ਰੂਪ ਵਿਚ ਮੁਕੱਦਮਾ ਲੜਦਾ ਰਹੇ ਜਾਂ ਕਿਸੇ ਮਿੱਤਰ ਵਕੀਲ ਤੋਂ ਲੜਾਉਂਦਾ ਰਹੇ। ਪਿੱਛੋਂ ਸੰਮਤੀ ਆਪੇ ਸਥਿਤੀ ਸੰਭਾਲ ਲਏਗੀ।

ਜਲਦੀ ਫ਼ੈਸਲਾ ਕਰਾਉਣ ਦੇ ਉਦੇਸ਼ ਨਾਲ ਸੰਮਤੀ ਦੀਆਂ ਮੀਟਿੰਗਾਂ ਜਲਦੀ-ਜਲਦੀ ਰੱਖੀਆਂ ਗਈਆਂ। ਹਰ ਵਾਰ ਨਿਰਾਸ਼ਾ ਪੱਲੇ ਪੈਣ ਲੱਗੀ।

ਪਹਿਲੀ ਮੀਟਿੰਗ ਵਿਚ ਅਕਾਲੀ ਤੋੜ-ਵਿਛੋੜਾ ਕਰ ਗਏ।

ਦਲੀਲ ਉਹੋ ਘਸੀ-ਪਿਟੀ ਸੀ। ਪੁਲਿਸ ਅੱਤਿਆਚਾਰ ਬੰਦ ਹੋ ਚੁੱਕਾ ਹੈ। ਜੇ ਦੋਸ਼ੀ ਕਸੂਰਵਾਰ ਹੋਏ ਤਾਂ ਸਜ਼ਾ ਹੋ ਜਾਣਗੇ। ਬੇ-ਕਸੂਰ ਹੋਏ ਤਾਂ ਬਰੀ। ਅਕਾਲੀ ਦਲ ਨਿਆਂ-ਪਾਲਿਕਾ ਦੇ ਕੰਮ ਵਿਚ ਦਖ਼ਲ ਦੇਣ ਦੇ ਹੱਕ ਵਿਚ ਨਹੀਂ ਸੀ।

ਸਭ ਨੂੰ ਪਤਾ ਸੀ ਅਕਾਲੀਆਂ ਦਾ ਸੰਮਤੀ ਨਾਲੋਂ ਵੱਖ ਹੋਣ ਦਾ ਅਸਲ ਕਾਰਨ ਇਹ ਨਹੀਂ ਸੀ।

ਪਿਛਲੀ ਵਾਰ ਮੁੱਖ ਮੰਤਰੀ ਜਦੋਂ ਸੰਗਰੂਰ ਆਇਆ ਸੀ ਤਾਂ ਪਾਰਟੀ ਵਰਕਰਾਂ ਦੀ ਇਕ ਵਿਸ਼ੇਸ਼ ਮੀਟਿੰਗ ਬੁਲਾਈ ਗਈ ਸੀ। ਮੁੱਖ ਮੰਤਰੀ ਨੇ ਜਥੇਦਾਰ ਨੂੰ ਮਿੱਠੀਆਂ-ਮਿੱਠੀਆਂ ਝਾੜਾਂ ਪਾਈਆਂ ਸਨ। ਜੇ ਹੁਕਮਰਾਨ ਪਾਰਟੀ ਹੀ ਪੁਲਿਸ ਦਾ ਵਿਰੋਧ ਕਰਨ ਲੱਗੇ ਤਾਂ ਪੁਲਿਸ ਨਾਲੋਂ ਜ਼ਿਆਦਾ ਨੁਕਸਾਨ ਪਾਰਟੀ ਦਾ ਹੁੰਦੈ। ਲੋਕ ਪੁਲਿਸ ਵਧੀਕੀਆਂ ਲਈ ਹੁਕਮਰਾਨ ਪਾਰਟੀ ਨੂੰ ਜ਼ਿੰਮੇਵਾਰ ਠਹਿਰਾਉਂਦੇ ਨੇ।

ਮੁੱਖ ਮੰਤਰੀ ਨੇ ਜਥੇਦਾਰ ਨੂੰ ਅਹਿਸਾਸ ਕਰਾਇਆ। ਭੋਲੇਪਣ ਕਾਰਨ ਉਹ ਕਾਮਰੇਡਾਂ ਦੇ ਹੱਥ ਚੜ੍ਹ ਗਿਐ। ਜਥੇਦਾਰ ਦਾ ਅਸਲ ਫ਼ਰਜ਼ ਇਹ ਸੀ ਕਿ ਉਹ ਕਾਮਰੇਡਾਂ ਦੀ ਚਾਲ ਨੂੰ ਸਮਝਦਾ। ਕਾਮਰੇਡਾਂ ਦੀ ਥਾਂ ਪੁਲਿਸ ਦੀ ਮਦਦ ਕਰਦਾ। ਪਾਲੇ ਅਤੇ ਮੀਤੇ ਦੇ ਸਜ਼ਾ ਹੋਣ ਨਾਲ ਸਿੱਖ ਭਾਈਚਾਰੇ ਦੇ ਵਕਾਰ ਵਿਚ ਵਾਧਾ ਹੋਣਾ ਸੀ। ਅਕਾਲੀਆਂ ਨੂੰ ਥਾਂ-ਥਾਂ ਇਹ ਪ੍ਰਚਾਰ ਕਰਨਾ ਚਾਹੀਦਾ ਸੀ ਕਿ ਸਿੱਖਾਂ ਨੂੰ ਤਾਂ ਵਾਧੂ ਵਿਚ ਹੀ ਅਤਿਵਾਦੀ ਜਾਂ ਵੱਖਵਾਦੀ ਆਖ ਕੇ ਬਦਨਾਮ ਕੀਤਾ ਜਾ

ਰਿਹੈ। ਸਿੱਖੀ ਮਾਸੂਮਾਂ ਦਾ ਕਤਲ ਕਰਨਾ ਨਹੀਂ ਸਿਖਾਉਂਦੀ। ਇਹ ਤਾਂ ਪਾਲੇ ਵਰਗੇ ਜਰਾਇਮ-ਪੇਸ਼ਾ ਲੋਕ ਹਨ ਜਿਹੜੇ ਸਿੱਖੀ ਦੀ ਪਨਾਹ ਲੈ ਕੇ ਕੌਮ ਨੂੰ ਬਦਨਾਮ ਕਰ ਰਹੇ ਹਨ। ਇਸ ਤਰ੍ਹਾਂ ਦੇ ਪ੍ਰਚਾਰ ਨਾਲ ਸਰਕਾਰ ਦੀਆਂ ਜੜ੍ਹਾਂ ਮਜ਼ਬੂਤ ਹੋਣਗੀਆਂ। ਸਰਕਾਰ ਮਜ਼ਬੂਤ ਹੋਏਗੀ ਤਾਂ ਜਥੇਦਾਰਾਂ ਦੀ ਸਰਕਾਰੇ-ਦਰਬਾਰੇ ਚੜ੍ਹਤ ਹੋਏਗੀ। ਸਰਕਾਰ ਦੀ ਛੁੱਟੀ ਹੋ ਗਈ ਤਾਂ ਜਥੇਦਾਰਾਂ ਨੂੰ ਧਰਮ-ਯੁੱਧ ਲਾ ਕੇ ਮੁੜ ਜੇਲ੍ਹ ਦੀਆਂ ਰੋਟੀਆਂ ਖਾਣੀਆਂ ਪੈਣਗੀਆਂ।

"ਹੁਣ ਕਿਹੜਾ ਸਾਨੂੰ ਕੋਈ ਪੁੱਛਦੈ ? ਸਰਕਾਰ-ਸਰਕੂਰ ਦਾ ਕੋਈ ਫ਼ਾਇਦਾ ਨੀ।"

ਜਥੇਦਾਰ ਦੇ ਇਸ ਸ਼ਿਕਵੇ ਦਾ ਤੁਰੰਤ ਨਿਪਟਾਰਾ ਕੀਤਾ ਗਿਆ। ਪੁਲਿਸ ਕਪਤਾਨ ਅਤੇ ਡਿਪਟੀ ਕਮਿਸ਼ਨਰ ਨੂੰ ਮੱਥੇ ਲਾਇਆ ਗਿਆ। "ਅੱਗੋਂ ਤੋਂ ਜਥੇਦਾਰ ਦੇ ਸਭ ਕੰਮ ਹੋਇਆ ਕਰਨ।" ਉਹਨਾਂ ਨੂੰ ਹੁਕਮ ਸੁਣਾਇਆ ਗਿਆ ਸੀ।

ਉਸ ਦਿਨ ਤੋਂ ਜਥੇਦਾਰ ਨੂੰ ਥਾਣੇ ਕੁਰਸੀ ਮਿਲਣ ਲੱਗੀ ਸੀ। ਪੁਲਿਸ ਦਾ ਨਮਕ ਖਾ ਕੇ ਉਹ ਸਰਕਾਰੀ ਬੋਲੀ ਬੋਲਣ ਲੱਗਾ ਸੀ। ਉਸ ਨੂੰ ਪਾਲਾ ਅਤੇ ਮੀਤਾ ਕਾਤਲ ਨਜ਼ਰ ਆਉਣ ਲੱਗੇ ਸਨ। ਫੇਰ ਉਸ ਦੀ ਪਾਰਟੀ ਦਾ ਸੰਮਤੀ ਵਿਚ ਕੀ ਕੰਮ ?

ਅਗਲੀ ਮੀਟਿੰਗ ਵਿਚ ਕਾਂਗਰਸੀਆਂ ਨੇ ਪਿੱਠ ਭੁਆ ਲਈ।

ਕਾਂਗਰਸ ਨੂੰ ਆਪਣੇ ਸੌ-ਸਾਲਾ ਇਤਿਹਾਸ 'ਤੇ ਮਾਣ ਸੀ। ਕਾਂਗਰਸ ਨੇ ਦੇਸ਼ ਨੂੰ ਜਿਸ ਨਿਆਂ-ਪ੍ਰਣਾਲੀ ਨਾਲ ਨਿਵਾਜਿਆ ਸੀ, ਉਸ ਦੀ ਮਿਸਾਲ ਸਾਰੀ ਦੁਨੀਆਂ ਵਿਚ ਨਹੀਂ ਮਿਲਦੀ। ਕਾਨੂੰਨ ਦੀ ਇਕ ਇਕ ਸਤਰ ਲਿਖ ਦਿੱਤੀ ਗਈ ਸੀ। ਉਹੋ ਕਾਨੂੰਨ ਰਾਸ਼ਟਰਪਤੀ 'ਤੇ ਲਾਗੂ ਹੁੰਦੈ, ਉਹੋ ਉਸ ਦੇ ਸਫ਼ਾਈ ਸੇਵਕ 'ਤੇ। ਅਦਾਲਤਾਂ ਨਿਰਪੱਖ ਰਹਿਣ ਇਸ ਲਈ ਇਹਨਾਂ ਨੂੰ ਸਰਕਾਰੀ ਦਖ਼ਲ ਤੋਂ ਮੁਕਤ ਰੱਖਿਆ ਗਿਐ। ਪ੍ਰਧਾਨ ਮੰਤਰੀ ਤਕ ਤਾਂ ਦਖ਼ਲ ਨਹੀਂ ਦੇ ਸਕਦਾ। ਅਜਿਹੀ ਪਵਿੱਤਰ ਸੰਸਥਾ 'ਤੇ ਸ਼ੱਕ ਕਰਨਾ ਚੰਨ 'ਤੇ ਥੁੱਕਣ ਬਰਾਬਰ ਸੀ।

ਸੰਮਤੀ ਨੂੰ ਜੇ ਕਾਤਲਾਂ ਨਾਲ ਬਹੁਤੀ ਹਮਦਰਦੀ ਸੀ ਤਾਂ ਸੰਮਤੀ ਦੇ ਖ਼ਰਚੇ 'ਤੇ ਦੋਸ਼ੀਆਂ ਲਈ ਕੋਈ ਚੰਗਾ ਵਕੀਲ ਕਰ ਦਿੱਤਾ ਜਾਵੇ। ਇਸ ਤੋਂ ਵੱਧ ਉਹ ਕਿਸੇ ਤਰ੍ਹਾਂ ਦੀ ਕਾਰਵਾਈ ਲਈ ਤਿਆਰ ਨਹੀਂ ਸਨ।

ਕਾਂਗਰਸੀ ਵਰਕਰਾਂ ਨੂੰ ਆਪਣੇ ਨੇਤਾਵਾਂ ਨਾਲ ਗਿਲਾ ਸੀ। ਇਸ ਲੜਾਈ ਦਾ ਅਸਲ ਸਿਹਰਾ ਬਾਬੇ ਅਤੇ ਉਸ ਦੀਆਂ ਸਮਰਥਕ ਜਥੇਬੰਦੀਆਂ ਨੂੰ ਗਿਆ ਸੀ।

ਇਹ ਠੀਕ ਸੀ ਕਿ ਪਾਰਟੀ ਨੇ ਜਲਸੇ-ਜਲੂਸਾਂ ਵਿਚ ਖੁੱਲ੍ਹ ਕੇ ਹਿੱਸਾ ਨਹੀਂ ਸੀ ਲਿਆ ਪਰ ਭਾਸ਼ਣ ਤਾਂ ਕਰਾਰੇ-ਕਰਾਰੇ ਦਿੱਤੇ ਸਨ। ਇਹ ਵੀ ਠੀਕ ਸੀ ਕਿ ਪਾਰਟੀ ਦੇ ਕਿਸੇ ਵਰਕਰ ਨੇ ਕਦੇ ਕੋਈ ਗ੍ਰਿਫ਼ਤਾਰੀ ਨਹੀਂ ਦਿੱਤੀ ਪਰ ਅਫ਼ਸਰਾਂ ਨੂੰ ਮਿਲਣ ਵਾਲੇ ਵਫ਼ਦਾਂ ਵਿਚ ਤਾਂ ਉਹਨਾਂ ਦੀ ਗਿਣਤੀ ਸਭ ਤੋਂ ਵੱਧ ਹੋਇਆ ਕਰਦੀ ਸੀ। ਜੇ ਉਹ ਸੰਮਤੀ ਨੂੰ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹੇ ਤਾਂ ਬਾਬਾ ਉਹਨਾਂ ਦੇ ਸਿਰ 'ਤੇ ਪੈਰ ਰੱਖ ਕੇ ਆਪ ਕੋਠੇ ਜਾ ਚੜ੍ਹੇਗਾ।

ਅਗਲੀ ਲੜਾਈ ਵਿਚ ਉਹਨਾਂ ਨੂੰ ਕੋਈ ਸਿਆਸੀ ਲਾਭ ਹੋਣ ਵਾਲਾ ਨਹੀਂ ਸੀ। ਲੜਾਈ ਅਦਾਲਤ ਤਕ ਸੀਮਤ ਰਹਿਣੀ ਸੀ। ਬਹੁਤਾ ਜ਼ੋਰ ਗਵਾਹਾਂ ਨੂੰ ਮੁਕਰਾਉਣ ਜਾਂ ਸਫ਼ਾਈ ਵਿਚ ਭੁਗਤਾਉਣ 'ਤੇ ਲੱਗਣਾ ਸੀ। ਅਜਿਹੇ ਮੁਕੱਦਮਿਆਂ ਦੇ ਫ਼ੈਸਲੇ ਕਈ ਵਾਰ ਵੀਹ-ਵੀਹ ਸਾਲ ਨਹੀਂ ਹੋਇਆ ਕਰਦੇ। ਇੰਨੀ ਦੇਰ ਤਕ ਕਾਂਗਰਸ ਖੱਬੇ-ਪੱਖੀਆਂ ਨਾਲ ਮੋਢਾ ਜੋੜ ਕੇ ਨਹੀਂ ਖੜ੍ਹੋ ਸਕਦੀ।

ਪਾਰਟੀ ਨੂੰ ਕੇਂਦਰ ਵੱਲੋਂ ਵੀ ਸੰਕੇਤ ਆਇਆ ਸੀ। ਮੌਜੂਦਾ ਸਰਕਾਰ ਕੇਂਦਰ ਦੇ ਸਹਾਰੇ



ਚੱਲਦੀ ਸੀ। ਕੇਂਦਰ ਨੂੰ ਸਰਕਾਰ ਤੋੜਨ ਵਿਚ ਕੋਈ ਦਿਲਚਸਪੀ ਨਹੀਂ ਸੀ। ਸਰਕਾਰ ਦਾ ਓਨਾ ਕੁ ਵਿਰੋਧ ਕੀਤਾ ਜਾਏ ਜਿਸ ਨਾਲ ਪਾਰਟੀ ਦਾ ਆਧਾਰ ਬਣਿਆ ਰਹੇ।

ਕੇਂਦਰ ਨੇ ਮੁੱਖ ਮੰਤਰੀ ਨੂੰ ਸਾਫ਼-ਸਾਫ਼ ਸ਼ਬਦਾਂ ਵਿਚ ਆਖ ਦਿੱਤਾ ਸੀ ਕਿ ਉਸ ਦੀ ਪਾਰਟੀ ਦੇ ਵਰਕਰਾਂ ਦੇ ਕੰਮ ਅਕਾਲੀਆਂ ਨਾਲੋਂ ਪਹਿਲਾਂ ਹੋਣੇ ਚਾਹੀਦੇ ਹਨ। ਮੁੱਖ ਮੰਤਰੀ ਝੱਟ ਮੰਨ ਗਿਆ ਸੀ।

ਕਾਂਗਰਸ ਆਪਣੇ-ਆਪ ਨੂੰ ਅਨੁਸ਼ਾਸਨ ਪਸੰਦ ਪਾਰਟੀ ਆਖਦੀ ਸੀ। ਕੇਂਦਰ ਦੇ ਹੁਕਮ 'ਤੇ ਉਹਨਾਂ ਝੱਟ ਫੁੱਲ ਚੜ੍ਹਾ ਦਿੱਤੇ।

ਭਾਰਤੀ ਜਨਤਾ ਪਾਰਟੀ ਦਾ ਤਾਂ ਸੰਮਤੀ ਨਾਲ ਪਹਿਲਾਂ ਹੀ ਬਹੁਤਾ ਸਹਿਯੋਗ ਨਹੀਂ ਸੀ। ਜਦੋਂ ਲਾਲਾ ਜੀ ਨੇ ਖ਼ੁਦ ਹੀ ਪੁਲਿਸ ਅੱਤਿਆਚਾਰ ਦੇ ਖ਼ਿਲਾਫ਼ ਹਾਅ ਦਾ ਨਾਅਰਾ ਮਾਰਿਆ ਸੀ ਤਾਂ ਪਾਰਟੀ ਦੇ ਕੁਝ ਵਰਕਰ ਸੰਮਤੀ ਵਿਚ ਸ਼ਾਮਲ ਹੋ ਗਏ ਸਨ। ਪਾਰਟੀ ਇਹ ਮੰਨਣ ਨੂੰ ਤਿਆਰ ਨਹੀਂ ਸੀ ਕਿ ਪਾਲਾ ਅਤੇ ਮੀਤਾ ਨਿਰਦੋਸ਼ ਸਨ। ਉਹਨਾਂ ਦਾ ਤਰਕ ਸੀ ਕਿ ਇਹ ਦੋਵੇਂ ਪੇਸ਼ੇਵਰ ਮੁਜਰਮ ਸਨ। ਕਿਸੇ ਵਿਸ਼ੇਸ਼ ਕਾਰਨ ਕਰਕੇ ਜੇ ਉਹ ਕੁਝ ਸਮੇਂ ਲਈ ਜੁਰਮ ਨਹੀਂ ਕਰ ਸਕੇ ਜਾਂ ਪੁਲਿਸ ਦੁਆਰਾ ਫੜੇ ਨਹੀਂ ਗਏ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਉਹ ਦੁੱਧ-ਧੋਤੇ ਬਣ ਗਏ। ਜੁਰਮ ਕਰਨ ਦਾ ਦੌਰਾ ਇਹਨਾਂ ਨੂੰ ਕਦੇ ਵੀ ਪੈ ਸਕਦੈ। ਅਜਿਹੇ ਹੱਡ-ਹਰਾਮੀਆਂ ਤੋਂ ਮਿਹਨਤ ਦੀ ਆਸ ਨਹੀਂ ਰੱਖਣੀ ਚਾਹੀਦੀ।

ਹੋ ਸਕਦੈ ਉਹਨਾਂ ਨੂੰ ਪੁਲਿਸ ਕੋਲ ਪੇਸ਼ ਕੀਤਾ ਗਿਆ ਹੋਵੇ। ਇਹ ਵੀ ਹੋ ਸਕਦੈ ਕਿ ਬਾਬੇ ਅਤੇ ਹੋਰ ਬੰਦਿਆਂ ਨੇ ਉਹਨਾਂ ਨੂੰ ਥਾਣੇ ਬੈਠੇ ਦੇਖਿਆ ਹੋਵੇ। ਹੋ ਸਕਦੈ ਪਹਿਲਾਂ ਪੁਲਿਸ ਨੇ ਉਹਨਾਂ ਤੋਂ ਪੁੱਛ-ਗਿੱਛ ਕੀਤੀ ਨਾ ਹੋਵੇ। ਹੋ ਸਕਦੈ ਪੁੱਛ-ਗਿੱਛ ਹੋਣ 'ਤੇ ਕੋਈ ਸੁਰਾਗ ਮਿਲ ਗਿਆ ਹੋਵੇ।

ਪਾਰਟੀ ਆਪਣੀ ਦਲੀਲ ਦੀ ਪੁਸ਼ਟੀ ਲਈ ਇਸੇ ਸ਼ਹਿਰ ਵਿਚ ਹੋਏ ਖ਼ੈਰਤੀ ਲਾਲ ਦੀ ਪਤਨੀ ਦੇ ਕਤਲ ਦੀ ਉਦਾਹਰਣ ਦਿੰਦੀ ਸੀ।

ਬਲਵੰਤ ਪੰਦਰਾਂ ਸਾਲ ਖ਼ੈਰਤੀ ਲਾਲ ਦੀ ਦੁਕਾਨ 'ਤੇ ਨੌਕਰ ਰਿਹਾ ਸੀ। ਖ਼ੈਰਤੀ ਨੂੰ ਉਸ 'ਤੇ ਧੀਆਂ- ਪੁੱਤਾਂ ਵਰਗਾ ਭਰੋਸਾ ਸੀ। ਸਾਰਾ ਲੈਣ-ਦੇਣ ਉਸੇ ਰਾਹੀਂ ਹੁੰਦਾ ਸੀ। ਦਿਨ ਵਿਚ ਵੀਹ-ਵੀਹ ਵਾਰ ਉਹ ਘਰ ਚੱਕਰ ਮਾਰਦਾ ਸੀ। ਕਦੇ ਰੁਪਏ ਲੈ ਗਿਆ, ਕਦੇ ਦੇ ਗਿਆ।

ਇਕ ਦਿਨ ਵੀਹ ਹਜ਼ਾਰ ਰੁਪਏ ਫੜਾਉਣ ਆਏ ਬਲਵੰਤ ਦੀ ਨੀਅਤ ਫਿੱਟ ਗਈ। ਦਰਵਾਜ਼ੇ ਵਿਚ ਖੜ੍ਹੋ ਕੇ ਉਹ ਬੰਤੀ ਨੂੰ ਅਲਮਾਰੀ ਵਿਚ ਪੈਸੇ ਰੱਖਦੀ ਨੂੰ ਤਾੜਦਾ ਰਿਹਾ।

ਘੰਟੇ ਕੁ ਬਾਅਦ ਮੂੰਹ ਢੱਕ ਕੇ, ਡਾਕੂਆਂ ਵਾਲਾ ਭੇਸ ਬਣਾ ਕੇ ਉਹ ਚੁਬਾਰੇ ਜਾ ਚੜ੍ਹਿਆ। ਡਰਾ-ਧਮਕਾ ਕੇ ਪੈਸੇ ਲੈ ਲਏ। ਮਾੜੀ ਕਿਸਮਤ ਬੰਤੀ ਦੀ। ਮੁੜੇ ਜਾਂਦੇ ਬਲਵੰਤ ਦੀ ਉਸ ਨੇ ਪਿੱਠ ਪਛਾਣ ਲਈ।

"ਹੈਂ ਵੇ ਬਲਵੰਤ ! ਤੂੰ ?" ਬੰਤੀ ਦੇ ਮੂੰਹੋਂ ਨਿਕਲਿਆ ਹਉਕਾ ਉਸ ਦੀ ਮੌਤ ਦਾ ਬੁਲਾਵਾ ਬਣ ਗਿਆ।

ਘਬਰਾਏ ਬਲਵੰਤ ਨੇ ਉਸ ਦਾ ਗਲਾ ਘੁੱਟ ਦਿੱਤਾ। ਮੱਚ ਕੇ ਮਰੀ ਹੈ, ਇਹ ਭੁਲੇਖਾ ਪਾਉਣ ਲਈ ਉਸ ਨੂੰ ਅੱਗ ਲਾ ਦਿੱਤੀ।

ਅਧੀਆ ਅੰਦਰ ਸੁੱਟ ਕੇ ਸ਼ਾਮ ਨੂੰ ਉਹ ਅਫ਼ਸੋਸ ਕਰਨ ਲਈ ਜੁੜੀ ਭੀੜ ਵਿਚ ਆ ਬੈਠਾ। ਉੱਚੀ-ਉੱਚੀ ਬੰਤੀ ਦੇ ਵੈਣ ਪਾਉਣ ਲੱਗਾ। ਖ਼ੈਰਤੀ ਦੇ ਗਲ ਲੱਗ-ਲੱਗ ਕੇ ਧਾਹਾਂ ਮਾਰਨ ਲੱਗਾ।

ਪੂਰੇ ਚੌਵੀ ਘੰਟੇ ਕਿਸੇ ਨੂੰ ਬਲਵੰਤ 'ਤੇ ਸ਼ੱਕ ਨਹੀਂ ਸੀ ਹੋਇਆ।

ਫੇਰ ਪੁਲਿਸ ਨੂੰ ਮੁਖ਼ਬਰੀ ਹੋਈ। ਲੋਕਾਂ ਨੂੰ ਉਸ ਸਮੇਂ ਹੀ ਪਤਾ ਲੱਗਾ ਜਦੋਂ ਬਲਵੰਤ ਨੇ ਬਿਜਲੀ ਦੇ ਮੀਟਰ ਹੇਠੋਂ ਰਕਮ ਵੀ ਵਸੂਲ ਕਰਵਾ ਦਿੱਤੀ ਅਤੇ ਖ਼ੂਨ ਨਾਲ ਲਿੱਬੜੇ ਆਪਣੇ ਕੱਪੜੇ ਵੀ।

ਜੇ ਕੋਈ ਆਖੇ : ਬਲਵੰਤ ਨੂੰ ਉਸ ਨੇ ਬੰਤੀ ਲਈ ਧਾਹਾਂ ਮਾਰਦੇ ਦੇਖਿਆ ਸੀ ਤਾਂ ਇਸ ਦਾ ਇਹ ਮਤਲਬ ਤਾਂ ਨਹੀਂ ਕਿ ਉਹ ਬੇ-ਕਸੂਰ ਸੀ।

ਸੰਮਤੀ ਦੀ ਹਮਾਇਤ ਦੀ ਥਾਂ ਭਾਰਤੀ ਜਨਤਾ ਪਾਰਟੀ ਪਾਲੇ ਅਤੇ ਮੀਤੇ ਨੂੰ ਸਜ਼ਾ ਕਰਾਉਣ 'ਤੇ ਤੁਲ ਗਈ। ਸੰਮਤੀ ਨਾਲੋਂ ਵੱਖ ਹੋਣ ਦਾ ਐਲਾਨ ਉਸ ਭਰੇ ਇਕੱਠ ਵਿਚ ਕੀਤਾ। ਪਾਰਟੀ ਦੀ ਦਲੀਲ ਸਪੱਸ਼ਟ ਸੀ। ਪੁਲਿਸ ਦਾ ਮਨੋਬਲ ਪਹਿਲਾਂ ਹੀ ਡਿੱਗਿਆ ਹੋਇਆ ਸੀ। ਜੇ ਪਾਰਟੀ ਨੇ ਉਸ ਦਾ ਵਿਰੋਧ ਕੀਤਾ ਤਾਂ ਦਹਿਸ਼ਤਗਰਦੀ ਨੂੰ ਉਤਸ਼ਾਹ ਮਿਲੇਗਾ। ਨਿਆਂ-ਪਾਲਕਾ ਵੀ ਡਰੀ ਹੋਈ ਸੀ। ਪਾਰਟੀ ਨੇ ਉਸ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਤਾਂ ਉਸ ਨੇ ਰਹਿੰਦਾ-ਖੂੰਹਦਾ ਹੌਸਲਾ ਵੀ ਛੱਡ ਜਾਣੈ।

ਪਾਲੇ ਅਤੇ ਮੀਤੇ ਨੂੰ ਸਜ਼ਾ ਹੋਣ ਵਿਚ ਹੀ ਸਭ ਦਾ ਭਲਾ ਸੀ। ਦੋ ਨਿਰਦੋਸ਼ ਬੰਦਿਆਂ ਨੂੰ ਫਾਹਾ ਲੱਗ ਗਿਆ, ਫੇਰ ਕਿਹੜਾ ਪਹਾੜ ਟੁੱਟ ਪੈਣਾ ਸੀ। ਅੱਗੇ ਵੀ ਹਜ਼ਾਰਾਂ ਨਿਰਦੋਸ਼ ਕਤਲ ਹੋਏ ਸਨ। ਦੋ ਹੋਰ ਹੋ ਗਏ ਤਾਂ ਕਿਹੜਾ ਸੰਸਾਰ ਸੁੰਨਾ ਹੋ ਜਾਣਾ ਸੀ। ਇਹਨਾਂ ਨੂੰ ਸਜ਼ਾ ਹੋਣ ਨਾਲ ਹੋਰਾਂ ਨੂੰ ਕੰਨ ਹੋ ਜਾਣਗੇ।

ਪਾਰਟੀ ਦੀ ਨਵੀ ਨੀਤੀ ਸਪੱਸ਼ਟ ਸੀ। ਉਹ ਪਾਲੇ ਅਤੇ ਮੀਤੇ ਨੂੰ ਹੀ ਬੰਟੀ ਦੇ ਕਾਤਲ ਸਮਝਦੀ ਸੀ। ਉਹਨਾਂ ਨੂੰ ਸਜ਼ਾ ਕਰਾਉਣ ਲਈ ਪਾਰਟੀ ਹਰ ਹੀਲਾ ਵਰਤੇਗੀ।

ਦੇਖਦੇ ਹੀ ਦੇਖਦੇ ਸਾਰੀ ਬੱਦਲਵਾਈ ਛਟ ਗਈ।

ਪਿੱਛੇ ਰਹਿ ਗਿਆ ਬਾਬਾ, ਉਸ ਦੀਆਂ ਸਮਰਥੱਕ ਕੁਝ ਜਥੇਬੰਦੀਆਂ ਜਾਂ ਸੱਚ ਦਾ ਪੱਲਾ ਫੜੀ ਰੱਖਣ ਵਾਲੇ ਜੀਵਨ ਆੜ੍ਹਤੀਏ ਵਰਗੇ ਕੁਝ ਸਮਾਜ ਸੇਵਕ।

ਨਵੀਂ ਗਠਿਤ ਹੋਈ ਸੰਮਤੀ ਦਾ ਨਿਸ਼ਾਨਾ ਵੀ ਸਪੱਸ਼ਟ ਸੀ। ਲੋਕਾਂ ਨੇ ਸੰਮਤੀ ਵਿਚ ਵਿਸ਼ਵਾਸ ਪ੍ਰਗਟ ਕੀਤਾ ਸੀ। ਸੰਮਤੀ ਨੇ ਇਸ ਵਿਸ਼ਵਾਸ ਨੂੰ ਬਹਾਲ ਰੱਖਣਾ ਸੀ।

ਸੰਮਤੀ ਵੱਲੋਂ ਮੁਕੱਦਮਾ ਲੜਨ ਲਈ ਲੀਗਲ ਸੈੱਲ ਸਥਾਪਿਤ ਕੀਤਾ ਗਿਆ। ਗੁਰਮੀਤ ਨੂੰ ਉਸ ਦਾ ਮੁਖੀ ਥਾਪਿਆ ਗਿਆ। ਸੈੱਲ ਵਿਚ ਹੋਰ ਕਿਹੜੇ ਵਕੀਲ ਸ਼ਾਮਲ ਕਰਨੇ ਸਨ, ਇਸ ਦੀ ਉਸ ਨੂੰ ਖੁੱਲ੍ਹ ਦਿੱਤੀ ਗਈ।

ਗੁਰਮੀਤ ਵੱਲੋਂ ਪਹਿਲਾ ਸੱਦਾ ਪਿਆਰੇ ਲਾਲ ਨੂੰ ਗਿਆ ਸੀ। ਲੋਕ ਲੱਖ ਉਸ ਨੂੰ ਵਿਹਲੜ ਅਤੇ ਨਿਕੰਮਾ ਸਮਝਦੇ ਰਹਿਣ, ਗੁਰਮੀਤ ਨੂੰ ਉਹ ਗੁਦੜੀ ਵਿਚ ਛੁਪਿਆ ਲਾਲ ਜਾਪਦਾ ਸੀ। ਉਸ ਨੂੰ ਆਪਣੀ ਲਿਆਕਤ ਦਿਖਾਉਣ ਦਾ ਮੌਕਾ ਮਿਲਣਾ ਚਾਹੀਦਾ ਸੀ।

ਮੋਹਨ ਜੀ ਵੱਲੋਂ ਪੇਸ਼ਕਸ਼ ਆਪੇ ਆਈ ਸੀ। ਮੁੱਢ ਤੋਂ ਹੀ ਉਹ ਮੀਤੇ ਅਤੇ ਪਾਲੇ ਦਾ ਵਕੀਲ ਰਿਹਾ ਸੀ। ਇਹ ਕੇਸ ਉਹ ਬਿਨਾਂ ਫ਼ੀਸ ਲਏ ਝਗੜਨ ਨੂੰ ਤਿਆਰ ਸੀ।

ਅੰਨ੍ਹਾ ਕੀ ਭਾਲੇ ਦੋ ਅੱਖਾਂ ? ਸੈੱਲ ਨੂੰ ਉਸ ਦੀਆਂ ਸੇਵਾਵਾਂ ਦੀ ਸਖ਼ਤ ਜ਼ਰੂਰਤ ਸੀ। ਇਸ ਕੇਸ ਵਿਚਲੇ ਬਹੁਤੇ ਗਵਾਹ ਪੁਲਿਸ ਟਾਊਟ ਸਨ। ਪੁਲਿਸ ਵੱਲੋਂ ਉਹ ਸੈਂਕੜੇ ਕੇਸਾਂ ਵਿਚ ਗਵਾਹੀ ਭੁਗਤ ਚੁੱਕੇ ਸਨ। ਉਹਨਾਂ ਨੂੰ ਪੁਲਿਸ ਪੱਖੀ ਸਾਬਤ ਕਰਨ ਲਈ ਸੈੱਲ ਨੂੰ ਉਹਨਾਂ ਸਾਰੇ ਕੇਸਾਂ ਦਾ ਰਿਕਾਰਡ ਚਾਹੀਦਾ ਸੀ। ਮੋਹਨ ਜੀ ਕੋਲ ਇਕ-ਇਕ ਗਵਾਹ ਦੀ ਜਨਮ-ਕੁੰਡਲੀ



ਮੌਜੂਦ ਸੀ।

ਲੀਗਲ ਸੈੱਲ ਦੀ ਇਸ ਟੀਮ ਦੀ ਕਾਮਯਾਬੀ ਦੀ ਕਾਮਨਾ ਕਰਦਿਆਂ ਸੰਮਤੀ ਦੀਆਂ ਬਾਕੀ ਇਕਾਈਆਂ ਨੇ ਵੀ ਆਪਣੇ-ਆਪਣੇ ਮੋਰਚੇ ਸੰਭਾਲ ਲਏ।

ਸੈੱਲ ਦਾ ਪਹਿਲਾ ਕੰਮ ਦੋਸ਼ੀਆਂ ਦੀ ਜ਼ਮਾਨਤ ਕਰਾਉਣਾ ਮਿਥਿਆ ਗਿਆ।

# 10

ਪਾਲੇ ਅਤੇ ਮੀਤੇ ਨੂੰ ਗ੍ਰਿਫ਼ਤਾਰ ਹੋਇਆਂ ਨੱਬੇ ਦਿਨ ਹੋ ਗਏ ਸਨ। ਹਾਲੇ ਤਕ ਪੁਲਿਸ ਉਹਨਾਂ ਦੇ ਖ਼ਿਲਾਫ਼ ਚਲਾਨ ਪੇਸ਼ ਨਹੀਂ ਸੀ ਕਰ ਸਕੀ। ਇਸ ਆਧਾਰ 'ਤੇ ਉਹਨਾਂ ਦੀ ਜ਼ਮਾਨਤ ਹੋਣੀ ਸੀ।

ਸ਼ਾਇਦ ਜੇਲ੍ਹ ਵਿਚ ਇਹ ਉਹਨਾਂ ਦਾ ਆਖ਼ਰੀ ਦਿਨ ਸੀ।

ਪਾਲਾ ਅਤੇ ਮੀਤਾ ਆਪਣਾ ਸਮਾਨ ਸਮੇਟਣ ਅਤੇ ਘਰ ਜਾਣ ਦੀਆਂ ਤਿਆਰੀਆਂ ਵਿਚ ਰੁੱਝੇ ਹੋਏ ਸਨ।

ਸਾਥੀ ਕੈਦੀ ਵਧਾਈਆਂ ਦੇ ਰਹੇ ਸਨ। ਕਤਲ-ਕੇਸ 'ਚ ਤਾਂ ਸਾਲ-ਸਾਲ ਜ਼ਮਾਨਤ ਨਹੀਂ ਹੁੰਦੀ। ਉਹਨਾਂ ਦੇ ਗਲੋਂ ਤਿੰਨ ਮਹੀਨਿਆਂ ਬਾਅਦ ਹੀ ਪੰਜਾਲੀ ਲਹਿ ਚੱਲੀ ਸੀ।

ਭਦੌੜੀਏ ਵੈਲੀ ਨੇ ਉਹਨਾਂ ਨੂੰ ਵਧਾਈ ਨਹੀਂ ਸੀ ਦਿੱਤੀ। ਉਸ ਦਾ ਮਨ ਇਹ ਮੰਨਣ ਨੂੰ ਤਿਆਰ ਨਹੀਂ ਸੀ ਕਿ ਪੁਲਿਸ ਨੱਬੇ ਦਿਨਾਂ ਦੇ ਅੰਦਰ-ਅੰਦਰ ਚਲਾਨ ਪੇਸ਼ ਨਹੀਂ ਕਰ ਸਕੀ। ਕੋਈ ਮਾੜਾ-ਧੀੜਾ ਕੇਸ ਹੁੰਦਾ ਤਾਂ ਉਹ ਮੰਨ ਵੀ ਲੈਂਦਾ। ਇਸ ਕੇਸ ਦੀ ਮਸ਼ਹੂਰੀ ਤਾਂ ਦਿੱਲੀ-ਦੱਖਣ ਤਕ ਹੋਈ-ਹੋਈ ਸੀ। ਕੇਸ ਨੂੰ ਸਿਆਸੀ ਰੰਗ ਚੜ੍ਹ ਚੁੱਕਾ ਸੀ। ਜੇ ਦੋਸ਼ੀਆਂ ਦੀ ਜ਼ਮਾਨਤ ਹੋ ਗਈ ਤਾਂ ਥਾਣੇਦਾਰ ਦੇ ਮੋਢਿਉਂ ਸਟਾਰ ਲਹਿ ਜਾਣਗੇ। ਪੁਲਿਸ ਮੈਜਿਸਟ੍ਰੇਟ ਨੂੰ ਗੱਠ ਕੇ ਚਲਾਨ ਪਿਛਲੀਆਂ ਤਾਰੀਖ਼ਾਂ ਵਿਚ ਪੇਸ਼ ਕਰਿਆ ਦਿਖਾਵੇ ਜਾਂ ਕੋਈ ਹੋਰ ਖੂਹ ਪੁੱਟੇ, ਉਹ ਚਲਾਨ ਸਮੇਂ ਸਿਰ ਪੇਸ਼ ਕਰ ਕੇ ਛੱਡੂ। ਭਦੌੜੀਏ ਦਾ ਤਜਰਬਾ ਇਹੋ ਆਖਦਾ ਸੀ।

ਥਾਣਾ, ਕਚਹਿਰੀ ਜਾਂ ਜੇਲ੍ਹ ਭਦੌੜੀਏ ਲਈ ਨਵਾਂ ਨਹੀਂ ਸੀ। ਉਸ ਦਾ ਵੀਹ-ਸਾਲਾ ਤਜਰਬਾ ਸੀ। ਕਮਾਨੀਦਾਰ ਚਾਕੂ ਤੋਂ ਲੈ ਕੇ ਕਤਲ ਕੇਸ ਤਕ ਉਸ 'ਤੇ ਪੈ ਚੁੱਕੇ ਸਨ। ਉਹ ਹੁਣ ਵੀ ਕਤਲ ਕੇਸ 'ਚ ਅੰਦਰ ਸੀ। ਉਸ ਦੇ ਵਾਰਿਸ ਅੱਡੀ-ਚੋਟੀ ਦਾ ਜ਼ੋਰ ਲਾ ਚੁੱਕੇ ਸਨ। ਸੁਪਰੀਮ ਕੋਰਟ ਤਕ ਜਾ ਆਏ ਸਨ, ਜ਼ਮਾਨਤ ਨਹੀਂ ਸੀ ਹੋਈ। ਇਹ ਸਮਝਦੇ ਹਨ ਬਿਨਾਂ ਹਿੰਗ ਫਟਕੜੀ ਲਾਏ ਹੀ ਚੋਖਾ ਰੰਗ ਚੜ੍ਹ ਜਾਏਗਾ।

ਭੋਲੇ ਪੰਛੀ ਆਪਣੀ ਤੁਲਨਾ ਧਨੌਲੇ ਵਾਲੇ ਭਿੰਦੇ ਨਾਲ ਕਰ ਰਹੇ ਸਨ। ਉਸ ਦੀ ਜ਼ਮਾਨਤ ਵੀ ਇਸੇ ਤਰ੍ਹਾਂ ਹੋਈ ਸੀ, ਪਰ ਕਿਥੇ ਰਾਜਾ ਭੋਜ, ਕਿਥੇ ਗੰਗੂ ਤੇਲੀ। ਉਹ ਸ਼ੇਰੇ ਬਦਮਾਸ਼ ਦੀ ਪਾਰਟੀ ਦਾ ਬੰਦਾ ਸੀ। ਸ਼ੇਰਾ ਆਪਣੇ ਬੰਦਿਆਂ ਲਈ ਪੈਸਾ ਪਾਣੀ ਵਾਂਗ ਵਹਾਉਂਦੈ। ਭਿੰਦਾ ਉਸ ਦੀ ਸੱਜੀ ਬਾਂਹ ਸੀ। ਸ਼ੇਰੇ ਦਾ ਸਾਰਾ ਜ਼ੋਰ ਉਸ ਦੀ ਰਿਹਾਈ 'ਤੇ ਲੱਗਾ ਹੋਇਆ ਸੀ।

ਭਿੰਦੇ ਦੀ ਜ਼ਮਾਨਤ ਹੋਣ ਦਾ ਇਕ ਕਾਰਨ ਹੋਰ ਵੀ ਸੀ। ਜਿਸ ਬੁੱਢੇ ਦਾ ਉਸ ਨੇ ਕਤਲ ਕੀਤਾ ਸੀ, ਉਹ ਲਾਵਾਰਿਸ ਸੀ। ਬੁੱਢੇ ਦੇ ਨਾਂ ਬਹੁਤੀ ਜ਼ਮੀਨ ਜਾਇਦਾਦ ਵੀ ਨਹੀਂ ਸੀ। ਚਾਰ ਵਿਘੇ ਦਾ ਇਕ ਟੱਕ ਸੀ ਅਤੇ ਡੇਢ ਦਾ ਇਕ। ਸ਼ਰੀਕਾਂ ਨੂੰ ਪਤਾ ਸੀ। ਓਨੇ ਦੀ ਜ਼ਮੀਨ ਹੱਥ ਨਹੀਂ ਆਉਣੀ, ਜਿੰਨੇ ਉੱਤੇ ਲੱਗ ਜਾਣਗੇ। ਬਦਮਾਸ਼ਾਂ ਨਾਲ ਦੁਸ਼ਮਣੀ ਵਾਧੂ ਵਿਚ। ਲੋਕ ਲਾਜ



ਰੱਖਣ ਲਈ ਉਹਨਾਂ ਪਰਚਾ ਤਾਂ ਦਰਜ ਕਰਵਾ ਦਿੱਤਾ ਪਰ ਪੈਰਵਾਈ ਲਈ ਇਕ ਦਿਨ ਵੀ ਥਾਣੇ ਨਾ ਗਏ। ਪੈਰਵਾਈ ਬਿਨਾਂ ਤਿੰਨ ਸੌ ਤੇਈ ਦਾ ਮੁਕੱਦਮਾ ਵੀ ਸਿਰੇ ਨਹੀਂ ਚੜ੍ਹਦਾ, ਇਹ ਤਾਂ ਕਤਲ ਕੇਸ ਸੀ। ਪੁਲਿਸ ਪਹਿਲਾਂ ਹੀ ਭਿੰਦੇ ਵੱਲ ਡੱਕਾ ਸੁੱਟਦੀ ਸੀ। ਵੱਸ ਚੱਲਦਾ ਤਾਂ ਗ੍ਰਿਫ਼ਤਾਰੀ ਬਿਨਾਂ ਹੀ ਸਾਰ ਦਿੰਦੀ ਪਰ ਅਫ਼ਸਰਾਂ ਤੋਂ ਡਰਦੀ ਪੁਲਿਸ ਨੂੰ ਜ਼ਾਬਤਾ ਪੂਰਾ ਕਰਨਾ ਪਿਆ।

"ਕਿਉਂ ਵਕੀਲਾਂ ਦਾ ਘਰ ਭਰਦੇ ਹੋ ? ਵਕੀਲ ਵਾਲੀ ਫ਼ੀਸ ਮੈਨੂੰ ਦਿਓ। ਜ਼ਮਾਨਤ ਤਾਂ ਹੋਏਗੀ ਹੀ, ਪਰਚਾ ਵੀ ਖਾਰਜ ਹੋ ਜੂ।" ਗ੍ਰਿਫ਼ਤਾਰੀ ਸਮੇਂ ਹੀ ਥਾਣੇਦਾਰ ਨੇ ਉਹਨਾਂ ਨੂੰ ਸਿੱਧੇ ਰਾਹ ਪਾ ਦਿੱਤਾ ਸੀ।

ਸ਼ੇਰੇ ਨੇ ਥਾਣੇਦਾਰ ਦੇ ਬੋਲਾਂ 'ਤੇ ਫੁੱਲ ਚੜ੍ਹਾਏ। ਥਾਣੇਦਾਰ ਨੇ ਵਾਅਦਾ ਨਿਭਾਇਆ। ਤਾਂ ਨੱਬੇ ਦਿਨ ਲੰਘੇ, ਤਾਂ ਜ਼ਮਾਨਤ ਹੋਈ।

"ਇਹਨਾਂ ਮੂਰਖਾਂ ਨੂੰ ਕੋਈ ਪੁੱਛੇ ਬਈ ਤੁਸੀਂ ਕਿਸ ਭੜੂਏ ਨੂੰ ਬੰਨ੍ਹਿਐ ? ਐਵੇਂ ਹਵਾ 'ਚ ਡਾਂਗਾਂ ਮਾਰਦੇ ਨੇ। ਧੱਕੇ-ਧੁੱਕੇ ਖਾ ਕੇ ਸ਼ਾਮ ਨੂੰ ਆਪੇ ਖੁੱਡੇ 'ਚ ਮੁੜ ਆਉਣਗੇ। ਵਧਾਈ ਦਿੱਤੀ ਐਵੇਂ ਜਾਏਗੀ", ਸੋਚਦਾ ਭਦੌੜੀਆ ਦੜ ਵੱਟ ਗਿਆ।

ਭਦੌੜੀਏ ਦੀ ਬੇਰੁਖ਼ੀ ਪਾਲੇ ਅਤੇ ਮੀਤੇ ਦੇ ਚਿੱਤ-ਚੇਤੇ ਵੀ ਨਹੀਂ ਸੀ। ਇਕ ਘਾਟ ਜ਼ਰੂਰ ਉਹਨਾਂ ਨੂੰ ਰੜਕ ਰਹੀ ਸੀ। ਰਿਹਾਈ ਦੀ ਖ਼ਬਰ ਸੁਣਦਿਆਂ ਹੀ ਕੁਝ ਮਿੱਤਰ ਉਹਨਾਂ ਦੁਆਲੇ ਮੰਡਰਾਉਣ ਲੱਗੇ ਸਨ। ਜੇਲ੍ਹ ਦੀ ਰੀਤ ਅਨੁਸਾਰ ਪਾਲੇ ਅਤੇ ਮੀਤੇ ਨੇ ਆਪਣਾ ਵਾਧੂ-ਘਾਟੂ ਸਾਮਾਨ ਉਹਨਾਂ ਦੇ ਹਵਾਲੇ ਕਰਨਾ ਸੀ। ਭਾਵੇਂ ਉਹਨਾਂ ਦੇ ਪ੍ਰਸੰਸਕਾਂ ਦੀ ਗਿਣਤੀ ਬਹੁਤੀ ਨਹੀਂ ਸੀ ਪਰ ਉਹਨਾਂ ਕੋਲ ਦੇਣ ਲਈ ਕੱਖ ਵੀ ਨਹੀਂ ਸੀ।

ਜੇ ਉਹਨਾਂ ਵਿਚੋਂ ਵੀ ਕੋਈ ਭਦੌੜੀਆ ਵੈਲੀ, ਸੇਠ ਹਜ਼ਾਰੀ ਲਾਲ ਜਾਂ ਭਿੰਦਾ ਬਦਮਾਸ਼ ਹੁੰਦਾ ਤਾਂ ਉਹਨਾਂ ਕੋਲ ਵੀ ਵੰਡਣ ਲਈ ਢੇਰ ਸਾਰਾ ਸਾਮਾਨ ਹੁੰਦਾ। ਇਹਨਾਂ ਦਾ ਕੋਈ ਨਾ ਕੋਈ ਰਿਸ਼ਤੇਦਾਰ ਮੁਲਾਕਾਤ ਲਈ ਆਇਆ ਹੀ ਰਹਿੰਦਾ ਸੀ। ਆਇਆ ਰਿਸ਼ਤੇਦਾਰ ਢੇਰ ਸਾਰਾ ਸਾਮਾਨ ਵੀ ਲਿਆਉਂਦਾ ਸੀ। ਕੁਝ ਚੀਜ਼ਾਂ ਇਹ ਖਾ-ਪੀ ਲੈਂਦੇ, ਕੁਝ ਬਚ ਰਹਿੰਦੀਆਂ ਸਨ। ਤੇਲ, ਸਾਬਣ, ਘਿਉ, ਅਚਾਰ, ਬਿਸਕੁਟ ਜਾਂ ਬੀੜੀ ਸਿਗਰਟ ਵੀ ਭਲਾ ਨਾਲ ਲੈ ਕੇ ਜਾਣ ਵਾਲੀ ਚੀਜ਼ ਹੈ ? ਕੋਈ ਬਾਹਰ ਲੈ ਕੇ ਜਾਣ ਦੀ ਕੋਸ਼ਿਸ਼ ਵੀ ਕਰੇ ਤਾਂ ਵੀ ਜੇਲ੍ਹ ਅਧਿਕਾਰੀ ਇੱਲਾਂ ਵਾਂਗ ਝਪਟ ਪੈਣਗੇ। ਇਹ ਚੀਜ਼ਾਂ ਬਖ਼ਸ਼ੀਸ਼ ਦੇ ਬਹਾਨੇ ਧੱਕੇ ਨਾਲ ਹੀ ਜ਼ਬਤ ਕਰ ਲੈਣਗੇ। ਜੇਲ੍ਹ ਅਧਿਕਾਰੀਆਂ ਦੀ ਥਾਂ ਫੇਰ ਕਿਉਂ ਨਾ ਮਿੱਤਰਾਂ ਨੂੰ ਹੀ ਖ਼ੁਸ਼ ਕੀਤਾ ਜਾਵੇ ? ਭਿੰਦਾ ਤਾਂ ਆਪਣੇ ਚਾਪਲੂਸਾਂ ਨੂੰ ਪੀਪੇ, ਪਰਨੇ ਅਤੇ ਰਜ਼ਾਈ, ਕੰਬਲ ਵੀ ਦੇ ਗਿਆ ਸੀ।

ਪਾਲਾ ਅਤੇ ਮੀਤਾ ਖ਼ੁਦ ਬਖ਼ਸ਼ੀਸ਼ 'ਤੇ ਦਿਨ ਕੱਟਦੇ ਸਨ। ਉਹਨਾਂ ਨੂੰ ਤਾਂ ਕਦੇ ਬਾਹਰੋਂ ਬਹੁਤਾ ਸਾਮਾਨ ਆਇਆ ਹੀ ਨਹੀਂ ਸੀ।

ਪੰਦਰਾਂ ਦਿਨਾਂ ਬਾਅਦ ਪਾਲੇ ਅਤੇ ਮੀਤੇ ਦੀ ਰੂਹ-ਨੁਮਾਈ ਦੀ ਪੇਸ਼ੀ ਪੈਂਦੀ ਸੀ। ਪੇਸ਼ੀ ਵਾਲੇ ਦਿਨ ਉਹਨਾਂ ਨੂੰ ਅਦਾਲਤ ਵਿਚ ਲਿਜਾਇਆ ਜਾਂਦਾ ਸੀ।

ਹਵਾਲਾਤੀਆਂ ਨਾਲ ਭਰੀ ਬੱਸ ਸਵੇਰੇ ਦਸ ਵਜੇ ਕਚਹਿਰੀ ਪੁੱਜ ਜਾਂਦੀ ਸੀ। ਪੇਸ਼ੀ ਬਾਅਦ ਦੁਪਹਿਰ ਨੂੰ ਪੈਂਦੀ ਸੀ। ਛੋਟੇ-ਮੋਟੇ ਜੁਰਮਾਂ ਵਾਲਿਆਂ ਨੂੰ ਦਰੱਖ਼ਤ ਹੇਠ ਬਿਠਾ ਦਿੱਤਾ ਜਾਂਦਾ। ਉਹਨਾਂ ਨੂੰ ਕਚਹਿਰੀ ਵਿਚ ਬਣੇ ਹਵਾਲਾਤ ਵਿਚ ਬੰਦ ਕੀਤਾ ਜਾਂਦਾ। ਹਵਾਲਾਤੀ ਕਿਸੇ ਤਰ੍ਹਾਂ

ਦਾ ਵੀ ਹੁੰਦਾ, ਮੁਲਾਕਾਤੀ ਨੂੰ ਪਰੇਸ਼ਾਨੀ ਨਹੀਂ ਸੀ ਹੁੰਦੀ। ਸਿਪਾਹੀਆਂ ਨੂੰ ਚਾਹ ਦਾ ਕੱਪ ਪਿਆ ਕੇ ਜਾਂ ਚਾਰ ਕੇਲੇ ਖਵਾ ਕੇ ਹੀ ਸਰ ਜਾਂਦਾ ਸੀ।

ਪਾਲੇ ਦੇ ਘਰ ਦੇ ਉਸ ਨੂੰ ਕਚਹਿਰੀ ਹੀ ਮਿਲਦੇ ਸਨ।

ਇਕ ਪਾਸੇ ਮਾਪੇ ਗ਼ਰੀਬ, ਦੂਜੇ ਪਾਸੇ ਮਿਲਣ ਵਾਲੇ ਸਾਮਾਨ ਦੇ ਹਿੱਸੇ ਪਾਉਣ ਵਾਲੇ ਦੋ। ਘਰੋਂ ਆਇਆ ਸਾਮਾਨ ਦੋ ਦਿਨਾਂ ਵਿਚ ਹੀ ਮੁੱਕ ਜਾਂਦਾ। ਬਾਕੀ ਦੇ ਦਿਨ ਫਾਕਿਆਂ ਦੇ ਹੁੰਦੇ।

ਜਿਹੋ ਜਿਹੇ ਉਹ, ਉਹੋ ਜਿਹੇ ਉਹਨਾਂ ਦੇ ਝੋਲੀ-ਚੁੱਕ। ਦੇਬੂ ਭਈਏ, ਬਹਾਦਰ ਪਹਾੜੀਏ ਜਾਂ ਸੋਨੂੰ ਸੁਨਿਆਰ ਨੂੰ ਉਹਨਾਂ ਤੋਂ ਬਹੁਤੀਆਂ ਆਸਾਂ ਨਹੀਂ ਸਨ। ਪਰ ਉਹਨਾਂ ਨੂੰ ਰੌਸ਼ਨੀ ਦੀ ਕਿਸੇ ਕਿਰਨ ਦੀ ਆਸ ਰੱਖਣਾ ਵੀ ਗੁਨਾਹ ਨਹੀਂ ਸੀ ਲੱਗਦਾ।

ਪਾਲਾ ਅਤੇ ਮੀਤਾ ਜੇ ਘਿਓ, ਪਿੰਨੀਆਂ ਜਾਂ ਰਜ਼ਾਈ ਕੰਬਲ ਦੇਣ ਜੋਗੇ ਨਹੀਂ ਤਾਂ ਇਸ ਦਾ ਇਹ ਮਤਲਬ ਵੀ ਨਹੀਂ ਕਿ ਉਹ ਬਿਨਾਂ ਹੱਥ ਝਾੜੇ ਹੀ ਤੁਰ ਜਾਣਗੇ। ਉਹ ਵੀ ਜੇਲ੍ਹ ਦੀ ਰੀਤ ਨਿਭਾਉਣਗੇ ਤੇ ਮਿੱਤਰਾਂ ਨੂੰ ਕੋਈ ਨਾ ਕੋਈ ਨਿਸ਼ਾਨੀ ਦੇ ਕੇ ਜਾਣਗੇ। ਉਹਨਾਂ ਦੇ ਦੋਸਤਾਂ ਵਿਚ ਦੇਬੂ ਭਈਏ ਦੀ ਹਾਲਤ ਸਭ ਤੋਂ ਭੈੜੀ ਸੀ। ਉਹ ਤਿੰਨ ਸਾਲ ਤੋਂ ਜੇਲ੍ਹ ਵਿਚ ਸੀ। ਉਸ ਦੇ ਕੱਪੜੇ ਕਦੋਂ ਦੇ ਲੀਰੋ-ਲੀਰ ਹੋ ਕੇ ਉਸ ਦੇ ਸਰੀਰ ਦਾ ਸਾਥ ਛੱਡ ਗਏ ਸਨ। ਨੰਗੇਜ਼ ਢੱਕਣ ਲਈ ਉਸ ਦੇ ਸਰੀਰ ’ਤੇ ਇਕ ਕੱਛਾ ਬਾਕੀ ਸੀ। ਉਹ ਵੀ ਘਸ ਚੁੱਕਾ ਸੀ ਤੇ ਕਿਸੇ ਵੀ ਸਮੇਂ ਆਪਣਾ ਫ਼ਰਜ਼ ਨਿਭਾਉਣ ਤੋਂ ਨਾਂਹ ਕਰ ਸਕਦਾ ਸੀ। ਸ਼ੇਵ ਕਰਿਆਂ ਸਾਲ ਹੋ ਗਿਆ ਸੀ। ਵਾਲਾਂ ਨੂੰ ਤੇਲ ਨਸੀਬ ਨਹੀਂ ਸੀ ਹੋਇਆ। ਉਸ ਦੇ ਕਾਲੇ ਘੁੰਗਰਾਲੇ ਵਾਲ ਭੂਰੇ ਚਿੱਟੇ ਹੋ ਗਏ ਸਨ। ਰੰਗ ਉਸ ਦਾ ਪਹਿਲਾਂ ਹੀ ਕਾਲਾ ਸੀ। ਨੰਗੇ ਪਿੰਡੇ ’ਤੇ ਪੈਂਦੀ ਧੁਪ ਨੇ ਉਸ ਨੂੰ ਹੋਰ ਗੂੜ੍ਹਾ ਕਰ ਦਿੱਤਾ ਸੀ। ਦੇਬੂ ਨੂੰ ਕਦੇ ਰੱਜਵੀਂ ਰੋਟੀ ਨਹੀਂ ਸੀ ਮਿਲੀ। ਉਪਰੋਂ ਹੱਡ-ਭੰਨਵੀਂ ਮੁਸ਼ੱਕਤ। ਉਸ ਦਾ ਗਠਵਾਂ ਸਰੀਰ ਹੱਡੀਆਂ ਦਾ ਢਾਂਚਾ ਬਣ ਚੁੱਕਾ ਸੀ। ਭੂਤ-ਪ੍ਰੇਤ ਲੱਗਦੇ ਇਸ ਦੇਬੂ ਨੂੰ ਉਹਨਾਂ ਦੇ ਰਹਿਮ ਦੀ ਸਭ ਤੋਂ ਵੱਧ ਜ਼ਰੂਰਤ ਸੀ।

ਗ੍ਰਿਫ਼ਤਾਰੀ ਸਮੇਂ ਪੁਲਿਸ ਨੇ ਪਾਲੇ ਅਤੇ ਮੀਤੇ ਨੂੰ ਨਵੇਂ ਕੱਪੜੇ ਸਿਲਾ ਕੇ ਦਿੱਤੇ ਸਨ। ਇਕ-ਇਕ ਜੁੱਤੀ ਅਤੇ ਪੱਗ ਵੀ ਲੈ ਕੇ ਦਿੱਤੀ ਸੀ। ਪਾਲੇ ਅਤੇ ਮੀਤੇ ਨੂੰ ਸਾਰੀ ਉਮਰ ਅਜਿਹੇ ਕੱਪੜੇ ਨਸੀਬ ਨਹੀਂ ਸਨ ਹੋਏ। ਜੇਲ੍ਹ ਵੜਦਿਆਂ ਹੀ ਉਹਨਾਂ ਇਹ ਸੰਭਾਲ ਕੇ ਰੱਖ ਲਏ ਸਨ। ਇਕ ਵਾਰ ਵੀ ਨਹੀਂ ਸੀ ਪਾਏ। ਅੱਜ ਖ਼ੁਸ਼ੀ ਦਾ ਮੌਕਾ ਸੀ, ਉਹਨਾਂ ਇਹੋ ਕੱਪੜੇ ਪਹਿਨੇ ਸਨ। ਪੁਰਾਣੇ ਕੱਪੜੇ ਉਹ ਦੇਬੂ ਨੂੰ ਦੇਣਗੇ। ਮੀਤੇ ਨੇ ਆਪਣੀ ਪੁਰਾਣੀ ਪੈਂਟ ਦੇਬੂ ਦੇ ਹਵਾਲੇ ਕਰ ਦਿੱਤੀ, ਨਾਲ ਹਵਾਈ ਚੱਪਲਾਂ ਦਾ ਜੋੜਾ ਵੀ। ਪਾਲੇ ਨੇ ਸਾਬਣ ਦੀ ਅੱਧੀ ਟਿੱਕੀ ਅਤੇ ਤੇਲ ਵਾਲੀ ਸ਼ੀਸ਼ੀ ਉਸ ਦੇ ਹਵਾਲੇ ਕੀਤੀ। ਯਾਰਾਂ ਦੇ ਰਿਹਾਅ ਹੋਣ ਦੀ ਖ਼ੁਸ਼ੀ ਵਿਚ ਉਹ ਵੀ ਮਾਲਸ਼ਾਂ ਕਰੇ, ਮਲ-ਮਲ ਨਹਾਏ ਤੇ ਬੋਦਿਆਂ ਨੂੰ ਤੇਲ ਨਾਲ ਲਿਸ਼ਕਾਏ।

ਬਹਾਦਰ ਦੋ ਸਾਲ ਤੋਂ ਅੰਦਰ ਸੀ। ਉਹ ਨਿਪਾਲੀ ਪਹਾੜੀਆ ਸੀ। ਸਾਰੀ ਉਮਰ ਉਸ ਨੇ ਅਫ਼ਸਰਾਂ ਦੇ ਘਰਾਂ ਵਿਚ ਨੌਕਰੀ ਕੀਤੀ ਸੀ। ਬਣ-ਸੰਵਰ ਕੇ ਰਹਿਣ ਦਾ ਸ਼ੌਕੀਨ ਸੀ। ਜਦੋਂ ਜੇਲ੍ਹ ਆਇਆ ਸੀ ਤਾਂ ਰੰਗ ਗੋਰਾ-ਨਿਛੋਹ ਅਤੇ ਸਰੀਰ ਗਠਵਾਂ ਸੀ। ਹੁਣ ਉਸ ਦੀ ਅਤੇ ਦੇਬੂ ਦੀ ਹਾਲਤ ਵਿਚ ਉੱਨੀ-ਇੱਕੀ ਦਾ ਫ਼ਰਕ ਸੀ। ਜਦੋਂ ਜੇਲ੍ਹ ਸੁਪਰਡੈਂਟ ਦਾ ਨੌਕਰ ਛੁੱਟੀ ਗਿਆ ਹੁੰਦਾ ਤਾਂ ਉਸ ਨੂੰ ਉਸ ਦੀ ਕੋਠੀ ਜਾਣ ਦਾ ਮੌਕਾ ਮਿਲਦਾ। ਇਸ ਸੁਨਹਿਰੀ ਮੌਕੇ ਦਾ ਉਹ ਭਰਪੂਰ ਫ਼ਾਇਦਾ ਉਠਾਉਂਦਾ। ਸ਼ੈਂਪੂ ਨਾਲ ਨਹਾਉਂਦਾ ਤੇ ਨਾਰੀਅਲ ਦਾ ਤੇਲ ਝੱਸਦਾ। ਰੱਜ ਕੇ ਖਾਂਦਾ। ਕਈ-ਕਈ ਦਿਨ ਬਾਬੂ ਬਣਿਆ ਰਹਿੰਦਾ। ਪਾਲੇ ਨੂੰ ਮਹਿਸੂਸ ਹੋਇਆ ਜਿਵੇਂ ਇਸ



ਸ਼ੌਕੀਨ ਪੁੱਤ ਨੂੰ ਕੰਘੇ-ਸ਼ੀਸ਼ੇ ਦੀ ਸਭ ਤੋਂ ਵੱਧ ਜ਼ਰੂਰਤ ਸੀ। ਉਸ ਨੇ ਆਪਣਾ ਛੋਟਾ ਕੰਘਾ ਅਤੇ ਜੇਬੀ ਸ਼ੀਸ਼ਾ ਉਸ ਨੂੰ ਸੰਭਾਲ ਦਿੱਤਾ।

ਸੋਨੂੰ ਨੂੰ ਜੇਲ੍ਹ ਆਇਆਂ ਚਾਰ ਮਹੀਨੇ ਹੋਏ ਸਨ। ਅਲ੍ਹੜਾਂ ਜਿਹਾ ਇਹ ਮੁੰਡਾ ਕੁੜੀਆਂ ਵਰਗਾ ਸੀ। ਉਸ ਨਾਲ ਛੇੜ-ਛਾੜ ਕਰਨਾ ਅਤੇ ਉਸ ਨੂੰ ਚੁੰਮਣਾ-ਚੱਟਣਾ ਹਰ ਕੋਈ ਆਪਣਾ ਹੱਕ ਸਮਝਦਾ ਸੀ। ਕੈਦੀ ਬਿਨ ਮੰਗਿਆਂ ਹੀ ਉਸ ਅੱਗੇ ਚੀਜ਼ਾਂ ਦਾ ਢੇਰ ਲਾ ਦਿੰਦੇ ਸਨ। ਖਾਣ-ਪੀਣ ਜਾਂ ਪਹਿਨਣ-ਪੱਚਰਨ ਦੀ ਉਸ ਨੂੰ ਕੋਈ ਘਾਟ ਨਹੀਂ ਸੀ।

ਉਸ ਨੂੰ ਇਕ ਵਾਅਦਾ ਚਾਹੀਦਾ ਸੀ। ਦਿਲੋਂ ਕੀਤਾ ਵਾਅਦਾ।

“ਬਾਈ, ਕਿਵੇਂ ਨਾ ਕਿਵੇਂ ਮੈਨੂੰ ਇਸ ਨਰਕ ’ਚੋਂ ਬਾਹਰ ਕੱਢੋ। ਜਿਹੜਾ ਵੀ ਖ਼ਰਚ ਹੋਊ, ਉਸ ਤੋਂ ਦੁੱਗਣਾ ਮੈਂ ਬਾਹਰ ਆ ਕੇ ਦੇ ਦੂੰ।” ਰੋ-ਰੋ ਹੰਭ ਚੁੱਕਾ ਸੋਨੂੰ ਮੀਤੇ ਦਾ ਹੱਥ ਫੜ ਕੇ ਵਾਰ-ਵਾਰ ਡਡਿਆਉਣ ਲੱਗਦਾ।

“ਤੂੰ ਫ਼ਿਕਰ ਨਾ ਕਰ। ਬਾਹਰ ਜਾਂਦਾ ਹੀ ਪਹਿਲਾਂ ਮੈਂ ਆਪਣੇ ਵਕੀਲ ਨੂੰ ਆਖ ਕੇ ਤੇਰੀ ਜ਼ਮਾਨਤ ਦੀ ਦਰਖ਼ਾਸਤ ਦਿਵਾਊਂ। ਦੋ-ਚਾਰ ਦਿਨਾਂ ਤਕ ਤੂੰ ਵੀ ਬਾਹਰ ਹੋਏਂਗਾ।” ਸੋਨੂੰ ਦਾ ਹੱਥ ਘੁੱਟਦਾ, ਉਸ ਦੇ ਹੰਝੂ ਪੂੰਝਦਾ ਮੀਤਾ ਉਸ ਨੂੰ ਵਿਸ਼ਵਾਸ ਦਿਵਾਉਂਦਾ।

ਸੋਨੂੰ ਉਸ ਦੀਆਂ ਗੱਲਾਂ ’ਤੇ ਵਿਸ਼ਵਾਸ ਕਰੇ ਜਾਂ ਨਾ, ਉਸ ਨੂੰ ਸਮਝ ਨਾ ਆਉਂਦੀ। ਜੇਲ੍ਹੋਂ ਜਾਂਦਾ ਹਰ ਕੈਦੀ ਉਸ ਨਾਲ ਇਹੋ ਵਾਅਦਾ ਕਰਦਾ ਸੀ। ਸੋਨੂੰ ਵਾਅਦੇ ’ਤੇ ਵਿਸ਼ਵਾਸ ਕਰਦਾ ਸੀ। ਸਾਰਾ ਦਿਨ ਡਿਉੜੀ ਵੱਲ ਤੱਕਦਾ ਸੀ। ਰਿਹਾਈ ਲਈ ਪੈਣ ਵਾਲੀ ਆਵਾਜ਼ ਨੂੰ ਉਡੀਕਦਾ ਸੀ।

ਉਸ ਨੂੰ ਜਾਗਦੇ ਨੂੰ ਹੀ ਸੁਪਨੇ ਆਉਣ ਲੱਗਦੇ। ਕਦੇ ਲੱਗਦਾ, ਉਸ ਲਈ ਚੋਟੀ ਦਾ ਵਕੀਲ ਕੀਤਾ ਗਿਐ। ਵਕੀਲ ਉਸ ਲਈ ਧੂੰਆਂਧਾਰ ਬਹਿਸ ਕਰ ਰਿਹੈ। ਜੱਜ ਨੇ ਸੋਨੂੰ ਨੂੰ ਬਰੀ ਕਰ ਦਿੱਤੈ। ਦੇਵ-ਪੁਰਸ਼ ਬਣਿਆ ਕੈਦੀ ਉਸ ਨੂੰ ਕਾਲ-ਕੋਠੜੀ ਵਿਚੋਂ ਬਾਹਰ ਲੈ ਕੇ ਜਾ ਰਿਹੈ। ਉਹ ਆਪਣੇ ਜਮਾਤੀਆਂ ’ਚ ਖੇਡ ਰਿਹੈ, ਪੜ੍ਹ ਰਿਹੈ, ਗਲੀਆਂ-ਬਜ਼ਾਰਾਂ ਵਿਚ ਘੁੰਮ ਰਿਹੈ, ਗੋਲ-ਗੱਪੇ ਖਾ ਰਿਹੈ, ਦੁਪਹਿਰ ਤਕ ਘੂਕ ਸੁੱਤਾ ਪਿਐ।

ਉਸ ਨੂੰ ਕੀ ਪਤਾ ਹੁੰਦਾ, ਬਾਹਰ ਗਿਆ ਕੈਦੀ ਉਸ ਨੂੰ ਭੁੱਲ ਗਿਐ। ਵਕੀਲਾਂ ਦੀਆਂ ਫ਼ੀਸਾਂ, ਜ਼ਾਮਨਾਂ ਦੀ ਵਗਾਰਾਂ ਤੋਂ ਉਹ ਡਰ ਗਿਐ। ਉਸ ਦਾ ਖ਼ੁਦ ਦਾ ਹੀ ਖਹਿੜਾ ਮਸਾਂ ਛੁੱਟੈ। ਉਸ ਨੇ ਕਿਸੇ ਤੋਂ ਕੀ ਲੈਣੈ ?

ਜਿਉਂ-ਜਿਉਂ ਦਿਨ ਲੰਘਦੇ ਜਾਂਦੇ, ਤਿਉਂ-ਤਿਉਂ ਉਸ ਦੇ ਸੁਪਨੇ ਖੇਰੂੰ-ਖੇਰੂੰ ਹੁੰਦੇ ਜਾਂਦੇ।

ਇੰਨੇ ਵਿਚ ਕਿਸੇ ਹੋਰ ਦੀ ਰਿਹਾਈ ਆ ਜਾਂਦੀ। ਪਹਿਲੇ ਕੈਦੀ ਦੀ ਆਸ ਛੱਡ ਕੇ ਉਹ ਨਵੇਂ ਕੈਦੀ ’ਤੇ ਆਸ ਲਾ ਲੈਂਦਾ।

ਇਹ ਆਸ ਉਹ ਹੁਣ ਪਾਲੇ ਅਤੇ ਮੀਤੇ ’ਤੇ ਲਾਉਣਾ ਚਾਹੁੰਦਾ ਸੀ।

ਜਿਸ ਗਰਮ-ਜੋਸ਼ੀ ਨਾਲ ਉਹ ਸੋਨੂੰ ਨੂੰ ਯਕੀਨ ਦਿਵਾ ਰਹੇ ਸਨ, ਉਸ ਤੋਂ ਦੇਬੂ ਅਤੇ ਬਹਾਦਰ ਦੇ ਮੂੰਹ ਵਿਚ ਲਾਲਾਂ ਟਪਕ ਪਈਆਂ। ਕਿਉਂ ਨਾ ਇਹੋ ਸਵਾਲ ਉਹ ਵੀ ਪਾ ਦੇਣ।

ਪਾਲੇ ਅਤੇ ਮੀਤੇ ਨੂੰ ਤਿੰਨਾਂ ਨਾਲ ਹਮਦਰਦੀ ਸੀ। ਉਹਨਾਂ ਵਾਂਗ ਤਿੰਨਾਂ ਨਾਲ ਧੱਕਾ ਹੋਇਆ ਸੀ। ਉਹਨਾਂ ਲਈ ਪਾਲਾ ਅਤੇ ਮੀਤਾ ਜੋ ਕੁਝ ਵੀ ਕਰ ਸਕੇ, ਉਹ ਜ਼ਰੂਰ ਕਰਨਗੇ।

ਸੋਨੂੰ, ਦੇਬੂ ਅਤੇ ਬਹਾਦਰ ਨੇ ਪਾਲੇ ਅਤੇ ਮੀਤੇ ਦੀ ਰਿਹਾਈ ਲਈ ਸੁੱਖਾਂ ਸੁੱਖੀਆਂ। ਉਹ ਉਹਨਾਂ ਨੂੰ ਡਿਉੜੀ ਤਕ ਵਿਦਾ ਕਰਨ ਆਏ। ਵਾਰ-ਵਾਰ ਉਨਾਂ ਵਧਾਈ ਦਿੱਤੀ ਅਤੇ ਮੁੜ-ਮੁੜ

ਵਾਅਦੇ ਯਾਦ ਕਰਾਏ।

ਪਰ ਸ਼ਾਮ ਨੂੰ ਉਹ ਮੂੰਹ ਲਟਕਾਈ ਵਾਪਸ ਆ ਗਏ।

ਸਾਰੀ ਬੈਰਕ ਵਿਚ ਸੰਨਾਟਾ ਛਾ ਗਿਆ। ਦੇਬੂ, ਸੋਨੂੰ ਅਤੇ ਬਹਾਦਰ ਪੀਲੇ ਭੂਕ ਹੋ ਗਏ।

"ਚਾਚਾ ਭਦੌੜੀਆ ਸੱਚ ਆਖਦਾ ਸੀ.....ਕਹਿੰਦੇ ਪੁਲਿਸ ਨੇ ਕੱਲ੍ਹ ਚਲਾਨ ਪੇਸ਼ ਕਰਤਾ।" ਸਾਥੀਆਂ ਦੇ ਚਿਹਰਿਆਂ 'ਤੇ ਉਕਰੇ ਪ੍ਰਸ਼ਨ ਦਾ ਉੱਤਰ ਮੀਤੇ ਨੇ ਦਿੱਤਾ।

"ਮਾਰੇ ਗਏ.....।" ਦੇਬੂ ਅਤੇ ਬਹਾਦਰ ਦੇ ਮੂੰਹੋਂ ਇਕੋ ਸਮੇਂ ਨਿਕਲਿਆ।

"ਘਬਰਾਓ ਨਾ। ਬਾਹਰ ਸੰਘਰਸ਼ ਸੰਮਤੀ ਬਣ ਗਈ ਹੈ.....ਉਸ ਨੇ ਸਾਡੇ ਕੇਸ ਲੜਨ ਲਈ ਤਿੰਨ ਵਕੀਲਾਂ ਦੀ ਕਮੇਟੀ ਬਣਾਈ ਹੈ.....ਵਕੀਲਾਂ ਨੇ ਸਾਨੂੰ ਆਖਿਐ ਉਹ ਸਾਡਾ ਹੀ ਨਹੀਂ, ਉਹਨਾਂ ਸਭਨਾਂ ਦਾ ਕੇਸ ਲੜਨਗੇ ਜਿਨ੍ਹਾਂ ਨਾਲ ਧੱਕਾ ਹੋਇਆ.....ਮੈਂ ਦੇਬੂ, ਸੋਨੂੰ ਅਤੇ ਬਹਾਦਰ ਦਾ ਨਾਂ ਲਿਖਾ ਆਇਆਂ.....ਉਹ ਇਹਨਾਂ ਦੀ ਪੈਰਵਾਈ ਵੀ ਕਰਨਗੇ.....ਸਾਰਾ ਖ਼ਰਚਾ ਸੰਮਤੀ ਕਰੇਗੀ.....ਕਿਸੇ ਹੋਰ ਨੂੰ ਸੰਮਤੀ ਦੀ ਜ਼ਰੂਰਤ ਹੋਵੇ ਤਾਂ ਨਾਮ ਲਿਖਾ ਸਕਦੈ.....।"

ਸਾਥੀਆਂ ਦਾ ਦਿਲ ਰੱਖਣ ਅਤੇ ਭਦੌੜੀਏ ਦੀਆਂ ਟਿੱਚਰਾਂ ਤੋਂ ਬਚਣ ਲਈ ਪਾਲੇ ਨੇ ਛੋਟਾ ਜਿਹਾ ਲੈਕਚਰ ਝਾੜਿਆ।

ਭਦੌੜੀਆ ਟਿੱਚਰਾਂ ਦੇ ਮੂਡ ਵਿਚ ਨਹੀਂ ਸੀ। ਉਹ ਤਾਂ ਮੁੰਡਿਆਂ ਦੇ ਭੋਲੇਪਣ 'ਤੇ ਸਭ ਤੋਂ ਵੱਧ ਉਦਾਸ ਸੀ।



# 11

ਐਡੀਸ਼ਨਲ ਸੈਸ਼ਨ ਜੱਜ ਸਤਿੰਦਰ ਨਾਥ ਸਮੇਂ ਦਾ ਬੜਾ ਪਾਬੰਦ ਸੀ। ਦਸ ਵੱਜਣ ਤੋਂ ਪੰਜ ਮਿੰਟ ਪਹਿਲਾਂ ਹੀ ਉਹ ਕੁਰਸੀ ਸੰਭਾਲ ਲੈਂਦਾ।

ਪਹਿਲਾਂ ਜ਼ਮਾਨਤ ਦੀਆਂ ਦਰਖ਼ਾਸਤਾਂ ਦੀ ਸੁਣਵਾਈ ਹੁੰਦੀ। ਇਹ ਸੁਣਵਾਈ ਦੋਸ਼ੀਆਂ ਲਈ ਬੜੀ ਅਹਿਮ ਸੀ। ਇਸੇ ਸੁਣਵਾਈ ਦੌਰਾਨ ਇਹ ਫ਼ੈਸਲਾ ਹੁੰਦਾ ਸੀ ਕਿ ਮਹੀਨਿਆਂ ਤੋਂ ਜੇਲ੍ਹ 'ਚ ਸੜ ਰਹੇ ਦੋਸ਼ੀ ਨੇ ਬਾਹਰ ਆਉਣਾ ਹੈ ਜਾਂ ਜੇਲ੍ਹ ਦੀਆਂ ਹੋਰ ਰੋਟੀਆਂ ਖਾਣੀਆਂ ਸਨ। ਦੋਸ਼ੀ ਨੇ ਪੇਸ਼ਗੀ ਜ਼ਮਾਨਤ ਕਰਵਾ ਕੇ ਸੁਰਖ਼ਰੂ ਹੋਣਾ ਸੀ ਜਾਂ ਪੁਲਿਸ ਹੱਥੋਂ ਹੋਰ ਜ਼ਲੀਲ ਹੋਣਾ ਸੀ।

ਨਾਥ ਦੀ ਅਦਾਲਤ ਵਿਚ ਸੁਣਵਾਈ ਲਈ ਇਕੋ ਆਵਾਜ਼ ਪੈਂਦੀ ਸੀ। ਜਿਹੜਾ ਵਕੀਲ ਹਾਜ਼ਰ, ਉਸ ਦੀ ਦਰਖ਼ਾਸਤ 'ਤੇ ਫ਼ੈਸਲਾ ਵੀ ਝੱਟਪਟ। ਜਿਹੜਾ ਵਕਤੋਂ ਖੁੰਝ ਗਿਆ, ਉਸ ਦੀ ਸੁਣਵਾਈ ਅਗਲੇ ਮਹੀਨੇ।

ਜਿਹਾ ਰਾਜਾ ਤਿਹੀ ਪਰਜਾ। ਨਾਥ ਜੇ ਪੰਜ ਮਿੰਟ ਪਹਿਲਾ ਆਉਂਦਾ ਸੀ ਤਾਂ ਵਕੀਲਾਂ ਨੂੰ ਪੰਦਰਾਂ ਮਿੰਟ ਪਹਿਲਾਂ ਆਉਣਾ ਪੈਂਦਾ ਸੀ। ਡਰੇ ਸਾਇਲ ਨੂੰ ਸੂਰਜ ਚੜ੍ਹਨ ਤੋਂ ਵੀ ਪਹਿਲਾਂ ਅਦਾਲਤ ਅੱਗੇ ਧਰਨਾ ਦੇਣਾ ਪੈਂਦਾ ਸੀ।

ਆਮ ਦਿਨਾਂ ਨਾਲੋਂ ਉਲਟ ਨਾਥ ਅੱਜ ਇਕ ਘੰਟਾ ਲੇਟ ਸੀ। ਸੁਣਵਾਈ ਲਈ ਲੱਗੀਆਂ ਦਰਖ਼ਾਸਤਾਂ ਵੀ ਢੇਰ ਸਾਰੀਆਂ ਸਨ। ਇਕ-ਇਕ ਕਰਕੇ ਫ਼ੌਜਦਾਰੀ ਦੇ ਬਹੁਤੇ ਵਕੀਲ ਕੋਰਟ-ਰੂਮ ਵਿਚ ਪੁੱਜ ਚੁੱਕੇ ਸਨ।

ਹੇਠਲੀਆਂ ਅਦਾਲਤਾਂ ਵਿਚ ਕੰਮ ਸ਼ੁਰੂ ਹੋ ਚੁੱਕਾ ਸੀ। ਵਕੀਲਾਂ ਨੂੰ ਆਵਾਜ਼ਾਂ 'ਤੇ ਆਵਾਜ਼ਾਂ ਪੈ ਰਹੀਆਂ ਸਨ। ਕਈ ਵਕੀਲਾਂ ਨੂੰ ਕਈ-ਕਈ ਬੁਲਾਵੇ ਆ ਚੁੱਕੇ ਸਨ।

ਇਕ ਪਾਸੇ ਮੈਜਿਸਟ੍ਰੇਟ ਸਾਇਲਾਂ ਨੂੰ ਝਈਆਂ ਲੈ-ਲੈ ਪੈਂਦਾ। ਦੂਜੇ ਪਾਸੇ ਵਕੀਲ ਸੈਸ਼ਨ ਕੋਰਟ ਵਿਚੋਂ ਨਿਕਲਣ ਦਾ ਨਾਂ ਨਾ ਲੈਂਦੇ। ਹੇਠਲੀ ਅਦਾਲਤ ਦਾ ਕੀ ਸੀ ? ਸੁਣਵਾਈ ਘੰਟਾ ਠਹਿਰ ਕੇ ਵੀ ਸ਼ੁਰੂ ਹੋ ਸਕਦੀ ਸੀ। ਵਕੀਲ ਜੇ ਇਕ ਵਾਰ ਸੈਸ਼ਨ ਕੋਰਟ ਵਿਚੋਂ ਨਿਕਲ ਗਿਆ ਤਾਂ ਪਿੱਛੋਂ ਜੱਜ ਆ ਗਿਆ ਤਾਂ ਉਸ ਦੇ ਸਾਇਲ ਦਾ ਕੂੰਡਾ ਹੋ ਜਾਣਾ ਸੀ। ਵਕੀਲ ਦੇ ਮੁੜਨ ਤਕ ਦਰਖ਼ਾਸਤ ਖ਼ਾਰਜ ਹੋ ਚੁੱਕੀ ਹੋਣੀ ਸੀ ਅਤੇ ਸਾਇਲ ਕਿਸੇ ਹੋਰ ਵਕੀਲ ਦੇ ਫੱਟੇ 'ਤੇ ਬੈਠ ਚੁੱਕਾ ਹੋਣਾ ਸੀ। ਕੋਈ ਵੀ ਵਕੀਲ ਕਿਸੇ ਕਿਸਮ ਦਾ ਜ਼ੋਖ਼ਮ ਉਠਾਉਣ ਨੂੰ ਤਿਆਰ ਨਹੀਂ ਸੀ।

ਕੜਿੱਕੀ 'ਚ ਫਸਿਆ ਸਾਇਲ ਬਾਹਰ ਹੀ ਖੜ੍ਹੋ ਜਾਂਦਾ। ਜੋ ਹੋਏਗੀ, ਦੇਖੀ ਜਾਏਗੀ। ਵਕੀਲ ਬਿਨਾਂ ਉਹ ਵਾਪਸ ਨਹੀਂ ਜਾਏਗਾ। ਸਾਇਲ ਫੈਸਲਾ ਕਰਦਾ ।

ਕੋਰਟ ਰੂਮ ਵਿਚ ਵਕੀਲਾਂ ਅਤੇ ਬਾਹਰ ਸਾਇਲਾਂ ਦਾ ਇਕੱਠ ਬੱਝਣ ਲੱਗਾ।

ਵਕੀਲਾਂ ਦੇ ਬੈਠਣ ਲਈ ਕੁਰਸੀਆਂ ਅੱਠ ਸਨ ਅਤੇ ਬੈਠਣ ਵਾਲੇ ਵੀਹ।

ਜਿਹੜੇ ਪਹਿਲਾਂ ਆ ਗਏ, ਉਹਨਾਂ ਕੁਰਸੀਆਂ ਮੱਲ ਲਈਆਂ।

ਪਿੱਛੋਂ ਆਉਣ ਵਾਲਿਆਂ ਵਿਚੋਂ ਕੋਈ ਸਟੈਨੋ ਕੋਲ ਜਾ ਖੜੋਤਾ, ਕੋਈ ਰੀਡਰ ਕੋਲ ਅਤੇ ਕੋਈ ਅਰਦਲੀ ਕੋਲ।

ਜਿਹੜੇ ਫੇਰ ਵੀ ਬਚ ਗਏ ਉਹ ਛੋਟੀਆਂ-ਛੋਟੀਆਂ ਟੋਲੀਆਂ ਬਣਾ ਕੇ ਜੱਜ ਦੇ ਲੇਟ ਆਉਣ ਦੇ ਕਾਰਨਾਂ ਦਾ ਕਿਆਸ ਲਾਉਣ ਲੱਗੇ।

ਗੁਰਮੀਤ ਜਿਸ ਟੋਲੀ ਵਿਚ ਖੜਾ ਸੀ, ਉਸ ਦੀਆਂ ਗੱਲਾਂ ਦਾ ਵਿਸ਼ਾ ਵੀ ਇਹੋ ਸੀ।

ਭੰਡਾਰੀ ਵਕੀਲ ਦਾ ਖ਼ਿਆਲ ਸੀ ਕਿ ਰਾਤ ਉਹ ਜ਼ਿਆਦਾ ਪੀ ਗਿਆ ਹੋਣੈ। ਹੁਣ ਬੈਠਾ ਨਸ਼ਾ ਉਤਾਰ ਰਿਹਾ ਹੋਣੈ।

ਸਰਦਾਰੀ ਲਾਲ ਦਾ ਖ਼ਿਆਲ ਸੀ ਕਿ ਕਿਸੇ ਅਸਾਮੀ ਕੋਲ ਪੈਸੇ ਘੱਟ ਗਏ ਹੋਣਗੇ। ਜਿੰਨਾ ਚਿਰ ਪੈਸੇ ਪੂਰੇ ਨਹੀਂ ਹੁੰਦੇ, ਉਹ ਕਚਹਿਰੀ ਨਹੀਂ ਵੜਦਾ।

ਗੁਰਮੀਤ ਨੂੰ ਇਹਨਾਂ ਗੱਲਾਂ ਵਿਚ ਕੋਈ ਦਿਲਚਸਪੀ ਨਹੀਂ ਸੀ। ਉਸ ਦੀ ਨਜ਼ਰ ਰੀਡਰ ’ਤੇ ਟਿਕੀ ਹੋਈ ਸੀ।

ਰੀਡਰ ਨੂੰ ਮੁਨਸ਼ੀਆਂ ਮੁਸੱਦੀਆਂ ਨੇ ਘੇਰ ਰੱਖਿਆ ਸੀ। ਕੋਈ ਉਸ ਨੂੰ ਵੀਹ ਦਾ ਨੋਟ ਫੜਾ ਰਿਹਾ ਸੀ ਅਤੇ ਕੋਈ ਸੌ ਦਾ। ਕਦੇ ਕੋਈ ਸਾਇਲ ਉਸ ਦਾ ਝੱਗਾ ਖਿੱਚ ਲੈਂਦਾ ਅਤੇ ਕਦੇ ਅਰਦਲੀ।

ਗੁਰਮੀਤ ਉਸ ਨਾਲ ਇਕਾਂਤ ਵਿਚ ਗੱਲ ਕਰਨਾ ਚਾਹੁੰਦਾ ਸੀ। ਪਰ ਮੌਕਾ ਨਹੀ ਸੀ ਮਿਲ ਰਿਹਾ ।

ਗੁਰਮੀਤ ਨੂੰ ਪਲ-ਪਲ ਸਹਾਈ ਸੀ। ਜੱਜ ਕਿਸੇ ਵੀ ਸਮੇਂ ਟਪਕ ਸਕਦਾ ਸੀ। ਜੱਜ ਦੇ ਆਉਣ ਤੋਂ ਪਹਿਲਾਂ-ਪਹਿਲਾਂ ਉਸ ਦੀ ਰੀਡਰ ਨਾਲ ਗੱਲ ਹੋਣੀ ਚਾਹੀਦੀ ਸੀ।

ਪਾਲੇ ਅਤੇ ਮੀਤੇ ਦੀ ਦਰਖ਼ਾਸਤ ਮਨਜ਼ੂਰ ਕਰਾਉਣੀ ਜ਼ਰੂਰੀ ਸੀ। ਦੋਸ਼ੀ ਨਾ ਜੱਜ ਤਕ ਪਹੁੰਚ ਕਰ ਸਕਦੇ ਸਨ, ਨਾ ਸਰਕਾਰੀ ਵਕੀਲ ਤਕ। ਮੁੱਲਾਂ ਦੀ ਦੌੜ ਮਸੀਤ ਤਕ ਹੀ ਸੀ।

ਰੀਡਰ ਨੇ ਕੱਲ੍ਹ ਮੋਹਨ ਜੀ ਦਾ ਇਕ ਅੜਿਆ ਗੱਡਾ ਕੱਢਿਆ ਸੀ।

ਮੋਹਨ ਜੀ ਦੇ ਇਕ ਸਾਇਲ ’ਤੇ ਪੰਝੀ ਬੋਰੇ ਡੋਡਿਆਂ ਦਾ ਕੇਸ ਸੀ। ਸਾਇਲ ਅਮਲੀ ਸੀ।

ਅਮਲ ਬਿਨਾਂ ਅਮਲੀ ਜੇਲ੍ਹ ’ਚ ਮਰਨ ਵਾਲਾ ਹੋਇਆ ਪਿਆ ਸੀ। ਇਧਰ ਨਾਥ ਸਾਹਿਬ ਆਪਣੇ ਅਸੂਲਾਂ ’ਤੇ ਅੜੇ ਬੈਠੇ ਸਨ। ਵੀਹ ਬੋਰਿਆਂ ਤੋਂ ਵੱਧ ਵਾਲੇ ਕੇਸ ਵਿਚ ਉਹ ਜ਼ਮਾਨਤ ਨਹੀਂ ਸਨ ਲੈਂਦੇ। ਹਾਈ ਕੋਰਟ ਜਾ ਕੇ ਜ਼ਮਾਨਤ ਕਰਾਉਣ ਦੀ ਅਮਲੀ ਦੀ ਪਰੋਖੋਂ ਨਹੀਂ ਸੀ।

ਡੁੱਬਦੀ ਬੇੜੀ ਨੂੰ ਰੀਡਰ ਨੇ ਬੰਨੇ ਲਾਇਆ ਸੀ।

ਕੱਲ੍ਹ ਡੋਡਿਆਂ ਵਾਲੇ ਤਿੰਨ ਕੇਸਾਂ ਵਿਚ ਦੋਸ਼ੀਆਂ ਦੀਆਂ ਜ਼ਮਾਨਤਾਂ ਦੀਆਂ ਦਰਖ਼ਾਸਤਾਂ ਦੀ ਸੁਣਵਾਈ ਹੋਣੀ ਸੀ। ਪਹਿਲੇ ਕੋਲੋਂ ਵੀਹ ਬੋਰੇ ਫੜੇ ਸਨ, ਦੂਜੇ ਕੋਲੋਂ ਬਾਈ ਅਤੇ ਤੀਜਾ ਮੋਹਨ ਜੀ ਦਾ ਸਾਇਲ ਸੀ।

ਰੀਡਰ ਨੇ ਪਹਿਲਾਂ ਵੀਹ ਬੋਰਿਆਂ ਵਾਲੀ ਅਰਜ਼ੀ ਪੇਸ਼ ਕੀਤੀ। ਜੱਜ ਨੇ ਝੱਟ ਜ਼ਮਾਨਤ ਮਨਜ਼ੂਰ ਕਰ ਲਈ।

ਫੇਰ ਰੀਡਰ ਨੇ ਬਾਈ ਬੋਰਿਆਂ ਵਾਲੀ ਦਰਖ਼ਾਸਤ ਰੱਖ ਦਿੱਤੀ। ਉਸ ਦੋਸ਼ੀ ਦਾ ਵਕੀਲ ਭੰਡਾਰੀ ਸੀ। ਭੰਡਾਰੀ ਲੇਲੜ੍ਹੀਆਂ ਕੱਢਣ ਲੱਗਾ। ਵੀਹ ਅਤੇ ਬਾਈ ਵਿਚ ਕੀ ਫ਼ਰਕ ਹੈ ?

ਇਕ ਤਾਂ ਵੀਹ ਅਤੇ ਬਾਈ ਬੋਰਿਆਂ ਵਿਚ ਸੱਚਮੁੱਚ ਬਹੁਤਾ ਫ਼ਰਕ ਨਹੀਂ ਸੀ। ਦੂਜੇ ਉਸ ਨੂੰ ਭੰਡਾਰੀ ਦੀ ਸ਼ਰਮ ਮਾਰ ਗਈ। ਹਾਲੇ ਕੱਲ੍ਹ ਹੀ ਉਹ ਉਸ ਦੇ ਫ਼ਾਰਮ ’ਤੇ ਇਕੱਠੇ ਹੋਏ ਸਨ।



ਪਾਰਟੀ ’ਤੇ ਬਹੁਤਾ ਨਹੀਂ ਤਾਂ ਭੰਡਾਰੀ ਨੇ ਦੋ-ਤਿੰਨ ਹਜ਼ਾਰ ਤਾਂ ਖ਼ਰਚਿਆ ਹੀ ਹੋਏਗਾ।

ਕੁਝ ਦੇਰ ਕਿੜ-ਕਿੜ ਕਰ ਕੇ ਨਾਥ ਨੇ ਉਹ ਦਰਖ਼ਾਸਤ ਵੀ ਮਨਜ਼ੂਰ ਕਰ ਲਈ।

ਦੂਜੀ ਦਰਖ਼ਾਸਤ ਦੇ ਮਨਜ਼ੂਰ ਹੁੰਦਿਆਂ ਹੀ ਮੋਹਨ ਜੀ ਸ਼ੇਰ ਬਣ ਗਿਆ।

ਨਾਥ ਰੀਡਰ ਦੀ ਹੁਸ਼ਿਆਰੀ ਸਮਝ ਗਿਆ। ਉਸ ਨੇ ਰੀਡਰ ਨੂੰ ਲਾਲ-ਪੀਲੀਆਂ ਅੱਖਾਂ ਤਾਂ ਦਿਖਾਈਆਂ ਪਰ ਦਰਖ਼ਾਸਤ ਨਾ-ਮਨਜ਼ੂਰ ਨਾ ਕਰ ਸਕਿਆ।

ਗੁਰਮੀਤ ਨੂੰ ਅੱਜ ਰੀਡਰ ਦੀ ਇਸੇ ਤਰ੍ਹਾਂ ਦੀ ਮਦਦ ਦੀ ਜ਼ਰੂਰਤ ਸੀ, ਪਰ ਰੀਡਰ ਸੀ ਕਿ ਵਿਹਲਾ ਹੀ ਨਹੀਂ ਸੀ ਹੋ ਰਿਹਾ।

ਥੋੜ੍ਹੀ ਜਿਹੀ ਸੀੜ ਹੁੰਦਿਆਂ ਹੀ ਗੁਰਮੀਤ ਨੇ ਰੀਡਰ ਨੂੰ ਇਸ਼ਾਰੇ ਨਾਲ ਉਠਾਇਆ ਅਤੇ ਬਾਹਰ ਲੈ ਗਿਆ।

ਬਿਨਾਂ ਕੋਈ ਭੂਮਿਕਾ ਬੰਨ੍ਹੇ ਗੁਰਮੀਤ ਨੇ ਆਪਣਾ ਉਦੇਸ਼ ਸਪੱਸ਼ਟ ਕੀਤਾ। ਮੋਹਨ ਜੀ ਵਾਲੇ ਕੇਸ ਵਾਂਗ ਉਹ ਪਾਲੇ ਅਤੇ ਮੀਤੇ ਦੀ ਅਰਜ਼ੀ ਅਜਿਹੀ ਥਾਂ ਫਿੱਟ ਕਰੇ, ਜਿਥੇ ਉਹ ਨਾ-ਮਨਜ਼ੂਰ ਨਾ ਹੋ ਸਕੇ।

ਇਕ-ਇਕ ਕਰਕੇ ਗੁਰਮੀਤ ਨੇ ਸੁਣਵਾਈ ਵਿਚ ਲੱਗੀਆਂ ਸਾਰੀਆਂ ਦਰਖ਼ਾਸਤਾਂ ਦਾ ਜਾਇਜ਼ਾ ਲਿਆ। ਬਿੱਲੂ ਨੂੰ ਦੋ ਦਰਖ਼ਾਸਤਾਂ ਦਾ ਪਤਾ ਸੀ, ਜਿਨ੍ਹਾਂ ਨੂੰ ਨਾਥ ਨੇ ਮਨਜ਼ੂਰ ਕਰਨਾ ਸੀ।

ਪਹਿਲੀ ਖੰਨੇ ਵਾਲੇ ਵਿਉਪਾਰੀਆਂ ਦੀ ਸੀ।

ਉਹਨਾਂ ਦੀ ਕੈਟਲ ਫੀਡ ਦਾ ਸੈਂਪਲ ਭਰਿਆ ਗਿਆ ਸੀ। ਸੈਂਪਲ ਵਿਚ ਮਿਲਾਵਟ ਪਾਈ ਗਈ ਸੀ। ਪੁਲਿਸ ਉਹਨਾਂ ਨੂੰ ਗ੍ਰਿਫ਼ਤਾਰ ਕਰਨ ’ਤੇ ਤੁਲੀ ਹੋਈ ਸੀ। ਵਕੀਲ ਰਾਹੀਂ ਉਹਨਾਂ ਦਾ ਨਾਥ ਨਾਲ ਸੌਦਾ ਹੋ ਚੁੱਕਾ ਸੀ।

“ਪਰ ਭਾਈ, ਲਾਲਿਆਂ ਦੇ ਕੇਸ ਨਾਲ ਆਪਣੇ ਕੇਸ ਦਾ ਕੀ ਸੰਬੰਧ ? ਕਿਥੇ ਨਮੂਨਿਆਂ ਦਾ ਕੇਸ ਅਤੇ ਕਿਤੇ ਕਤਲ ਕੇਸ। ਹੋ ਸਕੇ ਤਾਂ ਇਸ ਨੂੰ ਕਿਸੇ ਕਤਲ ਕੇਸ ਨਾਲ ਲਿੰਕ ਕਰ।”

ਲਾਲਿਆਂ ਦੀਆਂ ਜ਼ਮਾਨਤਾਂ ਨਾਲ ਪਾਲੇ ਅਤੇ ਮੀਤੇ ਨੂੰ ਕੋਈ ਫ਼ਾਇਦਾ ਨਹੀਂ ਸੀ ਪੁੱਜਣਾ। ਗੁਰਮੀਤ ਦਰਖ਼ਾਸਤ ਨੂੰ ਕਿਸੇ ਢੁਕਵੀਂ ਥਾਂ ਪਹੁੰਚਾਉਣ ਦੇ ਯਤਨ ਕਰਨ ਲੱਗਾ।

“ਇਕ ਕਤਲ ਕੇਸ ਵੀ ਹੈਗਾ।” ਰੀਡਰ ਗੁਰਮੀਤ ਨੂੰ ਦੂਜੀ ਦਰਖ਼ਾਸਤ ਦਾ ਵੇਰਵਾ ਸਮਝਾਉਣ ਲੱਗਾ।

ਉਸ ਕੇਸ ਵਿਚ ਦਿਨ-ਦਿਹਾੜੇ ਇਕ ਬੈਂਕ ਲੁੱਟਿਆ ਗਿਆ ਸੀ। ਬੈਂਕ ਲੁੱਟਦੇ ਸਮੇਂ ਦਹਿਸ਼ਤਗਰਦਾਂ ਦੀ ਬੈਂਕ-ਮੈਨੇਜਰ ਨਾਲ ਝੜਪ ਹੋ ਗਈ ਸੀ। ਮੈਨੇਜਰ ਥਾਏਂ ਮਾਰਿਆ ਗਿਆ ਸੀ। ਸੰਤਰੀ ਨੇ ਗੋਲੀ ਚਲਾਈ ਤਾਂ ਇਕ ਦਹਿਸ਼ਤਗਰਦ ਦੀ ਲੱਤ ਉੱਡ ਗਈ। ਦਹਿਸ਼ਤਗਰਦ ਨੇ ਬਾਕੀ ਸਾਥੀ ਵੀ ਫੜਵਾ ਦਿੱਤੇ। ਲੁੱਟਿਆ ਕੈਸ਼ ਬਰਾਮਦ ਹੋ ਗਿਆ। ਇਹਨਾਂ ਦਹਿਸ਼ਤਗਰਦਾਂ ’ਤੇ ਦੂਹਰੇ ਕਤਲ, ਬੈਂਕ ਡਕੈਤੀ ਅਤੇ ਨਜਾਇਜ਼ ਅਸਲਾ ਰੱਖਣ ਵਰਗੇ ਸੰਗੀਨ ਜੁਰਮ ਸਨ।

ਦਹਿਸ਼ਤਗਰਦਾਂ ਵੱਲੋਂ ਵੀ ਜ਼ਮਾਨਤ ਦੀ ਦਰਖ਼ਾਸਤ ਦਿੱਤੀ ਗਈ ਸੀ। ਉਸ ਦਰਖ਼ਾਸਤ ਦੀ ਸੁਣਵਾਈ ਵੀ ਅੱਜ ਹੋਣੀ ਸੀ।

ਗੁਰਮੀਤ ਸਮਝਦਾ ਸੀ, ਜੇ ਦਹਿਸ਼ਤਗਰਦਾਂ ਦੀ ਜ਼ਮਾਨਤ ਹੋ ਗਈ ਤਾਂ ਪਾਲੇ ਅਤੇ ਮੀਤੇ ਦੀ ਜ਼ਮਾਨਤ ਵੀ ਹੋ ਜਾਏਗੀ। ਬਹਿਸ ਤਿਆਰ ਕਰਦੇ ਸਮੇਂ ਉਸ ਨੇ ਦੋਹਾਂ ਦੇ ਕੇਸਾਂ ਦਾ ਮੁਕਾਬਲਾ ਕਰ ਕੇ ਦੇਖਿਆ ਸੀ।

ਦਹਿਸ਼ਤਗਰਦਾਂ ਉਪਰ ਦੂਹਰੇ ਕਤਲ ਦਾ ਦੋਸ਼ ਸੀ ਜਦੋਂ ਕਿ ਪਾਲੇ ਅਤੇ ਮੀਤੇ ਉਪਰ ਇਕੱਲੇ ਬੰਟੀ ਦਾ। ਦਹਿਸ਼ਤਗਰਦਾਂ ਵਿਚੋਂ ਇਕ ਮੌਕੇ 'ਤੇ ਹੀ ਫੜਿਆ ਗਿਆ ਸੀ। ਬੰਟੀ ਕਤਲ ਕੇਸ ਵਿਚ ਪੁਲਿਸ ਨੂੰ ਡੇਢ ਮਹੀਨੇ ਤਕ ਕਾਤਲਾਂ ਦਾ ਸੁਰਾਗ ਨਹੀਂ ਸੀ ਮਿਲਿਆ। ਦਹਿਸ਼ਤਗਰਦਾਂ ਦਾ ਕੇਸ ਚਸ਼ਮਦੀਦ ਗਵਾਹਾਂ ਦੀ ਗਵਾਹੀ 'ਤੇ ਆਧਾਰਤ ਸੀ। ਪਾਲੇ ਅਤੇ ਮੀਤੇ ਖ਼ਿਲਾਫ਼ ਪੁਲਿਸ ਕੋਲ ਇਕ ਵੀ ਚਸ਼ਮਦੀਦ ਗਵਾਹ ਨਹੀਂ ਸੀ। ਦਹਿਸ਼ਤਗਰਦਾਂ ਵਿਰੁੱਧ ਗਵਾਹੀ ਦੇਣ ਵਾਲੇ ਗਵਾਹ ਬੈਂਕ ਮੁਲਾਜ਼ਮ ਸਨ ਜਾਂ ਬੈਂਕ ਵਿਚ ਲੈਣ-ਦੇਣ ਕਰਨ ਆਏ ਗਾਹਕ। ਉਹਨਾਂ ਦੀ ਗਵਾਹੀ ਨੂੰ ਸੱਚ ਮੰਨਣਾ ਅਦਾਲਤ ਦਾ ਫ਼ਰਜ਼ ਸੀ। ਇਧਰ ਮਾਮਲਾ ਉਲਟ ਸੀ। ਪਾਲੇ ਅਤੇ ਮੀਤੇ ਵਾਲੇ ਕੇਸ ਦੇ ਸੱਠ ਫ਼ੀਸਦੀ ਗਵਾਹ ਪੁਲਿਸ ਟਾਊਟ ਸਨ। ਉਹਨਾਂ ਦੀ ਗਵਾਹੀ 'ਤੇ ਵਿਸ਼ਵਾਸ ਕਰਨ ਤੋਂ ਪਹਿਲਾਂ ਅਦਾਲਤ ਨੂੰ ਸੌ ਵਾਰ ਸੋਚਣਾ ਪੈਣਾ ਸੀ। ਸਭ ਤੋਂ ਵੱਡਾ ਵਾਧਾ ਇਹ ਸੀ ਕਿ ਦਹਿਸ਼ਤਗਰਦਾਂ ਨੇ ਜ਼ਮਾਨਤ ਹੁੰਦਿਆਂ ਹੀ ਫ਼ਰਾਰ ਹੋ ਜਾਣਾ ਸੀ। ਪਿੱਛੋਂ ਨਾ ਦਹਿਸ਼ਤਗਰਦ ਲੱਭਣੇ ਸਨ, ਨਾ ਉਹਨਾਂ ਦੇ ਜ਼ਾਮਨ। ਪਾਲਾ ਅਤੇ ਮੀਤਾ ਨਾ ਪਹਿਲਾਂ ਭੱਜੇ ਸਨ, ਨਾ ਉਹਨਾਂ ਫੇਰ ਭੱਜਣਾ ਸੀ। ਉਹਨਾਂ ਦਾ ਜ਼ਾਮਨ ਜੀਵਨ ਆੜ੍ਹਤੀਏ ਅਤੇ ਬਾਬਾ ਗੁਰਦਿੱਤ ਸਿੰਘ ਨੇ ਬਣਨਾ ਸੀ।

ਜੇ ਦਹਿਸ਼ਤਗਰਦਾਂ ਦੀ ਜ਼ਮਾਨਤ ਹੋ ਗਈ ਤਾਂ ਪਾਲੇ ਅਤੇ ਮੀਤੇ ਦੀ ਕਿਉਂ ਨਹੀਂ ਹੋਏਗੀ ?

"ਜੱਜ ਨਾਲ ਕੋਈ ਲੈਣ-ਦੇਣ ਹੋਇਆ ਹੋਵੇ, ਇਸ ਦਾ ਮੈਨੂੰ ਪਤਾ ਨਹੀਂ। ਇਹ ਜ਼ਰੂਰ ਪਤੈ ਬਈ ਜ਼ਮਾਨਤ ਹੋ ਜੂ।" ਸਮੁੱਚੇ ਹਾਲਾਤ ਦਾ ਜਾਇਜ਼ਾ ਲੈ ਕੇ ਰੀਡਰ ਨੇ ਗੁਰਮੀਤ ਨਾਲ ਸਹਿਮਤੀ ਪ੍ਰਗਟਾਈ।

"ਬੱਸ ਠੀਕ ਹੈ। ਤੂੰ ਸਾਡੀ ਦਰਖ਼ਾਸਤ ਇਹਨਾਂ ਦੇ ਪਿੱਛੇ ਲਾ ਦੇ। ਫੇਰ ਦੇਖੀ ਜਾਊ।"

ਰੀਡਰ ਨਾਲ ਸੀਟੀ ਮਿਲਾ ਕੇ ਗੁਰਮੀਤ ਸਿੰਘ ਨਿਸਰ ਫ਼ੰਡ ਹੋ ਗਿਆ। ਹੁਣ ਜੱਜ ਜਦੋਂ ਮਰਜ਼ੀ ਆਏ, ਉਸ ਨੂੰ ਕੋਈ ਫ਼ਿਕਰ ਨਹੀਂ ਸੀ।

ਜੱਜ ਨੇ ਕੁਰਸੀ 'ਤੇ ਬੈਠਦਿਆਂ ਹੀ ਪਹਿਲਾਂ ਆਪਣੇ ਲੇਟ ਹੋਣ 'ਤੇ ਸਭ ਤੋਂ ਮੁਆਫ਼ੀ ਮੰਗੀ। ਫੇਰ ਲੇਟ ਕੱਢਣ ਲਈ ਉਹ ਫ਼ੁਰਤੀ ਨਾਲ ਅਰਜ਼ੀਆਂ ਨਿਪਟਾਉਣ ਲੱਗਾ।

ਰੀਡਰ ਠੀਕ ਆਖਦਾ ਸੀ। ਸਭ ਤੋਂ ਪਹਿਲਾਂ ਖੰਨੇ ਵਾਲਿਆਂ ਦੀ ਪੇਸ਼ਗੀ ਜ਼ਮਾਨਤ ਮਨਜ਼ੂਰ ਕੀਤੀ ਗਈ। ਫੇਰ ਕੁਝ ਹੋਰ ਦੋਸ਼ੀਆਂ ਦੀ ਸਾੜ ਸਤੀ ਕੱਟੀ ਗਈ ।

ਦਹਿਸ਼ਤਗਰਦਾਂ ਦੀ ਸੁਣਵਾਈ ਤਕ ਲਗਭਗ ਸਭ ਕੰਮ ਨਿਪਟ ਚੁੱਕਾ ਸੀ।

ਅਦਾਲਤ ਵਿਚ ਗੁਰਮੀਤ, ਪਿਆਰੇ ਲਾਲ ਅਤੇ ਸਰਕਾਰੀ ਵਕੀਲ ਤੋਂ ਸਿਵਾ ਕੋਈ ਨਹੀਂ ਸੀ।

ਦਹਿਸ਼ਤਗਰਦਾਂ ਦੇ ਵਕੀਲ ਨੂੰ ਹਾਜ਼ਰ ਹੋਣ ਲਈ ਕਈ ਆਵਾਜ਼ਾਂ ਪੈ ਚੁੱਕੀਆਂ ਸਨ। ਇਕ ਵਾਰ ਅਰਦਲੀ ਵੀ ਉਸ ਦੇ ਫੱਟੇ 'ਤੇ ਜਾ ਆਇਆ ਸੀ, ਪਰ ਵਕੀਲ ਕਿਧਰੇ ਨਹੀਂ ਸੀ ਲੱਭਾ।

ਸਾਧਾਰਨ ਕੇਸ ਹੁੰਦਾ ਤਾਂ ਦਰਖ਼ਾਸਤ ਇਸੇ ਆਧਾਰ ਤੇ ਰੱਦ ਹੋ ਗਈ ਹੁੰਦੀ । ਪਰ ਇਹ ਮੁਲਜ਼ਮ ਖ਼ਤਰਨਾਕ ਸਨ। ਥੋੜ੍ਹੀ ਜਿਹੀ ਭੜਕਾਹਟ 'ਤੇ ਹੀ ਇਹ ਜੱਜ ਦੇ ਗਲ ਪੈ ਸਕਦੇ ਸਨ। ਬਾਹਰਲੇ ਆਪਣੇ ਸਾਥੀਆਂ ਤੋਂ ਧਮਕੀ-ਪੱਤਰ ਜਾਰੀ ਕਰਵਾ ਸਕਦੇ ਸਨ। ਲੋੜ ਪੈਣ 'ਤੇ ਕੋਈ ਨੁਕਸਾਨ ਵੀ ਕਰਵਾ ਸਕਦੇ ਸਨ।

ਦਹਿਸ਼ਤਗਰਦਾਂ ਦੇ ਵਕੀਲ ਨੂੰ ਬੁਲਾਉਣ ਲਈ ਇਕ ਵਾਰ ਫੇਰ ਅਰਦਲੀ ਨੂੰ ਭੇਜਿਆ ਗਿਆ।



ਜਿੰਨਾ ਚਿਰ ਤਕ ਵਕੀਲ ਨਹੀਂ ਆਉਂਦਾ, ਓਨਾ ਚਿਰ ਤਕ ਸਰਕਾਰੀ ਵਕੀਲ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ।

ਸਰਕਾਰੀ ਵਕੀਲ ਨੇ ਇਕ ਵਾਰ ਦਹਿਸ਼ਤਗਰਦਾਂ ਦੇ ਕੇਸਰੀ ਪੱਗਾਂ ਵਾਲੇ ਮਿੱਤਰਾਂ ਵੱਲ ਤੱਕਿਆ ਅਤੇ ਫੇਰ ਮਿਲਵੀਂ ਜਿਹੀ ਜੀਭ ਨਾਲ ਬਹਿਸ ਕਰਨ ਲੱਗਾ।

"ਤੁਸੀਂ ਆਪੇ ਦੇਖ ਲਓ ਜਨਾਬ! ਮੈਂ ਕੀ ਆਖਣੈ ?"

ਜਦੋਂ ਸਰਕਾਰੀ ਵਕੀਲ ਹੀ ਟਲ ਗਿਆ ਤਾਂ ਜੱਜ ਨੂੰ ਆਪਣੇ ਗਲ ਬਲਾ ਪਾਉਣ ਦੀ ਕੀ ਲੋੜ ਸੀ। ਸਫ਼ਾਈ ਧਿਰ ਦੇ ਵਕੀਲ ਦੇ ਆਉਣ ਤੋਂ ਪਹਿਲਾਂ ਹੀ ਉਹ ਸਟੈਨੋ ਨੂੰ ਜ਼ਮਾਨਤ ਦਾ ਹੁਕਮ ਡਿਕਟੇਟ ਕਰਾਉਣ ਲੱਗਾ।

ਦਹਿਸ਼ਤਗਰਦਾਂ ਦੀ ਜ਼ਮਾਨਤ ਦਾ ਹੁਕਮ ਸੁਣ ਕੇ ਗੁਰਮੀਤ ਹੁਰਾਂ ਨੂੰ ਕੁਝ ਰਾਹਤ ਮਹਿਸੂਸ ਹੋਈ। ਹੁਣ ਪਾਲੇ ਅਤੇ ਮੀਤੇ ਲਈ ਰਾਹ ਪੱਧਰਾ ਸੀ।

ਪਾਲੇ ਅਤੇ ਮੀਤੇ ਦੀ ਦਰਖ਼ਾਸਤ 'ਤੇ ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਭੰਡਾਰੀ ਵਕੀਲ ਅਦਾਲਤ ਵਿਚ ਆ ਧਮਕਿਆ। ਉਸ ਨਾਲ ਚਾਰ-ਪੰਜ ਵਕੀਲ, ਸੰਘ ਦੇ ਅੱਠ-ਦਸ ਵਰਕਰ ਅਤੇ ਕਿਤਾਬਾਂ ਵਾਲੀ ਪੇਟੀ ਸੀ। ਬਹਿਸ ਦੌਰਾਨ ਉਸ ਨੇ ਸਰਕਾਰੀ ਵਕੀਲ ਦੀ ਮਦਦ ਕਰਨੀ ਸੀ।

ਭੰਡਾਰੀ ਦੇ ਅਦਾਲਤ ਵਿਚ ਦਾਖ਼ਲ ਹੁੰਦਿਆਂ ਹੀ ਬਾਹਰ ਨਾਅਰੇਬਾਜ਼ੀ ਸ਼ੁਰੂ ਹੋ ਗਈ।

"ਬੰਟੀ ਦੇ ਕਾਤਲਾਂ ਨੂੰ.....ਫਾਹੇ ਲਾਓ।"

"ਕਾਤਲਾਂ ਦੇ ਸਮਰਥਕ.....ਮੁਰਦਾਬਾਦ।"

ਅਦਾਲਤ ਦੀ ਕਾਰਵਾਈ ਇਕਦਮ ਰੁਕ ਗਈ। ਚਾਰੇ ਪਾਸੇ ਖ਼ਾਮੋਸ਼ੀ ਛਾ ਗਈ। ਸਭ ਇਕ-ਦੂਜੇ ਦੇ ਮੂੰਹ ਵੱਲ ਤੱਕਣ ਲੱਗੇ।

ਅਦਾਲਤ ਅੰਦਰ ਖੜੇ ਸੰਘ ਦੇ ਵਰਕਰਾਂ ਵਿਚ ਵੀ ਘੁਸਰ-ਮੁਸਰ ਸ਼ੁਰੂ ਹੋ ਗਈ। ਉਹ ਨਾਅਰਾ ਲਾਉਣ ਦੀ ਹਿੰਮਤ ਤਾਂ ਨਾ ਜੁਟਾ ਸਕੇ ਪਰ ਅਜਿਹੀ ਹੀ ਅਰਥ ਰੱਖਦੀਆਂ ਟਿੱਪਣੀਆਂ ਕਰਨ ਲੱਗੇ।

ਗੁਰਮੀਤ ਨੂੰ ਇਸ ਨਾਅਰੇਬਾਜ਼ੀ 'ਤੇ ਸਖ਼ਤ ਇਤਰਾਜ਼ ਸੀ। ਇਹ ਅਦਾਲਤ ਦੇ ਕੰਮ ਵਿਚ ਦਖ਼ਲ ਅੰਦਾਜ਼ੀ ਸੀ। ਸੰਘ ਦਾ ਉਦੇਸ਼ ਸਪੱਸ਼ਟ ਸੀ। ਉਹ ਅਦਾਲਤ 'ਤੇ ਦਬਾਅ ਪਾਉਣਾ ਚਾਹੁੰਦਾ ਸੀ। ਇਹ ਅਦਾਲਤ ਦੀ ਤੌਹੀਨ ਵੀ ਸੀ। ਜੱਜ ਨੂੰ ਅਦਾਲਤ ਦੀ ਮਾਨਹਾਨੀ ਦੇ ਜੁਰਮ ਵਿਚ ਦੋਸ਼ੀਆਂ ਨੂੰ ਨੋਟਿਸ ਜਾਰੀ ਕਰਨਾ ਚਾਹੀਦਾ ਸੀ।

ਨਾਥ ਨੂੰ ਵੀ ਇਸ ਨਾਅਰੇਬਾਜ਼ੀ 'ਤੇ ਸਖ਼ਤ ਇਤਰਾਜ਼ ਸੀ। ਉਸ ਨੇ ਧਮਕੀ ਦਿੱਤੀ, ਜੇ ਦੋਸ਼ੀਆਂ ਨੇ ਮੁਆਫ਼ੀ ਨਾ ਮੰਗੀ ਤਾਂ ਉਹ ਨੋਟਿਸ ਜਾਰੀ ਕਰੇਗਾ।

ਭੰਡਾਰੀ ਨੇ ਤੁਰੰਤ ਮੌਕਾ ਸੰਭਾਲ ਲਿਆ। ਉਸ ਨੇ ਆਪਣੀ ਗ਼ਲਤੀ ਦੀ ਵੀ ਮੁਆਫ਼ੀ ਮੰਗੀ ਅਤੇ ਵਰਕਰਾਂ ਵੱਲੋਂ ਵੀ।

ਇਸ ਮੁਆਫ਼ੀ ਨਾਲ ਗੁਰਮੀਤ ਦੀ ਤਸੱਲੀ ਨਹੀਂ ਸੀ ਹੋਈ। ਉਹ ਸੰਘ ਦੇ ਵਰਕਰਾਂ ਵਿਰੁੱਧ ਕਾਰਵਾਈ ਕਰਾਉਣਾ ਚਾਹੁੰਦਾ ਸੀ।

ਮੁਆਫ਼ੀ 'ਤੇ ਜੱਜ ਦੀ ਤਸੱਲੀ ਹੋ ਗਈ। ਉਹ ਵਾਧੂ ਦੇ ਝੰਜਟਾਂ ਵਿਚ ਪੈਣ ਨੂੰ ਤਿਆਰ ਨਹੀਂ ਸੀ।

ਗੁਰਮੀਤ ਨੂੰ ਹਦਾਇਤ ਹੋਈ। ਉਹ ਆਪਣਾ ਪੱਖ ਪੇਸ਼ ਕਰੇ। ਜੱਜ ਨੇ ਫ਼ੈਸਲਾ ਮੈਰਿਟ

ਦੇ ਆਧਾਰ 'ਤੇ ਕਰਨਾ ਸੀ, ਸੰਘ ਦੀ ਮਰਜ਼ੀ ਅਨੁਸਾਰ ਨਹੀਂ।

ਭੰਡਾਰੀ ਆਪਣੀ ਚਾਲ ਚੱਲ ਚੁੱਕਾ ਸੀ। ਹੁਣ ਕੀ ਫ਼ੈਸਲਾ ਹੋਏਗਾ ? ਕਿਸੇ ਤੋਂ ਲੁਕਾ ਨਹੀਂ ਸੀ।

ਗੁਰਮੀਤ ਨੂੰ ਖ਼ੁਸ਼ ਕਰਨ ਲਈ ਜੱਜ ਨੇ ਉਸ ਨੂੰ ਆਪਣਾ ਪੱਖ ਪੇਸ਼ ਕਰਨ ਦਾ ਖੁੱਲ੍ਹਾ ਸਮਾਂ ਦਿੱਤਾ ਸੀ ।

ਗੁਰਮੀਤ ਤਾੜ ਰਿਹਾ ਸੀ ਕਿ ਜੱਜ ਬਹਿਸ ਵਿਚ ਉੱਕਾ ਦਿਲਚਸਪੀ ਨਹੀਂ ਸੀ ਲੈ ਰਿਹਾ। ਸਮਾਂ ਬਿਤਾਉਣ ਲਈ ਕਦੇ ਉਹ ਕਿਸੇ ਮਿਸਲ ਦੇ ਵਰਕੇ ਪਲਟਣ ਲੱਗਦਾ, ਕਦੇ ਕਿਸੇ ਕਾਗ਼ਜ਼ 'ਤੇ ਦਸਤਖ਼ਤ ਕਰਨ ਲੱਗਦਾ ਅਤੇ ਜੇ ਕਰਨ ਨੂੰ ਕੁਝ ਵੀ ਨਾ ਹੁੰਦਾ ਤਾਂ ਉਬਾਸੀਆਂ ਲੈਣ ਲੱਗਦਾ।

ਜਦੋਂ ਗੁਰਮੀਤ ਮੱਝ ਅੱਗੇ ਬੀਨ ਵਜਾ ਚੁੱਕਾ ਤਾਂ ਸਾਹਿਬ ਨੇ ਫ਼ੈਸਲਾ ਸੁਣਾ ਦਿਤਾ।

"ਸਾਰੀ ਸਰ ! ਹਾਈ ਕੋਰਟ ਜਾ ਕੇ ਕੋਸ਼ਿਸ਼ ਕਰੋ।"

ਜੱਜ ਦੇ ਇਹ ਕੌੜੇ ਬੋਲ ਗੁਰਮੀਤ ਅਤੇ ਮੋਹਨ ਜੀ ਦੀਆਂ ਛਾਤੀਆਂ ਵਿਚ ਤੀਰ ਵਾਂਗ ਖੁੱਭ ਗਏ।

ਪਰ ਅੱਖਾਂ ਸੂਹੀਆਂ ਕਰਨ ਤੋਂ ਸਿਵਾ ਉਹ ਕੁਝ ਨਾ ਕਰ ਸਕੇ।



# 12

ਐਡੀਸ਼ਨਲ ਸੈਸ਼ਨ ਜੱਜ ਦੀ ਅਦਾਲਤ ਵਿਚੋਂ ਦਰਖ਼ਾਸਤ ਦੇ ਰੱਦ ਹੋਣ ਨੂੰ ਸੰਮਤੀ ਨੇ ਬਹੁਤੀ ਅਹਿਮੀਅਤ ਨਹੀਂ ਸੀ ਦਿੱਤੀ। ਕਤਲ ਕੇਸ ਸੈਸ਼ਨ ਕੋਰਟ ਲਈ ਬਹੁਤ ਅਹਿਮ ਹੁੰਦੇ ਹਨ। ਇਸ ਹੇਠਲੀ ਅਦਾਲਤੋਂ ਕਤਲ ਦੇ ਦੋਸ਼ੀਆਂ ਦੀਆਂ ਜ਼ਮਾਨਤਾਂ ਘੱਟ-ਵੱਧ ਹੀ ਮਨਜ਼ੂਰ ਹੁੰਦੀਆਂ ਹਨ। ਸ਼ਹਿਰ ਵਿਚਲੇ ਅਸਾਧਾਰਨ ਹਾਲਾਤ ਕਾਰਨ ਜੱਜ ਦਾ ਸਹਿਮ ਜਾਣਾ ਅਤੇ ਦੋਸ਼ੀਆਂ ਦੀ ਜ਼ਮਾਨਤ ਨਾ ਲੈਣਾ ਕੋਈ ਅਨਹੋਣੀ ਗੱਲ ਨਹੀਂ ਸੀ।

ਪਰ ਹਾਈ ਕੋਰਟ ਵੱਲੋਂ ਦਰਖ਼ਾਸਤ ਦੇ ਰੱਦ ਹੋਣ ਨੂੰ ਸੰਮਤੀ ਨੇ ਗੰਭੀਰਤਾ ਨਾਲ ਲਿਆ ਸੀ।

ਆਮ ਕੇਸਾਂ ਵਿਚ ਅਜਿਹੀ ਦਰਖ਼ਾਸਤ ਦਾ ਵਿਰੋਧ ਕਰਨ ਲਈ ਸਹਾਇਕ ਐਡਵੋਕੇਟ ਜਨਰਲ ਪੇਸ਼ ਹੁੰਦਾ ਸੀ। ਕੋਈ ਵਿਸ਼ੇਸ਼ ਕੇਸ ਹੋਵੇ ਤਾਂ ਡਿਪਟੀ ਚਲਾ ਜਾਂਦਾ ਸੀ। ਇਸ ਕੇਸ ਵਿਚ ਐਡਵੋਕੇਟ ਜਨਰਲ ਖ਼ੁਦ ਪੇਸ਼ ਹੋਇਆ ਸੀ। ਉਸ ਦੇ ਪੇਸ਼ ਹੋਣ ਦਾ ਮਤਲਬ ਸੀ ਕਿ ਮਾਮਲਾ ਗੰਭੀਰ ਸੀ ਅਤੇ ਸਰਕਾਰ ਉਹੋ ਚਾਹੁੰਦੀ ਸੀ ਜੋ ਉਹ ਬੋਲ ਰਿਹਾ ਸੀ।

ਜੱਜਾਂ 'ਤੇ ਮਨੋਵਿਗਿਆਨਕ ਦਬਾਅ ਪਾਉਣ ਲਈ ਸਰਕਾਰ ਨੇ ਆਪਣੇ ਮੀਡੀਏ ਦੀ ਭਰਪੂਰ ਵਰਤੋਂ ਕੀਤੀ ਸੀ। ਇਕ-ਦੋ ਨਹੀਂ, ਪੂਰੇ ਦਰਜਨ ਪੱਤਰਕਾਰਾਂ ਨੂੰ ਕੈਮਰੇ ਅਤੇ ਟੇਪ-ਰਿਕਾਰਡਰ ਦੇ ਕੇ ਕੋਰਟ ਰੂਮ ਵਿਚ ਭੇਜਿਆ ਗਿਆ ਸੀ। ਉਹਨਾਂ ਦੀ ਅਗਵਾਈ ਲੋਕ-ਸੰਪਰਕ ਵਿਭਾਗ ਦੇ ਡਿਪਟੀ ਡਾਇਰੈਕਟਰ ਨੇ ਕੀਤੀ ਸੀ।

ਸਰਕਾਰ ਦੀਆਂ ਚਾਲਾਂ ਸਫ਼ਲ ਰਹੀਆਂ ਸਨ।

ਹਾਈ ਕੋਰਟ ਨੂੰ ਝੱਟ ਮਸਲੇ ਦੀ ਗੰਭੀਰਤਾ ਦੀ ਸਮਝ ਆ ਗਈ।

ਸੁਣਵਾਈ ਕਰ ਰਹੇ ਜੱਜਾਂ ਨੂੰ ਇਨਸਾਫ਼ ਨਾਲੋਂ ਇਸ ਗੱਲ ਦੀ ਚਿੰਤਾ ਲੱਗ ਗਈ ਕਿ ਉਹਨਾਂ ਦੇ ਫ਼ੈਸਲੇ ਦਾ ਲੋਕਾਂ ਅਤੇ ਸਰਕਾਰ 'ਤੇ ਕੀ ਪ੍ਰਤੀਕਰਮ ਹੋਏਗਾ ? ਜੇ ਉਹਨਾਂ ਦਰਖ਼ਾਸਤ ਮਨਜ਼ੂਰ ਕਰ ਲਈ ਤਾਂ ਕੱਲ੍ਹ ਨੂੰ ਅਖ਼ਬਾਰਾਂ ਵਿਚ ਛਪਣ ਵਾਲੀਆਂ ਰਿਪੋਰਟਾਂ ਦਾ ਰੁਖ਼ ਕਿਧਰ ਨੂੰ ਹੋਏਗਾ ? ਰਿਪੋਰਟਾਂ ਲੋਕਾਂ ਦੇ ਮੂਡ ਨੂੰ ਪ੍ਰਭਾਵਿਤ ਕਰਨਗੀਆਂ ਅਤੇ ਲੋਕਾਂ ਦਾ ਮੂਡ ਸਰਕਾਰ ਨੂੰ ? ਅਗਾਂਹ ਸਰਕਾਰ ਦੇ ਮੂਡ 'ਤੇ ਜੱਜਾਂ ਦਾ ਭਵਿੱਖ ਨਿਰਭਰ ਕਰੇਗਾ।

ਸਾਰੀ ਸੋਚ-ਵਿਚਾਰ ਦੇ ਬਾਅਦ ਜੱਜ ਇਸ ਸਿੱਟੇ 'ਤੇ ਪੁੱਜੇ ਸਨ ਕਿ ਸਰਕਾਰ ਸੰਕਟ ਵਿਚ ਸੀ। ਸੰਕਟ ਦੀ ਇਸ ਘੜੀ ਵਿਚ ਹਾਈ ਕੋਰਟ ਦਾ ਫ਼ਰਜ਼ ਸਰਕਾਰ ਨਾਲ ਖੜੋਨ ਦਾ ਬਣਦਾ ਸੀ ਅਤੇ ਹਾਈ ਕੋਰਟ ਸਰਕਾਰ ਨਾਲ ਖੜੋ ਗਈ।

ਇਸ ਫ਼ੈਸਲੇ ਨੇ ਸਰਕਾਰ ਦੀ ਡਗਮਗਾਉਂਦੀ ਕਿਸ਼ਤੀ ਸੰਭਾਲ ਲਈ।

ਜੇ ਦੋਸ਼ੀਆਂ ਦੀ ਜ਼ਮਾਨਤ ਹੋ ਜਾਂਦੀ ਤਾਂ ਉਹ ਗਲੀਆਂ-ਬਜ਼ਾਰਾਂ ਵਿਚ ਸ਼ਰੇਆਮ ਘੁੰਮਣ ਲੱਗਦੇ। ਕਾਤਲਾਂ ਨੂੰ ਇੰਝ ਫਿਰਦੇ ਦੇਖ ਲੋਕਾਂ ਦਾ ਗੁੱਸਾ ਭੜਕਦਾ। ਇਹ ਗੁੱਸਾ ਸਰਕਾਰ ਲਈ ਖ਼ਤਰਨਾਕ ਸਾਬਤ ਹੁੰਦਾ।

ਹੁਣ ਕੇਸ ਦੇ ਅੰਤਿਮ ਫ਼ੈਸਲੇ ਤਕ ਦੋਸ਼ੀਆਂ ਨੇ ਲੋਕਾਂ ਦੀਆਂ ਅੱਖਾਂ ਤੋਂ ਓਝਲ ਰਹਿਣਾ ਸੀ। ਅਗਾਂਹ ਸਰਕਾਰ ਨੇ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਸਜ਼ਾ ਕਰਾਉਣ ਦਾ ਯਤਨ ਕਰਨਾ ਸੀ। ਜੇ ਸਜ਼ਾ ਦੇ ਆਸਾਰ ਨਾ ਬਣੇ ਤਾਂ ਫ਼ੈਸਲੇ ਨੂੰ ਲਟਕਾ ਦੇਣਾ ਸੀ। ਸਰਕਾਰ ਨੇ ਓਨੀ ਦੇਰ ਫ਼ੈਸਲਾ ਨਹੀਂ ਸੀ ਹੋਣ ਦੇਣਾ, ਜਿੰਨੀ ਦੇਰ ਲੋਕ ਹੋਰ ਭਖਦੇ ਮਸਲਿਆਂ ਵਿਚ ਨਾ ਉਲਝ ਜਾਣ, ਜਿੰਨੀ ਦੇਰ ਤਕ ਬੰਟੀ ਦੇ ਕਤਲ ਦੀ ਯਾਦ ਧੁੰਦਲੀ ਨਾ ਪੈ ਜਾਵੇ।

ਹਾਲ ਦੀ ਘੜੀ ਇਸ ਸੰਕਟ ਨੂੰ ਟਾਲ ਕੇ ਸਰਕਾਰ ਤਾਂ ਸੁਖ ਦੀ ਨੀਂਦ ਸੌਂ ਗਈ ਪਰ ਸੰਮਤੀ ਦੀ ਨੀਂਦ ਹਰਾਮ ਹੋ ਗਈ।

ਸਰਕਾਰ ਵੱਲੋਂ ਅਪਣਾਈ ਇਹ ਰਣਨੀਤੀ ਸੰਮਤੀ ਲਈ ਚਿੰਤਾ ਦਾ ਵਿਸ਼ਾ ਸੀ।

ਦਰਖ਼ਾਸਤ ਦੇ ਰੱਦ ਹੋਣ ਦਾ ਸੈੱਲ ਦੇ ਤਿੰਨਾਂ ਵਕੀਲਾਂ 'ਤੇ ਵੱਖ-ਵੱਖ ਪ੍ਰਤੀਕਰਮ ਹੋਇਆ ਸੀ।

ਮੋਹਨ ਜੀ ਇਕ ਪੇਸ਼ੇਵਾਰ ਵਕੀਲ ਸੀ। ਪੈਰਵਾਈ ਲਈ ਉਸ ਕੋਲ ਬੀਸੀਆਂ ਕੇਸ ਆਉਂਦੇ-ਜਾਂਦੇ ਰਹਿੰਦੇ ਸਨ। ਕਿਸੇ ਇਕ ਕੇਸ ਦੀ ਜਿੱਤ-ਹਾਰ ਦਾ ਨਾ ਉਸ ਦੇ ਮਨ 'ਤੇ ਅਸਰ ਹੁੰਦਾ ਸੀ ਨਾ ਧੰਦੇ 'ਤੇ, ਪਰ ਕਤਲ ਕੇਸ ਵਿਚ ਉਹ ਪਹਿਲੀ ਵਾਰ ਪੇਸ਼ ਹੋ ਰਿਹਾ ਸੀ। ਇਸ ਕੇਸ ਦੀ ਜਿੱਤ-ਹਾਰ ਉਸ ਦੇ ਵਕਾਰ ਦਾ ਸਵਾਲ ਸੀ। ਜ਼ਮਾਨਤ ਦੇ ਨਾ ਹੋਣ ਨੂੰ ਉਹ ਅਸਫਲਤਾ ਦੀ ਸ਼ੁਰੂਆਤ ਗਿਣਦਾ ਸੀ। ਇਸ ਲਈ ਘਬਰਾਹਟ ਵਿਚ ਸੀ।

ਪਿਆਰੇ ਲਾਲ ਨੂੰ ਘਬਰਾਹਟ ਨਾਲੋਂ ਵੱਧ ਮਾਨਸਿਕ ਪੀੜਾ ਸੀ। ਇਹ ਪੀੜਾ ਇਸ ਲਈ ਸੀ ਕਿ ਨਿਆਂ-ਪਾਲਿਕਾ ਦਾ ਜਿਹੜਾ ਸਰੂਪ ਉਸ ਨੇ ਆਪਣੇ ਜ਼ਿਹਨ ਵਿਚ ਚਿੱਤਰ ਰੱਖਿਆ ਸੀ, ਇਸ ਫ਼ੈਸਲੇ ਨਾਲ ਉਸ ਦਾ ਹੁਲੀਆ ਵਿਗੜ ਗਿਆ ਸੀ। ਭਾਰਤੀ ਨਿਆਂ-ਪਾਲਿਕਾ ਦੀ ਆਜ਼ਾਦੀ, ਨਿਡਰਤਾ ਅਤੇ ਨਿਰਪੱਖਤਾ 'ਤੇ ਉਸ ਨੂੰ ਸ਼ੱਕ ਹੋਣ ਲੱਗਾ ਸੀ। ਕੀ ਇਸੇ ਦਾ ਨਾਂ ਇਨਸਾਫ਼ ਹੈ ? ਇਸ ਤਰ੍ਹਾਂ ਦੇ ਸੈਂਕੜੇ ਪ੍ਰਸ਼ਨ ਉਸ ਦੇ ਜ਼ਿਹਨ ਵਿਚ ਉੱਠ ਖੜੋਤੇ ਸਨ।

ਗੁਰਮੀਤ ਨੂੰ ਨਾ ਘਬਰਾਹਟ ਸੀ, ਨਾ ਮਾਨਸਿਕ ਪੀੜਾ। ਉਸ ਦੀ ਤੀਸਰੀ ਅੱਖ ਨੇ ਪਹਿਲਾਂ ਹੀ ਭਾਂਪ ਲਿਆ ਸੀ ਕਿ ਇਸ ਕੇਸ ਦੀ ਜਿੱਤ ਕੋਈ ਸਵਾਦੀ ਕੇਕ ਨਹੀਂ ਸੀ, ਜਿਹੜਾ ਸਰਕਾਰ ਨੇ ਪਲੇਟ ਵਿਚ ਪਰੋਸ ਕੇ ਉਹਨਾਂ ਅੱਗੇ ਰੱਖ ਦੇਣਾ ਸੀ। ਇਸ ਕੇਸ ਨੂੰ ਜਿੱਤਣ ਲਈ ਸੰਮਤੀ ਨੂੰ ਲੰਬਾ ਸੰਘਰਸ਼ ਕਰਨਾ ਪੈਣਾ ਸੀ।

ਗੁਰਮੀਤ ਇਸ ਫ਼ੈਸਲੇ ਨੂੰ ਇਕ ਵੰਗਾਰ ਦੇ ਰੂਪ ਵਿਚ ਲੈ ਰਿਹਾ ਸੀ। ਸੰਮਤੀ ਲਈ ਇਹ ਇਕ ਸਬਕ ਸੀ। ਸਰਕਾਰ ਦੇ ਇਰਾਦਿਆਂ ਨੂੰ ਪੜ੍ਹਨ ਅਤੇ ਆਪਣੀ ਰਣਨੀਤੀ ਘੜਨ ਦਾ।

ਉਹ ਸਾਥੀ ਵਕੀਲਾਂ ਦੇ ਗਿਰੇ ਮਨੋਬਲ ਨੂੰ ਉੱਚਾ ਚੁੱਕਣ ਅਤੇ ਮੁਹਿੰਮ ਨੂੰ ਲਾਮਬੰਦ ਕਰਨ ਦੇ ਉਪਰਾਲੇ ਸੋਚਣ ਲੱਗਾ।

ਸੰਮਤੀ ਦੀਆਂ ਸਰਗਰਮੀਆਂ ਤੇਜ਼ ਕੀਤੀਆਂ ਗਈਆਂ। ਅੱਗੋਂ ਤੋਂ ਕੀ ਰਣਨੀਤੀ ਅਪਣਾਈ ਜਾਏ ? ਇਸ ਵਿਸ਼ੇ ਨੂੰ ਲੈ ਕੇ ਰਾਏ-ਮਸ਼ਵਰੇ ਹੋਣ ਲੱਗੇ। ਕਾਨੂੰਨੀ ਦਾਅ-ਪੇਚਾਂ ਦਾ ਗਿਆਨ ਲੀਗਲ-ਸੈੱਲ ਵਾਲਿਆਂ ਨੂੰ ਸੀ। ਗੁਰਮੀਤ ਅਤੇ ਮੋਹਨ ਜੀ ਦੇ ਨਾਲ-ਨਾਲ ਪਿਆਰੇ ਲਾਲ ਦੀ ਰਾਏ ਵੀ ਲਈ ਜਾਣ ਲੱਗੀ।

ਪਿਆਰੇ ਲਾਲ ਜਦੋਂ ਵੀ ਕਿਸੇ ਮੀਟਿੰਗ ਵਿਚ ਜਾਂਦਾ ਤਾਂ ਉਸ ਦਾ ਧਿਆਨ ਸੁਝਾਅ ਦੇਣ ਵੱਲ ਘੱਟ ਅਤੇ ਆਪਣੀ ਦੁਬਿਧਾ ਹੱਲ ਕਰਨ ਵੱਲ ਵਧੇਰੇ ਹੁੰਦਾ।

ਪਿਆਰੇ ਲਾਲ ਦੇ ਪ੍ਰਸ਼ਨ ਬਾਬਾ ਜੀ ਨੂੰ ਪ੍ਰਭਾਵਤ ਕਰਦੇ ਅਤੇ ਬਾਬਾ ਜੀ ਦੇ ਤਰਕ-ਭਰਪੂਰ ਉੱਤਰ ਪਿਆਰੇ ਲਾਲ ਦੀ ਜਗਿਆਸਾ ਸ਼ਾਂਤ ਕਰਦੇ, ਉਸ ਦੇ ਜ਼ਖ਼ਮਾਂ 'ਤੇ ਮਲ੍ਹਮ ਧਰਦੇ। ਕੁਝ



ਹੀ ਮੀਟਿੰਗਾਂ ਵਿਚ ਬਾਬੇ ਨੇ ਪਿਆਰੇ ਲਾਲ ਨੂੰ ਪਛਾਣ ਲਿਆ। ਉਹ ਇਕ ਅਣ-ਘੜਿਆ ਹੀਰਾ ਸੀ। ਥੋੜ੍ਹਾ ਜਿਹਾ ਤਰਾਸ਼ੇ ਜਾਣ 'ਤੇ ਹੀ ਉਸ ਨੇ ਲੋਕ-ਸੰਘਰਸ਼ ਲਈ ਬਹੁਮੁੱਲਾ ਬਣ ਜਾਣਾ ਸੀ। ਉਹ ਪਿਆਰੇ ਲਾਲ ਵੱਲ ਜ਼ਿਆਦਾ ਧਿਆਨ ਦੇਣ ਲੱਗੇ।

ਪਿਆਰੇ ਲਾਲ ਵੀ ਸੰਮਤੀ ਦੇ ਹਰ ਕੰਮ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਲੱਗਾ। ਹੌਲੀ-ਹੌਲੀ ਉਸ ਨੂੰ ਵੀ ਸੱਚ ਦੀ ਪਛਾਣ ਹੋਣ ਲੱਗੀ।

ਇਕ ਗੱਲ ਸਭ ਲਈ ਸਪੱਸ਼ਟ ਸੀ। ਇਹ ਲੜਾਈ ਇਕੱਲੇ ਲੀਗਲ ਸੈੱਲ ਦੇ ਵੱਸਦੀ ਨਹੀਂ ਸੀ। ਸਰਕਾਰ ਦੇ ਹੱਥਕੰਡਿਆਂ ਦਾ ਮੁਕਾਬਲਾ ਅਦਾਲਤਾਂ ਦੇ ਨਾਲ-ਨਾਲ ਸੜਕਾਂ 'ਤੇ ਵੀ ਕਰਨਾ ਪੈਣਾ ਸੀ।

ਕੌਣ ਆਖਦਾ ਸੀ ਕਿ ਲੜਾਈ ਇਕੱਲੇ ਲੀਗਲ ਸੈੱਲ ਨੇ ਲੜਨੀ ਸੀ ? ਸਾਰੀ ਸੰਘਰਸ਼ ਸੰਮਤੀ ਸੈੱਲ ਦੇ ਨਾਲ ਸੀ। ਸਰਕਾਰ ਦੀ ਹਰ ਚਾਲ ਦਾ ਮੂੰਹ-ਤੋੜਵਾਂ ਜਵਾਬ ਦਿੱਤਾ ਜਾਣਾ ਸੀ। ਸੰਮਤੀ ਦਾ ਹਰ ਕਾਰਕੁਨ ਜਾਨ ਦੀ ਬਾਜ਼ੀ ਤਕ ਲਾਉਣ ਨੂੰ ਤਿਆਰ ਸੀ।

ਬਾਬੇ ਦੇ ਇਸ ਐਲਾਨ ਨੇ ਲੀਗਲ ਸੈੱਲ ਵਿਚ ਨਵੀਂ ਰੂਹ ਫੂਕ ਦਿੱਤੀ।

ਸੈੱਲ ਦੇ ਸੁਝਾਅ 'ਤੇ ਸੰਮਤੀ ਦੀ ਵਿਸ਼ੇਸ਼ ਮੀਟਿੰਗ ਬੁਲਾਈ ਗਈ। ਹਰ ਮੈਂਬਰ ਨੂੰ ਹਾਜ਼ਰ ਹੋਣ ਅਤੇ ਠੋਸ ਸੁਝਾਅ ਲੈ ਕੇ ਆਉਣ ਦਾ ਆਦੇਸ਼ ਜਾਰੀ ਕੀਤਾ ਗਿਆ।

ਹੁਕਮ ਦੀ ਤਾਮੀਲ ਹੋਈ। ਹਾਜ਼ਰੀ ਭਰਵੀਂ ਰਹੀ। ਮੈਂਬਰਾਂ ਵਿਚ ਅਥਾਹ ਉਤਸ਼ਾਹ ਸੀ।

ਨਵੀਂ ਰਣਨੀਤੀ ਘੜਨ ਵਿਚ ਸੈੱਲ ਨੇ ਅਹਿਮ ਰੋਲ ਅਦਾ ਕਰਨਾ ਸੀ। ਪਹਿਲਾਂ ਉਸੇ ਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ।

ਸੈੱਲ ਵਾਲੇ ਆਪਣੇ ਫ਼ਰਜ਼ਾਂ ਤੋਂ ਸੁਚੇਤ ਸਨ। ਹਰ ਕੋਈ ਨਵੇਂ ਤੋਂ ਨਵੇਂ ਸੁਝਾਵਾਂ ਨਾਲ ਲੈਸ ਸੀ।

ਮੋਹਨ ਜੀ ਦਾ ਵਿਚਾਰ ਸੀ ਕਿ ਇਸ ਮੁਕੱਦਮੇ ਨੂੰ ਜਿੰਨਾ ਹੋ ਸਕੇ ਲਟਕਾਇਆ ਜਾਵੇ।

ਮੁਕੱਦਮੇ ਨੂੰ ਲਟਕਾਉਣ ਦੇ ਬਹੁਤ ਫ਼ਾਇਦੇ ਹੋਣੇ ਸਨ। ਪਹਿਲਾ ਇਹ ਕਿ ਸਮਾਂ ਬੀਤਣ ਨਾਲ ਗਵਾਹਾਂ ਨੇ ਖਿੰਡ-ਪੁੰਡ ਜਾਣਾ ਸੀ। ਕਿਸੇ ਪੁਲਿਸ ਵਾਲੇ ਨੇ ਬਦਲ ਕੇ ਰੋਪੜ ਚਲੇ ਜਾਣਾ ਸੀ ਅਤੇ ਕਿਸੇ ਨੇ ਪਟਿਆਲੇ। ਕਦੇ ਇਕ ਗਵਾਹ ਗਵਾਹੀ ਦੇਣ ਆ ਗਿਆ ਕਦੇ ਦੂਜਾ। ਨਾ ਸਾਰੇ ਗਵਾਹ ਇਕੱਠੇ ਹੋਣ, ਨਾ ਗਵਾਹੀ ਹੋਵੇ, ਨਾ ਕੇਸ ਅਗਾਂਹ ਤੁਰੇ।

ਕਿਸੇ ਗਵਾਹ ਨੇ ਵਿਦੇਸ਼ ਤੁਰ ਜਾਣਾ ਸੀ, ਕਿਸੇ ਨੇ ਮਰ ਜਾਂ ਰਿਟਾਇਰ ਹੋ ਜਾਣਾ ਸੀ। ਕੋਈ ਪੁਲਸੀਆ ਡਿਸਮਿਸ ਹੋ ਗਿਆ ਤਾਂ ਵੀ ਦੋਸ਼ੀਆਂ ਦੀਆਂ ਪੌਂ ਬਾਰਾਂ ਹੋ ਜਾਣੀਆਂ ਸਨ। ਪੁਲਿਸ ਦੀ ਵਰਦੀ ਉਤਰਦਿਆਂ ਹੀ ਤਾਕਤ ਦਾ ਨਸ਼ਾ ਵੀ ਉਤਰ ਜਾਣਾ ਸੀ। ਕੁਝ ਗਵਾਹਾਂ ਦੀ ਜ਼ਮੀਰ ਜਾਗਣ ਲੱਗਣੀ ਸੀ। ਕਿਸੇ ਦੀ ਜ਼ਮੀਰ ਨਾ ਵੀ ਜਾਗੇ, ਵਿਕਣ ਜ਼ਰੂਰ ਲੱਗਣੀ ਸੀ। ਰਿਟਾਇਰ ਹੋਏ ਗਵਾਹ ਦਾ ਰੇਟ ਵੀ ਸਸਤਾ ਹੋ ਜਾਣਾ ਸੀ। ਮੋਹਨ ਜੀ ਨੇ ਕਈ ਵਾਰ ਚਾਹ ਦੇ ਕੱਪ ਜਾਂ ਦੁਪਹਿਰ ਦੇ ਖਾਣੇ ਨਾਲ ਵੀ ਕੰਮ ਸਾਰਿਆ ਸੀ। ਨੌਕਰੀਉਂ ਵੱਖ ਹੋਏ ਗਵਾਹ ਨੂੰ ਕਿਸੇ ਦਾ ਡਰ ਨਹੀਂ ਰਹਿੰਦਾ। ਉਹ ਮਨ-ਮਰਜ਼ੀ ਦੀ ਬੋਲੀ ਬੋਲ ਸਕਣ ਲਈ ਆਜ਼ਾਦ ਹੋਣਾ ਸੀ।

ਇਸ ਹਫੜਾ-ਦਫੜੀ ਦਾ ਫਾਇਦਾ ਉਠਾ ਕੇ ਦੋਸ਼ੀਆਂ ਨੇ ਬਰੀ ਹੋ ਜਾਣਾ ਸੀ।

ਮੋਹਨ ਜੀ ਆਪਣੇ ਬਹੁਤੇ ਕੇਸ ਇਸੇ ਤਰ੍ਹਾਂ ਬਰੀ ਕਰਾਉਂਦਾ ਸੀ।

ਇਕ ਵਾਰ ਉਸ ਕੋਲ ਅਜਿਹਾ ਕੇਸ ਆਇਆ, ਜਿਸ ਵਿਚ ਦੋਸ਼ੀਆਂ ਕੋਲੋਂ ਭੁੱਕੀ ਦਾ ਭਰਿਆ ਟਰੱਕ ਫੜਿਆ ਗਿਆ ਸੀ। ਦੋਸ਼ੀ ਪੰਜ ਸਨ। ਡਰਾਈਵਰ, ਕੰਡਕਟਰ ਅਤੇ ਮਜ਼ਦੂਰ।

ਮਾਲਕ ਲੈ-ਦੇ ਕਰ ਕੇ ਪਹਿਲਾਂ ਹੀ ਖੰਭ ਛੁਡਾ ਗਿਆ ਸੀ।

ਸਾਰੇ ਪੱਖ ਵਿਚਾਰ ਕੇ ਮੋਹਨ ਜੀ ਨੇ ਇਹੋ ਢੰਗ ਅਪਣਾਇਆ। ਉਸ ਨੇ ਆਪਣੇ ਸਾਇਲਾਂ ਨੂੰ ਸਮਝਾਇਆ। ਜੇ ਸਾਰੇ ਗਵਾਹ ਭੁਗਤ ਗਏ ਤਾਂ ਤਿੰਨ-ਤਿੰਨ ਸਾਲ ਦੀ ਕੈਦ ਹੋਏਗੀ। ਭਲਾ ਇਸੇ ਵਿਚ ਸੀ ਜੇ ਮਰਜ਼ੀ ਨਾਲ ਮਹੀਨਾ-ਮਹੀਨਾ ਕੱਟ ਲਈ ਜਾਵੇ।

ਮੁਕੱਦਮੇ ਦੇ ਗਵਾਹ ਅਤੇ ਮਾਲ-ਮੁਕੱਦਮਾ ਕਦੇ-ਕਦਾਈਂ ਹੀ ਇਕੱਠੇ ਹੁੰਦੇ ਹਨ। ਭੁੱਲ-ਭੁਲੇਖੇ ਕਦੇ ਇਕੱਠੇ ਹੋ ਵੀ ਜਾਂਦੇ ਤਾਂ ਮੋਹਨ ਜੀ ਆਪਣੀ ਯੋਜਨਾ ਅਨੁਸਾਰ ਕਿਸੇ ਇਕ ਦੋਸ਼ੀ ਨੂੰ ਗ਼ੈਰ-ਹਾਜ਼ਰ ਕਰ ਦਿੰਦਾ। ਦੋਸ਼ੀ ਦੇ ਗ਼ੈਰ-ਹਾਜ਼ਰ ਹੋਣ ਕਾਰਨ ਸਾਰੀ ਕਾਰਵਾਈ ਰੁਕ ਜਾਂਦੀ। ਗਵਾਹ ਬੇਰੰਗ ਮੁੜ ਜਾਂਦੇ। ਭੁੱਕੀ ਵਾਲੀਆਂ ਬੋਰੀਆਂ ਫਟ ਜਾਂਦੀਆਂ। ਅੱਧਾ ਮਾਲ ਸੜਕਾਂ 'ਤੇ ਬਿਖਰ ਜਾਂਦਾ।

ਦਸਾਂ-ਪੰਦਰਾਂ ਦਿਨਾਂ ਬਾਅਦ ਦੋਸ਼ੀ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਂਦਾ। ਨਾਲ ਪੰਜਾਂ ਰੁਪਿਆਂ ਵਾਲਾ ਮੈਡੀਕਲ ਸਰਟੀਫ਼ਿਕੇਟ ਨੱਥੀ ਕਰ ਦਿੱਤਾ ਜਾਂਦਾ। ਜੱਜ ਭਲਾਮਾਣਸ ਹੁੰਦਾ ਤਾਂ ਦੋਸ਼ੀ ਦੀ ਝਿੜਕ-ਝੰਭ ਕਰ ਕੇ ਨਵੀਂ ਜ਼ਮਾਨਤ ਲੈ ਲੈਂਦਾ। ਕੱਬਾ ਹੁੰਦਾ ਤਾਂ ਹਫ਼ਤੇ-ਦਸ ਦਿਨਾਂ ਲਈ ਜੇਲ੍ਹ ਭੇਜ ਦਿੰਦਾ।

ਚਾਰ ਦੋਸ਼ੀਆਂ ਦੇ ਗ਼ੈਰ-ਹਾਜ਼ਰ ਹੁੰਦਿਆਂ ਹੀ ਕੇਸ ਅੱਠ ਸਾਲ ਪੁਰਾਣਾ ਹੋ ਗਿਆ। ਕੇਸ ਦੀ ਹਿਸਟਰੀ-ਸ਼ੀਟ ਬਣ ਗਈ। ਜੱਜ ਦੀ ਖਿਚਾਈ ਹੋਣ ਲੱਗੀ। ਫ਼ੈਸਲਾ ਕਿਉਂ ਨਹੀਂ ਹੁੰਦਾ ?

ਪਹਿਲਾਂ ਮੁਲਜ਼ਮ ਹੋਰ ਤਾਰੀਖ਼ ਲੈਣ ਲਈ ਹਾੜੇ ਕੱਢਦੇ ਸਨ, ਫੇਰ ਸਰਕਾਰੀ ਵਕੀਲ ਕੱਢਣ ਲੱਗਾ। ਕਦੇ ਗਵਾਹ ਪੂਰੇ ਨਾ ਹੁੰਦੇ। ਗਵਾਹ ਆ ਜਾਂਦੇ ਤਾਂ ਟਰੱਕ ਨਾ ਆਉਂਦਾ। ਟਰੱਕ ਆ ਜਾਂਦਾ ਤਾਂ ਮਾਲ-ਮੁਕੱਦਮਾ ਨਾ ਆਉਂਦਾ।

ਜੱਜ ਪੇਸ਼ੀਆਂ ਪਾ-ਪਾ ਦੁਖੀ ਹੋ ਗਿਆ।

ਕੇਸ ਵੱਡਾ ਸੀ। ਉਸ ਨੂੰ ਦੋਸ਼ੀਆਂ ਨੂੰ ਬਰੀ ਕਰਨ ਤੋਂ ਵੀ ਡਰ ਲੱਗਦਾ ਸੀ। ਅੱਕ-ਥੱਕ ਕੇ ਉਸ ਨੇ ਸੈਸ਼ਨ ਜੱਜ ਨਾਲ ਗੱਲ ਕੀਤੀ।

ਸੈਸ਼ਨ ਜੱਜ ਵੀ ਹਾਈ ਕੋਰਟ ਨੂੰ ਆਪਣੇ ਸਪੱਸ਼ਟੀਕਰਨ ਦੇ-ਦੇ ਹੰਭ ਚੁੱਕਾ ਸੀ। ਸੈਸ਼ਨ ਜੱਜ ਨੇ ਹਰੀ ਝੰਡੀ ਦੇ ਦਿੱਤੀ। ਗਵਾਹ ਨਹੀਂ ਆਉਂਦੇ, ਨਾ ਆਉਣ। ਗਵਾਹ ਪੇਸ਼ ਕਰਨ ਲਈ ਆਖ਼ਰੀ ਮੌਕਾ ਦਿਉ। ਫੇਰ ਫ਼ੈਸਲਾ ਕਰ ਦਿਉ।

ਜਦੋਂ ਪਨਾਲਾ ਫੇਰ ਵੀ ਉਥੇ ਦਾ ਉਥੇ ਹੀ ਰਿਹਾ ਤਾਂ ਜੱਜ ਨੇ ਦੋਸ਼ੀਆਂ ਨੂੰ ਬਾ-ਇੱਜ਼ਤ ਬਰੀ ਕਰ ਦਿੱਤਾ।

ਪਿਆਰੇ ਲਾਲ ਇਸ ਸੁਝਾਅ ਨਾਲ ਸਹਿਮਤ ਨਹੀਂ ਸੀ। ਇਹ ਢੰਗ ਇਸ ਕੇਸ ਵਿਚ ਨਹੀਂ ਸੀ ਅਪਣਾਇਆ ਜਾ ਸਕਦਾ।

ਇਸ ਦਾ ਪਹਿਲਾ ਕਾਰਨ ਇਹ ਸੀ ਕਿ ਇਹ ਸੈਸ਼ਨ ਕੇਸ ਸੀ। ਸੈਸ਼ਨ ਕੇਸਾਂ ਦੇ ਸੰਮਨਾਂ ਦੀ ਤਾਮੀਲ ਵੱਲ ਪੁਲਿਸ ਵਿਸ਼ੇਸ਼ ਧਿਆਨ ਦਿੰਦੀ ਸੀ। ਸੈਸ਼ਨ ਕੋਰਟ ਵਿਚ ਗਵਾਹਾਂ ਨੂੰ ਬਹੁਤੀ ਦੇਰ ਟਾਲਣਾ ਅਸੰਭਵ ਸੀ।

ਦੂਜਾ, ਇਸ ਕੇਸ ਦੇ ਦੋਵੇਂ ਦੋਸ਼ੀ ਪਹਿਲਾਂ ਹੀ ਜੇਲ੍ਹ ਵਿਚ ਸਨ। ਜਿੰਨਾ ਕੇਸ ਵੱਧ ਲਟਕੇਗਾ, ਓਨੀ ਵੱਧ ਸਜ਼ਾ ਉਹਨਾਂ ਨੂੰ ਮੁਫ਼ਤ ਵਿਚ ਕੱਟਣੀ ਪਵੇਗੀ।

ਤੀਜਾ, ਜਿਸ ਹਿਸਾਬ ਨਾਲ ਅਦਾਲਤਾਂ ਇਸ ਕੇਸ ਦੀ ਕਾਰਵਾਈ ਨੂੰ ਨਿਪਟਾ ਰਹੀਆਂ ਸਨ, ਉਸ ਤੋਂ ਪ੍ਰਤੱਖ ਸੀ ਕਿ ਸਰਕਾਰ ਇਸ ਕੇਸ ਨੂੰ ਜਲਦੀ ਤੋਂ ਜਲਦੀ ਨਿਪਟਾਉਣਾ



ਚਾਹੁੰਦੀ ਸੀ।

ਮੈਜਿਸਟ੍ਰੇਟ ਨੇ ਮਹੀਨਿਆਂ ਵਿਚ ਮੁਕੰਮਲ ਹੋਣ ਵਾਲੀ ਕਾਰਵਾਈ ਦਿਨਾਂ ਵਿਚ ਨਬੇੜੀ ਸੀ।

ਚਲਾਨ ਪੇਸ਼ ਹੋਣ ਪਿੱਛੋਂ ਪੇਸ਼ੀ ਲਈ ਮਿਸਲ ਮੁਆਇਨੇ ਲਈ ਪੈਣੀ ਸੀ। ਨਕਲਾਂ ਦੇਣ ਵਿਚ ਰਹੀ ਕਮੀ ਪੇਸ਼ੀ ਅਗਲੀ ਤਾਰੀਖ਼ 'ਤੇ ਪੂਰੀ ਹੋਣੀ ਸੀ। ਇਹ ਸਾਰੀ ਕਾਰਵਾਈ ਇਕੋ ਦਿਨ ਚ ਹੋ ਗਈ। ਤੀਜੇ ਦਿਨ ਕੇਸ ਸੈਸ਼ਨ ਸਪੁਰਦ ਹੋ ਗਿਆ।

ਅਗਾਂਹ ਸੈਸ਼ਨ ਨੇ ਵੀ ਕੋਈ ਢਿੱਲ ਨਹੀਂ ਸੀ ਦਿਖਾਈ। ਪਹਿਲੀ ਪੇਸ਼ੀ ਹੀ ਚਾਰਜ ਲਾ ਕੇ ਕੇਸ ਗਵਾਹੀਆਂ 'ਤੇ ਲਾ ਦਿੱਤਾ ਸੀ।

ਗਵਾਹੀਆਂ ਲਈ ਵੀ ਤਾਰੀਖ਼ ਲੰਬੀ ਨਹੀਂ ਸੀ ਪਈ। ਸਰਕਾਰ ਨੂੰ ਗਵਾਹ ਪੇਸ਼ ਕਰਨ ਲਈ ਇਕ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਗਵਾਹੀਆਂ ਦੋ ਦਿਨ ਲਗਾਤਾਰ ਹੋਣੀਆਂ ਸਨ।

ਜੇ ਅਦਾਲਤਾਂ ਨੂੰ ਉਪਰੋਂ ਕੋਈ ਹਦਾਇਤ ਨਾ ਹੋਈ ਹੁੰਦੀ ਤਾਂ ਚਲਾਨ ਪੇਸ਼ ਹੋਣ ਪਿੱਛੋਂ ਦੋ-ਤਿੰਨ ਪੇਸ਼ੀਆਂ ਕਾਗ਼ਜ਼ਾਂ ਦੀ ਜਾਂਚ-ਪੜਤਾਲ ਲਈ ਪੈਣੀਆਂ ਸਨ। ਹਰ ਪੇਸ਼ੀ ਪੰਦਰਾਂ-ਦਿਨਾਂ ਦੀ ਹੋਣੀ ਸੀ। ਜੇ ਵਕੀਲ ਨਕਲਾਂ ਘੱਟ ਮਿਲਣ ਦਾ ਇਤਰਾਜ਼ ਕਰਦੇ ਤਾਂ ਕਈ ਮਹੀਨੇ ਨਕਲਾਂ ਤਿਆਰ ਕਰਨ ਨੂੰ ਲੱਗ ਜਾਂਦੇ। ਫੇਰ ਕਿਧਰੇ ਜਾ ਕੇ ਕੇਸ ਸੈਸ਼ਨ ਸਪੁਰਦ ਹੁੰਦਾ।

ਕਈ ਪੇਸ਼ੀਆਂ ਸੈਸ਼ਨ ਜੱਜ ਚਾਰਜ ਨਾ ਲਾਉਂਦਾ। ਚਾਰਜ ਬਣਦਾ ਵੀ ਹੈ ? ਜੇ ਹਾਂ ਤਾਂ ਕਿਸ ਧਾਰਾ ਅਧੀਨ ? ਇਸ ਨੁਕਤੇ 'ਤੇ ਵਕੀਲਾਂ ਵਿਚਕਾਰ ਬਹਿਸ ਹੁੰਦੀ। ਬਹਿਸ ਲਈ ਕਈ ਪੇਸ਼ੀਆਂ ਪੈਂਦੀਆਂ। ਕਦੇ ਜੱਜ ਕੋਲ ਵਕਤ ਨਾ ਹੁੰਦਾ, ਕਦੇ ਇਕ ਧਿਰ ਦੇ ਵਕੀਲ ਕੋਲ ਅਤੇ ਕਦੇ ਦੂਜੀ ਧਿਰ ਦੇ ਵਕੀਲ ਕੋਲ।

ਫੇਰ ਚਾਰਜ ਲੱਗਦਾ।

ਗਵਾਹੀਆਂ ਲਈ ਘੱਟੋ-ਘੱਟ ਛੇ ਮਹੀਨੇ ਦਾ ਸਮਾਂ ਦਿੱਤਾ ਜਾਂਦਾ।

ਪਿਆਰੇ ਲਾਲ ਦਾ ਵਿਚਾਰ ਸੀ ਕਿ ਜਦੋਂ ਅਦਾਲਤ ਕੇਸ ਨਿਪਟਾਉਣ ਲਈ ਤਤਪਰ ਹੋਏ ਤਾਂ ਵਕੀਲ ਨੂੰ ਟੰਗ ਨਹੀਂ ਅੜਾਉਣੀ ਚਾਹੀਦੀ। ਦੋਸ਼ੀਆਂ ਨੂੰ ਬਰੀ ਕਰਾਉਣ ਲਈ ਕੋਈ ਹੋਰ ਤਰੀਕਾ ਵਰਤਿਆ ਜਾਣਾ ਚਾਹੀਦਾ ਸੀ।

ਫੇਰ ਦੂਸਰਾ ਤਰੀਕਾ ਸੀ, ਜੱਜ ਤੋਂ ਲੈ ਕੇ ਗਵਾਹਾਂ ਤੱਕ ਨੂੰ ਗੰਢਣ ਦਾ।

ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਜੱਜ ਅਤੇ ਸਰਕਾਰੀ ਵਕੀਲ ਦੋਵੇਂ ਪੈਸੇ ਦੇ ਪੁੱਤ ਸਨ। ਰਿਸ਼ਵਤ ਬਿਨਾਂ ਸਕੇ ਬਾਪ ਦਾ ਕੰਮ ਨਹੀਂ ਕਰਦੇ ਪਰ ਗੁਰਮੀਤ ਅਨੁਸਾਰ ਉਹ ਇੰਨੇ ਅਨਾੜੀ ਵੀ ਨਹੀਂ ਸਨ ਕਿ ਸਮੇਂ ਦੀ ਨਜ਼ਾਕਤ ਨਾ ਪਹਿਚਾਨਣ। ਬਲਦੀ ਅੱਗ ਵਿਚ ਹੱਥ ਪਾ ਕੇ ਉਹ ਆਪਣੀ ਨੌਕਰੀ ਨੂੰ ਖ਼ਤਰਾ ਖੜਾ ਨਹੀਂ ਕਰਨ ਲੱਗੇ।

ਕਿਉਂ ਨਾ ਬੁਰਾਈ ਦੀ ਜੜ੍ਹ ਨੂੰ ਹੱਥ ਪਾਇਆ ਜਾਵੇ ?

"ਕਿਵੇਂ ਨਾ ਕਿਵੇਂ ਗਵਾਹਾਂ ਨੂੰ ਕਾਬੂ ਕੀਤਾ ਜਾਵੇ। ਨਾ ਰਹੇਗਾ ਬਾਂਸ ਨਾ ਵੱਜੇਗੀ ਬੰਸਰੀ।" ਫ਼ੌਜਦਾਰੀ ਕੇਸਾਂ ਵਿਚ ਗਵਾਹਾਂ ਦੀ ਅਹਿਮੀਅਤ ਸਮਝਾਉਂਦੇ ਗੁਰਮੀਤ ਨੇ ਆਪਣਾ ਸੁਝਾਅ ਪੇਸ਼ ਕੀਤਾ।

ਬੰਟੀ ਕਤਲ ਕੇਸ ਵਿਚ ਇਕ ਵੀ ਚਸ਼ਮਦੀਦ ਗਵਾਹ ਨਹੀਂ ਸੀ। ਸਾਰਾ ਕੇਸ ਹਾਲਾਤ 'ਤੇ ਆਧਾਰਤ ਗਵਾਹੀ 'ਤੇ ਖੜਾ ਸੀ। ਕਹਾਣੀ ਵੱਖ-ਵੱਖ ਕੜੀਆਂ ਰਾਹੀਂ ਸਿਰਜੀ ਗਈ ਸੀ। ਇਕ ਕੜੀ ਦੇ ਟੁੱਟ ਜਾਣ 'ਤੇ ਹੀ ਰੇਤ ਦਾ ਇਹ ਮਹੱਲ, ਢਹਿ-ਢੇਰੀ ਹੋ ਜਾਣਾ ਸੀ।

ਇਸ ਕੇਸ ਦਾ ਇਕ ਵੀ ਗਵਾਹ ਸੱਚਾ ਨਹੀਂ ਸੀ। ਪੁਲਿਸ ਨੇ ਸਭ ਤੋਂ ਝੂਠ ਬੁਲਾਉਣਾ

ਸੀ। ਗਵਾਹਾਂ ਨੂੰ ਝੂਠ ਬੋਲਣ ਤੋਂ ਰੋਕਣ ਅਤੇ ਸੱਚ ਬੋਲਣ ਲਈ ਮਜਬੂਰ ਕਰ ਕੇ ਸੰਮਤੀ ਨੇ ਨਾ ਕੋਈ ਸਿਧਾਂਤਕ ਉਕਾਈ ਕਰਨੀ ਸੀ, ਨਾ ਇਖ਼ਲਾਕੀ।

ਸਮੁੱਚੀ ਬਹਿਸ ਤੋਂ ਬਾਅਦ ਜੋ ਰਣਨੀਤੀ ਘੜੀ ਗਈ, ਉਹ ਇਹ ਸੀ ਕਿ ਹੁਣ ਸੰਮਤੀ ਨੂੰ ਹਰ ਫ਼ਰੰਟ ’ਤੇ ਲੜਾਈ ਆਰੰਭ ਦੇਣੀ ਚਾਹੀਦੀ ਸੀ। ਕਾਨੂੰਨੀ ਨੁਕਤੇ-ਨਜ਼ਰ ਤੋਂ ਜ਼ਿਆਦਾ ਧਿਆਨ ਗਵਾਹਾਂ ਨਾਲ ਸੰਪਰਕ ਕਰਨ ਵੱਲ ਦਿੱਤਾ ਜਾਣਾ ਚਾਹੀਦਾ ਸੀ।

ਇਸੇ ਪੈਂਤੜੇ ਅਨੁਸਾਰ ਵੱਖ-ਵੱਖ ਇਕਾਈਆਂ ਨੂੰ ਵੱਖ-ਵੱਖ ਜ਼ਿੰਮੇਵਾਰੀਆਂ ਸੰਭਾਲੀਆਂ ਗਈਆਂ।

ਪਿਆਰੇ ਲਾਲ ਐਲ.ਐਲ.ਐਮ. ਪਾਸ ਸੀ। ਉਹ ਨਵੇਂ ਤੋਂ ਨਵੇਂ ਕਾਨੂੰਨ ਲੱਭਣ ਵਿਚ ਮਾਹਿਰ ਸੀ। ਉਹ ਇਸ ਕੇਸ ਵਿਚ ਲੋੜ ਪੈਣ ਵਾਲੇ ਹਰ ਕਾਨੂੰਨ ਦੀ ਖੋਜ ਕਰੇਗਾ। ਅੱਗੇ ਤੋਂ ਬਹੁਤਾ ਸਮਾਂ ਉਹ ਲਾਇਬ੍ਰੇਰੀ ਵਿਚ ਬਿਤਾਏਗਾ।

ਮੋਹਨ ਜੀ ਇਸ ਕੇਸ ਦੇ ਹਰ ਗਵਾਹ ਦੀ ਰਗ-ਰਗ ਤੋਂ ਵਾਕਿਫ਼ ਸੀ। ਹਰਿਦੁਆਰ ਦੇ ਪਾਂਡਿਆਂ ਵਾਂਗ, ਉਸ ਕੋਲ ਹਰ ਗਵਾਹ ਦੀ ਹਿਸਟਰੀ-ਸ਼ੀਟ ਸੀ। ਕਿਸ ਗਵਾਹ ਦੀ ਕਿਥੇ ਰਿਸ਼ਤੇਦਾਰੀ ਹੈ ? ਕਿਸ ਰਿਸ਼ਤੇਦਾਰ ਦੀ ਉਹ ਮੰਨਦਾ ਹੈ ਅਤੇ ਕਿਸ ਦੀ ਨਹੀਂ। ਪੈਸੇ ਦਾ ਪੁੱਤ ਹੈ ਜਾਂ ਸਿਫ਼ਾਰਸ਼ ਮੰਨਦਾ ਹੈ। ਜੇ ਪੈਸੇ ਲੈਂਦਾ ਹੈ ਤਾਂ ਕਿੰਨੇ ? ਉਸ ਦੀ ਵਹੀ ਵਿਚ ਸਭ ਦਰਜ ਸੀ।

ਕਿਸ ਗਵਾਹ ਨਾਲ ਕਿਵੇਂ ਪੇਸ਼ ਆਇਆ ਜਾਵੇ ? ਇਸ ਬਾਰੇ ਮੋਹਨ ਜੀ ਸੰਮਤੀ ਦੀ ਅਗਵਾਈ ਕਰੇਗਾ।

ਗੁਰਮੀਤ ਪਹਿਲਾਂ ਹੀ ਅਹਿਮ ਜ਼ਿੰਮੇਵਾਰੀ ਨਿਭਾ ਰਿਹਾ ਸੀ। ਆਪਣੇ ਪੁਲਿਸ ਸੂਤਰਾਂ ਰਾਹੀਂ ਉਹ ਮਿਸਲ ਵਿਚ ਹੋ ਰਹੀਆਂ ਹੇਰਾ-ਫੇਰੀਆਂ ਦੀ ਸੂਚਨਾ ਹਾਸਲ ਕਰ ਰਿਹਾ ਸੀ। ਇਹਨਾਂ ਹੇਰਾ-ਫੇਰੀਆਂ ਨੇ ਦੋਸ਼ੀਆਂ ਦੇ ਬਰੀ ਹੋਣ ਦਾ ਆਧਾਰ ਬਣਨਾ ਸੀ। ਗੁਰਮੀਤ ਨੇ ਇਹ ਕੰਮ ਜਾਰੀ ਰੱਖਣਾ ਸੀ।

ਗਵਾਹਾਂ ਨਾਲ ਸੰਪਰਕ ਕਾਇਮ ਕਰਨ ਦੀ ਜ਼ਿੰਮੇਵਾਰੀ ਕ੍ਰਾਂਤੀਕਾਰੀ ਫ਼ਰੰਟ ਨੂੰ ਸੌਂਪੀ ਗਈ। ਇਹ ਜ਼ੋਖ਼ਮ ਭਰਿਆ ਕੰਮ ਸੀ। ਹੁਸ਼ਿਆਰੀ ਦੀ ਮੰਗ ਕਰਦਾ ਸੀ। ਮੋਹਨ ਜੀ ਨੇ ਫ਼ਰੰਟ ਨੂੰ ਪਹਿਲਾਂ ਹੀ ਸੁਚੇਤ ਕੀਤਾ।

ਪਹਿਲਾਂ ਗਵਾਹ ਨੂੰ ਸਮਝਾਉਣ ਬੁਝਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਗਵਾਹ ਢਿੱਲ-ਮਿੱਸ ਕਰੇ ਤਾਂ ਕਿਸੇ ਰਿਸ਼ਤੇਦਾਰ ਜਾਂ ਸਿਆਸੀ ਦਬਾਅ ਦਾ ਇਸਤੇਮਾਲ ਕੀਤਾ ਜਾਵੇ। ਜੇ ਪਾਣੀ ਸਿਰੋਂ ਲੰਘਦਾ ਦਿਸੇ ਤਾਂ ਡਰਾਉਣ-ਧਮਕਾਉਣ ਤੋਂ ਵੀ ਗੁਰੇਜ਼ ਨਾ ਕੀਤਾ ਜਾਵੇ।

ਫ਼ੌਰੀ ਤੌਰ ’ਤੇ ਗਵਾਹ ’ਤੇ ਯਕੀਨ ਨਾ ਕੀਤਾ ਜਾਵੇ। ਪਹਿਲੀ ਹੀ ਮੁਲਾਕਾਤ ਵਿਚ ਗਵਾਹ ਨੂੰ ਮੁਕਰਨ ਦਾ ਮਸ਼ਵਰਾ ਨਾ ਦਿੱਤਾ ਜਾਵੇ। ਪਹਿਲਾਂ ਇਹ ਤਸੱਲੀ ਕਰ ਲਈ ਜਾਵੇ ਕਿ ਗਵਾਹ ਜੇ ਸੰਮਤੀ ਦੀ ਮਦਦ ਨਹੀਂ ਕਰੇਗਾ ਤਾਂ ਘੱਟੋ-ਘੱਟ ਵਿਰੋਧ ਵੀ ਨਹੀਂ ਕਰੇਗਾ। ਜੇ ਇਕ ਵੀ ਗਵਾਹ ਨੇ ਪੁਲਿਸ ਕੋਲ ਮੁਖ਼ਬਰੀ ਕਰ ਦਿੱਤੀ ਤਾਂ ਸੰਮਤੀ ਦੀ ਯੋਜਨਾ ਧਰੀ-ਧਰਾਈ ਰਹਿ ਜਾਏਗੀ।

ਵਿਦਿਆਰਥੀ ਵਿੰਗ ਨੇ ਸੰਘ ਦੇ ਜਲੂਸਾਂ ਦਾ ਜਵਾਬ ਦੇਣਾ ਸੀ। ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਜਾਣਾ ਸੀ।

ਸਾਹਿਤਕਾਰ ਸਰਕਾਰ ਦੇ ਭੰਡੀ ਪ੍ਰਚਾਰ ਨੂੰ ਠੱਲ੍ਹ ਪਾਉਣਗੇ। ਨਵੇਂ-ਨਵੇਂ ਤੱਥ ਇਕੱਠੇ ਕਰ ਕੇ ਅਖ਼ਬਾਰਾਂ ਰਸਾਲਿਆਂ ਵਿਚ ਲੇਖ ਲਿਖਣਗੇ। ਪੋਸਟਰ ਕੱਢਣਗੇ ਅਤੇ ਪਰਚੇ ਵੰਡਣਗੇ।



ਤਰਕਸ਼ੀਲ ਰਿਜ਼ਰਵ ਫ਼ੋਰਸ ਦਾ ਕੰਮ ਕਰਨਗੇ। ਸਾਰੀਆਂ ਜਥੇਬੰਦੀਆਂ ਵਿਚ ਤਾਲਮੇਲ ਰੱਖਣਾ, ਉਹਨਾਂ ਦੀ ਜ਼ਿੰਮੇਵਾਰੀ ਹੋਏਗੀ। ਜਿਸ ਜਥੇਬੰਦੀ ਨੂੰ ਵੀ ਲੋੜ ਪਏ, ਉਹ ਉਹਨਾਂ ਨੂੰ ਹਾਕ ਮਾਰ ਲਏ।

ਮਾਲੀ ਸਹਾਇਤਾ ਲਈ ਜੀਵਨ ਆੜ੍ਹਤੀਆ ਹਾਜ਼ਰ ਸੀ। ਉਸ ਦੀ ਦੁਕਾਨ ਨੂੰ ਸੰਮਤੀ ਦੇ ਦਫ਼ਤਰ ਵਜੋਂ ਵਰਤਿਆ ਜਾਣਾ ਸੀ।

ਸੰਮਤੀ ਦੀਆਂ ਇਹਨਾਂ ਯੋਜਨਾਵਾਂ ਨਾਲ ਲੀਗਲ ਸੈੱਲ ਦੇ ਹੌਸਲੇ ਬੁਲੰਦ ਹੋ ਗਏ।

ਜਦੋਂ ਕੇਸ ਵਿਚ ਹੀ ਕੱਖ ਨਾ ਰਿਹਾ ਤਾਂ ਦੋਸ਼ੀਆਂ ਦਾ ਕੋਈ ਕੀ ਵਿਗਾੜ ਲਏਗਾ ? ਸੈੱਲ ਵਾਲੇ ਸੋਚਣ ਲੱਗੇ।

## 13

ਐਡੀਸ਼ਨਲ ਸੈਸ਼ਨ ਜੱਜ ਦੀ ਅਦਾਲਤ ਦਾ ਪਹਿਲਾ ਘੰਟਾ ਜ਼ਮਾਨਤਾਂ ਦੀਆਂ ਦਰਖ਼ਾਸਤਾਂ ਦੀ ਸੁਣਵਾਈ ਲਈ ਰਾਖਵਾਂ ਸੀ ਪਰ ਬੰਟੀ ਕਤਲ ਕੇਸ ਨੂੰ ਕਿੰਨੀ ਅਹਿਮੀਅਤ ਦਿੱਤੀ ਜਾ ਰਹੀ ਸੀ, ਉਹ ਇਸ ਤੱਥ ਤੋਂ ਪ੍ਰਤੱਖ ਸੀ ਕਿ ਉਸ ਦਿਨ ਹੋਰ ਕਿਸੇ ਕੇਸ ਦੀ ਸਮਾਇਤ ਤਾਂ ਕੀ ਕੀਤੀ ਜਾਣੀ ਸੀ, ਜ਼ਮਾਨਤਾਂ ਵਰਗੇ ਅਹਿਮ ਮਸਲੇ ਦੀ ਸੁਣਵਾਈ ਵੀ ਅੱਗੇ ਪਾ ਦਿੱਤੀ ਗਈ ਸੀ।

ਆਪਣੇ ਇਸ ਆਸ਼ੇ ਨੂੰ ਜੱਜ ਨੇ ਲੁਕਾ ਕੇ ਨਹੀਂ ਸੀ ਰੱਖਿਆ। ਸਾਰੀਆਂ ਸੰਬੰਧਤ ਧਿਰਾਂ ਨੂੰ ਇਕ ਦਿਨ ਪਹਿਲਾਂ ਹੀ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਸਨ।

ਪਹਿਲਾਂ ਅਹਿਲਮੱਦ ਦੀ ਪੇਸ਼ੀ ਹੋਈ ਸੀ। ਮਿਸਲ ਨੂੰ ਤਰਤੀਬਵਾਰ ਕਰ ਕੇ ਕੋਠੀ ਭੇਜ ਦਿੱਤਾ ਜਾਵੇ। ਜੱਜ ਸਾਹਿਬ ਕੇਸ ਦੇ ਤੱਥਾਂ ਤੋਂ ਵਾਕਿਫ਼ ਹੋਣਾ ਚਾਹੁੰਦੇ ਹਨ। ਜੇ ਜੱਜ ਦੀ ਮਿਸਲ ਪੜ੍ਹੀ ਹੋਵੇ ਤਾਂ ਅਦਾਲਤ ਦਾ ਸਮਾਂ ਬਰਬਾਦ ਨਹੀਂ ਹੁੰਦਾ। ਕਾਰਵਾਈ ਤੇਜ਼ੀ ਨਾਲ ਚੱਲਦੀ ਰਹਿੰਦੀ ਹੈ।

ਸਟੈਨੋ ਨੂੰ ਵੀ ਤਾੜਿਆ ਗਿਆ। ਟਾਈਪ-ਰਾਈਟਰ, ਨਵਾਂ ਰਿਬਨ ਅਤੇ ਕਾਗ਼ਜ਼ ਪੱਤਰ ਟਿੱਚ ਹੋਣ। ਇਹ ਨਾ ਹੋਵੇ ਕਿ ਇਧਰ ਗਵਾਹੀ ਸ਼ੁਰੂ ਹੋ ਜਾਵੇ ਤੇ ਉਧਰ ਸਟੈਨੋ ਕਿਸੇ ਥਾਣੇਦਾਰ ਨੂੰ ਰਿਬਨ ਲਿਆਉਣ ਲਈ ਆਖ ਰਿਹਾ ਹੋਵੇ ਤੇ ਕਿਸੇ ਵਕੀਲ ਨੂੰ ਕਾਗ਼ਜ਼ਾਂ ਦੇ ਰਿਮ ਲਈ।

ਜਿਹੜੇ ਚਾਰ-ਪੰਜ ਕੇਸ ਕੱਲ੍ਹ ਸੁਣਵਾਈ ’ਤੇ ਲੱਗੇ ਸਨ, ਰੀਡਰ ਉਹਨਾਂ ਵਿਚ ਅੱਜ ਹੀ ਤਾਰੀਖ਼ਾਂ ਪਾ ਦੇਵੇ। ਇਹ ਨਾ ਹੋਵੇ ਕਿ ਇਧਰ ਬੰਟੀ ਕਤਲ ਕੇਸ ਦੀ ਸੁਣਵਾਈ ਸ਼ੁਰੂ ਹੋ ਜਾਵੇ ਅਤੇ ਉਧਰ ਵਕੀਲ ਤਾਰੀਖ਼ਾਂ ਲੈਣ ਲਈ ਅਦਾਲਤ ਵਿਚ ਮੇਲਾ ਲਾ ਲੈਣ।

ਜੇਲ੍ਹ ਸੁਪ੍ਰਿਟੈਂਡੈਂਟ ਨੂੰ ਵੀ ਸੁਨੇਹਾ ਭੇਜਿਆ ਗਿਆ। ਮੁਲਜ਼ਮ ਸਹੀ ਸਾਢੇ ਨੌਂ ਵਜੇ ਅਦਾਲਤ ਵਿਚ ਹਾਜ਼ਰ ਹੋਣ। ਇਹ ਨਾ ਹੋਵੇ ਕਿ ਇਧਰ ਗਵਾਹ ਅਤੇ ਵਕੀਲਾਂ ਦੀ ਬਰਾਤ ਖੁਰੇ ਵੱਢਣ ਲੱਗੇ ਤੇ ਉਧਰ ਲਾੜ੍ਹਾ ਸਾਹਿਬ ਪਧਾਰ ਨਾ ਰਹੇ ਹੋਣ। ਫ਼ੋਰਸ ਦੇ ਘੱਟ ਹੋਣ ਜਾਂ ਗੱਡੀ ਦੇ ਖ਼ਰਾਬ ਹੋਣ ਦਾ ਬਹਾਨਾ ਨਹੀਂ ਚੱਲੇਗਾ। ਸਭ ਕਾਸੇ ਦਾ ਪ੍ਰਬੰਧ ਅੱਜ ਹੀ ਕਰ ਲਿਆ ਜਾਵੇ।

ਸਰਕਾਰੀ ਵਕੀਲ ਬਚਨ ਸਿੰਘ ਨੂੰ ਰਿਟਾਇਰਿੰਗ ਰੂਮ ਵਿਚ ਬੁਲਾਇਆ ਗਿਆ। ਉਸ ਨੂੰ ਸਮਝਾਇਆ ਗਿਆ। ਆਮ ਦਿਨਾਂ ਵਾਂਗ ਉਹ ਮਸਤੀ ਨਾ ਮਾਰੇ। ਆਪ ਵੀ ਸਮੇਂ ਸਿਰ ਆਵੇ ਅਤੇ ਗਵਾਹ ਵੀ। ਆਮ ਕੇਸਾਂ ਵਾਂਗ ਉਹ ਮੁਦੱਈ ਦੇ ਵਕੀਲ ’ਤੇ ਨਿਰਭਰ ਨਾ ਰਹੇ। ਖ਼ੁਦ ਮਿਸਲ ਪੜ੍ਹ ਕੇ ਆਵੇ ਅਤੇ ਗਵਾਹਾਂ ਨੂੰ ਬਿਆਨ ਆਪ ਪੜ੍ਹਾਵੇ। ਸਾਧਾਰਨ ਕੇਸਾਂ ਵਿਚ ਜੱਜ ਸਰਕਾਰੀ ਵਕੀਲ ਦਾ ਫ਼ਰਜ਼ ਵੀ ਖ਼ੁਦ ਹੀ ਨਿਭਾਅ ਦਿਆ ਕਰਦਾ ਸੀ। ਇਸ ਕੇਸ ਵਿਚ ਬਚਨ ਸਿੰਘ ਜੱਜ ਤੋਂ ਕੋਈ ਆਸ ਨਾ ਰੱਖੇ।

ਫੇਰ ਸਫ਼ਾਈ ਧਿਰ ਦੇ ਵਕੀਲਾਂ ਨੂੰ ਬੁਲਾਇਆ ਗਿਆ। ਹੇਠਲੀਆਂ ਅਦਾਲਤਾਂ ਵਿਚ ਲੱਗੇ ਕੇਸਾਂ ਦਾ ਉਹ ਇੰਤਜ਼ਾਮ ਕਰ ਲੈਣ। ਹੋ ਸਕੇ ਤਾਂ ਜੂਨੀਅਰ ਵਕੀਲਾਂ ਨੂੰ ਕੇਸ ਤਿਆਰ ਕਰਵਾ



ਦਿੱਤੇ ਜਾਣ। ਜੇ ਆਪ ਪੇਸ਼ ਹੋਏ ਬਿਨਾਂ ਨਾ ਹੀ ਸਰਦਾ ਹੋਵੇ ਤਾਂ ਮੈਜਿਸਟ੍ਰੇਟ ਤੋਂ ਪੇਸ਼ੀ ਲੈ ਲਈ ਜਾਵੇ। ਹੇਠਲੀਆਂ ਅਦਾਲਤਾਂ ਨੂੰ ਪਹਿਲਾਂ ਹੀ ਹੁਕਮ ਭੇਜਿਆ ਜਾ ਚੁੱਕਾ ਸੀ। ਉਹ ਬੰਟੀ ਕਤਲ ਕੇਸ ਵਿਚ ਪੇਸ਼ ਹੋਣ ਵਾਲੇ ਕਿਸੇ ਵੀ ਵਕੀਲ ਨੂੰ ਆਪਣੀ ਅਦਾਲਤ ਵਿਚ ਪੇਸ਼ ਹੋਣ ਲਈ ਮਜਬੂਰ ਨਾ ਕਰਨ।

ਪੇਸ਼ੀ ਵਾਲੇ ਦਿਨ ਇੰਝ ਹੀ ਹੋਣ ਲੱਗਾ।

ਜੇਲ੍ਹ ਸੁਪ੍ਰਿਟੈਂਡੈਂਟ ਨੇ ਸਾਫ਼-ਸੁਥਰੇ ਕੱਪੜੇ ਪਵਾ ਕੇ ਦੋਸ਼ੀਆਂ ਨੂੰ ਨੌਂ ਵਜੇ ਅਦਾਲਤ ਅੱਗੇ ਲਿਆ ਬਿਠਾਇਆ। ਇਕ ਜੀਪ ਅਤੇ ਚਾਰ ਸਿਪਾਹੀਆਂ ਦੀ ਗਾਰਦ, ਇਹਨਾਂ ਦੋਸ਼ੀਆਂ ਲਈ ਰਾਖਵੀਂ ਰੱਖੀ ਗਈ।

ਥਾਣੇ ਵਾਲੇ ਵੀ ਚੁਕੰਨੇ ਹੋ ਗਏ। ਕੋਈ ਗੜਬੜ ਨਾ ਹੋਵੇ, ਇਸ ਲਈ ਭਾਰੀ ਗਿਣਤੀ ਵਿਚ ਹਥਿਆਰਬੰਦ ਸਿਪਾਹੀ ਅਦਾਲਤ ਵਿਚ ਤਾਇਨਾਤ ਕੀਤੇ ਗਏ। ਕੇਸ ਦੀ ਪੈਰਵਾਈ ਲਈ ਨਾਜ਼ਰ ਸਿੰਘ ਥਾਣੇਦਾਰ ਨੂੰ ਭੇਜਿਆ ਗਿਆ। ਇਹ ਕੇਸ ਉਸੇ ਦਾ ਤਿਆਰ ਕੀਤਾ ਹੋਇਆ ਸੀ। ਉਸ ਨੂੰ ਗਵਾਹ ਪਛਾਨਣ, ਉਹਨਾਂ ਨੂੰ ਬਿਆਨ ਸਮਝਾਉਣ ਅਤੇ ਸਰਕਾਰੀ ਵਕੀਲ ਅੱਗੇ ਪੇਸ਼ ਕਰਨ ਵਿਚ ਅਸਾਨੀ ਰਹੇਗੀ।

ਆਦਤ ਤੋਂ ਉਲਟ ਸਰਕਾਰੀ ਵਕੀਲ ਵੀ ਅੱਧਾ ਘੰਟਾ ਪਹਿਲਾਂ ਹਾਜ਼ਰ ਸੀ।

ਗਵਾਹ ਉਸ ਤੋਂ ਵੀ ਕਾਹਲੇ ਸਨ। ਸਭ ਤੋਂ ਪਹਿਲਾਂ ਬੰਟੀ ਦਾ ਪੋਸਟ-ਮਾਰਟਮ ਕਰਨ ਵਾਲੇ ਡਾਕਟਰ ਦੀ ਗਵਾਹੀ ਹੋਣੀ ਸੀ। ਉਹ ਬਚਨ ਸਿੰਘ ਤੋਂ ਵੀ ਪਹਿਲਾਂ ਪੁੱਜਾ ਹੋਇਆ ਸੀ। ਪਿੱਛੇ ਹੀ ਹੱਥਾਂ-ਪੈਰਾਂ ਦੇ ਨਿਸ਼ਾਨਾਂ ਦਾ ਮਾਹਿਰ ਆ ਧਮਕਿਆ। ਹੱਥ-ਲਿਖਤਾਂ ਦਾ ਮਾਹਿਰ ਚੰਡੀਗੜ੍ਹੋਂ ਆਇਆ ਸੀ। ਇਸ ਲਈ ਉਹ ਕੁਝ ਪੱਛੜ ਗਿਆ ਸੀ।

ਸਰਕਾਰੀ ਮੁਲਾਜ਼ਮ ਸਰਕਾਰੀ ਵਕੀਲ ਦੇ ਦਫ਼ਤਰ ਜਾ ਬੈਠੇ। ਬਾਕੀ ਗਵਾਹ ਬਾਹਰ ਖੜੇ ਨਾਜ਼ਰ ਸਿੰਘ ਦੁਆਲੇ ਹੋ ਗਏ।

ਬਚਨ ਸਿੰਘ ਨੂੰ ਡਾਕਟਰ ਜਾਂ ਮਾਹਿਰਾਂ ਤੋਂ ਕੋਈ ਖ਼ਤਰਾ ਨਹੀਂ ਸੀ। ਉਹ ਉਹਨਾਂ ਨੂੰ ਸਮਝਾ ਵੀ ਕੀ ਸਕਦਾ ਸੀ ? ਉਹ ਬਚਨ ਸਿੰਘ ਨਾਲੋਂ ਕਿਤੇ ਵੱਧ ਜਾਣਦੇ ਸਨ। ਵੈਸੇ ਵੀ ਇਹ ਸਰਕਾਰੀ ਮੁਲਾਜ਼ਮ ਸਨ। ਇਹਨਾਂ ਉਸੇ ਤਰ੍ਹਾਂ ਗਵਾਹੀ ਦੇਣੀ ਸੀ, ਜਿਵੇਂ ਸਰਕਾਰ ਚਾਹੁੰਦੀ ਸੀ। ਗਵਾਹੀ ਤੋਂ ਇਧਰ-ਉਧਰ ਹੋਣ ’ਤੇ ਨੌਕਰੀ ਖੁੱਸ ਸਕਦੀ ਸੀ। ਇਹ ਗਵਾਹੀਆਂ ਦੇਣ ਵਿਚ ਵੀ ਮਾਹਿਰ ਸਨ। ਇਹਨਾਂ ਵਿਚੋਂ ਇਕ ਵੀ ਗਵਾਹ ਅਜਿਹਾ ਨਹੀਂ ਸੀ, ਜਿਸ ਨੇ ਘੱਟੋ-ਘੱਟ ਪੰਜਾਹ ਕੇਸਾਂ ਵਿਚ ਗਵਾਹੀ ਨਾ ਦਿੱਤੀ ਹੋਵੇ। ਉਹੋ ਘਸੇ-ਪਿਟੇ ਸਵਾਲ ਅਤੇ ਉਹੋ ਘਸੇ-ਪਿਟੇ ਜਵਾਬ। ਜੇ ਇਹਨਾਂ ਦੀ ਨੀਅਤ ਠੀਕ ਹੋਵੇ ਤਾਂ ਵਕੀਲ ਭਾਵੇਂ ਅੱਡੀ-ਚੋਟੀ ਦਾ ਜ਼ੋਰ ਲਾ ਲਵੇ, ਇਹ ਵਾਲ ਜਿੰਨਾ ਵੀ ਰਾਹ ਨਹੀਂ ਦੇਣਗੇ। ਇਸ ਲਈ ਬਚਨ ਸਿੰਘ ਇਹਨਾਂ ਵੱਲੋਂ ਬੇਫ਼ਿਕਰ ਸੀ।

ਬਚਨ ਸਿੰਘ ਦੀ ਬੇਫ਼ਿਕਰੀ ਦਾ ਇਕ ਕਾਰਨ ਹੋਰ ਵੀ ਸੀ। ਸਫ਼ਾਈ ਧਿਰ ਦੇ ਸਾਰੇ ਵਕੀਲ ਅਨਾੜੀ ਸਨ। ਇਹਨਾਂ ਗਵਾਹਾਂ ’ਤੇ ਜਿਰਾਹ ਪਿਆਰੇ ਲਾਲ ਨੇ ਕਰਨੀ ਸੀ। ਉਸ ਸ਼ਰਾਬੀ, ਕਬਾਬੀ ਵਕੀਲ ਨੂੰ ਕੀ ਪਤੈ, ਕਾਨੂੰਨ ਕੀ ਹੁੰਦੈ ? ਨਾ ਉਸ ਨੂੰ ਮੈਡੀਕਲ ਜੁਰਸਪੂਰਡੈਂਸ ਦਾ ਪਤੈ, ਨਾ ਹੱਥ-ਲਿਖਤਾਂ ਪਰਖਣ ਦਾ। ਆਪੇ ਪੰਜ-ਚਾਰ ਊਟ-ਪਟਾਂਗ ਸਵਾਲ ਪੁੱਛ ਕੇ ਹਟ ਜਾਏਗਾ।

ਮੋਹਨ ਜੀ ਨੂੰ ਕੇਸ ਦੀ ਸਮਝ ਤਾਂ ਸੀ ਪਰ ਉਹ ਹੇਠਲੀਆਂ ਅਦਾਲਤਾਂ ਦਾ ਵਕੀਲ ਸੀ। ਇਹ ਉਸ ਦਾ ਪਹਿਲਾ ਸੈਸ਼ਨ ਕੇਸ ਸੀ। ਸੈਸ਼ਨ ਕੋਰਟ ਵਿਚ ਪੇਸ਼ ਹੁੰਦਿਆਂ ਤਾਂ ਵੱਡੇ-ਵੱਡੇ ਵਕੀਲਾਂ ਦੇ ਪਸੀਨੇ ਛੁੱਟ ਜਾਂਦੇ ਸਨ। ਇਹ ਕੇਸ ਉਸ ਵਿਚਾਰੇ ਦੇ ਵੱਸ ਦਾ ਨਹੀਂ ਸੀ।

ਗੁਰਮੀਤ ਸਰਕਾਰੀ ਵਕੀਲ ਜ਼ਰੂਰ ਰਿਹੈ। ਮਿਹਨਤੀ ਵੀ ਸੀ ਪਰ ਸਰਕਾਰੀ ਵਕਾਲਤ ਅਤੇ ਪ੍ਰਾਈਵੇਟ ਵਕਾਲਤ ਦਾ ਜ਼ਮੀਨ ਅਸਮਾਨ ਦਾ ਫ਼ਰਕ ਸੀ। ਸਰਕਾਰੀ ਵਕੀਲ ਅੱਗੇ ਬਣੀ-ਬਣਾਈ ਖੀਰ ਆ ਜਾਂਦੀ ਹੈ। 'ਅੱਗੇ ਕੀ ਹੋਇਆ', 'ਫੇਰ ਕੀ ਹੋਇਆ ?' ਹੀ ਆਖਣਾ ਸੀ। ਕਾਨੂੰਨ ਦੀ ਲੋੜ ਪਏ ਤਾਂ ਮੁਦੱਈ ਦਾ ਵਕੀਲ ਲਿਆ ਦਿੰਦਾ ਸੀ। ਪ੍ਰਾਈਵੇਟ ਵਕੀਲ ਨੂੰ ਸਾਰਾ ਤਾਣਾ-ਬਾਣਾ ਆਪ ਬੁਣਨਾ ਪੈਂਦਾ ਸੀ। ਆਪਣੇ ਦਿਮਾਗ਼ ਦੀ ਵਰਤੋਂ ਕਰ ਕੇ ਪੁਲਿਸ ਦੇ ਕਿਲ੍ਹੇ ਵਰਗੇ ਕੇਸ ਵਿਚ ਮਘੋਰਾ ਕਰ ਕੇ ਰਾਹ ਬਣਾਉਣਾ ਪੈਂਦਾ ਸੀ। ਇਹ ਮੁਹਾਰਤ ਸਮੇਂ ਨਾਲ ਹੀ ਆਉਂਦੀ ਸੀ।

ਇਸ ਤਰ੍ਹਾਂ ਦੇ ਹਵਾਈ ਕਿਲ੍ਹੇ ਉਸਾਰ ਕੇ ਬਚਨ ਸਿੰਘ ਕੇਸ ਦੀ ਅਹਿਮੀਅਤ ਨੂੰ ਸਮਝਣ ਅਤੇ ਜੱਜ ਦੀ ਤਾੜਨਾ ਦੇ ਬਾਵਜੂਦ ਵੀ ਕੇਸ ਵੱਲ ਧਿਆਨ ਨਹੀਂ ਸੀ ਦੇ ਰਿਹਾ। ਉਹ ਗਵਾਹਾਂ ਨਾਲ ਗੱਪ-ਸ਼ੱਪ ਕਰਨ ਅਤੇ ਜਾਣ-ਪਹਿਚਾਣ ਵਧਾਉਣ ਵਿਚ ਮਸਰੂਫ਼ ਸੀ।

ਡਾਕਟਰ ਤੋਂ ਉਸ ਨੂੰ ਦਵਾਈਆਂ ਦੀ ਜ਼ਰੂਰਤ ਸੀ। ਉਸ ਦੀ ਬੇਟੀ ਮਿਰਗੀ ਦੀ ਬੀਮਾਰੀ ਦੀ ਸ਼ਿਕਾਰ ਸੀ। ਹਰ ਰੋਜ਼ ਗਾਰਡੀਨਲ ਦੀਆਂ ਕਈ ਗੋਲੀਆਂ ਖਾਣੀਆਂ ਪੈਂਦੀਆਂ ਸਨ। ਪਹਿਲਾਂ ਇਹ ਸੇਵਾ ਡਾਕਟਰ ਗੁਪਤਾ ਨਿਭਾਉਂਦਾ ਸੀ। ਉਹ ਬਦਲ ਚੁੱਕਾ ਸੀ। ਹੁਣ ਡਾਕਟਰ ਭਾਗ ਮੱਲ ਇਹ ਜ਼ਿੰਮੇਵਾਰੀ ਸੰਭਾਲੇ। ਬਚਨ ਸਿੰਘ ਆਪ ਵੀ ਕਈ ਦਿਨਾਂ ਤੋਂ ਕਮਜ਼ੋਰੀ ਮਹਿਸੂਸ ਕਰ ਰਿਹਾ ਸੀ। ਇਕ ਸ਼ੀਸ਼ੀ ਬੀਕਾਸੂਲ ਦੇ ਕੈਪਸੂਲਾਂ ਦੀ ਮਿਲ ਜਾਵੇ ਤਾਂ ਕਿਆ ਕਹਿਣੇ। ਸੋਫ਼ਰਾਮਾਈਸਨ ਦੀਆਂ ਦੋ ਟਿਊਬਾਂ ਵੀ ਚਾਹੀਦੀਆਂ ਸਨ। ਬੱਚੇ ਸੱਟਾਂ ਖਾਈ ਹੀ ਰੱਖਦੇ ਹਨ। ਕਾਟਨ ਤਾਂ ਹਸਪਤਾਲ ਵਿਚ ਆਮ ਹੁੰਦੀ ਹੈ, ਦੋ ਪੈਕਟ ਉਸ ਦੇ ਵੀ।

ਗੋਲੀ ਕੀਹਦੀ ਤੇ ਗਹਿਣੇ ਕੀਹਦੇ। ਹਸਪਤਾਲ ਦੀਆਂ ਦਵਾਈਆਂ ਵੀ ਕੋਈ ਦਵਾਈਆਂ ਹੁੰਦੀਆਂ ਹਨ। ਖਾ ਕੇ ਚੰਗਾ-ਭਲਾ ਬੰਦਾ ਬੀਮਾਰ ਹੋ ਜਾਂਦੈ। ਡਾਕਟਰ ਨੇ ਝੱਟ ਰਮੇਸ਼ ਮੈਡੀਕਲ ਹਾਲ ਦੇ ਨਾਂ ਪਰਚੀ ਲਿਖ ਦਿੱਤੀ। ਬਚਨ ਸਿੰਘ ਪਰਚੀ ਦਿਖਾ ਕੇ ਦਵਾਈ ਲੈ ਲਵੇ।

ਡਾਕਟਰ ਨੂੰ ਖਾਣ-ਪੀਣ ਦੇ ਆਹਰ ਲਾ ਕੇ ਬਚਨ ਸਿੰਘ ਧਿਆਨ ਚੰਦ ਦੇ ਦੁਆਲੇ ਹੋ ਗਿਆ। ਉਸ ਨੂੰ ਉਸ ਤਕ ਵੀ ਕੰਮ ਸੀ।

ਸਮਾਂ ਥੋੜ੍ਹਾ ਸੀ। ਬਚਨ ਸਿੰਘ ਨੇ ਸੰਖੇਪ ਸ਼ਬਦਾਂ ਵਿਚ ਗੱਲ ਮੁਕਾਈ। ਧਿਆਨ ਚੰਦ ਨੂੰ ਇਕ ਚਿੱਟ ਫੜਾਈ। ਚਿੱਟ 'ਤੇ ਕੇਸ ਦਾ ਅਨੁਵਾਨ ਲਿਖਿਆ ਗਿਆ ਸੀ। ਇਸ ਕੇਸ ਵਿਚ ਬਚਨ ਸਿੰਘ ਨੂੰ ਧਿਆਨ ਚੰਦ ਦੀ ਮਦਦ ਦੀ ਜ਼ਰੂਰਤ ਸੀ। ਦੋਸ਼ੀਆਂ 'ਤੇ ਦੋਸ਼ ਸੀ ਕਿ ਉਹਨਾਂ ਨੇ ਫ਼ਰਜ਼ੀ ਬੰਦਾ ਖੜ੍ਹਾ ਕਰ ਕੇ ਵੀਹ ਕਿੱਲੇ ਜ਼ਮੀਨ ਦੀ ਰਜਿਸਟਰੀ ਆਪਣੇ ਨਾਂ ਕਰਵਾ ਲਈ ਸੀ। ਪੁਲਿਸ ਇਸ ਰਜਿਸਟਰੀ 'ਤੇ ਲੱਗੇ ਅੰਗੂਠੇ ਦਾ ਮੁਲਾਹਜ਼ਾ, ਇਕ ਹੋਰ ਰਜਿਸਟਰੀ 'ਤੇ ਲੱਗੇ ਅੰਗੂਠੇ ਨਾਲ ਕਰਵਾਉਣਾ ਚਾਹੁੰਦੀ ਸੀ। ਇਹ ਰਜਿਸਟਰੀ ਪੁਲਿਸ ਨੂੰ ਮੁਦੱਈ ਧਿਰ ਨੇ ਦਿੱਤੀ ਸੀ ਅਤੇ ਇਸ ਰਜਿਸਟਰੀ 'ਤੇ ਮਾਲਕ ਦਾ ਸਹੀ ਅੰਗੂਠਾ ਲੱਗਾ ਹੋਇਆ ਸੀ। ਪੁਲਿਸ ਨੇ ਦੋਵੇਂ ਰਜਿਸਟਰੀਆਂ ਮੁਆਇਨੇ ਤੇ ਰਿਪੋਰਟ ਲਈ ਫ਼ਿਲੌਰ ਭੇਜੀਆਂ ਸਨ।

ਅਸਲੀਅਤ ਵੀ ਇਹੋ ਸੀ। ਦੋਵੇਂ ਅੰਗੂਠੇ ਵੱਖ-ਵੱਖ ਸਨ। ਹੁਣ ਦੋਸ਼ੀਆਂ ਦਾ ਬਚਾਅ ਤਾਂ ਹੀ ਹੋ ਸਕਦਾ ਸੀ, ਜੇ ਫ਼ਿਲੌਰੋਂ ਇਹ ਰਿਪੋਰਟ ਆਵੇ ਕਿ ਦੋਹਾਂ ਦਸਤਾਵੇਜ਼ਾਂ 'ਤੇ ਇਕੋ ਵਿਅਕਤੀ ਦੇ ਅੰਗੂਠੇ ਸਨ। ਦੋਸ਼ੀ ਬਚਨ ਸਿੰਘ ਦੇ ਨੇੜੇ ਦੇ ਰਿਸ਼ਤੇਦਾਰ ਸਨ। ਇੱਜ਼ਤ ਦਾ ਸਵਾਲ ਸੀ। ਇਹ ਇੱਜ਼ਤ ਧਿਆਨ ਚੰਦ ਦੇ ਹੱਥ ਸੀ।

"ਤੁਸੀਂ ਖ਼ੁਦ ਸਿਆਣੇ ਹੋ ਵਕੀਲ ਸਾਹਿਬ! ਇਹ ਕਿਹੜਾ ਦਸਖ਼ਤ ਜਾਂ ਲਿਖਤ ਹੈ ਬਈ



ਜਿਹੜੀ ਮਰਜ਼ੀ ਰਿਪੋਰਟ ਕਰ ਦੇਈਏ। ਹੱਥ-ਲਿਖਤ ਤਾਂ ਸਮੇਂ-ਸਮੇਂ ਬਦਲਦੀ ਰਹਿੰਦੀ ਹੈ। ਅੰਗੂਠੇ ਦਾ ਨਿਸ਼ਾਨ ਉਮਰ ਭਰ ਉਹੋ ਰਹਿੰਦਾ ਹੈ। ਵੱਖ-ਵੱਖ ਅੰਗੂਠਿਆਂ ਨੂੰ ਇਕੋ ਕਿਵੇਂ ਲਿਖਿਆ ਜਾ ਸਕਦੈ ?"

ਧਿਆਨ ਚੰਦ ਲਈ ਇਹ ਕੰਮ ਜ਼ੋਖ਼ਮ ਭਰਿਆ ਸੀ। ਸਖੀ ਨਾਲੋਂ ਸੂਮ ਭਲਾ ਜੋ ਤੁਰਤ ਦੇਵੇ ਜਵਾਬ ਵਾਂਗ ਧਿਆਨ ਚੰਦ ਨੇ ਪਹਿਲਾਂ ਹੀ ਕਿਨਾਰਾ ਕਰਨਾ ਠੀਕ ਸਮਝਿਆ।

"ਤੂੰ ਫ਼ਿਕਰ ਨਾ ਕਰ। ਰਿਸ਼ਤੇਦਾਰੀ ਰਿਸ਼ਤੇਦਾਰੀ ਦੀ ਥਾਂ। ਆਪਾਂ ਤੈਨੂੰ ਠੋਕ ਕੇ ਫ਼ੀਸ ਦਿਵਾਵਾਂਗੇ। ਪੂਰੇ ਦਸ ਹਜ਼ਾਰ, ਪੰਜ ਮੈਂ ਲੈ ਰੱਖਿਐ। ਬਾਕੀ ਰਿਪੋਰਟ ਤੋਂ ਪਿੱਛੋਂ ਲੈ ਜਾਈਂ। ਮੇਰੀ ਜ਼ਿੰਮੇਵਾਰੀ ਹੈ।" ਮੱਛੀ ਹੱਥੋਂ ਨਿਕਲਦੀ ਦੇਖ ਕੇ ਬਚਨ ਸਿੰਘ ਨੇ ਪੈਂਤੜਾ ਬਦਲਿਆ।

"ਬੱਸ ਤੂੰ ਅੰਗੂਠੇ 'ਤੇ ਅੰਗੂਠਾ ਲਾ ਕੇ ਅਸਲ ਅੰਗੂਠੇ ਨੂੰ ਬੇਪਛਾਣ ਕਰ ਦੇ। ਫੇਰ ਮੈਂ ਆਪੇ ਸਾਂਭ ਲਊਂ। ਤਹਿਸੀਲਦਾਰ ਦੇ ਦਫ਼ਤਰ ਵਿਚਲਾ ਰਿਕਾਰਡ ਮੈਂ ਬਦਲਵਾ ਦਿੱਤੈ। ਅੰਗੂਠੇ ਲਾਉਣ ਵਾਲਾ ਪਹਿਲਾਂ ਹੀ ਮਰ ਚੁੱਕੈ। ਬਸ ਇਹੋ ਸਬੂਤ ਬਾਕੀ ਹੈ। ਇਕ ਵਾਰ ਅੰਗੂਠਾ ਬੇਪਛਾਣ ਹੋ ਗਿਆ ਤਾਂ ਸਾਡਾ ਕੰਮ ਬਣ ਜਾਊ।

ਪੰਜ ਹਜ਼ਾਰ ਦੇ ਨੋਟ ਧਿਆਨ ਚੰਦ ਤੋਂ ਮੋੜੇ ਨਾ ਗਏ।

"ਫ਼ਲੌਰ ਆਉਣ ਤਕ ਬਥੇਰੇ ਹੱਥਾਂ ਤਾਈਂ ਨਿਕਲੇ ਹੋਣਗੇ ਇਹ ਕਾਗ਼ਜ਼। ਕੋਈ ਪੁੱਛੂ ਤਾਂ ਆਖ ਦੇਵਾਂਗੇ ਖ਼ਬਰੇ ਕਿਸ ਨੇ ਸ਼ਰਾਰਤ ਕੀਤੀ ਹੈ।" ਸੋਚਦੇ ਧਿਆਨ ਚੰਦ ਨੇ ਕੰਮ ਹੋ ਜਾਣ ਦਾ ਬਚਨ ਦੇ ਦਿੱਤਾ।

ਇਹ ਜ਼ਿੰਮੇਵਾਰੀ ਨਿਭਾ ਕੇ ਬਚਨ ਸਿੰਘ ਹਲਕਾ-ਫੁੱਲ ਮਹਿਸੂਸ ਕਰਨ ਲੱਗਾ। ਨਿਸ਼ਚਿੰਤ ਹੋ ਕੇ ਉਹ ਦਫ਼ਤਰ ਆ ਬੈਠਾ। ਹੁਣ ਜੱਜ ਜਦੋਂ ਮਰਜ਼ੀ ਕੇਸ ਸ਼ੁਰੂ ਕਰ ਲਏ।

## 14

ਦਸ ਵਜੇ ਤੋਂ ਪਹਿਲਾਂ ਹੀ ਕੋਰਟ ਰੂਮ ਦਰਸ਼ਕਾਂ ਨਾਲ ਭਰ ਗਿਆ।

ਕੋਰਟ ਰੂਮ ਦੇ ਬਾਹਰ ਉਸ ਤੋਂ ਵੱਧ ਭੀੜ ਸੀ। ਸੰਘ ਦੇ ਬਹੁਤ ਸਾਰੇ ਵਰਕਰ ਪਿੱਪਲ ਹੇਠਾਂ ਜੁੜੇ ਖੜੋਤੇ ਸਨ। ਉਹ ਨਾਅਰੇਬਾਜ਼ੀ ਦੇ ਮੌਕੇ ਦੀ ਤਲਾਸ਼ ਵਿਚ ਸਨ।

ਸੰਮਤੀ ਦੇ ਬਹੁਤ ਸਾਰੇ ਕਾਰਕੁਨ ਵੀ ਕਚਹਿਰੀ ਦੇ ਅਹਾਤੇ ਵਿਚ ਮੌਜੂਦ ਸਨ। ਬਾਬਾ ਜੀ ਵੀ ਹਾਜ਼ਰ ਸਨ ਪਰ ਸੰਮਤੀ ਦੀ ਹਾਜ਼ਰੀ ਮਹਿਸੂਸ ਨਹੀਂ ਸੀ ਹੋ ਰਹੀ। ਉਹ ਇਧਰ-ਉਧਰ ਖਿੰਡੇ ਹੋਏ ਸਨ। ਫੇਰ ਵੀ ਉਹਨਾਂ ਵਿਚ ਗੁਪਤ ਤਾਲਮੇਲ ਕਾਇਮ ਸੀ। ਸੰਘ ਦੇ ਪਹਿਲੇ ਨਾਅਰੇ ਦੇ ਜਵਾਬ ਵਿਚ ਉਹਨਾਂ ਅਸਮਾਨ ਗੂੰਜਣ ਲਾ ਦੇਣਾ ਸੀ।

ਅਦਾਲਤ ਨੇ ਗਵਾਹਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਸੀ। ਮਾਹਿਰ ਗਵਾਹ ਅਤੇ ਸਾਧਾਰਨ ਗਵਾਹ। ਦੁਪਹਿਰ ਤੋਂ ਪਹਿਲਾਂ ਮਾਹਿਰ ਗਵਾਹਾਂ ਦੇ ਬਿਆਨ ਲਿਖੇ ਜਾਣੇ ਸਨ। ਬਾਅਦ ਦੁਪਹਿਰ ਮੋਦਨ ਰੇੜ੍ਹੀ ਵਾਲੇ, ਬਾਬੂ ਰਿਕਸ਼ੇ ਵਾਲੇ, ਸਕੂਲ ਦੇ ਚਪੜਾਸੀ, ਮੀਤੇ ਦੀ ਗੁਆਂਢਣ ਭਾਗੋ ਅਤੇ ਬਸਤੀ ਦੇ ਦੁਕਾਨਦਾਰ ਗ਼ਫ਼ੂਰ ਦੀ ਵਾਰੀ ਆਉਣੀ ਸੀ।

ਇਸੇ ਹੀ ਢੰਗ ਨਾਲ ਵਕੀਲਾਂ ਨੇ ਆਪਣੀ ਡਿਊਟੀ ਵੰਡੀ ਸੀ

ਮਾਹਿਰਾਂ ਦੇ ਬਿਆਨ ਸਰਕਾਰੀ ਵਕੀਲ ਨੇ ਕਰਾਉਣੇ ਸਨ। ਬਾਕੀ ਦੇ ਭੰਡਾਰੀ ਨੇ।

ਮਾਹਿਰਾਂ ’ਤੇ ਜਿਰਾਹ ਪਿਆਰੇ ਲਾਲ ਨੇ ਕਰਨੀ ਸੀ ਅਤੇ ਬਾਕੀ ਗਵਾਹਾਂ ’ਤੇ ਮੋਹਨ ਜੀ ਨੇ।

ਸਫ਼ਾਈ ਦੇ ਵਕੀਲ ਪੌਣੇ ਦਸ ਵਜੇ ਹੀ ਕੋਰਟ ਰੂਮ ਵਿਚ ਆ ਬਿਰਾਜੇ।

ਦਸ ਵੱਜਣ ਤੋਂ ਪੰਜ ਮਿੰਟ ਪਹਿਲਾਂ ਸਰਕਾਰੀ ਵਕੀਲ ਨੇ ਵੀ ਆਪਣੀ ਕੁਰਸੀ ਆ ਮੱਲੀ।

ਅਦਾਲਤ ਦੇ ਕਲਾਕ ਨੇ ਜਿਉਂ ਹੀ ਦਸ ਵਜਾਏ, ਪਿਛਲੇ ਦਰਵਾਜ਼ਿਉਂ ਨਾਥ ਸਾਹਿਬ ਵੀ ਅਦਾਲਤ ਵਿਚ ਪ੍ਰਵੇਸ਼ ਕਰ ਗਏ।

ਕੋਰਟ ਰੂਮ ਵਿਚ ਹਾਜ਼ਰ ਹਰ ਛੋਟਾ-ਵੱਡਾ ਸ਼ਹਿਰੀ ਅਦਾਲਤ ਦੀ ਵਡਿਆਈ ਲਈ ਖੜਾ ਹੋ ਗਿਆ। ਸਭ ਓਨਾ ਚਿਰ ਖੜੇ ਰਹੇ ਜਿੰਨਾ ਚਿਰ ਮਾਨਯੋਗ ਜੱਜ ਸਾਹਿਬ ਨੇ ਕੁਰਸੀ ਨਾ ਸੰਭਾਲ ਲਈ।

ਜੱਜ ਦੇ ਬੈਠਦਿਆਂ ਹੀ ਬਾਕੀ ਅਹਿਲਕਾਰਾਂ, ਵਕੀਲਾਂ ਅਤੇ ਦਰਸ਼ਕਾਂ ਨੇ ਵੀ ਆਪਣੇ-ਆਪਣੇ ਸਥਾਨ ਗ੍ਰਹਿਣ ਕਰ ਲਏ।

ਜੱਜ ਦੇ ਸੱਜੇ ਹੱਥ ਬੈਠੇ ਰੀਡਰ ਨੇ ਸੁਣਵਾਈ ਲਈ ਰੱਖੇ ਕੇਸਾਂ ਦੀ ਸੂਚੀ ’ਤੇ ਝਾਤ ਮਾਰੀ। ਸੂਚੀ ਵਿਚ ਕੇਵਲ ਇਕੋ ਕੇਸ ਸੀ। ਸਰਕਾਰ ਬਨਾਮ ਪਾਲਾ ਸਿੰਘ ਵਗ਼ੈਰਾ।

ਰੀਡਰ ਨੇ ਮੇਜ਼ ’ਤੇ ਪਈ ਮਿਸਲ ਚੁੱਕੀ, ਅਰਦਲੀ ਨੂੰ ਮਿਸਲ ਦਾ ਅਨੁਵਾਨ ਪੜ੍ਹ ਕੇ ਸਣਾਇਆ ਅਤੇ ਮੁੜ ਮਿਸਲ ਜੱਜ ਸਾਹਿਬ ਦੇ ਅੱਗੇ ਰੱਖ ਦਿੱਤੀ।



ਰੀਡਰ ਦੇ ਮੂੰਹੋਂ ਮੁਕੱਦਮੇ ਦਾ ਨਾਂ ਨਿਕਲਦਿਆਂ ਹੀ ਦੋਹਾਂ ਧਿਰਾਂ ਦੇ ਵਕੀਲਾਂ ਨੇ ਆਪਣੀਆਂ- ਆਪਣੀਆਂ ਕੁਰਸੀਆਂ ਛੱਡੀਆਂ ਅਤੇ ਲੈਕਚਰ ਸਟੈਂਡ ਮੱਲ ਲਏ।

ਮੁਕੱਦਮੇ ਦੇ ਅਨੁਵਾਨ ਨੂੰ ਕਈ-ਕਈ ਵਾਰ ਦੁਹਰਾਉਂਦਾ ਅਰਦਲੀ ਅਦਾਲਤ ਦੇ ਦਰਵਾਜ਼ੇ ਕੋਲ ਪੁੱਜਾ ਅਤੇ ਆਵਾਜ਼ਾਂ ਮਾਰਨ ਲੱਗਾ :

“ਸਰਕਾਰ ਬਨਾਮ ਪਾਲਾ ਸਿੰਘ ਵਗ਼ੈਰਾ.....ਹਾਜ਼ਰ ਹੋ.....।”

ਪਾਲੇ ਅਤੇ ਮੀਤੇ ਨੂੰ ਹੱਥਕੜੀਆਂ ਵਿਚ ਜਕੜੀ ਖੜੇ ਸਿਪਾਹੀ ਪਹਿਲਾਂ ਹੀ ਆਵਾਜ਼ ਦੀ ਉਡੀਕ ਵਿਚ ਸਨ। ਝੱਟ ਉਹ ਉਹਨਾਂ ਨੂੰ ਅਦਾਲਤ ਅੰਦਰ ਲੈ ਗਏ।

ਦੋਸ਼ੀਆਂ ਨੇ ਝੁਕ ਕੇ ਸਲਾਮ ਬੁਲਾਈ। ਸਿਪਾਹੀਆਂ ਨੇ ਜ਼ੋਰ ਨਾਲ ਬੂਟ ਖੜਕਾ ਕੇ ਸਲੂਟ ਮਾਰੇ। ਫੇਰ ਉਹ ਸਾਰੇ ਦੋਸ਼ੀਆਂ ਦੇ ਕਟਹਿਰੇ ਕੋਲ ਆ ਗਏ।

ਗਵਾਹੀ ਲਈ ਪਹਿਲਾਂ ਡਾਕਟਰ ਸ਼ਰਮਾ ਨੂੰ ਬੁਲਾਇਆ ਗਿਆ। ਪੋਸਟ ਮਾਰਟਮ ਵਾਲਾ ਰਜਿਸਟਰ ਲੈ ਕੇ ਉਹ ਸਿੱਧਾ ਗਵਾਹਾਂ ਦੇ ਕਟਹਿਰੇ ਵਿਚ ਜਾ ਖੜੋਤਾ।

ਸੁਣਵਾਈ ਸ਼ੁਰੂ ਹੋਈ। ਆਪਣਾ ਨਾਂ-ਪਤਾ ਲਿਖਾਉਣ ਤੋਂ ਪਹਿਲਾਂ ਡਾਕਟਰ ਨੇ ਸਹੁੰ ਖਾਧੀ, “ਜੋ ਕੁਝ ਆਖਾਂਗਾ, ਧਰਮ ਨੂੰ ਜਾਣ ਕੇ ਸੱਚ ਆਖਾਂਗਾ।”

ਵੀਹ ਅਕਤੂਬਰ ਦੀ ਸ਼ਾਮ ਨੂੰ ਡਾਕਟਰ ਨੇ ਬੰਟੀ ਨਾਂ ਦੇ ਇਕ ਬੱਚੇ ਦਾ ਪੋਸਟ ਮਾਰਟਮ ਕੀਤਾ ਸੀ। ਲਾਸ਼ ਦਾ ਮੁਆਇਨਾ ਕਰਨ ’ਤੇ ਉਸ ਨੂੰ ਪਤਾ ਲੱਗਾ ਸੀ ਕਿ ਪਹਿਲਾਂ ਕਤਲ ਦੇ ਇਰਾਦੇ ਨਾਲ ਬੱਚੇ ਦੇ ਸਿਰ ਵਿਚ ਰਾਡ ਮਾਰੀ ਗਈ ਸੀ। ਕਿਸੇ ਕਾਰਨ ਬੱਚਾ ਬਚ ਗਿਆ। ਫੇਰ ਉਹੋ ਰਾਡ ਬੱਚੇ ਦੀ ਗਰਦਨ ’ਤੇ ਰੱਖ ਕੇ ਦਬਾ ਦਿੱਤੀ ਗਈ। ਮੁਆਇਨੇ ਸਮੇਂ ਬੱਚੇ ਦੀਆਂ ਗੱਲ੍ਹਾਂ ’ਤੇ ਹੰਝੂਆਂ ਦੇ ਨਿਸ਼ਾਨ ਸਨ। ਅੱਖਾਂ ਬਾਹਰ ਨੂੰ ਆਈਆਂ ਹੋਈਆਂ ਸਨ। ਉਹ ਸੁੱਕ ਕੇ ਤੀਲਾ ਹੋਇਆ-ਹੋਇਆ ਸੀ। ਬਦਨ ’ਤੇ ਕੋਈ ਕੱਪੜਾ ਮੌਜੂਦ ਨਹੀਂ ਸੀ।

ਜੇ ਪਿਆਰੇ ਲਾਲ ਦਾ ਉਦੇਸ਼ ਆਪਣੀ ਵਕਾਲਤ ਚਮਕਾਉਣਾ ਹੁੰਦਾ ਤਾਂ ਉਹ ਆਪਣੀ ਲਿਆਕਤ ਦਾ ਸਿੱਕਾ ਜਮਾਉਣ ਲਈ ਡਾਕਟਰ ਤੋਂ ਔਖੇ-ਔਖੇ ਸਵਾਲ ਪੁੱਛਦਾ। ਡਾਕਟਰ ਦੇ ਹਰ ਜਵਾਬ ’ਤੇ ਕਾਨੂੰਨੀ ਨੁਕਤਾਚੀਨੀ ਕਰਦਾ। ਨਿੱਕੇ-ਨਿੱਕੇ ਨੁਕਤੇ ਉਠਾ ਕੇ ਜੱਜ ਨਾਲ ਬਹਿਸਦਾ। ਆਪਣੀ ਦਲੀਲ ਦੀ ਪੁਸ਼ਟੀ ਲਈ ਕਾਨੂੰਨ ਦੀਆਂ ਕਿਤਾਬਾਂ ਪੇਸ਼ ਕਰਦਾ।

ਊਟ-ਪਟਾਂਗ ਸਵਾਲ ਦੀ ਥਾਂ ਉਸ ਨੇ ਡਾਕਟਰ ਤੋਂ ਦੋ ਹੀ ਸਪੱਸ਼ਟੀਕਰਣ ਮੰਗੇ।

ਡਾਕਟਰ ਦੀ ਰਿਪੋਰਟ ਅਨੁਸਾਰ ਮਰਨ ਸਮੇਂ ਬੱਚੇ ਦਾ ਪੇਟ ਖ਼ਾਲੀ ਸੀ। ਡਾਕਟਰ ਦੇ ਅੰਦਾਜ਼ੇ ਅਨੁਸਾਰ ਪੇਟ ਕਿੰਨੇ ਕੁ ਦਿਨ ਖ਼ਾਲੀ ਰਿਹਾ ਹੋਏਗਾ।

ਸਵਾਲ ਸੁਣ ਕੇ ਡਾਕਟਰ ਠਠੰਬਰ ਗਿਆ। ਅਸਲੀਅਤ ਇਹ ਸੀ ਕਿ ਉਸ ਨੇ ਪੋਸਟ ਮਾਰਟਮ ਧਿਆਨ ਨਾਲ ਕੀਤਾ ਹੀ ਨਹੀਂ ਸੀ। ਡਾਕਟਰ ਨੂੰ ਦੱਸਿਆ ਗਿਆ ਸੀ ਕਿ ਇਹ ਅਤਿਵਾਦੀ ਕੇਸ ਹੈ। ਕਿਹੜਾ ਦੋਸ਼ੀ ਫੜੇ ਜਾਣੇ ਹਨ ? ਫੜੇ ਵੀ ਗਏ ਤਾਂ ਕਿਸੇ ਨੇ ਗਵਾਹੀ ਨਹੀਂ ਦੇਣੀ। ਡਾਕਟਰ ਨੇ ਬੱਸ ਰਿਪੋਰਟ ਦੇਣ ਦਾ ਜ਼ਾਬਤਾ ਹੀ ਪੂਰਾ ਕਰਨਾ ਹੈ। ਪੁਲਿਸ ਦੇ ਇਸ ਮਸ਼ਵਰੇ ਨੂੰ ਧਿਆਨ ਵਿਚ ਰੱਖਦਿਆਂ ਹੀ ਡਾਕਟਰ ਨੇ ਮੌਤ ਸਮੇਂ ਬੱਚੇ ਦਾ ਪੇਟ ਖ਼ਾਲੀ ਹੋਣਾ ਲਿਖਿਆ ਸੀ। ਜੇ ਪੇਟ ਵਿਚੋਂ ਕੁਝ ਮਿਲਿਆ ਦਿਖਾਇਆ ਹੁੰਦਾ ਤਾਂ ਪੇਟ ਵਿਚੋਂ ਮਿਲੀ ਵਸਤੂ ਨੂੰ ਟੈਸਟ ਲਈ ਕੈਮੀਕਲ ਐਗਜ਼ਾਮੀਨਰ ਕੋਲ ਭੇਜਣਾ ਪੈਣਾ ਸੀ। ਵਿਸਰੇ ਨੂੰ ਉਥੇ ਤਕ ਪਹੁੰਚਾਉਣ ਲਈ ਪੰਜਾਹ ਝੰਜਟਾਂ ਵਿਚ ਪੈਣਾ ਪੈਣਾ ਸੀ। ਇਹਨਾਂ ਝੰਜਟਾਂ ਤੋਂ ਬਚਣ ਲਈ ਹੀ ਡਾਕਟਰ ਨੇ ਇਹ ਸੌਖਾ ਰਾਹ ਅਪਣਾਇਆ ਸੀ, ਪਰ ਵਕੀਲ ਦੇ ਸਵਾਲ ਨੇ ਉਹੋ ਝੰਜਟ ਫੇਰ ਖੜਾ ਕਰ ਦਿੱਤਾ।

"ਇੰਜ ਲੱਗਦਾ ਸੀ ਜਿਵੇਂ ਹਫ਼ਤਾ ਭਰ ਬੱਚੇ ਦੇ ਪੇਟ ਵਿਚ ਖਿੱਲ ਤਕ ਨਾ ਗਈ ਹੋਵੇ।" ਖਹਿੜਾ ਛੁਡਾਉਣ ਲਈ ਡਾਕਟਰ ਨੇ ਅੰਦਾਜ਼ੇ ਨਾਲ ਤੀਰ ਛੱਡਿਆ।

ਬੱਚੇ ਦੇ ਅਗਵਾ ਹੋਣ ਤੋਂ ਦੋ ਦਿਨ ਪਹਿਲਾਂ ਸਕੂਲ ਵਿਚ ਬੱਚਿਆਂ ਦਾ ਡਾਕਟਰੀ ਮੁਆਇਆ ਹੋਇਆ ਸੀ। ਉਸ ਅਨੁਸਾਰ ਬੱਚੇ ਦਾ ਭਾਰ ਤੀਹ ਕਿੱਲੋ ਸੀ। ਪੋਸਟ ਮਾਰਟਮ ਸਮੇਂ ਇਹ ਭਾਰ ਵੀਹ ਕਿੱਲੋ ਸੀ।

"ਵੀਹ ਦਿਨਾਂ ਵਿਚ ਦਸ ਕਿੱਲੋ ਭਾਰ ਘਟਣ ਦਾ ਭਲਾ ਕੀ ਕਾਰਨ ਹੋ ਸਕਦਾ ਹੈ ?"

"ਭੁੱਖ ਅਤੇ ਦਹਿਸ਼ਤ।" ਇਸ ਸਵਾਲ ਦਾ ਜਵਾਬ ਦੇਣ ਵਿਚ ਡਾਕਟਰ ਨੂੰ ਕੋਈ ਦਿੱਕਤ ਪੇਸ਼ ਨਹੀਂ ਸੀ ਆਈ। ਇਥੇ ਮਹਿਜ਼ ਉਸ ਦੀ ਰਾਏ ਜਾਣੀ ਗਈ ਸੀ।

"ਦਹਿਸ਼ਤ ਹੁੰਦਿਆਂ ਵੀ ਜੇ ਰੱਜਵਾਂ ਖਾਣਾ ਮਿਲਦਾ ਰਹੇ ਤਾਂ ਕੀ ਇੰਨਾ ਭਾਰ ਘੱਟ ਸਕਦਾ ਹੈ ?" ਪਿਆਰੇ ਲਾਲ ਦਾ ਅਗਲਾ ਸਵਾਲ ਸੀ।

"ਨਹੀਂ।"

"ਤਾਂ ਇਸ ਦਾ ਮਤਲਬ ਹੈ ਕਿ ਭਾਰ ਘਟਣ ਦਾ ਵੱਡਾ ਕਾਰਨ ਭੁੱਖ ਸੀ।"

"ਜੀ ਹਾਂ।"

ਪਹਿਲਾ ਨੁਕਤਾ ਸਪੱਸ਼ਟ ਕਰਵਾ ਕੇ ਪਿਆਰੇ ਲਾਲ ਨੇ ਦੂਜਾ ਨੁਕਤਾ ਛੋਹਿਆ। ਇਹ ਨੁਕਤਾ ਬੱਚੇ ਨੂੰ ਕਤਲ ਕਰਨ ਲਈ ਵਰਤੀ ਗਈ ਰਾਡ ਦੇ ਡਾਇਆਮੀਟਰ ਸੰਬੰਧੀ ਸੀ।

"ਬੱਚੇ ਦਾ ਸਿਰ ਛੋਟਾ ਵੀ ਹੁੰਦਾ ਹੈ ਅਤੇ ਨਾਜ਼ੁਕ ਵੀ। ਫੁੱਲ ਵਰਗੇ ਸਿਰ ਨੂੰ ਖੱਖੜੀ-ਖੱਖੜੀ ਕਰਨ ਲਈ ਅਸਫਲ ਹੋਈ ਰਾਡ ਦਾ ਡਾਇਆਮੀਟਰ ਭਲਾ ਕਿੰਨਾ ਕੁ ਹੋਵੇਗਾ ?"

ਜਵਾਬ ਸਪੱਸ਼ਟ ਸੀ। ਜ਼ਖ਼ਮ ਦੀ ਲੰਬਾਈ, ਚੌੜਾਈ ਅਤੇ ਡੂੰਘਾਈ ਡਾਕਟਰ ਨੇ ਆਪਣੀ ਰਿਪੋਰਟ ਵਿਚ ਦਰਜ ਕੀਤੀ ਹੋਈ ਸੀ। ਜ਼ਖ਼ਮ ਮੁਤਾਬਕ ਰਾਡ ਦੀ ਗੋਲਾਈ ਡੇਢ-ਦੋ ਇੰਚ ਦੇ ਵਿਚਕਾਰ ਹੋਣੀ ਚਾਹੀਦੀ ਸੀ।

"ਭਾਵ ਇਹ ਕਿ ਬੱਚੇ ਨੂੰ ਸੱਟ ਮਾਰਨ ਲਈ ਖਿੜਕੀਆਂ, ਰੌਸ਼ਨਦਾਨਾਂ ਵਿਚ ਵਰਤੇ ਜਾਂਦੇ ਕਿਸੇ ਸਾਧਾਰਨ ਜਿਹੇ ਸਰੀਏ ਦੀ ਵਰਤੋਂ ਕੀਤੀ ਗਈ ਹੋਵੇਗੀ ?"

"ਇੰਜ ਹੀ ਜਾਪਦਾ ਹੈ"

"ਕੀ ਇਹ ਜ਼ਖ਼ਮ ਅਜਿਹੀ ਸੱਬਲ ਨਾਲ ਸੰਭਵ ਹੈ, ਜਿਸ ਦਾ ਡਾਇਆਮੀਟਰ ਚਾਰ ਇੰਚ ਹੋਵੇ ?"

"ਨਹੀਂ। ਅਜਿਹੀ ਸੱਬਲ ਤਾਂ ਬੱਚੇ ਦੀ ਚਟਨੀ ਬਣਾ ਦਿੰਦੀ ਹੈ।"

"ਬਹੁਤ-ਬਹੁਤ ਧੰਨਵਾਦ। ਤੁਸੀਂ ਜਾ ਸਕਦੇ ਹੋ।" ਮਤਲਬ ਦਾ ਜਵਾਬ ਹਾਸਲ ਕਰ ਕੇ ਪਿਆਰੇ ਲਾਲ ਨੇ ਡਾਕਟਰ ਨੂੰ ਫ਼ਾਰਗ ਕੀਤਾ।

ਡਾਕਟਰ ਦੇ ਤੁਰ ਜਾਣ 'ਤੇ ਸਰਕਾਰੀ ਵਕੀਲ ਨੇ ਅਗਲੇ ਗਵਾਹ ਦਾ ਨਾਂ-ਪਤਾ ਦੱਸਣਾ ਸੀ। ਅਰਦਲੀ ਨੇ ਉਸ ਗਵਾਹ ਨੂੰ ਆਵਾਜ਼ ਮਾਰਨੀ ਸੀ। ਫੇਰ ਉਸ ਗਵਾਹ ਦੀ ਗਵਾਹੀ ਸ਼ੁਰੂ ਹੋਣੀ ਸੀ।

ਪਰ ਬਚਨ ਸਿੰਘ ਨੂੰ ਅਗਲੇ ਗਵਾਹ ਦਾ ਨਾਂ-ਪਤਾ ਦੱਸਣ ਦੀ ਸੁੱਧ ਨਹੀਂ ਸੀ। ਸਫ਼ਾਈ ਧਿਰ ਨੇ ਇਹ ਸਵਾਲ ਕਿਸ ਆਸ਼ੇ ਨਾਲ ਪੁੱਛੇ ਸਨ ? ਉਹ ਇਹ ਗੁੱਥੀ ਸੁਲਝਾਉਣ ਵਿਚ ਰੁੱਝਾ ਹੋਇਆ ਸੀ। ਬੱਚੇ ਦੇ ਭੁੱਖੇ ਰਹਿਣ ਜਾਂ ਵਜ਼ਨ ਦੇ ਘਟਣ ਬਾਰੇ ਸਵਾਲ ਕਿਉਂ ਪੁੱਛੇ ਗਏ, ਇਹ ਤਾਂ ਉਸ ਨੂੰ ਸਮਝ ਨਾ ਆਈ ਪਰ ਰਾਡ ਦੇ ਡਾਇਆਮੀਟਰ ਵਾਲੀ ਪਹੇਲੀ ਸਪੱਸ਼ਟ ਸੀ। ਪੋਸਟ



ਮਾਰਟਮ ਰਿਪੋਰਟ ਅਨੁਸਾਰ ਰਾਡ ਦੀ ਗੋਲਾਈ ਓਨੀ ਹੀ ਬਣਦੀ ਸੀ, ਜਿੰਨੀ ਡਾਕਟਰ ਨੇ ਦੱਸੀ ਪਰ ਬੇਵਕੂਫ਼ ਥਾਣੇਦਾਰ ਨੇ ਦੋਸ਼ੀਆਂ ਕੋਲੋਂ ਜਿਹੜੀ ਸੱਬਲ ਬਰਾਮਦ ਕੀਤੀ ਸੀ, ਉਸ ਦਾ ਡਾਇਆਮੀਟਰ ਇਸ ਤੋਂ ਕਈ ਗੁਣਾਂ ਵੱਧ ਸੀ। ਬਰਾਮਦ ਹੋਈ ਸੱਬਲ ਦੀ ਸੱਟ ਨਾਲ ਤਾਂ ਦਾਰਾ ਸਿੰਘ ਵਰਗਾ ਪਹਿਲਵਾਨ ਵੀ ਪਾਣੀ ਨਾ ਮੰਗ ਸਕਦਾ।

ਸਫ਼ਾਈ ਧਿਰ ਨੂੰ ਪਹਿਲੇ ਹੀ ਹੱਲੇ ਮਿਲੀ ਕਾਮਯਾਬੀ 'ਤੇ ਬਚਨ ਸਿੰਘ ਖਿਝ ਰਿਹਾ ਸੀ।

"ਚਲੋ ਦੇਖੀ ਜਾਏਗੀ। ਅਜਿਹੀਆਂ ਛੋਟੀਆਂ-ਮੋਟੀਆਂ ਊਣਤਾਈਆਂ ਦੇ ਆਧਾਰ 'ਤੇ ਦੋਸ਼ੀ ਬਰੀ ਥੋੜ੍ਹਾ ਹੋ ਜਾਣੇ ਨੇ।" ਸੋਚਦੇ ਬਚਨ ਸਿੰਘ ਨੇ ਮਨ ਨਾਲ ਸਮਝੌਤਾ ਕੀਤਾ ਅਤੇ ਅਗਲੇ ਗਵਾਹ ਦਾ ਨਾਂ-ਪਤਾ ਦੱਸਿਆ।

ਧਿਆਨ ਚੰਦ ਵੀ ਗਵਾਹੀ ਦੇਣ ਦੇ ਕਾਇਦੇ-ਕਾਨੂੰਨ ਤੋਂ ਵਾਕਿਫ਼ ਸੀ। ਉਸ ਨਾਂ-ਪਤਾ ਲਿਖਾਇਆ, ਸਹੁੰ ਖਾਧੀ ਅਤੇ ਆਪਣਾ ਬਿਆਨ ਦਰਜ ਕਰਾਉਣ ਲੱਗਾ।

ਇਸ ਸਾਇੰਟਿਫ਼ਿਕ ਅਫ਼ਸਰ ਨੇ ਇਸ ਮੁਕੱਦਮੇ ਨਾਲ ਸੰਬੰਧਤ ਉਂਗਲਾਂ ਦੇ ਨਿਸ਼ਾਨਾਂ ਦਾ ਮਿਲਾਨ ਕੀਤਾ ਸੀ।

ਬੰਟੀ ਦੀ ਲਾਸ਼ ਖ਼ੁਰਦ-ਬੁਰਦ ਕਰਦੇ ਸਮੇਂ ਦੋਸ਼ੀਆਂ ਤੋਂ ਇਕ ਕੁਤਾਹੀ ਹੋਈ ਸੀ। ਲਾਸ਼ ਨੂੰ ਹਸਪਤਾਲ ਦੇ ਵੀਰਾਨ ਕਮਰੇ ਵਿਚ ਸੁੱਟਦੇ ਸਮੇਂ ਉਹ ਹੱਥਾਂ 'ਤੇ ਦਸਤਾਨੇ ਚੜ੍ਹਾਉਣਾ ਭੁੱਲ ਗਏ ਸਨ। ਨਤੀਜੇ ਵਜੋਂ ਉਂਗਲਾਂ ਦੇ ਕੁਝ ਨਿਸ਼ਾਨ ਮੌਕੇ 'ਤੇ ਰਹਿ ਗਏ। ਉਸ ਥਾਂ ਦੀ ਪੜਤਾਲ ਸਮੇਂ ਮਾਹਿਰਾਂ ਨੇ ਇਹ ਨਿਸ਼ਾਨ ਲੱਭ ਲਏ ਸਨ। ਕਾਇਦੇ ਅਨੁਸਾਰ ਇਹਨਾਂ ਨੂੰ ਲਿਫ਼ਾਫ਼ੇ ਵਿਚ ਬੰਦ ਕਰ ਕੇ ਲਿਫ਼ਾਫ਼ੇ ਨੂੰ ਸਰਬ-ਮੋਹਰ ਕਰ ਕੇ ਫਿੰਗਰ-ਪ੍ਰਿੰਟ ਬਿਓਰੋ ਫ਼ਿਲੌਰ ਕੋਲ ਜਮ੍ਹਾਂ ਕਰਾਇਆ ਗਿਆ ਸੀ।

ਪੰਦਰਾਂ ਦਿਨਾਂ ਬਾਅਦ ਦੋਸ਼ੀਆਂ ਨੂੰ ਫੜ ਲਿਆ ਗਿਆ ਸੀ। ਉਹਨਾਂ ਦੀਆਂ ਉਂਗਲਾਂ ਦੇ ਨਿਸ਼ਾਨ ਤਹਿਸੀਲਦਾਰ ਸਾਹਮਣੇ ਲਏ ਗਏ ਸਨ। ਅਗਲੇ ਦਿਨ ਵਿਸ਼ੇਸ਼ ਦੂਤ ਰਾਹੀਂ ਉਹ ਨਿਸ਼ਾਨ ਵੀ ਫ਼ਿਲੌਰ ਭੇਜ ਦਿੱਤੇ ਗਏ ਸਨ।

ਫ਼ਿਲੌਰ ਵਾਲਿਆਂ ਨੇ ਸੁਰੱਖਿਅਤ ਰੱਖੇ ਨਿਸ਼ਾਨਾਂ ਨੂੰ ਦੋਸ਼ੀਆਂ ਦੇ ਨਿਸ਼ਾਨਾਂ ਨਾਲ ਮਿਲਾਉਣਾ ਸੀ ਅਤੇ ਦੱਸਣਾ ਸੀ ਕਿ ਉਹਨਾਂ ਵਿਚੋਂ ਕੋਈ ਇਹਨਾਂ ਦੋਸ਼ੀਆਂ ਦੇ ਸਨ ਜਾਂ ਨਹੀਂ।

ਇਹ ਫ਼ਰਜ਼ ਧਿਆਨ ਚੰਦ ਨੇ ਨਿਭਾਏ ਸਨ। ਸਾਰੇ ਵਿਗਿਆਨਕ ਢੰਗ ਤਰੀਕੇ ਅਪਣਾ ਕੇ ਉਹ ਇਸ ਸਿੱਟੇ 'ਤੇ ਪੁੱਜਾ ਸੀ ਕਿ ਵਕੂਏ ਵਾਲੀ ਥਾਂ ਤੋਂ ਮਿਲੇ ਨਿਸ਼ਾਨ ਮੀਤੇ ਦੋਸ਼ੀ ਦੇ ਸਨ। ਇਸ ਤਰ੍ਹਾਂ ਉਸ ਦੀ ਰਿਪੋਰਟ ਇਹ ਸਾਬਤ ਕਰਦੀ ਸੀ ਕਿ ਮੀਤਾ ਜੁਰਮ ਵਿਚ ਭਾਗੀਦਾਰ ਸੀ।

ਜਿਰਾਹ ਸ਼ੁਰੂ ਕਰਨ ਤੋਂ ਪਹਿਲਾਂ ਪਿਆਰੇ ਲਾਲ ਨੇ ਧਿਆਨ ਚੰਦ ਨੂੰ ਇਕ ਵਾਰ ਫੇਰ ਉਸਦੀ ਰਿਪੋਰਟ ਦਿਖਾਈ।

ਇਥੇ ਸਪੱਸ਼ਟ ਸ਼ਬਦਾਂ ਵਿਚ ਇਹ ਲਿਖਿਆ ਹੋਇਆ ਸੀ ਕਿ ਇਕ ਪਾਰਸਲ ਮੁਖ਼ਤਿਆਰ ਸਿੰਘ ਸਿਪਾਹੀ ਨੇ ਉਸ ਕੋਲ ਵੀਹ ਅਕਤੂਬਰ ਨੂੰ ਜਮ੍ਹਾਂ ਕਰਾਇਆ ਸੀ। ਇਸ ਪਾਰਸਲ 'ਤੇ ਨਾਜ਼ਰ ਸਿੰਘ ਥਾਣੇਦਾਰ ਨੇ ਆਪਣੀਆਂ ਮੋਹਰਾਂ ਲਾਈਆਂ ਸਨ। ਇਸ ਪਾਰਸਲ ਵਿਚ ਉਹ ਨਿਸ਼ਾਨ ਸਨ, ਜਿਹੜੇ ਮੌਕੇ ਤੋਂ ਮਿਲੇ ਸਨ।

ਰਿਪੋਰਟ ਅਨੁਸਾਰ ਇਹ ਵੀ ਦਰੁਸਤ ਸੀ ਕਿ ਦੂਸਰਾ ਪਾਰਸਲ ਪੰਜ ਨਵੰਬਰ ਨੂੰ ਪ੍ਰਾਪਤ ਹੋਇਆ ਸੀ। ਇਸ ਨੂੰ ਸਿਪਾਹੀ ਸੁਰਜੀਤ ਸਿੰਘ ਲੈ ਕੇ ਆਇਆ ਸੀ। ਇਸ ਨੂੰ ਵੀ ਨਾਜ਼ਰ ਸਿੰਘ ਥਾਣੇਦਾਰ ਨੇ ਹੀ ਸਰਬ-ਮੋਹਰ ਕੀਤਾ। ਇਸ ਪਾਰਸਲ ਵਿਚ ਉਹ ਨਿਸ਼ਾਨ ਸਨ, ਜਿਹੜੇ

ਤਹਿਸੀਲਦਾਰ ਸਾਹਮਣੇ ਦੋਸ਼ੀਆਂ ਕੋਲੋਂ ਲਏ ਗਏ ਸਨ।

ਧਿਆਨ ਚੰਦ ਨੇ ਇਹਨਾਂ ਦੋਹਾਂ ਪਾਰਸਲਾਂ ਵਿਚੋਂ ਨਿਕਲੇ ਨਿਸ਼ਾਨਾਂ ਦਾ ਹੀ ਮਿਲਾਨ ਕੀਤਾ ਸੀ ਅਤੇ ਆਪਣੀ ਰਾਏ ਪ੍ਰਗਟਾਈ ਸੀ।

ਇਥੋਂ ਤਕ ਸਾਰੀ ਜਿਰਾਹ ਸੁਖ-ਸ਼ਾਂਤੀ ਨਾਲ ਹੁੰਦੀ ਰਹੀ। ਸਟੈਨੋ ਤੋਂ ਲੈ ਕੇ ਜੱਜ ਤਕ ਨੂੰ ਪਿਆਰੇ ਲਾਲ ਦੇ ਇਹ ਸਵਾਲ ਮੂਰਖਤਾ ਭਰੇ ਲੱਗੇ ਸਨ। ਇਹ ਸਭ ਕੁਝ ਰਿਪੋਰਟ ਵਿਚ ਲਿਖਿਆ ਹੋਇਆ ਸੀ। ਇਹਨਾਂ ਬਾਰੇ ਗਵਾਹ ਨੂੰ ਪੱਕਿਆਂ ਕਰਨ ਦੀ ਕੀ ਜ਼ਰੂਰਤ ਸੀ ?

ਧਿਆਨ ਚੰਦ ਨੂੰ ਜਿਹੜੀ ਥੋੜ੍ਹੀ-ਬਹੁਤ ਘਬਰਾਹਟ ਸੀ, ਇਹਨਾਂ ਅਨਾੜੀ ਸਵਾਲਾਂ ਨਾਲ ਉਹ ਵੀ ਜਾਂਦੀ ਰਹੀ।

ਗਵਾਹ ਨੂੰ ਪੂਰੇ ਜਲੌ ਵਿਚ ਆਇਆ ਦੇਖ ਕੇ ਪਿਆਰੇ ਲਾਲ ਨੇ ਪ੍ਰਸ਼ਨਾਂ ਦਾ ਅਗਲਾ ਦੌਰ ਸ਼ੁਰੂ ਕੀਤਾ।

ਧਿਆਨ ਚੰਦ ਕੋਲੋਂ ਉਹ ਰਜਿਸਟਰ ਖੁਲ੍ਹਵਾਇਆ ਗਿਆ, ਜਿਸ ਵਿਚ ਬਿਓਰੋ ਵਿਚ ਪ੍ਰਾਪਤ ਹੁੰਦੇ ਪਾਰਸਲਾਂ ਦਾ ਇੰਦਰਾਜ ਕੀਤਾ ਜਾਂਦਾ ਸੀ।

"ਰਜਿਸਟਰ ਦੇਖ ਕੇ ਇਹ ਦੱਸੋ ਕਿ ਵੀਹ ਅਕਤੂਬਰ ਨੂੰ ਇਹ ਪਾਰਸਲ ਕਿਸ ਨੇ ਜਮ੍ਹਾਂ ਕਰਵਾਇਆ ਸੀ ਅਤੇ ਉਹ ਪਾਰਸਲ ਕਿਸ ਵੱਲੋਂ ਸਰਬ-ਮੋਹਰ ਕੀਤਾ ਗਿਆ ਸੀ ?"

ਉੱਤਰ ਦੇਣ ਲਈ ਜਿਉਂ ਹੀ ਧਿਆਨ ਚੰਦ ਨੇ ਸੰਬੰਧਤ ਪੰਨਾ ਪੜ੍ਹਨਾ ਸ਼ੁਰੂ ਕੀਤਾ, ਤਿਉਂ ਹੀ ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ।

ਇਥੇ ਤਾਂ ਪਾਰਸਲ ਜਮ੍ਹਾਂ ਕਰਾਉਣ ਵਾਲੇ ਦਾ ਨਾਂ ਸੁਰਜੀਤ ਸਿੰਘ ਲਿਖਿਆ ਹੋਇਆ ਸੀ। ਅਗਾਂਹ ਇਕ ਘਪਲਾ ਹੋਰ ਸੀ। ਰਜਿਸਟਰ ਅਨੁਸਾਰ ਜਮ੍ਹਾਂ ਹੋਏ ਪਾਰਸਲ ਨੂੰ ਦੇਵ ਰਾਜ ਏ.ਐਸ.ਆਈ. ਨੇ ਸਰਬ-ਮੋਹਰ ਕੀਤਾ ਸੀ। ਇਹ ਦੋਨੋਂ ਤੱਥ ਰਿਪੋਰਟ ਨਾਲ ਮੇਲ ਨਹੀਂ ਸੀ ਖਾਂਦੇ। ਇਸ ਫ਼ਰਕ ਤੋਂ ਇਹ ਸਾਬਤ ਹੁੰਦਾ ਸੀ ਕਿ ਧਿਆਨ ਚੰਦ ਵੀਹ ਅਕਤੂਬਰ ਨੂੰ ਜਮ੍ਹਾਂ ਹੋਏ ਪਾਰਸਲ ਦੀ ਥਾਂ ਕੋਈ ਹੋਰ ਪਾਰਸਲ ਵਰਤ ਗਿਆ ਸੀ। ਇਹ ਕੀ ਮਾਜਰਾ ਸੀ ? ਇਕ ਦਮ ਧਿਆਨ ਚੰਦ ਨੂੰ ਸਮਝ ਨਹੀਂ ਸੀ ਆ ਰਿਹਾ।

ਧਿਆਨ ਚੰਦ ਨੂੰ ਟਪਲਾ ਨਾ ਲੱਗਾ ਹੋਵੇ, ਇਸ ਲਈ ਉਸ ਨੇ ਇਕ ਵਾਰ ਫੇਰ ਪਹਿਲਾਂ ਆਪਣੀ ਰਿਪੋਰਟ ਘੋਖੀ ਅਤੇ ਫੇਰ ਰਜਿਸਟਰ। ਦੋਵੇਂ ਆਪਣੀ-ਆਪਣੀ ਥਾਂ ਠੀਕ ਸਨ। ਫੇਰ ਇਹ ਫ਼ਰਕ ਕਿਉਂ ? ਭਵੰਤਰਿਆ, ਕਦੇ ਉਹ ਪਿਆਰੇ ਲਾਲ ਵੱਲ ਤੱਕਦਾ, ਕਦੇ ਜੱਜ ਵੱਲ ਅਤੇ ਕਦੇ ਬਚਨ ਸਿੰਘ ਵੱਲ।

"ਬੋਲ ਬਈ !" ਜਦੋਂ ਕਈ-ਕਈ ਵਾਰ ਪੰਨੇ ਪਲਟ ਕੇ ਵੀ ਧਿਆਨ ਚੰਦ ਕੋਈ ਸਪੱਸ਼ਟੀਕਰਨ ਨਾ ਦੇ ਸਕਿਆ ਤਾਂ ਜੱਜ ਨੂੰ ਹੁਕਮ ਸੁਣਾਉਣਾ ਪਿਆ।

"ਰਜਿਸਟਰ ਵਿਚ ਪਾਰਸਲ ਜਮ੍ਹਾਂ ਕਰਾਉਣ ਵਾਲੇ ਦਾ ਨਾਂ ਸੁਰਜੀਤ ਸਿੰਘ ਤੇ ਮੋਹਰਾਂ ਲਾਉਣ ਵਾਲੇ ਦਾ ਨਾਂ ਦੇਵ ਰਾਜ ਦਰਜ ਹੈ ਜਨਾਬ।"

ਜਵਾਬ ਦਿੰਦੇ ਧਿਆਨ ਚੰਦ ਨੂੰ ਪਸੀਨਾ ਵੀ ਆਇਆ ਅਤੇ ਉਸ ਦੀ ਜ਼ਬਾਨ ਵੀ ਥਥਲਾਈ।

ਚਾਰੇ ਪਾਸੇ ਸੰਨਾਟਾ ਛਾ ਗਿਆ। ਰਿਪੋਰਟ ਅਤੇ ਰਜਿਸਟਰ ਵਿਚਲੇ ਇਸ ਜ਼ਮੀਨ ਅਸਮਾਨ ਦੇ ਫ਼ਰਕ 'ਤੇ ਸਭ ਹੈਰਾਨ ਸਨ। ਇਸ ਤਰ੍ਹਾਂ ਤਾਂ ਦੋਸ਼ੀ ਸਿੱਧੇ ਬਰੀ ਹੋ ਜਾਣੇ ਸਨ।

"ਇਹ ਕਲੈਰੀਕਲ ਮਿਸਟੇਕ ਹੈ ਜਨਾਬ ! ਨਾਂ ਲਿਖਣ ਸਮੇਂ ਗ਼ਲਤੀ ਲੱਗ ਗਈ।"



ਘਬਰਾਏ ਬਚਨ ਸਿੰਘ ਨੇ ਸਪੱਸ਼ਟੀਕਰਨ ਦੇਣਾ ਚਾਹਿਆ।

ਜੱਜ ਨੇ ਬਚਨ ਸਿੰਘ ਦੇ ਤਰਕ ਵੱਲ ਕੋਈ ਧਿਆਨ ਨਾ ਦਿੱਤਾ। ਉਸ ਨੂੰ ਚੁੱਪ ਰਹਿਣ ਦੀ ਹਦਾਇਤ ਹੋਈ।

ਜੱਜ ਖ਼ੁਦ ਰਜਿਸਟਰ ਅਤੇ ਰਿਪੋਰਟ ਦੀ ਘੋਖ ਕਰਨ ਲੱਗਾ।

"ਹੁਣ ਇਹ ਦੱਸੋ ਕਿ ਉਹ ਪਾਰਸਲ ਕਿਥੇ ਹੈ ਜਿਹੜਾ ਸੁਰਜੀਤ ਸਿੰਘ ਨੇ ਵੀਹ ਤਾਰੀਖ਼ ਨੂੰ ਜਮ੍ਹਾਂ ਕਰਾਇਆ ਸੀ ?" ਜਦੋਂ ਜੱਜ ਦੀ ਪੜਤਾਲ ਖ਼ਤਮ ਹੋ ਗਈ ਤਾਂ ਪਿਆਰੇ ਲਾਲ ਨੇ ਮੁੜ ਜਿਰਾਹ ਸ਼ੁਰੂ ਕੀਤੀ।

ਧਿਆਨ ਚੰਦ ਨੂੰ ਉਸ ਪਾਰਸਲ ਬਾਰੇ ਕੋਈ ਇਲਮ ਨਹੀਂ ਸੀ। ਖਹਿੜਾ ਛੁਡਾਉਣ ਲਈ ਉਹ ਬਹਾਨੇ ਘੜਨ ਲੱਗਾ।

"ਇਹ ਵੀਹ ਅਕਤੂਬਰ ਵਾਲਾ ਪਾਰਸਲ ਹੀ ਤਾਂ ਸੀ। ਗ਼ਲਤੀ ਨਾਲ ਹੋਰ ਨਾਂ ਪਤੇ ਲਿਖੇ ਗਏ ਹੋਣਗੇ। ਵੀਹ ਅਕਤੂਬਰ ਨੂੰ ਤਾਂ ਕੋਈ ਮੁਖ਼ਤਿਆਰ ਸਿੰਘ ਫ਼ਿਲੌਰ ਆਇਆ ਹੀ ਨਹੀਂ ਸੀ। ਉਸ ਦਿਨ ਉਸ ਵੱਲੋਂ ਪਾਰਸਲ ਕਿਵੇਂ ਜਮ੍ਹਾਂ ਹੋ ਗਏ ?"

"ਇਹ ਕਿਵੇਂ ਜਮ੍ਹਾਂ ਹੋਏ ਇਸ ਦਾ ਜਵਾਬ ਤੁਹਾਡਾ ਰਜਿਸਟਰ ਹੀ ਦੇਵੇਗਾ। ਕੱਢੋ ਦੋ ਨਵੰਬਰ ਵਾਲਾ ਪੰਨਾ ਅਤੇ ਪੜ੍ਹੋ ਇੰਦਰਾਜ ਨੰਬਰ ਬਾਰਾਂ।"

ਇਹ ਇੰਦਰਾਜ ਦੱਸਦਾ ਸੀ ਕਿ ਉਸ ਦਿਨ ਮੁਖ਼ਤਿਆਰ ਸਿੰਘ ਨੇ ਇਸ ਕੇਸ ਨਾਲ ਸੰਬੰਧਤ ਇਕ ਪਾਰਸਲ ਦਫ਼ਤਰ ਜਮ੍ਹਾਂ ਕਰਾਇਆ ਸੀ। ਉਹ ਪਾਰਸਲ ਨਾਜ਼ਰ ਸਿੰਘ ਦੀਆਂ ਮੋਹਰਾਂ ਨਾਲ ਸਰਬ-ਮੋਹਰ ਸੀ।

"ਹੁਣ ਆਪਣੀ ਰਿਪੋਰਟ ਦੇਖ ਕੇ ਦੱਸੋ ਕਿ ਕੀ ਉਸ ਵਿਚ ਇਸ ਪਾਰਸਲ ਦਾ ਕਿਧਰੇ ਜ਼ਿਕਰ ਹੈ ?"

ਧਿਆਨ ਚੰਦ ਨੂੰ ਅਜਿਹਾ ਕੋਈ ਜ਼ਿਕਰ ਆਪਣੀ ਰਿਪੋਰਟ ਵਿਚ ਨਾ ਲੱਭਾ। ਇਹ ਕੀ ਹੋ ਗਿਆ ? ਸਭ ਕੁਝ ਉਥਲ-ਪੁਥਲ ਕਿਵੇਂ ਹੋ ਗਿਆ ? ਧਿਆਨ ਚੰਦ ਦੀ ਸਮਝੋਂ ਬਾਹਰ ਸੀ। ਵਾੜ ਵਿਚ ਫਸੇ ਬਿੱਲੇ ਵਾਂਗ ਉਹ ਬਿਟਰ-ਬਿਟਰ ਤੱਕਣ ਲੱਗਾ।

ਸਫ਼ਾਈ ਧਿਰ ਵੱਲੋਂ ਧਿਆਨ ਚੰਦ ਨੂੰ ਖੁੱਲ੍ਹਾ ਸਮਾਂ ਦਿੱਤਾ ਗਿਆ। ਠੰਢੇ ਦਿਮਾਗ਼ ਨਾਲ ਸੋਚ ਕੇ ਉਹ ਸਾਰੀ ਸਥਿਤੀ ਸਪੱਸ਼ਟ ਕਰੇ।

ਧਿਆਨ ਚੰਦ ਤਾਂ ਹੀ ਦੱਸੇ, ਜੇ ਉਸ ਨੂੰ ਕੁਝ ਪਤਾ ਹੋਵੇ। ਉਹ ਡੁੰਨ-ਵੱਟਾ ਬਣ ਕੇ ਖੜ੍ਹਾ ਰਿਹਾ।

ਧਿਆਨ ਚੰਦ ਦੀ ਰਿਪੋਰਟ 'ਤੇ ਪਾਣੀ ਫਿਰ ਗਿਆ। ਉਹ ਸ਼ੱਕੀ ਤਾਂ ਬਣੀ ਹੀ, ਨਾਲ ਇਹ ਵੀ ਸਾਬਤ ਕਰਨ ਲੱਗੀ ਕਿ ਇਹ ਕਿਸੇ ਸਾਜ਼ਿਸ਼ ਅਧੀਨ ਤਿਆਰ ਕੀਤੀ ਗਈ ਸੀ।

"ਅਸਲ ਮਾਜਰਾ ਕੀ ਹੈ ?" ਸੱਚ ਜਾਣਨ ਦੀ ਜਗਿਆਸਾ ਜੱਜ ਅੰਦਰ ਵੀ ਜਾਗ ਪਈ। ਮਿਸਲ ਇਕ ਪਾਸੇ ਰੱਖ ਕੇ ਉਹ ਸੱਚ ਜਾਣਨ ਲਈ ਬੇਚੈਨ ਹੋਣ ਲੱਗਾ।

ਅਸਲੀਅਤ ਇਹ ਸੀ ਕਿ ਵੀਹ ਅਕਤੂਬਰ ਵਾਲਾ ਇੰਦਰਾਜ ਦਰੁਸਤ ਸੀ। ਉਹ ਪਾਰਸਲ ਦੇਵ ਰਾਜ ਨੇ ਤਿਆਰ ਕੀਤਾ ਸੀ ਅਤੇ ਜਮ੍ਹਾਂ ਸੁਰਜੀਤ ਸਿੰਘ ਨੇ ਕਰਵਾਇਆ ਸੀ। ਚੁਸਤੀ ਇਹ ਸੀ ਕਿ ਉਸ ਪਾਰਸਲ ਵਿਚ ਖ਼ਾਲੀ ਕਾਗ਼ਜ਼ ਰੱਖੇ ਗਏ ਸਨ, ਮਹਿਜ਼ ਜ਼ਾਬਤਾ ਪੂਰਾ ਕਰਨ ਲਈ। ਪੁਲਿਸ ਦੀ ਪਹਿਲਾਂ ਹੀ ਇਹ ਨੀਯਤ ਸੀ ਕਿ ਅਸਲ ਦੋਸ਼ੀਆਂ ਦੇ ਫੜੇ ਜਾਣ 'ਤੇ ਇਹ ਕਾਗ਼ਜ਼ ਉਹਨਾਂ ਨਿਸ਼ਾਨਾਂ ਨਾਲ ਤਬਦੀਲ ਕਰ ਲਏ ਜਾਣਗੇ।

ਇਹਨਾਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਪ੍ਰੋਗਰਾਮ ਇਕ-ਦੋ ਨਵੰਬਰ ਨੂੰ ਬਣਿਆ ਸੀ।

ਸਭ ਤੋਂ ਪਹਿਲਾਂ ਇਹੋ ਕਾਰਵਾਈ ਹੋਈ। ਮੀਤੇ ਦੀਆਂ ਉਂਗਲਾਂ ਦੇ ਨਿਸ਼ਾਨ ਲੈ ਕੇ ਫ਼ਿਲੌਰ ਭੇਜੇ ਗਏ।

ਇਹਨਾਂ ਨਿਸ਼ਾਨਾਂ ਨੂੰ ਥਾਂ ਸਿਰ ਪਹੁੰਚਾਉਣ ਦੀ ਜ਼ਿੰਮੇਵਾਰੀ ਸਾਧੂ ਸਿੰਘ ਸਬ-ਇੰਸਪੈਕਟਰ ਦੀ ਲਾਈ ਗਈ। ਕਈ ਸਾਲ ਉਹ ਪੁਲਿਸ ਟ੍ਰੇਨਿੰਗ ਕਾਲਜ ਵਿਚ ਰਿਹਾ ਸੀ। ਉਥੋਂ ਦੇ ਬੱਚੇ-ਬੱਚੇ ਤੋਂ ਵਾਕਿਫ਼ ਸੀ।

ਸਾਧੂ ਸਿੰਘ ਨਾਲ ਮੁਖ਼ਤਿਆਰ ਸਿੰਘ ਨੂੰ ਭੇਜਿਆ ਗਿਆ ਸੀ। ਇਹ ਸਾਰਾ ਮਾਮਲਾ ਮੁਖ਼ਤਿਆਰ ਸਿੰਘ ਤੋਂ ਗੁਪਤ ਰੱਖਿਆ ਗਿਆ। ਉਸ ਨੂੰ ਸ਼ੱਕ ਨਾ ਹੋਵੇ, ਇਸ ਲਈ ਦੋ ਹੋਰ ਕੇਸਾਂ ਦੇ ਪਾਰਸਲ ਉਸ ਨੂੰ ਜਮ੍ਹਾਂ ਕਰਾਉਣ ਲਈ ਦਿੱਤੇ ਗਏ।

ਸਾਧੂ ਨੂੰ ਪਿੰਡ ਗਏ ਨੂੰ ਮਹੀਨਾ ਹੋ ਗਿਆ ਸੀ। ਉਸ ਦੀ ਕਿਹੜਾ ਫ਼ਿਲੌਰ ਵਾਲਿਆਂ ਨਾਲ ਪੱਗ ਵੱਟੀ ਹੋਈ ਸੀ ? ਕੰਮ ਪੈਸੇ ਨਾਲ ਹੋਣਾ ਸੀ। ਪੈਸਾ ਖ਼ਰਚ ਕੇ ਇਹ ਕੰਮ ਮੁਖ਼ਤਿਆਰ ਸਿੰਘ ਵੀ ਕਰ ਸਕਦਾ ਸੀ। ਕਲਰਕ ਨੂੰ ਦਿੱਤੀ ਜਾਣ ਵਾਲੀ ਆਮ ਫ਼ੀਸ ਨਾਲੋਂ ਪੰਜਾਹ ਰੁਪਏ ਵਾਧੂ ਦੇ ਕੇ ਸਾਧੂ ਸਿੰਘ ਨੇ ਇਕੱਲੇ ਮੁਖ਼ਤਿਆਰ ਨੂੰ ਫ਼ਿਲੌਰ ਭੇਜ ਦਿੱਤਾ। ਨਾਲ ਕਲਰਕ ਦੇ ਨਾਂ ਇਕ ਚਿੱਠੀ ਲਿਖ ਦਿੱਤੀ। ਕਲਰਕ ਨੇ ਕੀ ਕਰਨਾ ਹੈ ? ਇਹ ਚਿੱਠੀ ਵਿਚ ਲਿਖ ਦਿੱਤਾ। ਫ਼ੀਸ ਅਤੇ ਚਿੱਠੀ ਮੁਖ਼ਤਿਆਰ ਨੂੰ ਫੜਾ ਕੇ ਸਾਧੂ ਪਿੰਡ ਵਾਲੀ ਬੱਸ ਚੜ੍ਹ ਗਿਆ।

ਜੇ ਮੁਖ਼ਤਿਆਰ ਨੂੰ ਪਤਾ ਹੁੰਦਾ ਤਾਂ ਉਹ ਕਾਗ਼ਜ਼ਾਂ ਦੀ ਰੱਦੋ-ਬਦਲ ਕੋਲ ਬੈਠ ਕੇ ਕਰਵਾ ਦਿੰਦਾ। ਕਲਰਕ ਜਦੋਂ ਆਮ ਫ਼ੀਸ ਵਿਚ ਹੀ ਪਾਰਸਲ ਜਮ੍ਹਾਂ ਕਰਨੇ ਮੰਨ ਗਿਆ ਤਾਂ ਉਸ ਨੂੰ ਵਾਧੂ ਦੇ ਪੰਜਾਹ ਰੁਪਏ ਦੇਣੇ ਔਖੇ ਹੋ ਗਏ। ਜਦੋਂ ਕਲਰਕ ਨੇ ਅੱਧ ਬੋਲ ਹੀ ਕੰਮ ਕਰ ਦਿੱਤਾ ਤਾਂ ਸਿਫ਼ਾਰਸ਼ੀ ਚਿੱਠੀ ਤੋਂ ਕੀ ਕਰਾਉਣਾ ਸੀ। ਮੁਖ਼ਤਿਆਰ ਨੇ ਪੰਜਾਹ ਰੁਪਏ ਬੋਝੇ ਵਿਚ ਪਾ ਲਏ ਅਤੇ ਚਿੱਠੀ ਪਾੜ ਕੇ ਔਹ ਮਾਰੀ।

ਕਲਰਕ ਨੇ ਤਿੰਨੇ ਲਿਫ਼ਾਫ਼ੇ ਫੜੇ, ਰਜਿਸਟਰ ਵਿਚ ਦਰਜ ਕੀਤੇ ਅਤੇ ਰਸੀਦ ਮੁਖ਼ਤਿਆਰ ਸਿੰਘ ਦੇ ਹੱਥ ਫੜਾ ਦਿੱਤੀ।

ਬੱਸ, ਇਥੇ ਹੀ ਗੜਬੜ ਹੋਈ ਸੀ। ਧਿਆਨ ਚੰਦ ਨੇ ਦੋ ਨਵੰਬਰ ਵਾਲੇ ਨਿਸ਼ਾਨਾਂ ਨਾਲ ਨਿਸ਼ਾਨ ਮਿਲਾ ਲਏ ਅਤੇ ਆਪਣਾ ਸਿੱਟਾ ਕੱਢ ਲਿਆ ਸੀ। ਵੀਹ ਅਕਤੂਬਰ ਵਾਲਾ ਅਸਲ ਪਾਰਸਲ ਉਸ ਅੱਗੇ ਪੇਸ਼ ਹੀ ਨਹੀਂ ਸੀ ਕੀਤਾ ਗਿਆ।

"ਪਰ ਰਿਪੋਰਟ ਵਿਚ ਤਾਂ ਇਹੋ ਲਿਖਿਐ ਕਿ ਇਹ ਪਾਰਸਲ ਵੀਹ ਅਕਤੂਬਰ ਨੂੰ ਜਮ੍ਹਾਂ ਹੋਇਆ ਸੀ ?" ਜੱਜ ਨੇ ਸਪੱਸ਼ਟੀਕਰਨ ਮੰਗਿਆ।

ਧਿਆਨ ਚੰਦ ਨੇ ਜਾਣ-ਬੁੱਝ ਕੇ ਹੇਰਾਫੇਰੀ ਕੀਤੀ ਸੀ। ਚਲਾਨ ਚੈੱਕ ਕਰਦੇ ਸਮੇ ਜ਼ਿਲ੍ਹਾ ਅਟਾਰਨੀ ਨੇ ਜਦੋਂ ਸਾਇੰਟਿਫ਼ਿਕ ਅਫ਼ਸਰ ਦੀ ਰਿਪੋਰਟ ਘੋਖੀ ਉਸ ਨੇ ਇਹ ਗ਼ਲਤੀ ਫੜ ਲਈ। ਪੁਲਿਸ ਰਿਕਾਰਡ ਅਨੁਸਾਰ ਪਹਿਲਾ ਪਾਰਸਲ ਵੀਹ ਅਕਤੂਬਰ ਨੂੰ ਜਮ੍ਹਾਂ ਹੋਇਆ ਸੀ। ਰਿਪੋਰਟ ਵਿਚ ਇਹ ਦੋ ਨਵੰਬਰ ਨੂੰ ਜਮ੍ਹਾਂ ਹੋਣਾ ਦਰਸਾਇਆ ਸੀ। ਇਹ ਫ਼ਰਕ ਕਿਉਂ ?

ਦਰੁਸਤੀ ਲਈ ਨਾਜ਼ਰ ਸਿੰਘ ਭੱਜਾ-ਭੱਜਾ ਫਿਲੌਰ ਗਿਆ ਸੀ। ਧਿਆਨ ਚੰਦ ਨੇ ਮਿੰਨਤ-ਤਰਲਾ ਕਰਵਾ ਕੇ ਨਵੀਂ ਰਿਪੋਰਟ ਤਿਆਰ ਕਰ ਦਿੱਤੀ। ਤਾਰੀਖ਼ ਤਾਂ ਦੋ ਨਵੰਬਰ ਦੀ ਵੀਹ ਅਕਤੂਬਰ ਕਰ ਦਿੱਤੀ ਪਰ ਪਾਰਸਲ ਜਮ੍ਹਾਂ ਕਰਾਉਣ ਅਤੇ ਪਾਰਸਲ ਨੂੰ ਸਰਬ-ਮੋਹਰ ਕਰਨ ਵਾਲੇ ਦੇ ਨਾਂ-ਪਤੇ ਨਾ ਬਦਲੇ। ਬਦਲਦਾ ਵੀ ਕਿਵੇਂ ? ਉਸ ਨੂੰ ਕਿਹੜਾ ਇਸ ਬਾਰੇ ਦੱਸਿਆ ਗਿਆ ਸੀ। ਧਿਆਨ ਚੰਦ ਨੇ ਸੋਚਿਆ ਸੀ, ਉਸ ਤੋਂ ਗ਼ਲਤੀ ਹੋ ਗਈ। ਉਸ ਨੇ ਆਪਣੀ ਜਾਣ ਵਿਚ ਆਪਣੀ ਗ਼ਲਤੀ



ਸੁਧਾਰੀ ਸੀ।

"ਇਹ ਮਨ-ਘੜਤ ਕਹਾਣੀ ਹੈ ਜਨਾਬ !" ਸਰਕਾਰੀ ਵਕੀਲ ਨੂੰ ਪਿਆਰੇ ਲਾਲ ਦੇ ਇਸ ਬਿਆਨ 'ਤੇ ਸਖ਼ਤ ਇਤਰਾਜ਼ ਸੀ।

"ਮਨ-ਘੜਤ ਕਹਾਣੀ ਘੜਨ ਦੀ ਆਦਤ ਤੁਹਾਨੂੰ ਹੈ ਜਨਾਬ ! ਇਸੇ ਲਈ ਕਹਾਣੀ ਪੈਰਾਂ ਸਿਰ ਖੜ੍ਹੋ ਨਹੀਂ ਰਹੀ। ਮੇਰੇ ਕੋਲ ਆਪਣੀ ਕਹਾਣੀ ਨੂੰ ਸਾਬਤ ਕਰਨ ਲਈ ਢੇਰ ਸਾਰੇ ਸਬੂਤ ਮੌਜੂਦ ਹਨ।" ਬਚਨ ਸਿੰਘ ਨੂੰ ਚੁੱਪ ਕਰਵਾ ਕੇ ਪਿਆਰੇ ਲਾਲ ਆਪਣੇ ਸਬੂਤ ਪੇਸ਼ ਕਰਨ ਲੱਗਾ।

ਜੇ ਤਾਰੀਖ਼ ਵਿਚ ਹੋਈ ਰੱਦੋ-ਬਦਲ ਨੂੰ ਨਜ਼ਰ-ਅੰਦਾਜ਼ ਵੀ ਕਰ ਦਿੱਤਾ ਜਾਵੇ ਤਾਂ ਵੀ ਇਹ ਤੱਥ ਸਪੱਸ਼ਟ ਸੀ ਕਿ ਸਾਇੰਟਿਫ਼ਿਕ ਅਫ਼ਸਰ ਨੇ ਜਿਸ ਪਾਰਸਲ ਵਾਲੇ ਨਿਸ਼ਾਨਾਂ ਦਾ ਮਿਲਾਨ ਕੀਤਾ ਸੀ, ਉਹ ਪਾਰਸਲ ਨਾਜ਼ਰ ਸਿੰਘ ਦਾ ਤਿਆਰ ਕੀਤਾ ਹੋਇਆ ਸੀ। ਨਾਜ਼ਰ ਸਿੰਘ ਨੇ ਉਹ ਪਾਰਸਲ ਸਰਬ-ਮੋਹਰ ਕਿਵੇਂ ਕਰ ਦਿੱਤਾ ਜਦੋਂ ਕਿ ਉਹ ਤਾਂ ਉਸ ਦਿਨ ਇਸ ਥਾਣੇ ਵਿਚ ਲੱਗਾ ਹੀ ਨਹੀਂ ਸੀ ਹੋਇਆ। ਕੀ ਉਸ ਨੇ ਇਹ ਪਾਰਸਲ ਬਾਹਰਲੇ ਥਾਣੇ ਵਿਚੋਂ ਆ ਕੇ ਤਿਆਰ ਕਰ ਦਿੱਤਾ ?

ਇਹ ਵੀ ਕੋਰਾ ਝੂਠ ਸੀ ਕਿ ਵੀਹ ਤਾਰੀਖ਼ ਨੂੰ ਕੋਈ ਪਾਰਸਲ ਮੁਖ਼ਤਿਆਰ ਸਿੰਘ ਨੇ ਫ਼ਿਲੌਰ ਜਮ੍ਹਾਂ ਕਰਾਇਆ ਸੀ। ਉਸ ਦਿਨ ਤਾਂ ਉਹ ਇਸੇ ਸ਼ਹਿਰ ਵਿਚ ਹਾਜ਼ਰ ਸੀ। ਸ਼ਹਿਰ ਹੀ ਨਹੀਂ ਇਸੇ ਅਦਾਲਤ ਵਿਚ ਹਾਜ਼ਰ ਸੀ। ਇਕ ਕਤਲ ਕੇਸ ਵਿਚ ਉਹ ਗਵਾਹੀ ਦੇ ਕੇ ਗਿਆ ਸੀ। ਫੇਰ ਉਹ ਫ਼ਿਲੌਰ ਕਦੋਂ ਅਤੇ ਕਿਵੇਂ ਚਲਾ ਗਿਆ ?

ਇਸ ਦੇ ਉਲਟ ਇਹ ਪਾਰਸਲ ਲੈ ਕੇ ਸੁਰਜੀਤ ਦਾ ਫ਼ਿਲੌਰ ਜਾਣਾ ਕਈ ਦਸਤਾਵੇਜ਼ਾਂ ਰਾਹੀਂ ਸਿੱਧ ਹੁੰਦਾ ਸੀ। ਪਹਿਲਾਂ ਤਾਂ ਇਸ ਬਾਰੇ ਥਾਣੇ ਦਾ ਰੋਜ਼ਨਾਮਚਾ ਬੋਲਦਾ ਹੈ। ਉਸ ਵਿਚ ਇਸ ਬਾਰੇ ਰਪਟ ਲਿਖੀ ਹੋਈ ਸੀ। ਉਸ ਸਮੇਂ ਦੇ ਤਫ਼ਤੀਸ਼ੀ ਦੇਵ ਰਾਜ ਨੇ ਇਸ ਬਾਰੇ ਸੁਰਜੀਤ ਸਿੰਘ ਦਾ ਬਿਆਨ ਵੀ ਲਿਖਿਆ ਸੀ। ਉਹ ਬਿਆਨ ਅੱਜ ਤਕ ਵੀ ਅਦਾਲਤ ਦੀ ਮਿਸਲ ਨਾਲ ਨੱਥੀ ਹੈ। ਪਿਆਰੇ ਲਾਲ ਨੇ ਉਹ ਬਿਆਨ ਪੜ੍ਹ ਕੇ ਸੁਣਾਇਆ। ਸੋਨੇ 'ਤੇ ਸੁਹਾਗਾ ਇਹ ਸੀ ਕਿ ਸੁਰਜੀਤ ਨੇ ਉਸ ਦਿਨ ਫ਼ਿਲੌਰ ਜਾਣ ਦਾ ਟੀ.ਏ., ਡੀ.ਏ. ਵੀ ਲਿਆ ਸੀ। ਇਸ ਬਿੱਲ ਦੀਆਂ ਨਕਲਾਂ ਪੇਸ਼ ਕੀਤੀਆਂ।

ਉਸ ਸਮੇਂ ਤਾਂ ਸਨਸਨੀ ਹੀ ਫ਼ੈਲ ਗਈ ਜਦੋਂ ਪਿਆਰੇ ਲਾਲ ਨੇ ਉਸ ਰਿਪੋਰਟ ਦੀ ਫ਼ੋਟੋ ਕਾਪੀ ਅਦਾਲਤ ਵਿਚ ਪੇਸ਼ ਕੀਤੀ, ਜਿਹੜੀ ਧਿਆਨ ਚੰਦ ਵੱਲੋਂ ਪਹਿਲਾਂ ਤਿਆਰ ਕੀਤੀ ਗਈ ਸੀ ਅਤੇ ਪਿੱਛੋਂ ਨਾਜ਼ਰ ਸਿੰਘ ਦੇ ਆਖਣ 'ਤੇ ਪਾੜ ਦਿੱਤੀ ਗਈ ਸੀ।

"ਕੀ ਇਹ ਰਿਪੋਰਟ ਤੁਹਾਡੀ ਤਿਆਰ ਕੀਤੀ ਹੋਈ ਨਹੀਂ ?" ਰਿਪੋਰਟ ਸਾਇੰਟਿਫ਼ਿਕ ਅਫ਼ਸਰ ਅੱਗੇ ਕਰ ਕੇ ਪਿਆਰੇ ਲਾਲ ਨੇ ਪੁੱਛਿਆ।

ਇਸ ਹਨੇਰ-ਗ਼ਰਦੀ 'ਤੇ ਜੱਜ ਸਾਹਿਬ ਨੂੰ ਗ਼ੁੱਸਾ ਵੀ ਆਇਆ ਅਤੇ ਹੈਰਾਨੀ ਵੀ ਹੋਈ।

"ਸਾਫ਼-ਸਾਫ਼ ਦੱਸ ਕਿਸ-ਕਿਸ ਨੇ ਹੇਰਾ-ਫੇਰੀ ਕੀਤੀ ਹੈ ? ਨਹੀਂ ਰਿਕਾਰਡ ਵਿਚ ਰੱਦੋ-ਬਦਲ ਕਰਨ ਦੇ ਜੁਰਮ ਵਿਚ ਹੁਣੇ ਅੰਦਰ ਤੁੰਨ ਦਿਊਂ।"

ਜੱਜ ਦੀ ਇਸ ਧਮਕੀ ਨੇ ਧਿਆਨ ਚੰਦ ਦਾ ਰਹਿੰਦਾ-ਖੂੰਹਦਾ ਸਾਹ-ਸਤ ਵੀ ਸੂਤ ਲਿਆ।

ਧਿਆਨ ਚੰਦ ਨੂੰ ਫ਼ਿਲੌਰ ਦੇ ਇਕ ਡਾਕਟਰ ਦਾ ਕਿੱਸਾ ਯਾਦ ਆਇਆ। ਧਿਆਨ ਚੰਦ ਵਾਂਗ ਉਸ ਨੇ ਵੀ ਹਸਪਤਾਲ ਦੇ ਰਿਕਾਰਡ ਵਿਚ ਹੇਰਾ-ਫੇਰੀ ਕੀਤੀ ਸੀ। ਫੜੇ ਜਾਣ 'ਤੇ ਉਸ ਨੂੰ ਤਿੰਨ ਮਹੀਨੇ ਦੀ ਕੈਦ ਹੋਈ ਸੀ।

ਸਾਇੰਟਿਫ਼ਿਕ ਅਫ਼ਸਰ ਨੂੰ ਹਥਿਆਰ ਸੁੱਟਣ ਵਿਚ ਹੀ ਭਲਾਈ ਨਜ਼ਰ ਆਈ। ਗਵਾਹ

ਤੋਂ ਸੱਚ ਉਗਲਾ ਕੇ ਸਫ਼ਾਈ ਧਿਰ ਨੇ ਬਾਜ਼ੀ ਦਾ ਇਹ ਦੌਰ ਪੂਰੀ ਤਰ੍ਹਾਂ ਜਿੱਤ ਲਿਆ।

ਤੀਸਰਾ ਗਵਾਹ ਬੁਲਾਉਣ ਦੀ ਸਰਕਾਰੀ ਵਕੀਲ ਦੀ ਹਿੰਮਤ ਨਹੀਂ ਸੀ ਪੈ ਰਹੀ। ਪਹਿਲੇ ਦੋ ਗਵਾਹਾਂ ਨੇ ਤਾਂ ਭੱਠਾ ਬਿਠਾ ਹੀ ਦਿੱਤਾ ਸੀ। ਉਸ ਦਾ ਮਨ ਆਖਦਾ ਸੀ ਕਿ ਤੀਸਰਾ ਵੀ ਕੋਈ ਚੰਨ ਹੀ ਚਾੜ੍ਹੇਗਾ।

ਸਰਕਾਰੀ ਵਕੀਲ ਨੂੰ ਓਨਾ ਗ਼ੁੱਸਾ ਗਵਾਹਾਂ 'ਤੇ ਨਹੀਂ ਸੀ ਆ ਰਿਹਾ, ਜਿੰਨਾ ਨਾਜ਼ਰ ਸਿੰਘ 'ਤੇ ਆ ਰਿਹਾ ਸੀ। ਜੇ ਨਿਸ਼ਾਨ ਤਬਦੀਲ ਕਰਾਉਣੇ ਹੀ ਸਨ ਤਾਂ ਆਪ ਜਾ ਕੇ ਕਰਾਉਂਦਾ। ਪੁਲਿਸ ਮਹਿਕਮਾ ਵੀ ਬੜਾ ਲੀਚੜ ਸੀ। ਜਦੋਂ ਰਿਸ਼ਵਤ ਲੈਣੀ ਹੋਵੇ ਤਾਂ ਪੁਲਸੀਏ ਮਗਰ-ਮੱਛ ਜਿੱਡਾ ਮੂੰਹ ਅੱਡ ਲੈਂਦੇ ਸਨ। ਕਦੇ ਰਿਸ਼ਵਤ ਦੇਣੀ ਪਵੇ ਤਾਂ ਮਾਇਆ 'ਤੇ ਸੱਪ ਵਾਂਗ ਕੁੰਡਲੀ ਮਾਰ ਕੇ ਬੈਠ ਜਾਂਦੇ ਸਨ।

ਬਚਨ ਸਿੰਘ ਆਪਣੀ ਅਣਗਹਿਲੀ 'ਤੇ ਵੀ ਕੁੜ੍ਹ ਰਿਹਾ ਸੀ। ਉਸ ਸਮੇਂ ਵੀ ਇਹ ਦਸਤਾਵੇਜ਼ ਮਿਸਲ ਨਾਲ ਨੱਥੀ ਸਨ। ਬਚਨ ਸਿੰਘ ਨੇ ਗਹੁ ਨਾਲ ਦੇਖਿਆ ਹੁੰਦਾ ਤਾਂ ਇਹ ਗ਼ਲਤੀ ਫੜੀ ਜਾਣੀ ਸੀ। ਉਸ ਨੂੰ ਸੁਰਿੰਦਰ ਕੁਮਾਰ 'ਤੇ ਵੀ ਹਿਰਖ ਆਇਆ। ਅਜਿਹੀਆਂ ਛੋਟੀਆਂ-ਮੋਟੀਆਂ ਗ਼ਲਤੀਆਂ ਫੜਨਾ, ਛੋਟੇ ਅਫ਼ਸਰ ਦਾ ਕੰਮ ਸੀ। ਜੇ ਵੱਡੇ ਅਫ਼ਸਰਾਂ ਨੇ ਅੱਖਰ-ਅੱਖਰ ਹੀ ਪੜ੍ਹਨਾ ਹੋਇਆ ਤਾਂ ਛੋਟੇ ਅਫ਼ਸਰ ਕੀ ਰਗੜ ਕੇ ਫੋੜੇ 'ਤੇ ਲਾਉਣੇ ਸਨ ? ਪਰ ਉਹ ਸੁਰਿੰਦਰ ਕੁਮਾਰ ਦੇ ਖ਼ਿਲਾਫ਼ ਕੋਈ ਕਾਰਵਾਈ ਵੀ ਨਹੀਂ ਸੀ ਕਰ ਸਕਦਾ। ਉਹੋ ਗ਼ਲਤੀ ਬਚਨ ਸਿੰਘ ਤੋਂ ਵੀ ਹੋਈ ਸੀ।

ਤੀਜੇ ਗਵਾਹ ਨੂੰ ਕਟਹਿਰੇ ਵਿਚ ਖੜਾ ਕਰਨ ਤੋਂ ਪਹਿਲਾਂ ਬਚਨ ਸਿੰਘ ਇਕ ਵਾਰ ਫੇਰ ਕਾਗਜ਼ਾਂ ਦੀ ਘੋਖ-ਪੜਤਾਲ ਕਰਨਾ ਚਾਹੁੰਦਾ ਸੀ ਪਰ ਇੰਨਾ ਸਮਾਂ ਕਿਥੇ ? ਜੱਜ ਪਹਿਲਾਂ ਹੀ ਗਵਾਹ ਨੂੰ ਬੁਲਾ ਚੁੱਕਾ ਸੀ।

ਕਪੂਰ ਸਿੰਘ ਹੱਥ ਲਿਖਤਾਂ ਪਰਖਣ ਦਾ ਮਾਹਿਰ ਸੀ। ਉਹ ਚੰਡੀਗੜ੍ਹੋਂ ਫ਼ੋਰੈਂਸਿਕ ਸਾਇੰਸ ਲੇਬਾਰਟਰੀ ਵਿਚੋਂ ਆਇਆ ਸੀ।

ਉਸ ਦੀ ਗਵਾਹੀ ਵੀ ਧਿਆਨ ਚੰਦ ਨਾਲ ਮਿਲਦੀ-ਜੁਲਦੀ ਸੀ। ਉਸ ਨੂੰ ਲੇਬਾਰਟਰੀ ਵਿਚ ਇਕ ਪਾਰਸਲ ਵੀਹ ਅਕਤੂਬਰ ਨੂੰ ਮਿਲਿਆ ਸੀ, ਜਿਹੜਾ ਦੇਵ ਰਾਜ ਥਾਣੇਦਾਰ ਵੱਲੋਂ ਸਰਬ-ਮੋਹਰ ਕੀਤਾ ਗਿਆ ਸੀ, ਇਹ ਪਾਰਸਲ ਚਿਰੰਜੀ ਲਾਲ ਸਿਪਾਹੀ ਨੇ ਜਮ੍ਹਾਂ ਕਰਾਇਆ ਸੀ। ਇਸ ਵਿਚ ਉਹ ਚਿੱਠੀਆਂ ਸਨ, ਜਿਹੜੀਆਂ ਦੋਸ਼ੀਆਂ ਨੇ ਸਮੇਂ-ਸਮੇਂ ਸਿਰ ਬੰਟੀ ਦੇ ਵਾਰਿਸਾਂ ਨੂੰ ਫਿਰੌਤੀ ਵਸੂਲਣ ਲਈ ਲਿਖੀਆਂ ਸਨ।

ਦੂਸਰਾ ਪਾਰਸਲ ਉਸ ਨੂੰ ਪੰਜ ਨਵੰਬਰ ਨੂੰ ਮਿਲਿਆ ਸੀ। ਇਹ ਪਾਰਸਲ ਚਿਰੰਜੀ ਲਾਲ ਨੇ ਲਿਆ ਕੇ ਦਿੱਤਾ ਸੀ। ਇਸ ਵਿਚ ਪਾਲੇ ਦੋਸ਼ੀ ਦੀਆਂ ਉਹ ਲਿਖਤਾਂ ਸਨ, ਜਿਹੜੀਆਂ ਨਮੂਨੇ ਵੱਜੋਂ ਮੈਜਿਸਟ੍ਰੇਟ ਸਾਹਮਣੇ ਲਈਆਂ ਗਈਆਂ ਸਨ। ਇਹ ਪਾਰਸਲ ਨਾਜ਼ਰ ਸਿੰਘ ਵੱਲੋਂ ਤਿਆਰ ਕੀਤਾ ਗਿਆ ਸੀ।

ਧਿਆਨ ਚੰਦ ਵਾਂਗ ਕਪੂਰ ਸਿੰਘ ਵੀ ਸਾਰੇ ਵਿਗਿਆਨਕ ਢੰਗ-ਤਰੀਕੇ ਅਪਣਾ ਕੇ ਇਸ ਸਿੱਟੇ 'ਤੇ ਪੁੱਜਾ ਸੀ ਕਿ ਫ਼ਿਰੌਤੀ ਵਸੂਲਣ ਲਈ ਲਿਖੀਆਂ ਸਾਰੀਆਂ ਚਿੱਠੀਆਂ ਪਾਲੇ ਦੋਸ਼ੀ ਦੀ ਕਲਮ ਤੋਂ ਸਨ। ਦੋਹਾਂ ਲਿਖਤਾਂ ਵਿਚ ਰੱਤੀ ਭਰ ਵੀ ਫ਼ਰਕ ਨਹੀਂ ਸੀ। ਇਸ ਤਰ੍ਹਾਂ ਪਾਲਾ ਬੰਟੀ ਨੂੰ ਅਗਵਾ ਕਰਨ ਅਤੇ ਫਿਰੌਤੀ ਵਸੂਲਣ ਦੇ ਦੋਸ਼ ਦਾ ਭਾਗੀਦਾਰ ਸੀ।

"ਕਿਉਂ ਵਕੀਲ ਸਾਹਿਬ ਇਥੇ ਕੀ ਬਦਲਿਆ ਗਿਐ ?" ਤਣਾਓ ਭਰੇ ਮਾਹੌਲ ਨੂੰ ਸੁਖਾਵਾਂ ਬਣਾਉਣ ਲਈ ਜੱਜ ਨੇ ਵਿਅੰਗ ਕੀਤਾ। ਚਾਰੇ ਪਾਸੇ ਹਾਸਾ ਫੈਲ ਗਿਆ।



"ਆਗੇ ਆਗੇ ਦੇਖੀਏ ਹੋਤਾ ਹੈ ਕਿਆ ?" ਹਾਸੇ ਦਾ ਪਿਆਰੇ ਲਾਲ 'ਤੇ ਕੋਈ ਅਸਰ ਨਹੀਂ ਸੀ ਹੋਇਆ। ਉਸ ਦੇ ਹੌਸਲੇ ਪਹਿਲਾਂ ਵਾਂਗ ਹੀ ਬੁਲੰਦ ਸਨ।

"ਫੇਰ ਇਸ ਦਾ ਰਿਕਾਰਡ ਵੀ ਦੇਖੀਏ ?"

"ਨਹੀਂ ਜਨਾਬ! ਇਸ ਦੀ ਜ਼ਰੂਰਤ ਨਹੀਂ ਹੋਵੇਗੀ।"

"ਕਿਉਂ ?"

"ਪਾਰਸਲ ਬਦਲਣ ਲਈ ਕਿਸੇ ਅਣਜਾਣ ਸਿਪਾਹੀ ਨੂੰ ਚੰਡੀਗੜ੍ਹ ਨਹੀਂ ਸੀ ਭੇਜਿਆ ਗਿਆ। ਤਫ਼ਤੀਸ਼ੀ ਅਫ਼ਸਰ ਖ਼ੁਦ ਗਿਆ ਸੀ। ਅਸਲ ਚਿੱਠੀਆਂ ਲੈ ਲਈਆਂ ਗਈਆਂ ਸਨ ਅਤੇ ਪਾਲੇ ਕੋਲੋਂ ਲਿਖਵਾਈਆਂ ਚਿੱਠੀਆਂ ਰੱਖ ਦਿੱਤੀਆਂ ਗਈਆਂ ਸਨ। ਇਹ ਕੰਮ ਅਫ਼ਸਰਾਂ ਦੀ ਸਹਿਮਤੀ ਨਾਲ ਹੋਇਆ ਸੀ। ਇਸ ਲਈ ਅਜਿਹੀ ਗ਼ਲਤੀ ਦੀ ਕੋਈ ਸੰਭਾਵਨਾ ਨਹੀਂ।" ਮਾਹਿਰ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਪਿਆਰੇ ਲਾਲ ਨੇ ਰਿਕਾਰਡ ਦੇ ਦਰੁਸਤ ਹੋਣ ਦਾ ਕਾਰਨ ਸਮਝਾਇਆ।

"ਹਾਂ.....ਹਾਂ ਸ਼ੁਰੂ ਕਰੋ।"

ਕਪੂਰ ਸਿੰਘ ਆਪਣੇ ਕੰਮ ਵਿਚ ਕਿੰਨਾ ਕੁ ਮਾਹਿਰ ਹੈ, ਇਹ ਸਾਬਤ ਕਰਨ ਲਈ ਪਿਆਰੇ ਲਾਲ ਨੇ ਇਕ-ਇਕ ਕਰਕੇ ਅਜਿਹੇ ਅਠਾਰਾਂ ਕੇਸ ਗਿਣਾਏ, ਜਿਹੜੇ ਪਿਛਲੇ ਚਾਰ ਸਾਲਾਂ ਵਿਚ ਇਸ ਸਬ-ਡਵੀਜ਼ਨ ਦੇ ਥਾਣਿਆਂ ਨੇ ਉਸ ਕੋਲ ਸਲਾਹ ਲਈ ਭੇਜੇ ਸਨ। ਕਿਸੇ ਕੇਸ ਵਿਚ ਰਜਿਸਟਰੀ 'ਤੇ ਹੋਏ ਦਸਤਖ਼ਤਾਂ ਦੀ ਪਛਾਣ ਕਰਨੀ ਸੀ ਅਤੇ ਕਿਸੇ ਵਿਚ ਚੈੱਕ 'ਤੇ ਹੋਏ ਦਸਤਖ਼ਤਾਂ ਦੀ। ਕਿਸੇ ਕੇਸ ਵਿਚ ਚਿੱਠੀ ਦੇ ਲੇਖਕ ਦੀ ਪਛਾਣ ਕੀਤੀ ਜਾਣੀ ਸੀ ਅਤੇ ਕਿਸੇ ਵਿਚ ਕੈਸ਼ ਬੁੱਕ ਦੇ ਲੇਖਕ ਦੀ। ਇਹ ਲਿਖਤਾਂ ਪਾਲੇ ਵਰਗੇ ਕਿਸੇ ਅਜਿਹੇ ਵਿਅਕਤੀ ਦੀਆਂ ਨਹੀਂ ਸਨ, ਜਿਨ੍ਹਾਂ ਨੂੰ ਲਿਖਤ ਕਰਨ ਦਾ ਮੌਕਾ ਹਾੜ੍ਹੀ-ਸੌਣੀ ਕਦੇ-ਕਦੇ ਹੀ ਮਿਲਦਾ ਹੋਵੇ। ਇਹ ਲਿਖਤਾਂ ਅਜਿਹੇ ਵਿਅਕਤੀਆਂ ਦੀਆਂ ਸਨ, ਜਿਨ੍ਹਾਂ ਦੇ ਲਿਖਣ-ਢੰਗ ਸਥਾਪਤ ਹੋ ਚੁੱਕੇ ਸਨ ਅਤੇ ਜਿਨ੍ਹਾਂ ਦੀਆਂ ਲਿਖਤਾਂ ਦੇ ਹਜ਼ਾਰਾਂ ਨਮੂਨੇ ਮੌਜੂਦ ਸਨ।

ਦੋ ਕੇਸਾਂ ਨੂੰ ਛੱਡ ਕੇ ਬਾਕੀ ਵਿਚ ਪਤਾ ਕੀ ਰਾਏ ਆਉਂਦੀ ਰਹੀ ? ਨਮੂਨੇ ਵਾਲੀਆਂ ਲਿਖਤਾਂ ਅਸਪੱਸ਼ਟ ਹਨ। ਅਜਿਹੀਆਂ ਹੋਰ ਲਿਖਤਾਂ ਭੇਜੀਆਂ ਜਾਣ, ਜਿਨ੍ਹਾਂ ਨੂੰ ਦੋਸ਼ੀ ਆਪਣੀਆਂ ਵੀ ਮੰਨੇ ਅਤੇ ਜਿਹੜੀਆਂ ਪਰਖੇ ਜਾਣ ਵਾਲੇ ਦਸਤਾਵੇਜ਼ ਦੇ ਨੇੜੇ-ਤੇੜੇ ਦੇ ਸਮੇਂ ਲਿਖੀਆਂ ਗਈਆਂ ਹੋਣ। ਉਦੇਸ਼ ਸਪੱਸ਼ਟ ਹੁੰਦਾ ਸੀ। ਨਾ ਨੌਂ ਮਣ ਸੁਰਮਾ ਹੋਏਗਾ ਨਾ ਰਾਧਾ ਨੱਚੇਗੀ। ਬਹੁਤੇ ਕੇਸ ਰਫ਼ਾ-ਦਫ਼ਾ ਹੋ ਗਏ ਜਾਂ ਕਮਜ਼ੋਰ ਪੈ ਗਏ।

"ਕੀ ਇਹ ਠੀਕ ਹੈ ਕਿ ਤੁਸੀਂ ਇਹਨਾਂ ਕੇਸਾਂ ਵਿਚ ਕੋਈ ਰਾਏ ਨਹੀਂ ਸੀ ਦੇ ਸਕੇ ?" ਪਿਆਰੇ ਲਾਲ ਨੇ ਇਕ-ਇਕ ਕੇਸ ਦਾ ਵੇਰਵਾ ਦੇ ਕੇ ਪੁੱਛਿਆ।

ਕਪੂਰ ਸਿੰਘ ਦੀਆਂ ਲੱਤਾਂ ਉਸ ਸਮੇਂ ਤੋਂ ਹੀ ਕੰਬ ਰਹੀਆਂ ਸਨ, ਜਦੋਂ ਤੋਂ ਪਿਆਰੇ ਲਾਲ ਨੇ ਆਖਿਆ ਸੀ ਕਿ ਚਿੱਠੀਆਂ ਮਾਹਿਰ ਦੀ ਸਹਿਮਤੀ ਨਾਲ ਬਦਲੀਆਂ ਗਈਆਂ ਸਨ। ਇਸ ਨਵੇਂ ਬੰਬ ਨੇ ਉਸ ਦੇ ਛੱਕੇ ਹੀ ਛੁਡਾ ਦਿੱਤੇ।

ਕੋਈ ਚਾਰਾ ਨਾ ਚੱਲਦਾ ਦੇਖ ਕੇ ਕਪੂਰ ਸਿੰਘ ਨੇ ਹਾਂ ਵਿਚ ਸਿਰ ਹਿਲਾ ਦਿੱਤਾ।

"ਸਭ ਲਿਖਤਾਂ ਦਰੁਸਤ ਹੁੰਦੀਆਂ ਹਨ। ਉਹਨਾਂ ਹੀ ਦਸਤਾਵੇਜ਼ਾਂ ਦੇ ਆਧਾਰ 'ਤੇ ਪ੍ਰਾਈਵੇਟ ਮਾਹਿਰ ਬੜੀ ਸਪੱਸ਼ਟ ਰਾਏ ਦਿੰਦੇ ਹਨ। ਉਹਨਾਂ ਰਾਵਾਂ ਨੂੰ ਅਦਾਲਤਾਂ ਮਾਨਤਾ ਵੀ ਦਿੰਦੀਆਂ

ਹਨ। ਤੁਸੀਂ ਸਪੱਸ਼ਟ ਰਾਏ ਇਸ ਲਈ ਨਹੀਂ ਦਿੰਦੇ, ਕਿਉਂਕਿ ਤੁਹਾਨੂੰ ਕੰਮ ਨਹੀਂ ਆਉਂਦਾ ਜਾਂ ਤੁਹਾਡੀ ਨੀਯਤ ਸਾਫ਼ ਨਹੀਂ ਹੁੰਦੀ।"

ਗਵਾਹ ਰਹਿੰਦਾ-ਖੂੰਹਦਾ ਸੰਤੁਲਨ ਵੀ ਗਵਾ ਬੈਠੇ ਸੀ, ਇਸ ਲਈ ਪਿਆਰੇ ਲਾਲ ਨੇ ਉਸ ਦੀ ਇਮਾਨਦਾਰੀ 'ਤੇ ਸਿੱਧਾ ਹਮਲਾ ਕੀਤਾ।

ਬਾਕੀ ਦੇ ਕੇਸਾਂ ਵਿਚ ਮਾਹਿਰ ਨੇ ਕੀ ਰਿਪੋਰਟ ਦਿੱਤੀ ਅਤੇ ਕਿਉਂ ਦਿੱਤੀ, ਪਿਆਰੇ ਲਾਲ ਇਸ ਬਾਰੇ ਵੀ ਦੱਸ ਸਕਦਾ ਸੀ ਪਰ ਹਾਲੇ ਸਮਾਂ ਢੁਕਵਾਂ ਨਹੀਂ ਸੀ।

ਕਪੂਰ ਸਿੰਘ ਜਦੋਂ ਪੂਰੀ ਤਰ੍ਹਾਂ ਹੋਸ਼ੋ-ਹਵਾਸ ਗਵਾ ਬੈਠਾ ਤਾਂ ਪਿਆਰੇ ਲਾਲ ਅਸਲੀ ਮੁੱਦੇ 'ਤੇ ਆਇਆ।

ਬੰਟੀ ਦੇ ਕਤਲ ਤਕ ਲਾਲਾ ਜੀ ਨੂੰ ਧਮਕੀ-ਭਰੇ ਚਾਰ ਪੱਤਰ ਮਿਲ ਚੁੱਕੇ ਸਨ। ਇਹ ਚਾਰੇ ਖ਼ਤ ਪੁਲਿਸ ਨੇ ਆਪਣੇ ਕਬਜ਼ੇ ਵਿਚ ਲੈ ਲਏ ਸਨ। ਇਹਨਾਂ ਚਿੱਠੀਆਂ ਨੇ ਦੋਸ਼ੀਆਂ ਦੀ ਸ਼ਨਾਖ਼ਤ ਵਿਚ ਅਹਿਮ ਰੋਲ ਅਦਾ ਕਰਨਾ ਸੀ। ਇਸੇ ਲਈ ਇਹਨਾਂ ਨੂੰ ਹੱਥ-ਲਿਖਤ ਦੇ ਮਾਹਿਰਾਂ ਕੋਲ ਭੇਜਿਆ ਗਿਆ ਸੀ। ਦੋਹਾਂ ਦੋਸ਼ੀਆਂ ਵਿਚੋਂ ਇਕੱਲਾ ਪਾਲਾ ਹੀ ਪੰਜਾਬੀ ਜਾਣਦਾ ਸੀ। ਤਫ਼ਤੀਸ਼ ਦੌਰਾਨ ਉਸੇ ਦੀ ਲਿਖਤ ਦਾ ਨਮੂਨਾ ਹਾਸਲ ਕੀਤਾ ਗਿਆ ਸੀ।

ਇਹਨਾਂ ਚਾਰੇ ਚਿੱਠੀਆਂ ਅਤੇ ਹੱਥ-ਲਿਖਤਾਂ ਦੇ ਆਧਾਰ 'ਤੇ ਕਪੂਰ ਸਿੰਘ ਨੇ ਆਪਣੀ ਰਿਪੋਰਟ ਤਿਆਰ ਕੀਤੀ ਸੀ।

ਧਿਆਨ ਚੰਦ ਵਾਂਗ ਜਦੋਂ ਕਪੂਰ ਸਿੰਘ ਨੇ ਆਪਣੀ ਰਿਪੋਰਟ ਨੂੰ ਗਹੁ ਨਾਲ ਵਾਚਿਆ ਤਾਂ ਪਾਇਆ ਕਿ ਰਿਪੋਰਟ ਨਾਲ ਚਾਰ ਦੀ ਥਾਂ ਅੱਠ ਚਿੱਠੀਆਂ ਲੱਗੀਆਂ ਹੋਈਆਂ ਸਨ। ਚਿੱਠੀਆਂ ਚਾਰ ਦੀਆਂ ਅੱਠ ਕਿਵੇਂ ਬਣ ਗਈਆਂ ? ਇਹ ਤਾਂ ਉਸ ਨੂੰ ਸਮਝ ਆ ਗਈ ਪਰ ਅਸਲ ਚਿੱਠੀਆਂ ਰਿਪੋਰਟ ਨਾਲ ਕਿਵੇਂ ਲੱਗ ਗਈਆਂ, ਇਹ ਸਮਝ ਨਾ ਆਈ।

ਨਿਯਮਾਂ ਅਨੁਸਾਰ ਦਫ਼ਤਰ ਵਿਚ ਪ੍ਰਾਪਤ ਹੋਏ ਹਰ ਦਸਤਾਵੇਜ਼ ਉਪਰ ਰਸੀਦ ਨੰਬਰ ਅਤੇ ਮੁਕੱਦਮੇ ਦਾ ਅਨੁਵਾਨ ਲਿਖਿਆ ਜਾਂਦਾ ਹੈ। ਫੇਰ ਮਹਿਕਮੇ ਦੀ ਮੋਹਰ ਲੱਗਦੀ ਹੈ ਅਤੇ ਉਪਰ ਅਫ਼ਸਰ ਦੇ ਦਸਤਖ਼ਤ ਹੁੰਦੇ ਹਨ।

ਇਹਨਾਂ ਨਿਯਮਾਂ ਦੀ ਪਾਲਨਾ ਅਸਲ ਚਿੱਠੀਆਂ ਉਪਰ ਵੀ ਹੋਈ ਸੀ ਅਤੇ ਨਕਲੀ ਚਿੱਠੀਆਂ ਉਪਰ ਵੀ। ਨਵੀਆਂ ਚਿੱਠੀਆਂ ਨੇ ਪੁਰਾਣੀਆਂ ਦੀ ਥਾਂ ਲੈਣੀ ਸੀ, ਇਸ ਲਈ ਨਵੀਆਂ ਚਿੱਠੀਆਂ ਉਪਰ ਪੁਰਾਣੀਆਂ ਚਿੱਠੀਆਂ ਵਾਲੇ ਨੰਬਰ ਹੀ ਲਾਏ ਗਏ ਸਨ। ਜਿਥੋਂ ਤਕ ਕਪੂਰ ਸਿੰਘ ਨੂੰ ਯਾਦ ਸੀ, ਪੁਰਾਣੀਆਂ ਚਿੱਠੀਆਂ ਖੁਰਦ-ਬੁਰਦ ਕਰ ਦਿੱਤੀਆਂ ਗਈਆਂ ਸਨ। ਫੇਰ ਵੀ, ਕਿਉਂਕਿ ਦੋਹਾਂ ਸੈੱਟਾਂ ਉਪਰ ਉਸ ਦੇ ਦਸਤਖ਼ਤ ਸਨ, ਇਸ ਲਈ ਇਹਨਾਂ ਦੀ ਹੋਂਦ ਤੋਂ ਮੁਨਕਰ ਵੀ ਨਹੀਂ ਸੀ ਹੋਇਆ ਜਾ ਸਕਦਾ। ਹਰ ਚਿੱਠੀ ਉਪਰ ਪੰਨਾ ਨੰਬਰ ਲੱਗਾ ਹੋਇਆ ਸੀ। ਰਿਪੋਰਟ ਵਿਚ ਜਿੰਨੇ ਦਸਤਾਵੇਜ਼ ਨੱਥੀ ਕਰਨੇ ਲਿਖੇ ਸਨ, ਉਹਨਾਂ ਦੀ ਗਿਣਤੀ ਤਾਂ ਹੀ ਪੂਰੀ ਹੁੰਦੀ ਸੀ, ਜੇ ਅੱਠੇ ਚਿੱਠੀਆਂ ਵਿਚ ਗਿਣੀਆਂ ਜਾਣ।

ਹੇਰਾ-ਫੇਰੀ ਫੜੀ ਜਾ ਚੁੱਕੀ ਸੀ। ਫ਼ੈਸਲਾ ਲਿਖਦੇ ਸਮੇਂ ਜੱਜ ਨੇ ਇਸ ਹੇਰਾ-ਫੇਰੀ ਦਾ ਗੰਭੀਰ ਨੋਟਿਸ ਲੈਣਾ ਸੀ, ਪਰ ਕਪੂਰ ਸਿੰਘ ਧਿਆਨ ਚੰਦ ਵਾਂਗ ਮਿਉਂ-ਮਿਉਂ ਕਰਨ ਵਾਲਾ ਅਫ਼ਸਰ ਨਹੀਂ ਸੀ। ਧਿਆਨ ਚੰਦ ਨਾਲ ਖ਼ੁਦ ਧੋਖਾ ਹੋਇਆ ਸੀ। ਇਥੇ ਸਾਰੀ ਕਾਰਵਾਈ ਕਪੂਰ ਸਿੰਘ ਦੇ ਹੱਥੀਂ ਹੋਈ ਸੀ। ਉਹ ਗ਼ਲਤੀ ਮੰਨ ਗਿਆ ਤਾਂ ਨੌਕਰੀ ਤਾਂ ਜਾਏਗੀ ਹੀ, ਕੇਸ ਵੀ ਬਣੇਗਾ।

ਕਪੂਰ ਸਿੰਘ ਨੂੰ ਸਾਫ਼ ਮੁਕਰ ਜਾਣ ਵਿਚ ਬਿਹਤਰੀ ਲੱਗੀ। ਉਸ ਨੇ ਨਵੀਆਂ ਚਿੱਠੀਆਂ ਨੂੰ ਹੀ ਅਸਲ ਹੋਣਾ ਮੰਨਿਆ । ਪੁਰਾਣੀਆਂ ਚਿੱਠੀਆਂ 'ਤੇ ਉਸ ਦੇ ਦਸਤਖ਼ਤ ਜਾਅਲੀ ਸਨ



ਜਾਂ ਧੋਖੇ ਨਾਲ ਕਰਾਏ ਗਏ ਸਨ।

ਮਾਹਿਰ ਵੱਲੋਂ ਆਪਣੇ ਹੀ ਦਸਤਖ਼ਤ ਮੁੱਕਰ ਜਾਣ 'ਤੇ ਜੱਜ ਨੂੰ ਗ਼ੁੱਸਾ ਆ ਗਿਆ। ਇਹ ਅਦਾਲਤ ਦੀ ਤੌਹੀਨ ਸੀ।

'ਜੇ ਤੂੰ ਆਪਣੇ ਦਸਤਖ਼ਤ ਵੀ ਨਹੀਂ ਪਛਾਣ ਸਕਦਾ, ਫੇਰ ਤੂੰ ਹੱਥ-ਲਿਖਤਾਂ ਦਾ ਮਾਹਿਰ ਟੱਟੂ ਦਾ ਹੈਂ। ਇਹ ਦਸਤਖ਼ਤ ਤੇਰੇ ਹਨ ਜਾਂ ਨਹੀਂ ? ਹਾਂ ਜਾਂ ਨਾਂਹ ਵਿਚ ਜਵਾਬ ਦੇਹ।" ਹਰਖੇ ਜੱਜ ਨੇ ਪੁਰਾਣੀਆਂ ਚਿੱਠੀਆਂ ਕਪੂਰ ਸਿੰਘ ਅੱਗੇ ਸੁੱਟਦਿਆਂ ਆਖਿਆ।

ਦੋ-ਚਾਰ ਵਾਰ ਅੱਖਾਂ ਤੋਂ ਐਨਕ ਲਾਹੁਣ-ਪਾਉਣ ਅਤੇ ਪੰਜ-ਸੱਤ ਵਾਰ ਲੈਨਜ਼ਾਂ ਰਾਹੀਂ ਦਸਤਖ਼ਤਾਂ ਨੂੰ ਘੋਖਣ ਦਾ ਨਾਟਕ ਕਰ ਕੇ ਕਪੂਰ ਸਿੰਘ ਨੇ ਦਸਤਖ਼ਤ ਆਪਣੇ ਕੀਤੇ ਹੋਏ ਮੰਨ ਲਏ। ਜੱਜ ਹੋਰ ਚਿੜ ਗਿਆ।

"ਹੁਣ ਇਹ ਵੀ ਦੱਸ ਦੇ ਕਿ ਇਹ ਦਸਤਖ਼ਤ ਤੂੰ ਜਾਣ-ਬੁੱਝ ਕੇ ਕੀਤੇ ਹਨ ਜਾਂ ਕਿਸੇ ਨੇ ਧੋਖੇ ਨਾਲ ਕਰਾਏ ਨੇ ?" ਜੱਜ ਕਿਸੇ ਨਤੀਜੇ 'ਤੇ ਪੁੱਜਣਾ ਚਾਹੁੰਦਾ ਸੀ।

ਕਪੂਰ ਸਿੰਘ ਦੀ ਹਾਲਤ ਉਸ ਸੱਪ ਵਰਗੀ ਸੀ, ਜਿਸ ਦੇ ਮੂੰਹ ਵਿਚ ਕੋਹੜ ਕਿਰਲੀ ਫਸ ਗਈ ਸੀ। ਜੇ ਕਪੂਰ ਸਿੰਘ ਆਖੇ ਦਸਤਖ਼ਤ ਉਸ ਦੇ ਹਨ ਤਾਂ ਇਹ ਜੁਰਮ ਦਾ ਇਕਬਾਲ ਹੋਏਗਾ। ਜੇ ਆਖੇ ਕਿਸੇ ਨੇ ਧੋਖੇ ਨਾਲ ਕਰਾਏ ਹਨ ਤਾਂ ਸਿੱਧ ਹੋਏਗਾ ਕਿ ਉਹ ਇਕ ਨੰਬਰ ਦਾ ਲਾ-ਪਰਵਾਹ ਹੈ। ਮੁਜਰਮ ਬਣਨ ਨਾਲੋਂ ਉਸ ਨੂੰ ਲਾ-ਪਰਵਾਹ ਬਣਨ ਵਿਚ ਬਿਹਤਰੀ ਨਜ਼ਰ ਆਈ।

"ਗਵਾਹ ਆਲ੍ਹਾ ਦਰਜੇ ਦਾ ਬੇਈਮਾਨ ਹੈ। ਪੈਰ-ਪੈਰ 'ਤੇ ਝੂਠ ਬੋਲਦਾ ਹੈ। ਇਸ ਲਈ ਗਵਾਹੀ ਕਾਬਲੇ-ਇਤਬਾਰ ਨਹੀਂ।" ਕਪੂਰ ਸਿੰਘ ਦੀਆਂ ਹੇਰਾ-ਫੇਰੀਆਂ ਤੋਂ ਖਿਝੇ ਜੱਜ ਨੇ ਉਸ ਖ਼ਿਲਾਫ਼ ਸਟਰਿਕਚਰ ਪਾਸ ਕਰ ਦਿੱਤੇ।

ਜੱਜ ਦੇ ਇਹਨਾਂ ਸਟਰਿਕਚਰਾਂ ਦੇ ਨਾਲ ਹੀ ਮਾਹਿਰ ਗਵਾਹਾਂ ਦੀ ਲਿਸਟ ਸਮਾਪਤ ਹੋ ਗਈ।

ਇਹਨਾਂ ਗਵਾਹਾਂ ਦੇ ਬਿਆਨਾਂ ਲਈ ਲੰਚ ਤਕ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਸੀ। ਪਿਆਰੇ ਲਾਲ ਨੇ ਕਾਨੂੰਨੀ ਦਾਅ-ਪੇਚਾਂ ਦੀ ਥਾਂ, ਤੱਥਾਂ ਦੇ ਸਹਾਰੇ ਉਹਨਾਂ ਦੀ ਗਵਾਹੀ ਤਹਿਸ-ਨਹਿਸ ਕਰ ਦਿੱਤੀ। ਇਸ ਲਈ ਇਹ ਕੰਮ ਬਾਰਾਂ ਵਜੇ ਤਕ ਨਿੱਬੜ ਗਿਆ।

ਗ਼ੈਰ-ਸਰਕਾਰੀ ਗਵਾਹਾਂ 'ਤੇ ਜਿਰਾਹ ਮੋਹਨ ਜੀ ਨੇ ਕਰਨੀ ਸੀ। ਕਪੂਰ ਸਿੰਘ ਦੀ ਗਵਾਹੀ ਖ਼ਤਮ ਹੋਣ ਤੋਂ ਪਹਿਲਾਂ ਹੀ ਉਹ ਕੋਰਟ ਰੂਮ ਵਿਚ ਦਾਖ਼ਲ ਹੋ ਗਿਆ। ਕੇਸ ਸਫ਼ਾਈ ਧਿਰ ਦੇ ਹੱਕ ਵਿਚ ਜਾ ਰਿਹਾ ਸੀ। ਜਿੰਨੇ ਗਵਾਹ ਭੁਗਤ ਜਾਣ ਓਨਾ ਹੀ ਫ਼ਾਇਦਾ ਸੀ।

ਬਚਨ ਸਿੰਘ ਹੋਰ ਗਵਾਹ ਭੁਗਤਾਉਣ ਲਈ ਤਿਆਰ ਨਹੀਂ ਸੀ। ਬਾਕੀ ਦੇ ਗਵਾਹ ਦੁਪਹਿਰ ਤੋਂ ਬਾਅਦ ਲਿਖੇ ਜਾਣ। ਹਾਲੇ ਨਾ ਗਵਾਹ ਤਿਆਰ ਹਨ, ਨਾ ਉਹ ਆਪ।

ਨਾਥ ਸਾਹਿਬ ਵੀ ਇਹੋ ਚਾਹੁੰਦੇ ਸਨ। ਸਫ਼ਾਈ ਧਿਰ ਨੇ ਕੇਸ ਦੀ ਰੀੜ੍ਹ ਦੀ ਹੱਡੀ ਤੋੜ ਦਿੱਤੀ ਸੀ। ਸਰਕਾਰੀ ਵਕੀਲ ਨੂੰ ਵਿਗੜੀ ਸਥਿਤੀ ਨੂੰ ਸੰਭਾਲਣ ਲਈ ਕੁਝ ਸਮਾਂ ਮਿਲਣਾ ਹੀ ਚਾਹੀਦਾ ਸੀ।

"ਬਾਕੀ ਗਵਾਹ ਲੰਚ ਤੋਂ ਬਾਅਦ।" ਦਾ ਹੁਕਮ ਸੁਣਾ ਕੇ ਜੱਜ ਨੇ ਕੁਰਸੀ ਛੱਡ ਦਿੱਤੀ।

# 15

ਮਾਹਿਰਾਂ ਦੀ ਗਵਾਹੀ ਨੇ ਸਰਕਾਰੀ ਧਿਰ ਨਾਲ ਜੁੜੇ ਹਰ ਵਿਅਕਤੀ ਨੂੰ ਪ੍ਰੇਸ਼ਾਨ ਕਰ ਰੱਖਿਆ ਸੀ।

ਇਸ ਕੇਸ ਵਿਚ ਇਕ ਵੀ ਅਜਿਹਾ ਗਵਾਹ ਨਹੀਂ ਸੀ ਜਿਹੜਾ ਹਿੱਕ ਥਾਪੜ ਕੇ ਆਖ ਸਕਦਾ ਕਿ ਉਸ ਨੇ ਬੰਟੀ ਨੂੰ ਕਤਲ ਹੁੰਦਿਆਂ ਦੇਖਿਆ ਹੈ। ਸਾਰਾ ਕੇਸ ਹਾਲਾਤ ’ਤੇ ਆਧਾਰਤ ਗਵਾਹੀ ’ਤੇ ਨਿਰਭਰ ਸੀ। ਪੁਲਿਸ ਨੇ ਅਜਿਹੇ ਹਾਲਾਤ ਦਾ ਹੋਣਾ ਸਿੱਧ ਕੀਤਾ ਸੀ ਜਿਸ ਤੋਂ ਇਹ ਸਾਬਤ ਹੁੰਦਾ ਸੀ ਕਿ ਦੋਸ਼ੀਆਂ ਤੋਂ ਸਿਵਾ ਕੋਈ ਹੋਰ ਬੰਟੀ ਨੂੰ ਕਤਲ ਕਰ ਹੀ ਨਹੀਂ ਸਕਦਾ। ਇਹਨਾਂ ਹਾਲਾਤਾਂ ਦੀ ਕਿਸੇ ਨਾ ਕਿਸੇ ਕੜੀ ਨੂੰ ਸਾਬਤ ਕਰਨ ਲਈ ਪੁਲਿਸ ਨੇ ਮਾਹਿਰਾਂ ਦਾ ਸਹਾਰਾ ਲਿਆ ਸੀ, ਮਾਹਿਰਾਂ ਦੀ ਗਵਾਹੀ ਨੇ ਫ਼ਾਇਦੇ ਦੀ ਥਾਂ ਉਲਟਾ ਨੁਕਸਾਨ ਪਹੁੰਚਾਇਆ ਸੀ।

ਸਭ ਤੋਂ ਵੱਧ ਫ਼ਿਕਰ ਨਾਜ਼ਰ ਸਿੰਘ ਨੂੰ ਸੀ। ਸਭ ਤੋਂ ਪਹਿਲਾਂ ਨਜ਼ਲਾ ਉਸੇ ’ਤੇ ਝੜਨਾ ਸੀ। ਮਾਰ ਵੀ ਦੂਹਰੀ ਪੈਣੀ ਸੀ।

ਪਹਿਲਾਂ ਇਸ ਲਈ ਕਿ ਅੱਜ ਉਹ ਕੇਸ ਦੀ ਪੈਰਵਾਈ ਲਈ ਆਇਆ ਸੀ। ਪੈਰਵਾਈ ਅਫ਼ਸਰ ਹੋਣ ਦੇ ਨਾਤੇ ਉਸ ਦਾ ਫ਼ਰਜ਼ ਸੀ ਕਿ ਹਰ ਗਵਾਹ ਸਰਕਾਰ ਦੇ ਹੱਕ ਵਿਚ ਭੁਗਤੇ। ਇਸ ਉਦੇਸ਼ ਦੀ ਪ੍ਰਾਪਤੀ ਲਈ ਉਸ ਨੂੰ ਸਰਕਾਰ ਵੱਲੋਂ ਪੂਰੀ ਖੁੱਲ੍ਹ ਸੀ। ਪ੍ਰਾਈਵੇਟ ਗਵਾਹਾਂ ਨੂੰ ਉਹ ਕੁੱਟ-ਮਾਰ ਤਕ ਕਰ ਸਕਦਾ ਸੀ। ਗਵਾਹ ਸਰਕਾਰੀ ਮੁਲਾਜ਼ਮ ਹੋਣ ਤਾਂ ਉਹਨਾਂ ਦੇ ਮਹਿਕਮੇ ਨੂੰ ਕਾਰਵਾਈ ਲਈ ਲਿਖ ਸਕਦਾ ਸੀ। ਕੋਈ ਗਵਾਹ ਉਸ ਦੀ ਪਹੁੰਚ ਤੋਂ ਬਾਹਰ ਹੋਵੇ ਤਾਂ ਉੱਚ-ਅਧਿਕਾਰੀਆਂ ਨੂੰ ਦੱਸੇ। ਫੇਰ ਉਹ ਗਵਾਹ ਨੂੰ ਆਪੇ ਸਿੱਧੇ ਰਸਤੇ ਪਾਉਣਗੇ।

ਵੈਸੇ ਇਹ ਫ਼ਰਜ਼ ਨਿਭਾਉਣ ਵਿਚ ਨਾਜ਼ਰ ਸਿੰਘ ਨੇ ਕੋਈ ਕੁਤਾਹੀ ਨਹੀਂ ਸੀ ਕੀਤੀ। ਸਭ ਗਵਾਹ ਪੜ੍ਹੇ-ਲਿਖੇ ਅਤੇ ਸਰਕਾਰੀ ਅਫ਼ਸਰ ਸਨ। ਨਾਜ਼ਰ ਉਹਨਾਂ ਨੂੰ ਕੀ ਸਮਝਾ ਸਕਦਾ ਸੀ ? ਉਹਨਾਂ ਦੀ ਟਹਿਲ ਸੇਵਾ ਕਰ ਸਕਦਾ ਸੀ। ਟਹਿਲ ਸੇਵਾ ਵਿਚ ਉਸ ਨੇ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਕਿਸੇ ਨੇ ਚਾਹ ਮੰਗੀ ਤਾਂ ਉਸ ਨੇ ਦੁੱਧ ਮੰਗਵਾਇਆ। ਕਿਸੇ ਨਾ ਪਾਣੀ ਮੰਗਿਆ ਤਾਂ ਉਸ ਨੇ ਜੂਸ ਪਿਲਾਇਆ।

ਇਸ ਦੋਸ਼ ਤੋਂ ਤਾਂ ਸ਼ਾਇਦ ਉਹ ਮੁਕਤ ਹੋ ਜਾਵੇ ਪਰ ਰਿਕਾਰਡ ਵਿਚ ਹੋਈ ਹੇਰਾ-ਫੇਰੀ ਨੇ ਉਸ ਦੇ ਜੋੜਾਂ ਵਿਚ ਬੈਠ ਜਾਣਾ ਸੀ। ਕਿਸੇ ਨੇ ਨਹੀਂ ਸੀ ਮੰਨਣਾ ਕਿ ਇਹ ਹੇਰਾ-ਫੇਰੀ ਉਸ ਨੇ ਅਫ਼ਸਰਾਂ ਦੀ ਹਦਾਇਤ ’ਤੇ ਕੀਤੀ ਸੀ। ਇਸ ਕੁਤਾਹੀ ਦੀ ਸਾਰੀ ਜ਼ਿੰਮੇਵਾਰੀ ਨਾਜ਼ਰ ਸਿਰ ਮੜ੍ਹੀ ਜਾਣੀ ਸੀ।

ਉਹ ਕਈ ਵਾਰ ਸਰਕਾਰੀ ਵਕੀਲ ਦੇ ਗੋਡੀਂ ਹੱਥ ਲਾ ਚੁੱਕਾ ਸੀ। ਵਿਸਕੀ ਦੀ ਪੇਟੀ ਭੇਜਣ ਦਾ ਵਾਅਦਾ ਕਰ ਚੁੱਕਾ ਸੀ। ਨਾਜ਼ਰ ਸਿੰਘ ਦੀ ਪੱਗ ਬਚਨ ਸਿੰਘ ਦੇ ਹੱਥ ਸੀ, ਬਚਾ ਲਵੇ ਭਾਵੇਂ ਉਛਾਲ ਦੇਵੇ। ਸਰਕਾਰੀ ਵਕੀਲ ਜੇ ਬਹੁਤੀ ਮਦਦ ਨਹੀਂ ਕਰ ਸਕਦਾ ਤਾਂ ਇਹ ਵਾਅਦਾ ਤਾਂ



ਕਰੇ ਕਿ ਉਹ ਇਸ ਕੁਤਾਹੀ ਬਾਰੇ ਕਪਤਾਨ ਨੂੰ ਚਿੱਠੀ ਨਹੀਂ ਲਿਖੇਗਾ।

ਧਿਆਨ ਚੰਦ ਅਤੇ ਕਪੂਰ ਸਿੰਘ ਦਾ ਹਾਲ ਉਸ ਤੋਂ ਵੀ ਭੈੜਾ ਸੀ। ਮੁਅੱਤਲ ਹੋਣਾ, ਪੜਤਾਲ ਕਰਾਉਣੀ ਅਤੇ ਫੇਰ ਬਹਾਲ ਹੋ ਜਾਣਾ ਪੁਲਿਸ ਅਫ਼ਸਰਾਂ ਲਈ ਮਾਮੂਲੀ ਗੱਲ ਸੀ। ਮਾਹਿਰਾਂ ਦੇ ਵਿਭਾਗ ਵਿਚ ਇੰਝ ਨਹੀਂ ਚੱਲਦਾ। ਮਾਮੂਲੀ ਜਿਹੀ ਸ਼ਿਕਾਇਤ ’ਤੇ ਹੀ ਭਾਰੀ ਨੁਕਸਾਨ ਹੋ ਜਾਂਦਾ ਸੀ। ਅੱਗੋਂ ਤੋਂ ਅਹਿਮ ਦਸਤਾਵੇਜ਼ ਮੁਆਇਨੇ ਲਈ ਨਹੀਂ ਦਿੱਤੇ ਜਾਂਦੇ। ਰੋਟੀ-ਟੁੱਕ ਦਾ ਸਾਧਨ ਬੰਦ ਹੋ ਜਾਂਦਾ ਸੀ।

ਮਾਹਿਰਾਂ ਦਾ ਕਸੂਰ ਵੀ ਕੋਈ ਨਹੀਂ। ਇਹ ਰੱਦੋ-ਬਦਲ ਉਹਨਾਂ ਸਰਕਾਰ ਦੀ ਬਿਹਤਰੀ ਲਈ ਕੀਤੀ ਸੀ, ਨਾ ਕਿ ਕਿਸੇ ਲਾਲਚ ਲਈ। ਸਰਕਾਰੀ ਵਕੀਲ ਕਿਵੇਂ ਨਾ ਕਿਵੇਂ ਮੌਕਾ ਸੰਭਾਲੇ। ਜੱਜ ਨਾਲ ਗੱਲ ਕਰੇ, ਦੋਸ਼ੀਆਂ ਨੂੰ ਸਜ਼ਾ ਕਰਾਏ। ਜੇ ਦੋਸ਼ੀ ਸਜ਼ਾ ਹੋ ਜਾਣ ਤਾਂ ਸਭ ਦੇ ਪਾਪ ਧੋਤੇ ਜਾਣ। ਜੇ ਇੰਝ ਸੰਭਵ ਨਹੀਂ ਤਾਂ ਦੂਜੀ ਧਿਰ ਦੇ ਵਕੀਲਾਂ ਨਾਲ ਰਾਬਤਾ ਕਾਇਮ ਕੀਤਾ ਜਾਵੇ। ਉਹ ਦੋਸ਼ੀ ਭਾਵੇਂ ਬਰੀ ਕਰਾ ਲੈਣ ਪਰ ਮਾਹਿਰਾਂ ਦੀ ਗ਼ਲਤੀ ਨਾ ਉਛਾਲਣ। ਇਸ ਮਿਹਰਬਾਨੀ ਲਈ ਜੇ ਖ਼ਰਚ-ਵਰਚ ਕਰਨਾ ਪਵੇ ਤਾਂ ਵੀ ਬਚਨ ਸਿੰਘ ਨਾ ਝਿਜਕੇ। ਮਾਹਿਰ ਖੁੱਲ੍ਹੇ ਖ਼ਰਚ ਲਈ ਤਿਆਰ ਸਨ।

ਉਹ ਪੈਣ ਢੱਠੇ ਖੂਹ ’ਚ। ਬਚਨ ਸਿੰਘ ਦੀ ਆਪਣੀ ਜਾਨ ਕੜਿੱਕੀ ਵਿਚ ਫਸੀ ਪਈ ਸੀ। ਸਭ ਤੋਂ ਪਹਿਲਾਂ ਖਿਚਾਈ ਉਸੇ ਦੇ ਹੋਣੀ ਸੀ।

ਮਾਹਿਰਾਂ ਅਤੇ ਤਫ਼ਤੀਸ਼ੀ ਦੇ ਨਾਲ-ਨਾਲ ਬਚਨ ਸਿੰਘ ਨੂੰ ਭੰਡਾਰੀ ਵਕੀਲ ਅਤੇ ਯੁਵਾ ਸੰਘ ’ਤੇ ਵੀ ਗ਼ੁੱਸਾ ਆ ਰਿਹਾ ਸੀ। ਭੰਡਾਰੀ ਅਜੀਬ ਬੰਦਾ ਸੀ। ਸਾਰੀ ਕਾਰਵਾਈ ਦੌਰਾਨ ਇਕ ਵਾਰ ਵੀ ਅਦਾਲਤ ਵਿਚ ਪੈਰ ਨਹੀਂ ਸੀ ਧਰਿਆ। ਉਸ ਦਾ ਫ਼ਰਜ਼ ਸੀ, ਉਹ ਅੰਦਰ ਆ ਕੇ ਗਵਾਹਾਂ ਦਾ ਹਾਲ-ਚਾਲ ਪੁੱਛਦਾ। ਉਹ ਭੰਡਾਰੀ ਨੂੰ ਸਮਝਾ ਦਿੰਦਾ। ‘ਜੱਜ ਗਵਾਹਾਂ ਨੂੰ ਦਬਕੇ ’ਤੇ ਦਬਕਾ ਮਾਰ ਰਿਹਾ ਹੈ। ਦਬਕੇ ਦੀ ਤਾਬ ਨਾ ਝੱਲਦੇ ਹੋਏ ਗਵਾਹ ਨੜੇ ਵਾਂਗ ਉਧੜ ਪੈਂਦੇ ਹਨ।’ ਬਚਨ ਸਿੰਘ ਦੇ ਇਸ਼ਾਰੇ ’ਤੇ ਸੰਘ ਨੇ ਜੇ ਇਕ ਨਾਅਰਾ ਵੀ ਮਾਰਿਆ ਹੁੰਦਾ ਤਾਂ ਉਲਟਾ ਜੱਜ ਨੇ ਦਬਕ ਜਾਣਾ ਸੀ ਤੇ ਕੇਸ ਦੇ ਰੁਖ਼ ਨੇ ਸਰਕਾਰ ਵੱਲ ਹੋ ਜਾਣਾ ਸੀ।

ਹਾਲੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਮਾਹਿਰ ਆਖ਼ਰ ਮਾਹਿਰ ਹੀ ਹੁੰਦਾ ਹੈ। ਉਸ ਨੇ ਕੇਵਲ ਰਾਏ ਹੀ ਦਿੱਤੀ ਸੀ। ਜ਼ਰੂਰੀ ਨਹੀਂ ਰਾਏ ਹਮੇਸ਼ਾ ਸਹੀ ਹੋਵੇ। ਜੇ ਮੌਕੇ ਦੇ ਗਵਾਹਾਂ ਦੀ ਗਵਾਹੀ ਮਜ਼ਬੂਤ ਹੋਵੇ ਤਾਂ ਜੱਜ ਨੂੰ ਮਾਹਿਰਾਂ ਨਾਲੋਂ ਉਹਨਾਂ ਦੀ ਗਵਾਹੀ ਨੂੰ ਤਰਜੀਹ ਦੇਣੀ ਪੈਣੀ ਸੀ। ਹੁਣ ਉਸ ਦਾ ਬਚਾਅ ਇਸੇ ਵਿਚ ਸੀ ਕਿ ਮੌਕੇ ਦੇ ਗਵਾਹ ਨੂੰ ਚੰਗੀ ਤਰ੍ਹਾਂ ਭੁਗਤਾ ਲਿਆ ਜਾਵੇ।

ਮਾਹਿਰਾਂ ਨੂੰ ਟਾਲ ਕੇ ਬਚਨ ਸਿੰਘ ਭੰਡਾਰੀ ਦੇ ਖੋਖੇ ਵੱਲ ਹੋ ਗਿਆ।

ਸੂਬਾ ਬਚਨ ਸਿੰਘ ਦਾ ਵਿਚਾਰ ਸੀ ਕਿ ਸਰਕਾਰੀ ਗਵਾਹ ਉਹ ਭੁਗਤਾ ਦੇਵੇਗਾ ਅਤੇ ਪ੍ਰਾਈਵੇਟ ਗਵਾਹ ਭੰਡਾਰੀ ’ਤੇ ਛੱਡ ਦੇਵੇਗਾ। ਸਵੇਰ ਦੇ ਤਜਰਬੇ ਨੇ ਉਸ ਦਾ ਇਹ ਵਿਚਾਰ ਬਦਲ ਦਿੱਤਾ। ਨਵੀਂ ਯੋਜਨਾ ਤਹਿਤ ਉਸ ਨੇ ਗਵਾਹ ਵੀ ਆਪ ਭੁਗਤਾਉਣੇ ਸਨ ਅਤੇ ਉਹਨਾਂ ਨੂੰ ਗਵਾਹੀ ਵੀ ਖ਼ੁਦ ਸਮਝਾਉਣੀ ਸੀ। ਇਸੇ ਲਈ ਉਸ ਨੇ ਬਾਰਾਂ ਵਜੇ ਕਚਹਿਰੀ ਬਰਖ਼ਾਸਤ ਕਰਵਾ ਲਈ ਸੀ। ਉਸ ਕੋਲ ਦੋ ਘੰਟੇ ਦਾ ਸਮਾਂ ਸੀ। ਰੋਟੀ-ਟੁੱਕ ਦਾ ਖ਼ਿਆਲ ਛੱਡ ਕੇ ਉਹ ਗਵਾਹਾਂ ਨਾਲ ਮਗ਼ਜ਼ ਖਪਾਈ ਕਰਨਾ ਚਾਹੁੰਦਾ ਸੀ।

ਭੰਡਾਰੀ ਦੇ ਕੈਬਨ ਵਿਚ ਪੂਰੀ ਗਹਿਮਾ-ਗਹਿਮੀ ਸੀ। ਲਾਲਾ ਜੀ ਤੋਂ ਲੈ ਕੇ ਸੰਘ ਦੇ

ਪ੍ਰਧਾਨ ਤੇ ਸਕੱਤਰ ਤਕ ਸਭ ਮੌਜੂਦ ਸਨ। ਪ੍ਰਾਈਵੇਟ ਗਵਾਹਾਂ ਦੇ ਨਾਲ-ਨਾਲ ਪੁਲਿਸ ਮੁਲਾਜ਼ਮਾਂ ਦਾ ਵੀ ਤਾਂਤਾ ਲੱਗਾ ਹੋਇਆ ਸੀ। ਭੰਡਾਰੀ ਦੇ ਸਾਰੇ ਜੂਨੀਅਰ ਵਕੀਲ ਗਵਾਹਾਂ ਨਾਲ ਦੋ-ਚਾਰ ਹੋ ਰਹੇ ਸਨ।

ਹੁਣ ਕੇਵਲ ਦੁਹਰਾਈ ਹੋ ਰਹੀ ਸੀ। ਗਵਾਹਾਂ ਨੂੰ ਬਿਆਨ ਤਾਂ ਕੱਲ੍ਹ ਹੀ ਤੋਤੇ ਵਾਂਗ ਰਟਾ ਦਿੱਤੇ ਗਏ ਸਨ।

ਗਵਾਹੀ ਸਮਝਾਉਣ ਅਤੇ ਪੱਕੀ ਕਰਨ ਦਾ ਭੰਡਾਰੀ ਦਾ ਆਪਣਾ ਹੀ ਢੰਗ ਸੀ। ਉਹ ਆਪਣੀ ਲੰਬੀ-ਚੌੜੀ ਕੋਠੀ ਵਿਚ ਉਸੇ ਤਰ੍ਹਾਂ ਦਾ ਸੈੱਟ ਤਿਆਰ ਕਰ ਲਿਆ ਕਰਦਾ ਸੀ, ਜਿਸ ਤਰ੍ਹਾਂ ਦੀ ਕਹਾਣੀ ਪੁਲਿਸ ਨੇ ਘੜੀ ਹੁੰਦੀ ਸੀ। ਉਹੋ ਜਿਹਾ ਮੌਸਮ, ਉਹੋ ਜਿਹਾ ਸਮਾਂ ਅਤੇ ਉਹੋ ਜਿਹਾ ਮਾਹੌਲ। ਗਵਾਹਾਂ ਅਤੇ ਨਕਲੀ ਦੋਸ਼ੀਆਂ ਨੂੰ ਉਸੇ ਥਾਂ ਖੜਾਇਆ ਜਾਂਦਾ, ਜਿਥੇ ਪੁਲਿਸ ਨੇ ਆਪਣੇ ਨਕਸ਼ੇ ਵਿਚ ਖੜੇ ਦਿਖਾਇਆ ਹੁੰਦਾ। ਕਤਲ ਜਾਂ ਲੜਾਈ-ਝਗੜੇ ਦਾ ਮੁਕੱਦਮਾ ਹੋਵੇ ਤਾਂ ਨਕਲੀ ਦੋਸ਼ੀਆਂ ਦੇ ਹੱਥਾਂ ਵਿਚ ਉਹੋ ਜਿਹੇ ਹਥਿਆਰ ਫੜਾਏ ਜਾਂਦੇ, ਜਿਹੜੇ ਪੁਲਿਸ ਨੇ ਅਸਲ ਦੋਸ਼ੀਆਂ ਦੇ ਹੱਥਾਂ ਵਿਚ ਫੜਾਏ ਹੁੰਦੇ। ਫੇਰ ਕਹਾਣੀ ਮੁਤਾਬਕ ਮਜਰੂਬਾਂ ਦੇ ਸੱਟਾਂ ਮਾਰਨ ਦਾ ਨਾਟਕ ਖੇਡਿਆ ਜਾਂਦਾ। ਕਿਸ ਨੇ ਕਿਹੜਾ ਲਲਕਾਰਾ ਮਾਰਿਆ, ਕਿਸ ਨੇ ਕਿਸ ਨੂੰ ਕਿਥੇ ਸੱਟ ਮਾਰੀ ? ਕੌਣ ਕਿਧਰ ਨੂੰ ਭੱਜਾ ? ਕਿਸ ਨੇ ਕਿਸ ਨੂੰ ਸੰਭਾਲਿਆ ? ਸਾਰੀ ਕਹਾਣੀ ਦੁਹਰਾਈ ਜਾਂਦੀ। ਜਦੋਂ ਪੁਲਿਸ ਵੱਲੋਂ ਘੜੀ ਕਹਾਣੀ ਨੂੰ ਇੰਜ ਅਸਲੀਅਤ ਵਿਚ ਬਦਲ ਦਿੱਤਾ ਜਾਂਦਾ ਤਾਂ ਵਿਰੋਧੀ ਧਿਰ ਦੇ ਵਕੀਲ ਨੂੰ ਜਿਰਾਹ ਕਰਨ ਸਮੇਂ ਬਿਆਨਾਂ ਵਿਚ ਫ਼ਰਕ ਪਾਉਣ ਦਾ ਮੌਕਾ ਹੀ ਨਹੀਂ ਮਿਲਦਾ। ਇਸੇ ਗੁਣ ਕਾਰਨ ਭੰਡਾਰੀ ਅਕਸਰ ਮੁਦੱਈ ਧਿਰ ਦਾ ਵਕੀਲ ਬਣਿਆ ਕਰਦਾ ਹੈ ਅਤੇ ਉਸ ਵੱਲੋਂ ਲੜੇ ਬਹੁਤੇ ਕੇਸਾਂ ਵਿਚ ਸਜ਼ਾ ਹੁੰਦੀ ਹੈ।

ਇਸ ਕੇਸ ਦੀ ਕਹਾਣੀ ਭਾਵੇਂ ਅਜੀਬੋ-ਗ਼ਰੀਬ ਸੀ, ਫੇਰ ਵੀ ਭੰਡਾਰੀ ਨੇ ਸੈੱਟ ਤਿਆਰ ਕਰਵਾ ਕੇ ਹੀ ਗਵਾਹੀ ਸਮਝਾਈ ਸੀ।

ਗਵਾਹ ਆਪਣਾ-ਆਪਣਾ ਰੋਲ ਕੱਲ੍ਹ ਹੀ ਸਮਝ ਗਏ ਸਨ। ਅੱਜ ਮਹਿਜ਼ ਰਿਹਰਸਲ ਹੋ ਰਹੀ ਸੀ। ਗਵਾਹ ਨੂੰ ਪਹਿਲਾਂ ਪੁਲਿਸ ਵੱਲੋਂ ਲਿਖਿਆ ਬਿਆਨ ਪੜ੍ਹ ਕੇ ਸੁਣਾਇਆ ਜਾਂਦਾ। ਫੇਰ ਹਰ ਲਾਈਨ ਦਾ ਮਤਲਬ ਸਮਝਾਇਆ ਜਾਂਦਾ। ਫੇਰ ਭੰਡਾਰੀ ਗਵਾਹ ਤੋਂ ਬਿਆਨ ਸੁਣਦਾ। ਜਿਥੋਂ ਉਹ ਉੱਕਦਾ, ਉਥੋਂ ਉਸ ਨੂੰ ਪੱਕਾ ਕਰਵਾਇਆ ਜਾਂਦਾ।

ਜਦੋਂ ਗਵਾਹ ਆਪਣਾ ਬਿਆਨ ਰਟ ਲੈਂਦਾ ਤਾਂ ਉਸ ਨੂੰ ਉਹ ਸਵਾਲ ਸਮਝਾਏ ਜਾਂਦੇ ਜਿਹੜੇ ਦੂਜੇ ਵਕੀਲ ਨੇ ਗਵਾਹ ਤੋਂ ਪੁੱਛਣੇ ਸਨ। ਸਵਾਲਾਂ ਦੇ ਉੱਤਰ ਸਮਝਾਏ ਜਾਂਦੇ। ਆਖ਼ਰ ਵਿਚ ਇਕ ਮੰਤਰ ਪੜ੍ਹਾਇਆ ਜਾਂਦਾ। ਜੇ ਸਵਾਲ ਦਾ ਉੱਤਰ ਨਾ ਸੁੱਝੇ ਤਾਂ ਆਖ ਦਿਉ 'ਯਾਦ ਨਹੀਂ'।

ਜਦੋਂ ਭੰਡਾਰੀ ਦੀ ਤਸੱਲੀ ਹੋ ਜਾਂਦੀ ਤਾਂ ਗਵਾਹ ਜੂਨੀਅਰ ਦੇ ਹਵਾਲੇ ਹੁੰਦਾ। ਫੇਰ ਉਹੋ ਕਾਰਵਾਈ ਉਹ ਦੁਹਰਾਉਂਦਾ।

ਜੰਗੀ ਪੱਧਰ ਤੇ ਹੋ ਰਹੀ ਤਿਆਰੀ ਨੂੰ ਦੇਖ ਕੇ ਬਚਨ ਸਿੰਘ ਨੂੰ ਰਾਹਤ ਮਹਿਸੂਸ ਹੋਈ। ਜੇ ਇਹ ਗਵਾਹ ਚੰਗੀ ਤਰ੍ਹਾਂ ਭੁਗਤ ਜਾਣ ਤਾਂ ਵੀ ਬਚਾਅ ਹੋ ਜਾਵੇ।

ਬਚਨ ਸਿੰਘ ਦੇ ਆਖਣ 'ਤੇ ਵਾਰੀ-ਵਾਰੀ ਹਰ ਗਵਾਹ ਉਸ ਅੱਗੇ ਪੇਸ਼ ਕੀਤਾ ਗਿਆ। ਗਵਾਹ ਟੱਲੀ ਵਾਂਗ ਟਣਕਦੇ ਸਨ। ਬਚਨ ਸਿੰਘ ਨੇ ਸੌ-ਸੌ ਸਵਾਲ ਪੁੱਛੇ, ਕੋਈ ਇਕ ਤੋਂ ਵੀ ਨਾ ਥਿੜਕਿਆ।

ਗਵਾਹਾਂ 'ਤੇ ਸ਼ੱਕ ਕਰਨਾ ਬਚਨ ਸਿੰਘ ਦਾ ਇਕ ਵਹਿਮ ਸਾਬਤ ਹੋਇਆ। ਦੁੱਧ ਦੇ ਫੂਕੇ ਵਾਂਗ ਉਹ ਲੱਸੀ ਨੂੰ ਵੀ ਫੂਕਾਂ ਮਾਰ ਰਿਹਾ ਸੀ।



ਗਵਾਹਾਂ ਵੱਲੋਂ ਨਿੱਸਰ ਫੰਡ ਹੋ ਕੇ ਬਚਨ ਸਿੰਘ ਨੇ ਭੰਡਾਰੀ ਨਾਲ ਦੂਸਰਾ ਮਸਲਾ ਵਿਚਾਰਿਆ। ਨਾਅਰੇਬਾਜ਼ੀ ਨਾ ਕਰ ਕੇ ਸੰਘ ਨੇ ਪਹਿਲਾਂ ਹੀ ਬਹੁਤ ਨੁਕਸਾਨ ਕਰਵਾ ਲਿਆ ਸੀ। ਇਹ ਗ਼ਲਤੀ ਨਾ ਦੁਹਰਾਈ ਜਾਏ।

"ਪਹਿਲਾਂ ਤਾਂ ਉਈਂ ਉੱਕ 'ਗੇ। ਤੁਸੀਂ ਪਰਵਾਹ ਨਾ ਕਰੋ। ਅਦਾਲਤ ਦੇ ਬੈਠਦਿਆਂ ਹੀ ਪੂਰੇ ਜ਼ੋਰ-ਸ਼ੋਰ ਨਾਲ ਨਾਅਰੇਬਾਜ਼ੀ ਹੋਏਗੀ।"

ਭੰਡਾਰੀ ਦਾ ਇਹ ਵਿਸ਼ਵਾਸ ਹਾਸਲ ਕਰ ਕੇ ਬਚਨ ਸਿੰਘ ਅਦਾਲਤ ਵਿਚ ਜਾ ਬੈਠਾ। ਜਿੰਨੇ ਗਵਾਹ ਵੱਧ ਭੁਗਤ ਜਾਣ, ਓਨਾ ਹੀ ਫ਼ਾਇਦਾ ਸੀ।

ਇਹੋ ਉਦੇਸ਼ ਮੋਹਨ ਜੀ ਦਾ ਵੀ ਸੀ। ਉਸ ਨੂੰ ਸੰਮਤੀ ਵੱਲੋਂ ਰਿਪੋਰਟ ਮਿਲੀ ਸੀ। ਅੱਜ ਭੁਗਤਣ ਵਾਲੇ ਸਾਰੇ ਗਵਾਹ ਆਪਣੇ ਬਿਆਨਾਂ ਤੋਂ ਮੁਕਰਨੇ ਸਨ। ਜਿੰਨੇ ਗਵਾਹ ਭੁਗਤ ਜਾਣ, ਓਨੀ ਅਗਾਂਹ ਸੌਖ ਰਹੇਗੀ।

ਦੋਹਾਂ ਧਿਰਾਂ ਦੇ ਵਕੀਲਾਂ ਨੂੰ ਹਾਜ਼ਰ ਹੋਇਆਂ ਦੇਖ ਕੇ ਜੱਜ ਸਾਹਿਬ ਵੀ ਕੁਰਸੀ 'ਤੇ ਆ ਬਿਰਾਜੇ।

ਕਾਰਵਾਈ ਸ਼ੁਰੂ ਹੁੰਦਿਆਂ ਹੀ ਮੋਹਨ ਜੀ ਨੇ ਕਈ ਇਤਰਾਜ਼ ਉਠਾਏ।

ਪਹਿਲਾਂ ਇਹ ਕਿ ਗਵਾਹਾਂ ਨੂੰ ਡਰਾਇਆ-ਧਮਕਾਇਆ ਜਾ ਰਿਹਾ ਸੀ।

ਉਹ ਕੱਲ੍ਹ ਦੇ ਪੁਲਿਸ ਹਿਰਾਸਤ ਵਿਚ ਸਨ। ਹੁਣ ਵੀ ਉਹ ਸਰਕਾਰੀ ਵਕੀਲ ਦੇ ਦਫ਼ਤਰ 'ਚ ਬੈਠੇ ਸਨ। ਕਈ ਵਕੀਲ ਉਹਨਾਂ ਨੂੰ ਬਿਆਨ ਰਟਾਉਣ ਵਿਚ ਜੁਟੇ ਹੋਏ ਸਨ। ਗਵਾਹਾਂ ਨੂੰ ਬਿਆਨ ਸਮਝਾਉਣ ਦਾ ਕੀ ਮਤਲਬ ? ਉਹਨਾਂ ਜੋ ਦੇਖਿਆ ਹੈ, ਆਪੇ ਦੱਸ ਦੇਣਗੇ।

ਦੂਜਾ ਇਹ ਕਿ ਕੁਝ ਗਵਾਹਾਂ ਨੂੰ ਨਸ਼ਾ ਪਿਆ ਦਿੱਤਾ ਗਿਆ ਸੀ । ਉਹ ਸੋਚ-ਸਮਝ ਕੇ ਗਵਾਹੀ ਦੇਣ ਦੇ ਕਾਬਲ ਨਹੀਂ ਰਹੇ। ਉਸੇ ਤਰ੍ਹਾਂ ਬੋਲਣਗੇ, ਜਿਵੇਂ ਪੁਲਿਸ ਨੇ ਰਟਾਇਆ ਸੀ। ਚੰਗਾ ਹੋਵੇ ਜੇ ਤਾਰੀਖ਼ ਅੱਗੇ ਪਾ ਦਿੱਤੀ ਜਾਵੇ।

ਮੋਹਨ ਜੀ ਦੀ ਇਸ ਤਜਵੀਜ਼ 'ਤੇ ਬਚਨ ਸਿੰਘ, ਭੰਡਾਰੀ ਅਤੇ ਜੱਜ ਤਿੰਨੋਂ ਤਿਲਮਿਲਾ ਉੱਠੇ।

ਇਹ ਨਹੀਂ ਹੋ ਸਕਦਾ। ਨਾ ਸਰਕਾਰੀ ਵਕੀਲ ਇੰਨੇ ਗਵਾਹ ਮੁੜ ਤਾਮੀਲ ਕਰਵਾ ਸਕਦਾ ਸੀ ਅਤੇ ਨਾ ਜੱਜ ਬਾਕੀ ਦੇ ਦਿਨ ਲਈ ਹੱਥ 'ਤੇ ਹੱਥ ਧਰ ਕੇ ਬੈਠ ਸਕਦਾ ਸੀ। ਗਵਾਹ ਹਰ ਹੀਲੇ ਲਿਖੇ ਜਾਣਗੇ। ਕੋਈ ਹੋਰ ਰਾਹ ਲੱਭਦਾ ਹੋਵੇ ਤਾਂ ਅਦਾਲਤ ਵਿਚਾਰ ਕਰ ਸਕਦੀ ਹੈ।

ਅਦਾਲਤ ਦੇ ਗਵਾਹ ਭੁਗਤਾਉਣ 'ਤੇ ਬਜ਼ਿੱਦ ਹੋਣ 'ਤੇ ਬਚਨ ਸਿੰਘ ਬੜਾ ਖ਼ੁਸ਼ ਸੀ। ਸਫ਼ਾਈ ਧਿਰ ਵੱਲੋਂ ਤਾਰੀਖ਼ ਮੰਗਣ ਦਾ ਮਤਲਬ ਸੀ ਕਿ ਉਹ ਮੈਦਾਨੋਂ ਭਜ ਰਹੀ ਸੀ। ਗਵਾਹ ਭੁਗਤਾਉਣ ਦਾ ਬਚਨ ਸਿੰਘ ਲਈ ਇਹੋ ਉਚਿਤ ਸਮਾਂ ਸੀ।

ਜੇ ਤਾਰੀਖ਼ ਨਹੀਂ ਦਿੱਤੀ ਜਾ ਸਕਦੀ, ਨਾ ਸਹੀ। ਅਦਾਲਤ ਇਹ ਤਸੱਲੀ ਕਰ ਲਏ ਕਿ ਗਵਾਹ ਰਿਸ਼ਟ-ਪੁਸ਼ਟ ਹਨ। ਉਹ ਕਿਸੇ ਦੇ ਡਰ ਜਾਂ ਦਬਾਅ ਥੱਲੇ ਤਾਂ ਨਹੀਂ।

ਇਸ ਵਿਚ ਕਿਸੇ ਨੂੰ ਕੀ ਇਤਰਾਜ਼ ਸੀ। ਇਹ ਤਾਂ ਸਗੋਂ ਜੱਜ ਦਾ ਫ਼ਰਜ਼ ਸੀ।

ਸਾਰੇ ਗਵਾਹਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ।

ਜੱਜ ਨੇ ਇਕ-ਇਕ ਗਵਾਹ ਤੋਂ ਪੁੱਛਿਆ। ਨਾ ਕੋਈ ਬੀਮਾਰ ਸੀ, ਨਾ ਕਿਸੇ ਨੂੰ ਕਿਸੇ ਦਾ ਡਰ ਸੀ।

ਲੱਗਦੇ ਹੱਥ ਜੱਜ ਨੇ ਇਕ ਹੋਰ ਫ਼ਰਜ਼ ਵੀ ਨਿਭਾਇਆ। ਗਵਾਹਾਂ ਨੂੰ ਪਿਆਰ ਨਾਲ

ਸਮਝਾਇਆ ਗਿਆ। ਉਹ ਬਿਨਾਂ ਕਿਸੇ ਡਰ ਦੇ ਸੱਚ ਬੋਲਣ।

ਸਫ਼ਾਈ ਧਿਰ ਦੇ ਇਤਰਾਜ਼ ਕਰਨ ’ਤੇ ਗਵਾਹਾਂ ਨੂੰ ਸਰਕਾਰੀ ਵਕੀਲ ਦੇ ਦਫ਼ਤਰ ਜਾਂ ਭੰਡਾਰੀ ਦੇ ਖੋਖੇ ਵਿਚ ਜਾਣੋ ਰੋਕ ਦਿੱਤਾ ਗਿਆ। ਉਹਨਾਂ ਨੂੰ ਅਦਾਲਤ ਦੇ ਬਾਹਰ ਪਏ ਬੈਂਚਾਂ ’ਤੇ ਵੀ ਨਾ ਬੈਠਣ ਦਿੱਤਾ ਗਿਆ। ਉਹ ਅਹਿਮ ਕੇਸ ਦੇ ਅਹਿਮ ਗਵਾਹ ਸਨ। ਕੋਈ ਵੀ ਧਿਰ ਉਹਨਾਂ ਦਾ ਨੁਕਸਾਨ ਕਰ ਸਕਦੀ ਸੀ।

ਗਵਾਹਾਂ ਨੂੰ ਅਹਿਲਮੱਦ ਦੇ ਕਮਰੇ ਵਿਚ ਬਿਠਾਇਆ ਗਿਆ, ਜਿੰਨਾ ਚਿਰ ਸਾਰੇ ਗਵਾਹ ਭੁਗਤ ਨਹੀਂ ਜਾਂਦੇ, ਓਨਾ ਚਿਰ ਨਾ ਉਹਨਾਂ ਨੂੰ ਕਮਰੇ ਵਿਚੋਂ ਬਾਹਰ ਆਉਣ ਦਿੱਤਾ ਜਾਵੇ ਅਤੇ ਨਾ ਹੀ ਕਿਸੇ ਨੂੰ ਮਿਲਣ ਦਿੱਤਾ ਜਾਵੇ।

ਸਫ਼ਾਈ ਧਿਰ ਦੇ ਸਾਰੇ ਇਤਰਾਜ਼ ਦੂਰ ਕਰ ਕੇ ਅਗਲੀ ਕਾਰਵਾਈ ਸ਼ੁਰੂ ਹੋਈ।

ਅਰਦਲੀ ਦੇ ਪਹਿਲੇ ਗਵਾਹ ਨੂੰ ਆਵਾਜ਼ ਮਾਰਦਿਆਂ ਹੀ ਅਸਮਾਨ ਨਾਅਰਿਆਂ ਨਾਲ ਗੂੰਜ ਉੱਠਿਆ :

“ਬੰਟੀ ਦੇ ਕਾਤਲਾਂ ਨੂੰ ਫਾਹੇ ਲਾਓ.....।”

ਚਾਰੇ ਪਾਸੇ ਭਗਦੜ ਮੱਚ ਗਈ। ਕਾਵਾਂ-ਰੌਲੀ ਜਿਹੀ ਪੈ ਗਈ।

“ਨਿਰਦੋਸ਼ਾਂ ਨੂੰ ਰਿਹਾਅ ਕਰੋ.....।”

“ਅਸਲੀ ਕਾਤਲਾਂ ਨੂੰ ਗ੍ਰਿਫ਼ਤਾਰ ਕਰੋ।”

“ਪਾਲੇ ਅਤੇ ਮੀਤੇ ਨੂੰ ਇਨਸਾਫ਼ ਦਿਉ।”

ਇਕ ਦੇ ਮੁਕਾਬਲੇ ਕਈ-ਕਈ ਨਾਅਰੇ ਪਹਿਲਾਂ ਨਾਲੋਂ ਵੱਧ ਜੋਸ਼ ਨਾਲ ਗੂੰਜਣ ਲੱਗੇ।

ਦੋਹਾਂ ਧਿਰਾਂ ਵਿਚਕਾਰ ਟਾਕਰਾ ਨਾ ਹੋ ਜਾਵੇ, ਇਸ ਲਈ ਪੁਲਿਸ ਹਰਕਤ ਵਿਚ ਆ ਗਈ। ਕੁਝ ਨੂੰ ਸਮਝਾ ਕੇ ਅਤੇ ਕੁਝ ਨੂੰ ਡਰਾ ਕੇ ਭਜਾ ਦਿੱਤਾ ਗਿਆ।

ਅਦਾਲਤ ਦੀ ਕਾਰਵਾਈ ਅੱਧਾ ਘੰਟਾ ਰੁਕੀ ਰਹੀ। ਬਚਨ ਸਿੰਘ ਨੂੰ ਆਪਣੀ ਯੋਜਨਾ ਦੇ ਅਸਫਲ ਹੋਣ ’ਤੇ ਪਛਤਾਵਾ ਸੀ। ਲੱਗਦਾ ਸੀ, ਸੰਮਤੀ ਪਹਿਲਾਂ ਹੀ ਤਿਆਰ ਹੋ ਕੇ ਆਈ ਸੀ। ਸੰਘ ਦੇ ਵਰਕਰਾਂ ਦੀ ਗਿਣਤੀ ਤਾਂ ਉਹਨਾਂ ਦੇ ਮੁਕਾਬਲੇ ਆਟੇ ਵਿਚ ਲੂਣ ਜਿੰਨੀ ਵੀ ਨਹੀਂ ਸੀ। ਸੰਘ ਵਾਲੇ ਦੋ-ਚਾਰ ਨਾਅਰਿਆਂ ਬਾਅਦ ਹੀ ਠੰਢੇ ਪੈ ਗਏ। ਸੰਮਤੀ ਵਾਲਿਆਂ ਦੇ ਨਾਅਰੇ ਆਖ਼ਰ ਤਕ ਸੁਣਾਈ ਦਿੰਦੇ ਰਹੇ। ਬਚਨ ਸਿੰਘ ਨੂੰ ਫ਼ਿਕਰ ਹੋ ਗਿਆ। ਇਸ ਦਾ ਜੱਜ ’ਤੇ ਕਿਧਰੇ ਉਲਟਾ ਅਸਰ ਹੀ ਨਾ ਹੋ ਜਾਵੇ।

ਇਸ ਬੇਹੂਦਗੀ ਨਾਲ ਅਦਾਲਤ ਦਾ ਕੀਮਤੀ ਸਮਾਂ ਬਰਬਾਦ ਹੋਇਆ ਸੀ। ਨਾਲੇ ਤੌਹੀਨ ਹੋਈ ਸੀ।

ਦੋਹਾਂ ਧਿਰਾਂ ਦੇ ਵਕੀਲਾਂ ਨੇ ਆਪਣੇ-ਆਪਣੇ ਜੁਰਮ ਦਾ ਇਕਬਾਲ ਕੀਤਾ। ਮਾਸੂਮ ਜਿਹੇ ਬਣ ਕੇ ਇਸ ਅਣਸੁਖਾਵੀਂ ਘਟਨਾ ਲਈ ਮੁਆਫ਼ੀ ਮੰਗੀ।

ਜੱਜ ਮੁਆਫ਼ੀ ਦੇਣ ਲਈ ਤਿਆਰ ਸੀ ਪਰ ਇਕ ਸ਼ਰਤ ’ਤੇ, ਵਕੀਲ ਹਾਜ਼ਰ ਆਏ ਗਵਾਹਾਂ ਨੂੰ ਭੁਗਤਾ ਕੇ ਜਾਣ ਭਾਵੇਂ ਰਾਤ ਦੇ ਬਾਰਾਂ ਵਜ ਜਾਣ।

ਦੋਹਾਂ ਧਿਰਾਂ ਨੇ ਸਿਰ ਝੁਕਾ ਕੇ ਸਜ਼ਾ ਪ੍ਰਵਾਨ ਕੀਤੀ।

ਬੜੇ ਹੀ ਸੁਖਾਵੇਂ ਮਾਹੌਲ ਵਿਚ ਗਵਾਹੀਆਂ ਮੁੜ ਸ਼ੁਰੂ ਹੋਈਆਂ।



# 16

ਪਹਿਲਾ ਨੰਬਰ ਮੋਦਨ ਦਾ ਸੀ।

ਪੁਲਿਸ ਬਿਆਨ ਅਨੁਸਾਰ ਉਹ ਇਕ ਸਾਲ ਤੋਂ ਬੰਟੀ ਦੇ ਸਕੂਲ ਅੱਗੇ ਰੇੜ੍ਹੀ ਲਗਾਉਂਦਾ ਸੀ। ਗੱਚਕ ਰਿਓੜੀਆਂ ਵੇਚਦਾ ਸੀ। ਲਾਲਾ ਜੀ ਅਤੇ ਉਸ ਦੇ ਪੋਤੇ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਲਾਲਾ ਜੀ ਹਰ ਰੋਜ਼ ਬੰਟੀ ਨੂੰ ਸਕੂਲ ਛੱਡ ਕੇ ਜਾਂਦੇ ਅਤੇ ਫੇਰ ਲੈ ਕੇ ਆਉਂਦੇ ਸਨ। ਉਹ ਪਾਲੇ ਅਤੇ ਮੀਤੇ ਨੂੰ ਵੀ ਜਾਣਦਾ ਸੀ। ਅਗਵਾ ਵਾਲੇ ਦਿਨ ਉਹ ਸ਼ੱਕੀ ਹਾਲਤ ਵਿਚ ਸਕੂਲ ਅੱਗੇ ਘੁੰਮਦੇ ਰਹੇ ਸਨ। ਉਹਨਾਂ ਨੇ ਮੋਦਨ ਤੋਂ ਮੂੰਗਫਲੀ ਖ਼ਰੀਦੀ ਸੀ। ਰੇੜ੍ਹੀ ਕੋਲ ਖੜ੍ਹੋ ਕੇ ਇਧਰ-ਉਧਰ ਤੱਕਿਆ ਸੀ। ਅੱਧੀ ਛੁੱਟੀ ਸਮੇਂ ਫੇਰ ਆਏ ਸਨ। ਉਹਨਾਂ ਨਾਲ ਬੰਟੀ ਵੀ ਸੀ। ਇਕ ਨੇ ਬੰਟੀ ਦਾ ਬੈਗ ਚੁੱਕਿਆ ਹੋਇਆ ਸੀ ਅਤੇ ਦੂਜੇ ਨੇ ਰੋਟੀ ਵਾਲਾ ਡੱਬਾ। ਉਹਨਾਂ ਨੇ ਬੰਟੀ ਨੂੰ ਟਾਫ਼ੀਆਂ ਅਤੇ ਬਿਸਕੁਟ ਖ਼ਰੀਦ ਕੇ ਦਿੱਤੇ ਸਨ। “ਬੰਟੀ ਨੂੰ ਕਿਧਰ ਲਈ ਫਿਰਦੇ ਹੋ ?” ਮੋਦਨ ਨੇ ਉਹਨਾਂ ਨੂੰ ਪੁੱਛਿਆ ਸੀ, ਤਸੱਲੀ-ਬਖ਼ਸ਼ ਜਵਾਬ ਦਿੱਤੇ ਬਿਨਾਂ ਹੀ ਉਹ ਇਕ ਰਿਕਸ਼ੇ ਵਿਚ ਬੈਠ ਕੇ ਉਥੋਂ ਚਲੇ ਗਏ ਸਨ।

ਕੱਲ੍ਹ ਦਾ ਮੋਦਨ ਨੂੰ ਇਹੋ ਬਿਆਨ ਰਟਾਇਆ ਜਾ ਰਿਹਾ ਸੀ। ਭੰਡਾਰੀ ਨੂੰ ਪਤਾ ਸੀ, ਉਸ ਨੂੰ ਬਿਆਨ ਸਮਝ ਕੇ ਉਹ ਆਪਣਾ ਸਮਾਂ ਬਰਬਾਦ ਕਰ ਰਿਹਾ ਸੀ। ਗਵਾਹੀ ਦੇਣਾ ਮੋਦਨ ਲਈ ਕੋਈ ਨਵੀਂ ਗੱਲ ਨਹੀਂ ਸੀ। ਇਹ ਉਸ ਦਾ ਕਾਰੋਬਾਰ ਸੀ। ਉਸ ਨੂੰ ਚੰਗੀ ਤਰ੍ਹਾਂ ਪਤਾ ਸੀ, ਉਸ ਨੇ ਕੀ ਕਹਿਣਾ ਹੈ ? ਅਤੇ ਕੀ ਨਹੀਂ ਕਹਿਣਾ।

ਗਵਾਹੀਆਂ ਵਾਲਾ ਧੰਦਾ ਸ਼ੁਰੂ ਕਰਨ ਤੋਂ ਪਹਿਲਾਂ ਉਹ ਮੁਖ਼ਬਰੀ ਕਰਿਆ ਕਰਦਾ ਸੀ।

ਮੁਖ਼ਬਰੀ ਦਾ ਧੰਦਾ ਸ਼ੁਰੂ ਕਰਨ ਤੋਂ ਪਹਿਲਾਂ ਉਹ ਇਕ ਸਾਧਾਰਨ ਕਿਸਾਨ ਸੀ।

ਭਲੇ ਦਿਨਾਂ ਵਿਚ ਉਸ ਦਾ ਬਾਪ ਇਕ ਕਤਲ ਕਰ ਬੈਠਾ ਸੀ। ਕੇਸ ਦੀ ਪੈਰਵਾਈ ਲਈ ਮੋਦਨ ਨੂੰ ਥਾਣੇ ਆਉਣਾ-ਜਾਣਾ ਪੈਂਦਾ ਸੀ। ਜਿਹੜੇ ਚਾਰ ਛਿੱਲੜ ਪੱਲੇ ਸਨ, ਉਹ ਵਕੀਲਾਂ, ਮੁਨਸ਼ੀਆਂ ਨੇ ਹੜੱਪ ਲਏ। ਪੁਲਿਸ ਦੀ ਰਿਆਇਤ ਦਾ ਮੁੱਲ ਚੁਕਾਉਣ ਲਈ ਉਸ ਕੋਲ ਫੁੱਟੀ ਕੌਡੀ ਵੀ ਨਹੀਂ ਸੀ।

ਥਾਣੇਦਾਰਾਂ ਨੂੰ ਖ਼ੁਸ਼ ਕਰਨ ਦਾ ਉਸ ਕੋਲ ਇਹੋ ਰਾਹ ਸੀ।

ਉਹ ਪੁਲਿਸ ਨੂੰ ਮੁਖ਼ਬਰੀ ਦੇਣ ਲੱਗਾ।

ਥਾਣੇਦਾਰ ਉਸ ਨੂੰ ਭਾਜੀ ਮੋੜਨ ਲੱਗੇ। ਉਸ ਵੱਲੋਂ ਫੜਾਏ ਦੋਸ਼ੀ ਤੋਂ ਮਿਲਣ ਵਾਲੀ ਫ਼ੀਸ ਵਿਚੋਂ ਹਿੱਸਾ ਦੇਣ ਲੱਗੇ। ਫ਼ੀਸ ਨਾਲ ਮੋਦਨ ਦੇ ਦਿਨ ਚੰਗੇ ਲੰਘਣ ਲੱਗੇ।

ਫੇਰ ਕਾਨੂੰਨ ਬਦਲਿਆ। ਅਦਾਲਤਾਂ ਪੁਲਿਸ ’ਤੇ ਜ਼ੋਰ ਪਾਉਣ ਲੱਗੀਆਂ। ਰੇਡ ਸਮੇਂ ਪੁਲਿਸ ਪਾਰਟੀ ਵਿਚ ਕਿਸੇ ਮੋਹਤਬਰ ਨੂੰ ਸ਼ਾਮਲ ਕਰਿਆ ਕਰੋ।

ਪੁਲਿਸ ਨੇ ਉਸ ਨੂੰ ਮੋਹਤਬਰ ਬਣਾ ਲਿਆ।

ਮੋਦਨ ਪਹਿਲਾਂ ਹੀ ਧੰਦਾ ਬਦਲਣ ਲਈ ਕਾਹਲਾ ਸੀ। ਮੁਖ਼ਬਰ ਦੇ ਤੌਰ 'ਤੇ ਉਹ ਸਾਰੇ ਇਲਾਕੇ ਵਿਚ ਬਦਨਾਮ ਹੋ ਚੁੱਕਾ ਸੀ। ਕੋਈ ਜਿਵੇਂ ਮਰਜ਼ੀ ਫੜਿਆ ਜਾਂਦਾ, ਸ਼ੱਕ ਮੋਦਨ 'ਤੇ ਹੀ ਹੁੰਦਾ।

ਉਪਰ-ਥੱਲੀ ਉਸ ਨੂੰ ਦੋ ਵਾਰ ਮਾਰ ਪੈ ਚੁੱਕੀ ਸੀ।

ਇਕ ਵਾਰ ਉਸ ਨੇ ਲੰਬੜਾਂ ਦੀ ਭੱਠੀ ਫੜਾਈ ਸੀ। ਸੋਚਿਆ ਸੀ, ਆਸਾਮੀ ਚੰਗੀ ਹੈ। ਨਾਲੇ ਪੁਲਿਸ ਨੂੰ ਗੱਫੇ ਮਿਲਣਗੇ ਨਾਲੇ ਮੋਦਨ ਨੂੰ। ਉਹਨਾਂ ਭੜੂਆਂ ਨੇ ਆਪਣੇ ਕੁੜਮ ਦੀ ਸਿਫ਼ਾਰਸ਼ ਲੈ ਆਂਦੀ। ਕੁੜਮ ਡਿਪਟੀ ਸੀ, ਪਰਚਾ ਕੱਟਿਆ ਜਾ ਚੁੱਕਾ ਸੀ। ਡਿਪਟੀ ਕੇਸ ਤਾਂ ਖ਼ੁਰਦ-ਬੁਰਦ ਨਾ ਕਰਵਾ ਸਕਿਆ ਪਰ ਮੁਖ਼ਬਰ ਦਾ ਨਾਂ ਜ਼ਰੂਰ ਪੁੱਛ ਗਿਆ। ਲੰਬੜ ਡਾਂਗਾਂ ਲੈ ਕੇ ਆ ਗਏ। ਮੋਦਨ ਨੇ ਭਰੀ ਪੰਚਾਇਤ ਵਿਚ ਆਪਣੀ ਗ਼ਲਤੀ ਮੰਨੀ, ਨੱਕ ਨਾਲ ਲਕੀਰਾਂ ਕੱਢੀਆਂ ਅਤੇ ਲੰਬੜਾਂ ਨੂੰ ਬਰੀ ਕਰਾਉਣ ਤਕ ਦੇ ਸਾਰੇ ਖ਼ਰਚੇ ਦੀ ਜ਼ਿੰਮੇਵਾਰੀ ਲਈ, ਤਾਂ ਕਿਤੇ ਜਾ ਕੇ ਖਹਿੜਾ ਛੁੱਟਿਆ।

ਦੂਜੀ ਵਾਰੀ ਚੌਧਰੀ ਦੇ ਘਰੋਂ ਨਜਾਇਜ਼ ਬੰਦੂਕਾਂ ਫੜੀਆਂ ਗਈਆਂ। ਉਹਨਾਂ ਨੂੰ ਵੀ ਮੋਦਨ 'ਤੇ ਸ਼ੱਕ ਹੋ ਗਿਆ। ਬਿਨਾਂ ਪੁੱਛੇ-ਦੱਸੇ ਉਹ ਰਾਤ ਨੂੰ ਮੋਦਨ ਦੇ ਡਾਂਗਾਂ ਜੜ ਗਏ। ਪੂਰਾ ਇਕ ਮਹੀਨਾ ਉਹ ਹਸਪਤਾਲ ਵਿਚ ਸਹਿਕਦਾ ਰਿਹਾ। "ਕੀ ਲੈਣੈ ਆਪਾਂ ਇਸ ਕੁੱਤੇ ਕੰਮ ਤੋਂ ? ਮਲਾਈ-ਮਲਾਈ ਪੁਲਿਸ ਖਾ ਜਾਂਦੀ ਹੈ, ਲੱਸੀ ਸਾਡੇ ਲਈ ਰਹਿ ਜਾਂਦੀ ਹੈ।" ਘਰ ਵਾਲੀ ਦੇ ਮਸ਼ਵਰੇ 'ਤੇ ਮੋਦਨ ਨੇ ਸਹੁੰ ਖਾਧੀ। ਹਸਪਤਾਲੋਂ ਛੁੱਟੀ ਹੋਣ 'ਤੇ ਮੁੜ ਉਹ ਮੁਖ਼ਬਰੀ ਵਾਲੇ ਰਾਹ ਨਹੀਂ ਪਏਗਾ।

ਪਰ ਜਦੋਂ ਰੋਟੀ ਪੱਕਣੀ ਬੰਦ ਹੁੰਦੀ ਦਿੱਸੀ ਤਾਂ ਘਰ ਵਾਲੀ ਨੇ ਖ਼ੁਦ ਉਸ ਨੂੰ ਥਾਣੇ ਭੇਜ ਦਿੱਤਾ।

ਗਵਾਹ ਬਣ ਕੇ ਉਹ ਖ਼ੁਸ਼ ਸੀ। ਜਿਸ ਮੁਜਰਮ 'ਤੇ ਉਸ ਦੀ ਗਵਾਹੀ ਪੈਂਦੀ, ਉਸ ਦੀ ਅੱਖ ਨਿਵਣ ਲੱਗਦੀ। ਗਲ ਪੈਣ ਦੀ ਥਾਂ ਉਹ ਮੋਦਨ ਦੀ ਜੁੱਤੀ ਹੇਠ ਰਹਿੰਦਾ। ਨਾਲੇ ਮੋਦਨ ਦੀ ਸੇਵਾ ਕਰਦਾ ਨਾਲੇ ਮਿੰਨਤ।

ਇਸ ਧੰਦੇ ਵਿਚ ਕਮਾਈ ਵੀ ਵੱਧ ਸੀ। ਹਫ਼ਤੇ ਦਸ ਦਿਨਾਂ ਬਾਅਦ ਕੋਈ ਨਾ ਕੋਈ ਗਵਾਹੀ ਆਈ ਹੀ ਰਹਿੰਦੀ। ਬਰੀ ਹੋਣ ਲਈ ਮੁਲਜ਼ਮ ਨੂੰ ਉਸ ਦੀ ਜੇਬ ਭਰਨੀ ਪੈਂਦੀ।

ਇਸ ਧੰਦੇ ਵਿਚ ਉਸ ਨੂੰ ਇਕੋ ਵਾਰ ਡਾਂਗਾਂ ਪਈਆਂ ਸਨ। ਬਲਾਤਕਾਰ ਦੇ ਇਕ ਕੇਸ ਵਿਚ ਉਹ ਮੁਜਰਮ ਦੇ ਹੱਕ ਵਿਚ ਬੈਠ ਗਿਆ ਸੀ। ਕੁੜੀ ਵਾਲਿਆਂ ਨੇ ਮੂੰਹ ਕਾਲਾ ਕਰ ਕੇ ਉਸ ਦਾ ਸਾਰੇ ਸ਼ਹਿਰ ਵਿਚ ਜਲੂਸ ਕੱਢਿਆ। ਪੁਲਿਸ ਨੇ ਛਿੱਤਰ ਫੇਰਿਆ।

ਉਸ ਮਾਰ ਤੋਂ ਉਸ ਨੇ ਸਬਕ ਸਿੱਖਿਆ। ਅੱਗੇ ਤੋਂ ਉਹ ਅਜਿਹੇ ਕੇਸ ਵਿਚ ਗਵਾਹੀ ਨਹੀਂ ਦੇਵੇਗਾ ਜਿਥੇ ਦੋ ਧਿਰਾਂ ਦੇ ਸਿੰਗ ਅੜੇ ਹੋਣ। ਉਹ ਛੋਟੇ-ਮੋਟੇ ਕੇਸਾਂ ਵਿਚ ਗਵਾਹੀ ਪਾਉਣ ਲੱਗਾ। ਉਹ ਵੀ ਅਜਿਹੇ, ਜਿਧਰ ਇਕ ਪਾਸੇ ਸਰਕਾਰ ਹੋਵੇ ਅਤੇ ਦੂਜੇ ਪਾਸੇ ਦੋਸ਼ੀ।

ਬੰਟੀ ਕਤਲ ਵਿਚ ਗਵਾਹੀ ਉਸ ਤੋਂ ਬਿਨਾਂ ਪੁੱਛੇ ਰੱਖੀ ਗਈ ਸੀ।

ਇਹ ਕਤਲ ਕੇਸ ਸੀ। ਕਤਲ ਦੇ ਦੋਸ਼ ਵਿਚ ਦੋਸ਼ੀਆਂ ਨੂੰ ਫ਼ਾਂਸੀ ਵੀ ਹੋ ਸਕਦੀ ਸੀ। ਮੋਦਨ ਝੂਠੀ ਗਵਾਹੀ ਜ਼ਰੂਰ ਦਿੰਦਾ ਸੀ, ਪਰ ਛੋਟੇ-ਮੋਟੇ ਕੇਸਾਂ ਵਿਚ। ਸ਼ਰਾਬ, ਅਫ਼ੀਮ ਜਾਂ ਚੋਰੀ ਵਰਗੇ ਮੁਕੱਦਮਿਆਂ ਵਿਚ ਦੋਸ਼ੀ ਅਕਸਰ ਬਰੀ ਹੁੰਦੇ ਸਨ। ਕਦੇ ਕੈਦ ਹੋਵੇ ਵੀ ਤਾਂ ਸਾਲ ਛੇ ਮਹੀਨੇ। ਇੰਨੀ ਕੁ ਸਜ਼ਾ ਦੇ ਮੋਦਨ ਉਹਨਾਂ ਨੂੰ ਹੱਕਦਾਰ ਸਮਝਦਾ ਸੀ।

ਥੋੜ੍ਹੀ ਬਹੁਤ ਜ਼ਮੀਰ ਹਾਲੇ ਮੋਦਨ ਵਿਚ ਬਾਕੀ ਸੀ। ਉਹ ਝੂਠ ਬੋਲ ਕੇ ਨਿਰਦੋਸ਼ਾਂ ਨੂੰ ਫਾਹੇ ਨਹੀਂ ਲਗਵਾ ਸਕਦਾ।



ਸੰਮਨ ਮਿਲਦਿਆਂ ਹੀ ਮੋਦਨ ਨੇ ਮਨ ਬਣਾ ਲਿਆ ਸੀ। ਉਹ ਝੂਠੀ ਗਵਾਹੀ ਨਹੀਂ ਦੇਵੇਗਾ।

ਉਸ ਨੂੰ ਬੱਸ ਕਿਸੇ ਪੇਸ਼ਕਸ਼ ਦੀ ਉਡੀਕ ਸੀ।

ਪੇਸ਼ਕਸ਼ ਜਦੋਂ ਮੋਹਨ ਜੀ ਵੱਲੋਂ ਆਈ ਤਾਂ ਉਹ ਫੁੱਲ ਕੇ ਕੁੱਪਾ ਹੋ ਗਿਆ। ਮੋਦਨ ਮੋਹਨ ਜੀ ਦਾ ਕਦਰਦਾਨ ਸੀ। ਮੋਦਨ ਨੂੰ ਬਹੁਤੀ ਕਮਾਈ ਉਸੇ ਰਾਹੀਂ ਹੁੰਦੀ ਸੀ। ਜੇ ਮੋਹਨ ਜੀ ਇਹ ਕੇਸ ਮੁਫ਼ਤ ਲੜ ਰਿਹਾ ਸੀ ਤਾਂ ਮੋਦਨ ਵੀ ਕੋਈ ਝਾਕ ਨਹੀਂ ਰੱਖੇਗਾ। ਉਸ ਨੇ ਮੋਹਨ ਜੀ ਨੂੰ ਯਕੀਨ ਦਿਵਾਇਆ ਸੀ।

ਮੋਦਨ ਆਪਣੇ ਬੋਲਾਂ 'ਤੇ ਪੂਰਾ ਉਤਰਿਆ ਸੀ।

ਗਵਾਹੀ ਹੋਣ ਤਕ ਉਸ ਨੇ ਕਿਸੇ ਨੂੰ ਭਿਣਕ ਨਹੀਂ ਸੀ ਪੈਣ ਦਿੱਤੀ ਕਿ ਉਸ ਦੇ ਮਨ ਵਿਚ ਕੀ ਸੀ ?

ਮੋਦਨ ਨੂੰ ਸੱਚ ਬੋਲਣ ਦੀ ਸਹੁੰ ਰਸਮੀ ਤੌਰ 'ਤੇ ਖਵਾਈ ਗਈ ਸੀ।

ਉਹ ਸੱਚਮੁੱਚ ਸੱਚ ਬੋਲਨ ਲੱਗਾ।

ਉਹ ਜੱਟਾਂ ਦਾ ਪੁੱਤ ਸੀ। ਉਹ ਰੇੜ੍ਹੀ ਕਿਉਂ ਲਾਏਗਾ ? ਉਹ ਅਨਪੜ੍ਹ ਸੀ। ਉਸ ਨੂੰ ਕੀ ਪਤਾ, ਕਿੱਲੋ ਦਾ ਵੱਟਾ ਕਿਹੜਾ ਹੁੰਦਾ ਤੇ ਸੌ ਗਰਾਮ ਦਾ ਕਿਹੜਾ।

ਉਹ ਪਾਲੇ ਅਤੇ ਮੀਤੇ ਨੂੰ ਬਹੁਤ ਪਹਿਲਾਂ ਤੋਂ ਜਾਣਦਾ ਸੀ। ਪਹਿਲਾਂ ਉਹਨਾਂ 'ਤੇ ਕਈ ਵਾਰ ਗਵਾਹੀ ਦੇ ਚੁੱਕਾ ਸੀ। ਬੰਟੀ ਦੇ ਅਗਵਾ ਹੋਣ ਵਾਲੇ ਦਿਨ ਨਾ ਉਸ ਨੇ ਕਿਤੇ ਕੋਈ ਰੇੜ੍ਹੀ ਲਾਈ ਸੀ, ਨਾ ਪਾਲੇ ਅਤੇ ਮੀਤੇ ਨੂੰ ਕਿਸੇ ਸਕੂਲ ਅੱਗੇ ਦੇਖਿਆ ਸੀ। ਨਾ ਮੋਦਨ ਤੋਂ ਪੁਲਿਸ ਨੇ ਕੋਈ ਪੁੱਛ-ਗਿੱਛ ਕੀਤੀ ਸੀ, ਨਾ ਉਸ ਦਾ ਕੋਈ ਬਿਆਨ ਲਿਖਿਆ ਸੀ। ਉਸ ਦਾ ਬਿਆਨ ਇਕ ਮਨ-ਘੜਤ ਕਹਾਣੀ ਸੀ, ਜਿਹੜੀ ਪੁਲਿਸ ਨੇ ਆਪ ਘੜੀ ਸੀ।

ਮੋਦਨ ਨੂੰ ਕਿਹੜਾ ਸੱਪ ਸੁੰਘ ਗਿਆ ? ਇਸ ਦੀ ਨਾ ਭੰਡਾਰੀ ਨੂੰ ਸਮਝ ਆਈ, ਨਾ ਬਚਨ ਸਿੰਘ ਨੂੰ।

"ਇਹ ਭਾੜੇ ਦਾ ਟੱਟੂ ਸੀ। ਇਸ ਦੀ ਸੇਵਾ-ਸੂਵਾ ਨਹੀਂ ਸੀ ਕੀਤੀ ?" ਹੈਰਾਨ ਹੋਏ ਸਰਕਾਰੀ ਵਕੀਲ ਨੇ ਭੰਡਾਰੀ ਤੋਂ ਪੁੱਛਿਆ।

ਭੰਡਾਰੀ ਨੇ ਨਾਂਹ ਵਿਚ ਸਿਰ ਹਿਲਾਇਆ ਤਾਂ ਬਚਨ ਸਿੰਘ ਨੇ ਮੱਥੇ 'ਤੇ ਹੱਥ ਮਾਰਿਆ।

"ਫੇਰ ਇਸ ਦਾ ਸਿਰ ਭਵਿਆਂ ਸੀ ਕਿ ਇਹ ਝੂਠੀ ਗਵਾਹੀ ਦੇ ਕੇ ਨਰਕਾਂ ਦਾ ਭਾਗੀ ਬਣਦਾ।"

ਇਹ ਪੇਸ਼ੇਵਾਰ ਗਵਾਹ ਸੀ। ਅਜਿਹੇ ਗਵਾਹ ਦਾ ਕੋਈ ਭਰੋਸਾ ਨਹੀਂ ਹੁੰਦਾ। ਜੀਅ ਕਰੇ ਗਵਾਹੀ ਦੇ ਜਾਵੇ, ਨਾ ਜੀਅ ਕਰੇ ਨਾ ਦੇਵੇ। ਬਚਨ ਸਿੰਘ ਨੂੰ ਮੋਦਨ ਬਾਰੇ ਇਲਮ ਤਾਂ ਸੀ ਪਰ ਉਹ ਮੁੱਕਰ ਜਾਏਗਾ, ਇਸ ਦੀ ਸੰਭਾਵਨਾ ਨਹੀਂ ਸੀ। ਇਕ ਪਾਸੇ ਭੰਡਾਰੀ ਵਕੀਲ ਸੀ, ਜਿਹੜਾ ਅਜਿਹੇ ਗਵਾਹਾਂ ਦੀਆਂ ਆਦਤਾਂ ਤੋਂ ਚੰਗੀ ਤਰ੍ਹਾਂ ਵਾਕਫ਼ ਸੀ। ਦੂਜੇ ਪਾਸੇ ਪਾਲੇ ਵਰਗੇ ਮਲੰਗ ਦੋਸ਼ੀ ਸਨ, ਜਿਹੜੇ ਗਵਾਹ ਨੂੰ ਚਾਹ ਦਾ ਕੱਪ ਤਕ ਨਹੀਂ ਪਿਲਾ ਸਕਦੇ, ਖ਼ਰੀਦਣਾ ਤਾਂ ਦੂਰ ਰਿਹਾ। ਇਹੋ ਕੁਝ ਸੋਚ ਕੇ ਬਚਨ ਸਿੰਘ ਅਵੇਸਲਾ ਰਿਹਾ ਸੀ।

ਇਸ ਅਵੇਸਲੇਪਣ ਦਾ ਨਤੀਜਾ ਸਾਹਮਣੇ ਸੀ।

ਅਗਲਾ ਗਵਾਹ ਵੀ ਮੋਦਨ ਭਾਈਚਾਰੇ ਵਿਚੋਂ ਸੀ। ਉਹ ਸੀ ਬਾਬੂ ਬਦਮਾਸ਼।

ਤਫ਼ਤੀਸ਼ ਦੌਰਾਨ ਲਿਖੇ ਬਿਆਨ ਅਨੁਸਾਰ ਉਹ ਵਾਣ-ਵੱਟਣਾ ਸੀ। ਉਹ ਰਿਕਸ਼ਾ-ਚਾਲਕ ਸੀ। ਅਗਵਾ ਵਾਲੇ ਦਿਨ ਉਸ ਨੂੰ ਕੋਈ ਸਵਾਰੀ ਨਹੀਂ ਸੀ ਮਿਲੀ। ਇਧਰੋਂ ਉਧਰ ਤੇ ਉਧਰੋਂ ਇਧਰ

ਗੇੜੇ ਮਾਰ-ਮਾਰ ਉਹ ਹੰਭ ਚੁੱਕਾ ਸੀ। ਕੁਝ ਦੇਰ ਸੁਸਤਾਉਣ ਲਈ ਉਹ ਮੋਦਨ ਦੀ ਰੇੜ੍ਹੀ ਕੋਲ ਖੜੋਇਆ ਸੀ। ਇੰਨੇ ਨੂੰ ਉਥੇ ਪਾਲਾ ਅਤੇ ਮੀਤਾ ਪੁੱਜ ਗਏ। ਉਹਨਾਂ ਨਾਲ ਬੰਟੀ ਵੀ ਸੀ। ਉਹ ਤਿੰਨਾਂ ਨੂੰ ਜਾਣਦਾ ਸੀ। ਪਾਲੇ ਦੇ ਆਖਣ 'ਤੇ ਉਹ ਉਹਨਾਂ ਨੂੰ ਗਾਂਧੀ ਬਸਤੀ ਛੱਡ ਆਇਆ ਸੀ। ਉਸ ਨੂੰ ਮਜ਼ਦੂਰੀ ਦੇ ਦੋ ਦੀ ਥਾਂ ਚਾਰ ਰੁਪਏ ਮਿਲੇ ਸਨ। ਅਗਲੇ ਦਿਨ ਆਪਣੀ ਇਕ ਰਿਸ਼ਤੇਦਾਰੀ ਵਿਚ ਉਹ ਰਾਜਸਥਾਨ ਚਲਾ ਗਿਆ। ਦੋ ਮਹੀਨੇ ਬਾਅਦ ਵਾਪਸ ਆਇਆ ਤਾਂ ਪਤਾ ਲੱਗਾ, ਬੰਟੀ ਦਾ ਕਤਲ ਹੋ ਗਿਆ।

ਬਾਬੂ ਬੰਦਾ ਵੀ ਖ਼ਤਰਨਾਕ ਸੀ ਅਤੇ ਗਵਾਹੀ ਵੀ ਖ਼ਤਰਨਾਕ ਕਿਸਮ ਦੀ ਦਿੰਦਾ ਸੀ। ਮੋਦਨ ਵਾਂਗ ਉਹ ਛੋਟੇ-ਮੋਟੇ ਕੇਸਾਂ ਵਿਚ ਗਵਾਹੀ ਨਹੀਂ ਸੀ ਪਾਉਂਦਾ। ਉਹ ਅਜਿਹੇ ਕੇਸਾਂ ਵਿਚ ਹੀ ਗਵਾਹ ਬਣਦਾ ਸੀ, ਜਿਨ੍ਹਾਂ ਦੀ ਸਮਾਇਤ ਸੈਸ਼ਨ ਜੱਜ ਨੇ ਕਰਨੀ ਹੁੰਦੀ ਸੀ।

ਬਚਨ ਸਿੰਘ ਨੂੰ ਬਾਬੂ 'ਤੇ ਭਰੋਸਾ ਸੀ। ਨਾ ਉਹ ਡਰਨ ਵਾਲਾ ਸੀ, ਨਾ ਵਿਕਣ ਵਾਲਾ।

ਉਸ ਦੇ ਇਸੇ ਗੁਣ ਕਾਰਨ ਪੁਲਿਸ ਉਸ ਨੂੰ ਬਹੁਤ ਅਹਿਮ ਕੇਸਾਂ ਵਿਚ ਵਰਤਦੀ ਸੀ। ਉਸ ਨੂੰ ਮਰੇ ਕੇਸਾਂ ਵਿਚ ਜਾਨ ਪਾਉਣ ਲਈ ਬੁਲਾਇਆ ਜਾਂਦਾ ਜਾਂ ਅਜਿਹੇ ਕੇਸਾਂ ਵਿਚ ਜਿਥੇ ਉਸ ਦੀ ਗਵਾਹੀ ਦਾ ਮੁੱਲ ਲੱਖਾਂ ਰੁਪਏ ਪੈਣਾ ਹੁੰਦਾ। ਉਸ ਦੀ ਗਵਾਹੀ ਕਿਸੇ ਅਹਿਮ ਨੁਕਤੇ 'ਤੇ ਰੱਖੀ ਜਾਂਦੀ। ਨੁਕਤਾ ਇਧਰ ਤਾਂ ਦੋਸ਼ੀ ਬਰੀ, ਉਧਰ ਤਾਂ ਸਜ਼ਾ।

ਮੋਦਨ ਵਾਂਗ ਨਾ ਉਹ ਲਾਲਚ ਵਿਚ ਆਉਂਦਾ ਸੀ ਨਾ ਕਿਸੇ ਰਿਸ਼ਤੇਦਾਰ ਜਾਂ ਯਾਰ- ਦੋਸਤ ਦੇ ਦਬਾਅ ਹੇਠ। ਉਹ ਕੇਵਲ ਉਸੇ ਥਾਣੇਦਾਰ ਦਾ ਆਖਾ ਮੰਨਦਾ, ਜਿਸ ਨੇ ਉਸ ਨੂੰ ਗਵਾਹ ਰੱਖਿਆ ਹੁੰਦਾ ਸੀ। ਗਵਾਹੀ ਮੁੱਕਰਨ ਦਾ ਮੁੱਲ ਵੀ ਉਹੋ ਥਾਣੇਦਾਰ ਤੈਅ ਕਰਦਾ ਸੀ।

ਪੈਸੇ ਥਾਣੇਦਾਰ ਫੜਦਾ। ਗਵਾਹੀ ਬਾਬੂ ਮੁੱਕਰਦਾ। ਦੋਸ਼ੀ ਬਰੀ ਵੀ ਹੋ ਜਾਂਦਾ ਤੇ ਥਾਣੇਦਾਰ ਨੂੰ ਆਂਚ ਤਕ ਨਾ ਆਉਂਦੀ। ਗੱਫੇ ਦੋਹਾਂ ਨੂੰ ਮਿਲਦੇ।

ਬੰਟੀ ਕਤਲ ਕੇਸ ਵਿਚ ਨਾ ਕੋਈ ਬਾਬੂ ਦਾ ਮੁੱਲ ਉਤਾਰ ਸਕਦਾ ਸੀ, ਨਾ ਨਾਜ਼ਰ ਸਿੰਘ ਥਾਣੇਦਾਰ ਉਸ ਨੂੰ ਮੁਕਰਨ ਦਾ ਇਸ਼ਾਰਾ ਕਰ ਸਕਦਾ ਸੀ। ਫੇਰ ਉਹ ਗਵਾਹੀ ਦੇਵੇਗਾ ਕਿਉਂ ਨਹੀਂ ?

ਸਰਕਾਰੀ ਵਕੀਲ ਨੇ ਇਹ ਪੁੱਛ ਕੇ ਗਵਾਹੀ ਸ਼ੁਰੂ ਕੀਤੀ ਕਿ ਉਹ ਕਿੰਨੇ ਚਿਰ ਤੋਂ ਰਿਕਸ਼ਾ ਚਲਾਉਂਦਾ ਹੈ। ਰਿਕਸ਼ਾ ਚਲਾਉਣ ਵਾਲੀ ਗੱਲ ਸੁਣਦਿਆਂ ਹੀ ਬਾਬੂ ਤੈਸ਼ ਵਿਚ ਆ ਗਿਆ। ਉਹ ਸਰਕਾਰੀ ਵਕੀਲ ਨੂੰ ਝਈ ਲੈ ਕੇ ਪਿਆ।

"ਚਾਰ ਟਰੱਕਾਂ ਦੇ ਮਾਲਕ ਨੂੰ ਕੀ ਲੋੜ ਹੈ ਰਿਕਸ਼ਾ ਚਲਾਉਣ ਦੀ ?"

ਬਾਬੂ ਦਾ ਉੱਤਰ ਸੁਣਦਿਆਂ ਹੀ ਬਚਨ ਸਿੰਘ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਲੱਗੀ।

ਨਾਜ਼ਰ ਸਿੰਘ ਇਹ ਕੀ ਗ਼ਲਤੀ ਕਰ ਬੈਠਾ ਸੀ ? ਗਵਾਹ ਰੱਖਦੇ ਸਮੇਂ ਉਸ ਦੀ ਅਕਲ 'ਤੇ ਪਰਦਾ ਕਿਉਂ ਪੈ ਗਿਆ ਸੀ ? ਉਸ ਨੇ ਬਿਆਨ ਲਿਖਦੇ ਸਮੇਂ ਗਵਾਹ ਦਾ ਅੱਗਾ-ਪਿੱਛਾ ਕਿਉਂ ਨਹੀਂ ਸੀ ਦੇਖਿਆ।

ਰਿਕਸ਼ਾ ਬਾਬੂ ਨਹੀਂ, ਬਾਬੂ ਦਾ ਬਾਪ ਚਲਾਉਂਦਾ ਸੀ।

ਰਿਕਸ਼ਾ ਚਲਾਉਣ ਲਈ ਉਸ ਨੂੰ ਨਸ਼ਾ-ਪੱਤਾ ਖਾਣਾ ਪੈਂਦਾ ਸੀ। ਨਸ਼ੇ-ਪੱਤੇ ਲਈ ਜਦੋਂ ਪੈਸੇ ਨਾ ਹੁੰਦੇ, ਉਹ ਥਾਣੇ ਚਲਾ ਜਾਂਦਾ। ਉਸ ਦਾ ਭਤੀਜਾ ਥਾਣੇ ਦਾ ਮੁਨਸ਼ੀ ਸੀ। ਨਸ਼ੇ-ਪੱਤੇ ਬਦਲੇ ਭਤੀਜਾ ਉਸ ਨੂੰ ਕਿਸੇ ਨਾ ਕਿਸੇ ਕੇਸ ਵਿਚ ਗਵਾਹ ਰੱਖ ਲੈਂਦਾ। ਦੋਹਾਂ ਦਾ ਲਾਂਘਾ ਲੰਘ ਜਾਂਦਾ।



ਬਾਪੂ ਮਰਿਆ ਤਾਂ ਕਬੀਲਦਾਰੀ ਦਾ ਬੋਝ ਬਾਬੂ ਸਿਰ ਆ ਗਿਆ, ਪਰ ਰਿਕਸ਼ਾ ਉਸ ਤੋਂ ਇਕ ਦਿਨ ਵੀ ਨਾ ਚੱਲਿਆ। ਰਿਕਸ਼ੇ ਦੀ ਥਾਂ ਉਸ ਨੇ ਗਵਾਹੀਆਂ ਵਾਲਾ ਧੰਦਾ ਫੜ ਲਿਆ।

ਉਹ ਜਵਾਨ ਸੀ, ਦਲੇਰ ਸੀ। ਥਾਣੇਦਾਰ ਜਿਥੇ ਅੜਾ ਦਿੰਦੇ, ਉਹ ਸਾਨ੍ਹ ਵਾਂਗ ਅੜ ਜਾਂਦਾ।

ਪੁਲਿਸ ਦਾ ਇਹ ਵਿਸ਼ਵਾਸ ਪਾਤਰ ਦਿਨਾਂ ਵਿਚ ਹੀ ਅਮੀਰ ਬਣ ਗਿਆ। ਇਕ-ਇਕ ਕਰ ਕੇ ਚਾਰ ਗੱਡੀਆਂ ਪਾ ਲਈਆਂ। ਬੰਦੂਕ ਖ਼ਰੀਦ ਲਈ। ਫੇਰ ਆਪਣੀ ਪਾਰਟੀ ਖੜੀ ਕਰ ਲਈ। ਜ਼ਮੀਨਾਂ, ਪਲਾਟਾਂ 'ਤੇ ਕਬਜ਼ੇ ਕਰਾਉਣ ਦੇ ਠੇਕੇ ਲੈਣ ਲੱਗਾ।

ਇਲਾਕੇ ਦੇ ਸਿਰਕੱਢ ਬਦਮਾਸ਼ ਨੂੰ ਰਿਕਸ਼ੇ ਵਾਲਾ ਬਣਾ ਕੇ ਪੇਸ਼ ਕਰਨ 'ਤੇ ਜੱਜ ਨੂੰ ਵੀ ਹਾਸਾ ਆ ਗਿਆ।

ਬਾਬੂ ਦੀ ਇਕ ਘੁਰਕੀ ਨੇ ਭੰਡਾਰੀ ਦੇ ਵੀ ਕੰਨ ਖੜੇ ਕਰ ਦਿੱਤੇ।

'ਇਹ ਵੀ ਗਿਆ' ਆਖਦਿਆਂ ਉਸ ਨੇ ਹਉਕਾ ਲਿਆ।

ਬਾਬੂ ਨੇ ਇਹ ਰੁਖ਼ ਉਂਝ ਹੀ ਨਹੀਂ ਅਪਣਾਇਆ। ਉਸ ਨੂੰ ਸਿੱਧੇ ਰਾਹ ਪਾਉਣ ਲਈ ਮੋਹਨ ਜੀ ਨੇ 'ਜੈਸੇ ਕੋ ਤੈਸੇ' ਦਾ ਰਾਹ ਅਪਣਾਇਆ ਸੀ।

ਇਹ ਜ਼ਿੰਮੇਵਾਰੀ ਕ੍ਰਾਂਤੀਕਾਰੀ ਫ਼ਰੰਟ ਦੇ ਰਾਜਿੰਦਰ ਨੇ ਆਪਣੇ ਸਿਰ ਲਈ ਸੀ। ਉਸ ਨੂੰ ਯਾਦ ਸੀ, ਜਵਾਨੀ ਸਮੇਂ ਬਾਬੂ ਨੇ ਨਾਜ਼ਮ ਸਮ੍ਹਾਂ ਵਾਲੇ 'ਤੇ ਗਵਾਹੀ ਲਿਖਾਈ ਸੀ। ਜਦੋਂ ਉਹ ਗਵਾਹੀ ਦੇਣ ਕਚਹਿਰੀ ਵਿਚ ਗਿਆ ਤਾਂ ਸਮ੍ਹਾਂ ਵਾਲੇ ਨੇ ਉਸ ਨੂੰ ਕੋਰਟ-ਰੂਮ ਵਿਚ ਹੀ ਲਲਕਾਰ ਦਿੱਤਾ ਸੀ :

"ਬਾਬੂ, ਸੱਚ-ਸੱਚ ਬੋਲੀਂ, ਨਹੀਂ ਫੇਰ ਦੇਖ ਲਈਂ। ਮੇਰੇ ਸਾਥੀ ਤੇਰੀ ਜ਼ਬਾਨ ਕੱਟ ਕੇ ਮੇਜ਼ 'ਤੇ ਰੱਖ ਦੇਣਗੇ।"

ਤੇ ਘਬਰਾਏ ਬਾਬੂ ਦੀ ਘਿੱਗੀ ਬੱਝ ਗਈ ਸੀ।

ਉਸੇ ਸਮ੍ਹਾਂ ਵਾਲੇ ਨੂੰ ਇਕ ਵਾਰ ਫੇਰ ਬਾਬੂ ਦੇ ਮੱਥੇ ਲਾਇਆ ਗਿਆ ਸੀ ਤੇ ਇਕ ਵਾਰ ਫੇਰ ਉਸ ਦਾ ਚਾਦਰਾ ਗਿੱਲਾ ਹੋਇਆ ਸੀ।

'ਵਕੀਲਾਂ ਦੇ ਕੰਨ ਕੁਤਰਨ ਵਾਲੇ ਬਾਬੂ ਨੂੰ ਕੀ ਹੋ ਗਿਆ ?' ਭੰਡਾਰੀ ਕਿਆਸ ਅਰਾਈਆਂ ਕਰਦਾ ਹੀ ਰਹਿ ਗਿਆ ਤੇ ਉਧਰ ਬਾਬੂ ਸਾਰਾ ਬਿਆਨ ਮੁੱਕਰ ਗਿਆ।

ਭੰਡਾਰੀ ਉੱਕਾ ਹੀ ਦਿਲ ਛੱਡ ਗਿਆ। ਉਸ ਨੇ ਹਜ਼ਾਰਾਂ ਕੇਸ ਲੜੇ ਸਨ। ਉਸ ਨਾਲ ਇੰਨੀ ਭੈੜੀ ਕਦੇ ਨਹੀਂ ਸੀ ਹੋਈ। ਪੁਲਿਸ ਨੇ ਕੇਸ ਬਣਾਇਆ ਜਾਂ ਜ਼ਾਬਤਾ ਪੂਰਾ ਕੀਤਾ ਸੀ ? ਮੁਦੱਈ ਧਿਰ ਦੇ ਵਕੀਲ ਤਰਲੋਮੱਛੀ ਹੋ ਰਹੇ ਸਨ। ਸਫ਼ਾਈ ਧਿਰ ਦੇ ਵਕੀਲ ਆਰਾਮ ਨਾਲ ਕੁਰਸੀਆਂ 'ਤੇ ਬੈਠੇ ਸਨ। ਹੋਣਾ ਉਲਟ ਚਾਹੀਦਾ ਸੀ।

ਬਚਨ ਸਿੰਘ ਵੀ ਕਸੂਤੀ ਸਥਿਤੀ ਵਿਚ ਫਸ ਗਿਆ। ਅੱਧੇ ਘੰਟੇ ਵਿਚ ਦੋ ਗਵਾਹ ਭੁਗਤ ਗਏ। ਬਾਕੀਆਂ ਦਾ ਵੀ ਇਹੋ ਅੰਜ਼ਾਮ ਹੋਣਾ ਸੀ। ਅਦਾਲਤ ਦੇ ਉੱਠਣ ਵਿਚ ਹਾਲੇ ਡੇਢ ਘੰਟਾ ਬਾਕੀ ਸੀ। ਵੈਸੇ ਵੀ ਉਹ ਸਾਰੇ ਗਵਾਹ ਭੁਗਤਾਉਣ ਦਾ ਵਚਨ ਦੇ ਚੁੱਕਾ ਸੀ। ਸਮਾਂ ਸਮਾਪਤ ਹੋਣ ਦਾ ਬਹਾਨਾ ਨਹੀਂ ਸੀ ਘੜਿਆ ਜਾ ਸਕਦਾ। ਗਵਾਹਾਂ ਨੂੰ ਬਾਹਰੋ-ਬਾਹਰੀ ਭਜਾਉਣਾ ਵੀ ਮੁਸ਼ਕਲ ਸੀ। ਉਹ ਪਹਿਲਾਂ ਹੀ ਕਾਬੂ ਕਰ ਲਏ ਗਏ ਸਨ।

ਗਵਾਹਾਂ ਦੇ ਬੀਮਾਰ ਹੋਣ ਦਾ ਬਹਾਨਾ ਵੀ ਨਹੀਂ ਸੀ ਚੱਲ ਸਕਦਾ। ਹੁਣੇ ਉਹ ਰਿਸ਼ਟ-ਪੁਸ਼ਟ ਦੀ ਪੁਸ਼ਟੀ ਕਰ ਕੇ ਗਏ ਸਨ।

ਉਹ ਬਾਕੀ ਗਵਾਹਾਂ ਨੂੰ ਟਾਲੇ ਤਾਂ ਕਿਸ ਤਰ੍ਹਾਂ ? ਬਚਨ ਸਿੰਘ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ।

ਪਾਲਾ ਅਤੇ ਮੀਤਾ ਚੋਰ-ਉਚੱਕੇ ਸਨ। ਉਹਨਾਂ ਤੋਂ ਤਾਂ ਚੋਰੀ ਦੇ ਕੇਸ ਦੀ ਪੈਰਵਾਈ ਨਹੀਂ ਸੀ ਹੋਇਆ ਕਰਦੀ। ਕਤਲ ਕੇਸ ਖੇਹੰ-ਖੇਹੰ ਕਿਵੇਂ ਕਰ ਗਏ ? ਪਿਆਰੇ ਲਾਲ ਦੇ ਮੂੰਹ ਤੋਂ ਮੱਖੀ ਨਹੀਂ ਸੀ ਉਠਿਆ ਕਰਦੀ, ਉਸ ਅੰਦਰ ਅਕਲ ਦਾ ਫੁਹਾਰਾ ਕਿਵੇਂ ਫੁੱਟ ਪਿਆ ? ਮੋਹਨ ਜੀ ਦਾ ਇਹ ਪਹਿਲਾ ਕਤਲ ਕੇਸ ਸੀ। ਉਹ ਵੀ ਪਾਲਕੀ ਵਾਲੇ ਵਾਂਗ ਹਿੱਕ ਚੌੜੀ ਕਰੀ ਖੜਾ ਸੀ। ਗਹਿਰੀ ਚਾਲ ਚੱਲ ਰਿਹੈ। ਇਹ ਇਨ੍ਹਾਂ ਦੀ ਆਪਣੀ ਅਕਲ ਦਾ ਕਮਾਲ ਨਹੀਂ ਹੋ ਸਕਦਾ। ਜ਼ਰੂਰ ਇਹਨਾਂ ਪਿੱਛੇ ਕੋਈ ਹੋਰ ਤਾਕਤ ਕੰਮ ਕਰ ਰਹੀ ਹੈ। ਉਹ ਕਿਹੜੀ ਬਲਾ ਹੈ ? ਕਿਸੇ ਨੂੰ ਕੋਈ ਥਹੁ-ਪਤਾ ਨਹੀਂ ਸੀ ਲੱਗ ਰਿਹਾ।

ਮੋਹਨ ਜੀ ਆਪਣੀ ਚਲਾਕੀ ਨਾਲ ਚੱਕਰਵਿਊ ਰਚ ਚੁੱਕਾ ਸੀ। ਹੁਣ ਕਿਸੇ ਵੀ ਗਵਾਹ ਨੂੰ ਉਸ ਵਿਚੋਂ ਬਾਹਰ ਕੱਢਣਾ ਮੁਸ਼ਕਲ ਸੀ।

ਸਿਰ ਸੁੱਟ ਕੇ ਉਹ ਅਗਲਾ ਗਵਾਹ ਭੁਗਤਾਉਣ ਲੱਗਾ।

ਸਕੂਲ ਦੇ ਚਪੜਾਸੀ ਮੁਰਲੀ ਨੂੰ ਪੁਲਿਸ ਨੇ ਗਵਾਹ ਰੱਖਿਆ ਸੀ।

ਪੁਲਿਸ ਅਨੁਸਾਰ ਬੰਟੀ ਨੂੰ ਪਾਲੇ ਅਤੇ ਮੀਤੇ ਦੇ ਹਵਾਲੇ ਉਸੇ ਨੇ ਕੀਤਾ ਸੀ। ਅੱਧੀ ਛੁੱਟੀ ਸਮੇਂ ਉਹ ਸਕੂਲ ਆਏ ਸਨ। ਪਾਲੇ ਨੇ ਦੱਸਿਆ ਸੀ ਕਿ ਲਾਲਾ ਜੀ ਬੀਮਾਰ ਹਨ। ਉਹ ਬੰਟੀ ਨੂੰ ਲੈਣ ਨਹੀਂ ਆ ਸਕੇ। ਬੰਟੀ ਦਾ ਮਾਮਾ ਘਰ ਆਇਆ ਬੈਠਾ ਹੈ। ਉਹਨਾਂ ਨਾਨਕੇ ਜਾਣਾ ਹੈ। ਉਹ ਬੰਟੀ ਨੂੰ ਲੈਣ ਆਏ ਹਨ। ਬੰਟੀ ਨੂੰ ਬੁਲਾ ਦਿੱਤਾ ਜਾਵੇ। ਮੁਰਲੀ ਉਹਨਾਂ ਦੀਆਂ ਗੱਲਾਂ ਵਿਚ ਆ ਗਿਆ। ਉਸ ਨੇ ਬੰਟੀ ਨੂੰ ਕਲਾਸ ਵਿਚੋਂ ਬੁਲਾ ਕੇ ਉਹਨਾਂ ਦੇ ਹਵਾਲੇ ਕਰ ਦਿੱਤਾ।

ਇਸ ਗਵਾਹ ਨਾਲ ਕਿਵੇਂ ਨਜਿੱਠਿਆ ਜਾਵੇ ? ਜਦੋਂ ਲੀਗਲ ਸੈੱਲ ਦੇ ਵਕੀਲਾਂ ਵਿਚਕਾਰ ਬਹਿਸ ਹੋਈ ਸੀ ਤਾਂ ਪਿਆਰੇ ਲਾਲ ਨੇ ਮੱਤ ਪ੍ਰਗਟਾਇਆ ਸੀ ਕਿ ਕਾਨੂੰਨੀ ਨਜ਼ਰੀਏ ਤੋਂ ਇਸ ਗਵਾਹ ਦੀ ਕੋਈ ਮਹੱਤਤਾ ਨਹੀਂ। ਬੰਟੀ ਕਰੀਬ ਵੀਹ ਦਿਨ ਗੁੰਮ ਰਿਹਾ ਸੀ। ਬੰਟੀ ਦੀ ਮੌਤ ਦੇ ਪੰਦਰਾਂ ਦਿਨਾਂ ਬਾਅਦ ਤਕ ਵੀ ਪੁਲਿਸ ਦੋਸ਼ੀਆਂ ਦੀ ਸ਼ਨਾਖ਼ਤ ਨਹੀਂ ਕਰ ਸਕੀ। ਇਸ ਸਾਰੇ ਅਰਸੇ ਦੌਰਾਨ ਮੁਰਲੀ ਸਕੂਲ ਵਿਚ ਹਾਜ਼ਰ ਰਿਹਾ ਸੀ। ਦੋਸ਼ੀਆਂ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਵੀ ਪੁਲਿਸ ਨੇ ਇਹਨਾਂ ਤੋਂ ਕਈ ਵਾਰ ਪੁੱਛ-ਗਿੱਛ ਕੀਤੀ ਸੀ। ਜੇ ਇਸੇ ਤਰ੍ਹਾਂ ਵਾਪਰਿਆ ਹੁੰਦਾ ਤਾਂ ਇਸ ਨੇ ਪਹਿਲਾਂ ਬਿਆਨ ਕਿਉਂ ਨਾ ਦਿੱਤਾ ? ਇਹ ਪਿੱਛੋਂ ਘੜੀ ਕਹਾਣੀ ਸੀ। ਅਦਾਲਤ ਮੰਨਣ ਨਹੀਂ ਲੱਗੀ।

ਪਰ ਗੁਰਮੀਤ ਕਿਸੇ ਤਰ੍ਹਾਂ ਦਾ ਵੀ ਜ਼ੋਖ਼ਮ ਉਠਾਉਣ ਨੂੰ ਤਿਆਰ ਨਹੀਂ ਸੀ। ਭਾਵੇਂ ਪਿਆਰੇ ਲਾਲ ਦੀ ਪੁਸ਼ਟੀ ਲਈ ਸੈੱਲ ਕੋਲ ਪੁਲਿਸ ਦੀਆਂ ਆਪਣੀਆਂ ਲਿਖੀਆਂ ਰਿਪੋਰਟਾਂ ਅਤੇ ਜ਼ਿਮਨੀਆਂ ਮੌਜੂਦ ਸਨ ਪਰ ਇਹ ਸਿਆਸੀ ਕੇਸ ਸੀ। ਅਜਿਹੇ ਕੇਸਾਂ ਵਿਚ ਕਈ ਵਾਰ ਮਾਮੂਲੀ ਜਿਹੀ ਗਵਾਹੀ ਵੀ ਫਾਂਸੀ ਦਾ ਕਾਰਨ ਬਣ ਜਾਂਦੀ ਸੀ।

ਸੇਵਾਦਾਰ ਬਾਬਾ ਜੀ ਦਾ ਉਪਾਸ਼ਕ ਸੀ। ਇਸ ਸਕੂਲ ਵਿਚ ਉਸ ਨੂੰ ਬਾਬਾ ਜੀ ਨੇ ਨੌਕਰੀ ਦਿਵਾਈ ਸੀ। ਉਸ ਦੀ ਬੁੱਢੀ ਮਾਂ ਨੂੰ ਬੁਢਾਪਾ ਪੈਨਸ਼ਨ ਲੈ ਕੇ ਦਿੱਤੀ ਸੀ ਅਤੇ ਬਾਪ ਨੂੰ ਟੀ.ਬੀ. ਹਸਪਤਾਲ ਵਿਚ ਦਾਖ਼ਲ ਕਰਾਇਆ ਸੀ। ਸੱਚੀ ਗਵਾਹੀ ਤੋਂ ਰੋਕਣਾ ਮਾੜੀ ਗੱਲ ਸੀ। ਝੂਠ ਬੋਲਣ ਤੋਂ ਤਾਂ ਬਾਬਾ ਜੀ ਉਸ ਨੂੰ ਰੋਕ ਹੀ ਸਕਦੇ ਸਨ।

ਬਾਬਾ ਜੀ ਦੀ ਅਪੀਲ 'ਤੇ ਮੁਰਲੀ ਚੱਕੀ ਦੇ ਪੁੜਾਂ ਵਿਚ ਫਸਿਆ ਮਹਿਸੂਸ ਕਰਨ ਲੱਗਾ। ਇਕ ਪਾਸੇ ਪੁਲਿਸ, ਮੁੱਖ ਅਧਿਆਪਕ ਦੀ ਧਮਕੀ ਅਤੇ ਸੰਘ ਵਾਲਿਆਂ ਦਾ ਡੰਡਾ, ਦੂਜੇ ਪਾਸੇ ਉਸ ਦੀ ਆਪਣੀ ਜ਼ਮੀਰ ਅਤੇ ਬਾਬਾ ਜੀ ਦੀ ਅਪੀਲ।



ਸੋਚ-ਵਿਚਾਰ ਕੇ ਵਿਚਕਾਰਲਾ ਰਸਤਾ ਲੱਭਿਆ ਗਿਆ। ਬਾਕੀ ਬਿਆਨ ਮੁਰਲੀ ਬੇਸ਼ੱਕ ਦੇ ਦੇਵੇ, ਬੱਸ ਪਾਲੇ ਅਤੇ ਮੀਤੇ ਨੂੰ ਪਛਾਣਨ ਤੋਂ ਨਾਂਹ ਕਰ ਦੇਵੇ। ਇਸ ਤਰ੍ਹਾਂ ਸੱਪ ਵੀ ਮਰ ਜਾਣਾ ਸੀ ਅਤੇ ਲਾਠੀ ਵੀ ਬਚੀ ਰਹਿਣੀ ਸੀ।

ਸੇਵਾਦਾਰ ਨੇ ਇਸੇ ਤਰ੍ਹਾਂ ਕੀਤਾ।

"ਜ਼ਰਾ ਉਹਨਾਂ ਬੰਦਿਆਂ ਨੂੰ ਤਾਂ ਪਛਾਣ, ਜਿਨ੍ਹਾਂ ਹਵਾਲੇ ਤੂੰ ਬੰਟੀ ਨੂੰ ਕੀਤਾ ਸੀ।"

ਮੁਰਲੀ ਨੂੰ ਅਦਾਲਤ ਵਿਚ ਹਾਜ਼ਰ ਭੀੜ ਵਿਚੋਂ ਦੋਸ਼ੀਆਂ ਦੀ ਸ਼ਨਾਖ਼ਤ ਕਰਨ ਦਾ ਹੁਕਮ ਹੋਇਆ। ਮੁਰਲੀ ਨੇ ਦਿਮਾਗ਼ 'ਤੇ ਬਥੇਰਾ ਜ਼ੋਰ ਪਾਇਆ ਪਰ ਉਹ ਕਿਸੇ ਵੱਲ ਉਂਗਲ ਨਾ ਕਰ ਸਕਿਆ।

ਸਰਕਾਰੀ ਵਕੀਲ ਦੇ ਹੁਕਮ 'ਤੇ ਦੋਸ਼ੀਆਂ ਨੂੰ ਕਟਹਿਰੇ ਵਿਚ ਖੜਾ ਕੀਤਾ ਗਿਆ। ਫੇਰ ਉਹਨਾਂ ਵੱਲ ਉਂਗਲ ਕਰ ਕੇ ਮੁਰਲੀ ਤੋਂ ਪੁੱਛਿਆ ਗਿਆ :

"ਦੇਖ, ਇਹੋ ਨੇ ਨਾ ਉਹ ਬੰਦੇ ?"

ਮੁਰਲੀ ਨੇ ਕੁਝ ਦੇਰ ਡੂੰਘਾਈ ਨਾਲ ਸੋਚਿਆ। ਫੇਰ ਨਾਂਹ ਵਿਚ ਸਿਰ ਹਿਲਾ ਦਿੱਤਾ। ਇਹ ਉਹ ਬੰਦੇ ਨਹੀਂ।

ਸਰਕਾਰੀ ਵਕੀਲ ਦੇ ਪੁੱਛਣ 'ਤੇ ਉਸ ਨੇ ਸਪੱਸ਼ਟੀਕਰਨ ਦਿੱਤਾ। ਪੁਲਿਸ ਨੇ ਉਸ ਦਾ ਬਿਆਨ ਲਿਖਿਆ ਸੀ। ਬਿਆਨ ਵਿਚ ਉਸ ਨੇ ਪਾਲੇ ਅਤੇ ਮੀਤੇ ਦਾ ਨਾਂ ਵੀ ਦਰਜ ਕਰਾਇਆ ਸੀ। ਪਰ ਇਹ ਨਾਂ-ਪਤੇ ਉਸ ਨੂੰ ਪੁਲਿਸ ਨੇ ਹੀ ਦੱਸੇ ਸਨ।

ਸਫ਼ਾਈ ਧਿਰ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਉਸ ਨੇ ਸਥਿਤੀ ਹੋਰ ਸਪੱਸ਼ਟ ਕੀਤੀ। ਉਹ ਕਿਸੇ ਪਾਲੇ ਅਤੇ ਮੀਤੇ ਨੂੰ ਪਹਿਲਾਂ ਨਹੀਂ ਸੀ ਜਾਣਦਾ। ਗਵਾਹੀ ਲਿਖਦੇ ਸਮੇਂ ਪੁਲਿਸ ਨੇ ਉਸ ਨੂੰ ਦੋ ਬੰਦੇ ਦਿਖਾਏ ਸਨ। ਨਾਲੇ ਆਖਿਆ ਸੀ ਇਹੋ ਪਾਲਾ ਅਤੇ ਮੀਤਾ ਹਨ। ਇਹਨਾਂ ਨੂੰ ਚੰਗੀ ਤਰ੍ਹਾਂ ਦੇਖ ਲੈ। ਅਦਾਲਤ ਵਿਚ ਸ਼ਨਾਖ਼ਤ ਕਰਨੀ ਪਏਗੀ। ਵੈਸੇ ਇਹ ਬੰਦੇ ਉਹ ਨਹੀਂ ਜਿਹੜੇ ਪੁਲਿਸ ਨੇ ਉਸ ਨੂੰ ਦਿਖਾਏ ਸਨ।

ਇਹ ਉਹ ਨਹੀਂ, ਜਿਹੜੇ ਬੰਟੀ ਨੂੰ ਸਕੂਲੋਂ ਲੈ ਗਏ ਸਨ। ਇਹ ਤਾਂ ਕੋਈ ਹੋਰ ਹੀ ਹਨ।

ਖੂਹ 'ਚ ਇੱਟ ਸੁੱਟਣ ਵਾਲੇ ਇਸ ਗਵਾਹ ਨੂੰ ਸਰਕਾਰੀ ਵਕੀਲ ਘੂਰੇ ਜਾਂ ਸ਼ਾਬਾਸ਼ ਦੇਵੇ। ਇਸ ਨੇ ਪੁਲਿਸ ਦਾ ਪੱਖ ਵੀ ਪੂਰਿਆ ਸੀ ਅਤੇ ਸਫ਼ਾਈ ਧਿਰ ਦਾ ਵੀ। ਚਲੋ ਸ਼ਨਾਖ਼ਤ ਨਹੀਂ ਕਰ ਸਕਿਆ ਨਾ ਸਹੀ। ਘੱਟੋ-ਘੱਟ ਇਹ ਤੱਥ ਤਾਂ ਮਿਸਲ 'ਤੇ ਆਇਆ ਕਿ ਦੋ ਬੰਦਿਆਂ ਨੇ ਮੁਰਲੀ ਰਾਹੀਂ ਬੰਟੀ ਨੂੰ ਸਕੂਲੋਂ ਬਾਹਰ ਬੁਲਾਇਆ ਸੀ। ਹਾਲੇ ਬਹੁਤ ਗਵਾਹ ਬਾਕੀ ਸਨ। ਮੁਲਜ਼ਮਾਂ ਦੀ ਸ਼ਨਾਖ਼ਤ ਕਿਸੇ ਹੋਰ ਕੋਲੋਂ ਕਰਵਾ ਲਏਗਾ।

ਹੌਸਲਾ ਫੜਦੇ ਬਚਨ ਸਿੰਘ ਨੇ ਅਗਲਾ ਗਵਾਹ ਤਲਬ ਕੀਤਾ। ਉਹ ਮੀਤੇ ਦੀ ਗੁਆਂਢਣ ਭਾਗੋ ਸੀ।

ਭਾਗੋ ਨੇ ਪੁਲਿਸ ਲਈ ਇਹ ਸਾਬਤ ਕਰਨਾ ਸੀ ਕਿ ਉਹ ਮੀਤੇ ਦੀ ਗੁਆਂਢਣ ਹੈ। ਮੀਤਾ ਵੀ ਇਕੱਲਾ ਰਹਿੰਦਾ ਹੈ ਅਤੇ ਭਾਗੋ ਵੀ। ਅਗਾਂਹ ਪਾਲਾ ਅਤੇ ਮੀਤਾ ਯਾਰ ਹਨ। ਉਹ ਮਿਲ ਕੇ ਚੋਰੀਆਂ ਕਰਦੇ ਹਨ। ਬੱਚੇ ਨੂੰ ਅਗਵਾ ਕਰ ਕੇ ਪਹਿਲਾਂ ਉਹ ਮੀਤੇ ਦੇ ਘਰ ਲਿਆਏ ਸਨ। ਜਦੋਂ ਸਖ਼ਤੀ ਵਧ ਗਈ ਤਾਂ ਉਹ ਭਾਗੋ ਦੇ ਘਰ ਲੈ ਆਏ। ਇਸ ਬਦਲੇ ਉਸ ਨੂੰ ਸੌ ਰੁਪਿਆ ਵੀ ਮਿਲਿਆ ਅਤੇ ਧਮਕੀ ਵੀ। ਜੇ ਗੱਲ ਬਾਹਰ ਨਿਕਲੀ ਤਾਂ ਭਾਗੋ ਦੀ ਖ਼ੈਰ ਨਹੀਂ। ਡਰਦੀ ਭਾਗੋ ਨੇ ਕਿਸੇ ਕੋਲ ਭਾਫ਼ ਤਕ ਨਾ ਕੱਢੀ। ਬੱਚੇ ਲਈ ਦੁੱਧ, ਟਾਫ਼ੀਆਂ, ਬਿਸਕੁਟ ਅਤੇ ਬਰੈੱਡ

ਗ਼ਫ਼ੂਰ ਮੀਆਂ ਦੀ ਦੁਕਾਨ ਤੋਂ ਆਉਂਦੇ ਰਹੇ। ਕਤਲ ਵਾਲੀ ਰਾਤ ਉਹ ਬੱਚੇ ਨੂੰ ਉਥੋਂ ਲੈ ਗਏ। ਆਖਦੇ ਸਨ ਉਸ ਦੇ ਮਾਪਿਆਂ ਕੋਲ ਛੱਡ ਕੇ ਆਉਣਾ ਹੈ। ਉਸ ਨੂੰ ਤਾਂ ਤੀਜੇ ਦਿਨ ਪਤਾ ਲੱਗਾ ਕਿ ਬੱਚਾ ਉਹਨਾਂ ਮਾਰ ਦਿੱਤੈ। ਦੋਵੇਂ ਖ਼ਤਰਨਾਕ ਮੁਜਰਮ ਸਨ। ਕਈ ਵਾਰ ਕੈਦ ਕੱਟ ਚੁੱਕੇ ਹਨ। ਛੁਰਾ ਮਾਰ ਦੇਣਾ ਉਹਨਾਂ ਲਈ ਮਾਮੂਲੀ ਗੱਲ ਸੀ। ਜਿੰਨਾ ਚਿਰ ਉਹ ਪੁਲਿਸ ਦੇ ਹੱਥ ਨਹੀਂ ਆਏ ਭਾਗੋ ਨੇ ਇਹ ਰਾਜ਼ ਆਪਣੇ ਅੰਦਰ ਹੀ ਛੁਪਾਈ ਰੱਖਿਆ। ਫੜੇ ਗਏ ਤਾਂ ਝੱਟ ਪੁਲਿਸ ਕੋਲ ਬਿਆਨ ਦਰਜ ਕਰਵਾ ਦਿੱਤਾ। ਜਿਹੜੀ ਸੱਬਲ ਦੋਸ਼ੀਆਂ ਕੋਲੋਂ ਬਰਾਮਦ ਹੋਈ, ਉਹ ਭਾਗੋ ਦੀ ਹੀ ਸੀ।

ਭਾਗੋ ਦਾ ਪੂਰਾ ਰਿਕਾਰਡ ਮੋਹਨ ਜੀ ਕੋਲ ਮੌਜੂਦ ਸੀ। ਇਹ ਔਰਤ ਭਾਵੇਂ ਗਵਾਹਾਂ ਦੇ ਕਟਹਿਰੇ ਵਿਚ ਪਹਿਲਾਂ ਕਦੇ ਨਹੀਂ ਸੀ ਖੜੋਤੀ ਪਰ ਮੁਲਜ਼ਮਾਂ ਦੇ ਕਟਹਿਰੇ ਵਿਚ ਅਕਸਰ ਖੜੋਂਦੀ ਸੀ। ਆਵਾਰਾਗਰਦੀ ਵਿਚ ਉਸ ਦਾ ਕਈ ਵਾਰ ਚਲਾਨ ਹੋਇਆ ਸੀ। ਕਦੇ ਬਰੀ ਹੋ ਜਾਂਦੀ ਤੇ ਕਦੇ ਨੇਕ-ਚਲਨੀ ਦੀ ਜ਼ਮਾਨਤ ਹੋ ਜਾਂਦੀ। ਇਹਨਾਂ ਸਜ਼ਾਵਾਂ ਦੇ ਆਧਾਰ 'ਤੇ ਉਹ 'ਦਸ ਨੰਬਰੀ' ਵੀ ਗਰਦਾਨੀ ਗਈ ਸੀ।

ਕੇਸ ਭੁਗਤਦੀ-ਭੁਗਤਦੀ ਭਾਗੋ ਨੂੰ ਕਚਹਿਰੀ ਦਾ ਚਸਕਾ ਪੈ ਗਿਆ। ਉਹ ਡਰਾਈਵਰਾਂ, ਕੰਡਕਟਰਾਂ ਤੋਂ ਆਪਣੇ ਸਰੀਰ ਦਾ ਘਾਣ ਕਿਉਂ ਕਰਾਏ। ਕਚਹਿਰੀ ਵਿਚ ਬਥੇਰੇ ਕਦਰਦਾਨ ਸਨ ਉਸ ਦੇ। ਮਿਹਨਤ ਘੱਟ, ਮਜ਼ਦੂਰੀ ਜ਼ਿਆਦਾ।

ਪਹਿਲਾਂ ਉਸ ਨੇ ਆਪਣੇ ਵਕੀਲ ਨਾਲ ਯਾਰੀ ਲਾਈ ਤੇ ਫੇਰ ਮੁਨਸ਼ੀ ਨਾਲ। ਮੁਨਸ਼ੀ ਨੇ ਅਗਾਂਹ ਬਾਬੂਆਂ, ਅਹਿਲਕਾਰਾਂ ਨਾਲ ਵਾਕਫ਼ੀਅਤ ਕਰਵਾ ਦਿੱਤੀ। ਹੌਲੀ-ਹੌਲੀ ਉਸ ਦੀ ਜਾਣ-ਪਹਿਚਾਣ ਪੁਲਿਸ ਨਾਲ ਵੀ ਹੋ ਗਈ। ਫੇਰ ਨਾ ਕਦੇ ਓਹ ਫੜੀ ਗਈ, ਨਾ ਚਲਾਨ ਹੋਇਆ।

ਪਿਛਲੇ ਦੋ ਸਾਲ ਤੋਂ ਉਹ ਘਰ ਬੈਠੀ ਸੀ। ਵੀ.ਡੀ. ਵਰਗੀ ਭਿਆਨਕ ਬੀਮਾਰੀ ਉਸ ਨੂੰ ਆ ਚੰਬੜੀ ਸੀ। ਉਸ ਦੇ ਆਸ਼ਕਾਂ ਦੀ ਗਿਣਤੀ ਘਟਦੀ-ਘਟਦੀ ਸਿਫ਼ਰ 'ਤੇ ਪੁੱਜ ਗਈ ਸੀ। ਮੁਨਸ਼ੀਆਂ ਤੇ ਅਹਿਲਕਾਰਾਂ ਨੇ ਉਸ ਨੂੰ ਧੱਕੇ ਮਾਰਨੇ ਸ਼ੁਰੂ ਕਰ ਦਿੱਤੇ ਸਨ।

ਭੁੱਖੀ ਮਰਦੀ ਭਾਗੋ ਲਈ ਤਾਂ ਇਕ ਰੁਪਿਆ ਵੀ ਲੱਖ ਵਰਗਾ ਸੀ। ਇਸ ਗਵਾਹੀ ਲਈ ਉਸ ਨੂੰ ਤਿੰਨ ਸੌ ਮਿਲਣੇ ਸਨ। ਦੋ ਸੌ ਪਹਿਲਾਂ ਮਿਲ ਚੁੱਕਾ ਸੀ। ਸੌ ਬਾਅਦ ਵਿਚ ਮਿਲਣਾ ਸੀ। ਪੇਟ ਦੀ ਅੱਗ ਬੁਝਾਉਣ ਖ਼ਾਤਰ ਭਾਗੋ ਮੀਤੇ ਵਿਰੁੱਧ ਗਵਾਹੀ ਦੇਣ ਨੂੰ ਫਿਰਦੀ ਸੀ।

ਉਹੋ ਮੀਤਾ, ਜਿਹੜਾ ਉਸ ਨੂੰ ਮਾਂ ਆਖਦਾ ਸੀ, ਉਹੋ ਮੀਤਾ, ਜਿਸ ਨੂੰ ਉਹ ਪੁੱਤ ਆਖਦੀ ਸੀ। ਵੇਲੇ-ਕੁਵੇਲੇ ਮੀਤਾ ਉਸ ਦੇ ਕੰਮ ਆਉਂਦਾ ਰਿਹਾ ਸੀ। ਕਰਫ਼ਿਊ ਸਮੇਂ ਭਾਗੋ ਦੋ ਦਿਨ ਭੁੱਖੀ ਬੈਠੀ ਰਹੀ ਸੀ। ਜੇ ਮੀਤਾ ਰੋਟੀ ਨਾ ਦਿੰਦਾ ਤਾਂ ਉਸ ਦਾ ਕਦੋਂ ਦਾ 'ਰਾਮ ਨਾਮ ਸਤਿ' ਹੋ ਗਿਆ ਹੁੰਦਾ। ਪਰ ਲੋਕ ਆਖਦੇ ਹਨ, ਜਦੋਂ ਸੱਪਣੀ ਭੁੱਖੀ ਹੁੰਦੀ ਹੈ ਤਾਂ ਆਪਣੇ ਹੀ ਆਂਡੇ ਪੀ ਜਾਂਦੀ ਹੈ। ਇਸੇ ਤਰ੍ਹਾਂ ਦੀ ਡੈਣ ਬਣੀ ਬੈਠੀ ਸੀ ਭਾਗੋ।

"ਚਾਰ ਛਿੱਲੜਾਂ ਖ਼ਾਤਰ ਆਪਣੇ ਪੁੱਤ ਨੂੰ ਫਾਹੇ ਲਵਾਏਂਗੀ ? ਚੰਗੀ ਮਾਂ ਹੈਂ ਤੂੰ ?" ਮੀਤੇ ਦਾ ਇਹ ਸਵਾਲ ਲੈ ਕੇ ਜਦੋਂ ਜੀਵਨ ਆੜ੍ਹਤੀਆ ਉਸ ਨੂੰ ਮਿਲਿਆ ਸੀ ਤਾਂ ਉਹ ਫੁੱਟ-ਫੁੱਟ ਕੇ ਰੋਈ ਸੀ।

ਸੌ ਰੁਪਏ ਦਾ ਤਾਂ ਤੀਹ ਕਿੱਲੋ ਆਟਾ ਵੀ ਨਹੀਂ ਆਉਣਾ। ਜੀਵਨ ਆੜ੍ਹਤੀਏ ਨੇ ਉਸ ਦੇ ਘਰ ਕਣਕ ਦੀ ਬੋਰੀ ਵੀ ਸੁਟਵਾਈ ਅਤੇ ਪੰਜ ਸੌ ਰੁਪਿਆ ਵੀ ਦਿੱਤਾ।

ਭੁੱਖੇ ਢਿੱਡ ਭਾਵੇਂ ਭਾਗੋ ਕੁਫ਼ਰ ਤੋਲ ਦਿੰਦੀ। ਰੱਜ-ਪੁੱਜ ਕੇ ਉਹ ਮੀਤੇ ਨਾਲ ਧਰੋਹ ਨਹੀਂ ਸੀ ਕਮਾ ਸਕਦੀ।



ਭਰੀ ਕਚਹਿਰੀ ਵਿਚ ਮੀਤੇ ਦਾ ਸਿਰ ਪਲੋਸ ਕੇ ਉਸ ਨੇ ਆਖਿਆ ਸੀ :

"ਮੇਰਾ ਪੁੱਤ ਹੋਰ ਕੁਝ ਵੀ ਹੋਵੇ ਪਰ ਇਕ ਬੱਚੇ ਦਾ ਕਾਤਲ ਨਹੀਂ ਹੋ ਸਕਦਾ।

ਸਫ਼ਾਈ ਧਿਰ ਨੇ ਇਥੇ ਹੀ ਸਬਰ ਨਹੀਂ ਸੀ ਕੀਤਾ। ਪੁਲਿਸ ਦੇ ਦਾਅਵੇ ਝੁਠਲਾਉਣ ਲਈ ਉਸ ਨੇ ਉਸ ਰਿਪੋਰਟ ਦੀ ਨਕਲ ਪੇਸ਼ ਕੀਤੀ, ਜਿਸ ਵਿਚ ਘਰ-ਘਰ ਦੀ ਤਲਾਸ਼ੀ ਲਏ ਜਾਣ ਦਾ ਜ਼ਿਕਰ ਸੀ। ਇਸ ਰਿਪੋਰਟ ਅਨੁਸਾਰ ਕਰਫ਼ਿਊ ਅਤੇ ਤਲਾਸ਼ੀਆਂ ਵਾਲੇ ਦਿਨਾਂ ਵਿਚ ਪੁਲਿਸ ਮੀਤੇ ਅਤੇ ਭਾਗੋ ਦੋਹਾਂ ਦੇ ਘਰ ਗਈ ਸੀ। ਦੋਵੇਂ ਆਪਣੇ ਘਰ ਮੌਜੂਦ ਮਿਲੇ ਸਨ। ਦੋਹਾਂ ਦੇ ਘਰਾਂ ਦੀ ਤਲਾਸ਼ੀ ਹੋਈ ਸੀ। ਫੇਰ ਬੱਚਾ ਉਸ ਸਮੇਂ ਕਿਥੇ ਸੀ ?

ਅੱਜ ਦਾ ਆਖ਼ਰੀ ਗਵਾਹ ਗ਼ਫ਼ੂਰ ਮੀਆਂ ਸੀ। ਉਹ ਗਾਂਧੀ ਬਸਤੀ ਵਿਚ ਕਰਿਆਨੇ ਦੀ ਦੁਕਾਨ ਕਰਦਾ ਸੀ। ਪੁਲਿਸ ਅਨੁਸਾਰ ਜਿੰਨਾ ਚਿਰ ਬੰਟੀ ਉਸ ਬਸਤੀ ਵਿਚ ਬੰਦੀ ਬਣਾ ਕੇ ਰੱਖਿਆ ਗਿਆ ਸੀ, ਉਸ ਦੇ ਖਾਣ-ਪੀਣ ਦਾ ਸਮਾਨ ਇਸੇ ਦੀ ਦੁਕਾਨ ਤੋਂ ਆਉਂਦਾ ਰਿਹਾ ਸੀ। ਬੰਟੀ ਬਰੈੱਡ, ਟਾਫ਼ੀਆਂ ਅਤੇ ਬਿਸਕੁਟ ਖਾਣ ਦਾ ਸ਼ੌਕੀਨ ਸੀ। ਇਹਨਾਂ ਤੋਂ ਸਿਵਾ ਉਹ ਕੋਈ ਚੀਜ਼ ਨਹੀਂ ਸੀ ਖਾਂਦਾ। ਉਹਨਾਂ ਦਿਨਾਂ ਵਿਚ ਪਾਲਾ, ਮੀਤਾ ਅਤੇ ਭਾਗੋ ਉਸ ਤੋਂ ਇਹ ਚੀਜ਼ਾਂ ਚੋਖੀ ਮਾਤਰਾ ਵਿਚ ਲੈ ਕੇ ਜਾਂਦੇ ਸਨ।

ਗ਼ਫ਼ੂਰ ਮੀਆਂ ਦੀਨ ਈਮਾਨ ਵਾਲਾ ਬੰਦਾ ਸੀ। ਪੰਜ ਵਕਤ ਨਮਾਜ਼ ਪੜ੍ਹਦਾ ਸੀ। ਜਦੋਂ ਭੰਡਾਰੀ ਨੇ ਉਸ ਦਾ ਬਿਆਨ ਪੜ੍ਹ ਕੇ ਸੁਣਾਇਆ ਤਾਂ ਉਸ ਨੇ ਕੰਨਾਂ ਨੂੰ ਹੱਥ ਲਾ ਕੇ ਤੋਬਾ ਕੀਤੀ ਸੀ। ਉਹ ਇਹ ਕੁਫ਼ਰ ਨਹੀਂ ਤੋਲ ਸਕਦਾ। ਉਹ ਰੁੱਖੀ-ਸੁੱਖੀ ਮਿਲਣ ਨਾਲ ਹੀ ਅੱਲ੍ਹਾ ਦਾ ਸ਼ੁਕਰ ਗੁਜ਼ਾਰ ਹੈ। ਕਿਆਮਤ ਵਾਲੇ ਦਿਨ ਉਹ ਕੀ ਜਵਾਬ ਦੇਵੇਗਾ ?

ਗ਼ਫ਼ੂਰ ਨੂੰ ਮੋਹਣ ਲਈ ਭੰਡਾਰੀ ਨੇ ਧਰਮ-ਕਰਮ 'ਤੇ ਇਕ ਲੰਬਾ ਸਾਰਾ ਭਾਸ਼ਣ ਝਾੜਿਆ। ਬੁਰਾਈ ਦੇ ਖ਼ਾਤਮੇ ਲਈ ਜੇ ਝੂਠ ਵੀ ਬੋਲਣਾ ਪਏ ਤਾਂ ਉਸ ਤੋਂ ਵੀ ਗੁਰੇਜ਼ ਨਹੀਂ ਕਰਨਾ ਚਾਹੀਦਾ। ਆਪਣੀ ਦਲੀਲ ਦੀ ਪੁਸ਼ਟੀ ਲਈ ਭੰਡਾਰੀ ਨੇ ਮਹਾਂਭਾਰਤ ਵਿਚੋਂ ਇਕ ਉਦਾਹਰਣ ਪੇਸ਼ ਕੀਤੀ। ਧਰਮ-ਪੁੱਤਰ ਯੁਧਿਸ਼ਟਰ ਨੇ ਸਾਰੀ ਉਮਰ ਕਦੇ ਝੂਠ ਨਹੀਂ ਸੀ ਬੋਲਿਆ। ਇਕ ਵਾਰ ਉਹਨਾਂ ਦੇ ਸਾਹਮਣੇ ਦੀ ਗਊ ਲੰਘੀ। ਗਊ ਪਿੱਛੇ ਕਸਾਈ ਲੱਗਾ ਹੋਇਆ ਸੀ। ਕਸਾਈ ਨੇ ਗਊ ਕਿਧਰ ਗਈ ਹੈ ਇਸ ਬਾਰੇ ਧਰਮ-ਪੁੱਤਰ ਤੋਂ ਹੀ ਪੁੱਛ ਲਿਆ। ਧਰਮ-ਪੁੱਤਰ ਧਰਮ ਸੰਕਟ ਵਿਚ ਫਸ ਗਏ। ਸੱਚ ਬੋਲਦੇ ਹਨ ਤਾਂ ਗਊ ਹੱਤਿਆ ਹੁੰਦੀ ਹੈ, ਝੂਠ ਬੋਲਦੇ ਹਨ ਤਾਂ ਧਰਮ ਭ੍ਰਿਸ਼ਟ ਹੁੰਦਾ ਹੈ। ਆਖ਼ਰ ਉਹਨਾਂ ਝੂਠ ਬੋਲਣ ਨੂੰ ਤਰਜੀਹ ਦਿੱਤੀ। ਉਹਨਾਂ ਦੇ ਝੂਠ ਬੋਲਣ ਨਾਲ ਗਊ ਦੀ ਜਾਨ ਬਚ ਗਈ। ਧਰਮ ਗ੍ਰੰਥ ਉਹਨਾਂ ਦੇ ਇਸ ਝੂਠ ਨੂੰ ਪਾਪ ਨਹੀਂ, ਸਗੋਂ ਪੁੰਨ ਮੰਨਦੇ ਹਨ। ਇਹੋ ਸਥਿਤੀ ਗ਼ਫ਼ੂਰ ਦੀ ਸੀ।

ਭੋਲਾ ਗ਼ਫ਼ੂਰ ਗੱਲਾਂ ਵਿਚ ਆ ਗਿਆ। ਜੇ ਧਰਮ-ਪੁੱਤਰ ਝੂਠ ਬੋਲ ਸਕਦੇ ਹਨ ਤਾਂ ਉਹ ਕਿਉਂ ਨਹੀਂ ?

ਸੰਮਤੀ ਨੇ ਵੀ ਉਸ ਦੀ ਕਮਜ਼ੋਰੀ ਲੱਭ ਰੱਖੀ ਸੀ। ਧਾਰਮਿਕ ਵਹਿਣ ਵਿਚ ਵਹਿ ਕੇ ਜੇ ਉਹ ਝੂਠ ਬੋਲਣ ਲਈ ਮੰਨ ਸਕਦਾ ਹੈ ਤਾਂ ਕੁਰਾਨ ਸ਼ਰੀਫ਼ ਦੀ ਹਾਜ਼ਰੀ ਵਿਚ ਉਹ ਸੱਚ ਬੋਲਣਾ ਵੀ ਮੰਨ ਜਾਏਗਾ।

ਹੁਣ ਤਕ ਸਭ ਗਵਾਹਾਂ ਨੂੰ 'ਧਰਮ ਨਾਲ ਸੱਚ ਬੋਲਣ' ਦੀ ਜੋ ਸਹੁੰ ਖੁਆਈ ਗਈ ਸੀ, ਉਹ ਜ਼ਬਾਨੀ-ਕਲਾਮੀ ਸੀ। ਗੁਣ-ਗੁਣ ਕਰ ਲੈਣ ਅਤੇ ਸੱਚਮੁੱਚ ਧਾਰਮਿਕ ਗ੍ਰੰਥ 'ਤੇ ਹੱਥ ਰੱਖ ਕੇ ਸਹੁੰ ਖਾਣ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਸੀ। ਇਸੇ ਫ਼ਰਕ ਨੂੰ ਮਿਟਾਉਣ ਲਈ ਗੁਰਮੀਤ

ਨੇ ਪਵਿੱਤਰ ਗ੍ਰੰਥ ਨੂੰ ਅਦਾਲਤ ਵਿਚ ਮੰਗਵਾਇਆ ਸੀ। ਉਸ ਦਾ ਤਜਰਬਾ ਆਖਦਾ ਸੀ ਕਿ ਧਾਰਮਿਕ ਰੁਚੀਆਂ ਵਾਲੇ ਇਨਸਾਨ ਇਸ਼ਟ ਦੀ ਸਹੁੰ ਖਾ ਕੇ ਆਪਣੇ ਜਾਨੀ ਦੁਸ਼ਮਣਾਂ ਦੇ ਖ਼ਿਲਾਫ਼ ਵੀ ਝੂਠ ਨਹੀਂ ਬੋਲਦੇ। ਉਹ ਗ਼ਫ਼ੂਰ ਦੀ ਇਸੇ ਕਮਜ਼ੋਰੀ ਦਾ ਫ਼ਾਇਦਾ ਉਠਾਉਣਾ ਚਾਹੁੰਦਾ ਸੀ।

ਗ਼ਫ਼ੂਰ ਦੀ ਕਮਜ਼ੋਰੀ ਸਰਕਾਰੀ ਵਕੀਲ ਵੀ ਸਮਝਦਾ ਸੀ। ਉਸ ਨੇ ਗ਼ਫ਼ੂਰ ਦੇ ਚੰਗੀ ਤਰ੍ਹਾਂ ਸਹੁੰ ਖਾਣ 'ਤੇ ਜ਼ੋਰ ਨਹੀਂ ਸੀ ਦਿੱਤਾ।

"ਜੋ ਆਖਾਂਗਾ, ਸੱਚ ਆਖਾਂਗਾ" ਮਲਮੀ ਜਿਹੀ ਜੀਭ ਨਾਲ ਇੰਨਾ ਕੁ ਆਖ ਕੇ "ਈਮਾਨ ਨਾਲ ਸੱਚ ਆਖਾਂਗਾ" ਵਰਗਾ ਅਹਿਮ ਵਾਕ ਹਜ਼ਮ ਕਰ ਲਿਆ ਸੀ।

ਗਵਾਹ ਦੇ ਅਧੂਰੀ ਸਹੁੰ ਚੁੱਕਣ 'ਤੇ ਸਫ਼ਾਈ ਧਿਰ ਨੂੰ ਸਖ਼ਤ ਇਤਰਾਜ਼ ਸੀ।

ਹਰੇ ਕੱਪੜੇ ਵਿਚ ਲਪੇਟਿਆ ਧਾਰਮਿਕ ਗ੍ਰੰਥ ਅਦਾਲਤ ਵਿਚ ਮੰਗਵਾਇਆ ਗਿਆ। ਧਾਰਮਿਕ ਗ੍ਰੰਥ ਦੀ ਹਾਜ਼ਰੀ ਵਿਚ ਜਦੋਂ ਗ਼ਫ਼ੂਰ ਨੂੰ ਸੱਚ ਬੋਲਣ ਲਈ ਆਖਿਆ ਗਿਆ ਤਾਂ ਗ਼ਫ਼ੂਰ ਦੇ ਨਾਲ-ਨਾਲ ਬਚਨ ਸਿੰਘ ਨੂੰ ਵੀ ਤਰੇਲੀ ਆ ਗਈ।

ਪਵਿੱਤਰ ਗ੍ਰੰਥ ਦੀ ਹਾਜ਼ਰੀ ਵਿਚ ਗ਼ਫ਼ੂਰ ਇਹੋ ਆਖ ਸਕਦਾ ਸੀ ਕਿ ਜਿਸ ਬਸਤੀ ਵਿਚ ਉਹ ਦੁਕਾਨ ਕਰਦਾ ਸੀ, ਉਸ ਦੇ ਵਸਨੀਕਾਂ ਵਿਚ ਨਾ ਬਰੈੱਡ ਖ਼ਰੀਦਣ ਦੀ ਪਰੋਖੋਂ ਸੀ, ਨਾ ਬਿਸਕੁਟ। ਕਰਫ਼ਿਊ ਦੇ ਦਿਨਾਂ ਵਿਚ ਤਾਂ ਉਸ ਕੋਲ ਆਟਾ, ਆਲੂ ਅਤੇ ਲੱਕੜਾਂ ਵੀ ਨਹੀਂ ਸਨ ਬਚੀਆਂ। ਦੁੱਧ, ਬਰੈੱਡ ਦੀ ਗੱਲ ਤਾਂ ਦੂਰ ਸੀ। ਜਦੋਂ ਉਹ ਆਪਣੀ ਦੁਕਾਨ 'ਤੇ ਐਸ਼ ਦੀਆਂ ਇਹ ਵਸਤਾਂ ਰੱਖਦਾ ਹੀ ਨਹੀਂ ਤਾਂ ਇਹਨਾਂ ਨੂੰ ਕਿਸੇ ਵੱਲੋਂ ਖ਼ਰੀਦਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਗ਼ਫ਼ੂਰ ਮੀਆਂ ਦੀ ਗਵਾਹੀ ਦੇ ਨਾਲ ਹੀ ਉਸ ਦਿਨ ਦੀ ਕਾਰਵਾਈ ਸਮਾਪਤ ਹੋ ਗਈ।

ਪਿਆਰੇ ਲਾਲ ਪ੍ਰੈੱਸ ਕਾਨਫ਼ਰੰਸ ਬੁਲਾਉਣਾ ਚਾਹੁੰਦਾ ਸੀ।

ਬਾਬਾ ਜੀ ਅਤੇ ਗੁਰਮੀਤ ਇਸ ਦੇ ਉਲਟ ਸਨ। ਹਾਲੇ ਖ਼ੁਸ਼ੀ ਵਾਲੀ ਕੋਈ ਗੱਲ ਨਹੀਂ ਸੀ। ਅਸਲ ਲੜਾਈ ਹਾਲੇ ਸ਼ੁਰੂ ਹੋਣੀ ਸੀ।

ਅੱਜ ਦੀ ਕਾਰਵਾਈ ਤੋਂ ਘਬਰਾਈ ਪੁਲਿਸ ਨੇ ਗਵਾਹਾਂ 'ਤੇ ਕੜਾਕਾ ਚਾੜ੍ਹਨਾ ਸੀ ਅਤੇ ਸਰਕਾਰ ਨੇ ਜੱਜ 'ਤੇ।

ਨਾਮਾ-ਨਿਗਾਰਾਂ ਦਾ ਖਹਿੜਾ ਛੱਡ ਕੇ ਉਹਨਾਂ ਨੂੰ ਆਉਣ ਵਾਲੀਆਂ ਸਮੱਸਿਆਵਾਂ ਦੇ ਟਾਕਰੇ ਲਈ ਤਿਆਰੀ ਕਰਨੀ ਚਾਹੀਦੀ ਸੀ।



# 17

ਕਚਹਿਰੀ ਤੋਂ ਬਚਨ ਸਿੰਘ ਸਿੱਧਾ ਡਿਪਟੀ ਦੇ ਘਰ ਨੂੰ ਹੋ ਲਿਆ।

ਇਸ ਕੇਸ ਬਾਰੇ ਸੋਚ ਸੋਚ ਉਸ ਦਾ ਬਲੱਡ ਪ੍ਰੈਸ਼ਰ ਹਾਈ ਹੋ ਗਿਆ ਸੀ। ਅਜੀਬ ਬਲਾ ਗਲ ਆ ਪਈ ਸੀ। ਸਰਕਾਰ ਇਸ ਕੇਸ ਪ੍ਰਤੀ ਜਿੰਨੀ ਸੰਜੀਦਾ ਸੀ, ਬਚਨ ਸਿੰਘ ਓਨਾ ਹੀ ਲਾਪਰਵਾਹ। ਉਹ ਆਪਣੇ ਆਪ ਨੂੰ ਕੋਸ ਰਿਹਾ ਸੀ। ਆਪਣੇ ਆਲਸੀ ਸੁਭਾਅ 'ਤੇ ਲਾਹਨਤਾਂ ਪਾ ਰਿਹਾ ਸੀ। ਬਚਨ ਸਿੰਘ ਨੇ ਰੱਤੀ ਭਰ ਵੀ ਧਿਆਨ ਦਿੱਤਾ ਹੁੰਦਾ ਤਾਂ ਇਹ ਦੁਰਗਤ ਨਾ ਹੁੰਦੀ। ਕੇਸ ਨਾਲ ਜੋ ਹੋਣਾ ਸੀ, ਹੋ ਚੁੱਕਾ ਸੀ। ਹੁਣ ਬਚਨ ਸਿੰਘ ਦੀ ਦੁਰਦਸ਼ਾ ਦੀ ਵਾਰੀ ਸੀ।

ਜ਼ਿਲ੍ਹਾ ਅਟਾਰਨੀ ਦਾ ਫ਼ੋਨ ਆਇਆ ਸੀ। ਗਵਾਹਾਂ ਦੇ ਬਿਆਨਾਂ ਦੀਆਂ ਨਕਲਾਂ ਸ਼ਾਮ ਤੱਕ ਸੰਗਰੂਰ ਭੇਜ ਦਿੱਤੀਆਂ ਜਾਣ। ਇਹ ਨਕਲਾਂ ਉਸ ਨੇ ਡਾਇਰੈਕਟਰ ਨੂੰ ਭੇਜਣੀਆਂ ਸਨ, ਜਿਸ ਨੇ ਗ੍ਰਹਿ-ਸਕੱਤਰ ਰਾਹੀਂ ਉਹਨਾਂ ਨੂੰ ਮੁੱਖ ਮੰਤਰੀ ਕੋਲ ਪੁੱਜਦੇ ਕਰਨਾ ਸੀ। ਬਚਨ ਸਿੰਘ ਬਿਆਨਾਂ ਦੀਆਂ ਨਕਲਾਂ ਭੇਜੇ ਤਾਂ ਕਿਸ ਤਰ੍ਹਾਂ ?

ਇਸ ਮਰੇ ਸੱਪ ਨੂੰ ਗਲੋਂ ਕਿਵੇਂ ਲਾਹਿਆ ਜਾਵੇ ? ਇਹੋ ਵਿਚਾਰ ਕਰਨ ਲਈ ਉਹ ਡਿਪਟੀ ਵੱਲ ਦੌੜਿਆ ਸੀ।

ਡਿਪਟੀ ਉਸ ਤੋਂ ਵੱਧ ਪਰੇਸ਼ਾਨ ਸੀ। ਗਵਾਹਾਂ ਦੇ ਬਿਆਨਾਂ ਦੀਆਂ ਨਕਲਾਂ ਉਸ ਤੋਂ ਵੀ ਮੰਗੀਆਂ ਗਈਆਂ ਸਨ। ਇਧਰ ਨਕਲਾਂ ਡੀ.ਜੀ.ਪੀ. ਨੇ ਮੰਗੀਆਂ ਸਨ। ਉਹ ਵੀ ਵਿਸ਼ੇਸ਼ ਦੂਤ ਰਾਹੀਂ। ਵਿਸ਼ੇਸ਼ ਦੂਤ ਕਦੋਂ ਦਾ ਤਿਆਰ ਖੜ੍ਹਾ ਸੀ, ਪਰ ਇਹ ਨਕਲਾਂ ਕਿਹੜੇ ਮੂੰਹ ਭੇਜੀਆਂ ਜਾਣ।

ਦਿਨ ਭਰ ਦੀ ਕਾਰਵਾਈ ਦੀ ਰਿਪੋਰਟ ਡਿਪਟੀ ਨੂੰ ਮਿਲ ਚੁੱਕੀ ਸੀ। ਡਿਪਟੀ ਨੂੰ ਸਰਕਾਰੀ ਵਕੀਲ ਦੇ ਨਾਲ-ਨਾਲ ਮੁੱਖ ਅਫ਼ਸਰ 'ਤੇ ਗੁੱਸਾ ਆ ਰਿਹਾ ਸੀ। ਜਦੋਂ ਸਰਕਾਰੀ ਵਕੀਲ ਨੂੰ ਪਤਾ ਲੱਗ ਗਿਆ ਸੀ ਕਿ ਗਵਾਹ ਮੁੱਕਰ ਰਹੇ ਹਨ ਤਾਂ ਉਸ ਨੂੰ ਚਾਹੀਦਾ ਸੀ ਕਿਵੇਂ ਨਾ ਕਿਵੇਂ ਕੇਸ ਨੂੰ ਵਿਚੇ ਰੁਕਵਾਉਂਦਾ। ਉਹ ਆਪ ਪੇਸ਼ੀ ਨਹੀਂ ਸੀ ਲੈ ਸਕਦਾ ਤਾਂ ਡਿਪਟੀ ਨੂੰ ਇਤਲਾਹ ਦਿੰਦਾ। ਡਿਪਟੀ ਕੋਈ ਇੰਤਜ਼ਾਮ ਕਰਦਾ। ਸਰਕਾਰੀ ਵਕੀਲ ਦਾ ਕੁਝ ਨਹੀਂ ਵਿਗੜਨਾ। ਡਿਪਟੀ ਕਿਸੇ ਵੀ ਸਮੇਂ ਲਾਈਨ ਹਾਜ਼ਰ ਹੋ ਸਕਦਾ ਸੀ।

ਮੁੱਖ ਅਫ਼ਸਰ ਵੀ ਲਾਟ ਸਾਹਿਬ ਬਣ ਕੇ ਥਾਣੇ ਬੈਠਾ ਰਿਹਾ। ਡਿਪਟੀ ਨੇ ਉਸ ਨੂੰ ਵਿਸ਼ੇਸ਼ ਤੌਰ 'ਤੇ ਆਖਿਆ ਸੀ ਕਿ ਪੈਰਵਾਈ ਲਈ ਖ਼ੁਦ ਜਾਵੇ, ਨਹੀਂ ਗਿਆ। ਸੋਚਦਾ ਹੋਣਾ ਹੈ, ਉਹ ਮੁੱਖ ਅਫ਼ਸਰ ਹੈ, ਮਿਸਲ ਕੁੱਛੜ 'ਚ ਲੈ ਕੇ ਕਿਉਂ ਫਿਰੇ ? ਉਹ ਚੁਆਨੀ ਦੇ ਗਵਾਹਾਂ ਨਾਲ ਮੱਥਾ ਕਿਉਂ ਮਾਰੇ। ਨਾਜ਼ਰ ਸਿੰਘ ਨੂੰ ਕਚਹਿਰੀ ਧੱਕ ਦਿੱਤਾ। ਮੁੱਖ ਅਫ਼ਸਰ ਮੁੱਖ ਅਫ਼ਸਰ ਹੀ ਹੁੰਦਾ ਹੈ ਅਤੇ ਮਾਤਹਿਤ-ਮਾਤਹਿਤ ਹੀ। ਕਿਸੇ ਫ਼ੌਰੀ ਕਾਰਵਾਈ ਦੀ ਜ਼ਰੂਰਤ ਹੋਵੇ ਤਾਂ ਮੁੱਖ ਅਫ਼ਸਰ ਝੱਟ ਫ਼ੈਸਲਾ ਕਰ ਲੈਂਦਾ ਹੈ। ਛੋਟੇ ਅਫ਼ਸਰ ਨੂੰ ਪਹਿਲਾਂ ਮੁੱਖ ਅਫ਼ਸਰ ਤੋਂ ਇਜਾਜ਼ਤ ਲੈਣੀ ਪੈਂਦੀ

ਹੈ। ਇੰਨੇ ਵਿਚ ਪਾਣੀ ਪੁਲਾਂ ਹੇਠੋਂ ਲੰਘ ਚੁੱਕਾ ਹੁੰਦਾ ਹੈ। ਜੇ ਲਾਲ ਸਿੰਘ ਖ਼ੁਦ ਕਚਹਿਰੀ ਬੈਠਾ ਹੁੰਦਾ ਤਾਂ ਦੁਕਾਨਦਾਰ ਜਾਂ ਚਪੜਾਸੀ ਦੀ ਕੀ ਮਜਾਲ ਸੀ, ਉਹ ਗਵਾਹੀ ਤੋਂ ਮੁੱਕਰ ਜਾਂਦੇ।

ਅਗਾਂਹ ਛੋਟੇ ਥਾਣੇਦਾਰ ਦਾ ਹਾਲ ਦੇਖ ਲਓ। ਗਵਾਹ ਮੁੱਕਰਦੇ ਦੇਖ ਕੇ ਅਧੀਆ ਅੰਦਰ ਸੁੱਟਿਆ, ਹਫ਼ਤੇ ਦੀ ਛੁੱਟੀ ਲਿਖੀ ਤੇ ਪਿੰਡ ਵਾਲੀ ਗੱਡੀ ਚੜ੍ਹ ਗਿਆ। ਸੋਚਿਆ ਹੋਏਗਾ, ਕੱਲ੍ਹ ਵਾਲੀ ਪੈਰਵਾਈ ਤੋਂ ਬਚ ਜਾਏਗਾ। ਡਿਪਟੀ ਨੇ ਛੁੱਟੀ ਨਾ-ਮਨਜ਼ੂਰ ਕੀਤੀ ਤੇ ਉਸ ਨੂੰ ਡਿਊਟੀ ਤੋਂ ਗ਼ੈਰ-ਹਾਜ਼ਰ ਕਰ ਦਿੱਤਾ। ਆਪੇ ਧੱਕੇ ਖਾਂਦਾ ਫਿਰੂ।

ਹਰਖੇ ਡਿਪਟੀ ਨੇ ਹੁਕਮ ਜਾਰੀ ਕੀਤਾ। ਜਿਹੜਾ ਗਵਾਹ ਜਿਥੇ ਵੀ ਮਿਲੇ, ਉਸ ਨੂੰ ਉਥੇ ਹੀ ਕੁਟਾਪਾ ਚਾੜ੍ਹਿਆ ਜਾਵੇ। ਬਾਕੀ ਦੇ ਗਵਾਹਾਂ ਨੂੰ ਆਪੇ ਕੰਨ ਹੋ ਜਾਣਗੇ।

ਇਸ ਕੰਮ ਲਈ ਮੁੱਖ ਅਫ਼ਸਰ ਨੂੰ ਭਜਾਇਆ ਗਿਆ। ਉਹ ਹਰ ਦਸ ਮਿੰਟ ਬਾਅਦ ਡਿਪਟੀ ਨੂੰ ਇਤਲਾਹ ਦੇਵੇ। ਇਹ ਹੁਕਮ ਸੁਣਾਇਆ ਗਿਆ।

ਅਖੇ, ਜਿਹੜਾ ਲਾਹੌਰ ਬੁੱਧੂ, ਉਹ ਪਿਸ਼ੌਰ ਵੀ ਬੁੱਧੂ। ਘੰਟਿਆਂ ਬੱਧੀ ਟੱਕਰਾਂ ਮਾਰ ਕੇ ਵੀ ਲਾਲ ਸਿੰਘ ਦੇ ਪੱਲੇ ਕੁਝ ਨਾ ਪਿਆ।

ਬਾਬੂ ਅਤੇ ਮੋਦਨ ਕਿਧਰੇ ਛਾਂਈਂ-ਮਾਂਈਂ ਹੋ ਗਏ ਸਨ। ਕਚਹਿਰੀ, ਵਕੀਲਾਂ ਦੇ ਖੋਖੇ, ਉਹਨਾਂ ਦੇ ਘਰ ਅਤੇ ਠਹਿਰਨ ਦੇ ਸਭ ਟਿਕਾਣਿਆਂ ’ਤੇ ਛਾਪੇ ਮਾਰੇ ਗਏ। ਉਹ ਕਿਧਰੇ ਨਹੀਂ ਸਨ ਮਿਲੇ।

ਮੁੱਖ ਅਫ਼ਸਰ ਦੀ ਇਸ ਅਸਫ਼ਲਤਾ ’ਤੇ ਡਿਪਟੀ ਦੇ ਮੱਥੇ ਦੀਆਂ ਤਿਊੜੀਆਂ ਹੋਰ ਸੰਘਣੀਆਂ ਹੋ ਗਈਆਂ। ਮਹਿਕਮਾ ਉਸ ਨੂੰ ‘ਕਾਬਲ ਥਾਣੇਦਾਰ, ਕਾਬਲ ਥਾਣੇਦਾਰ’ ਆਖਦਾ ਨਹੀਂ ਥੱਕਦਾ। ਡਿਪਟੀ ਨੂੰ ਉਹ ਨਿਰਾ ਬੁੱਧੂ ਜਾਪਦਾ ਸੀ। ਜ਼ਰੂਰੀ ਨਹੀਂ ਜਿਹੜਾ ਅਫ਼ਸਰ ਚੰਗੀ ਡਾਂਗ ਫੇਰ ਸਕਦਾ ਹੋਵੇ, ਉਹ ਅਕਲ ਦਾ ਵੀ ਧਨੀ ਹੋਵੇ। ਮੋਦਨ ਜਾਂ ਬਾਬੂ ਕੋਈ ਦੁੱਧ ਚੁੰਘਦੇ ਬੱਚੇ ਸਨ, ਬਈ ਗਵਾਹੀ ਮੁੱਕਰ ਕੇ ਕਚਹਿਰੀ ਬੈਠੇ ਰਹਿਣ ਜਾਂ ਘਰੋ-ਘਰੀ ਜਾ ਵੜਨ। ਉਹ ਸ਼ੂਟ ਵੱਟ ਗਏ ਹੋਣਗੇ। ਉਹਨਾਂ ਨੂੰ ਮੁਖ਼ਬਰਾਂ ਰਾਹੀਂ ਲੱਭਿਆ ਜਾਣਾ ਚਾਹੀਦਾ ਹੈ।

ਭਾਗੋ ਬਾਰੇ ਰਿਪੋਰਟ ਸੀ ਕਿ ਉਸ ਨੂੰ ਇਕ ਵਕੀਲ ਆਪਣੇ ਸਕੂਟਰ ’ਤੇ ਬਿਠਾ ਕੇ ਲੈ ਗਿਐ। ਹਾਲੇ ਤਕ ਨਾ ਵਕੀਲ ਲੱਭਾ, ਨਾ ਭਾਗੋ। ਇਕ ਪੁਲਿਸ ਪਾਰਟੀ ਉਹਨਾਂ ਦਾ ਪਿੱਛਾ ਕਰ ਰਹੀ ਹੈ।

ਪੁਲਿਸ ਦੇ ਹੱਥ ਗ਼ਫ਼ੂਰ ਮੀਆਂ ਅਤੇ ਸਕੂਲ ਦਾ ਚਪੜਾਸੀ ਹੀ ਲੱਗੇ ਸਨ।

ਗ਼ਫ਼ੂਰ ਮੀਆਂ ਅਦਾਲਤੋਂ ਨਿਕਲਦਾ ਹੀ ਫੜ ਲਿਆ ਗਿਆ ਸੀ। ਸਾਰੀ ਪੁਲਿਸ ਉਸ ਉੱਤੇ ਇੱਲਾਂ ਵਾਂਗ ਝਪਟ ਪਈ ਸੀ। ਥੱਪੜ ਅਤੇ ਠੁੱਡੇ ਮਾਰ-ਮਾਰ ਉਸ ਦਾ ਹੁਲੀਆ ਵਿਗਾੜ ਦਿੱਤਾ ਗਿਆ ਸੀ। ਕੁਝ ਵਕੀਲਾਂ ਨੇ ਪੁਲਿਸ ਨਾਲ ਤੂੰ-ਤੂੰ ਮੈਂ-ਮੈਂ ਕੀਤੀ ਸੀ। ਸੰਮਤੀ ਵਾਲਿਆਂ ਨੇ ਪੁਲਿਸ ਖ਼ਿਲਾਫ਼ ਨਾਅਰੇ ਲਾਏ ਸਨ। ਗ਼ਫ਼ੂਰ ਨੂੰ ਛੁਡਾਉਣ ਦਾ ਯਤਨ ਕੀਤਾ ਸੀ। ਇਕ ਪੱਤਰਕਾਰ ਨੇ ਗ਼ਫ਼ੂਰ ਦੀ ਫ਼ੋਟੋ ਖਿੱਚ ਲਈ ਸੀ। ਪੱਤਰਕਾਰ ਦਾ ਕੈਮਰਾ ਖੋਹ ਲਿਆ ਗਿਆ ਸੀ। ਗ਼ਫ਼ੂਰ ਨੂੰ ਵੈਨ ਵਿਚ ਸੁੱਟ ਕੇ ਥਾਣੇ ਲਿਆਉਣ ਵਿਚ ਪੁਲਿਸ ਨੂੰ ਬਹੁਤ ਜੱਦੋ-ਜਹਿਦ ਕਰਨੀ ਪਈ ਸੀ।

ਘਰ ਨੂੰ ਜਾਂਦਾ ਚਪੜਾਸੀ ਬਜ਼ਾਰ ਵਿਚ ਟੱਕਰ ਗਿਆ ਸੀ। ਉਸ ਨੂੰ ਕੁਟਾਪਾ ਚਾੜ੍ਹਨ ਵਿਚ ਪੁਲਿਸ ਨੂੰ ਕੋਈ ਦਿੱਕਤ ਨਹੀਂ ਸੀ ਆਈ। ਉਸ ਨੂੰ ਜਲੂਸ ਦੀ ਸ਼ਕਲ ਵਿਚ ਪੈਦਲ ਤੋਰ ਕੇ ਥਾਣੇ ਲਿਆਂਦਾ ਗਿਆ ਸੀ।

“ਹੁਣ ਕੀ ਹੁਕਮ ਹੈ ?” ਲਾਲ ਸਿੰਘ ਡਿਪਟੀ ਤੋਂ ਪੁੱਛ ਰਿਹਾ ਸੀ। ਡਿਪਟੀ ਅਗਲੀ ਕਾਰਵਾਈ ਬਾਰੇ ਸੋਚ ਰਿਹਾ ਸੀ ਕਿ ਬਚਨ ਸਿੰਘ ਆ ਧਮਕਿਆ।



ਥੋੜ੍ਹੀ ਦੇਰ ਬਾਅਦ ਲਾਲ ਸਿੰਘ ਨੇ ਇਹ ਰਿਪੋਰਟ ਵੀ ਦਿੱਤੀ ਕਿ ਥਾਣੇ ਅੱਗੇ ਭੀੜ ਜੁੜਦੀ ਜਾ ਰਹੀ ਹੈ। ਇਹਨਾਂ ਨੂੰ ਕਿਉਂ ਫੜਿਆ ਗਿਆ ? ਲੋਕ ਪੁੱਛ ਰਹੇ ਹਨ। ਕੁਝ ਲੋਕ ਦਰੀਆਂ ਚੁੱਕੀ ਆਉਂਦੇ ਹਨ। ਹੋ ਸਕਦੈ ਧਰਨਾ ਮਾਰਨ। ਪੱਤਰਕਾਰਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਉਹ ਕੈਮਰਾ ਤਾਂ ਮੰਗਦੇ ਹੀ ਹਨ, ਇਹਨਾਂ ਗਵਾਹਾਂ ਨਾਲ ਮੁਲਾਕਾਤ ਵੀ ਕਰਨਾ ਚਾਹੁੰਦੇ ਹਨ। ਸੰਮਤੀ ਵਾਲਿਆਂ ਨੇ ਬੈਨਰ ਲਿਖ ਲਏ ਹਨ, ਹੋ ਸਕਦੈ ਜਲਸਾ ਕਰਨ ਜਾਂ ਜਲੂਸ ਕੱਢਣ।

“ਇਹ ਨਵਾਂ ਹੀ ਪੰਗਾ ਪੈ ਗਿਆ।” ਗੜਬੜ ਦੇ ਆਸਾਰ ਬਣਦੇ ਦੇਖ ਕੇ ਬਚਨ ਸਿੰਘ ਦਾ ਦਿਲ ਜ਼ੋਰ-ਜ਼ੋਰ ਦੀ ਧੜਕਣ ਲੱਗਾ। ਪੁਲਿਸ ਨੇ ਗਵਾਹਾਂ ਨਾਲ ਬਦਸਲੂਕੀ ਕੀਤੀ ਤਾਂ ਕੱਲ੍ਹ ਨੂੰ ਅਖ਼ਬਾਰ ਖ਼ਬਰਾਂ ਨਾਲ ਭਰ ਜਾਣਗੇ। ਬਚਨ ਸਿੰਘ ਦੀ ਕਾਰਗੁਜ਼ਾਰੀ ਹੋਰ ਨੰਗੀ ਹੋ ਜਾਏਗੀ। ਸਮਾਂ ਮੰਗ ਕਰਦਾ ਸੀ ਕਿ ਕਿਵੇਂ ਨਾ ਕਿਵੇਂ ਗੜਬੜ ਨੂੰ ਦਬਾਇਆ ਜਾਵੇ।

“ਇਹਨਾਂ ਗਵਾਹਾਂ ’ਤੇ ਸਖ਼ਤੀ ਕਰਨ ਦਾ ਕੋਈ ਫ਼ਾਇਦਾ ਨਹੀਂ। ਉਹਨਾਂ ਨੂੰ ਕਿਸ ਨੇ ਮੁਕਰਾਇਆ ਹੈ, ਇਹ ਪੁੱਛ ਕੇ ਛੱਡ ਦਿੱਤਾ ਜਾਵੇ।

ਆਪਣੇ ਉਦੇਸ਼ ਦੀ ਪ੍ਰਾਪਤੀ ਨੂੰ ਮੁੱਖ ਰੱਖਦਿਆਂ ਬਚਨ ਸਿੰਘ ਨੇ ਡਿਪਟੀ ਨੂੰ ਰਾਏ ਦਿੱਤੀ।

ਬਚਨ ਸਿੰਘ ਦਾ ਮਸ਼ਵਰਾ ਲੱਖ ਰੁਪਏ ਦਾ ਸੀ। ਇਹ ਸਮਾਂ ਵਾਧੂ ਦੇ ਝੰਜਟਾਂ ਵਿਚ ਪੈਣ ਦਾ ਨਹੀਂ ਸੀ। ਭਲਮਾਣਸੀ ਇਸੇ ਵਿਚ ਸੀ ਕਿ ਗਵਾਹਾਂ ਨੂੰ ਆਪਣੇ-ਆਪ ਛੱਡ ਦਿੱਤਾ ਜਾਵੇ। ਕਿਸੇ ਦਬਾਅ ਹੇਠ ਛੱਡਣੇ ਪਏ ਤਾਂ ਸੰਮਤੀ ਅਤੇ ਬਾਕੀ ਗਵਾਹਾਂ ਦੇ ਹੌਸਲੇ ਬੁਲੰਦ ਹੋ ਜਾਣਗੇ।

“ਇਹਨਾਂ ਨੂੰ ਮੁਕਰਾਉਣ ਵਾਲਾ ਕੌਣ ਹੈ ? ਇਹ ਪੁੱਛ ਕੇ ਇਹਨਾਂ ਨੂੰ ਛੱਡ ਦਿੱਤਾ ਜਾਵੇ।” ਬਚਨ ਸਿੰਘ ਦੇ ਮਸ਼ਵਰੇ ਦੀ ਰੌਸ਼ਨੀ ਵਿਚ ਡਿਪਟੀ ਨੇ ਹੁਕਮ ਝਾੜਿਆ।

ਝੱਟ ਕੁ ਬਾਅਦ ਲਾਲ ਸਿੰਘ ਦਾ ਫੇਰ ਫ਼ੋਨ ਆ ਗਿਆ। ਗ਼ਫ਼ੂਰ ਨੂੰ ਮੁੱਕਰਨ ਲਈ ਕਿਸੇ ਨਹੀਂ ਸੀ ਪ੍ਰੇਰਿਆ। ਉਹ ਕੁਰਾਨ ਸ਼ਰੀਫ਼ ਦੇ ਖ਼ੌਫ਼ ਕਾਰਨ ਹੀ ਸੱਚ ਬੋਲ ਗਿਆ ਸੀ। ਤਸੱਲੀ ਲਈ ਉਸ ਨੂੰ ਫੇਰ ਕੁਰਾਨ ਸ਼ਰੀਫ਼ ਦੇ ਸਾਹਮਣੇ ਲਜਾਇਆ ਗਿਆ। ਕੁਰਾਨ ਸ਼ਰੀਫ਼ ਦੀ ਹਾਜ਼ਰੀ ਵਿਚ ਵੀ ਉਸ ਨੇ ਇਹੋ ਗੱਲ ਦੁਹਰਾਈ ਸੀ।

ਚਪੜਾਸੀ ਨੇ ਪਹਿਲੇ ਥੱਪੜ ’ਤੇ ਹੀ ਬਾਬੇ ਦਾ ਨਾਂ ਲੈ ਦਿੱਤਾ। ਬਾਬੇ ਨੇ ਉਸ ਨੂੰ ਡਰਾਇਆ-ਧਮਕਾਇਆ ਨਹੀਂ ਸੀ। ਸੱਚ ਬੋਲਣ ਦੀ ਹੀ ਬੇਨਤੀ ਕੀਤੀ ਸੀ। ਚਪੜਾਸੀ ਬਾਬੇ ਦੇ ਅਹਿਸਾਨਾਂ ਹੇਠ ਦੱਬਿਆ ਹੋਇਆ ਸੀ। ਸ਼ਰਮੋ-ਸ਼ਰਮੀ ਉਹ ਬਿਆਨਾਂ ਵਿਚ ਕੁਝ ਰੱਦੋ-ਬਦਲ ਕਰ ਗਿਆ। ਵੈਸੇ ਜਿੰਨਾ ਕੁ ਬਿਆਨ ਉਸ ਨੇ ਪੁਲਿਸ ਦੇ ਹੱਕ ਵਿਚ ਦਿੱਤਾ ਸੀ, ਉਹ ਵੀ ਝੂਠਾ ਸੀ। ਅਸਲੀਅਤ ਇਹ ਸੀ ਕਿ ਉਸ ਨੂੰ ਬੰਟੀ ਬਾਰੇ ਕੁਝ ਨਹੀਂ ਸੀ ਪਤਾ।

ਇੰਨੀ ਕੁ ਪੁੱਛ-ਗਿੱਛ ਨਾਲ ਪੁਲਿਸ ਦਾ ਮਕਸਦ ਹੱਲ ਹੋ ਗਿਆ। ਹੁਣ ਇਹ ਸਪੱਸ਼ਟ ਸੀ ਕਿ ਗਵਾਹਾਂ ਨੂੰ ਮੁਕਰਾਉਣ ਲਈ ਸੰਮਤੀ ਸਰਗਰਮ ਸੀ।

ਪੁਲਿਸ ਨੂੰ ਪਹਿਲੇ ਗਵਾਹਾਂ ਦਾ ਖਹਿੜਾ ਛੱਡ ਕੇ ਅਗਲੇ ਗਵਾਹਾਂ ਵੱਲ ਧਿਆਨ ਦੇਣਾ ਚਾਹੀਦਾ ਸੀ। ਜੇ ਉਹ ਠੀਕ ਭੁਗਤ ਜਾਣ ਤਾਂ ਵੀ ਜੱਜ ਨੂੰ ਸਜ਼ਾ ਸੁਣਾਉਣ ਲਈ ਨਹੁੰ ਅੜਾਉਣ ਨੂੰ ਥਾਂ ਮਿਲ ਜਾਣੀ ਸੀ।

ਪ੍ਰਾਈਵੇਟ ਗਵਾਹਾਂ ਨਾਲ ਸੰਪਰਕ ਕਰਨ ਅਤੇ ਉਹਨਾਂ ਨੂੰ ਬਿਆਨ ਸਮਝਾਉਣ ਦੀ ਜ਼ਿੰਮੇਵਾਰੀ ਭੰਡਾਰੀ ਵਕੀਲ ਦੀ ਸੀ। ਪੁਲਿਸ ਨੇ ਇਕੱਲੇ ਸਰਕਾਰੀ ਗਵਾਹਾਂ ਦਾ ਜ਼ਿੰਮਾ ਲਿਆ ਸੀ।

ਆਪਣੀ ਕੋਠੀ ਵਿਚ ਸੈੱਟ ਤਿਆਰ ਕਰ ਕੇ ਬੈਠਾ ਭੰਡਾਰੀ ਗਵਾਹਾਂ ਨੂੰ ਉਡੀਕ ਰਿਹਾ

ਸੀ। ਭੰਡਾਰੀ ਕੋਲ ਹਾਲੇ ਤਕ ਉਹ ਗਵਾਹ ਪੁੱਜੇ ਸਨ, ਜਿਹੜੇ ਯੁਵਾ ਸੰਘ ਦੇ ਕਾਰਕੁਨ ਸਨ ਅਤੇ ਗਵਾਹੀ ਦੇਣ ਲਈ ਦ੍ਰਿੜ੍ਹ ਸਨ ਜਾਂ ਕੁਝ ਅਜਿਹੇ ਗਵਾਹ ਪੁੱਜੇ ਸਨ ਜਿਨ੍ਹਾਂ ਦੀ ਗਵਾਹੀ ਕਰਾਉਣ ਜਾਂ ਭੁਗਤਾਉਣ ਨਾਲ ਕੇਸ ਨੂੰ ਕੋਈ ਫ਼ਰਕ ਨਹੀਂ ਸੀ ਪੈਣ ਲੱਗਾ।

ਰਾਮ ਬਾਗ਼ ਦਾ ਮਾਲੀ, ਧੰਨਾ ਝਟਕਈ, ਮੁਹੱਲੇ ਦਾ ਪਹਿਰੇਦਾਰ, ਹਸਪਤਾਲ ਦਾ ਚੌਕੀਦਾਰ, ਚਾਹ ਵਾਲਾ ਰਾਧੇ ਸ਼ਿਆਮ ਕੋਈ ਵੀ ਤਾਂ ਨਹੀਂ ਸੀ ਪੁੱਜਾ। ਹੈਰਾਨੀ ਦੀ ਗੱਲ ਇਹ ਸੀ ਕਿ ਸੰਘ ਦੇ ਵਰਕਰ ਅਤੇ ਭੰਡਾਰੀ ਦੇ ਮੁਨਸ਼ੀ ਕਈ-ਕਈ ਵਾਰ ਉਹਨਾਂ ਦੇ ਘਰਾਂ ਦੇ ਚੱਕਰ ਕੱਟ ਆਏ ਸਨ। ਕੋਈ ਵੀ ਘਰ ਨਹੀਂ ਸੀ ਮਿਲ ਰਿਹਾ।

ਭੰਡਾਰੀ ਨੂੰ ਦਾਲ ਵਿਚ ਕੁਝ ਕਾਲਾ ਨਜ਼ਰ ਆਉਣ ਲੱਗਾ। ਗਵਾਹ ਖਿਸਕਾ ਲਏ ਗਏ ਸਨ। ਜ਼ਰੂਰ ਉਹ ਸੰਮਤੀ ਦੇ ਕਬਜ਼ੇ ਵਿਚ ਹੋਣਗੇ। ਜੇ ਹੁਣੇ ਕੁਝ ਨਾ ਕੀਤਾ ਗਿਆ ਤਾਂ ਕੱਲੂ ਨੂੰ ਵੀ ਉਹੋ ਹੋਵੇਗੀ, ਜਿਹੜੀ ਅੱਜ ਹੋਈ ਸੀ। ਮੁੱਖ ਅਫ਼ਸਰ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੰਦਾ। ਇਸ ਸਮੱਸਿਆ ਦਾ ਹੱਲ ਡਿਪਟੀ ਕਰ ਸਕਦਾ ਸੀ।

ਭੰਡਾਰੀ ਪਹਿਲਾਂ ਹੀ ਡਿਪਟੀ ਨੂੰ ਮਿਲਣ ਬਾਰੇ ਸੋਚ ਰਿਹਾ ਸੀ। ਉਸ ਦਾ ਸੁਨੇਹਾ ਮਿਲਦੇ ਹੀ ਉਹ ਦੌੜਿਆ ਆਇਆ।

"ਗਵਾਹਾਂ ਦਾ ਕੀ ਹਾਲ-ਚਾਲ ਹੈ ਭੰਡਾਰੀ ਸਾਹਿਬ! ਠੀਕ-ਠਾਕ ਭੁਗਤ ਜਾਣਗੇ?" ਭੰਡਾਰੀ ਦੇ ਕੁਰਸੀ 'ਤੇ ਬੈਠਦਿਆਂ ਹੀ ਡਿਪਟੀ ਨੇ ਆਪਣੇ ਮਨ ਦਾ ਤੌਖ਼ਲਾ ਜ਼ਾਹਰ ਕੀਤਾ।

"ਕਿਹੜੇ ਗਵਾਹ ਤੇ ਕਿਹੜੀ ਗਵਾਹੀ? ਕੰਮ ਦਾ ਇਕ ਵੀ ਗਵਾਹ ਮੇਰੇ ਕੋਲ ਨਹੀਂ ਪੁੱਜਾ। ਮੈਂ ਉਡੀਕ-ਉਡੀਕ ਹੰਭ ਗਿਆਂ।"

ਭੰਡਾਰੀ ਦਾ ਉੱਤਰ ਸੁਣਦਿਆਂ ਹੀ ਡਿਪਟੀ ਅਤੇ ਬਚਨ ਸਿੰਘ ਦੋਹਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ।

"ਹੁਣ ਕੀ ਕਰੀਏ?"

"ਗਵਾਹਾਂ ਨੂੰ ਤਲਬ ਕਰੋ। ਛੋਟੇ ਮੁਲਾਜ਼ਮਾਂ 'ਤੇ ਇਤਬਾਰ ਨਾ ਕਰੋ। ਗਵਾਹਾਂ ਨੂੰ ਤਲਬ ਕਰਨ ਦੀ ਕਮਾਂਡ ਖ਼ੁਦ ਸੰਭਾਲੋ।"

ਭੰਡਾਰੀ ਦੀ ਰਾਏ ਬਿਲਕੁਲ ਠੀਕ ਸੀ। ਤੁਰੰਤ ਥਾਣੇ ਫ਼ੋਨ ਖੜਕਾਇਆ ਗਿਆ। ਸਾਰੇ ਮੁਲਾਜ਼ਮ ਬਾ-ਵਰਦੀ ਤਿਆਰ ਰਹਿਣ। ਡਿਪਟੀ ਸਾਹਿਬ ਖ਼ੁਦ ਥਾਣੇ ਆ ਰਹੇ ਹਨ।

ਭੰਡਾਰੀ ਨੂੰ ਫ਼ਾਰਗ ਕੀਤਾ ਗਿਆ। ਗਵਾਹਾਂ ਦੇ ਹਾਜ਼ਰ ਹੋਣ 'ਤੇ ਉਹਨਾਂ ਨੂੰ ਮੁੜ ਤਕਲੀਫ਼ ਦਿੱਤੀ ਜਾਵੇਗੀ।

ਡਿਪਟੀ ਬਚਨ ਸਿੰਘ ਨੂੰ ਨਾਲ ਹੀ ਰੱਖਣਾ ਚਾਹੁੰਦਾ ਸੀ, ਪਰ ਉਹ ਸਵੇਰ ਦਾ ਭੁੱਖਾ ਸੀ। ਉਸ ਦੇ ਪੇਟ ਵਿਚ ਖਿੱਲ ਤਕ ਨਹੀਂ ਸੀ ਗਈ। ਜਿੰਨੇ ਚਿਰ ਵਿਚ ਗਵਾਹ ਇਕੱਠੇ ਹੋਣ, ਉਨੇ ਚਿਰ ਵਿਚ ਬਚਨ ਸਿੰਘ ਨਾਲੇ ਘਰ ਸੁਨੇਹਾ ਲਾ ਆਵੇ, ਨਾਲੇ ਦਫ਼ਤਰੋਂ ਮਿਸਲ ਚੁੱਕ ਲਿਆਵੇ। ਹੋ ਸਕਦੈ ਅੱਜ ਸਾਰੀ ਰਾਤ ਹੀ ਬੈਠਣਾ ਪਏ।

ਡਿਪਟੀ ਨੂੰ ਥਾਣੇ ਤੋਰ ਕੇ ਬਚਨ ਸਿੰਘ ਘਰ ਵੱਲ ਹੋ ਗਿਆ।

ਭੁੱਖੇ ਹੋਣ ਜਾਂ ਘਰ ਜਾਣ ਦਾ ਬਚਨ ਸਿੰਘ ਦਾ ਮਹਿਜ਼ ਇਕ ਬਹਾਨਾ ਸੀ। ਅਸਲ ਵਿਚ ਉਹ ਜ਼ਿਲ੍ਹਾ ਅਟਾਰਨੀ ਨੂੰ ਫ਼ੋਨ ਕਰਨਾ ਚਾਹੁੰਦਾ ਸੀ। ਫ਼ੋਨ ਡਿਪਟੀ ਦੇ ਦਫ਼ਤਰੋਂ ਹੋ ਸਕਦਾ ਸੀ ਪਰ ਇਸ ਤਰ੍ਹਾਂ ਪਰਦਾ ਨਹੀਂ ਸੀ ਰਹਿਣਾ। ਬਾਹਰੋਂ ਫ਼ੋਨ ਕਰਨ ਦੇ ਇਰਾਦੇ ਨਾਲ ਬਚਨ ਸਿੰਘ ਟਲ ਆਇਆ ਸੀ।

ਜ਼ਿਲ੍ਹਾ ਅਟਾਰਨੀ ਉਸੇ ਦਾ ਫ਼ੋਨ ਉਡੀਕ ਰਿਹਾ ਸੀ।



ਬਚਨ ਸਿੰਘ ਨੇ ਸਾਰਾ ਨਜ਼ਲਾ ਪੁਲਿਸ 'ਤੇ ਝਾੜਿਆ। ਕਿਸੇ ਸਿਪਾਹੀ ਤਕ ਨੂੰ ਕੇਸ ਵਿਚ ਦਿਲਚਸਪੀ ਨਹੀਂ ਸੀ। ਗਵਾਹ ਇਉਂ ਮੁੱਕਰ ਗਏ ਜਿਵੇਂ ਜੂਏ ਸੱਟੇ ਦਾ ਕੇਸ ਹੋਵੇ। ਅਸਲ ਪੁੱਛਿਆ ਜਾਏ ਤਾਂ ਕਸੂਰ ਗਵਾਹ ਦਾ ਵੀ ਨਹੀਂ। ਸਾਰੇ ਗਵਾਹ ਫ਼ਰਜ਼ੀ ਸਨ। ਬਿਨਾਂ ਪੁੱਛੇ-ਦੱਸੇ ਉਹਨਾਂ ਦੀ ਗਵਾਹੀ ਰੱਖ ਲਈ ਗਈ ਸੀ। ਪੁਲਿਸ ਵੱਲੋਂ ਗਵਾਹਾਂ ਨੂੰ ਕੋਈ ਸੁਰੱਖਿਆ ਪ੍ਰਦਾਨ ਨਹੀਂ ਸੀ ਕੀਤੀ ਗਈ। ਦੂਜੀ ਧਿਰ ਕੇਸ ਜਿੱਤਣ ਲਈ ਹਰ ਹੱਥਕੰਡਾ ਵਰਤ ਰਹੀ ਸੀ। ਡਰਦੇ ਗਵਾਹ ਮੁੱਕਰ ਗਏ। ਇਸ ਵਿਚ ਬਚਨ ਸਿੰਘ ਦਾ ਕੋਈ ਕਸੂਰ ਨਹੀਂ।

ਕੱਲੂ ਨੂੰ ਇਸ ਤੋਂ ਵੀ ਭੈੜੀ ਹਾਲਤ ਹੋਣ ਦੀ ਸੰਭਾਵਨਾ ਸੀ। ਕੱਲੂ ਨੂੰ ਭੁਗਤਣ ਵਾਲਾ ਕੋਈ ਵੀ ਗਵਾਹ ਪੁਲਿਸ ਨੂੰ ਨਹੀਂ ਸੀ ਲੱਭ ਰਿਹਾ। ਹਾਲੇ ਤਕ ਪੁਲਿਸ ਨੇ ਗਵਾਹਾਂ ਨੂੰ ਮਿਲਣ ਜਾਂ ਬਿਆਨ ਸਮਝਾਉਣ ਦਾ ਕੋਈ ਯਤਨ ਵੀ ਨਹੀਂ ਕੀਤਾ। ਪ੍ਰਾਈਵੇਟ ਵਕੀਲ 'ਤੇ ਡੋਰੀ ਸੁੱਟ ਰੱਖੀ ਸੀ। ਸਫ਼ਾਈ ਧਿਰ ਸਰਗਰਮ ਸੀ। ਇਕੱਲਾ ਬਚਨ ਸਿੰਘ ਕੀ ਕਰੇ?

ਬਚਨ ਸਿੰਘ ਦੀ ਰਿਪੋਰਟ ਸੁਣ ਕੇ ਜ਼ਿਲ੍ਹਾ ਅਟਾਰਨੀ ਨੂੰ ਆਪਣਾ ਫ਼ਿਕਰ ਪੈ ਗਿਆ। ਹੈੱਡ ਆਫ਼ਿਸ ਵਿਚੋਂ ਹੁਕਮ ਹੋਇਆ ਸੀ, ਜ਼ਿਲ੍ਹਾ ਅਟਾਰਨੀ ਸ਼ਹਿਰ ਜਾ ਕੇ ਖ਼ੁਦ ਕੇਸ ਝਗੜੇ। ਜ਼ਿਲ੍ਹਾ ਅਟਾਰਨੀ ਨੂੰ ਬਚਨ ਸਿੰਘ ਦੀ ਕਾਬਲੀਅਤ 'ਤੇ ਯਕੀਨ ਸੀ। ਉਸ ਨੂੰ ਹੇਠਲੀ ਅਦਾਲਤ ਵਿਚ ਆਉਣ 'ਤੇ ਹੇਠੀ ਮਹਿਸੂਸ ਹੋਈ ਸੀ। ਕਾਗ਼ਜ਼ੀਂ-ਪੱਤਰੀਂ ਇਹ ਕੇਸ ਜ਼ਿਲ੍ਹਾ ਅਟਾਰਨੀ ਹੀ ਲੜ ਰਿਹਾ ਸੀ।

ਜ਼ਿਲ੍ਹਾ ਅਟਾਰਨੀ ਨੇ ਬਚਨ ਸਿੰਘ ਨੂੰ ਸਲਾਹ ਦਿੱਤੀ ਕਿ ਕਿਵੇਂ ਨਾ ਕਿਵੇਂ ਮੌਕਾ ਸੰਭਾਲੋ। ਗਵਾਹ ਕਾਬੂ ਆਉਂਦੇ ਨਾ ਦਿਸਣ ਤਾਂ ਪੇਸ਼ੀ ਲੈ ਲਓ। ਇਸੇ ਦੌਰਾਨ ਉਹ ਉੱਚ-ਅਧਿਕਾਰੀਆਂ ਨਾਲ ਗੱਲ ਕਰ ਕੇ ਆਪਣੀ ਸਥਿਤੀ ਸਪੱਸ਼ਟ ਕਰ ਦੇਵੇਗਾ।

ਪੇਸ਼ੀ ਲੈਣ ਲਈ ਬਚਨ ਸਿੰਘ ਵੀ ਯਤਨ ਕਰੇ। ਜ਼ਿਲ੍ਹਾ ਅਟਾਰਨੀ ਵੀ ਕਰੇਗਾ। ਫ਼ੋਨ ਰੱਖਦਿਆਂ ਹੀ ਉਹ ਸੈਸ਼ਨ ਜੱਜ ਦੀ ਕੋਠੀ ਜਾਏਗਾ। ਉਸ ਨੂੰ ਸਾਰੀ ਸਥਿਤੀ ਸਮਝਾਏਗਾ। ਹੋ ਸਕਿਆ ਤਾਂ ਐਡੀਸ਼ਨਲ ਸੈਸ਼ਨ ਜੱਜ ਸਤਿੰਦਰ ਨਾਥ ਨੂੰ ਫ਼ੋਨ ਕਰਾਏਗਾ। ਕੋਈ ਨਾ ਕੋਈ ਹੱਲ ਜ਼ਰੂਰ ਲੱਭ ਜਾਏਗਾ। ਘੰਟੇ ਕੁ ਬਾਅਦ ਉਹ ਫੇਰ ਫ਼ੋਨ ਕਰੇਗਾ। ਇਕ-ਦੂਜੇ ਨੂੰ ਸਥਿਤੀ ਦੀ ਜਾਣਕਾਰੀ ਦਿੱਤੀ ਜਾਵੇਗੀ।

ਜ਼ਿਲ੍ਹਾ ਅਟਾਰਨੀ ਨਾਲ ਗੱਲ ਕਰ ਕੇ ਬਚਨ ਸਿੰਘ ਹਲਕਾ-ਫੁੱਲ ਹੋ ਗਿਆ।

ਡਿਪਟੀ ਦੇ ਦਫ਼ਤਰ ਪਰਤਣ ਤਕ ਉਹ ਤਾਜ਼ਾ-ਦਮ ਹੋ ਚੁੱਕਾ ਸੀ।

ਇਧਰ ਡਿਪਟੀ ਬੇਰੰਗ ਸੀ।

ਉਸ ਦੀ ਨਿਗਰਾਨੀ ਹੇਠ ਪੁਲਿਸ ਹਰ ਗਵਾਹ ਦੇ ਘਰ 'ਤੇ ਛਾਪਾ ਮਾਰ ਕਰ ਚੁੱਕੀ ਸੀ। ਕਿਧਰੋਂ ਵੀ ਸਫਲਤਾ ਹੱਥ ਨਹੀਂ ਸੀ ਲੱਗੀ।

ਕਿਸੇ ਦੇ ਘਰ ਨੂੰ ਜਿੰਦਾ ਲੱਗਾ ਸੀ। ਕਿਸੇ ਦੇ ਘਰ ਬੁੱਢਾ-ਠੇਰਾ ਜਾਂ ਬਾਲ-ਬੱਚਾ ਹੀ ਸੀ। ਕੋਈ ਜਵਾਬ ਦਿੰਦਾ, ਫਲਾਣਾ ਵਿਆਹ ਗਿਐ। ਆਖ ਕੇ ਗਿਐ ਅਦਾਲਤ ਦੇ ਵਕਤ ਤਕ ਪੁੱਜ ਜਾਏਗਾ। ਕੋਈ ਆਖਦਾ ਮਰਗ ਹੋ ਗਈ, ਜਦੋਂ ਆਇਆ ਥਾਣੇ ਭੇਜ ਦੇਵਾਂਗੇ।

ਹੁਣ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਸੀ। ਗਵਾਹ ਸੰਮਤੀ ਵਾਲਿਆਂ ਕੋਲ ਸਨ। ਉਹ ਦੋਸ਼ੀਆਂ ਦੇ ਹੱਕ ਵਿਚ ਭੁਗਤਣਗੇ। ਹੁਣ ਕੀ ਕੀਤਾ ਜਾਵੇ?

ਭੰਡਾਰੀ ਨੂੰ ਮਸ਼ਵਰੇ ਲਈ ਦੁਬਾਰਾ ਬੁਲਾਇਆ ਗਿਆ।

"ਮੈਂ ਇਕੱਲਾ ਕੀ ਕਰਾਂ? ਪਹਿਲਾਂ ਤੁਸੀਂ ਦੜ ਵੱਟੀ ਰੱਖਿਆ। ਅੱਗ ਲੱਗੀ ਤੋਂ ਖੂਹ

ਪੁੱਟਣ ਲੱਗੇ ਹੋ। ਉਧਰ ਤਿੰਨ-ਤਿੰਨ ਵਕੀਲਾਂ ਅਤੇ ਸੈਂਕੜੇ ਬੰਦਿਆਂ ਦਾ ਜ਼ੋਰ ਲੱਗਾ ਹੋਇਆ ਹੈ। ਇਧਰ ਤੁਸੀਂ ਸਾਰਾ ਬੋਝ ਮੇਰੇ ਮੋਢਿਆਂ 'ਤੇ ਸੁੱਟ ਰੱਖਿਆ ਹੈ। ਮੈਂ ਕਰਾਂ ਤੇ ਕੀ ਕਰਾਂ ?" ਖਿਝੇ ਭੰਡਾਰੀ ਨੇ ਪੁਲਿਸ 'ਤੇ ਗ਼ੁੱਸਾ ਕੱਢਿਆ।

"ਤੁਸੀਂ ਦਰੁਸਤ ਆਖਦੇ ਹੋ, ਪਰ ਹੁਣ ਆਪਾਂ ਨੂੰ ਕਿਵੇਂ ਨਾ ਕਿਵੇਂ ਮੌਕਾ ਸੰਭਾਲਣਾ ਹੀ ਪਏਗਾ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ, ਅੱਗੋਂ ਤੋਂ ਪੈਰਵਾਈ ਮੈਂ ਖ਼ੁਦ ਕਰਾਂਗਾ।" ਡਿਪਟੀ ਨੇ ਠੰਢਾ ਛਿੜਕਣ ਦੀ ਕੋਸ਼ਿਸ਼ ਕੀਤੀ।

"ਕਿਵੇਂ ਨਾ ਕਿਵੇਂ ਕੱਲ੍ਹ ਨੂੰ ਪੇਸ਼ੀ ਲਓ। ਫੇਰ ਬਾਬੇ, ਵਕੀਲਾਂ ਅਤੇ ਸੰਮਤੀ ਦੇ ਹਰ ਕਾਰਕੁਨ 'ਤੇ ਕਰੜੀ ਨਜ਼ਰ ਰੱਖੋ। ਕੌਣ ਕਿਸ ਨੂੰ ਮਿਲਦਾ ਹੈ, ਇਸ ਦੀ ਪੜਤਾਲ ਕਰੋ। ਫੇਰ ਭਾਵੇਂ ਸਫਲਤਾ ਮਿਲ ਜਾਵੇ। ਨਹੀਂ ਤਾਂ ਭੱਠਾ ਬੈਠ ਹੀ ਗਿਐ।"

ਪੁਲਿਸ ਨੂੰ ਸਿੱਧੇ ਰਾਹ ਪਾ ਕੇ ਭੰਡਾਰੀ ਵਾਪਸ ਚਲਿਆ ਗਿਆ।

ਸੰਮਤੀ ਵਾਲਿਆਂ ਨਾਲ ਕਿਵੇਂ ਨਜਿੱਠਿਆ ਜਾਵੇ, ਇਸ ਬਾਰੇ ਫੇਰ ਸੋਚਿਆ ਜਾਵੇਗਾ। ਹਾਲ ਦੀ ਘੜੀ ਮਸਲਾ ਜੱਜ ਨੂੰ ਮਿਲ ਕੇ ਪੇਸ਼ੀ ਲੈਣ ਦਾ ਸੀ।

ਡਿਪਟੀ ਨੇ ਸਿਟੀ ਵਾਲਿਆਂ ਨੂੰ ਫ਼ੋਨ ਕੀਤਾ। ਤੁਰੰਤ ਇਕ ਪੇਟੀ 'ਪੀਟਰ ਸਕਾਟ' ਅਤੇ ਦੋ ਡੱਬੇ ਡਰਾਈ ਫਰੂਟ ਦੇ ਹਾਜ਼ਰ ਕੀਤੇ ਜਾਣ।

ਤਾਰੀਖ਼ ਲਏ ਬਿਨਾਂ ਮਸਲਾ ਹੱਲ ਨਹੀਂ ਸੀ ਹੋਣਾ। ਇਹ ਡਿਪਟੀ ਨੂੰ ਚੰਗੀ ਤਰ੍ਹਾਂ ਸਮਝ ਆ ਗਿਆ ਸੀ। ਇਕ ਵਾਰ ਤਾਰੀਖ਼ ਮਿਲ ਗਈ ਤਾਂ ਡਿਪਟੀ ਨੇ ਇਕ-ਇਕ ਗਵਾਹ ਨੂੰ ਚੁੱਕ ਲਿਆਉਣਾ ਸੀ। ਮਹੀਨਾ ਭਰ ਥਾਣੇ ਬਿਠਾਈ ਰੱਖਣਾ ਸੀ। ਜਿੰਨਾ ਚਿਰ ਗਵਾਹ ਸਹੀ ਤਰ੍ਹਾਂ ਨਾਲ ਭੁਗਤ ਨਹੀਂ ਜਾਂਦੇ, ਕਿਸੇ ਨੂੰ ਹਵਾ ਤਕ ਨਹੀਂ ਸੀ ਲੱਗਣ ਦੇਣੀ। ਸੰਮਤੀ ਨੂੰ ਤਾਂ ਕੀ, ਉਸ ਦੇ ਫ਼ਰਿਸ਼ਤਿਆਂ ਤਕ ਨੂੰ ਪਤਾ ਨਹੀਂ ਲੱਗੇਗਾ ਕਿ ਗਵਾਹ ਕਿਹੜੇ ਭੋਰੇ ਵਿਚ ਸੁੱਟੇ ਗਏ ਹਨ।

ਡਿਪਟੀ ਨੇ ਜੱਜ ਨੂੰ ਫ਼ੌਰਨ ਮਿਲਣ ਦਾ ਮਨ ਬਣਾ ਲਿਆ।

ਡਿਪਟੀ ਨੂੰ ਨਾਥ ਸਾਹਿਬ 'ਤੇ ਮਾਣ ਸੀ। ਉਹ ਡਿਪਟੀ ਨੂੰ ਜਵਾਬ ਨਹੀਂ ਦੇਵੇਗਾ। ਉਹ ਕਈ ਵਾਰ ਇਕੱਠੇ ਰਹਿ ਚੁੱਕੇ ਹਨ।

ਉਹਨਾਂ ਦੀ ਪਹਿਲੀ ਮੁਲਾਕਾਤ ਨਾਭੇ ਹੋਏ ਸੀ। ਉਸ ਸਮੇਂ ਡਿਪਟੀ ਸਬ-ਇੰਸਪੈਕਟਰ ਸੀ ਅਤੇ ਨਾਥ ਸਾਹਿਬ ਮੈਜਿਸਟ੍ਰੇਟ।

ਜਦੋਂ ਉਹ ਕੋਤਵਾਲੀ ਦਾ ਮੁੱਖ ਅਫ਼ਸਰ ਬਣ ਕੇ ਗਿਆ, ਉਸ ਸਾਹਮਣੇ ਪਹਿਲਾ ਮਸਲਾ ਜੱਜਾਂ ਦਾ ਹੀ ਪੇਸ਼ ਹੋਇਆ ਸੀ।

ਜ਼ਿਲ੍ਹੇ ਵਿਚ ਹਾਈ ਕੋਰਟ ਦੀ ਇੰਸਪੈਕਸ਼ਨ ਚੱਲ ਰਹੀ ਸੀ। ਸ਼ਨੀਵਾਰ ਨੂੰ ਨਾਭੇ ਦੀ ਵਾਰੀ ਸੀ।

ਜੱਜ ਕੜਿੱਕੀ ਵਿਚ ਫਸੇ ਹੋਏ ਸਨ। ਸਬ-ਡਵੀਜ਼ਨ ਦੇ ਸਾਰੇ ਥਾਣੇਦਾਰਾਂ ਨੇ ਜੱਜਾਂ ਦਾ ਬਾਈਕਾਟ ਕੀਤਾ ਹੋਇਆ ਸੀ।

ਹਾਈ ਕੋਰਟ ਦੀ ਇੰਸਪੈਕਸ਼ਨ ਕਿਹੜਾ ਮਾੜੀ-ਮੋਟੀ ਸੀ। ਵੀਹ ਤਰ੍ਹਾਂ ਦੇ ਪ੍ਰਬੰਧ ਕਰਨੇ ਪੈਣੇ ਸਨ। ਅਦਾਲਤਾਂ ਦੀ ਸਫ਼ਾਈ ਕਈ ਦਿਨ ਪਹਿਲਾਂ ਤੋਂ ਸ਼ੁਰੂ ਕਰਾਉਣੀ ਸੀ। ਕਲੀ-ਕੂਚਾ, ਰੰਗ-ਰੋਗਨ ਕਰਾਉਣਾ ਸੀ, ਸੜਕਾਂ 'ਤੇ ਝਾੜੂ ਦਿਵਾਉਣਾ ਸੀ। ਸਾਰੇ ਸ਼ਹਿਰ ਵਿਚ ਛਿੜਕਾ ਕਰਵਾਉਣਾ ਸੀ।

ਰੈਸਟ-ਹਾਊਸ ਬੁੱਕ ਕੀਤਾ ਜਾਣਾ ਸੀ। ਅਮਲੇ-ਫੈਲੇ ਲਈ ਵਿਸਕੀ ਤੋਂ ਲੈ ਕੇ ਮੱਛੀ-ਮੁਰਗੇ



ਤਕ ਦਾ ਪ੍ਰਬੰਧ ਕਰਨਾ ਸੀ। ਸ਼ਹਿਰ ਵਿਚ ਖ਼ਾਸ ਤਰ੍ਹਾਂ ਦੀ ਕਰੌਕਰੀ ਬਣਦੀ ਸੀ। ਕਰੌਕਰੀ ਦੇ ਸੈੱਟ ਤੋਹਫ਼ੇ ਦੇ ਤੌਰ 'ਤੇ ਪੇਸ਼ ਕਰਨੇ ਸਨ।

ਬੀਸੀਆਂ ਮੁਲਾਜ਼ਮਾਂ ਦੇ ਨਾਲ-ਨਾਲ ਹਜ਼ਾਰਾਂ ਰੁਪਿਆਂ ਦੀ ਜ਼ਰੂਰਤ ਪੈਣੀ ਸੀ। ਜੇ ਪੁਲਿਸ ਹੀ ਬਾਈਕਾਟ ਕਰ ਗਈ ਤਾਂ ਹਾਈ ਕੋਰਟ ਵੱਲੋਂ ਮੈਜਿਸਟ੍ਰੇਟਾਂ ਨੂੰ ਭੈੜੀ ਰਿਪੋਰਟ ਮਿਲਣੀ ਯਕੀਨੀ ਸੀ।

ਔਖੇ-ਸੌਖੇ ਜੱਜ ਹੋਰ ਤਾਂ ਸਾਰੇ ਪ੍ਰਬੰਧ ਕਰ ਹੀ ਲੈਣਗੇ ਪਰ ਸ਼ਿਕਾਇਤੀਆਂ ਨੂੰ ਕੌਣ ਭਜਾਏਗਾ ?

ਜੱਜਾਂ ਦੀਆਂ ਵਧੀਕੀਆਂ ਤੋਂ ਦੁਖੀ ਹੋਏ ਲੋਕਾਂ ਲਈ ਇਹ ਕਿਆਮਤ ਵਰਗਾ ਦਿਨ ਸੀ। ਸ਼ਿਕਾਇਤਾਂ ਸੁਣਨ ਵਾਲਾ ਮਸਾਂ-ਮਸਾਂ ਉਹਨਾਂ ਦੇ ਦਰ 'ਤੇ ਆਇਆ ਸੀ। ਕੁਝ ਸ਼ਿਕਾਇਤੀਆਂ ਨੂੰ ਵਕੀਲਾਂ ਨੇ ਸ਼ਹਿ ਦਿੱਤੀ ਸੀ। ਜੱਜਾਂ ਨਾਲ ਕਿੜ ਕੱਢਣ ਦਾ ਵਕੀਲਾਂ ਲਈ ਇਹ ਸੁਨਹਿਰੀ ਮੌਕਾ ਸੀ। ਵਕੀਲ ਵੀ ਆਪਣੇ ਸਾਇਲਾਂ ਨੂੰ ਸ਼ਿੰਗਾਰ ਕੇ ਤੋਰਨਗੇ। ਕਿਸੇ ਮੈਜਿਸਟ੍ਰੇਟ ਦੀ ਇਕ ਵੀ ਸ਼ਿਕਾਇਤ ਹੋ ਗਈ ਤਾਂ ਸਾਰਾ ਗੁੜ ਗੋਬਰ ਹੋ ਜਾਣਾ ਸੀ।

ਪੁਲਿਸ ਦਾ ਪਹਿਰਾ ਸਖ਼ਤ ਹੋਵੇ ਤਾਂ ਕੀ ਮਜਾਲ ਹੈ ਕਿ ਇੰਸਪੈਕਟਿੰਗ ਜੱਜ ਕੋਲ ਚਿੜੀ ਵੀ ਫੜਕ ਜਾਵੇ।

ਨਾਥ ਸਾਹਿਬ ਨੇ ਵਾਰੀ-ਵਾਰੀ ਸਾਰੇ ਮੁੱਖ ਅਫ਼ਸਰਾਂ ਨੂੰ ਸੁਨੇਹਾ ਭੇਜ ਕੇ ਦੇਖ ਲਿਆ ਸੀ। ਆਨੇ-ਬਹਾਨੇ ਸਭ ਟਲ ਗਏ ਸਨ।

ਡਿਪਟੀ ਨੂੰ ਸੁਨੇਹਾ ਪੁੱਜਾ ਤਾਂ ਉਸ ਨੂੰ ਮੁਨਸ਼ੀ ਨੇ ਰੋਕ ਲਿਆ। ਕਾਰਨ ਪੁੱਛਿਆ ਤਾਂ ਪਤਾ ਲੱਗਾ, ਜੱਜ ਐਂਟੀ-ਪੁਲਿਸ ਹੈ। ਪੁਲਿਸ ਨਾਲੋਂ ਮੁਲਾਜ਼ਮਾਂ ਨੂੰ ਤਰਜੀਹ ਦਿੰਦਾ ਹੈ। ਪੁਖ਼ਤਾ ਤੋਂ ਪੁਖ਼ਤਾ ਮੁਲਜ਼ਮ ਦਾ ਵੀ ਪੁਲਿਸ ਰਿਮਾਂਡ ਨਹੀਂ ਦਿੰਦਾ। ਐਫ਼.ਆਈ.ਆਰ. 'ਤੇ ਸਮਾਂ ਪਾਉਣ ਸਮੇਂ ਵੀ ਅੜਦਾ ਹੈ। ਅਹਿਮ ਜੁਰਮਾਂ ਦੀ ਐਫ਼.ਆਈ.ਆਰ. ਝੱਟਪੱਟ ਤਾਂ ਦਰਜ ਹੋ ਨਹੀਂ ਜਾਂਦੀ, ਪਰਚਾ ਕੱਟਣ ਤੋਂ ਪਹਿਲਾਂ ਸਾਰਿਆਂ ਪੱਖਾਂ ਨੂੰ ਵਿਚਾਰਨਾ ਪੈਂਦਾ ਹੈ। ਕਈ ਵਾਰ ਇਹ ਦਰਜ ਪਿੱਛੋਂ ਹੁੰਦੀ ਹੈ ਪਰ ਦਰਜ ਕਰਨ ਦਾ ਸਮਾਂ ਪਹਿਲਾਂ ਦਾ ਪਾਉਣਾ ਪੈਂਦਾ ਹੈ। ਇਹ ਘੰਟੇ ਦੋ ਘੰਟਿਆਂ ਦੀ ਵੀ ਐਡਜਸਟਮੈਂਟ ਨਹੀਂ ਕਰਦਾ। ਆਖਦੈ ਜਿਸ ਸਮੇਂ ਐਫ਼.ਆਈ.ਆਰ. ਆਈ ਹੈ, ਉਹੋ ਸਮਾਂ ਪਾਓ। ਉਸ ਦੀ ਇਸ ਧੱਕੜਸ਼ਾਹੀ ਕਾਰਨ ਕਈ ਕਤਲ ਕੇਸ ਬਰੀ ਹੋ ਚੁੱਕੇ ਹਨ। ਚਲਾਨ ਪੇਸ਼ ਕਰਨ ਸਮੇਂ ਵੀ ਆਖੂ, ਨਾਲੇ ਦੋਸ਼ੀ ਲਿਆਓ ਨਾਲੇ ਨਕਲਾਂ ਪੂਰੀਆਂ ਕਰੋ। ਚਲਾਨ ਲੇਟ ਪੇਸ਼ ਹੋਣ ਕਾਰਨ ਕਈ ਪੁਲਿਸ ਅਫ਼ਸਰਾਂ ਦੀ ਇਨਕੁਆਇਰੀ ਖੁੱਲ੍ਹੀ ਫਿਰਦੀ ਹੈ। ਜੇ ਮੈਜਿਸਟ੍ਰੇਟ ਪੁਲਿਸ ਦੇ ਕੰਮ ਨਹੀਂ ਆਉਂਦਾ ਤਾਂ ਪੁਲਿਸ ਨੇ ਕਿਹੜਾ ਉਸ ਤੋਂ ਕਸੀਦਾ ਕਢਾਉਣੈ। ਜੇ ਉਹ ਨਿਯਮਾਂ ਅਨੁਸਾਰ ਚੱਲਦਾ ਹੈ ਤਾਂ ਪੁਲਿਸ ਵੀ ਨਿਯਮਾਂ ਅਨੁਸਾਰ ਚੱਲੇਗੀ। ਪੁਲਿਸ ਰੂਲਾਂ ਵਿਚ ਇਹ ਕਿਧਰੇ ਨਹੀਂ ਲਿਖਿਆ ਕਿ ਇੰਸਪੈਕਸ਼ਨ ਸਮੇਂ ਜੱਜਾਂ ਦੀ ਵਗਾਰ ਪੁਲਿਸ ਨੇ ਕਰਨੀ ਹੈ।

ਡਿਪਟੀ ਨੇ ਬਾਈਕਾਟ ਦੀ ਪਰਵਾਹ ਨਹੀਂ ਕੀਤੀ। ਬਾਈਕਾਟ ਨਾਲ ਸਗੋਂ ਉਸ ਨੇ ਹੋਰ ਐਂਟੀ-ਪੁਲਿਸ ਹੋ ਜਾਣਾ ਸੀ। ਜੇ ਜੱਜਾਂ ਨੂੰ ਹੱਕ ਵਿਚ ਕਰਨਾ ਹੈ ਤਾਂ ਲੋੜ ਸਮੇਂ ਉਹਨਾਂ ਦੀ ਮਦਦ ਕੀਤੀ ਜਾਵੇ ਤੇ ਉਸ ਨੇ ਨਾਥ ਦੀ ਮਦਦ ਕੀਤੀ ਸੀ।

ਮੁੱਖ ਅਫ਼ਸਰਾਂ ਦਾ ਭਾਈਚਾਰਾ ਭਾਵੇਂ ਉਸ ਨਾਲ ਨਾਰਾਜ਼ ਹੋਇਆ ਸੀ ਪਰ ਨਾਥ ਡਿਪਟੀ ਦੀ ਮੁੱਠੀ ਵਿਚ ਆ ਗਿਆ ਸੀ।

ਸਾਰੀ ਦੁਨੀਆਂ ਨੂੰ ਪਤਾ ਹੈ, ਸਰਕਾਰ ਪਾਲੇ ਅਤੇ ਮੀਤੇ ਨੂੰ ਫ਼ਾਂਸੀ ਦੇਣਾ ਚਾਹੁੰਦੀ ਹੈ। ਇਹ ਤਾਂ ਹੀ ਸੰਭਵ ਹੈ ਜੇ ਨਿਆਂ-ਪਾਲਿਕਾ ਪੁਲਿਸ ਦੀ ਮਦਦ ਕਰੇ।

ਪਿਛਲਾ ਅਹਿਸਾਨ ਯਾਦ ਕਰਾਉਣ ਲਈ ਅਤੇ ਨਿਆਂ-ਪਾਲਿਕਾ ਦੀ ਮਦਦ ਲੈਣ ਲਈ ਡਿਪਟੀ ਬਚਨ ਸਿੰਘ ਨੂੰ ਨਾਲ ਲੈ ਕੇ ਨਾਥ ਦੀ ਕੋਠੀ ਜਾ ਵੜਿਆ।

ਪੇਸ਼ੀ ਦੇਣ ਤੋਂ ਸਿਵਾ ਉਹ ਹਰ ਤਰ੍ਹਾਂ ਦਾ ਸਹਿਯੋਗ ਦੇਣ ਨੂੰ ਤਿਆਰ ਸੀ।

ਨਾਥ ਨੇ ਵਾਅਦਾ ਕੀਤਾ, ਗਵਾਹ ਜੋ ਮਰਜ਼ੀ ਆਖਣ, ਉਹ ਦੋਸ਼ੀਆਂ ਨੂੰ ਬਰੀ ਨਹੀਂ ਕਰੇਗਾ। ਜਦੋਂ ਦੋਸ਼ੀ ਸਜ਼ਾ ਹੋ ਗਏ ਤਾਂ ਨਾ ਕਿਸੇ ਨੇ ਡਿਪਟੀ ਨੂੰ ਪੁੱਛਣਾ ਸੀ, ਨਾ ਬਚਨ ਸਿੰਘ ਨੂੰ।

ਬਚਨ ਸਿੰਘ ਇਹਨਾਂ ਮਿੱਠੀਆਂ ਗੋਲੀਆਂ ਨਾਲ ਪਰਚਣ ਵਾਲਾ ਨਹੀਂ ਸੀ। ਜਿਸ ਹਿਸਾਬ ਨਾਲ ਸੰਮਤੀ ਵੱਲੋਂ ਪੈਰਵਾਈ ਹੋ ਰਹੀ ਸੀ, ਉਸ ਹਿਸਾਬ ਨਾਲ ਕੋਈ ਪਤਾ ਨਹੀਂ ਫ਼ੈਸਲੇ ਸਮੇਂ ਇਥੇ ਕਿਹੜਾ ਜੱਜ ਹੋਵੇ।

ਬਚਨ ਸਿੰਘ ਦੇ ਉੱਚ-ਅਧਿਕਾਰੀ ਤਾਂ ਮਿਸਲ ਦਾ ਅੱਖਰ-ਅੱਖਰ ਘੋਖਣਗੇ। ਉਹਨਾਂ ਦੀ ਪੜਤਾਲ ਗਵਾਹਾਂ ਦੇ ਬਿਆਨਾਂ ਦੇ ਆਧਾਰ 'ਤੇ ਹੋਏਗੀ। ਫ਼ੈਸਲੇ ਤਕ ਕਿਸ ਉਡੀਕਣਾ ਹੈ?

ਗੱਲਾਂ-ਗੱਲਾਂ ਵਿਚ ਦਸ ਵੱਜ ਗਏ। ਗੱਲਾਂ-ਗੱਲਾਂ ਵਿਚ ਨਾਥ ਉਹਨਾਂ ਦੀ ਸੇਵਾ ਕਰਨਾ ਹੀ ਭੁੱਲ ਗਿਆ।

ਨਾਥ ਖਾਣਾ ਖਾਈ ਬੈਠਾ ਸੀ। ਖਾਣਾ ਖਾ ਕੇ ਪੀਣੀ ਉਸ ਦੀ ਆਦਤ ਨਹੀਂ ਸੀ। ਡਿਪਟੀ ਨੂੰ ਸੁੱਕਾ ਵੀ ਨਹੀਂ ਸੀ ਮੋੜਿਆ ਜਾ ਸਕਦਾ। ਉਹਨਾਂ ਪੈੱਗ ਪਾ ਲਏ। ਜੱਜ ਲਈ ਛੋਟਾ, ਬਾਕੀਆਂ ਲਈ ਵੱਡਾ।

ਜਦੋਂ ਥੋੜ੍ਹੀ ਜਿਹੀ ਚੜ੍ਹ ਗਈ ਤਾਂ ਡਿਪਟੀ ਨੇ ਉਲਾਂਭੇ ਦੇਣੇ ਸ਼ੁਰੂ ਕੀਤੇ। ਨਾਭੇ ਦੀ ਯਾਦ ਦਿਵਾਈ। ਜਦੋਂ ਨਾਥ ਫਸਿਆ ਹੋਇਆ ਸੀ ਤਾਂ ਡਿਪਟੀ ਨੇ ਉਸ ਨੂੰ ਬਚਾਇਆ ਸੀ। ਹੁਣ ਡਿਪਟੀ ਦੀ ਕਿਸ਼ਤੀ ਡੁੱਬ ਰਹੀ ਸੀ ਤੇ ਉਹ ਕੋਲ ਖੜਾ ਤਮਾਸ਼ਾ ਦੇਖ ਰਿਹਾ ਸੀ।

ਸਰੂਰ 'ਚ ਆਏ ਨਾਥ ਨੇ ਵੀ ਮਨ ਦੀ ਘੁੰਢੀ ਖੋਲ੍ਹ ਦਿੱਤੀ।

ਉਸ ਨੂੰ ਸੈਸ਼ਨ ਜੱਜ ਦਾ ਸੁਨੇਹਾ ਆਇਆ ਸੀ। ਮੁੱਖ ਮੰਤਰੀ ਸਾਹਿਬ ਇਸ ਕੇਸ ਵਿਚ ਇਨਟਰਸਟਿਡ ਸਨ। ਹਾਈ ਕੋਰਟ ਚਾਹੁੰਦੀ ਸੀ, ਕੇਸ ਨੂੰ ਇਕ ਮਹੀਨੇ ਦੇ ਅੰਦਰ-ਅੰਦਰ ਨਬੇੜ ਦਿੱਤਾ ਜਾਵੇ। ਉਹ ਕਰੇ ਤਾਂ ਕੀ ਕਰੇ?

"ਮੁੱਖ ਮੰਤਰੀ ਸਾਹਿਬ ਨੂੰ ਦਿਲਚਸਪੀ ਫ਼ੈਸਲੇ ਵਿਚ ਨਹੀਂ, ਸਜ਼ਾ ਵਿਚ ਹੈ। ਸਾਡਾ ਸਭ ਦਾ ਉਦੇਸ਼ ਸਾਂਝਾ ਹੈ। ਮੁੱਖ ਮੰਤਰੀ ਨੂੰ ਖ਼ੁਸ਼ ਕਰਨਾ। ਉਹ ਖ਼ੁਸ਼ ਤਾਂ ਹੋਣਗੇ, ਜੇ ਦੋਸ਼ੀਆਂ ਨੂੰ ਫਾਂਸੀ ਹੋਏਗੀ। ਫਾਂਸੀ ਤਾਂ ਹੋਏਗੀ ਜੇ ਪੁਲਿਸ ਗਵਾਹਾਂ ਤੋਂ ਸਹੀ ਗਵਾਹੀ ਦਿਵਾਏਗੀ। ਪੁਲਿਸ ਗਵਾਹਾਂ ਨਾਲ ਤਾਂ ਹੀ ਨਜਿੱਠ ਸਕੇਗੀ ਜੇ ਉਸ ਨੂੰ ਖੁੱਲ੍ਹਾ ਸਮਾਂ ਮਿਲੇਗਾ। ਗਵਾਹ ਭੁਗਤਾ ਕੇ ਤੁਸੀਂ ਮੁੱਖ ਮੰਤਰੀ ਨੂੰ ਨਰਾਜ਼ ਨਾ ਕਰ ਲਿਓ।"

ਡਿਪਟੀ ਨੇ ਮੁੱਖ ਮੰਤਰੀ ਦਾ ਉਦੇਸ਼ ਸਪੱਸ਼ਟ ਕੀਤਾ।

ਡਿਪਟੀ ਦਰੁਸਤ ਆਖਦਾ ਸੀ। ਜੇ ਕੱਲ੍ਹ ਨੂੰ ਤਾਰੀਖ਼ ਨਾ ਦਿੱਤੀ ਗਈ ਤਾਂ ਗਵਾਹਾਂ ਨੇ ਮੁੱਕਰ ਜਾਣੈ। ਦੋਸ਼ੀਆਂ ਦੇ ਬਰੀ ਹੋਣ ਨਾਲ ਮੁੱਖ ਮੰਤਰੀ ਦਾ ਸਿੰਘਾਸਣ ਡੋਲ ਸਕਦੈ। ਜਲਦੀ ਫ਼ੈਸਲਾ ਉਹ ਮੁਸੀਬਤਾਂ ਵਿਚ ਘਿਰ ਜਾਣ ਲਈ ਥੋੜ੍ਹਾ ਕਰਵਾ ਰਹੇ ਸਨ?

ਜੱਜ ਦੀਆਂ ਅੱਖਾਂ ਅੱਗੋਂ ਹਨੇਰਾ ਹਟਣ ਲੱਗਾ।



ਨਾਥ ਕੜਿੱਕੀ ਵਿਚ ਫਸ ਗਿਆ। ਜੇ ਪੇਸ਼ੀ ਦਿੱਤੀ ਤਾਂ ਹਾਈ ਕੋਰਟ ਨਰਾਜ਼। ਨਾ ਦਿੱਤੀ ਤਾਂ ਮੁੱਖ ਮੰਤਰੀ ਨਾਰਾਜ਼। ਉਹ ਖੂਹ 'ਚ ਗਿਰੇ ਜਾਂ ਖਾਈ 'ਚ।

ਦੋਹਾਂ ਧਿਰਾਂ ਨੂੰ ਆਪਣੀ-ਆਪਣੀ ਮਜਬੂਰੀ ਸੀ। ਉਹ ਕਿਸੇ ਅਜਿਹੇ ਸਿੱਟੇ 'ਤੇ ਪੁੱਜਣ ਦਾ ਯਤਨ ਕਰਨ ਲੱਗੇ, ਜਿਸ ਨਾਲ ਸੱਪ ਵੀ ਮਰ ਜਾਏ ਅਤੇ ਲਾਠੀ ਵੀ ਨਾ ਟੁੱਟੇ। ਤਾਰੀਖ਼ ਵੀ ਪੈ ਜਾਵੇ ਅਤੇ ਕਿਸੇ 'ਤੇ ਆਂਚ ਵੀ ਨਾ ਆਵੇ।

"ਮੈਂ ਸੈਸ਼ਨ ਜੱਜ ਸਾਹਿਬ ਨੂੰ ਫ਼ੋਨ ਕਰ ਕੇ ਦੇਖਦਾਂ। ਸਾਰੀ ਸਥਿਤੀ ਦੱਸਦਾਂ। ਜਿਵੇਂ ਆਖਣਗੇ ਕਰ ਲਵਾਂਗਾ।" ਆਖ਼ਰ ਨਾਥ ਨੂੰ ਰਾਹ ਲੱਭਾ।

ਸੈਸ਼ਨ ਜੱਜ ਵੱਲੋਂ ਪਹਿਲੇ ਹੱਲੇ ਹੀ ਹਰੀ ਝੰਡੀ ਮਿਲ ਗਈ।

ਦੋਸ਼ੀਆਂ ਨੂੰ ਸਜ਼ਾ ਹੋਣੀ ਚਾਹੀਦੀ ਸੀ। ਇਸ ਮਕਸਦ ਲਈ ਪੁਲਿਸ ਨੂੰ ਜਿਸ ਤਰ੍ਹਾਂ ਦੀ ਮਦਦ ਦੀ ਵੀ ਜ਼ਰੂਰਤ ਹੋਵੇ ਦਿੱਤੀ ਜਾਵੇ।

ਫ਼ੋਨ ਰੱਖ ਕੇ ਨਾਥ ਨੇ ਵੱਡੇ-ਵੱਡੇ ਪੈੱਗ ਪਾਏ।

ਹੁਣ ਯਾਰੀ ਨਿਭਾਉਣ ਵਿਚ ਉਸ ਨੂੰ ਕੋਈ ਦਿੱਕਤ ਨਹੀਂ ਸੀ।

ਅੱਧੀ ਰਾਤ ਤਕ ਉਹ ਖ਼ੁਸ਼ੀ ਦੇ ਜਾਮ ਖੜਕਾਉਂਦੇ ਰਹੇ।

# 18

ਮਹੀਨੇ ਦੀ ਤਾਰੀਖ਼ ਪੈਣ ਨਾਲ ਸੰਮਤੀ ’ਤੇ ਮੁਸੀਬਤਾਂ ਦਾ ਪਹਾੜ ਟੁੱਟ ਪਿਆ। ਸੰਮਤੀ ਨੂੰ ਜਿਥੋਂ-ਜਿਥੋਂ ਵੀ ਮਦਦ ਮਿਲ ਰਹੀ ਸੀ, ਉਹੋ-ਉਹੋ ਰਾਹ ਬੰਦ ਕੀਤੇ ਜਾਣ ਲੱਗੇ।

ਇਕ ਪਾਸੇ ਡਿਪਟੀ ਨੇ ਕਾਰਵਾਈ ਸ਼ੁਰੂ ਕੀਤੀ।

ਥਾਣੇ ਦੇ ਮੁਨਸ਼ੀ ਨਾਲ ਗੁਰਮੀਤ ਦੇ ਨੇੜੇ ਦੇ ਸੰਬੰਧ ਸਨ। ਮਿਸਲ ਬਹੁਤੀ ਦੇਰ ਮੁਨਸ਼ੀ ਕੋਲ ਹੀ ਰਹੀ ਸੀ। ਹੱਥ-ਲਿਖਤਾਂ, ਉਂਗਲਾਂ ਦੇ ਨਿਸ਼ਾਨ ਅਤੇ ਮੋਲਡ ਤਾਂ ਰਹਿੰਦੇ ਹੀ ਮੁਨਸ਼ੀ ਦੇ ਕਬਜ਼ੇ ਵਿਚ ਸਨ। ਰੋਜ਼ਨਾਮਚਾ ਅਤੇ ਉੱਨੀ ਨੰਬਰ ਰਜਿਸਟਰ ਥਾਣੇ ਦੀ ਨਬਜ਼ ਹੁੰਦੇ ਹਨ। ਜਿਸ ਦੇ ਵੀ ਹੱਥ ਲੱਗ ਗਏ, ਉਹੋ ਥਾਣੇ ਦੀ ਕਮਜ਼ੋਰੀ ਪੜ੍ਹ ਗਿਆ। ਮੁਨਸ਼ੀ ਨੂੰ ਥਾਣੇ ਦੀ ਮਾਂ ਆਖਿਆ ਜਾਂਦਾ ਹੈ। ਜੇ ਘਰ ਦਾ ਭੇਤੀ ਹੀ ਲੰਕਾ ਢਾਹੁਣ ਲੱਗੇ ਤਾਂ ਲੰਕਾ ਨੂੰ ਕੌਣ ਬਚਾ ਸਕਦਾ ਹੈ ? ਬਦਲੇ ਗਏ ਬਿਆਨਾਂ ਅਤੇ ਤਬਦੀਲ ਹੋਈਆਂ ਜ਼ਿਮਨੀਆਂ ਦਾ ਭੇਤ ਇਕੱਲੇ ਮੁਨਸ਼ੀ ਨੂੰ ਸੀ। ਮਾਹਿਰਾਂ ਦੀਆਂ ਰਿਪੋਰਟਾਂ ਦੀਆਂ ਨਕਲਾਂ ਅਤੇ ਪਾਰਸਲ ਲੈ ਕੇ ਜਾਣ ਵਾਲੇ ਸਿਪਾਹੀਆਂ ਦੇ ਨਾਂ ਪਤੇ ਅਤੇ ਤਾਰੀਖ਼ਾਂ ਮੁਨਸ਼ੀ ਨੇ ਹੀ ਸਫ਼ਾਈ ਧਿਰ ਨੂੰ ਦਿੱਤੇ ਹੋਣਗੇ। ਇਸੇ ਸ਼ੱਕ ਵਿਚ ਮੁਨਸ਼ੀ ਨੂੰ ਲਾਈਨ ਹਾਜ਼ਰ ਕੀਤਾ ਗਿਆ।

ਫੇਰ ਵਾਰੀ ਆਈ ਨਾਇਬ ਕੋਰਟ ਦੀ।

ਉਹ ਵੀ ਬਹੁਤ ਪੁਰਾਣਾ ਹੋ ਚੁੱਕਾ ਸੀ। ਵਕੀਲਾਂ, ਮੁਨਸ਼ੀਆਂ, ਮੁਲਜ਼ਮਾਂ, ਮੁਦੱਈਆਂ—ਸਭ ਨਾਲ ਘੁਲ-ਮਿਲ ਗਿਆ ਸੀ। ਗਵਾਹਾਂ ਕੋਲੋਂ ਕੇਸਾਂ ਦੀਆਂ ਕਮੀਆਂ-ਪੇਸ਼ੀਆਂ ਪੁੱਛਦਾ ਅਤੇ ਵਕੀਲਾਂ ਨੂੰ ਦੱਸ ਆਉਂਦਾ। ਬਹੁਤਾ ਕੇਸਾਂ ਦਾ ਭੱਠਾ ਉਹੋ ਬਿਠਾਉਂਦਾ। ਡਿਪਟੀ ਕੋਲ ਪਹਿਲਾਂ ਵੀ ਸ਼ਿਕਾਇਤਾਂ ਆਈਆਂ ਸਨ। ਉਹ ਤਬਾਦਲਾ ਕਰਨ ਲੱਗਦਾ ਤਾਂ ਕਿਸੇ ਨਾ ਕਿਸੇ ਪਾਸਿਉਂ ਸਿਫ਼ਾਰਸ਼ ਆ ਜਾਂਦੀ। ਕਦੇ ਜੱਜ ਵੱਲੋਂ, ਕਦੇ ਸਰਕਾਰੀ ਵਕੀਲ ਵੱਲੋਂ ਅਤੇ ਕਦੇ ਥਾਣੇਦਾਰਾਂ ਵੱਲੋਂ। ਆਖਣ ਲੱਗਦੇ, ਉਹ ਕੰਮ ਦਾ ਮਾਹਿਰ ਹੈ। ਉਸ ਦੇ ਸਿਰ ’ਤੇ ਕਿਸੇ ਨੂੰ ਫ਼ਿਕਰ ਨਹੀਂ ਰਹਿੰਦਾ। ਨਾਇਬ-ਕੋਰਟ ਦੀ ਇਹੋ ਮੁਹਾਰਤ ਪੁਲਿਸ ਦਾ ਨੁਕਸਾਨ ਕਰ ਰਹੀ ਸੀ।

ਨਾਇਬ-ਕੋਰਟ ਦਾ ਤਬਾਦਲਾ ਡਿਪਟੀ ਨੇ ਆਪਣੀ ਗਾਰਦ ਵਿਚ ਕਰ ਲਿਆ। ਗੇਟ ’ਤੇ ਖੜ੍ਹਾ ਸੜਦਾ ਰਹੇਗਾ।

ਨਾਜ਼ਰ ਸਿੰਘ ਪਹਿਲਾਂ ਹੀ ਗ਼ੈਰ-ਹਾਜ਼ਰ ਹੋ ਚੁੱਕਾ ਸੀ। ਡਿਊਟੀ ਵਿਚ ਕੁਤਾਹੀ ਵਰਤਣ ਲਈ ਉਸ ਨੂੰ ਮੁਅੱਤਲ ਕਰ ਦਿੱਤਾ ਗਿਆ।

ਦੂਜੇ ਪਾਸੇ ਜੱਜ ਸਾਹਿਬ ਚੌਕਸ ਹੋ ਗਏ।

ਅਦਾਲਤ ਦੇ ਬਹੁਤੇ ਮੁਲਜ਼ਮ ਸੰਮਤੀ ਦੀ ਮਦਦ ’ਤੇ ਤੁਲੇ ਹੋਏ ਸਨ। ਕੁਝ ਹਮਦਰਦੀ ਵਜੋਂ, ਕੁਝ ਲਾਲਚ ਵੱਸ। ਅਹਿਲਮੱਦਾਂ ਦਾ ਮਿਸਲਾਂ ਲੈ ਕੇ ਵਕੀਲਾਂ ਦੇ ਘਰ ਜਾਣਾ ਆਮ ਗੱਲ ਸੀ। ਚਾਰ ਪੈਸੇ ਵੱਧ ਮਿਲਣ ਤਾਂ ਗੁਪਤ ਦਸਤਾਵੇਜ਼ ਅਤੇ ਬਿਆਨਾਂ ਦੀਆਂ ਨਕਲਾਂ ਕਰਵਾ ਦਿੰਦੇ



ਸਨ। ਕੁਝ ਦਲੇਰ ਅਹਿਲਮੱਦ ਦਸਤਾਵੇਜ਼ਾਂ ਵਿਚ ਸਹਿੰਦੀ-ਸਹਿੰਦੀ ਤਬਦੀਲੀ ਕਰਨ ਦਾ ਜ਼ੋਖ਼ਮ ਵੀ ਉਠਾ ਲੈਂਦੇ ਸਨ। ਦੂਜੇ ਪਾਸੇ ਜੇ ਸਰਕਾਰ ਹੋਵੇ ਤਾਂ ਇਹ ਹੇਰਾਫੇਰੀ ਹੋਰ ਆਸਾਨ ਹੋ ਜਾਂਦੀ ਸੀ।

ਇਹ ਕੇਸ ਵੀ ਅਹਿਮ ਸੀ। ਅਹਿਲਮੱਦਾਂ ਦੀ ਮਿਹਰਬਾਨੀ ਸਦਕਾ ਹਰ ਕਾਗ਼ਜ਼ ਦੀ ਨਕਲ ਸਫ਼ਾਈ ਧਿਰ ਕੋਲ ਪੁੱਜ ਚੁੱਕੀ ਸੀ। ਅਗਾਂਹ ਹੋਣ ਵਾਲੀ ਕਾਰਵਾਈ ਦੀਆਂ ਨਕਲਾਂ ਵੀ ਪੁੱਜ ਸਕਦੀਆਂ ਸਨ। ਕਿਸੇ ਰੱਦੋ-ਬਦਲ ਦੀ ਸੰਭਾਵਨਾ ਵੀ ਰੱਦ ਨਹੀਂ ਸੀ ਕੀਤੀ ਜਾ ਸਕਦੀ। ਮੁਸੀਬਤਾਂ ਦਾ ਪਹਾੜ ਜੱਜ ’ਤੇ ਵੀ ਟੁੱਟ ਸਕਦਾ ਸੀ। ਇਹ ਕੇਸ ਅਜਿਹੇ ਪੜਾਅ ’ਤੇ ਪੁੱਜ ਚੁੱਕਾ ਸੀ, ਜਿਥੇ ਕਿਸੇ ਵੀ ਅਫ਼ਸਰ ਦੀ ਟੰਗ ਫਸ ਸਕਦੀ ਸੀ।

ਨਾਥ ਸਾਹਿਬ ਨੇ ਮਿਸਲ ਤਲਬ ਕੀਤੀ। ਪੇਜ਼ ਮਾਰਕਿੰਗ ਕਰਵਾਈ। ਹਰ ਪੰਨੇ ’ਤੇ ਛੋਟੇ ਦਸਤਖ਼ਤ ਕੀਤੇ। ਜਿਥੇ-ਜਿਥੇ ਕਟਿੰਗ ਜਾਂ ਓਵਰ-ਰਾਈਟਿੰਗ ਸੀ, ਉਥੇ ਲਾਲ ਸਿਆਹੀ ਨਾਲ ਨਿਸ਼ਾਨ ਲਾਏ । ਮਿਸਲ ਨੂੰ ਇਕ ਮੋਟੇ ਲਿਫ਼ਾਫ਼ੇ ਵਿਚ ਪਾ ਕੇ ਲਿਫ਼ਾਫ਼ੇ ਨੂੰ ਸੀਲ ਕੀਤਾ । ਇਸ ਲਿਫ਼ਾਫ਼ੇ ਨੂੰ ਨਾਥ ਸਾਹਿਬ ਦੀ ਅਲਮਾਰੀ ਵਿਚ ਰੱਖਿਆ ਗਿਆ। ਮਿਸਲ ਤਾਰੀਖ਼ ਵਾਲੇ ਦਿਨ ਹੀ ਬਾਹਰ ਨਿਕਲੇਗੀ। ਪੇਸ਼ੀ ਤੋਂ ਪਹਿਲਾਂ ਕਿਸੇ ਨੂੰ ਜ਼ਰੂਰਤ ਪਏ ਤਾਂ ਜੱਜ ਦੀ ਇਜਾਜ਼ਤ ਲਈ ਜਾਏਗੀ।

ਤੀਜੇ ਪਾਸੇ ਬਚਨ ਸਿੰਘ ਨੇ ਸੁਰਿੰਦਰ ਕੁਮਾਰ ਦੀਆਂ ਵਾਗਾਂ ਕੱਸੀਆਂ।

ਬਚਨ ਸਿੰਘ ਨੂੰ ਯਕੀਨ ਸੀ, ਇਹ ਨਕਲਾਂ ਸੁਰਿੰਦਰ ਕੁਮਾਰ ਨੇ ਕਰਵਾ ਕੇ ਦਿੱਤੀਆਂ ਹੋਣਗੀਆਂ। ਇਹ ਉਸ ਦੀ ਪੁਰਾਣੀ ਆਦਤ ਸੀ। ਪਹਿਲਾਂ ਵੀ ਉਸ ਨੇ ਵਿਜੀਲੈਂਸ ਦੇ ਇਕ ਕੇਸ ਦੀਆਂ ਨਕਲਾਂ ਕਰਵਾ ਕੇ ਦੋਸ਼ੀਆਂ ਨੂੰ ਦੇ ਦਿੱਤੀਆਂ ਸਨ। ਪੜਤਾਲ ਹੋਣ ’ਤੇ ਉਹ ਕਸੂਰਵਾਰ ਪਾਇਆ ਗਿਆ ਸੀ।

ਸਿੱਧੇ ਤੌਰ ’ਤੇ ਬਚਨ ਸਿੰਘ ਉਸ ਦਾ ਕੁਝ ਨਹੀਂ ਸੀ ਵਿਗਾੜ ਸਕਦਾ। ਭੱਜਾ-ਭੱਜਾ ਉਹ ਸੰਗਰੂਰ ਗਿਆ ਸੀ, ਸਾਰੇ ਹਾਲਾਤ ਜ਼ਿਲ੍ਹਾ ਅਟਾਰਨੀ ਦੇ ਨੋਟਿਸ ਵਿਚ ਲਿਆਂਦੇ। ਜ਼ਿਲ੍ਹਾ ਅਟਾਰਨੀ ਨੇ ਉਸ ਨੂੰ ਜਿਹੜੀ ਵਾਧੂ ਕਚਹਿਰੀ ਦਿੱਤੀ ਸੀ, ਉਹ ਵਾਪਸ ਲੈ ਲਈ। ਚਾਰ-ਪੰਜ ਹਜ਼ਾਰ ਰੁਪਏ ਮਹੀਨੇ ਦੇ ਨੁਕਸਾਨ ਦੀ ਸਜ਼ਾ ਲਾ ਦਿੱਤੀ।

ਇਸ ਤਰ੍ਹਾਂ ਸੰਬੰਧਿਤ ਮੁਲਾਜ਼ਮਾਂ ’ਤੇ ਕਹਿਰ ਢਾਹ ਕੇ ਸੰਮਤੀ ਨੂੰ ਮਿਲਣ ਵਾਲੀ ਮਦਦ ਦੀ ਨਾਕਾਬੰਦੀ ਕੀਤੀ ਗਈ।

ਉਧਰ ਸਫ਼ਾਈ ਧਿਰ ਦੇ ਵਕੀਲਾਂ ’ਤੇ ਸਖ਼ਤੀ ਸ਼ੁਰੂ ਹੋਈ।

ਜਦੋਂ ਕੇਸ ਦੀ ਸੁਣਵਾਈ ਨੂੰ ਇਕ ਮਹੀਨਾ ਅੱਗੇ ਪਾਇਆ ਗਿਆ ਸੀ ਤਾਂ ਸੈੱਲ ਦੇ ਵਕੀਲਾਂ ਦੀ ਜੱਜ ਨਾਲ ਝਪਟ ਹੋਈ ਸੀ।

ਪੇਸ਼ੀ ਵਾਲੇ ਦਿਨ ਜੱਜ ਨੇ ਬੀਮਾਰ ਹੋਣ ਦਾ ਬਹਾਨਾ ਘੜਿਆ ਸੀ। ਘਰ ਬੈਠੇ ਹੀ ਰੀਡਰ ਨੂੰ ਹੁਕਮ ਭੇਜਿਆ ਸੀ। ਕੇਸ ਅਗਲੇ ਮਹੀਨੇ ਦੀ ਅੱਠ ਤਾਰੀਖ਼ ’ਤੇ ਰੱਖ ਦੇਵੇ।

ਅਗਲੇ ਦਿਨ ਗੁਰਮੀਤ ਨੇ ਇਸ ਹੁਕਮ ਵਿਰੁੱਧ ਉਜਰ ਕੀਤਾ ਸੀ। ਉਹ ਇਕ-ਦੋ ਦਿਨਾਂ ਦੀ ਪੇਸ਼ੀ ਚਾਹੁੰਦਾ ਸੀ। ਜਦੋਂ ਜੱਜ ਨੇ ਪੈਰਾਂ ’ਤੇ ਪਾਣੀ ਹੀ ਨਾ ਪੈਣ ਦਿੱਤਾ ਤਾਂ ਗੁਰਮੀਤ ਨੇ ਨਿਆਂ-ਪਾਲਿਕਾ ਦੇ ਫ਼ਰਜ਼ਾਂ ’ਤੇ ਇਕ ਲੰਬਾ ਲੈਕਚਰ ਝਾੜਿਆ ਸੀ। ਨਾਲ ਹੀ ਰਾਤ ਕੋਠੀ ਵਿਚ ਘੜੀ ਗਈ ਸਾਜ਼ਿਸ਼ ਦਾ ਜ਼ਿਕਰ ਕੀਤਾ ਸੀ।

ਇਸ ਨੁਕਤਾ-ਚੀਨੀ ’ਤੇ ਜੱਜ ਖਿਝ ਗਿਆ। ਉਸ ਨੇ ਸਫ਼ਾਈ ਧਿਰ ਦੇ ਸਾਰੇ ਵਕੀਲਾਂ ਨੂੰ ਸਬਕ ਸਿਖਾਉਣ ਦਾ ਤਹੱਈਆ ਕਰ ਲਿਆ। ਆਪ ਤਾਂ ਜੋ ਉਹ ਵਿਗਾੜ ਸਕਿਆ

ਵਿਗਾੜੇਗਾ ਹੀ, ਹੇਠਲੀਆਂ ਅਦਾਲਤਾਂ ਨੂੰ ਵੀ ਇਸ਼ਾਰਾ ਕਰ ਦਿੱਤਾ। ਤਿੰਨਾਂ ਵਿਚੋਂ ਕਿਸੇ ਵਕੀਲ ਨੂੰ ਵੀ 'ਰਲੀਫ਼' ਨਾ ਦਿੱਤਾ ਜਾਵੇ। ਉਹਨਾਂ ਨਾਲ ਬਦਸਲੂਕੀ ਕੀਤੀ ਜਾਵੇ। ਕੋਲ ਖੜੇ ਸਾਇਲ ਦੀ ਇਹ ਤਸੱਲੀ ਕਰਾਈ ਜਾਵੇ ਕਿ ਜੱਜ ਵਕੀਲ 'ਤੇ ਉਵੇਂ ਲੱਗਦਾ ਹੈ ਜਿਵੇਂ ਜ਼ਖ਼ਮ 'ਤੇ ਲੂਣ। ਜਦੋਂ ਸਾਇਲ ਦੇ ਮਨ ਵਿਚ ਅਜਿਹਾ ਸ਼ੱਕ ਬੈਠ ਜਾਵੇ ਤਾਂ ਉਹ ਵਕੀਲ ਬਦਲਣ ਨੂੰ ਮਿੰਟ ਲਾਉਂਦਾ ਹੈ।

ਇਹਨਾਂ ਵਕੀਲਾਂ ਦੇ ਹਰ ਮੁਲਜ਼ਮ ਨੂੰ ਸਜ਼ਾ ਕਰੋ। ਵੱਧੋ-ਵੱਧ ਪੁਲਿਸ ਰਿਮਾਂਡ ਦੇਵੋ। ਕਿਸੇ ਦੀ ਜ਼ਮਾਨਤ ਨਾ ਲਓ। ਉਹਨਾਂ ਨੂੰ ਸਬਕ ਸਿਖਾਉਂਦਿਆਂ ਕਿਸੇ ਹੋਰ ਨਾਲ ਜ਼ਿਆਦਤੀ ਹੋ ਜਾਵੇ, ਇਸ ਦੀ ਵੀ ਪਰਵਾਹ ਨਾ ਕਰੋ।

ਪਿਆਰੇ ਲਾਲ ਮਲੰਗ ਵਕੀਲ ਸੀ। ਨਾ ਸਾਉਣ ਸੁੱਕੇ ਨਾ ਹਾੜ ਹਰੇ। ਨਾ ਕੋਈ ਕੇਸ, ਨਾ ਉਲਟ ਹੋਣ ਦਾ ਡਰ।

ਗੁਰਮੀਤ ਵੀ ਨਵਾਂ-ਨਵਾਂ ਆਇਆ ਸੀ। ਜਿਹੜੇ ਦੋ-ਚਾਰ ਕੇਸ ਉਸ ਕੋਲ ਸਨ, ਉਹਨਾਂ ਦਾ ਪਤਾ ਨਹੀਂ ਕਦੋਂ ਫ਼ੈਸਲਾ ਹੋਣਾ ਸੀ। ਵੈਸੇ ਵੀ ਉਸ ਦੇ ਸਾਇਲਾਂ ਵਿਚ ਹੋਰ ਵਕੀਲ ਕਰਨ ਦੀ ਪਰੋਖੋਂ ਨਹੀਂ ਸੀ।

ਮੋਹਨ ਜੀ ਸਭ ਤੋਂ ਵੱਧ ਪ੍ਰਭਾਵਤ ਸੀ। ਉਸ ਦਾ ਧੜਾਧੜ ਨੁਕਸਾਨ ਹੋ ਰਿਹਾ ਸੀ। ਉਹ ਘਬਰਾਇਆ ਹੋਇਆ ਸੀ। ਵਕੀਲਾਂ ਦਾ ਇਕ ਧੜਾ ਉਸ ਦੇ ਖ਼ਿਲਾਫ਼ ਪ੍ਰਚਾਰ ਕਰਨ ਵਿਚ ਰੁੱਝਾ ਹੋਇਆ ਸੀ। ਉਸ ਦੇ ਹਰ ਸਾਇਲ ਨੂੰ ਬੁਲਾ ਕੇ ਸਮਝਾਇਆ ਜਾ ਰਿਹਾ ਸੀ। ਜੱਜ ਮੋਹਨ ਜੀ ਦੇ ਖ਼ਿਲਾਫ਼ ਹੈ। ਬੱਚੂ, ਹਰ ਹਾਲਤ ਵਿਚ ਸਜ਼ਾ ਹੋਏਗੀ। ਕੁਝ ਡਰੂ ਸਾਇਲ ਖਿਸਕ ਗਏ ਸਨ। ਬਹੁਤੇ ਖਿਸਕਣ ਵਾਲੇ ਸਨ।

ਉਹ ਮੰਗ ਕਰ ਰਿਹਾ ਸੀ, ਸੰਮਤੀ ਕੁਝ ਕਰੇ। ਸੰਮਤੀ ਨੇ ਕੁਝ ਨਾ ਕੀਤਾ ਤਾਂ ਉਹ ਦਿਨਾਂ ਵਿਚ ਹੀ ਬੇਰੋਜ਼ਗਾਰ ਹੋ ਜਾਏਗਾ। ਵਿਆਹ ਪਿੱਛੋਂ ਲੋਈ ਕਿਸ ਕੰਮ ਆਏਗੀ ?

ਸੰਮਤੀ ਦੇ ਵਰਕਰਾਂ ਦੀ ਵੀ ਇਹੋ ਮੰਗ ਸੀ। ਉਹਨਾਂ 'ਤੇ ਵੀ ਸਕੰਜਾ ਕੱਸਿਆ ਜਾ ਰਿਹਾ ਸੀ।

ਸੰਮਤੀ ਦੇ ਵਰਕਰਾਂ ਦਾ ਪੁਰਾਣਾ ਰਿਕਾਰਡ ਕੱਢ ਲਿਆ ਗਿਆ ਸੀ। ਥਾਣੇ ਵਾਲਿਆਂ ਨੇ ਅਜਿਹੇ ਕੇਸਾਂ ਦੀ ਲਿਸਟ ਤਿਆਰ ਕਰ ਲਈ, ਜਿਨ੍ਹਾਂ ਵਿਚ ਉਹਨਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਸੀ।

ਪੁਲਿਸ ਦੀਆਂ ਅੱਖਾਂ ਵਿਚ ਰਾਜਿੰਦਰ ਸਭ ਤੋਂ ਵੱਧ ਰੜਕਦਾ ਸੀ। ਉਸ ਨੂੰ ਪੰਜ ਸਾਲ ਪਹਿਲਾਂ ਹੋਏ ਇਕ ਕਤਲ ਕੇਸ ਵਿਚ ਫੜੇ ਜਾਣ ਦੀ ਯੋਜਨਾ ਬਣਾਈ ਗਈ।

ਇਸ ਕੇਸ ਵਿਚ ਇਕ ਮੁਰਗੀਖ਼ਾਨੇ ਦੇ ਮਾਲਕ ਦਾ ਕਤਲ ਹੋਇਆ ਸੀ। ਵੈਸੇ ਇਹ ਕਾਰਾ ਦਹਿਸ਼ਤਗਰਦਾਂ ਦਾ ਸੀ ਪਰ ਉਹ ਪੁਲਿਸ ਦੇ ਹੱਥ ਨਹੀਂ ਸਨ ਆਏ।

ਥਾਣੇ ਦਾ ਜ਼ੇਰ-ਤਫ਼ਤੀਸ਼ ਪਿਆ ਇਹ ਸਭ ਤੋਂ ਵੱਧ ਪੁਰਾਣਾ ਕੇਸ ਸੀ। ਹਰ ਮੀਟਿੰਗ ਵਿਚ ਅਫ਼ਸਰ ਝਾੜਾਂ ਪਾਉਂਦੇ ਸਨ। ਦੋਸ਼ੀ ਗ੍ਰਿਫ਼ਤਾਰ ਕਰੋ। ਅਸਲ ਨਹੀਂ ਲੱਭ ਰਹੇ ਤਾਂ ਕਿਸੇ ਹੋਰ 'ਤੇ ਫਿੱਟ ਕਰੋ। ਪਿਛਲੀ ਮੀਟਿੰਗ ਵਿਚ ਸਾਹਿਬ ਨੇ ਤਾੜਨਾ ਕੀਤੀ ਸੀ। ਜੇ ਇਸ ਮਹੀਨੇ ਵੀ ਚਲਾਨ ਪੇਸ਼ ਨਾ ਕੀਤਾ ਗਿਆ ਤਾਂ ਸਖ਼ਤ ਕਾਰਵਾਈ ਹੋਏਗੀ।

ਇਕੋ ਤੀਰ ਨਾਲ ਦੋ ਨਿਸ਼ਾਨੇ ਫੁੰਡਣ ਦਾ ਪੁਲਿਸ ਲਈ ਇਹ ਵਧੀਆ ਮੌਕਾ ਸੀ। ਇਸ



ਕੇਸ ਨੂੰ ਸੁਰਜੀਤ ਕੀਤਾ ਗਿਆ। ਇਕ ਅਜਿਹੇ ਗਵਾਹ ਦਾ ਬਿਆਨ ਲਿਖਿਆ ਗਿਆ ਜਿਹੜਾ ਸੰਮਤੀ ਦੀ ਪਹੁੰਚ ਤੋਂ ਬਾਹਰ ਸੀ। ਉਹ ਦੋ ਮਹੀਨੇ ਪਹਿਲਾਂ ਹੀ ਮਰ ਚੁੱਕਾ ਮਿਹਰਦੀਨ ਸੀ।

ਉਹ ਟੈਕਸੀ ਚਲਾਉਂਦਾ ਹੁੰਦਾ ਸੀ। ਕਤਲ ਤੋਂ ਇਕ ਦਿਨ ਪਹਿਲਾਂ ਰਾਜਿੰਦਰ ਮਿਹਰਦੀਨ ਦੀ ਟੈਕਸੀ ਵਿਚ ਪੋਲਟਰੀ-ਫ਼ਾਰਮ 'ਤੇ ਗਿਆ ਸੀ। ਆਂਡਿਆਂ ਦੇ ਭਾਅ 'ਤੇ ਦੋਹਾਂ ਵਿਚ ਤਕਰਾਰ ਹੋਇਆ ਸੀ। ਰਾਜਿੰਦਰ ਨੇ ਉਸ ਦੇ ਸਾਹਮਣੇ ਮਾਲਕ ਨੂੰ ਸਬਕ ਸਿਖਾਉਣ ਦੀ ਧਮਕੀ ਦਿੱਤੀ ਸੀ। ਦਸਾਂ ਕੁ ਦਿਨਾਂ ਪਿੱਛੋਂ ਰਾਜਿੰਦਰ ਉਸ ਨੂੰ ਫੇਰ ਮਿਲਿਆ ਸੀ। ਰਾਜਿੰਦਰ ਨਸ਼ੇ ਵਿਚ ਧੁੱਤ ਸੀ। ਉਸ ਨੇ ਮਿਹਰਦੀਨ ਨੂੰ ਦੱਸਿਆ ਸੀ ਕਿ ਉਸ ਨਾਲ ਬਦਸਲੂਕੀ ਕਰਨ ਵਾਲੇ ਲਾਲੇ ਦਾ ਉਸ ਨੇ ਫਾਹਾ ਵੱਢ ਸੁੱਟਿਐ। ਗਵਾਹ ਰਾਜਿੰਦਰ ਤੋਂ ਡਰਦਾ ਪੰਜ ਸਾਲ ਚੁੱਪ ਰਿਹਾ। ਮਰਨ ਲੱਗਿਆਂ ਉਹ ਮਨ 'ਤੇ ਬੋਝ ਨਹੀਂ ਸੀ ਰੱਖਣਾ ਚਾਹੁੰਦਾ। ਆਖ਼ਰੀ ਸਾਹ ਲੈਣ ਤੋਂ ਪਹਿਲਾਂ ਉਸ ਨੇ ਪੁਲਿਸ ਨੂੰ ਬੁਲਾ ਕੇ ਆਪਣਾ ਬਿਆਨ ਦਰਜ ਕਰਵਾਇਆ ਤੇ ਸਦਾ ਦੀ ਨੀਂਦ ਸੌਂ ਗਿਆ।

ਰਾਜਿੰਦਰ ਨੂੰ ਗ੍ਰਿਫ਼ਤਾਰ ਕਰਨ ਲਈ ਹਾਲੇ ਇੰਨੀ ਗਵਾਹੀ ਹੀ ਕਾਫ਼ੀ ਸੀ।

ਸ਼ਾਮੂ ਲਈ ਚੋਰੀ ਦਾ ਕੇਸ ਤਿਆਰ ਕੀਤਾ ਗਿਆ।

ਕਰੀਬ ਇਕ ਸਾਲ ਪਹਿਲਾਂ ਕਾਲਜ ਦੀ ਪ੍ਰਯੋਗਸ਼ਾਲਾ ਵਿਚੋਂ ਲੱਖਾਂ ਰੁਪਏ ਦਾ ਸਾਮਾਨ ਚੋਰੀ ਹੋਇਆ ਸੀ। ਇਸ ਸੰਬੰਧ ਵਿਚ ਪੁਲਿਸ ਕੋਲ ਕੇਸ ਦਰਜ ਸੀ।

ਉਂਝ ਸਭ ਨੂੰ ਪਤਾ ਸੀ, ਇਹ ਪਰਚਾ ਇਕ ਰਸਮੀ ਕਾਰਵਾਈ ਸੀ। ਆਈ ਗ੍ਰਾਂਟ ਦੀ ਸਾਰੀ ਰਕਮ ਪ੍ਰਿੰਸੀਪਲ ਛਕ ਗਿਆ ਸੀ। ਸਾਮਾਨ ਕਾਗ਼ਜ਼ੀਂ-ਪੱਤਰੀਂ ਹੀ ਆਇਆ ਸੀ, ਪਰਚੇ ਨਾਲ ਜਾਅਲੀ ਖ਼ਰੀਦ ਕੱਜੀ ਜਾਣੀ ਸੀ, ਨਾਲੇ ਬੀਮਾ ਕੰਪਨੀ ਤੋਂ ਮੁਆਵਜ਼ਾ ਮਿਲ ਜਾਣਾ ਸੀ। ਮਿਲੇ ਮੁਆਵਜ਼ੇ ਦਾ ਸਾਮਾਨ ਖ਼ਰੀਦ ਲਿਆ ਜਾਣਾ ਸੀ। ਸਮਾਨ ਵੀ ਪੂਰਾ ਤੇ ਜੇਬਾਂ ਵੀ ਗਰਮ। ਇਸ ਸਾਜ਼ਿਸ਼ ਵਿਚ ਪੁਲਿਸ ਦੀ ਮਿਲੀ-ਭੁਗਤ ਸੀ। ਇਸ ਲਈ ਪਰਚਾ ਦਰਜ ਹੁੰਦਿਆਂ ਹੀ ਤਫ਼ਤੀਸ਼ ਠੱਪ ਹੋ ਗਈ ਸੀ।

ਹੁਣ ਇਸ ਕੇਸ ਵਿਚ ਵੀ ਕਾਰਵਾਈ ਪੈ ਜਾਣੀ ਸੀ। ਪ੍ਰਿੰਸੀਪਲ ਕੋਲੋਂ ਪੰਜ-ਚਾਰ ਸੌ ਦਾ ਸਾਮਾਨ ਮੰਗਵਾ ਕੇ ਥਾਣੇ ਰੱਖ ਲਿਆ ਗਿਆ ਸੀ। ਉਹ ਸਾਮਾਨ ਸ਼ਾਮੂ ਕੋਲੋਂ ਬਰਾਮਦ ਹੋਇਆ ਦਿਖਾ ਕੇ ਸਾਰੇ ਮਸਲੇ ਹੱਲ ਹੋ ਜਾਣੇ ਸਨ।

ਬਾਬੇ ਨੂੰ ਫੜਨ ਲਈ ਪਹਿਲਾਂ ਵਾਲਾ ਕੇਸ ਹੀ ਕਾਫ਼ੀ ਸੀ। ਦੋ ਗਵਾਹ ਖੜੇ ਕੀਤੇ ਗਏ। ਉਹਨਾਂ ਦੇ ਚਾਰ-ਚਾਰ ਡਾਂਗਾਂ ਲਾਈਆਂ ਗਈਆਂ। ਫੇਰ ਡਾਕਟਰੀ ਕਰਾਈ ਗਈ। ਗਵਾਹਾਂ ਵੱਲੋਂ ਰਪਟ ਦਰਜ ਹੋਈ। "ਉਹ ਬਾਬੇ ਦੇ ਖ਼ਿਲਾਫ਼ ਦਰਜ ਹੋਏ ਕੇਸ ਦੇ ਗਵਾਹ ਸਨ। ਰਾਤ ਬਾਬਾ ਕੁਝ 'ਸਮਰਥਕਾਂ' ਨੂੰ ਲੈ ਕੇ ਉਹਨਾਂ ਦੇ ਘਰ ਆਇਆ ਸੀ। ਉਹਨਾਂ ਨੂੰ ਧਮਕੀ ਦਿੱਤੀ ਸੀ। ਜੇ ਬਾਬੇ ਖ਼ਿਲਾਫ਼ ਗਵਾਹੀ ਦਿੱਤੀ ਤਾਂ ਠਿਕਾਣੇ ਲਾ ਦਿੱਤਾ ਜਾਏਗਾ। ਉਹਨਾਂ ਨੂੰ ਬਾਬੇ ਤੋਂ ਖ਼ਤਰਾ ਸੀ।"

ਇਸ ਰਪਟ ਦੇ ਆਧਾਰ 'ਤੇ ਬਾਬੇ ਦੀ ਜ਼ਮਾਨਤ ਰੱਦ ਕਰਵਾਈ ਜਾ ਸਕਦੀ ਸੀ। 'ਸਮਰਥਕਾਂ' ਵਿਚ ਕਿਸੇ ਵੀ ਕਾਰਕੁਨ ਨੂੰ ਲੋੜ ਅਨੁਸਾਰ ਫੜਿਆ ਜਾ ਸਕੇ, ਇਸ ਲਈ ਮਿਸਲ ਦਾ ਮੂੰਹ ਖੁੱਲ੍ਹਾ ਰੱਖਿਆ ਗਿਆ ਸੀ।

ਗੁਰਮੀਤ ਨੂੰ ਵੀ ਹੇਰਾ-ਫੇਰੀ ਅਤੇ ਕੁਰੱਪਸ਼ਨ ਦੇ ਇਕ ਕੇਸ ਵਿਚ ਉਲਝਾਉਣ ਦੀ ਯੋਜਨਾ ਸੀ। ਜਦੋਂ ਉਹ ਸਰਕਾਰੀ ਵਕੀਲ ਸੀ ਤਾਂ ਉਸ ਨੇ ਛੱਬੀ ਦੇ ਇਕ ਦੋਸ਼ੀ ਤੋਂ ਪੰਜ ਹਜ਼ਾਰ ਰੁਪਿਆ ਲਿਆ ਸੀ, ਉਸ ਨੂੰ ਬਰੀ ਕਰਾਉਣ ਦਾ। ਬਿਨਾਂ ਉਸ ਦਾ ਕੰਮ ਕਰਾਇਆਂ ਹੀ ਗੁਰਮੀਤ ਨੌਕਰੀ

ਛੱਡ ਗਿਆ। ਗੁਰਮੀਤ ਉਸ ਨੂੰ ਪੈਸੇ ਵਾਪਸ ਨਹੀਂ ਸੀ ਕਰ ਰਿਹਾ। ਕਾਰਵਾਈ ਕੀਤੀ ਜਾਵੇ। ਇਸ ਤਰ੍ਹਾਂ ਦੀ ਇਕ ਦਰਖ਼ਾਸਤ ਪੁਲਿਸ ਨੇ ਕਿਸੇ ਕੋਲੋਂ ਲਈ ਸੀ।

ਬਾਕੀ ਸਮਰਥਕਾਂ ਲਈ ਇਕ ਚਗਲ ਔਰਤ ਨੂੰ ਥਾਣੇ ਬਿਠਾਇਆ ਗਿਆ। ਲੋੜ ਪੈਣ ’ਤੇ ਪੁਲਿਸ ਵਾਲੇ ਪਹਿਲਾਂ ਉਸ ਨਾਲ ਜਬਰ-ਜਿਨਾਹ ਕਰਨਗੇ। ਫੇਰ ਇਸ ਦੋਸ਼ ਹੇਠ ਸੰਮਤੀ ਵਾਲਿਆਂ ਖ਼ਿਲਾਫ਼ ਪਰਚਾ ਦਰਜ ਕਰਨਗੇ। ਇਸ ਕੇਸ ਦਾ ਪੁਲਿਸ ਨੂੰ ਦੂਹਰਾ ਫ਼ਾਇਦਾ ਹੋਏਗਾ। ਉਹ ਦੋਸ਼ੀਆਂ ਨੂੰ ਗ੍ਰਿਫ਼ਤਾਰ ਤਾਂ ਕਰਨਗੇ ਹੀ, ਨਾਲੇ ਮੂੰਹ ਕਾਲਾ ਕਰ ਕੇ ਜਲੂਸ ਵੀ ਕੱਢਣਗੇ। ਲੋਕਾਂ ਵਿਚ ਉਹਨਾਂ ਦੀਆਂ ਕਾਲੀਆਂ ਕਰਤੂਤਾਂ ਦਾ ਭਾਂਡਾ ਭੰਨਣਗੇ ਅਤੇ ਉਹਨਾਂ ਦੀ ਸ਼ਾਖ਼ ਵਿਗਾੜਨਗੇ।

ਪੁਲਿਸ ਵੱਲੋਂ ਸਾਰੀ ਲਿਖਾ-ਪੜ੍ਹੀ ਮੁਕੰਮਲ ਸੀ। ਉਪਰੋਂ ਇਸ਼ਾਰਾ ਮਿਲਦਿਆਂ ਹੀ ਉਹ ਧੂੰਆਂ-ਧਾਰ ਗ੍ਰਿਫ਼ਤਾਰੀਆਂ ਕਰ ਸਕਦੀ ਸੀ।

ਸੰਮਤੀ ਦੇ ਕਾਰਕੁਨਾਂ ਦੇ ਨਾਲ-ਨਾਲ ਗਵਾਹਾਂ ਅਤੇ ਉਹਨਾਂ ਨੂੰ ਪਨਾਹ ਦੇਣ ਵਾਲੇ ਹਮਦਰਦਾਂ ਵਿਚ ਵੀ ਸਹਿਮ ਫੈਲ ਰਿਹਾ ਸੀ। ਪੁਲਿਸ ਦੇ ਸੂਹੀਏ ਉਹਨਾਂ ਨੂੰ ਕੁੱਤਿਆਂ ਵਾਂਗ ਸੁੰਘਦੇ ਫਿਰਦੇ ਸਨ। ਕਿਸੇ ਵੀ ਸਮੇਂ, ਕਿਤੇ ਵੀ ਛਾਪਾ ਪੈ ਸਕਦਾ ਸੀ।

ਸੰਮਤੀ ਨੂੰ ਗਵਾਹਾਂ ਅਤੇ ਹਮਦਰਦਾਂ ਬਾਰੇ ਵਧੇਰੇ ਚਿੰਤਾ ਸੀ।

ਅਗਲੀ ਪੇਸ਼ੀ ਵਿਚ ਮਹੀਨਾ ਪਿਆ ਸੀ। ਇਹ ਵੀ ਕੋਈ ਗਰੰਟੀ ਨਹੀਂ ਸੀ ਕਿ ਅਗਲੀ ਪੇਸ਼ੀ ਗਵਾਹ ਭੁਗਤ ਹੀ ਜਾਣ। ਜਿਸ ਹਿਸਾਬ ਨਾਲ ਸਰਕਾਰੀ ਮਸ਼ੀਨਰੀ ਵਿਚ ਤਾਲਮੇਲ ਬੈਠਿਆ ਹੋਇਆ ਸੀ, ਉਸ ਹਿਸਾਬ ਤਾਂ ਓਨਾ ਚਿਰ ਤੱਕ ਪੇਸ਼ੀਆਂ ਮਿਲਦੀਆਂ ਰਹਿਣੀਆਂ ਸਨ, ਜਿੰਨਾ ਚਿਰ ਤਕ ਪੁਲਿਸ ਨੂੰ ਯਕੀਨ ਨਹੀਂ ਹੋ ਜਾਂਦਾ ਕਿ ਸਾਰੇ ਗਵਾਹ ਉਸ ਦੇ ਹੱਕ ਵਿਚ ਭੁਗਤਣਗੇ।

ਬਹੁਤੇ ਗਵਾਹ ਸਾਧਾਰਨ ਪਰਿਵਾਰਾਂ ਨਾਲ ਸੰਬੰਧ ਰੱਖਦੇ ਹਨ। ਆਥਣ-ਉਗਣ ਕਮਾ ਕੇ ਖਾਣ ਵਾਲੇ ਕਬੀਲਦਾਰ ਸਨ। ਮਹੀਨਿਆਂ ਬੱਧੀ ਨਾ ਉਹਨਾਂ ਨੂੰ ਘਰੋਂ ਅਲੱਗ ਰੱਖਿਆ ਜਾ ਸਕਦਾ ਸੀ ਨਾ ਕੰਮੋਂ-ਕਾਰੋਂ। ਕਿਸੇ ਦੀ ਨੌਕਰੀ ਛੁੱਟ ਜਾਣੀ ਸੀ, ਕਿਸੇ ਦਾ ਕਾਰੋਬਾਰ ਠੱਪ ਹੋ ਜਾਣਾ ਸੀ ਤੇ ਕਿਸੇ ਦੀ ਫ਼ਸਲ ਉੱਜੜ ਜਾਣੀ ਸੀ।

ਗਵਾਹਾਂ ਨੂੰ ਘਰ ਵੀ ਨਹੀਂ ਸੀ ਭੇਜਿਆ ਜਾ ਸਕਦਾ। ਘਰ ਵੜਦਿਆਂ ਹੀ ਪੁਲਿਸ ਨੇ ਉਹਨਾਂ ਨੂੰ ਚੁੱਕ ਕੇ ਲੈ ਜਾਣਾ ਸੀ।

ਲੀਗਲ ਸੈੱਲ ਕੋਲ ਗਵਾਹਾਂ ਨੂੰ ਕਾਨੂੰਨੀ ਰਾਹਤ ਦਿਵਾਉਣ ਦਾ ਕੋਈ ਹੀਲਾ ਨਹੀਂ ਸੀ। ਅਜਿਹੀ ਸਥਿਤੀ ਵਿਚ ਗਵਾਹਾਂ ਦੀ ਰੱਖਿਆ ਲਈ ਕੋਈ ਕਾਨੂੰਨ ਨਹੀਂ ਬਣਿਆ।

ਜੀਵਨ ਆੜ੍ਹਤੀਆ ਜ਼ਰੂਰ ਗਵਾਹਾਂ ਨੂੰ ਗੁਪਤਵਾਸ ਵਿਚ ਹੀ ਰੱਖਣਾ ਚਾਹੁੰਦਾ ਸੀ। ਉਹ ਉਹਨਾਂ ਦੇ ਪਰਿਵਾਰਾਂ ਦਾ ਖ਼ਰਚ ਝੱਲਣ ਲਈ ਤਿਆਰ ਸੀ।

ਪਰ ਸੰਮਤੀ ਕਿਸੇ ਵੀ ਅਜਿਹੇ ਗਵਾਹ ਨੂੰ ਪੁਲਿਸ ਦੇ ਹਵਾਲੇ ਨਹੀਂ ਸੀ ਕਰ ਸਕਦੀ ਜਿਸ ਨੇ ਸੰਮਤੀ ਦਾ ਸਾਥ ਦਿੱਤਾ ਸੀ। ਸਵਾਲ ਸਿਧਾਂਤਾਂ ਦਾ ਸੀ। ਗਵਾਹੀ ਦੇ ਅਹਿਮ ਹੋਣ ਜਾਂ ਨਾ ਹੋਣ ਦਾ ਨਹੀਂ ਸੀ।

ਅੱਗੋਂ ਤੋਂ ਕੀ ਰੁਖ਼ ਅਪਣਾਇਆ ਜਾਏ ? ਇਹ ਵਿਚਾਰਨ ਲਈ ਸੰਮਤੀ ਦੀ ਗੁਪਤ ਮੀਟਿੰਗ ਰੱਖੀ ਗਈ।

ਬਹੁਤੇ ਕਾਰਕੁਨਾਂ ਦਾ ਵਿਚਾਰ ਬਚਾਅ ਦੀ ਨੀਤੀ ਨਾਲੋਂ ਹਮਲੇ ਦੀ ਨੀਤੀ ਅਪਣਾਏ



ਜਾਣ ਦਾ ਸੀ। ਬਚਾਅ ਇੱਟ ਦਾ ਜਵਾਬ ਪੱਥਰ ਨਾਲ ਦੇ ਕੇ ਹੀ ਹੋ ਸਕਦਾ ਸੀ।

ਬਾਬਾ ਜੀ ਦਾ ਵਿਚਾਰ ਸੀ ਕਿ ਲੋਕਾਂ ਨੂੰ ਇਨਸਾਫ਼ ਦਿਵਾਉਣ ਵਾਲੀਆਂ ਤਿੰਨੋਂ ਏਜੰਸੀਆਂ ਪੁਲਿਸ, ਪ੍ਰਾਸੀਕਿਊਸ਼ਨ ਅਤੇ ਨਿਆਂ-ਪਾਲਿਕਾ ਆਪਣੇ ਫ਼ਰਜ਼ ਭੁਲਾਈ ਬੈਠੀਆਂ ਹਨ। ਤਿੰਨਾਂ ਸਾਹਮਣੇ ਇਕੋ ਉਦੇਸ਼ ਹੈ, ਮੌਕੇ ਦੀ ਸਰਕਾਰ ਨੂੰ ਖ਼ੁਸ਼ ਕਰਨਾ ਅਤੇ ਵੱਧੋ-ਵੱਧ ਪੈਸੇ ਬਟੋਰਨਾ।

ਕਾਮਯਾਬੀ ਹਾਸਲ ਕਰਨ ਲਈ ਸੰਮਤੀ ਨੇ ਤਿੰਨਾਂ ਧਿਰਾਂ ਖ਼ਿਲਾਫ਼ ਜੱਹਾਦ ਛੇੜਨਾ ਸੀ।

ਜੱਜ ਅਤੇ ਸਰਕਾਰੀ ਵਕੀਲ ਸ਼ਰੇਆਮ ਰਿਸ਼ਵਤ ਲੈਂਦੇ ਸਨ। ਇਹਨਾਂ ਨੂੰ ਕੁਰੱਪਸ਼ਨ ਦੇ ਕੇਸਾਂ ਵਿਚ ਉਲਝਾਇਆ ਜਾਵੇ।

ਨਾਥ ਸਾਹਿਬ ਦੀ ਪੜਤਾਲ ਕਰਾਉਣ ਦੀ ਜ਼ਿੰਮੇਵਾਰੀ ਗੁਰਮੀਤ ਨੇ ਆਪਣੇ ਜ਼ਿੰਮੇ ਲਈ। ਉਸ ਨੂੰ ਨਾਥ ਬਾਰੇ ਕਾਫ਼ੀ ਕੁਝ ਪਤਾ ਸੀ।

ਨਾਥ ਜਲੰਧਰ ਦਾ ਰਹਿਣ ਵਾਲਾ ਸੀ। ਉਸ ਦਾ ਬਾਪ ਇਕ ਪ੍ਰਾਇਮਰੀ ਸਕੂਲ ਮਾਸਟਰ ਸੀ। ਸਾਰੀ ਉਮਰ ਮਾਸਟਰ ਨੂੰ ਮਕਾਨ ਨਹੀਂ ਸੀ ਜੁੜਿਆ। ਕੁੜੀਆਂ ਦੇ ਵਿਆਹ ਉਸ ਨੇ ਕਰਜ਼ਾ ਚੁੱਕ-ਚੁੱਕ ਕੀਤੇ ਸਨ।

ਨਾਥ ਪੜ੍ਹਾਈ ਵਿਚ ਹੁਸ਼ਿਆਰ ਸੀ। ਦਸਵੀਂ ਪਾਸ ਕਰਦਿਆਂ ਹੀ ਨਗਰ-ਪਾਲਿਕਾ ਵਿਚ ਮੁਹੱਰਰ ਲੱਗ ਗਿਆ। ਰਾਤ ਦੀ ਡਿਊਟੀ ਸਮੇਂ ਪੜ੍ਹਦਾ ਰਹਿੰਦਾ। ਪਹਿਲਾਂ ਬੀ.ਏ. ਕੀਤੀ, ਫੇਰ ਲਾਅ। ਆਖ਼ਿਰ ਜੱਜ ਬਣ ਗਿਆ।

ਜੱਜ ਬਣਦਿਆਂ ਹੀ ਗੋਬਿੰਦਗੜ੍ਹ ਦੇ ਸਨਅਤਕਾਰਾਂ ਨੇ ਨਾਥ ਸਾਹਿਬ ਨੂੰ ਖ਼ਰੀਦ ਲਿਆ। ਪੰਜ ਲੱਖ ਨਕਦ, ਕਾਰ ਅਤੇ ਕੁੜੀ ਦੇ ਕੇ।

ਆਲੀਸ਼ਾਨ ਕੋਠੀਆਂ ਵਿਚੋਂ ਆਈ ਸੁਨੀਤਾ ਨੂੰ ਨਾਥ ਸਾਹਿਬ ਦੇ ਘਰੋਂ ਬੂ ਆਉਣ ਲੱਗੀ। ਬਿਨਾਂ ਫਲੱਸ਼ ਵਾਲੀਆਂ ਟੱਟੀਆਂ ਕਾਰਨ ਉਸ ਨੂੰ ਕਬਜ਼ ਰਹਿਣ ਲੱਗੀ।

ਨਾਥ ਦਾ ਸਟੈਂਡਰਡ ਉੱਚਾ ਚੁੱਕਣ ਲਈ ਪਹਿਲਾਂ-ਪਹਿਲ ਸਹੁਰਿਆਂ ਨੇ ਮਦਦ ਕੀਤੀ। ਕਦੇ ਮਿਲਣ ਆਏ ਕੂਲਰ ਲਗਵਾ ਗਏ, ਕਦੇ ਗਲੀਚਾ ਵਿਛਵਾ ਗਏ।

ਫੇਰ ਕਰੋੜਪਤੀ ਸਾਲਿਆਂ, ਸਾਂਢੂਆ ਨੂੰ ਦੇਖ-ਦੇਖ ਨਾਥ ਸਾਹਿਬ ਨੂੰ ਵੀ ਰਹਿਣ-ਸਹਿਣ ਦਾ ਸਲੀਕਾ ਆ ਗਿਆ। ਪੈਸਾ ਬਣਾਉਣ ਦਾ ਸਲੀਕਾ ਵੀ ਰਿਸ਼ਤੇਦਾਰਾਂ ਨੇ ਸਿਖਾ ਦਿੱਤਾ।

ਹੁਣ ਉਹ ਵੀ ਲੱਖਾਂ ਦੀ ਜਾਇਦਾਦ ਦਾ ਮਾਲਕ ਸੀ। ਫ਼ਾਰਮ ਬਣਾ ਲਏ, ਕਾਰਖ਼ਾਨਿਆਂ ਵਿਚ ਹਿੱਸੇ ਪਾ ਲਏ, ਪਲਾਟ ਖ਼ਰੀਦ ਲਏ ਅਤੇ ਕੋਠੀਆਂ ਉਸਾਰ ਲਈਆਂ। ਸਾਲੇ, ਸਾਲੀਆਂ ਦੀਆਂ ਵਿਆਹ ਸ਼ਾਦੀਆਂ ’ਤੇ ਜਾਂਦਿਆਂ ਹੁਣ ਉਸ ਨੂੰ ਸ਼ਰਮ ਦੇ ਮਾਰੇ ਮੂੰਹ ਨਹੀਂ ਲੁਕਾਉਣਾ ਪੈਂਦਾ। ਉਹ ਵੀ ਰਿਸ਼ਤੇਦਾਰਾਂ ਦੇ ਬਰਾਬਰ ਢੁੱਕਦਾ ਸੀ।

ਨਾਥ ਨੂੰ ਹੱਥ ਪਾਉਣਾ ਖ਼ਾਲਾ ਜੀ ਦਾ ਵਾੜਾ ਨਹੀਂ ਸੀ। ਉਸ ਦੀ ਬਹੁਤੀ ਜਾਇਦਾਦ ਕੁੱਤਿਆਂ-ਬਿੱਲਿਆਂ ਦੇ ਨਾਂ ਸੀ। ਜਿਹੜੀ ਉਸ ਦੇ ਆਪਣੇ ਨਾਂ ਸੀ, ਉਸ ਦਾ ਉਸ ਕੋਲ ਪੂਰਾ-ਪੂਰਾ ਹਿਸਾਬ-ਕਿਤਾਬ ਸੀ। ਕਦੇ ਸਹੁਰਿਆਂ ਵੱਲੋਂ ਪਤਨੀ ਨੂੰ ਗਿਫ਼ਟ ਆ ਜਾਂਦਾ ਸੀ ਅਤੇ ਕਦੇ ਕਿਸੇ ਫ਼ਰਮ ਵਿਚੋਂ ਲਾਭ।

ਯੋਜਨਾ ਤਾਂ ਇਹ ਸੀ ਕਿ ਉਸ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਫੜਾਇਆ ਜਾਵੇ ਪਰ ਇਹ ਵੀ ਅਸੰਭਵ ਸੀ। ਉਹ ਆਪਣੇ ਹੱਥੀਂ ਪੈਸੇ ਫੜਦਾ ਹੀ ਨਹੀਂ। ਇਸ ਕੰਮ ਲਈ ਉਸ ਨੇ ਖ਼ਾਸ-ਖ਼ਾਸ ਬੰਦੇ ਰੱਖੇ ਹੋਏ ਸਨ। ਸ਼ਹਿਰ ਦੇ ਸੇਠ, ਪਿੰਡਾਂ ਦੇ ਸਰਦਾਰ ਜਾਂ ਫੇਰ ਭੰਡਾਰੀ ਵਰਗੇ

ਰਈਸ ਵਕੀਲ। ਉਹ ਕਦੋਂ ਫ਼ੀਸ ਦੀ ਗੱਲ ਕਰਦੇ ਹਨ, ਕਦੋਂ ਨੋਟ ਫੜਦੇ ਹਨ ਅਤੇ ਕਦੋਂ ਜੱਜ ਕੋਲ ਪਹੁੰਚਾਉਂਦੇ ਹਨ, ਕੋਈ ਪਤਾ ਨਹੀਂ ਲੱਗਦਾ। ਨੋਟ ਉਸੇ ਤਰ੍ਹਾਂ ਪਹੁੰਚਾਏ ਜਾਂਦੇ ਹਨ ਜਾਂ ਬਦਲੀ ਕਰ ਕੇ, ਇਹ ਵੀ ਪਤਾ ਨਹੀਂ ਲੱਗਦਾ। ਜਾਂਦੇ ਵੀ ਹਨ ਜਾਂ ਖਾਤਿਆਂ ਵਿਚ ਜਮ੍ਹਾਂ ਹੋ ਜਾਂਦੇ ਹਨ, ਇਸ ਬਾਰੇ ਵੀ ਉੱਘ-ਸੁੱਘ ਨਹੀਂ ਮਿਲਦੀ।

ਰੰਗੇ ਹੱਥੀਂ ਫੜਾਉਣਾ ਹੈ ਤਾਂ ਬਚਨ ਸਿੰਘ ਨੂੰ ਫੜਾਇਆ ਜਾਵੇ।

ਉਸ ਦਾ ਕੰਮ ਖੁੱਲ੍ਹਾ ਹੈ। ਕੰਟੀਨ ਵਾਲੇ ਰਾਹੀਂ, ਨਾਇਬ-ਕੋਰਟ, ਮੁਨਸ਼ੀ ਜਾਂ ਵਕੀਲ ਰਾਹੀਂ। ਜਿਸ ਮਰਜ਼ੀ ਰਾਹੀਂ ਦੇ ਆਉ। ਸਿੱਧੇ ਮਿਲ ਲਉ ਤਾਂ ਵੀ ਕੋਈ ਇਤਰਾਜ਼ ਨਹੀਂ, ਸਗੋਂ ਖ਼ੁਸ਼ ਹੋਏਗਾ। ਕਿਸੇ ਵਿਚੋਲੇ ਰਾਹੀਂ ਮਿਲਦੇ ਤਾਂ ਵਿਚੋਲੇ ਨੂੰ ਹਿੱਸਾ ਦੇਣਾ ਪੈਂਦਾ। ਸਿੱਧੀ ਆਉਣ ਵਾਲੀ ਪਾਰਟੀ ਤੋਂ ਉਹ ਘੱਟ ਪੈਸੇ ਲੈ ਲੈਂਦਾ।

ਉਸ ਨੂੰ ਫਸਾਉਣ ਲਈ ਸੰਮਤੀ ਨੂੰ ਬਹੁਤੇ ਪੈਸੇ ਖ਼ਰਚਣ ਦੀ ਲੋੜ ਨਹੀਂ। ਪਹਿਲੇ ਹੱਲੇ ਉਹ ਜ਼ਰੂਰ ਦਸ ਹਜ਼ਾਰ ਮੰਗੇਗਾ। ਜਦੋਂ ਧਿਰ ਉੱਠਣ ਲੱਗੀ ਤਾਂ ਉਹ ਰਿਆਇਤਾਂ ਵੀ ਥੋਕ ਦੇ ਭਾਅ ਕਰੇਗਾ। ਉਤਰਦਾ-ਉਤਰਦਾ ਚਾਰ-ਪੰਜ ਸੌ ਤਕ ਆ ਜਾਏਗਾ।

ਉਹ ਕਰੇ ਵੀ ਕੀ ? ਉਹ ਗੋਡੇ-ਗੋਡੇ ਕਬੀਲਦਾਰੀ ਵਿਚ ਧਸਿਆ ਹੋਇਆ ਸੀ। ਪੂਰੀਆਂ ਅੱਧੀ ਦਰਜਨ ਧੀਆਂ ਦਾ ਬਾਪ ਸੀ। ਦੋ ਵਿਆਹ ਚੁੱਕਾ ਸੀ, ਬਾਕੀ ਦੀਆਂ ਚਾਰਾਂ ਨੂੰ ਭਾਵੇਂ ਅੱਜ ਵਿਆਹ ਦੇਵੇ।

ਜਾਣਨ ਵਾਲੇ ਜਾਣਦੇ ਸਨ ਉਹ ਓਡਾ ਜ਼ਿਮੀਂਦਾਰ ਨਹੀਂ, ਜਿੱਡਾ ਆਪਣੇ ਆਪ ਨੂੰ ਆਖਦਾ ਸੀ। ਪਿੰਡ ਉਸ ਦਾ ਨਾ ਫ਼ਾਰਮ ਸੀ, ਨਾ ਬਾਗ਼। ਤਿੰਨਾਂ ਭਾਈਆਂ ਕੋਲ ਸਾਰੀ ਅੱਠ ਕਿੱਲੇ ਜ਼ਮੀਨ ਸੀ। ਠੇਕੇ ਜਿੰਨੀ ਤਾਂ ਟੱਬਰ ਕਣਕ ਖਾ ਜਾਂਦਾ ਸੀ। ਕਬੀਲਦਾਰੀ ਦਾ ਬੋਝ ਉਸ ਨੂੰ ਨੌਕਰੀ ਵਿਚੋਂ ਹੀ ਕੱਢਣਾ ਪੈਂਦਾ ਸੀ।

ਰਿਸ਼ਵਤ ਬਚਨ ਸਿੰਘ ਭਾਵੇਂ ਸ਼ਰੇਆਮ ਲੈਂਦਾ ਸੀ ਪਰ ਉਸ ਨੂੰ ਵੀ ਆਸਾਨੀ ਨਾਲ ਰੰਗੇ ਹੱਥੀਂ ਨਹੀਂ ਸੀ ਫੜਾਇਆ ਜਾ ਸਕਦਾ। ਵਿਜੀਲੈਂਸ ਵਾਲਿਆਂ ਨੂੰ ਹਰ ਘੜੀ ਸਰਕਾਰੀ ਵਕੀਲ ਦੀ ਜ਼ਰੂਰਤ ਰਹਿੰਦੀ ਸੀ। ਸੌਖਿਆਂ ਉਹ ਉਸ ’ਤੇ ਰੇਡ ਨਹੀਂ ਕਰਨ ਲੱਗੇ।

ਗੁਰਮੀਤ ਦਾ ਤਜਰਬਾ ਇਹੋ ਆਖਦਾ ਸੀ।

“ਕੋਈ ਨਹੀਂ। ਸਾਡੇ ਲਈ ਉਸ ਨੂੰ ਫੜਾਉਣਾ ਕੋਈ ਜ਼ਰੂਰੀ ਨਹੀਂ। ਸੰਮਤੀ ਦਾ ਮਕਸਦ ਮੁਲਾਜ਼ਮਾਂ ਨੂੰ ਹੁਸ਼ਿਆਰ ਕਰਨਾ ਹੈ। ਉਹ ਆਪਣੇ-ਆਪਣੇ ਘੇਰੇ ਵਿਚ ਰਹਿ ਕੇ ਕੰਮ ਕਰਨ ਤਾਂ ਠੀਕ। ਉਹ ਦਾਇਰੇ ਵਿਚੋਂ ਬਾਹਰ ਨਿਕਲਣਗੇ ਤਾਂ ਸੰਮਤੀ ਵੀ ਹਮਲਾ ਕਰੇਗੀ। ਬਚਨ ਸਿੰਘ ’ਤੇ ਰੇਡ ਹੋਣ ਨਾਲ ਹੋਰਾਂ ਨੂੰ ਕੰਨ ਤਾਂ ਹੋਣਗੇ।” ਇਹ ਬਾਬਾ ਜੀ ਦਾ ਵਿਚਾਰ ਸੀ।

ਮੋਹਨ ਜੀ ਕੋਈ ਆਸਾਮੀ ਤਿਆਰ ਕਰੇਗਾ। ਗੁਰਮੀਤ ਉਸ ਨੂੰ ਵਿਜੀਲੈਂਸ ਵਾਲਿਆਂ ਕੋਲ ਲੈ ਕੇ ਜਾਏਗਾ।

ਪੁਲਿਸ ਨੂੰ ਨੱਥ ਪਾਉਣ ਲਈ ਸਮੁੱਚਾ ਹੰਭਲਾ ਮਾਰਿਆ ਜਾਏਗਾ। ਹਰ ਪਿੰਡ ਦੀ ਇਕਾਈ ਸੁਚੇਤ ਰਹੇਗੀ, ਕਿਸੇ ਵੀ ਸਿਪਾਹੀ, ਹੌਲਦਾਰ ਨੂੰ ਪਿੰਡ ਵਿਚ ਪੁੱਠਾ ਸਿੱਧਾ ਕੰਮ ਨਹੀਂ ਕਰਨ ਦਿੱਤਾ ਜਾਵੇਗਾ। ਕੋਈ ਕਰੇ ਤਾਂ ਪਹਿਲਾਂ ਪਿੰਡ ਵਿਚ ਉਸ ਦਾ ਜਲੂਸ ਕੱਢਿਆ ਜਾਏਗਾ। ਫੇਰ ਉੱਚ-ਅਧਿਕਾਰੀਆਂ ਕੋਲ ਸ਼ਿਕਾਇਤ ਕੀਤੀ ਜਾਏਗੀ।

ਥਾਣੇਦਾਰਾਂ ਅਤੇ ਡਿਪਟੀਆਂ ਦੇ ਸਕੈਂਡਲ ਨੂੰ ਅਖ਼ਬਾਰਾਂ ਵਿਚ ਉਛਾਲਿਆ ਜਾਏਗਾ।



ਰਾਈ ਦਾ ਪਹਾੜ ਬਣਾਇਆ ਜਾਏਗਾ।

ਸਮਗਲਰਾਂ ’ਤੇ ਨਜ਼ਰ ਰੱਖੀ ਜਾਏਗੀ। ਜਿਉਂ ਹੀ ਪੁਲਿਸ ਨਾਲ ਮਿਲ-ਬੈਠਣ, ਦਬੋਚ ਲਏ ਜਾਣਗੇ।

ਮੁੱਕਦੀ ਗੱਲ ਕਿ ਹਰ ਮੁਲਾਜ਼ਮ ਨੂੰ ਆਪਣੀ ਨੌਕਰੀ ਖ਼ਤਰੇ ਵਿਚ ਨਜ਼ਰ ਆਏਗੀ। ਹਰ ਕੋਈ ਆਪਣੀ-ਆਪਣੀ ਪੜਤਾਲ ਵਿਚ ਉਲਝ ਜਾਏਗੀ। ਸਭ ਦੇ ਹੌਸਲੇ ਪਸਤ ਹੋ ਜਾਣਗੇ। ਕਿਸੇ ਨੂੰ ਕਿਸੇ ਵਿਚ ਨਾਜਾਇਜ਼ ਤੰਗ ਕਰਨ ਦੀ ਹਿੰਮਤ ਨਹੀਂ ਰਹੇਗੀ। ਆਪਣੀਆਂ ਗੁੱਥੀਆਂ ਸੁਲਝਾਉਣ ਵਿਚ ਉਲਝੀ ਪੁਲਿਸ ਨੂੰ ਸੰਮਤੀ ਦੁਆਲੇ ਜਾਲ ਵਿਛਾਉਣ ਦਾ ਸਮਾਂ ਨਹੀਂ ਮਿਲੇਗਾ।

ਸੰਮਤੀ ਦੀ ਇਸ ਯੋਜਨਾ ਨਾਲ ਵਰਕਰਾਂ ਵਿਚ ਨਵੀਂ ਰੂਹ ਫੂਕੀ ਗਈ।

# 19

ਬਚਨ ਸਿੰਘ 'ਤੇ ਰੇਡ ਕਰਾਉਣ ਲਈ ਸੰਮਤੀ ਨੂੰ ਕਈ ਤਰ੍ਹਾਂ ਦੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

ਉਸ ਨੂੰ ਕੋਈ ਅਜਿਹਾ ਬੰਦਾ ਨਹੀਂ ਸੀ ਲੱਭ ਰਿਹਾ ਜਿਸ ਨੂੰ ਮੁਦੱਈ ਬਣਾ ਕੇ ਬਚਨ ਸਿੰਘ 'ਤੇ ਰੇਡ ਕਰਵਾਇਆ ਜਾ ਸਕੇ।

ਪਹਿਲਾਂ ਇਹ ਜ਼ਿੰਮੇਵਾਰੀ ਮੋਹਨ ਜੀ ਨੇ ਆਪਣੇ ਸਿਰ ਲਈ ਸੀ। ਇਸ ਨੂੰ ਨਿਭਾਉਣ ਤੋਂ ਹੁਣ ਉਹ ਕੰਨੀਂ ਕਤਰਾ ਰਿਹਾ ਸੀ। ਉਸ ਨੂੰ ਲੱਗਾ ਸੀ ਜਿਵੇਂ ਚੋਰੀ-ਯਾਰੀ ਵਾਂਗ ਇਹ ਕਾਰਾ ਵੀ ਕਿਸੇ ਤੋਂ ਲੁਕਿਆ ਨਹੀਂ ਸੀ ਰਹਿਣਾ। ਬਚਨ ਸਿੰਘ ਨਾਲ ਕਿਹੜਾ ਉਸ ਦੀ ਨਿੱਜੀ ਦੁਸ਼ਮਣੀ ਸੀ। ਮੋਹਨ ਜੀ ਦਾ ਪਹਿਲਾਂ ਹੀ ਬਹੁਤ ਨੁਕਸਾਨ ਹੋ ਚੁੱਕਾ ਸੀ। ਉਸ ਨੇ ਆਪਣੇ ਆਪ ਨਾਲ ਫ਼ੈਸਲਾ ਕਰ ਲਿਆ ਕਿ ਉਹ ਬੰਟੀ ਕਤਲ ਕੇਸ ਦੀ ਪੈਰਵਾਈ ਤਾਂ ਕਰੇਗਾ ਪਰ ਦੁਸ਼ਮਣੀਆਂ ਮੁੱਲ ਨਹੀਂ ਲਏਗਾ। ਆਪਣੇ ਸਾਇਲਾਂ ਦੀ ਭਲਾਈ ਲਈ ਉਸ ਨੂੰ ਅਫ਼ਸਰਾਂ ਨਾਲ ਲੈਣ-ਦੇਣ ਕਰਨਾ ਪੈਂਦਾ ਸੀ। ਇਕ ਵਾਰ ਪੜ੍ਹਤ ਮਾਰੀ ਗਈ ਤਾਂ ਸਾਰੇ ਅਫ਼ਸਰ ਉਸ 'ਤੇ ਵਿਸ਼ਵਾਸ ਕਰਨੋਂ ਹਟ ਜਾਣਗੇ। ਕੋਲਿਆਂ ਦੀ ਦਲਾਲੀ ਵਿਚ ਉਹ ਆਪਣਾ ਮੂੰਹ ਕਾਲਾ ਨਹੀਂ ਕਰੇਗਾ।

ਮੋਹਨ ਜੀ ਤਾਂ ਪਿੱਛੇ ਹਟ ਗਿਆ ਪਰ ਪਿਆਰੇ ਲਾਲ ਦੇ ਸਿਰਤੋੜ ਯਤਨ ਜਾਰੀ ਰਹੇ। ਪਟਵਾਰੀ, ਕੰਪਾਊਡਰ ਜਾਂ ਕਿਸੇ ਬਾਬੂ 'ਤੇ ਰੇਡ ਕਰਾਉਣ ਲਈ ਵੀਹ ਤਿਆਰ ਸਨ ਪਰ ਇਸ ਪਹਾੜ ਨਾਲ ਮੱਥਾ ਲਾਉਣ ਤੋਂ ਸਭ ਡਰਦੇ ਸਨ।

ਕਈ ਦਿਨਾਂ ਬਾਅਦ ਪਿਆਰੇ ਲਾਲ ਨੂੰ ਆਪਣੇ ਜਮਾਤੀ ਭਿੰਦਰ ਦੀ ਯਾਦ ਆਈ।

ਅੱਜ ਕੱਲ੍ਹ ਉਹ ਸਬਜ਼ੀ ਵੇਚਦਾ ਸੀ। ਪਹਿਲਾਂ ਉਹ ਦੁੱਧ ਢੋਂਦਾ ਸੀ।

ਇਕ ਦਿਨ ਮੂੰਹ-ਹਨੇਰੇ ਸੈਂਪਲ ਵਾਲਿਆਂ ਨੇ ਉਸ ਨੂੰ ਘੇਰ ਲਿਆ ਸੀ।

ਜਿੰਨੇ ਪੈਸੇ ਕੇਸ ਨੂੰ ਰਫ਼ਾ-ਦਫ਼ਾ ਕਰਨ ਲਈ ਮੰਗੇ ਗਏ, ਉਨੇ ਦੇਣ ਦੀ ਉਸ ਦੀ ਪਹੁੰਚ ਨਹੀਂ ਸੀ। ਉਸਨੇ ਕੇਸ ਲੜਨ ਦਾ ਫੈਸਲਾ ਕਰ ਲਿਆ।

ਜੱਜ ਵੀ ਉਸ ਦੀ ਪਹੁੰਚ ਤੋਂ ਬਾਹਰ ਰਿਹਾ।

ਕਿਸਮਤ 'ਤੇ ਡੋਰੀ ਸੁੱਟ ਕੇ ਉਹ ਫ਼ੈਸਲਾ ਉਡੀਕਣ ਲੱਗਾ। ਕਿਸਮਤ ਨੇ ਵੀ ਸਾਥ ਨਾ ਦਿੱਤਾ।

ਦੋ ਸਾਲ ਦੀ ਕੈਦ ਹੋਈ ਅਤੇ ਤਿੰਨ ਹਜ਼ਾਰ ਰੁਪਏ ਜੁਰਮਾਨਾ।

ਗਹਿਣੇ-ਗੱਟੇ ਵੇਚ ਕੇ ਅਪੀਲ ਕੀਤੀ। ਅੱਗੇ ਬਚਨ ਸਿੰਘ ਨਾਲ ਵਾਹ ਪੈ ਗਿਆ।

ਧੱਕੇ ਖਾ-ਖਾ ਭਿੰਦਰ ਸਿਆਣਾ ਹੋ ਚੁੱਕਾ ਸੀ। ਰਿਸ਼ਵਤ ਵਾਲਾ ਕੌੜਾ ਘੁੱਟ ਉਸ ਨੂੰ ਭਰਨਾ ਹੀ ਪੈਣਾ ਸੀ।



ਬਚਨ ਸਿੰਘ ਨਾਲ ਸੌਦਾ ਤਹਿ ਹੋਇਆ। ਤਿੰਨ ਹਜ਼ਾਰ ਬਦਲੇ ਉਸ ਨੇ ਉਸ ਨੂੰ ਬਰੀ ਕਰਾਉਣਾ ਸੀ।

ਨਾ ਉਹ ਬਰੀ ਹੋਇਆ, ਨਾ ਬਚਨ ਸਿੰਘ ਨੇ ਪੈਸੇ ਮੋੜੇ।

ਕੈਦ ਕੱਟ ਕੇ ਭਿੰਦਰ ਜਦੋਂ ਵਾਪਸ ਆਇਆ ਤਾਂ ਉਸ ਨੂੰ ਬਚਨ ਸਿੰਘ ਦਾ ਖ਼ਿਆਲ ਆਇਆ। ਪੈਸੇ ਵਾਪਸ ਕਰਾਉਣ ਉਹ ਬਚਨ ਸਿੰਘ ਕੋਲ ਗਿਆ। ਉਹ ਸਾਫ਼ ਮੁੱਕਰ ਗਿਆ। ਅਖੇ ਗੰਗਾ ਗਏ ਫੁੱਲ ਵੀ ਕਦੇ ਮੁੜੇ ਨੇ।

ਬਚਨ ਸਿੰਘ ਆਪਣਾ ਫ਼ਰਜ਼ ਨਿਭਾ ਚੁੱਕਾ ਸੀ। ਜੱਜ ਨੇ ਭਿੰਦਰ ਦੀ ਸਜ਼ਾ ਵੀ ਘਟਾ ਦਿੱਤੀ ਸੀ ਅਤੇ ਜੁਰਮਾਨਾ ਵੀ। ਇਹ ਸਭ ਬਚਨ ਸਿੰਘ ਦੀ ਕਿਰਪਾ ਕਾਰਨ ਹੀ ਹੋਇਆ ਸੀ। ਭਿੰਦਰ ਹੋਰ ਕੀ ਭਾਲਦਾ ਸੀ ?

ਹੱਥ ਮਲਣ ਤੋਂ ਸਿਵਾ ਉਹ ਕੁਝ ਨਹੀਂ ਸੀ ਕਰ ਸਕਿਆ।

ਹੁਣ ਮੌਕਾ ਸੀ। ਭਿੰਦਰ ਜੇ ਚਾਹੇ ਤਾਂ ਆਪਣੇ ਅੰਦਰ ਬਲਦੀ ਜਵਾਲਾ ਠੰਢੀ ਕਰ ਸਕਦਾ ਸੀ।

ਭਿੰਦਰ ਝੱਟ ਮੰਨ ਗਿਆ।

ਪਿਆਰੇ ਲਾਲ ਅਤੇ ਭਿੰਦਰ ਨੂੰ ਵਿਜੀਲੈਂਸ ਵਾਲਿਆਂ ਕੋਲ ਭੇਜਣ ਤੋਂ ਪਹਿਲਾਂ ਗੁਰਮੀਤ ਸਿੰਘ ਕੋਲ ਪੇਸ਼ ਕੀਤਾ ਗਿਆ। ਵਿਜੀਲੈਂਸ ਵਾਲਿਆਂ ਨੇ ਕੀ ਚਾਲਾਂ ਚੱਲਣੀਆਂ ਹਨ ਅਤੇ ਉਹਨਾਂ ਨੂੰ ਕਿਵੇਂ ਮਾਤ ਦੇਣਾ ਹੈ, ਇਹ ਵਿਸਥਾਰ ਪੂਰਵਕ ਸਮਝਾਇਆ ਗਿਆ।

ਗੁਰਮੀਤ ਦੇ ਦੱਸੇ ਗੁਰ ਪੈਰ-ਪੈਰ 'ਤੇ ਕੰਮ ਆਉਣੇ ਸਨ।

"ਕੀਹਦੇ ਜੋੜਾਂ 'ਚ ਬੈਠਣ ਆਏ ਹੋ ?" ਦਿਓ ਕੱਦ ਅਤੇ ਕੁੰਢੀਆਂ ਮੁੱਛਾਂ ਵਾਲੇ ਵਿਜੀਲੈਂਸ ਇੰਸਪੈਕਟਰ ਨੇ ਰੋਹਬ ਝਾੜਦਿਆ ਉਹਨਾਂ ਦਾ ਸਵਾਗਤ ਕੀਤਾ।

ਜੇ ਗੁਰਮੀਤ ਨੇ ਚੌਕਸ ਨਾ ਕੀਤਾ ਹੁੰਦਾ ਤਾਂ ਭਿੰਦਰ ਇਸ ਘੁਰਕੀ 'ਤੇ ਧੁਰ ਅੰਦਰ ਤੱਕ ਹਿੱਲ ਜਾਂਦਾ।

"ਖਸਮ ਤੋਂ ਕੋਈ ਗ਼ਲਤ ਕੰਮ ਕਰਾਉਣਾ ਹੋਊ। ਅਗਲਾ ਨਹੀਂ ਕਰਦਾ ਹੋਣਾ ਤਾਂ ਹੀ ਅੰਦਰ ਕਰਾਉਣਾ ਹੋਊ।" ਭਿੰਦਰ ਦੇ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਹੀ ਇੰਸਪੈਕਟਰ ਬੋਲਣ ਲੱਗਾ।

ਪਿਆਰੇ ਲਾਲ ਨੇ ਵਕੀਲ ਵਜੋਂ ਆਪਣੀ ਜਾਣ-ਪਹਿਚਾਣ ਕਰਾਈ। ਇੰਸਪੈਕਟਰ ਦੇ ਤੇਵਰ ਕੁਝ-ਕੁਝ ਬਦਲਣ ਲੱਗੇ।

"ਦੱਸੋ ਕਿਹੜਾ ਅਫ਼ਸਰ ਹੈ ਅਤੇ ਕਿੰਨੇ ਪੈਸੇ ਮੰਗਦੈ ?" ਇੰਸਪੈਕਟਰ ਦਾ ਅਗਲਾ ਸਵਾਲ ਉਹੋ ਸੀ, ਜਿਹੜਾ ਗੁਰਮੀਤ ਅਨੁਸਾਰ ਉਸ ਨੇ ਉਹਨਾਂ ਤੋਂ ਪੁੱਛਣਾ ਸੀ।

ਇਸ ਸਵਾਲ ਦਾ ਜਵਾਬ ਉਹਨਾਂ ਨੇ ਸਿੱਧੇ ਢੰਗ ਨਾਲ ਨਹੀਂ ਸੀ ਦੇਣਾ। ਜੇ ਉਹਨਾਂ ਬਚਨ ਸਿੰਘ ਦਾ ਨਾਂ ਲੈ ਦਿੱਤਾ ਤਾਂ ਇੰਸਪੈਕਟਰ ਨੇ ਕੁਰਸੀ ਤੋਂ ਬੁੜ੍ਹਕ ਪੈਣਾ ਸੀ। ਵਿਚੇ ਚਾਰ ਗਾਲ੍ਹਾਂ ਪਿਆਰੇ ਲਾਲ ਨੂੰ ਕੱਢਣੀਆਂ ਸੀ। ਬਚਨ ਸਿੰਘ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹ ਦੇਣੇ ਸਨ। ਜੇ ਉਹ ਫੇਰ ਵੀ ਜ਼ਿਦ ਕਰ ਕੇ ਬੈਠ ਗਏ ਤਾਂ ਉਸ ਨੇ ਕੰਮ ਕਰਾਉਣ ਦਾ ਵਾਅਦਾ ਕਰਕੇ ਟਾਲ ਦੇਣਾ ਸੀ।

ਸਰਕਾਰੀ ਵਕੀਲ ਨੂੰ ਫੜ ਕੇ ਇੰਸਪੈਕਟਰ ਨੇ ਆਪਣੀ ਪੜਤ ਗੰਦੀ ਥੋੜ੍ਹਾ ਕਰਾਉਣੀ ਸੀ।

ਪ੍ਰਾਸੀਕਿਊਸ਼ਨ ਅਤੇ ਪੁਲਿਸ ਦਾ ਹੱਡ-ਮਾਸ ਦਾ ਰਿਸ਼ਤਾ ਸੀ। ਪੁਲਿਸ ਸਰਕਾਰੀ ਵਕੀਲ ਦਾ ਬਾਹੂ-ਬਲ ਸੀ ਅਤੇ ਸਰਕਾਰੀ ਵਕੀਲ ਪੁਲਿਸ ਦਾ ਦਿਮਾਗ਼। ਇਕ ਨੂੰ ਨੁਕਸਾਨ ਪੁੱਜਣ ਨਾਲ ਦੂਜੇ ਨੂੰ ਨੁਕਸਾਨ ਆਪੇ ਪੁੱਜ ਜਾਣਾ ਸੀ।

"ਤੁਸੀਂ ਸਾਡੇ ਨਾਲ ਚੱਲੋ। ਮੌਕੇ 'ਤੇ ਸਭ ਪਤਾ ਲੱਗ ਜੂ।"

"ਐਂ ਮੈਂ ਮੂੰਹ ਚੁੱਕ ਕੇ ਕਿਵੇਂ ਤੁਰ ਪਾਂ ? ਮੈਂ ਜ਼ਿੰਮੇਵਾਰ ਅਫ਼ਸਰ ਹਾਂ। ਫੜੇ ਜਾਣ ਵਾਲੇ ਦਾ ਅਤਾ-ਪਤਾ ਤਾਂ ਹੋਵੇ।" ਖਿਝੇ ਇੰਸਪੈਕਟਰ ਨੇ ਪਿਆਰੇ ਲਾਲ ਦੀ ਡਿਗਰੀ ਦੀ ਪਰਵਾਹ ਕਰਨੀ ਛੱਡ ਦਿੱਤੀ।

ਹੁਣ ਜਦੋਂ ਕਿ ਫ਼ਰਿਆਦੀ ਨਾਲ ਵਕੀਲ ਸੀ ਅਤੇ ਵਕੀਲ ਹੁਸ਼ਿਆਰੀ ਵਰਤ ਰਿਹਾ ਸੀ ਤਾਂ ਇੰਸਪੈਕਟਰ ਲਈ ਸ਼ਿਕਾਰ ਦਾ ਨਾਂ ਜਾਣਨਾ ਹੋਰ ਵੀ ਜ਼ਰੂਰੀ ਹੋ ਗਿਆ ਸੀ। ਫੜਿਆ ਜਾਣ ਵਾਲਾ ਜ਼ਰੂਰ ਕੋਈ ਪੁਲਿਸ ਮੁਲਾਜ਼ਮ ਸੀ ਜਾਂ ਵਿਜੀਲੈਂਸ ਵਾਲਿਆਂ ਦਾ ਮਿੱਤਰ ਪਿਆਰਾ। ਇੰਨਾ ਕੁ ਇੰਸਪੈਕਟਰ ਦੀ ਸਮਝ ਆ ਗਿਆ ਸੀ।

ਇੰਸਪੈਕਟਰ ਦੇ ਜ਼ਿਹਨ ਵਿਚ ਮਿੱਤਰ ਅਫ਼ਸਰਾਂ ਦੇ ਅਕਸ ਉਭਰਨ ਲੱਗੇ।

ਕਿਧਰੇ ਉਹ ਨਾਇਬ ਤਹਿਸੀਲਦਾਰ ਨਾ ਹੋਵੇ ? ਹਾਲੇ ਕੱਲ੍ਹ ਹੀ ਉਸ ਨੇ ਇੰਸਪੈਕਟਰ ਦਾ ਕੰਮ ਕੀਤਾ ਸੀ। ਇਕ ਨਜ਼ੂਲ ਪਲਾਟ 'ਤੇ ਉਸ ਦਾ ਕਬਜ਼ਾ ਕਰਾਇਆ ਸੀ।

ਕਿਧਰੇ ਉਹ ਇੰਡਸਟਰੀ ਇੰਸਪੈਕਟਰ ਹੀ ਨਾ ਹੋਵੇ ? ਕੁਝ ਦਿਨ ਪਹਿਲਾਂ ਉਸ ਨੇ ਸਾਹਿਬ ਦੇ ਮੁੰਡੇ ਨੂੰ ਸਟੀਲ ਦਾ ਕੋਟਾ ਮਨਜ਼ੂਰ ਕਰਵਾ ਕੇ ਦਿੱਤਾ ਸੀ।

ਫੂਡ ਸਪਲਾਈ ਇੰਸਪੈਕਟਰ ਨੇ ਹੌਲਦਾਰ ਦੀ ਭੈਣ ਦੇ ਵਿਆਹ 'ਤੇ ਮਿਠਾਈਆਂ ਦੀ ਛਹਿਬਰ ਲਾਈ ਸੀ।

ਬਿਨਾਂ ਅਫ਼ਸਰ ਦਾ ਨਾਂ-ਪਤਾ ਜਾਣਿਆਂ ਉਹ ਕੁਰਸੀ ਤੋਂ ਨਹੀਂ ਉੱਠੇਗਾ। ਮਨ ਹੀ ਮਨ ਇੰਸਪੈਕਟਰ ਨੇ ਫ਼ੈਸਲਾ ਕਰ ਲਿਆ।

"ਨਾਂ-ਪਤਾ ਨਹੀਂ ਦੱਸਣਾ ਤਾਂ ਅਰਜ਼ੀ-ਪੱਤਰ ਤਾਂ ਦਿਓ। ਕਿਸੇ ਸ਼ਰੀਫ਼ ਆਦਮੀ ਨੂੰ ਹੱਥ ਪਾਉਣ ਤੋਂ ਪਹਿਲਾਂ ਸਾਡੇ ਪੱਲੇ ਕੁਝ ਤਾਂ ਹੋਵੇ।" ਅਫ਼ਸਰ ਦਾ ਨਾਂ ਜਾਣਨ ਲਈ ਇੰਸਪੈਕਟਰ ਹਰ ਹੱਥਕੰਡਾ ਵਰਤਣ ਲੱਗਾ।

ਪਿਆਰੇ ਲਾਲ ਨੇ ਇਕ ਬੰਦ ਲਿਫ਼ਾਫ਼ਾ ਇੰਸਪੈਕਟਰ ਵੱਲ ਵਧਾਇਆ।

"ਇਸ ਲਿਫ਼ਾਫ਼ੇ ਵਿਚ ਹਲਫ਼ੀਆ ਬਿਆਨ ਹੈ। ਮੈਜਿਸਟ੍ਰੇਟ ਕੋਲੋਂ ਤਸਦੀਕ ਕਰਵਾਇਆ ਹੋਇਆ। ਸ਼ਿਕਾਇਤ ਝੂਠੀ ਨਿਕਲੀ ਤਾਂ ਬੇਸ਼ੱਕ ਸਾਡੇ ਖ਼ਿਲਾਫ਼ ਕਾਰਵਾਈ ਕਰ ਲੈਣਾ।"

ਇਸ ਸਵਾਲ ਦੇ ਜਵਾਬ ਦੀ ਤਿਆਰੀ ਵੀ ਉਹ ਪਹਿਲਾਂ ਹੀ ਕਰ ਕੇ ਆਏ ਸਨ।

ਲਿਫ਼ਾਫ਼ਾ ਦੇਖ ਕੇ ਇੰਸਪੈਕਟਰ ਦੇ ਤਨ-ਬਦਨ ਨੂੰ ਅੱਗ ਲੱਗ ਗਈ। ਵਕੀਲ ਨਹਿਲੇ 'ਤੇ ਦਹਿਲਾ ਜੜਦਾ ਜਾ ਰਿਹਾ ਸੀ।

"ਬੇਵਸਾਹੀ ਕਰ ਕੇ ਕਰਾ ਲਿਉ ਫੇਰ ਕੰਮ।" ਕੰਮ ਨਾ ਕਰਨ ਦਾ ਸੰਕਲਪ ਇੰਸਪੈਕਟਰ ਨੇ ਇਕ ਵਾਰ ਫੇਰ ਦੁਹਰਾਇਆ।

"ਸਾਡੀ ਇਕ ਬੇਨਤੀ ਹੈ। ਲਿਫ਼ਾਫ਼ੇ ਨੂੰ ਮੌਕੇ 'ਤੇ ਹੀ ਖੋਲ੍ਹਣਾ।"

ਪਿਆਰੇ ਲਾਲ ਦੀ ਇਸ ਬੇਨਤੀ 'ਤੇ ਇੰਸਪੈਕਟਰ ਅੰਦਰ ਬਲਦੀ ਅੱਗ 'ਤੇ ਤੇਲ ਤਾਂ ਪਿਆ ਪਰ ਉਹ ਬੁਖਲਾਇਆ ਨਾ।

"ਠੀਕ ਹੈ, ਪਰ ਇਕ ਸਮੱਸਿਆ ਹੈ। ਇਸ ਵਕਤ ਨਾ ਮੇਰੇ ਕੋਲ ਗੱਡੀ ਹੈ ਨਾ ਸਟਾਫ਼। ਤੁਸੀਂ ਗੱਡੀ ਦਾ ਪ੍ਰਬੰਧ ਕਰੋ, ਮੈਂ ਸਟਾਫ਼ ਦਾ ਕਰਦਾਂ।"

ਲਿਫ਼ਾਫ਼ਾ ਜੇਬ ਵਿਚ ਪਾ ਕੇ ਇੰਸਪੈਕਟਰ ਕੁਰਸੀ ਤੋਂ ਉੱਠ ਖਲੋਤਾ। ਉਹ ਸਟਾਫ਼ ਦਾ ਪ੍ਰਬੰਧ



ਕਰਨ ਲਈ ਇਧਰ-ਉਧਰ ਟਹਿਲਣ ਲੱਗਾ।

ਭਿੰਦਰ ਗੱਡੀ ਲੈਣ ਤੁਰ ਗਿਆ। ਪਿਆਰੇ ਲਾਲ ਇੰਸਪੈਕਟਰ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਲੱਗਾ।

ਗੱਡੀ ਦਸ ਮਿੰਟ ਬਾਅਦ ਆ ਗਈ। ਦੋ ਮਿੰਟ ਲਈ ਗਿਆ ਇੰਸਪੈਕਟਰ ਤਿੰਨ ਘੰਟੇ ਨਾ ਮੁੜਿਆ। ਪਿਆਰੇ ਲਾਲ ਨੂੰ ਝੱਟ ਖੁੜਕ ਗਈ। ਤੀਰ ਉਹਨਾਂ ਦੀ ਕਮਾਨੋਂ ਨਿਕਲ ਚੁੱਕਾ ਸੀ।

ਪੰਜ ਵਜਾ ਕੇ ਆਏ ਇੰਸਪੈਕਟਰ ਦਾ ਚਿਹਰਾ ਸ਼ਾਂਤ ਸੀ।

ਆਉਂਦਿਆਂ ਹੀ ਉਸ ਨੇ ਮੁਆਫ਼ੀ ਮੰਗੀ। ਸਾਹਿਬ ਨੇ ਉਸ ਨੂੰ ਇਕ ਜ਼ਰੂਰੀ ਮੀਟਿੰਗ ਲਈ ਬੁਲਾ ਲਿਆ ਸੀ, ਉਥੇ ਦੇਰ ਹੋ ਗਈ।

ਸੁਬ੍ਹਾ ਫੇਰ ਆਉਣ। ਠੀਕ ਦਸ ਵਜੇ। ਵਿਜੀਲੈਂਸ ਦੀ ਗੱਡੀ ਵੀ ਤਿਆਰ ਹੋਏਗੀ ਅਤੇ ਸਟਾਫ਼ ਵੀ। ਗਿਆਰਾਂ ਵੱਜਦੇ ਨੂੰ ਸ਼ਿਕਾਰ ਪਿੰਜਰੇ ਵਿਚ ਹੋਏਗਾ।

ਮੂੰਹ ਲਟਕਾਈ ਉਹ ਵਾਪਸ ਆ ਗਏ।

ਪੁਲਿਸ ਨੇ ਉਹਨਾਂ ਨੂੰ ਮਾਤ ਦਿੱਤੀ ਸੀ ਅਤੇ ਉਹਨਾਂ ਨੇ ਪੁਲਿਸ ਨੂੰ।

ਹਲਫ਼ੀਆ ਬਿਆਨ ਵਿਚ ਉਹਨਾਂ ਬਚਨ ਸਿੰਘ ਦੀ ਥਾਂ ਨਾਇਬ ਤਹਿਸੀਲਦਾਰ ਦਾ ਨਾਂ ਲਿਖਿਆ ਸੀ। ਜੇ ਬਚਨ ਸਿੰਘ ਦਾ ਨਾਂ ਲਿਖ ਦਿੱਤਾ ਹੁੰਦਾ ਤਾਂ ਸਾਰੀ ਯੋਜਨਾ ਧਰੀ-ਧਰਾਈ ਰਹਿ ਜਾਂਦੀ।

ਪਿਆਰੇ ਲਾਲ ਦੇ ਅਸਫ਼ਲ ਹੋਣ ਬਾਅਦ ਇਹ ਜ਼ਿੰਮੇਵਾਰੀ ਗੁਰਮੀਤ ਨੂੰ ਸੌਂਪੀ ਗਈ।

ਦੁਬਾਰਾ ਅਸਫਲਤਾ ਦਾ ਮੂੰਹ ਨਾ ਦੇਖਣਾ ਪਏ, ਇਸ ਲਈ ਸਾਰੇ ਹਾਲਾਤਾਂ ਦਾ ਇਕ ਵਾਰ ਫੇਰ ਜਾਇਜ਼ਾ ਲਿਆ ਗਿਆ।

ਵਿਜੀਲੈਂਸ ਵਿਭਾਗ ਵਿਚ ਅੱਜ-ਕੱਲ੍ਹ ਕਿਹੜੇ-ਕਿਹੜੇ ਅਫ਼ਸਰ ਤਾਇਨਾਤ ਸਨ ? ਉਹਨਾਂ ਦੇ ਬਚਨ ਸਿੰਘ ਨਾਲ ਕਿਹੋ-ਜਿਹੇ ਸੰਬੰਧ ਸਨ ? ਡਿਪਟੀ ਕਿਹੜਾ ਸੀ ? ਉਸ ਦਾ ਰਵੱਈਆ ਕਿਹੋ ਜਿਹਾ ਰਹੇਗਾ ? ਕੋਈ ਬਚਨ ਸਿੰਘ ਨੂੰ ਹੱਥ ਪਾਏਗਾ ਵੀ ਜਾਂ ਨਹੀਂ ?

ਇਸ ਇਲਾਕੇ ਦਾ ਇੰਚਾਰਜ ਕੋਮਲ ਸਿੰਘ ਇੰਸਪੈਕਟਰ ਸੀ।

ਕੋਮਲ ਸਿੰਘ ਅਤੇ ਬਚਨ ਸਿੰਘ ਇਕੋ ਸਿੱਕੇ ਦੇ ਦੋ ਪਾਸੇ ਸਨ।

ਹਾਲੇ ਕੱਲ੍ਹ ਦੀ ਗੱਲ ਹੈ। ਨਰਿੰਜਨ ਸਿੰਘ ਓਵਰਸੀਅਰ ਦੀ ਇਨਕੁਆਇਰੀ ਸਮੇਂ ਬਚਨ ਸਿੰਘ ਨੇ ਕੋਮਲ ਸਿੰਘ ਦਾ ਘਰ ਨੋਟਾਂ ਨਾਲ ਭਰਿਆ ਸੀ।

ਡਿਪਟੀ ਉਸਦਾ ਵੀ ਦਾ ਬਾਪ ਸੀ।

ਗੁਰਮੀਤ ਨੂੰ ਪੁਲਿਸ ਕਪਤਾਨ ਨਾਲ ਸੰਪਰਕ ਕਰਨਾ ਪੈਣਾ ਸੀ।

ਬੀਹਲੇ ਵਾਲੇ ਸਰਪੰਚ ਨੇ ਬਚਨ ਸਿੰਘ ਨਾਲ ਪੁਰਾਣਾ ਹਿਸਾਬ ਚੁਕਤਾ ਕਰਨਾ ਸੀ। ਸਰਪੰਚ ਦਾ ਸਾਲਾ ਫਸ ਗਿਆ ਸੀ ਪੰਜ ਕਿੱਲੋ ਡੋਡਿਆਂ ਦੇ ਕੇਸ 'ਚ। ਬਚਨ ਸਿੰਘ ਨੇ ਇਕ ਮਹੀਨਾ ਉਸ ਦੀ ਜ਼ਮਾਨਤ ਨਹੀਂ ਸੀ ਹੋਣ ਦਿੱਤੀ। ਸਰਪੰਚ ਨੇ ਉਸ ਦੀਆਂ ਬਹੁਤ ਮਿੰਨਤਾਂ ਕੀਤੀਆਂ ਸਨ। ਸਾਲੇ ਦੇ ਮਾਸੂਮ ਬੱਚਿਆਂ ਦਾ ਵਾਸਤਾ ਪਾਇਆ ਸੀ। ਸਰਪੰਚ ਦੀ ਸਾਲੇਹਾਰ ਮਰੀ ਹੋਈ ਸੀ। ਬੱਚੇ ਛੋਟੇ ਸਨ। ਸਾਲੇ ਬਿਨਾਂ ਉਹ ਰਾਤ ਨੂੰ ਡਰਿਆ-ਡਰਿਆ ਉੱਠਦੇ ਸਨ। ਸਰਪੰਚ ਦਾ ਸਾਲਾ ਗ਼ਰੀਬ ਸੀ। ਬਚਨ ਸਿੰਘ ਜਿੰਨੀ ਫ਼ੀਸ ਮੰਗਦਾ ਸੀ, ਓਨੀ ਨਹੀਂ ਸੀ ਦੇ

ਸਕਦਾ। ਪਰ ਬਚਨ ਸਿੰਘ ਨੇ ਇਕੋ ਨਾਂਹ ਫੜੀ ਰੱਖੀ।

ਬਚਨ ਸਿੰਘ ਜੇ ਇਕ ਘੰਟੇ ਲਈ ਵੀ ਅੰਦਰ ਹੋ ਜਾਵੇ, ਸਰਪੰਚ ਦਾ ਕਾਲਜਾ ਤਾਂ ਵੀ ਠਰ ਜਾਵੇ। ਉਸ ਨੂੰ ਪਤਾ ਲੱਗ ਜਾਵੇ, ਝੂਠੇ ਕੇਸਾਂ ਵਿਚ ਫਸ ਜਾਣ ਦਾ ਦਰਦ ਕਿਹੋ ਜਿਹਾ ਹੁੰਦੈ।

ਸਰਪੰਚ ਨੂੰ ਲੈ ਕੇ ਗੁਰਮੀਤ ਨੇ ਖ਼ੁਦ ਚੜ੍ਹਾਈ ਕਰ ਦਿੱਤੀ।

ਪੁਲਿਸ ਕਪਤਾਨ ਤੋਂ ਹੇਠਾਂ ਉਸ ਨੇ ਕਿਸੇ ਨਾਲ ਗੱਲ ਨਾ ਕੀਤੀ।

ਉਹ ਇਕ ਰਿਸ਼ਵਤਖ਼ੋਰ ਅਫ਼ਸਰ ਨੂੰ ਫੜਾਉਣ ਆਏ ਸਨ। ਵਿਜੀਲੈਂਸ ਵਾਲੇ ਉਸ ਦੇ ਮਿੱਤਰ ਸਨ। ਉਹ ਉਹਨਾਂ ਨਾਲ ਜਾਣ ਲਈ ਤਿਆਰ ਨਹੀਂ ਸਨ। ਕਪਤਾਨ ਰਿਸ਼ਵਤ ਦੇ ਵਿਰੁੱਧ ਸੀ। ਉਹ ਉਹਨਾਂ ਦੀ ਮਦਦ ਕਰੇ।

ਕਪਤਾਨ ਝੱਟ ਮੰਨ ਗਿਆ। ਫ਼ਰਿਆਦੀ ਨੂੰ ਹਰ ਤਰ੍ਹਾਂ ਦੀ ਮਦਦ ਮਿਲੇਗੀ। ਉਹ ਯਕੀਨ ਦਿਵਾਉਣ ਲੱਗਾ।

ਫੜਿਆ ਜਾਣ ਵਾਲਾ ਇਕ ਗਜ਼ਟਿਡ ਅਫ਼ਸਰ ਸੀ। ਇਸ ਲਈ ਪਾਰਟੀ ਦਾ ਮੁਖੀ ਡਿਪਟੀ ਨੂੰ ਬਣਾਇਆ ਜਾਵੇ। ਡਿਪਟੀ ਕਮਿਸ਼ਨਰ ਨੂੰ ਫ਼ੋਨ ਕਰ ਕੇ ਕਿਸੇ ਕਾਰਜਕਾਰੀ ਮੈਜਿਸਟ੍ਰੇਟ ਨੂੰ ਬੁਲਾਇਆ ਜਾਵੇ। ਪੁਲਿਸ ਪਾਰਟੀ ਨੂੰ ਹਦਾਇਤ ਕੀਤੀ ਜਾਵੇ। ਦੋਸ਼ੀ ਨੂੰ ਫੜੇ ਜਾਣ ਤਕ ਉਸ ਦਾ ਨਾਂ ਨਾ ਪੁੱਛਿਆ ਜਾਵੇ।

ਕਪਤਾਨ ਨੇ ਸਭ ਸ਼ਰਤਾਂ ਮੰਨ ਲਈਆਂ।

ਫ਼ਰਿਆਦੀਆਂ ਨੂੰ ਕਪਤਾਨ ਦੇ ਦਫ਼ਤਰ ਬਿਠਾਇਆ ਗਿਆ। ਪੁਲਿਸ ਪਾਰਟੀ ਦੇ ਤਿਆਰ ਹੋਣ ਤਕ ਉਹਨਾਂ ਦੀ ਸ਼ਨਾਖ਼ਤ ਨੂੰ ਗੁਪਤ ਰੱਖਿਆ ਗਿਆ।

ਡਿਪਟੀ ਨੇ ਵਾਲ ਧੁੱਪ 'ਚ ਸਫ਼ੈਦ ਨਹੀਂ ਸੀ ਕੀਤੇ। ਰੇਡ ਤੋਂ ਪਹਿਲਾਂ-ਪਹਿਲਾਂ ਉਸ ਨੇ ਖੋਜ ਲੈਣਾ ਸੀ ਕਿ ਮਾੜੇ ਦਿਨ ਕਿਸ ਦੇ ਆਏ ਸਨ।

ਸਰਪੰਚ ਬੀਹਲੇ ਦਾ ਸੀ। ਇਸ ਲਈ ਰੇਡ ਸ਼ਹਿਰ ਦੇ ਕਿਸੇ ਅਫ਼ਸਰ 'ਤੇ ਹੋਣਾ ਸੀ। ਮੈਜਿਸਟ੍ਰੇਟ ਨਾਲ ਲਿਆ ਗਿਆ ਹੈ, ਇਸ ਲਈ ਸਾੜ੍ਹਸਤੀ ਕਿਸੇ ਗਜ਼ਟਿਡ ਅਫ਼ਸਰ 'ਤੇ ਚੜ੍ਹਨੀ ਸੀ।

ਨਾਲ ਵਕੀਲ ਸੀ। ਕੋਰਟ ਕਚਹਿਰੀ ਦਾ ਕੋਈ ਅਫ਼ਸਰ ਵੀ ਹੋ ਸਕਦਾ ਸੀ।

ਇੰਨਾ ਕੁ ਅੰਦਾਜ਼ਾ ਲਾ ਕੇ ਡਿਪਟੀ ਜੀਪ ਵਿਚ ਬੈਠ ਗਿਆ।

ਇਸ਼ਾਰੇ ਨਾਲ ਉਸ ਨੇ ਰੀਡਰ ਨੂੰ ਸਮਝਾਇਆ। ਉਹ ਰੇਡ 'ਤੇ ਜਾ ਰਿਹੈ। ਪਿੱਛੋਂ ਉਹ 'ਖ਼ਿਆਲ' ਰੱਖੇ।

ਰਸਤੇ ਵਿਚ ਡਿਪਟੀ ਨੇ ਬਥੇਰਾ ਗੱਲੀਂ ਲਾਇਆ। ਵਲ-ਫੇਰ ਪਾ ਕੇ ਅਫ਼ਸਰ ਦਾ ਨਾਂ ਪੁੱਛਣਾ ਚਾਹਿਆ। ਸਰਪੰਚ ਪਕਰੋੜ੍ਹ ਸੀ। ਵੀਹਾਂ-ਪੰਝੀਆਂ ਸਵਾਲਾਂ ਪਿੱਛੋਂ ਮਸਾਂ ਮੂੰਹ ਖੋਲ੍ਹਦਾ ਵੀ ਤਾਂ ਕੁਝ ਪੱਲੇ ਨਾ ਪਾਉਂਦਾ।

ਫ਼ਰਿਆਦੀਆਂ ਨੇ ਜੀਪ ਜਦੋਂ ਕਚਹਿਰੀਆਂ ਅੱਗੇ ਰੁਕਵਾਈ ਤਾਂ ਡਿਪਟੀ ਦੇ ਕੰਨ ਖੜੇ ਹੋ ਗਏ। ਤਹਿਸੀਲਦਾਰ ਦੀ ਸ਼ਾਮਤ ਆਈ ਲੱਗਦੀ ਹੈ। ਵੈਸੇ ਹੁਣ ਤਕ ਰੀਡਰ ਨੇ ਸਭ ਥਾਈਂ ਫ਼ੋਨ ਖੜਕਾ ਦਿੱਤੇ ਹੋਣਗੇ। ਫੇਰ ਵੀ ਉਹ ਯਾਰ ਦੇ ਬਚਾਅ ਦੇ ਢੰਗ ਸੋਚਣ ਲੱਗਾ।

ਡਿਪਟੀ ਦੇ ਸਬਰ ਦੇ ਪਿਆਲੇ ਭਰ ਚੁੱਕੇ ਸਨ। ਉਸ ਤੋਂ ਹੋਰ ਸਬਰ ਨਹੀਂ ਸੀ ਹੋ ਰਿਹਾ। ਉਹ ਡਰ ਰਿਹਾ ਸੀ। ਉਸ ਤੋਂ ਕਿਧਰੇ ਆਪਣੇ ਹੀ ਬੰਦੇ ਦੇ ਗਲ ਤੇ ਅੰਗੂਠਾ ਨਾ ਰੱਖਿਆ ਜਾਵੇ।

ਰੇਡ ਤੋਂ ਪਹਿਲਾਂ ਪੁਲਿਸ ਲਈ ਲਿਖਾ ਪੜ੍ਹੀ ਕਰਨੀ ਜ਼ਰੂਰੀ ਸੀ।ਲਿਖਾ ਪੜੀ ਤਾਂ ਹੋਣੀ



ਸੀ ਜੇ ਮੁਲਜ਼ਮ ਦਾ ਨਾਂ ਪਤਾ ਹੋਵੇ।

ਡਿਪਟੀ ਦੇ ਅੜ ਜਾਣ 'ਤੇ ਗੁਰਮੀਤ ਨੂੰ ਝੁਕਣਾ ਪਿਆ। ਹੁਣ ਤੱਕ ਉਹਨਾਂ ਨੇ ਪੁਲਿਸ ਨੂੰ ਫਸਾਈ ਰੱਖਿਆ ਸੀ। ਹੁਣ ਉਹਨਾਂ ਦੇ ਫਸਣ ਦੀ ਵਾਰੀ ਸੀ।

ਸੜਕ 'ਤੇ ਖੜੋ ਕੇ ਲਿਖਾ-ਪੜ੍ਹੀ ਕਰਨੀ ਠੀਕ ਨਹੀਂ ਸੀ। ਉਹ ਢਾਬੇ ਅੱਗੇ ਜਾ ਰੁਕੇ। ਸਰਪੰਚ, ਗੁਰਮੀਤ, ਡਿਪਟੀ ਅਤੇ ਮੈਜਿਸਟ੍ਰੇਟ ਲਿਖਾ-ਪੜ੍ਹੀ ਵਿਚ ਰੁਝ ਗਏ। ਸਿਪਾਹੀ ਚਾਹ ਪੀਣ ਦੇ ਬਹਾਨੇ ਇਧਰ-ਉਧਰ ਖਿੰਡ ਗਏ।

ਖੜੀ ਜੀਪ ਅਤੇ ਘੁੰਮਦੇ ਸਿਪਾਹੀਆਂ ਨੂੰ ਦੇਖ ਕੇ ਵਿਜੀਲੈਂਸ ਪਾਰਟੀ ਦੇ ਕਚਹਿਰੀ ਆਉਣ ਦੀ ਖ਼ਬਰ ਚਾਰੇ ਪਾਸੇ ਫੈਲ ਗਈ।

ਅਫ਼ਸਰ ਪਹਿਲਾਂ ਹੀ ਸੁਚੇਤ ਹੋ ਚੁੱਕੇ ਸਨ। ਅਮਲਾ-ਫੈਲਾ ਵੀ ਚੌਕਸ ਹੋ ਗਿਆ।

ਤਹਿਸੀਲਦਾਰ ਦੌਰੇ 'ਤੇ ਨਿਕਲ ਚੁੱਕਾ ਸੀ। ਨਾਇਬ-ਤਹਿਸੀਲਦਾਰ ਕੱਲ੍ਹ ਤੋਂ ਹਫ਼ਤੇ ਦੀ ਛੁੱਟੀ 'ਤੇ ਸੀ।

ਲਿਖਾ-ਪੜ੍ਹੀ ਮੁਕੰਮਲ ਕਰ ਕੇ ਪੁਲਿਸ ਪਾਰਟੀ ਨੇ ਬਚਨ ਸਿੰਘ ਦੇ ਦਫ਼ਤਰ ਅੱਗੇ ਨਾਕਾ ਲਾ ਲਿਆ।

ਸਰਪੰਚ ਨੂੰ ਅੱਗੇ ਭੇਜਿਆ ਗਿਆ। ਉਹ ਪਾਊਡਰ ਵਾਲੇ ਨੋਟ ਸਰਕਾਰੀ ਵਕੀਲ ਨੂੰ ਫੜਾਏ। ਜਦੋਂ ਉਹ ਪੈਸੇ ਫੜ ਲਏ ਤਾਂ ਪੁਲਿਸ ਪਾਰਟੀ ਨੂੰ ਇਸ਼ਾਰਾ ਕਰੇ। ਬਾਕੀ ਪੁਲਿਸ ਆਪੇ ਸੰਭਾਲ ਲਏਗੀ।

ਸਰਪੰਚ ਦਫ਼ਤਰ ਗਿਆ। ਪਤਾ ਲੱਗਾ, ਉਹ ਕਚਹਿਰੀ ਪੇਸ਼ ਹੋਇਆ ਹੋਇਆ ਹੈ।

ਸਰਪੰਚ ਕਚਹਿਰੀ ਗਿਆ। ਪਤਾ ਲੱਗਾ, ਉਸ ਦੇ ਮਹਿਮਾਨ ਆਏ ਸਨ। ਉਹ ਘਰ ਚਲਾ ਗਿਐ।

ਜਦੋਂ ਸ਼ਿਕਾਰ ਉਡਾਰੀ ਮਾਰ ਗਿਆ ਤਾਂ ਉਦਾਸ ਹੋਇਆ ਡਿਪਟੀ ਸਰਕਾਰੀ ਵਕੀਲ ਦੇ ਦਫ਼ਤਰ ਆ ਬੈਠਾ।

"ਹੁਣ ਕੀ ਕਰੀਏ ?" ਕੁਝ ਦੇਰ ਹੋਰ ਇੰਤਜ਼ਾਰ ਕਰਨ ਪਿੱਛੋਂ ਡਿਪਟੀ ਨੇ ਸਰਪੰਚ ਤੋਂ ਪੁੱਛਿਆ।

"ਜਿਵੇਂ ਥੋਡੀ ਮਰਜ਼ੀ।" ਰੋਣ-ਹਾਕੇ ਹੋਏ ਸਰਪੰਚ ਨੇ ਡੋਰੀ ਡਿਪਟੀ 'ਤੇ ਸੁੱਟ ਦਿੱਤੀ।

"ਅੱਜ ਕਿਸਮਤ ਉਸ ਨੂੰ ਬਚਾ ਗਈ।"ਕਦੇ ਫੇਰ ਕੋਸ਼ਿਸ਼ ਕਰਾਂਗੇ।" ਫ਼ਰਿਆਦੀ ਦੀ ਮੂਰਖਤਾ 'ਤੇ ਮੁਸਕਰਾਉਂਦੇ ਡਿਪਟੀ ਨੇ ਵਿਦਾ ਲਈ।

ਸੰਮਤੀ ਨੂੰ ਸਫਲਤਾ ਭਾਵੇਂ ਨਹੀਂ ਸੀ ਮਿਲੀ ਪਰ ਨਤੀਜਾ ਮਾੜਾ ਨਹੀਂ ਸੀ।

ਗੁਰਮੀਤ ਦੇ ਅੜੇ ਰਹਿਣ ਕਾਰਨ ਡਿਪਟੀ ਵੱਲੋਂ ਭੇਜੇ ਰੁੱਕੇ ਦੇ ਆਧਾਰ 'ਤੇ ਬਚਨ ਸਿੰਘ ਖ਼ਿਲਾਫ਼ ਪਰਚਾ ਦਰਜ ਹੋ ਗਿਆ ਸੀ। ਬਚਨ ਸਿੰਘ ਦੇ ਬਚ ਨਿਕਲਣ ਕਾਰਨ ਐਫ਼.ਆਈ.ਆਰ. ਦੀ ਕੋਈ ਵੁੱਕਤ ਨਹੀਂ ਸੀ, ਪਰ ਬਚਨ ਸਿੰਘ ਦੀ ਬਦਨਾਮੀ ਲਈ ਇਹੋ ਕਾਫ਼ੀ ਸੀ।

ਅਗਲੇ ਦਿਨ ਅਖ਼ਬਾਰ ਖ਼ਬਰਾਂ ਨਾਲ ਭਰ ਗਏ।

ਸ਼ਰਮਸਾਰ ਹੋਏ ਬਚਨ ਸਿੰਘ ਨੇ ਮਹੀਨੇ ਦੀ ਛੁੱਟੀ ਲੈ ਲਈ।

"ਹੁਣ ਇਸ ਸ਼ਹਿਰ ਵਿਚ ਰਹਿਣ ਦਾ ਕੋਈ ਹੱਜ ਨਹੀਂ।" ਬਦਲੀ ਲਈ ਚੰਡੀਗੜ੍ਹ ਡੇਰਾ ਲਾਈ ਬੈਠੇ ਬਚਨ ਸਿੰਘ ਦੇ ਯਾਰਾਂ-ਦੋਸਤਾਂ ਨੂੰ ਸੁਨੇਹੇ ਆਉਣ ਲੱਗੇ।

ਇਹ ਪਹਿਲੇ ਰੋੜੇ ਦੇ ਹਟ ਜਾਣ 'ਤੇ ਸੰਮਤੀ ਦਾ ਰਾਹ ਪੱਧਰਾ ਹੋਣ ਲੱਗਾ।

# 20

ਸੰਮਤੀ ਨੇ ਪ੍ਰਾਸੀਕਿਊਸ਼ਨ ਵਾਲਾ ਕਿਲ੍ਹਾ ਜਿੰਨੀ ਆਸਾਨੀ ਨਾਲ ਫ਼ਤਹਿ ਕੀਤਾ ਸੀ, ਨਿਆਂ-ਪਾਲਿਕਾ ਵਾਲਾ ਚੱਕਰਵਿਊ ਤੋੜਨਾ ਉਸਨੂੰ ਉਨਾ ਹੀ ਮੁਸ਼ਕਲ ਹੋ ਗਿਆ ਸੀ।

ਪਹਿਲਾਂ ਜਿਥੇ ਵੀ ਦੋ ਵਕੀਲ ਜੁੜਦੇ ਉਹਨਾਂ ਦੀ ਗੱਲਬਾਤ ਦਾ ਵਿਸ਼ਾ ਇਕੋ ਹੁੰਦਾ। ਕਦੇ ਗੁਪਤਾ ਆਖ ਰਿਹਾ ਹੁੰਦਾ, "ਨਾਥ ਮਹੰਤਾਂ ਵਾਲੇ ਕੇਸ ਵਿਚੋਂ ਪੰਜਾਹ ਹਜ਼ਾਰ ਲੈ ਗਿਆ।" ਕਦੇ ਸ਼ਰਮਾ ਆਖਦਾ, "ਤੇਲ ਦੀ ਬਲੈਕ ਵਾਲੇ ਕੇਸ ਵਿਚ ਨਾਥ ਸੇਠਾਂ ਤੋਂ ਵੀਹ ਹਜ਼ਾਰ ਲੈ ਗਿਆ।"

ਕਦੇ ਸੁਰਿੰਦਰ ਮੋਹਨ ਆਖਦਾ, "ਸ਼ਹਿਣੇ ਵਾਲੀ ਜ਼ਮੀਨ ਦੇ ਕੇਸ ਵਿਚ ਮੈਂ ਜੱਜ ਨੂੰ ਸੱਠ ਹਜ਼ਾਰ ਦਿਵਾਏ ਨੇ", ਕਦੇ ਹਰਬੰਸ ਸਿੰਘ ਆਖਦਾ, "ਉਸ ਦੀ ਧਿਰ ਨੇ ਚਾਲੀ ਹਜ਼ਾਰ ਦੇ ਕੇ ਇੰਤਕਾਲ ਵਾਲਾ ਕੇਸ ਆਪਣੇ ਹੱਕ 'ਚ ਕਰਾਇਐ।"

ਜੱਜ ਦੇ ਖ਼ਿਲਾਫ਼ ਜੱਹਾਦ ਛੇੜਨ ਤੋਂ ਪਹਿਲਾਂ ਲੀਗਲ ਸੈੱਲ ਨੂੰ ਲੱਗਾ ਸੀ, ਜਿਵੇਂ ਦਿਨਾਂ ਵਿਚ ਹੀ ਉਹ ਅਜਿਹੇ ਕੇਸਾਂ ਦੀ ਲੰਬੀ ਲਿਸਟ ਬਣਾ ਲਏਗਾ, ਜਿਨ੍ਹਾਂ ਵਿਚ ਜੱਜ ਨੇ ਰੱਜਵੇਂ ਪੈਸੇ ਖਾਧੇ ਸਨ।

ਪਰ ਕਈ ਹਫ਼ਤਿਆਂ ਦੀਆਂ ਟੱਕਰਾਂ ਦੇ ਬਾਵਜੂਦ ਵੀ ਨੀਤਜਾ ਸਿਫ਼ਰ ਰਿਹਾ ਸੀ।

ਜਿਸ ਕੋਲ ਵੀ ਨਾਥ ਦੀਆਂ ਵਧੀਕੀਆਂ ਬਾਰੇ ਗੱਲ ਕਰਦੇ, ਉਹੋ ਮੂੰਹ ਸਿਊਂ ਲੈਂਦਾ।

ਵਕੀਲਾਂ ਵਿਚ ਸਾਇਲਾਂ ਨਾਲੋਂ ਵੱਧ ਸਹਿਮ ਸੀ। ਸਾਇਲ ਤਾਂ 'ਹਾਂ ਹੂੰ' ਕਰ ਹੀ ਦਿੰਦੇ। ਵਕੀਲ ਇਕ ਵੀ ਸ਼ਬਦ ਮੂੰਹੋਂ ਕੱਢਣ ਤੋਂ ਪਹਿਲਾਂ ਸੌ-ਸੌ ਵਾਰ ਸੋਚਦੇ।

ਬਹੁਤੇ ਵਕੀਲ ਬਚਨ ਸਿੰਘ 'ਤੇ ਹੋਏ ਰੇਡ 'ਤੇ ਖ਼ੁਸ਼ ਨਹੀਂ ਸਨ। ਰੇਡਿੰਗ ਪਾਰਟੀ ਵਿਚ ਇਕ ਵਕੀਲ ਦੇ ਸ਼ਾਮਲ ਹੋਣ ਕਾਰਨ ਵਕੀਲਾਂ ਨੂੰ ਲੱਗਦਾ ਸੀ ਜਿਵੇਂ ਸਾਰੀ ਬਾਰ ਦੇ ਮੂੰਹ 'ਤੇ ਕਾਲਖ਼ ਮਲੀ ਗਈ ਹੋਵੇ। ਜਿਵੇਂ ਉਹ ਅਫ਼ਸਰਾਂ, ਅਹਿਲਕਾਰਾਂ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਸੀ ਰਹੇ।

ਬਾਰ ਦੀ ਇਸ ਬਦਨਾਮੀ ਲਈ ਲੀਗਲ ਸੈੱਲ ਜ਼ਿੰਮੇਵਾਰ ਸੀ। ਲਿੱਬੜੀ ਭੇਡ ਕੋਲ ਖੜੋ ਕੇ ਕੋਈ ਹੋਰ ਕਿਉਂ ਲਿੱਬੜੇ ? ਸੈੱਲ ਵਾਲਿਆਂ ਕੋਲ ਕੋਈ ਜੱਜ ਦੀ ਚੁਗਲੀ ਕਿਉਂ ਕਰੇ ?

ਹਿੰਮਤ ਹਾਰਨ ਵਾਲੇ ਦਿਨ ਗੁਰਮੀਤ ਵੀ ਨਹੀਂ ਸੀ ਜੰਮਿਆ।

ਰਾਤ-ਬਰਾਤੇ ਉਹ ਮਿੱਤਰ ਵਕੀਲਾਂ ਨਾਲ ਸੰਪਰਕ ਕਾਇਮ ਕਰਨ ਲੱਗਾ।

ਗੁਪਤਾ ਵਕੀਲ ਹਾਲੇ ਵੀ ਆਪਣੇ ਸਟੈਂਡ 'ਤੇ ਕਾਇਮ ਸੀ। ਮਹੰਤਾਂ ਨੇ ਨਾਥ ਨੂੰ ਪੰਜਾਹ ਹਜ਼ਾਰ ਰੁਪਏ ਦਿੱਤੇ ਸਨ। ਉਹ ਸੈੱਲ ਦੀ ਮਦਦ ਕਰਨਾ ਚਾਹੁੰਦਾ ਸੀ ਪਰ ਕਰ ਨਹੀਂ ਸੀ ਸਕਦਾ। ਮਹੰਤਾਂ ਨੂੰ ਜੱਜ ਨਾਲ ਕੋਈ ਗਿਲਾ ਨਹੀਂ ਸੀ। ਉਹਨਾਂ ਨੇ ਪੈਸਾ ਦਿੱਤਾ ਸੀ ਤੇ ਗ਼ਜ਼ ਪੜਵਾਇਆ ਸੀ। ਦੂਜੇ ਉਹਨਾਂ ਦੀ ਅਪੀਲ ਉਪਰਲੀ ਅਦਾਲਤ ਵਿਚ ਚੱਲਦੀ ਸੀ। ਮਹੰਤਾਂ ਨੇ ਜੇ ਕੋਈ ਅਰਜ਼ੀ-ਪੱਤਰ ਜਾਂ ਹਲਫ਼ੀਆ ਬਿਆਨ ਦੇ ਦਿੱਤਾ ਤਾਂ ਇਹੋ ਉਹਨਾਂ ਦੀ ਹਾਰ ਦਾ ਕਾਰਨ ਬਣ



ਜਾਣਾ ਸੀ। ਉਹ ਆਪਣੇ ਪੈਰ 'ਤੇ ਆਪ ਕੁਹਾੜਾ ਮਾਰਨ ਨੂੰ ਤਿਆਰ ਨਹੀਂ ਸਨ।

ਇਹੋ ਜਿਹੀ ਮਜਬੂਰੀ ਹੀ ਸ਼ਰਮੇ ਵਕੀਲ ਦੀ ਸੀ। ਸੇਠ ਵੀ ਡਰੂ ਸਨ। ਉਹਨਾਂ ਨੇ ਸੁੱਖਾਂ ਸੁਖ ਕੇ ਖਹਿੜਾ ਛੁਡਾਇਆ ਸੀ। ਹਰਖ਼ੇ ਜੱਜ ਦਾ ਕੀ ਐ, ਸਰਕਾਰੀ ਵਕੀਲ ਨੂੰ ਆਖ ਕੇ ਅਪੀਲ ਹੀ ਕਰਵਾ ਦੇਵੇ। ਬਲੈਕ ਕਰਨਾ ਉਹਨਾਂ ਦਾ ਧੰਦਾ ਹੈ। ਕਿਸੇ ਥਾਣੇਦਾਰ ਨੂੰ ਸ਼ਿੰਗਾਰ ਕੇ ਮੁੜ ਰੇਡ ਕਰਵਾ ਦੇਵੇ। ਸੇਠ ਵਿਚੋਲੇ ਦੀ ਕੁੱਤੇ ਖਾਣੀ ਤੋਂ ਵੀ ਡਰਦੇ ਸਨ। ਆਖੇਗਾ ਜੱਜ ਨੇ ਕਿਹੜਾ ਥੋਨੂੰ ਘਰੋਂ ਬੁਲਾਇਆ ਸੀ। ਥੋੜੇ ਹੀ ਖ਼ੁਰਕ ਹੋਈ ਸੀ। ਮੁੜ ਕਿਸੇ ਨੇ ਸੇਠਾਂ ਦਾ ਕੰਮ ਨਹੀਂ ਕਰਾਉਣਾ। ਨਾ ਬਈ ਨਾ, ਸ਼ਿਕਾਇਤ ਸ਼ਬਦ ਸੇਠਾਂ ਦੇ ਖਾਤੇ ਵਿਚ ਨਹੀਂ ਸੀ।

ਜੱਜ ਖ਼ਿਲਾਫ਼ ਠੋਸ ਸ਼ਿਕਾਇਤ ਤਾਂ ਹੀ ਬਣਦੀ ਜੇ ਕੋਈ ਧਿਰ ਹਿੱਕ ਥਾਪੜ ਕੇ ਆਖਦੀ, "ਜੱਜ ਨੂੰ ਪੈਸੇ ਮੈਂ ਦਿੱਤੇ ਨੇ।" ਅਜਿਹੀ ਧਿਰ ਨਹੀਂ ਲਭੀ ਨਾ ਸਹੀ। ਕੋਈ ਅਜਿਹੀ ਧਿਰ ਸਹੀ ਜਿਹੜੀ ਆਖੇ ਉਸ ਦੀ ਵਿਰੋਧੀ ਧਿਰ ਨੇ ਜੱਜ ਨੂੰ ਪੈਸੇ ਦਿੱਤੇ ਨੇ। ਹਾਰੀ ਧਿਰ ਦੇ ਦੋਸ਼ ਦੀ ਬਹੁਤੀ ਵੁੱਕਤ ਨਹੀਂ ਸੀ। ਚਲੋ, ਇਸ ਤਰ੍ਹਾਂ ਜੱਜ ਦੇ ਖ਼ਿਲਾਫ਼ ਗੱਲ ਤੋਰਨ ਦਾ ਬਹਾਨਾ ਤਾਂ ਬਣਨਾ ਸੀ।

ਅਜਿਹੀ ਕੋਈ ਪਾਰਟੀ ਸ਼ਿੰਗਾਰਨ ਲਈ ਗੁਰਮੀਤ ਨੇ ਝਾਂਜੀ ਦੇ ਦਰ 'ਤੇ ਦਸਤਕ ਦਿੱਤੀ।

ਝਾਂਜੀ ਗੁਰਮੀਤ ਨੂੰ ਛੋਟਾ ਭਰਾ ਸਮਝਦਾ ਸੀ। ਉਸ ਨੇ ਆਪਣੀ ਧਿਰ ਨੂੰ ਝਿੜਕਿਆ ਜ਼ਰੂਰ ਸੀ ਪਰ ਉਹ ਸਭ ਝੂਠ ਸੀ। ਵਿਰੋਧੀ ਧਿਰ ਨੇ ਜੱਜ ਨੂੰ ਕਾਹਨੂੰ ਪੈਸੇ ਦਿੱਤੇ ਸਨ। ਅਸਲ ਗੱਲ ਇਹ ਸੀ ਕਿ ਉਸ ਦੇ ਸਾਇਲ ਦਾ ਕੇਸ ਬਹੁਤ ਕਮਜ਼ੋਰ ਸੀ। ਝਾਂਜੀ ਨੂੰ ਪਹਿਲੇ ਦਿਨੋਂ ਪਤਾ ਸੀ ਉਹ ਜਿੱਤ ਨਹੀਂ ਸਕਦੇ ਪਰ ਉਹ ਮੁਰਗੀ ਮੋਟੀ ਸੀ। ਦਸ ਦੀ ਥਾਂ ਸੌ ਖ਼ਰਚਣ ਵਾਲੀ। ਝਾਂਜੀ ਤੋਂ ਛੱਡੀ ਨਾ ਗਈ। ਉਹ ਸਾਇਲ ਨੂੰ ਮੁਕੱਦਮਾ ਜਿੱਤਣ ਦੇ ਸਬਜ਼-ਬਾਗ਼ ਦਿਖਾਉਂਦਾ ਰਿਹਾ। ਨਾਲੇ ਮਨੋ-ਵਿਗਿਆਨਕ ਤੌਰ 'ਤੇ ਤਿਆਰ ਕਰਦਾ ਰਿਹਾ। ਜੱਜ ਬੇਈਮਾਨ ਹੈ। ਕੋਈ ਪਤਾ ਨਹੀਂ ਕਦੋਂ ਕਿਸ ਵੱਲ ਪੱਲੜਾ ਝੁਕਾ ਦੇਵੇ। ਕਈ-ਕਈ ਸਾਲ ਮੁਕੱਦਮਾ ਜਿੱਤਣ ਦਾ ਸੁਪਨਾ ਦੇਖਦੀ ਧਿਰ ਨੂੰ ਜੇ ਇਕ ਦਮ ਹਾਰ ਦਾ ਸਾਹਮਣਾ ਕਰਨਾ ਪੈ ਜਾਂਦਾ ਤਾਂ ਉਹ ਝਾਂਜੀ ਦਾ ਸਿਰ ਨਾ ਪਾੜ ਦਿੰਦੀ। ਇਹ ਤਾਂ ਪਾਰਟੀ ਨੂੰ ਭੰਬਲ-ਭੂਸਿਆਂ ਵਿਚ ਪਾਈ ਰੱਖਣ ਦਾ ਝਾਂਜੀ ਦਾ ਇਕ ਟਰਿੱਕ ਸੀ।

ਮਿਲਦਾ-ਜੁਲਦਾ ਬਹਾਨਾ ਮਹਿੰਗਾ ਸਿੰਘ ਨੇ ਘੜ ਦਿਤਾ।

ਗੁਰਮੀਤ ਨੂੰ ਕੁਝ ਸਮਝ ਨਹੀਂ ਸੀ ਆਇਆ। ਵਕੀਲਾਂ ਨੇ ਸਾਇਲਾਂ ਨੂੰ ਭੰਬਲ-ਭੂਸਿਆਂ ਵਿਚ ਪਾਇਆ ਸੀ ਜਾਂ ਗੁਰਮੀਤ ਨੂੰ।

ਪਿਆਰੇ ਲਾਲ ਅਤੇ ਮੋਹਨ ਜੀ ਦਾ ਵੀ ਇਹੋ ਹਾਲ ਸੀ। ਮੋਹਨ ਜੀ ਦੇ ਕਿਸੇ ਸਾਇਲ ਨੇ ਵੀ ਹੁੰਗਾਰਾ ਨਹੀਂ ਸੀ ਭਰਿਆ।

ਥੱਕ-ਹਾਰ ਕੇ ਲੀਗਲ ਸੈੱਲ ਨੇ ਹਥਿਆਰ ਸੁੱਟ ਦਿੱਤੇ। ਲੁੱਟੇ-ਖਸੁੱਟੇ ਅਤੇ ਡਰੇ ਸਹਿਮੇ ਲੋਕ ਜਣੇ-ਖਣੇ ਕੋਲ ਦਿਲ ਨਹੀਂ ਫਰੋਲਣ ਲੱਗੇ, ਵਕੀਲਾਂ ਕੋਲ ਤਾਂ ਬਿਲਕੁਲ ਨਹੀਂ।

ਜੇ ਉਹਨਾਂ ਆਪਣੇ ਦੁਖੜੇ ਰੋਏ ਤਾਂ ਹਮਦਰਦਾਂ ਕੋਲ ਹੀ ਰੋਣਗੇ।

ਸੰਮਤੀ ਦੀਆਂ ਸਾਰੀਆਂ ਇਕਾਈਆਂ ਨੂੰ ਸੁਚੇਤ ਕੀਤਾ ਗਿਆ। ਉਹ ਲੋਕਾਂ ਵਿਚ ਵਿਚਰਨ। ਲੋਕਾਂ ਦੀ ਦੁਖਦੀ ਰਗ 'ਤੇ ਉਂਗਲ ਰੱਖਣ। ਫੇਰ ਹੀ ਸਫਲਤਾ ਦੀ ਸੰਭਾਵਨਾ ਬਣ ਸਕਦੀ ਸੀ।

ਕ੍ਰਾਂਤੀਕਾਰੀ ਫ਼ਰੰਟ ਦੇ ਰਾਜਿੰਦਰ ਨੂੰ ਹੇੜੀਕੇ ਵਾਲੇ ਰਾਮ ਸਿੰਘ ਦੀ ਸੂਹ ਲੱਗੀ। ਅਦਾਲਤਾਂ ਨੇ ਉਸ ਨੂੰ ਰੱਜ ਕੇ ਲੁੱਟਿਆ ਸੀ। ਉਸ ਨੂੰ ਧਿਜਾਉਣ ਲਈ ਰਾਜਿੰਦਰ ਨੂੰ ਕਈ ਦਿਨ ਉਸ ਦੁਆਲੇ ਕੱਟੀਆਂ-ਵੱਛੀਆਂ ਬੰਨ੍ਹਣੀਆਂ ਪਈਆਂ ਸਨ।

ਜਦੋਂ ਰਾਮ ਸਿੰਘ ਦਾ ਬਾਪ ਮਰਿਆ ਸੀ ਤਾਂ ਉਸ ਦੇ ਨਾਂ ਚਾਲੀ ਕਿੱਲੇ ਜ਼ਮੀਨ ਸੀ। ਪਟਿਆਲੇ ਵਰਗੇ ਸ਼ਹਿਰ ਦੇ ਸੀਨੇ ਵਿਚ ਚਾਲੀ ਦੁਕਾਨਾਂ ਦੀ ਮਾਰਕੀਟ ਸੀ। ਲੱਖਾਂ ਰੁਪਿਆ ਬੈਂਕਾਂ ਵਿਚ ਜਮ੍ਹਾਂ ਸੀ।

ਵਸੀਅਤ ਕਰ ਕੇ ਭਾਗ ਸਿੰਘ ਨੇ ਬਾਂਦਰਾਂ ਵਿਚ ਭੇਲੀ ਸੁੱਟ ਦਿੱਤੀ। ਵੱਡਾ ਬੁਰਕ ਭਰਨ ਦੀ ਲਾਲਸਾ ਕਾਰਨ ਵਾਰਸਾਂ ਵਿਚ ਮਹਾਂਭਾਰਤ ਛਿੜ ਪਿਆ। ਕਈ ਲਾਲਚੀ ਲੂੰਬੜ ਉਹਨਾਂ ਦੁਆਲੇ ਜੁੜ ਗਏ। ਨਾਲੇ ਬਾਂਦਰ ਤਮਾਸ਼ਾ ਦੇਖਦੇ ਰਹੇ, ਨਾਲੇ ਦੋਹਾਂ ਬਿੱਲੀਆਂ ਨੂੰ ਲੁੱਟਦੇ ਰਹੇ।

ਭਾਗ ਸਿੰਘ ਦੇ ਦੋ ਵਿਆਹ ਸਨ। ਪਹਿਲੀ ਦੇ ਪੇਟੋਂ ਰਾਮ ਸਿੰਘ ਸੀ। ਦੂਜੀ ਦੇ ਇਕ ਕੁੜੀ ਜਸਵਿੰਦਰ ਕੌਰ।

ਰਾਮ ਸਿੰਘ ਦੀ ਬਾਪ ਨਾਲ ਘੱਟ-ਵੱਧ ਹੀ ਬਣਦੀ ਸੀ। ਉਹ ਨਾਨਕੇ ਘਰ ਹੀ ਪਲਿਆ ਸੀ। ਉਥੇ ਹੀ ਪੜ੍ਹਿਆ, ਜਵਾਨ ਹੋਇਆ ਅਤੇ ਉਥੇ ਹੀ ਚਾਰ ਸਿਆੜ ਖ਼ਰੀਦ ਲਏ।

ਪਿਉ ਨੇ ਧੀ ਨੂੰ ਖ਼ੂਬ ਪੜ੍ਹਾਇਆ-ਲਿਖਾਇਆ। ਪ੍ਰੋਫ਼ੈਸਰ ਨਾਲ ਵਿਆਹਿਆ। ਕੋਠੀ ਦਿੱਤੀ, ਕਾਰ ਦਿੱਤੀ। ਪਟਿਆਲੇ ਵਾਲੀ ਮਾਰਕੀਟ ਉਸ ਦੇ ਨਾਂ ਕਰਵਾ ਦਿੱਤੀ। ਬਥੇਰਾ ਕਿਰਾਇਆ ਆਉਂਦਾ ਸੀ। ਸਾਰੀ ਉਮਰ ਵਿਹਲੀ ਬੈਠ ਕੇ ਖਾਵੇ ਤਾਂ ਵੀ ਨਹੀਂ ਸੀ ਮੁੱਕਣਾ।

ਪੁੱਤਰ ਨੂੰ ਭਾਗ ਸਿੰਘ ਨੇ ਘਰੋਂ ਜ਼ਰੂਰ ਕੱਢਿਆ ਸੀ ਪਰ ਮਨੋਂ ਨਹੀਂ ਸੀ ਵਿਸਾਰਿਆ। ਧੀ ਨੂੰ ਬਥੇਰਾ ਕੁਝ ਦਿੱਤਾ ਜਾ ਚੁੱਕਾ ਸੀ। ਜ਼ਮੀਨ ’ਤੇ ਪੁੱਤ ਦਾ ਹੀ ਹੱਕ ਸੀ। ਇਹੋ ਹੱਕ ਉਹ ਵਸੀਅਤ ਰਾਹੀਂ ਬਹਾਲ ਕਰ ਗਿਆ। ਭਾਗ ਸਿੰਘ ਦੀ ਆਕੜ ਨੂੰ ਆਂਚ ਨਾ ਆਵੇ, ਇਸ ਲਈ ਰਾਮ ਸਿੰਘ ਨੂੰ ਜ਼ਮੀਨ ਤੋਂ ਵਾਂਝਿਆਂ ਰੱਖਿਆ ਗਿਆ। ਸਾਰੀ ਜ਼ਮੀਨ ਭਾਗ ਸਿੰਘ ਦੇ ਪੋਤਿਆਂ, ਯਾਨੀ ਰਾਮ ਸਿੰਘ ਦੇ ਮੁੰਡਿਆਂ ਦੇ ਨਾਂ ਕੀਤੀ ਗਈ।

ਸਰਦਾਰਨੀ ਲਈ ਪੰਜ ਕਿੱਲੇ ਰਾਖਵੇਂ ਰੱਖੇ ਗਏ। ਜਿੰਨਾ ਚਿਰ ਜਿਉਂਦੀ ਹੈ ਕਮਾਈ ਖਾਂਦੀ ਰਹੇ, ਪਿੱਛੋਂ ਉਹ ਜ਼ਮੀਨ ਵੀ ਪੋਤਿਆਂ ਨੂੰ ਜਾਣੀ ਸੀ।

ਸਰਦਾਰਨੀ ਨੂੰ ਸਰਦਾਰ ਦੇ ਮਰਨ ’ਤੇ ਓਨਾ ਦੁੱਖ ਨਹੀਂ ਸੀ ਹੋਇਆ, ਜਿੰਨਾ ਵਸੀਅਤ ਪੜ੍ਹ ਕੇ ਹੋਇਆ ਸੀ। ਰਾਮ ਸਿੰਘ ਦਾ ਕੰਡਾ ਕੱਢਣ ਦੀ ਥਾਂ ਉਹ ਬੁੱਢੀ ਦਾ ਬੁਢਾਪਾ ਰੋਲ ਗਿਆ ਸੀ।

ਬੁੱਢੀ ਨੇ ਭਾਈ-ਭਤੀਜੇ ਇਕੱਠੇ ਕੀਤੇ। ਵਕੀਲਾਂ ਨਾਲ ਰਾਏ ਕੀਤੀ।

ਕਾਨੂੰਨ ਮੁਤਾਬਕ ਸਰਦਾਰ ਦੇ ਤਿੰਨ ਵਾਰਿਸ ਬਣਦੇ ਸਨ। ਪਤਨੀ, ਧੀ ਅਤੇ ਪੁੱਤ। ਜੇ ਵਸੀਅਤ ਟੁੱਟ ਜਾਵੇ ਤਾਂ ਮਾਵਾਂ-ਧੀਆਂ ਨੂੰ ਦੋ ਹਿੱਸੇ ਮਿਲ ਸਕਦੇ ਸਨ।

ਜਵਾਈ ਪਹਿਲਾਂ ਕੋਠੀ, ਕੈਸ਼ ਅਤੇ ਕਿਰਾਏ ’ਤੇ ਹੀ ਖ਼ੁਸ਼ ਸੀ। ਜਦੋਂ ਇਲਮ ਹੋਇਆ ਕਿ ਸੱਸ ਦੇ ਮਰਨ ਪਿੱਛੋਂ ਉਸ ਦੀ ਜਾਇਦਾਦ ਵੀ ਉਸ ਦੀ ਪਤਨੀ ਨੂੰ ਮਿਲੇਗੀ ਤਾਂ ਲੰਬੀ ਛੁੱਟੀ ਲੈ ਕੇ ਉਹ ਸਹੁਰੀਂ ਆ ਬੈਠਾ।

ਵਕੀਲਾਂ ਦੇ ਮਸ਼ਵਰੇ ’ਤੇ ਜਵਾਈ ਨੇ ਇਕ ਜਾਅਲੀ ਵਸੀਅਤ ਤਿਆਰ ਕੀਤੀ। ਇਹ ਇਕ-ਪਾਸੜ ਨਾ ਲੱਗੇ ਇਸ ਲਈ ਪੰਜ ਕਿੱਲੇ ਜ਼ਮੀਨ ਪੋਤਿਆਂ ਨੂੰ ਜਾਣੀ ਦਿਖਾਈ ਗਈ ਸੀ। ਬਾਕੀ ਬਚਦੀ ਜਾਇਦਾਦ ਵਿਚ ਮਾਵਾਂ-ਧੀਆਂ ਨੂੰ ਬਰਾਬਰ ਦਾ ਹਿੱਸੇਦਾਰ ਬਣਾਇਆ ਗਿਆ।

ਮੁਕੱਦਮੇਬਾਜ਼ੀ ਸ਼ੁਰੂ ਹੋ ਗਈ। ਇਕ ਪਾਸੇ ਸੱਸ, ਜਵਾਈ ਅਤੇ ਉਹਨਾਂ ਦੇ ਰਿਸ਼ਤੇਦਾਰ ਸਨ। ਦੂਜੇ ਪਾਸੇ ਰਾਮ ਸਿੰਘ, ਮਾਮੇ ਅਤੇ ਉਹਨਾਂ ਦੇ ਰਿਸ਼ਤੇਦਾਰ ਸਨ।

ਦੋਹਾਂ ਧਿਰਾਂ ਨੂੰ ਲੱਗਦਾ ਸੀ, ਜ਼ਮੀਨ ਮੁਫ਼ਤ ਵਿਚ ਹੀ ਮਿਲਣ ਵਾਲੀ ਸੀ। ਜੋ ਵੀ ਹੱਥ



ਲੱਗ ਜਾਏ, ਉਹ ਆਪਣਾ ਸੀ।

ਦੋਹਾਂ ਧਿਰਾਂ ਦੀ ਲੁੱਟ-ਖਸੁੱਟ ਸ਼ੁਰੂ ਹੋਈ। ਉਹਨਾਂ ਨੂੰ ਇਕ ਪਾਸੇ ਬਦਮਾਸ਼ ਚੂੰਡਣ ਲੱਗੇ, ਦੂਜੇ ਪਾਸੇ ਵਕੀਲ।

ਕਦੇ ਇਕ ਧਿਰ ਨੂੰ ਚਾਰ ਬਦਮਾਸ਼ ਨਾਲ ਲੈ ਕੇ ਜ਼ਮੀਨ ਵਾਹੁਣੀ ਪੈਂਦੀ। ਕਦੇ ਦੂਜੀ ਧਿਰ ਨੂੰ ਦਸ ਬਦਮਾਸ਼ ਨਾਲ ਲੈ ਕੇ ਫ਼ਸਲ ਉਜਾੜਨੀ ਪੈਂਦੀ। ਕਦੇ ਇਕ ਧਿਰ ਨੂੰ ਜ਼ਮੀਨ ’ਚ ਖੜੋ ਕੇ ਲਲਕਾਰੇ ਮਾਰਨੇ ਪੈਂਦੇ, ਕਦੇ ਦੂਜੀ ਧਿਰ ਨੂੰ ਫ਼ਾਇਰ ਕਰਨੇ ਪੈਂਦੇ।

ਦੋਹਾਂ ਘਰਾਂ ਵਿਚ ਬੱਕਰੇ ਰਿੱਝਣ, ਸ਼ਰਾਬਾਂ ਉੱਡਣ ਅਤੇ ਖੌਰੂ ਪੈਣ ਲੱਗੇ।

ਵਕੀਲਾਂ ਨੇ ਮੁਕੱਦਮੇ ਵਿਚੋਂ ਮੁਕੱਦਮਾ ਕੱਢਣਾ ਸ਼ੁਰੂ ਕਰ ਦਿੱਤਾ। ਕਦੇ ਸੱਤ ਇਕਵੰਜਾ, ਕਦੇ ਗਿਰਦਾਵਰੀ ਦੀ ਦਰੁਸਤੀ, ਕਦੇ ਇੰਤਕਾਲ ਮੁਤਨਾਜ਼ਾ ਅਤੇ ਕਦੇ ਦਫ਼ਾ ਇਕ ਸੌ ਪੰਤਾਲੀ।

ਜਵਾਈ ਪੜ੍ਹਿਆ-ਲਿਖਿਆ ਸੀ। ਬਹੁਤੇ ਕੰਮ ਜਾਣ-ਪਹਿਚਾਣ ਦੇ ਸਿਰ ’ਤੇ ਹੋ ਜਾਂਦੇ।

ਇਧਰ ਸਾਰਾ ਟੋਲਾ ਅਨਪੜ੍ਹ ਸੀ। ਵਕੀਲ ਪੰਜ ਦੀ ਥਾਂ ਪੰਜਾਹ ਖ਼ਰਚਾਉਂਦੇ ਸਨ। ਕਦੇ ਗਵਾਹ ਦਾ ਖ਼ਰਚਾ, ਕਦੇ ਮਾਹਿਰ ਦਾ, ਕਦੇ ਕਮਿਸ਼ਨ ਨਿਯੁਕਤ ਕਰਾਉਣਾ ਹੈ, ਕਦੇ ਪਟਵਾਰੀ ਬੁਲਾਉਣਾ ਹੈ, ਕਦੇ ਕੋਰਟ-ਫ਼ੀਸ ਲਾਉਣੀ ਹੈ, ਕਦੇ ਅਪੀਲ ਕਰਨੀ ਹੈ।

ਜਵਾਈ ਧਿਰ ਜ਼ਮੀਨ ’ਤੇ ਕਾਬਜ਼ ਸੀ। ਜ਼ਮੀਨ ਦੀ ਕਮਾਈ ਉਹਨਾਂ ਨੂੰ ਆ ਰਹੀ ਸੀ। ਮੁਕੱਦਮੇਬਾਜ਼ੀ ਦਾ ਖ਼ਰਚਾ ਉਹਨਾਂ ਨੂੰ ਚਿੱਤ-ਚੇਤੇ ਵੀ ਨਹੀਂ ਸੀ। ਉਹਨਾਂ ਨੂੰ ਮੁਕੱਦਮਾ ਲਟਕਾਉਣ ਵਿਚ ਵੀ ਲਾਭ ਸੀ ਅਤੇ ਮੁਕਾਉਣ ਵਿਚ ਵੀ।

ਰਾਮ ਸਿੰਘ ਦੀ ਟੋਟਨੀ ਗੰਜੀ ਹੋ ਰਹੀ ਸੀ। ਫ਼ੈਸਲਾ ਹੋਵੇ ਤਾਂ ਜ਼ਮੀਨ ਵਿਚੋਂ ਚਾਰ ਪੈਸੇ ਆਉਣ ਲੱਗਣ।

ਕਾਹਲ ਦੀ ਤਾਂਘ ਵਿਚ ਰਾਮ ਸਿੰਘ ਧੜਾ-ਧੜ ਰੀਡਰਾਂ, ਸਟੈਨੋਆਂ ਦੇ ਘਰ ਭਰਦਾ ਰਿਹਾ। ਫ਼ੈਸਲੇ ਦਾ ਵਕਤ ਆਇਆ ਤਾਂ ਬਾਜ਼ੀ ਜਵਾਈ ਧੜਾ ਮਾਰ ਗਿਆ।

ਜਵਾਈ ਨੇ ਤਿੰਨ ਲੱਖ ’ਚ ਜੱਜ ਨੂੰ ਖ਼ਰੀਦ ਲਿਆ। ਤਿੰਨ ਕਿੱਲਿਆਂ ਦੇ ਮੁੱਲ ’ਚ ਬੱਤੀ ਕਿੱਲੇ ਮਹਿੰਗੇ ਨਹੀਂ ਸਨ।

ਜੱਜ ਨੇ ਕਿਹੜਾ ਮੁੰਗਲੀ ਫੇਰਨੀ ਸੀ। ਅਸਲ ਵਸੀਅਤ ਝੂਠੀ ਕਰਾਰ ਦੇ ਦਿੱਤੀ ਅਤੇ ਝੂਠੀ ਅਸਲ ਬਣਾ ਦਿੱਤੀ। ਰਾਮ ਸਿੰਘ ਦਾ ਆਪਣਾ ਹਿੱਸਾ ਵੀ ਮਾਰਿਆ ਗਿਆ।

ਹੇਠਲੀ ਅਦਾਲਤ ’ਚ ਉਹ ਮਾਰ ਖਾ ਗਿਆ। ਅਗਾਂਹ ਲਈ ਸੁਚੇਤ ਹੋ ਗਿਆ।

ਉਪਰਲੇ ਜੱਜ ਨੂੰ ਗੰਢਣ ਲਈ ਉਸ ਨੇ ਪਹਿਲੇ ਦਿਨੋਂ ਹੀਲਾ ਆਰੰਭ ਦਿੱਤਾ।

ਸਿਆਣੇ ਨੇ ਰਾਏ ਦਿਤੀ। ਰਾਮ ਸਿੰਘ ਨੇ ਅਮਲ ਕੀਤਾ। ਸੌਦਾ ਪੰਜ ਕਿੱਲਿਆਂ ’ਤੇ ਆ ਕੇ ਟੁੱਟ ਗਿਆ। ਸਾਰੀ ਜੁੱਲੀ ਤੱਪੜੀ ਵੇਚ ਕੇ ਰਾਮ ਸਿੰਘ ਨੇ ਨਾਥ ਸਾਹਿਬ ਦਾ ਘਰ ਪੂਰਾ ਕੀਤਾ।

ਜਵਾਈ ਨੇ ਖਹਿੜਾ ਫੇਰ ਵੀ ਨਾ ਛੱਡਿਆ। ਹਾਈ ਕੋਰਟ ’ਚ ਅਪੀਲ ਠੋਕ ਦਿੱਤੀ।

ਉਥੋਂ ਦੇ ਰੰਗ ਹੀ ਨਿਆਰੇ ਸਨ। ਵਕੀਲਾਂ, ਮੁਨਸ਼ੀਆਂ ਨੇ ਵੱਡੀਆਂ-ਵੱਡੀਆਂ ਜੇਬਾਂ ਵਾਲੇ ਕੋਟ ਪਾਏ ਹੋਏ ਸਨ। ਵਕੀਲ ਹਰ ਪੇਸ਼ੀ ’ਤੇ ਪੰਜ ਹਜ਼ਾਰ ਲੈਂਦਾ ਸੀ। ਕੇਸ ਦੀ ਸੁਣਵਾਈ ਹੋਵੇ ਜਾਂ ਨਾ, ਇਸ ਨਾਲ ਉਸ ਨੂੰ ਕੋਈ ਸਰੋਕਾਰ ਨਹੀਂ। ਨਾਲ ਛੋਟਾ ਵਕੀਲ ਹੁੰਦਾ, ਦਸੌਂਧ ਉਸ ਨੂੰ ਵੀ ਦੇਣਾ ਪੈਂਦਾ। ਮੁਨਸ਼ੀ ਦੀ ਫ਼ੀਸ ਇਥੋਂ ਦੇ ਵਕੀਲਾਂ ਨਾਲੋਂ ਵੀ ਵੱਧ। ਖ਼ਰਚੇ ਵੀ ਪਹਾੜ ਜਿੱਡੇ। ਕਦੇ ਕਿਸੇ ਮਿਸਲ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਾਉਣਾ ਹੈ, ਦੇ ਜਾ ਹਜ਼ਾਰ। ਕਦੇ

ਕਿਸੇ ਮਿਸਲ ਦੀ ਫ਼ੋਟੋ ਕਰਾਉਣੀ ਹੈ, ਦੇ ਜਾ ਅੱਠ ਸੌ।

ਹਾਈ ਕੋਰਟ ਦੇ ਜੱਜ ਦਾ ਬੰਦਾ ਲੱਭਣ ਦੀ ਉਸ ਦੀ ਜੁਰਅਤ ਨਹੀਂ ਸੀ ਪਈ। ਦਸ-ਵੀਹ ਕਿੱਲੇ ਜ਼ਮੀਨ ਦਾ ਕੇਸ ਉਥੇ ਕਿਸੇ ਗਿਣਤੀ ਵਿਚ ਨਹੀਂ ਸੀ।

ਰਾਮ ਸਿੰਘ ਦੀ ਹਾਲਤ ਇਕ ਜੁਆਰੀਏ ਵਰਗੀ ਬਣ ਗਈ। ਭੱਠ 'ਚ ਪਏ ਬਾਪੂ ਵਾਲੀ ਜ਼ਮੀਨ। ਜਿਹੜਾ ਲੱਗ ਗਿਆ, ਉਹੋ ਮੁੜ ਆਵੇ। ਇਸੇ ਆਸ 'ਤੇ ਉਹ ਪੈਸੇ ਖ਼ਰਚ ਕਰ ਰਿਹਾ ਸੀ। ਉਸ ਦੀ ਆਪਣੀ ਜ਼ਮੀਨ ਤਾਂ ਗਹਿਣੇ ਟਿਕੀ ਹੀ ਸੀ। ਹੁਣ ਮਾਮਿਆਂ ਦੀ ਵੀ ਟਿਕਣੀ ਸ਼ੁਰੂ ਹੋ ਗਈ ਸੀ।

ਹਾਈ ਕੋਰਟ ਵਿਚ ਜਵਾਈ ਫੇਰ ਧੋਬੀ-ਪਟੜਾ ਮਾਰ ਗਿਆ। ਰਾਮ ਸਿੰਘ ਚਿੱਤ ਹੋ ਗਿਆ।

ਰਾਮ ਸਿੰਘ ਨੂੰ ਦਲਾਲ ਦੇ ਨਾਲ-ਨਾਲ ਨਾਥ ਸਾਹਿਬ 'ਤੇ ਵੀ ਗ਼ੁੱਸਾ ਸੀ। ਪੈਸੇ ਲੈਣ ਸਮੇਂ ਨਾਥ ਨੇ ਵੀਹ ਵਾਰ ਹਿੱਕ ਥਾਪੜੀ ਸੀ। ਫ਼ੈਸਲਾ ਅਜਿਹਾ ਠੋਕ ਕੇ ਲਿਖੂੰ ਕਿ ਸੁਪਰੀਮ ਕੋਰਟ ਤਕ ਨਹੀਂ ਟੁੱਟਣਾ। ਇਹ ਪਹਿਲੀ ਸੱਟੇ ਹੀ ਲਿਫ਼ ਗਿਆ ਸੀ।

ਜੇ ਸੰਮਤੀ ਨਾਥ ਤੋਂ ਕੁਝ ਕੁ ਪੈਸੇ ਮੁੜਵਾ ਦੇਵੇ, ਉਹ ਤਾਂ ਵੀ ਜਿਊਂਦਿਆਂ ਵਿਚ ਰਹਿ ਜਾਏ।

ਰਾਜਿੰਦਰ ਨੇ ਉਸ ਨੂੰ ਦਿਲਾਸਾ ਦਿੱਤਾ। ਉਹ ਹੌਸਲਾ ਰੱਖੇ। ਨਾਥ ਲਏ ਪੈਸੇ ਤਾਂ ਮੋੜੇਗਾ ਹੀ, ਨਾਲ ਹੋਰ ਦੇ ਕੇ ਖਹਿੜਾ ਛੁਡਾਏਗਾ।

ਰਾਜਿੰਦਰ ਨੇ ਚੁਪਕੇ ਜਿਹੇ ਉਸ ਦਾ ਹਲਫ਼ੀਆ ਬਿਆਨ ਤਸਦੀਕ ਕਰਾਇਆ ਤੇ ਬੋਝੇ ਵਿਚ ਪਾ ਲਿਆ।

ਸ਼ੁਰੂਆਤ ਮਾੜੀ ਨਹੀਂ ਸੀ।

ਖ਼ਰਬੂਜ਼ੇ ਨੂੰ ਦੇਖ ਕੇ ਖ਼ਰਬੂਜ਼ਾ ਰੰਗ ਫੜਨ ਲੱਗਾ।

ਇਕ ਸ਼ਾਮ ਚੌਧਰੀ ਨੇ ਬਾਬੇ ਦਾ ਦਰਵਾਜ਼ਾ ਜਾ ਖੜਕਾਇਆ।

ਘਰੇਲੂ ਤੰਗੀਆਂ-ਤੁਰਸ਼ੀਆਂ ਕਾਰਨ ਕੁਝ ਸਾਲ ਪਹਿਲਾਂ ਚੌਧਰੀਆਂ ਨੇ ਆਪਣਾ ਕਪਾਹ ਵਾਲਾ ਕਾਰਖ਼ਾਨਾ ਵੇਚਣ ਦਾ ਮਨ ਬਣਾਇਆ ਸੀ। ਗਾਹਕ ਲਾਉਣ ਲਈ ਜਦੋਂ ਦਲਾਲ ਨਾਲ ਗੱਲ ਤੋਰੀ ਤਾਂ ਉਸ ਨੇ ਨਵੀਂ ਸਕੀਮ ਕੱਢ ਮਾਰੀ।

ਕਾਰਖ਼ਾਨਾ ਸ਼ਹਿਰ ਦੇ ਵਿਚਕਾਰ ਸੀ। ਜੇ ਇਸ ਦੇ ਪਲਾਟ ਬਣਾ ਕੇ ਵੇਚੇ ਜਾਣ ਤਾਂ ਪੈਸੇ ਕਈ ਗੁਣਾਂ ਵੱਧ ਵੱਟੇ ਜਾ ਸਕਦੇ ਸਨ।

ਸਕੀਮ ਮਾੜੀ ਨਹੀਂ ਸੀ ਪਰ ਚੌਧਰੀ, ਚੌਧਰੀ ਹੀ ਸਨ। ਉਹ ਕਚਹਿਰੀ-ਤਹਿਸੀਲੇ ਧੱਕੇ ਨਹੀਂ ਸਨ ਖਾ ਸਕਦੇ। ਕਦੇ ਇਕਰਾਰਨਾਮਾ ਲਿਖਣ ਜਾਓ, ਕਦੇ ਬਿਆਨਾ ਫੜਨ ਅਤੇ ਕਦੇ ਰਜਿਸਟਰੀ ਕਰਾਉਣ। ਉਹਨਾਂ ਬੁੱਧ ਰਾਮ ਨਾਲ ਉੱਕਾ-ਪੁੱਕਾ ਸੌਦਾ ਤਹਿ ਕਰ ਲਿਆ। ਉਹ ਚੌਧਰੀਆਂ ਨੂੰ ਬੱਝਵੀਂ ਰਕਮ ਦੇਵੇ। ਅਗਾਂਹ ਉਨੀ ਕਰੇ, ਇੱਕੀ ਕਰੇ, ਉਸ ਦੀ ਮਰਜ਼ੀ।

ਬੁੱਧ ਰਾਮ ਨੇ ਇਸ ਧੰਦੇ ਵਿਚੋਂ ਲੱਖਾਂ ਰੁਪਿਆ ਕਮਾਇਆ ਸੀ। ਨਾ ਹਿੰਗ ਲੱਗੇ ਨਾ ਫਟਕੜੀ ਰੰਗ ਵੀ ਚੋਖਾ। ਕੁਝ ਰਕਮ ਦੇ ਕੇ ਜ਼ਮੀਨ ਦਾ ਬਿਆਨਾ ਲਿਖਾ ਲੈਂਦਾ। ਰਜਿਸਟਰੀ ਕਰਾਉਣ ਦੀ ਤਾਰੀਖ਼ ਛੇ ਮਹੀਨੇ ਅੱਗੇ ਪਾ ਦਿੰਦਾ। ਪਲਾਟ ਕੱਟ-ਕੱਟ ਮਹਿੰਗੇ ਭਾਅ ਵੇਚ ਦਿੰਦਾ। ਰਜਿਸਟਰੀ ਦੀ ਤਾਰੀਖ਼ ਆਉਣ ਤੱਕ ਪੈਸੇ ਵੀ ਪੂਰੇ ਹੋ ਜਾਂਦੇ ਤੇ ਕੁਝ ਪਲਾਟ ਵੀ ਬਚੇ ਰਹਿੰਦੇ।

ਇਕ ਲੱਖ ਰੁਪਿਆ ਦੇ ਕੇ ਬੁੱਧ ਰਾਮ ਨੇ ਇਕਰਾਰਨਾਮਾ ਲਿਖ ਲਿਆ। ਥਾਂ ਦਾ ਅਸਲ ਮੁੱਲ ਅਠਾਰਾਂ ਲੱਖ ਰੁਪਏ ਪਾਇਆ ਗਿਆ। ਇਨਕਮ ਟੈਕਸ ਦੇ ਝੰਜਟਾਂ ਤੋਂ ਡਰਦਿਆਂ



ਕਾਗ਼ਜ਼ੀਂ-ਪੱਤਰੀਂ ਇਸ ਨੂੰ ਪੰਜ ਲੱਖ ਦਿਖਾਇਆ ਗਿਆ।

ਬੁੱਧ ਰਾਮ ਦੇ ਪਲਾਟ ਵੇਚਣ ਦਾ ਹੋਕਾ ਦੇਣ ਸਾਰ ਹੀ ਪਾਸਾ ਪੁੱਠਾ ਪੈਣਾ ਸ਼ੁਰੂ ਹੋ ਗਿਆ।

ਪੰਜਾਬ ਵਿਚਲੀ ਦਹਿਸ਼ਤਗਰਦੀ ਦਾ ਅਸਰ ਇਸ ਸ਼ਹਿਰ 'ਤੇ ਹੋਣ ਲੱਗਾ। ਉਪਰੋਥੱਲੀ ਕਈ ਵਾਕੇ ਹੋ ਗਏ। ਬੈਂਕ ਲੁੱਟਿਆ ਗਿਆ, ਸਕੂਟਰ ਖੋਹਿਆ ਗਿਆ। ਕਈ ਸ਼ਾਹੂਕਾਰ ਅਗਵਾ ਹੋਏ, ਲੱਖਾਂ ਦੀ ਫਿਰੌਤੀ ਵਸੂਲੀ ਗਈ। ਕੁਝ ਸੇਠ ਸ਼ਹਿਰ ਛੱਡ ਗਏ। ਕੁਝ ਤਿਆਰੀ ਕਰਨ ਲੱਗੇ।

ਅਗਲੇ ਮਹੀਨੇ ਸਮੱਸਿਆ ਹੋਰ ਗੰਭੀਰ ਹੋ ਗਈ। ਸ਼ਹਿਰ ਦੇ ਇਕ ਪਾਰਕ ਵਿਚ ਵਰਜ਼ਿਸ਼ ਕਰਦੇ ਬੰਦਿਆਂ 'ਤੇ ਗੋਲੀ ਚਲਾਈ ਗਈ। ਵੀਹ ਘਰ ਪੱਟੇ ਗਏ, ਬੱਸ ਵਿਚੋਂ ਲਾਹ ਕੇ ਅੱਠ ਬੰਦਿਆਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ। ਇੱਕੜ-ਦੁੱਕੜ ਕਤਲ ਤਾਂ ਆਮ ਜਿਹੀ ਘਟਨਾ ਬਣ ਗਈ।

ਜਦੋਂ ਪਹਿਲੀ ਹੀ ਜਾਇਦਾਦ ਖ਼ਤਰੇ ਵਿਚ ਹੋਵੇ ਤਾਂ ਨਵੀਂ ਬਾਰੇ ਕੌਣ ਸੋਚਦਾ ਸੀ? ਬੁੱਧ ਰਾਮ ਟੱਕਰਾਂ ਮਾਰ-ਮਾਰ ਹੰਭ ਗਿਆ। ਮਿਆਦ ਪੁੱਗਣ ਤਕ ਇਕ ਵੀ ਪਲਾਟ ਨਾ ਵਿਕਿਆ।

ਅਠਾਰਾਂ ਲੱਖ ਦੇਣ ਦੀ ਉਸ ਦੀ ਪਰੋਖੋਂ ਨਹੀਂ ਸੀ। ਰਜਿਸਟਰੀ ਕਰਾਉਣ ਨਾਲੋਂ ਸੌਦਾ ਮੁਕਰਨ ਵਿਚ ਬਿਹਤਰੀ ਸੀ।

ਚੌਧਰੀਆਂ ਨੇ ਫ਼ਰਾਖ਼ਦਿਲੀ ਦਿਖਾਈ। ਕਿਸੇ 'ਪਿਛਲੇ ਜਨਮ ਦੇ ਪਾਪਾਂ ਕਾਰਨ' ਉਹਨਾਂ ਦਾ ਸ਼ਾਹੂਕਾਰਾ ਪਹਿਲਾਂ ਹੀ ਖੁੱਸ ਚੁੱਕਾ ਸੀ। ਇਕਰਾਰਨਾਮੇ ਦੀ ਰਕਮ ਕੋਲ ਰੱਖਣਾ ਉਹਨਾਂ ਨੂੰ ਹਰਾਮ ਬਰਾਬਰ ਲੱਗਾ। ਬੁੱਧ ਰਾਮ ਨੂੰ ਘਰ ਬੁਲਾ ਕੇ ਉਹਨਾਂ ਬਿਆਨਾ ਵਾਪਸ ਕਰ ਦਿੱਤਾ।

ਥੋੜ੍ਹਾ ਜਿਹਾ ਟਿਕਾਅ ਹੋਇਆ ਤਾਂ ਲੋਕਾਂ ਦੇ ਦਿਲ ਟਿਕ ਗਏ। ਬਾਹਰ ਗਏ ਲੋਕ ਘਰਾਂ ਨੂੰ ਮੁੜਨ ਲੱਗੇ। ਬਾਹਰ ਭੁੱਖੇ ਮਰਨ ਨਾਲੋਂ ਇਥੇ ਗੋਲੀ ਖਾ ਕੇ ਮਰਨਾ ਚੰਗਾ ਸੀ।

ਦੁਕਾਨਾਂ, ਮਕਾਨਾਂ ਦੇ ਭਾਅ ਫੇਰ ਚੜ੍ਹਨ ਲੱਗੇ। ਚੌਧਰੀਆਂ ਨੂੰ ਦੁਗਣੇ-ਤਿਗਣੇ ਪੈਸੇ ਮਿਲਣ ਲੱਗੇ।

ਪੁਰਾਣੇ ਕਾਗ਼ਜ਼-ਪੱਤਰ ਫਰੋਲਦੇ ਬੁੱਧ ਰਾਮ ਦੇ ਇਕ ਦਿਨ ਇਕਰਾਰਨਾਮਾ ਹੱਥ ਲੱਗ ਗਿਆ। ਇਕਰਾਰਨਾਮਾ ਲੈ ਕੇ ਉਹ ਭੰਡਾਰੀ ਵਕੀਲ ਵੱਲ ਦੌੜਿਆ।

ਵੈਸੇ ਤਾਂ ਇਕਰਾਰਨਾਮੇ ਦੀ ਮਿਆਦ ਲੰਘ ਚੁੱਕੀ ਸੀ। ਦਸਤਾਵੇਜ਼ ਵਿਚ ਰੱਦੋ-ਬਦਲ ਕਰ ਕੇ ਕਿਸਮਤ ਅਜ਼ਮਾਈ ਜਾ ਸਕਦੀ ਸੀ।

ਕਿਸਮਤ ਅਜ਼ਮਾਈ ਗਈ। ਇਸ ਵਾਰ ਦਲਾਲੀ ਭੰਡਾਰੀ ਨੇ ਕੀਤੀ।

ਪੈਸੇ ਨੇ ਨਾਥ ਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਦਿੱਤੀ। ਉਸ ਨੂੰ ਦਸਤਾਵੇਜ਼ ਵਿਚਲੀਆਂ ਅਦਲਾ-ਬਦਲੀਆਂ ਨਜ਼ਰ ਹੀ ਨਾ ਆਈਆਂ। ਇਕ-ਦੋ ਨਹੀਂ, ਕਈ-ਕਈ ਤਬਦੀਲੀਆਂ ਹੋਈਆਂ ਸਨ। ਦਾਅਵੇ ਦੀ ਮਿਆਦ ਵਧਾਉਣ ਲਈ ਇਕਰਾਰਨਾਮਾ ਲਿਖਣ ਦੀ ਤਾਰੀਖ਼ ਬਦਲੀ ਗਈ ਸੀ। ਅਸਲ ਇਕਰਾਰਨਾਮੇ 'ਤੇ ਦੋ ਗਵਾਹਾਂ ਨੇ ਗਵਾਹੀ ਪਾਈ ਸੀ। ਕਾਨੂੰਨ ਦੀ ਮੰਗ ਵੀ ਇਹੋ ਸੀ। ਜਿਹੜਾ ਇਕਰਾਰਨਾਮਾ ਅਦਾਲਤ ਵਿਚ ਪੇਸ਼ ਹੋਇਆ ਸੀ, ਉਸ 'ਤੇ ਚਾਰ ਗਵਾਹਾਂ ਦੀ ਗਵਾਹੀ ਸੀ। ਪਿਛਲੇ ਦੋ ਗਵਾਹਾਂ ਦੀ ਗਵਾਹੀ ਪਿੱਛੋਂ ਪਵਾਈ ਗਈ ਸੀ। ਇਹਨਾਂ ਗਵਾਹਾਂ ਦੇ ਸਿਰ 'ਤੇ ਹੀ ਬੁੱਧ ਰਾਮ ਨੇ ਕਾਰਖ਼ਾਨੇ 'ਤੇ ਆਪਣਾ ਹੱਕ ਜਤਾਇਆ ਸੀ।

ਚੌਧਰੀਆਂ ਨੇ ਆਪਣਾ ਪੱਖ ਪੇਸ਼ ਕਰਨ ਲਈ ਦੀਵਾਨ ਪੁਰੀ ਵਰਗੇ ਹੱਥ-ਲਿਖਤਾਂ ਦੇ ਮੰਨੇ- ਪ੍ਰਮੰਨੇ ਅਤੇ ਸੱਚੇ-ਸੁੱਚੇ ਮਾਹਿਰ ਨੂੰ ਭੁਗਤਾਇਆ ਸੀ। ਪੁਰੀ ਨੇ ਸਪੱਸ਼ਟ ਸ਼ਬਦਾਂ ਵਿਚ ਰਾਏ ਪ੍ਰਗਟਾਈ ਸੀ। ਪਿਛਲੇ ਗਵਾਹਾਂ ਵਾਲੀ ਸਿਆਹੀ ਹੋਰ ਸੀ ਅਤੇ ਬਾਕੀ ਦਸਤਾਵੇਜ਼ ਵਾਲੀ

ਹੋਰ। ਦੋਹਾਂ ਦੇ ਲਿਖਣ ਸਮੇਂ ਵਿਚ ਵੀ ਚਾਰ-ਪੰਜ ਸਾਲ ਦਾ ਫ਼ਰਕ ਸੀ। ਦੋਹਾਂ ਹਿੱਸਿਆਂ ਨੂੰ ਲਿਖਿਆ ਵੀ ਅਲੱਗ-ਅਲੱਗ ਵਿਅਕਤੀਆਂ ਨੇ ਸੀ। ਤਾਰੀਖ਼ਾਂ ਵਿਚ ਕੀਤੀ ਕੱਟ-ਵੱਢ ਵੀ ਸਪੱਸ਼ਟ ਸੀ।

ਚੌਧਰੀਆਂ ਨੇ ਆਪਣਾ ਉਹ ਖਾਤਾ ਵੀ ਪੇਸ਼ ਕੀਤਾ, ਜਿਥੇ ਬਿਆਨੇ ਦੀ ਰਕਮ ਵਾਪਸ ਕਰਨ ਦਾ ਇੰਦਰਾਜ ਸੀ। ਉਹ ਚੈਕ ਵੀ ਪੇਸ਼ ਕੀਤਾ, ਜਿਸ ਰਾਂਹੀ ਰਕਮ ਵਾਪਸ ਕੀਤੀ ਗਈ ਸੀ।

ਨਾਥ ਸਾਹਿਬ ਨੂੰ ਚੌਧਰੀਆਂ ਦੀਆਂ ਦਲੀਲਾਂ ਤਰਕਹੀਨ ਲੱਗੀਆਂ।

ਚੌਧਰੀਆਂ ਨੂੰ ਇਕਰਾਰਨਾਮੇ 'ਤੇ ਫੁੱਲ ਚੜ੍ਹਾਉਣ ਦਾ ਹੁਕਮ ਹੋਇਆ। ਤੀਹ ਲੱਖ ਦਾ ਕਾਰਖ਼ਾਨਾ ਪੰਜ ਲੱਖ ਵਿਚ ਰੁੜ੍ਹ ਗਿਆ।

ਕਿਸੇ ਅਫ਼ਸਰ ਦੀ ਸ਼ਿਕਾਇਤ ਕਰਨਾ ਚੌਧਰੀਆਂ ਦੇ ਸੁਭਾਅ ਵਿਚ ਨਹੀਂ ਸੀ ਪਰ ਇਹ ਬੇਇਨਸਾਫ਼ੀ ਉਹਨਾਂ ਤੋਂ ਬਰਦਾਸ਼ਤ ਨਹੀਂ ਸੀ ਹੋ ਰਹੀ। ਪਹਿਲਾਂ ਉਹ ਭਾਣਾ ਮੰਨ ਕੇ ਸਬਰ ਕਰ ਗਏ ਸਨ। ਹੁਣ ਸੰਮਤੀ ਦੇ ਉਪਰਾਲੇ ਨੂੰ ਦੇਖ ਕੇ ਉਹ ਵੀ ਹਲਫ਼ੀਆ ਬਿਆਨ ਤਸਦੀਕ ਕਰਵਾ ਕੇ ਦੇ ਗ਼ਏ।

ਇਸ ਸ਼ਿਕਾਇਤ ਨੇ ਨਾਥ ਨੂੰ ਨੱਥ ਤਾਂ ਨਹੀਂ ਸੀ ਪਾ ਸਕਣੀ ਪਰ ਇਹ ਅਜਾਈਂ ਵੀ ਨਹੀਂ ਸੀ ਜਾਣੀ। ਮਿਸਲ ਦੀ ਘੋਖ ਜ਼ਰੂਰ ਹੋਣੀ ਸੀ। ਘੋਖ ਹੋਈ ਤਾਂ ਮਿਸਲ ਨੇ ਆਪੇ ਬੋਲ ਪੈਣਾ ਸੀ।

ਜੇ ਮਿਸਲਾਂ ਨੂੰ ਹੀ ਬੁਲਾਉਣਾ ਸੀ ਤਾਂ ਗੁਰਮੀਤ ਵੀ ਇਕ ਮਿਸਲ ਬੋਲਣ ਲਾ ਸਕਦਾ ਸੀ।

ਇਹ ਮਿਸਲ ਬੀ. ਐਂਡ ਆਰ. ਦੇ ਐਕਸੀਅਨ ਦੀ ਸੀ।

ਐਕਸੀਅਨ ਨੂੰ ਰਿਟਾਇਰ ਹੋਣ ਤੋਂ ਕੇਵਲ ਇਕ ਮਹੀਨਾ ਪਹਿਲਾਂ ਆਪਣੀ 'ਅਸਲ ਜਨਮ-ਮਿਤੀ ਯਾਦ ਆਈ ਸੀ।'

ਉਸ ਦਾ ਦਾਅਵਾ ਸੀ ਕਿ ਉਸ ਦੀ ਅਸਲ ਜਨਮ-ਮਿਤੀ ਉਹ ਨਹੀਂ, ਜਿਹੜੀ ਸਰਕਾਰੀ ਰਿਕਾਰਡ ਵਿਚ ਦਰਜ ਸੀ। ਕੁਝ ਮਹੀਨੇ ਪਹਿਲਾਂ ਇਕ ਧਾਰਮਿਕ ਰਸਮ ਨਿਭਾਉਂਦਿਆਂ ਉਸ ਦੀ ਮਾਂ ਨੂੰ ਖ਼ਿਆਲ ਆਇਆ ਸੀ ਕਿ ਅਸਲ ਵਿਚ ਉਹ ਚਾਰ ਸਾਲ ਛੋਟਾ ਸੀ। ਉਨ੍ਹਾਂ ਸਮਿਆਂ ਵਿਚ ਛੋਟੀ ਉਮਰ ਦੇ ਬੱਚਿਆਂ ਨੂੰ ਸਕੂਲ ਵਿਚ ਭਰਤੀ ਨਹੀਂ ਸੀ ਕੀਤਾ ਜਾਂਦਾ। ਉਸ ਦੇ ਪਿਓ ਨੇ ਵੱਡੇ ਭਰਾ ਦੀ ਜਨਮ-ਮਿਤੀ ਉਸ ਦੀ ਜਨਮ-ਮਿਤੀ ਵਜੋਂ ਦਰਜ ਕਰਵਾ ਦਿੱਤੀ ਸੀ। ਇਸ ਤੱਥ ਨੂੰ ਸਾਬਤ ਕਰਨ ਲਈ ਐਕਸੀਅਨ ਨੇ ਮੁਲਤਾਨੋਂ ਇਕ ਜਨਮ-ਸਰਟੀਫ਼ਿਕੇਟ ਮੰਗਵਾਇਆ ਸੀ।

ਉਸ ਦਾ ਚਾਰ ਸਾਲ ਹੋਰ ਨੌਕਰੀ ਕਰਨ ਦਾ ਹੱਕ ਬਣਦਾ ਸੀ।

ਸਰਕਾਰ ਵੱਲੋਂ ਇਹ ਮੁਕੱਦਮਾ ਗੁਰਮੀਤ ਨੇ ਲੜਿਆ ਸੀ। ਐਕਸੀਅਨ ਦੀ ਦਲੀਲ ਨੂੰ ਕਈ ਪੱਖਾਂ ਤੋਂ ਉਸ ਨੇ ਬੇਬੁਨਿਆਦ ਸਾਬਤ ਕੀਤਾ ਸੀ।

ਉਸ ਦੇ ਖ਼ਿਲਾਫ਼ ਪਹਿਲਾ ਸਬੂਤ ਇਹ ਸੀ ਕਿ ਜੇ ਉਸ ਨੂੰ ਚਾਰ ਸਾਲ ਛੋਟਾ ਮੰਨ ਲਿਆ ਜਾਵੇ ਤਾਂ ਉਸ ਦੀ ਦਸਵੀਂ ਦਾ ਇਮਤਿਹਾਨ ਪਾਸ ਕਰਨ ਦੀ ਉਮਰ ਬਾਰਾਂ ਸਾਲ ਬਣਦੀ ਸੀ। ਇਹ ਅਸੰਭਵ ਸੀ। ਜੇ ਇੰਝ ਹੋਇਆ ਹੁੰਦਾ ਤਾਂ ਉਸ ਦੀ ਲਿਆਕਤ ਦਾ ਸਾਰੀ ਦੁਨੀਆਂ ਵਿਚ ਰੌਲਾ ਪਿਆ ਹੁੰਦਾ। ਉਸ ਦਾ ਨਾਂ ਗਿਨੀਜ਼ ਰਿਕਾਰਡ ਬੁੱਕ ਵਿਚ ਦਰਜ ਹੋਇਆ ਹੁੰਦਾ।

ਦੂਸਰਾ ਸਬੂਤ ਇਹ ਸੀ ਕਿ ਸਰਕਾਰੀ ਨੌਕਰੀ ਵਿਚ ਭਰਤੀ ਹੋਣ ਦੀ ਘੱਟੋ-ਘੱਟ ਉਮਰ ਅਠਾਰਾਂ ਸਾਲ ਸੀ। ਅਠਾਰਾਂ ਸਾਲ ਦਾ ਹੁੰਦਿਆਂ ਹੀ ਉਹ ਭਰਤੀ ਹੋ ਗਿਆ ਸੀ। ਹੁਣ ਤਕ ਉਹ



ਚਾਲੀ ਸਾਲ ਦੀ ਨੌਕਰੀ ਕਰ ਚੁੱਕਾ ਸੀ। ਕੋਈ ਵੀ ਮੁਲਾਜ਼ਮ ਚਾਲੀ ਸਾਲ ਤੋਂ ਵੱਧ ਨੌਕਰੀ ਨਹੀਂ ਕਰ ਸਕਦਾ। ਜੇ ਚਾਰ ਸਾਲ ਹੋਰ ਮਿਲ ਗਏ ਤਾਂ ਉਸ ਦੀ ਨੌਕਰੀ ਚੁਤਾਲੀ ਸਾਲ ਹੋ ਜਾਣੀ ਸੀ। ਫੇਰ ਉਸ ਦਾ ਨਾਂ ਗਿਨੀਜ਼ ਬੁੱਕ ਵਿਚ ਜ਼ਰੂਰ ਆ ਜਾਣਾ ਸੀ।

ਸਰਕਾਰ ਨੇ ਇਹ ਵੀ ਸਾਬਤ ਕੀਤਾ ਸੀ ਕਿ ਉਹ ਮੁਲਤਾਨ ਵਿਚ ਪੈਦਾ ਹੀ ਨਹੀਂ ਹੋਇਆ, ਉਹ ਤਾਂ ਫ਼ਿਲੌਰ ਜੰਮਿਆ ਸੀ।

ਨਾਥ ਸਾਹਿਬ ਨੂੰ ਸਰਕਾਰੀ ਦਲੀਲਾਂ ਜਚੀਆਂ ਨਹੀਂ ਸਨ। ਸਰਕਾਰ ਨੇ ਤਾਂ ਕੰਮ ਹੀ ਲੈਣਾ ਸੀ। ਇਹ ਐਕਸੀਅਨ ਤੋਂ ਨਹੀਂ ਲਏਗੀ, ਕਿਸੇ ਹੋਰ ਤੋਂ ਲੈ ਲਏਗੀ। ਫੇਰ ਸਰਕਾਰ ਨੂੰ ਇਕ ਤਜਰਬੇਕਾਰ ਬੰਦੇ ਤੋਂ ਚਿੜ ਕਿਉਂ? ਤਜਰਬੇ ਦੇ ਆਧਾਰ 'ਤੇ ਐਕਸੀਅਨ ਨੂੰ ਚਾਰ ਸਾਲਾਂ ਲਈ ਲੁੱਟ ਦਾ ਲਾਈਸੈਂਸ ਹੋਰ ਮਿਲ ਗਿਆ ਸੀ।

ਇਸ ਫ਼ੈਸਲੇ ਪਿੱਛੇ ਜੱਜ ਦਾ ਕੀ ਲਾਲਚ ਲੁਕਿਆ ਸੀ, ਇਹ ਮਿਸਲ ਨੇ ਆਪੇ ਦੱਸ ਦੇਣਾ ਸੀ।

ਥੋੜ੍ਹਾ ਬਹੁਤ ਮਸਾਲਾ ਇਕੱਠਾ ਹੋ ਚੁੱਕਾ ਸੀ। ਮੌਕਾ ਤਾੜ ਕੇ ਇਕ ਦਿਨ ਗੁਰਮੀਤ ਨੇ ਬਾਰ ਦੇ ਪ੍ਰਧਾਨ ਕੋਲ ਗੱਲ ਤੋਰੀ।

ਸਤਿੰਦਰ ਨਾਥ ਸ਼ਰੇਆਮ ਲੋਕਾਂ ਦੇ ਆਹੂ ਲਾਹ ਰਿਹਾ ਸੀ। ਸਭ ਕੁਝ ਪਤਾ ਹੁੰਦੇ ਹੋਏ ਵੀ ਵਕੀਲ ਚੁੱਪ ਸਨ। ਲੋਕਾਂ ਨੂੰ ਇਨਸਾਫ਼ ਦਿਵਾਉਣ ਵਿਚ ਵਕੀਲਾਂ ਦੀ ਅਹਿਮ ਭੂਮਿਕਾ ਹੋਣੀ ਚਾਹੀਦੀ ਸੀ। ਜੇ ਵਕੀਲ ਹੀ ਅੱਖੀਂ ਦੇਖ ਕੇ ਮੱਖੀ ਨਿਗਲਣ ਲੱਗੇ ਤਾਂ ਆਮ ਜਨਤਾ ਦਾ ਕੀ ਬਣੇਗਾ? ਵਕੀਲਾਂ ਨੂੰ ਕੁਝ ਕਰਨਾ ਚਾਹੀਦਾ ਸੀ।

ਪ੍ਰਧਾਨ ਗੁਰਮੀਤ ਨਾਲ ਸਹਿਮਤ ਸੀ ਪਰ ਪ੍ਰਧਾਨ ਮਜਬੂਰ ਸੀ। ਉਹ ਇਕੱਲਾ ਕੀ ਕਰੇ? ਬਾਕੀ ਵਕੀਲ ਮੌਨ ਧਾਰੀ ਬੈਠੇ ਸਨ। ਮੋਹਨ ਜੀ ਦੀ ਦੁਰਗਤ ਤੋਂ ਸਭ ਸਬਕ ਸਿੱਖੀ ਬੈਠੇ ਸਨ। ਜਿਸ ਨੇ ਵੀ ਜੱਜ ਦੇ ਖ਼ਿਲਾਫ਼ ਸਾਹ ਕੱਢਿਆ, ਉਸ ਦਾ ਭੱਠਾ ਬੈਠ ਜਾਏਗਾ।

ਜੇ ਅੱਠ-ਦਸ ਸੀਨੀਅਰ ਵਕੀਲ ਸਹਿਮਤ ਹੋਣ ਅਤੇ ਲਿਖਤੀ ਅਰਜ਼ੀ ਦੇਣ ਤਾਂ ਮੀਟਿੰਗ ਬੁਲਾਈ ਜਾ ਸਕਦੀ ਹੈ। ਬਹੁ-ਸੰਮਤੀ ਜੋ ਫ਼ੈਸਲਾ ਕਰੇਗੀ, ਪ੍ਰਧਾਨ ਉਸ 'ਤੇ ਫੁੱਲ ਚੜ੍ਹਾਏਗਾ।

ਸਹਿਮਤੀ ਬਣਾਉਣ ਲਈ ਗੁਰਮੀਤ ਨੇ ਪਹਿਲਾਂ ਚਹਿਲ ਕੋਲ ਗੱਲ ਤੋਰੀ।

ਉਹ ਸੂਈ ਬਘਿਆੜੀ ਵਾਂਗ ਪਿਆ।

"ਕੱਲ੍ਹ ਦੇ ਛੋਕਰੇ ਜੇ ਜੱਜ 'ਤੇ ਚਿੱਕੜ ਨਹੀਂ ਸੁੱਟਣਗੇ, ਹੋਰ ਕੀ ਕਰਨਗੇ? ਮੈਂ ਤੁਹਾਡੀ ਇਸ ਬਲੈਕ-ਮੇਲ ਵਾਲੀ ਨੀਤੀ ਨਾਲ ਬਿਲਕੁਲ ਸਹਿਮਤ ਨਹੀਂ। ਤੁਹਾਥੋਂ ਮੈਰਿਟ 'ਤੇ ਕੇਸ ਜਿੱਤ ਨਹੀਂ ਹੁੰਦਾ, ਦੋਸ਼ ਲਾ ਕੇ ਜਿੱਤ ਲਓ। ਵਾਹ ਬਈ ਜਵਾਨੋ।"

ਭੰਡਾਰੀ ਦਾ ਜਵਾਬ ਵੀ ਉਸ ਨਾਲ ਮਿਲਦਾ-ਜੁਲਦਾ ਸੀ।

"ਤੁਸੀਂ ਜੋ ਮਰਜ਼ੀ ਕਰੋ। ਨਾ ਮੈਂ ਸਹਿਮਤ ਹਾਂ, ਨਾ ਅਸਹਿਮਤ। ਨਾ ਤੁਹਾਡਾ ਵਿਰੋਧ ਕਰਾਂਗਾ, ਨਾ ਸਾਥ ਦੇਵਾਂਗਾ।"

ਭੰਡਾਰੀ ਦਾ ਰੋਸ ਵੀ ਚਹਿਲ ਵਾਲਾ ਹੀ ਸੀ। ਬਦਨਾਮੀ ਤੋਂ ਉਹ ਜਿੰਨਾ ਚਿਰ ਬਚਿਆ ਜਾ ਸਕੇ, ਬਚਣਾ ਚਾਹੁੰਦਾ ਸੀ। ਇਕ ਵਾਰ ਜੇ ਕੜ ਪਾਟ ਗਿਆ ਤਾਂ ਹੜ੍ਹ ਨੇ ਸਭ ਤੋਂ ਪਹਿਲਾਂ ਭੰਡਾਰੀ ਨੂੰ ਹੀ ਰੋੜ੍ਹਨਾ ਸੀ। ਮਰੇ ਕੇਸਾਂ ਵਿਚ ਜਾਨ ਪਾਉਣ ਦੀ ਭੰਡਾਰੀ ਦੀ ਜਿਹੜੀ ਪੈਂਠ ਬਣੀ ਹੋਈ ਸੀ, ਉਹ ਇਕ ਲਿਫ਼ਾਫ਼ਾ ਸੀ। ਅਸਲ ਵਿਚ ਉਹ ਅਜਿਹੇ ਕੇਸਾਂ ਵਿਚ ਜੱਜਾਂ ਨੂੰ ਮੋਟੀਆਂ ਰਕਮਾਂ ਪਹੁੰਚਾਉਂਦਾ ਸੀ। ਮਾਲ ਮਾਲਕਾਂ ਦਾ ਹੁੰਦਾ ਸੀ, ਮਸ਼ਹੂਰੀ ਭੰਡਾਰੀ ਦੀ ਹੁੰਦੀ ਸੀ। ਜੱਜ

ਦੀ ਪੜਤਾਲ ਸ਼ੁਰੂ ਹੋ ਗਈ ਤਾਂ ਭੰਡਾਰੀ ਦਾ ਮੂੰਹ ਸਭ ਤੋਂ ਪਹਿਲਾਂ ਕਾਲਾ ਹੋਣਾ ਸੀ।

ਕਿਸੇ ਵੀ ਸੀਨੀਅਰ ਨੇ ਪੱਲਾ ਨਾ ਫੜਾਇਆ।

ਉਲਟਾ ਮਸਲਾ ਹੋਰ ਪੇਚੀਦਾ ਹੋ ਗਿਆ।

ਸੀਨੀਅਰ ਵਕੀਲਾਂ ਵਿਚ ਇਕ ਹੋੜ ਜਿਹੀ ਲੱਗ ਗਈ। ਸਭ ਇਕ-ਦੂਜੇ ਨਾਲੋਂ ਪਹਿਲਾਂ ਜੱਜ ਦੇ ਕੰਨ ਭਰਨ ਲਈ ਕਾਹਲੇ ਪੈਣ ਲੱਗੇ। ਜ਼ਿਆਦਾ ਨੰਬਰ ਬਣਾਉਣ ਲਈ ਬਾਤ ਦਾ ਬਤੰਗੜ ਵੀ ਬਣਾ ਦਿੰਦੇ। ਕਈ ਵਕੀਲ ਮਨਘੜਤ ਕਹਾਣੀਆਂ ਘੜ ਲੈਂਦੇ। ਜੱਜ ਨੂੰ ਪੂਰੀ ਹਮਾਇਤ ਦਾ ਯਕੀਨ ਦਿਵਾ ਕੇ ਉਸ ਦੀ ਵਾਹ-ਵਾਹ ਖੱਟਦੇ।

"ਦੇਖਾਂਗਾ ਕੌਣ ਮੇਰੇ ਖ਼ਿਲਾਫ਼ ਬੋਲਦਾ ਹੈ ? ਮੈਂ ਬਚਨ ਸਿੰਘ ਵਾਂਗ ਮੈਦਾਨ ਛੱਡ ਕੇ ਭੱਜਣ ਵਾਲਾ ਨਹੀਂ। ਵਿਰੋਧੀ ਵਕੀਲਾਂ ਨੂੰ ਜੇ ਰੇੜ੍ਹੀ ਲਾਉਣ ਨਾ ਲਾਇਆ ਤਾਂ ਮੇਰਾ ਨਾਂ ਵੀ ਨਾਥ ਨਹੀਂ।" ਹੌਸਲੇ 'ਚ ਆਇਆ ਜੱਜ ਕਈ ਵਾਰ ਅਦਾਲਤ ਵਿਚ ਹੀ ਬੜ੍ਹਕਾਂ ਮਾਰਨ ਲੱਗਦਾ।

ਸੰਮਤੀ ਨੂੰ ਇਹ ਵੰਗਾਰ ਵੀ ਕਬੂਲ ਸੀ।

ਬਾਰ ਸੰਮਤੀ ਦੀ ਮਦਦ ਨਹੀਂ ਕਰਦੀ, ਨਾ ਸਹੀ। ਸੰਮਤੀ ਆਪਣੇ ਬਲ-ਬੂਤੇ 'ਤੇ ਲੜਾਈ ਲੜੇਗੀ।

ਲੀਗਲ ਸੈੱਲ ਨੂੰ ਹੁਕਮ ਹੋਇਆ—ਉਹ ਨਾਥ ਵਿਰੁੱਧ ਕੀਤੀ ਜਾਣ ਵਾਲੀ ਸ਼ਿਕਾਇਤ ਦਾ ਖਰੜਾ ਤਿਆਰ ਕਰੇ। ਅੱਗੇ ਸੰਮਤੀ ਆਪੇ ਸੰਭਾਲ ਲਏਗੀ।



## 21

ਸੰਮਤੀ ਦੀਆਂ ਪੁਲਿਸ ਨਾਲ ਟੱਕਰ ਲੈ ਰਹੀਆਂ ਇਕਾਈਆਂ ਨੂੰ ਕੋਈ ਦਿੱਕਤ ਪੇਸ਼ ਨਹੀਂ ਸੀ ਆ ਰਹੀ। ਇਕ-ਇਕ ਕਰਕੇ ਬਟੇਰਾ ਆਪੇ ਉਹਨਾਂ ਦੇ ਪੈਰਾਂ ਹੇਠ ਆ ਰਿਹਾ ਸੀ।

ਉਹਨਾਂ ਦਾ ਪਹਿਲਾ ਸ਼ਿਕਾਰ ਚਿਮਨਾ ਹੌਲਦਾਰ ਬਣਿਆ ਸੀ।

ਚਿਮਨੇ ਦੇ ਮੁੰਡੇ ਦਾ ਵਿਆਹ ਸੀ। ਥੋੜ੍ਹੀ-ਬਹੁਤ ਦਾਰੂ ਤਾਂ ਹਰ ਵਿਆਹ ਵਿਚ ਚੱਲਦੀ ਸੀ। ਚਿਮਨੇ ਦਾ ਇਕੋ-ਇਕ ਪੁੱਤਰ ਸੀ। ਉਹ ਆਏ ਮਹਿਮਾਨਾਂ ਨੂੰ ਸ਼ਰਾਬ ਨਾਲ ਨਹਾਉਣਾ ਚਾਹੁੰਦਾ ਸੀ। ਰਿਸ਼ਤੇਦਾਰਾਂ 'ਤੇ ਤਾਂ ਹੀ ਹੌਲਦਾਰੀ ਦਾ ਰੋਹਬ ਪੈਣਾ ਸੀ।

ਵੈਸੇ ਤਾਂ ਉਸ ਨੇ ਕਈ ਪਿੰਡਾਂ ਵਿਚ ਲਾਹਣ ਪਵਾਇਆ ਸੀ, ਪਰ ਉਸ ਨੂੰ ਬਹੁਤੀ ਤਵੱਕੋ ਵਜੀਦਕੇ ਵਾਲੇ ਲਾਲੀ ਤੋਂ ਸੀ।

ਲਾਲੀ ਦੀ ਸ਼ਰਾਬ ਦੂਰ-ਦੂਰ ਤਕ ਮਸ਼ਹੂਰ ਸੀ। ਸ਼ਰਾਬ ਕੱਢਣਾ ਉਸ ਦਾ ਸ਼ੌਕ ਸੀ। ਉਹ ਖਾਂਦਾ-ਪੀਂਦਾ ਜ਼ਿਮੀਂਦਾਰ ਸੀ। ਹਰ ਰੋਜ਼ ਪੀਂਦਾ ਸੀ, ਪਰ ਘਰ ਦੀ ਕੱਢ ਕੇ। ਲਾਹਣ ਵਿਚ ਲੌਂਗ, ਲਾਚੀਆਂ, ਕਾਜੂ ਅਤੇ ਖੋਪੇ ਤੋਂ ਸਿਵਾ ਹੋਰ ਪਤਾ ਨਹੀਂ ਕੀ ਕੁਝ ਪਾਉਂਦਾ ਸੀ। ਵਧੀਆ ਤੋਂ ਵਧੀਆ ਵਿਸਕੀ ਉਸ ਦੀ ਸ਼ਰਾਬ ਅੱਗੇ ਮਾਤ ਖਾਂਦੀ ਸੀ।

ਜਦੋਂ ਵੀ ਉਹ ਸ਼ਰਾਬ ਕੱਢਦਾ, ਤੋਹਫ਼ੇ ਵਜੋਂ ਇਕ-ਇਕ ਬੋਤਲ ਮਿੱਤਰ ਅਫ਼ਸਰਾਂ ਨੂੰ ਜ਼ਰੂਰ ਭੇਜਦਾ। ਸੌ-ਸੌ ਕੋਹ 'ਤੇ ਬਦਲ ਕੇ ਗਿਆ ਅਫ਼ਸਰ ਵੀ ਉਸ ਦੀ ਸ਼ਰਾਬ ਦਾ ਜ਼ਾਇਕਾ ਨਹੀਂ ਸੀ ਭੁੱਲਦਾ। ਸ਼ਰਾਬ ਲਈ ਉਸ ਕੋਲ ਦੂਰੋ-ਦੂਰੋਂ ਫ਼ਰਮਾਇਸ਼ਾਂ ਆਉਂਦੀਆਂ ਸਨ।

ਚਿਮਨਾ ਆਪਣੇ ਮਹਿਮਾਨਾਂ ਨੂੰ ਅਜਿਹੇ ਹੀ ਲਾਜਵਾਬ ਤੋਹਫ਼ੇ ਨਾਲ ਨਿਵਾਜਣਾ ਚਾਹੁੰਦਾ ਸੀ।

ਪਹਿਲੇ ਹੱਲੇ ਲਾਲੀ ਨੇ ਲੜ ਨਹੀਂ ਸੀ ਫੜਾਇਆ। ਉਸ ਨੇ ਸ਼ਰਾਬ ਕੱਢਣੀ ਛੱਡੀ ਹੋਈ ਸੀ।

ਇਧਰ ਬਦਾਮਾਂ ਪਿਸਤਿਆਂ ਦੇ ਭਾਅ ਅਸਮਾਨੀ ਚੜ੍ਹਦੇ ਜਾ ਰਹੇ ਸਨ। ਉਧਰ ਖ਼ਰਚਾ ਵੰਡਾਉਣ ਲਈ ਕੋਈ ਅੱਗੇ ਨਹੀਂ ਸੀ ਆ ਰਿਹਾ। ਘਰ ਦੇ ਲਾਲੀ ਨੂੰ ਤੰਗ ਕਰ ਰਹੇ ਸਨ। ਉਹਨਾਂ ਦੀ ਅੱਧੀ ਕਮਾਈ ਸ਼ਰਾਬ ਦੇ ਮੂੰਹ ਉੱਡ ਰਹੀ ਸੀ। ਉਹ ਕੋਈ ਮਾੜਾ ਧੰਦਾ ਨਹੀਂ ਕਰਦੇ। ਅਫ਼ਸਰਾਂ ਨੂੰ ਖ਼ੁਸ਼ ਰੱਖਣ ਦੀ ਉਹਨਾਂ ਨੂੰ ਕੋਈ ਜ਼ਰੂਰਤ ਨਹੀਂ ਸੀ। ਉਹ ਅਫ਼ਸਰਾਂ ਦਾ ਖਹਿੜਾ ਛੱਡੇ।

ਵਗਾਰਾਂ ਅਤੇ ਮਿਹਣਿਆਂ ਤੋਂ ਅੱਕੇ ਲਾਲੀ ਨੇ ਬਿਆਸਾ ਜੀ ਜਾ ਕੇ ਸਹੁੰ ਖਾ ਲਈ। ਸ਼ਰਾਬ ਪੀਣੀ ਤਾਂ ਦੂਰ, ਉਹ ਉਸ ਨੂੰ ਹੱਥ ਵੀ ਨਹੀਂ ਲਾਏਗਾ।

ਸਿਆਣੇ ਅਫ਼ਸਰ ਸਮਝ ਗਏ, ਉਹਨਾਂ ਨੇ ਲਾਲੀ ਦਾ ਖਹਿੜਾ ਛੱਡ ਦਿੱਤਾ।

ਚਿਮਨੇ ਨੂੰ ਯਕੀਨ ਨਾ ਆਇਆ। ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਜਾ ਹੀ ਨਹੀਂ ਸਕਦੀ। ਇਹ ਲਾਲੀ ਦਾ ਮਕਰ ਸੀ।

ਕੁਝ ਵੀ ਸੀ, ਲਾਲੀ ਦੇ ਯਾਰ ਦੇ ਮੁੰਡੇ ਦਾ ਵਿਆਹ ਸੀ। ਸ਼ਰਾਬ ਉਸ ਨੂੰ ਕੱਢਣੀ ਹੀ ਪੈਣੀ ਸੀ। ਪੀਣੀ ਛੱਡੀ ਹੈ, ਛੱਡੀ ਰੱਖੇ। ਹੱਥ ਲਾਉਣ ਵਾਲੀ ਸਹੁੰ ਵੀ ਨਾ ਤੋੜੇ। ਬੱਸ, ਕੋਲ ਬੈਠ ਕੇ ਕੱਢਵਾ ਦੇਵੇ।

ਲਾਲੀ ਨੇ ਪੰਜ ਡਰੰਮ ਪਾਏ। ਭੱਠੀ ਤਿੰਨ ਦਿਨ ਚੜ੍ਹੀ।

ਲਾਹਣ ਦੀ ਖ਼ੁਸ਼ਬੂ ਕਈ ਦਿਨ ਪਿੰਡ ਨੂੰ ਨਸ਼ਿਆਉਂਦੀ ਰਹੀ। ਤਾਜ਼ੀ-ਤਾਜ਼ੀ ਸ਼ਰਾਬ ਦੀ ਲਾਲਸਾ ਨੇ ਕਈਆਂ ਨੂੰ ਲਾਲੀ ਦੇ ਖੇਤਾਂ ਵੱਲ ਧੂਹਿਆ। ਅਗਾਂਹ ਪੁਲਿਸ ਦਾ ਨਾਕਾ ਸੀ। ਲੋਕ ਹੈਰਾਨ ਸਨ। ਪੁਲਿਸ ਵੀ ਬੈਠੀ ਸੀ ਅਤੇ ਸ਼ਰਾਬ ਵੀ ਨਿਕਲ ਰਹੀ ਸੀ। ਅਜੀਬ ਮਾਜਰਾ ਸੀ।

ਲੋਕਾਂ ਨੂੰ ਇਹ ਪਹੇਲੀ ਸਮਝ ਨਾ ਆਈ। ਪਿੰਡ ਦੀ ਨੌਜਵਾਨ ਸਭਾ ਸਮਝ ਗਈ।

ਜਦੋਂ ਸ਼ਰਾਬ ਨਾਲ ਭਰਿਆ ਟੈਂਪੂ ਚਿਮਨੇ ਦੇ ਪਿੰਡ ਵੱਲ ਮੁੜਨ ਲੱਗਾ ਤਾਂ ਉਸ ਨੂੰ ਘੇਰ ਲਿਆ ਗਿਆ।

ਵਿਚ ਬੈਠੇ ਚਿਮਨੇ ਨੇ ਪਹਿਲਾਂ ਦਬਕਾ ਮਾਰਿਆ। ਉਹ ਬਾ-ਵਰਦੀ ਸਰਕਾਰੀ ਡਿਊਟੀ ’ਤੇ ਸੀ। ਪੁਲਿਸ ਨੂੰ ਆਪਣੀ ਡਿਊਟੀ ਤੋਂ ਰੋਕਣ ਦੇ ਜੁਰਮ ਵਿਚ ਉਹ ਸਭ ਨੂੰ ਅੰਦਰ ਕਰ ਸਕਦਾ ਸੀ।

ਜਿਉਂ-ਜਿਉਂ ਘੇਰਾ ਪਾਉਣ ਵਾਲਿਆਂ ਦੀ ਗਿਣਤੀ ਵੱਧਦੀ ਗਈ, ਉਹ ਢਿੱਲਾ ਪੈਂਦਾ ਗਿਆ।

“ਪੁਲਿਸ ਨੇ ਨਾਜਾਇਜ਼ ਸ਼ਰਾਬ ਦੀ ਭੱਠੀ ਫੜੀ ਹੈ। ਇਹ ਕੇਸ ਦਾ ਮਾਲ-ਮੁਕੱਦਮਾ ਹੈ।” ਘੇਰਾ ਪਾਉਣ ਵਾਲਿਆਂ ਵਿਚ ਜਦੋਂ ਪੰਚ-ਸਰਪੰਚ ਦਿਖਾਈ ਦੇਣ ਲੱਗੇ ਤਾਂ ਚਿਮਨੇ ਨੇ ਪੈਂਤੜਾ ਬਦਲਿਆ।

ਵਜੀਦਕਿਆਂ ਵਾਲੇ ਸਰਪੰਚ ਨੇ ਜਦੋਂ ਲਾਲੀ ਨੂੰ ਸਭ ਦੇ ਸਾਹਮਣੇ ਪੇਸ਼ ਕੀਤਾ ਤਾਂ ਚਿਮਨਾ ਪੈਰੀਂ ਪੈਣ ਲੱਗਾ। ਭੁੱਲਾਂ ਬਖ਼ਸ਼ਾਉਣ ਲੱਗਾ।

ਦੁਸ਼ਮਣਾਂ ਨੂੰ ਬਖ਼ਸ਼ਣਾ ਸੰਮਤੀ ਦੀ ਨੀਤੀ ਵਿਚ ਨਹੀਂ ਸੀ। ਇਹ ਉਹੋ ਹੌਲਦਾਰ ਸੀ, ਜਿਸ ਨੇ ਗ਼ਫ਼ੂਰ ਮੀਆਂ ਨੂੰ ਭਰੀ ਕਚਹਿਰੀ ਵਿਚ ਕੁੱਟਿਆ ਸੀ। ਉਸ ਦੀ ਪੱਗ ਲਾਹੀ ਅਤੇ ਦਾੜ੍ਹੀ ਪੁੱਟੀ ਸੀ। ਬੇਕਸੂਰ ਗ਼ਫ਼ੂਰ ਨੇ ਵੀ ਉਸ ਕੋਲ ਅਰਜ਼ ਕੀਤੀ ਸੀ। ਜਦੋਂ ਚਿਮਨੇ ਨੇ ਕੋਈ ਪਰਵਾਹ ਨਹੀਂ ਸੀ ਕੀਤੀ ਤਾਂ ਸੰਮਤੀ ਕਿਉਂ ਕਰੇ ?

ਡਿਪਟੀ ਨੂੰ ਮੌਕੇ ’ਤੇ ਬੁਲਾਇਆ ਗਿਆ। ਚਿਮਨੇ ਨੂੰ ਗ੍ਰਿਫ਼ਤਾਰ ਕਰਾਇਆ ਗਿਆ ਤਾਂ ਚਿਮਨੇ ਅਤੇ ਟੈਂਪੂ ਦਾ ਖਹਿੜਾ ਛੱਡਿਆ ਗਿਆ।

ਚਿਮਨੇ ਦੇ ਚਰਚੇ ਮੱਠੇ ਪਏ ਤਾਂ ਪਾਖਰ ਦੇ ਸ਼ੁਰ ਹੋ ਗਏ।

ਉਸ ਦੀ ਜੱਦ ਵਿਚ ਮੱਝਾਂ ਚਾਰਦੇ ਦੋ ਪਾਲੀ ਬੱਸ ਹੇਠ ਆ ਕੇ ਕੁਚਲੇ ਗਏ ਸਨ।

ਬੱਸ ਅਵਤਾਰ ਟਰਾਂਸਪੋਰਟ ਕੰਪਨੀ ਦੀ ਸੀ। ਐਕਸੀਡੈਂਟ ਸਮੇਂ ਬੱਸ ਨੂੰ ਕੰਪਨੀ ਦੇ ਮਾਲਕ ਦਾ ਮੁੰਡਾ ਚਲਾ ਰਿਹਾ ਸੀ। ਉਹ ਅਨਜਾਣ ਵੀ ਸੀ ਅਤੇ ਸ਼ਰਾਬੀ ਵੀ।

ਬੱਸ ਨੂੰ ਡੱਕੋ-ਡੋਲੇ ਖਾਂਦੀ ਦੇਖ ਕੇ ਸਵਾਰੀਆਂ ਨੇ ਹਾਲ-ਦੁਹਾਈ ਕੀਤੀ। ਡਰਾਈਵਰ ਬਦਲੋ ਜਾਂ ਉਹਨਾਂ ਨੂੰ ਉਤਾਰੋ।

ਕੰਡਕਟਰ ਨੇ ਵੀ ਅਰਜ਼ ਕੀਤੀ। ਅੱਡਾ ਚਾਰ ਕੁ ਮੀਲ ਦੂਰ ਹੈ। ਥੋੜ੍ਹੀ ਬਹੁਤੀ ਬੱਸ ਉਸ ਨੂੰ ਚਲਾਉਣੀ ਆਉਂਦੀ ਹੈ। ਹੌਲੀ-ਹੌਲੀ ਉਹ ਬੱਸ ਅੱਡੇ ਲੈ ਜਾਏਗਾ।

ਚਾਰ ਕੌਡੀਆਂ ਦਾ ਨੌਕਰ ਮਾਲਕ ਨੂੰ ਸ਼ਰਾਬੀ ਆਖੇ। ਉਸ ਤੋਂ ਬੱਸ ਖੋਹੇ ! ਕੰਡਕਟਰ ਦੀ ਇਸ ਬਦਤਮੀਜ਼ੀ ’ਤੇ ਮੁੰਡੇ ਨੂੰ ਗ਼ੁੱਸਾ ਚੜ੍ਹ ਗਿਆ। ਕੰਡਕਟਰ ਨੂੰ ਗਾਲ੍ਹਾਂ ਕੱਢਦੇ ਮਾਲਕ ਨੇ ਬੱਸ ਦੀ ਸਪੀਡ ਹੋਰ ਚੁੱਕ ਦਿੱਤੀ।



ਸਵਾਰੀਆਂ ‘ਵਾਹਿਗੁਰੂ-ਵਾਹਿਗੁਰੂ’ ਕਰਨ ਲੱਗੀਆਂ। ਪਤਾ ਨਹੀਂ ਮੌਤ ਕਿਸ ਦੇ ਸਿਰ ’ਤੇ ਮੰਡਰਾ ਰਹੀ ਸੀ।

ਕੈਂਚੀਆਂ ’ਤੇ ਪੁੱਜਦੇ ਹੀ ਭਾਣਾ ਵਰਤ ਗਿਆ। ਗ਼ਰੀਬ ਪਾਲੀ ਮਾਰੇ ਗਏ।

ਕੰਡਕਟਰ ਤਾਂ ਭੱਜ ਗਿਆ ਪਰ ਸ਼ਰਾਬੀ ਮਹਿੰਦਰ ਸਿੰਘ ਸਵਾਰੀਆਂ ਦੇ ਹੱਥ ਆ ਗਿਆ। ਸਵਾਰੀਆਂ ਨੇ ਪਹਿਲਾਂ ਆਪ ਉਸ ਦੀ ਭੁਗਤ ਸੁਆਰੀ, ਫੇਰ ਪੁਲਿਸ ਦੇ ਹਵਾਲੇ ਕਰ ਦਿੱਤਾ।

ਆਥਣ ਹੋ ਰਿਹਾ ਸੀ। ਮਰਨ ਵਾਲਿਆਂ ਦੇ ਵਾਰਿਸ ਪੁੱਜ ਗਏ ਸਨ। ਪੁਲਿਸ ਦੀ ਲਿਖਾ-ਪੜ੍ਹੀ ਪਤਾ ਨਹੀਂ ਕਦੋਂ ਮੁਕੰਮਲ ਹੋਏਗੀ ? ਸਵਾਰੀਆਂ ਲੇਟ ਹੋ ਰਹੀਆਂ ਸਨ। ਉਹ ਇਕ-ਇਕ ਕਰਕੇ ਖਿੰਡ ਗਈਆਂ।

ਮੌਕਾ ਤਾੜ ਕੇ ਕੰਪਨੀ ਦੇ ਮਾਲਿਕ ਪਾਖਰ ’ਤੇ ਜ਼ੋਰ ਪਾਉਣ ਲੱਗੇ। ਉਹ ਕੰਪਨੀ ਦਾ ਵਾਰਸਾਂ ਨਾਲ ਰਾਜ਼ੀਨਾਮਾ ਕਰਵਾ ਦੇਵੇ। ਰਾਜ਼ੀਨਾਮਾ ਨਹੀਂ ਹੁੰਦਾ ਤਾਂ ਮਹਿੰਦਰ ਦੀ ਥਾਂ ਡਰਾਈਵਰ ਦਾ ਨਾਂ ਪਾ ਦੇਵੇ। ਡਰਾਈਵਰ ਨੂੰ ਉਹ ਆਪੇ ਮਨਾ ਲੈਣਗੇ। ਡਰਾਈਵਰ ਨੂੰ ਕਿਹੜਾ ਉਹਨਾਂ ਆਂਚ ਆਉਣ ਦੇਣੀ ਹੈ। ਹਾਲੇ ਵਾਰਿਸ ਗ਼ੁੱਸੇ ’ਚ ਹਨ। ਜਦੋਂ ਗ਼ੁੱਸਾ ਠੰਢਾ ਹੋ ਗਿਆ, ਲੈ-ਦੇ ਕਰਕੇ ਗਵਾਹੀ ਮੁਕਰਾ ਦੇਣਗੇ।

ਖ਼ਿਆਲ ਮਾੜਾ ਨਹੀਂ ਸੀ। ਥਾਣੇਦਾਰ ਲਈ ਚਾਰ ਪੈਸੇ ਕਮਾਉਣ ਦਾ ਵਧੀਆ ਮੌਕਾ ਸੀ। ਅਜਿਹੇ ਬਹੁਤੇ ਕੇਸਾਂ ਵਿਚ ਰਾਜ਼ੀਨਾਮੇ ਹੀ ਹੁੰਦੇ ਹਨ। ਨਾ ਡਰਾਈਵਰ ਦੀ ਮਰਨ ਵਾਲੇ ਨਾਲ ਦੁਸ਼ਮਣੀ ਹੁੰਦੀ ਹੈ, ਨਾ ਵਾਰਿਸਾਂ ਦੀ ਡਰਾਈਵਰ ਨਾਲ। ਬੀਮਾ ਕੰਪਨੀ ਤੋਂ ਵੱਧੋ-ਵੱਧ ਕਲੇਮ ਦਿਵਾਉਣ ਵਿਚ ਡਰਾਈਵਰ ਵਾਰਿਸਾਂ ਦੀ ਮਦਦ ਕਰ ਦਿੰਦਾ ਹੈ ਅਤੇ ਵਾਰਿਸ ਡਰਾਈਵਰ ਨੂੰ ਬਰੀ ਕਰਾਉਣ ਵਿਚ। ਜਦੋਂ ਪਿੱਛੋਂ ਵੀ ਇਹੋ ਹੋਣਾ ਸੀ ਤਾਂ ਥਾਣੇਦਾਰ ਹੁਣੇ ਕਿਉਂ ਨਾ ਕਰਵਾ ਦੇਵੇ।

ਕਾਰਵਾਈ ਵਿਚੇ ਛੱਡ ਕੇ ਪਾਖਰ ਵਾਰਿਸਾਂ ਨੂੰ ਸਮਝਾਉਣ ਲੱਗਾ।

“ਜੇ ਤੁਸੀਂ ਆਖੋਗੇ ਤਾਂ ਮੈਂ ਮੁਕੱਦਮਾ ਦਰਜ ਕਰ ਦੂੰ, ਪਰ ਕਚਹਿਰੀ ’ਚ ਜਾ ਕੇ ਕੁਝ ਨੀ ਬਣਨਾ। ਵਕੀਲਾਂ, ਮੁਨਸ਼ੀਆਂ ਦੀਆਂ ਫ਼ੀਸਾਂ ਦਿੰਦੇ ਥੱਕ ਜਾਓਗੇ। ਮਰਿਆਂ ਤਾਂ ਵਾਪਸ ਨਹੀਂ ਆਉਣਾ। ਚਾਰ ਪੈਸੇ ਲੈ ਕੇ ਜਵਾਕਾਂ ਦਾ ਢਿੱਡ ਭਰੋ। ਮੈਂ ਚਾਰ ਛਿੱਤਰ ਵੱਧ ਮਾਰ ਕੇ ਪੈਸੇ ਵੱਧ ਦਿਵਾ ਦੂੰ।”

ਇਕ ਪਾਸੇ ਹਿੱਕ ’ਤੇ ਪਈਆਂ ਲਾਸ਼ਾਂ। ਦੂਜੇ ਪਾਸੇ ਰੋਂਦੇ-ਕੁਰਲਾਂਦੇ ਬੱਚੇ। ਤੀਜੇ ਪਾਸੇ ਪੁਲਿਸ ਦਾ ਮਸ਼ਵਰਾ। ਚੌਥੇ ਪਾਸੇ ਬੱਸ ਮਾਲਿਕਾਂ ਦਾ ਜ਼ੋਰ। ਗ਼ਰੀਬ ਵਾਰਿਸਾਂ ਨੂੰ ਪੈਸੇ ਲੈਣ ਤੋਂ ਸਿਵਾ ਕੁਝ ਸੁੱਝਿਆ ਹੀ ਨਾ।

ਦਸ ਹਜ਼ਾਰ ਉਹਨਾਂ ਨੂੰ ਤੁਰੰਤ ਦਿੱਤਾ ਗਿਆ। ਦਸ ਹਜ਼ਾਰ ਕੇਸ ਰਫ਼ਾ-ਦਫ਼ਾ ਹੋਣ ਪਿੱਛੋਂ ਮਿਲਣਾ ਸੀ।

ਕੰਪਨੀ ਦਾ ਮੁਫ਼ਤ ਵਿਚ ਸਰ ਗਿਆ। ਨਵੇਂ ਕਾਨੂੰਨ ਮੁਤਾਬਕ ਐਕਸੀਡੈਂਟ ਵਿਚ ਮਰਨ ਵਾਲੇ ਹਰ ਵਿਅਕਤੀ ਦੇ ਵਾਰਿਸਾਂ ਨੂੰ ਪੰਦਰਾਂ ਹਜ਼ਾਰ ਰੁਪਿਆ ਬੀਮਾ ਕੰਪਨੀ ਵੱਲੋਂ ਮਿਲਣਾ ਸੀ। ਕਲੇਮ ਵਸੂਲਣ ਦਾ ਮੁਖ਼ਤਿਆਰਨਾਮਾ ਕੰਪਨੀ ਦੇ ਇਕ ਮੁਲਾਜ਼ਮ ਨੂੰ ਦਿਵਾਇਆ ਗਿਆ। ਬਾਕੀ ਬਚਦਾ ਪੈਸਾ ਪਾਖਰ ਨੂੰ ਫੜਾਇਆ ਗਿਆ।

ਸੱਚੀ-ਝੂਠੀ ਇਕ ਰਪਟ ਲਿਖੀ ਗਈ। ਬੱਸ ਦੇ ਸਟੇਅਰਿੰਗ ’ਤੇ ਮਹਿੰਦਰ ਸਿੰਘ ਦੀ ਥਾਂ ਕੰਪਨੀ ਦੇ ਕਿਸੇ ਡਰਾਈਵਰ ਨੂੰ ਬਿਠਾਇਆ ਗਿਆ। ਕਸੂਰਵਾਰ ਪਾਲੀਆਂ ਨੂੰ ਠਹਿਰਾਇਆ

ਗਿਆ। ਡੰਗਰ ਚਾਰਦੇ-ਚਾਰਦੇ ਉਹ ਅਚਾਨਕ ਹੀ ਸੜਕ ’ਤੇ ਆ ਚੜ੍ਹੇ ਸਨ। ਜਦੋਂ ਮੁੰਡੇ ਆਪਣੀ ਅਣਗਹਿਲੀ ਕਾਰਨ ਮਰੇ ਸਨ ਤਾਂ ਵਾਰਿਸ ਕਾਰਵਾਈ ਕਰਦੇ ਚੰਗੇ ਨਹੀਂ ਸਨ ਲੱਗਦੇ।

ਸਾਰੀਆਂ ਧਿਰਾਂ ਨੂੰ ਖ਼ੁਸ਼ ਕਰ ਕੇ ਥਾਣੇਦਾਰ ਤਾਂ ਸੁੱਖ ਦੀ ਨੀਂਦ ਸੌਂ ਗਿਆ, ਪਰ ਸੰਮਤੀ ਜਾਗਦੀ ਰਹੀ।

ਅਗਲੇ ਦਿਨ ਸੰਮਤੀ ਨੇ ਥਾਣੇ ਅੱਗੇ ਧਰਨਾ ਲਾ ਦਿੱਤਾ।

ਪਾਖਰ ਨੇ ਪਾਲੀਆਂ ਦਾ ਕਫ਼ਨ ਵੇਚਿਆ ਸੀ। ਗ਼ਰੀਬ ਅਨਾਥ ਬੱਚਿਆਂ ਦੇ ਮੂੰਹੋਂ ਟੁੱਕ ਖੋਹਿਆ ਸੀ। ਜੇ ਮੁੱਕਦਮਾ ਠੀਕ ਦਰਜ ਹੋਇਆ ਹੁੰਦਾ ਤਾਂ ਵਾਰਿਸਾਂ ਨੂੰ ਮੁਆਵਜ਼ੇ ’ਚ ਲੱਖਾਂ ਰੁਪਿਆ ਮਿਲਦਾ।

ਸੰਮਤੀ ਨੇ ਉਹ ਸਾਰੀਆਂ ਸਵਾਰੀਆਂ ਪੇਸ਼ ਕੀਤੀਆਂ, ਜਿਨ੍ਹਾਂ ਸਾਹਮਣੇ ਵਕੂਆ ਹੋਇਆ ਸੀ। ਉਹ ਡਰਾਈਵਰ ਪੇਸ਼ ਕੀਤਾ, ਜਿਹੜਾ ਝੂਠਾ ਫਸਾਇਆ ਸੀ। ਵਾਰਿਸਾਂ ਨੇ ਵੀ ਧਾਹਾਂ ਮਾਰੀਆਂ। ਪਾਖਰ ਨੇ ਉਹਨਾਂ ਨੂੰ ਗੁਮਰਾਹ ਕੀਤਾ ਸੀ।

ਡੀ.ਆਈ.ਜੀ. ਵੱਲੋਂ ਪੜਤਾਲ ਹੋਈ। ਥਾਣੇਦਾਰ ਕਸੂਰਵਾਰ ਪਾਇਆ ਗਿਆ। ਨਵੇਂ ਸਿਰਿਉਂ ਪਰਚਾ ਦਰਜ ਕਰਾਇਆ ਗਿਆ।

ਪਾਖਰ ਦੇ ਲਾਈਨ ਹਾਜ਼ਰ ਹੁੰਦਿਆਂ ਹੀ ਸੰਮਤੀ ਨੂੰ ਕੁਝ ਰਾਹਤ ਮਹਿਸੂਸ ਹੋਣ ਲੱਗੀ। ਸੰਮਤੀ ਸਮਰਥਕ ਗਵਾਹਾਂ ਦੇ ਵਾਰਿਸਾਂ ’ਤੇ ਬਹੁਤਾ ਕੜਾਕਾ ਉਸੇ ਨੇ ਚਾੜ੍ਹਿਆ ਹੋਇਆ ਸੀ। ਕੁਝ ਗਵਾਹ ਸੰਮਤੀ ਦੇ ਲਕੋਏ ਹੋਏ ਸਨ। ਬਾਕੀ ਗਵਾਹ ਇਸ ਨੇ ਚੁੱਕ ਰੱਖੇ ਸਨ।

ਖਿਝੇ ਅਤੇ ਘਬਰਾਏ ਪਾਖਰ ਨੇ ਬੰਟੀ ਕਤਲ ਕੇਸ ਦੇ ਸਾਰੇ ਗਵਾਹ ਛੱਡ ਦਿੱਤੇ।

ਪਾਖਰ ਵਾਂਗ ਹੋਰ ਮੁਲਾਜ਼ਮਾਂ ਦੇ ਖ਼ਿਲਾਫ਼ ਵੀ ਅਰਜ਼ੀ-ਪਰਚਾ ਸ਼ੁਰੂ ਹੋ ਗਿਆ। ਪੁੱਛ-ਪੜਤਾਲ ਲਈ ਕਦੇ ਵਿਜੀਲੈਂਸ ਵਾਲੇ ਆ ਜਾਂਦੇ, ਕਦੇ ਸੀ.ਆਈ.ਡੀ. ਵਾਲੇ ਅਤੇ ਕਦੇ ਉਡਣ-ਦਸਤੇ ਵਾਲੇ।

ਕਦੇ ਡਿਪਟੀ ਦੇ ਸਮਗਲਰਾਂ ਨਾਲ ਕੀਤੇ ਹਿੱਸੇ ਦੀ ਪੜਤਾਲ ਹੋ ਰਹੀ ਹੁੰਦੀ, ਕਦੇ ਮੁੱਖ ਅਫ਼ਸਰ ਵੱਲੋਂ ਸੱਟੇ ਵਾਲਿਆਂ ਨਾਲ ਬੰਨ੍ਹੇ ਮਹੀਨੇ ਦੀ।

ਸਾਧਾਰਨ ਸ਼ਿਕਾਇਤਾਂ ਹੁੰਦੀਆਂ ਤਾਂ ਪੁਲਿਸ ਵਾਲੇ ਰੋਹਬ ਨਾਲ ਜਾਂ ਕਿਸੇ ਮੋਹਤਬਰ ਰਾਹੀਂ ਮਿੰਨਤ-ਤਰਲਾ ਕਰ ਕੇ ਟਿਕ-ਟਿਕਾ ਕਰ ਲੈਂਦੇ। ਹੁਣ ਡਰਦਾ ਕੋਈ ਸ਼ਿਕਾਇਤੀ ਨਾਲ ਰਾਬਤਾ ਤਕ ਕਾਇਮ ਨਹੀਂ ਸੀ ਕਰਦਾ। ਜਿਸ-ਜਿਸ ਨੇ ਵੀ ਯਤਨ ਕੀਤਾ, ਉਸੇ ਨੂੰ ਦੂਹਰਾ ਵਖਤ ਪੈ ਗਿਆ। ਕਿਸੇ ਦਾ ਮਿੰਨਤ-ਤਰਲਾ ਟੇਪ ਹੋ ਗਿਆ, ਕਿਸੇ ਖ਼ਿਲਾਫ਼ ਇਕ ਸ਼ਿਕਾਇਤ ਹੋਰ ਹੋ ਗਈ। ਪਹਿਲੇ ਬਿਆਨ ਤੋਂ ਮੁਕਰਾਉਣ ਲਈ ਫ਼ਰਿਆਦੀ ਨੂੰ ਡਰਾਇਆ-ਧਮਕਾਇਆ ਜਾ ਰਿਹੈ।

ਦੋ ਘੜੀ ਕਪਤਾਨ ਵੀ ਫੂਕ-ਫੂਕ ਕੇ ਪੈਰ ਧਰ ਰਿਹਾ ਸੀ। ਕੁਤਾਹੀ ਹੋਣ ’ਤੇ ਉਸ ਨੂੰ ਵੀ ਹੱਥ ਪੈ ਸਕਦਾ ਸੀ।

ਮੁਲਾਜ਼ਮਾਂ ਵਿਚ ਹਾਹਾਕਾਰ ਮੱਚ ਗਈ। ਸੰਮਤੀ ਨਾਲੋਂ ਜ਼ਿਆਦਾ ਉਹਨਾਂ ਨੂੰ ਆਪਣੇ ਅਫ਼ਸਰਾਂ ’ਤੇ ਗ਼ੁੱਸਾ ਸੀ। ਉਹਨਾਂ ਦੀ ਖਿਚਾਈ ਕੌਣ ਕਰਵਾ ਰਿਹਾ ਹੈ ਅਤੇ ਕਿਉਂ ਹੋ ਰਹੀ ਹੈ? ਇਹ ਗੱਲ ਕਿਸੇ ਤੋਂ ਨਹੀਂ ਸੀ ਲੁਕੀ। ਫੇਰ ਅਫ਼ਸਰ ਮੋਢਾ ਕਿਉਂ ਨਹੀਂ ਸੀ ਲਾ ਰਹੇ? ਮੁਲਾਜ਼ਮਾਂ ਵਿਚ ਹੀ ਕਸੂਰ ਕਿਉਂ ਕੱਢਿਆ ਜਾ ਰਿਹਾ ਸੀ?

ਅਫ਼ਸਰ ਵੀ ਸੱਚੇ ਸਨ। ਉਹ ਰੰਜਸ਼ ਦੀ ਆੜ ਵਿਚ ਸੱਚ ਨੂੰ ਝੂਠ ਕਿਵੇਂ ਬਣਾ ਦੇਣ?



ਜਿਸ ਸ਼ਿਕਾਇਤ ਦੀ ਵੀ ਪੜਤਾਲ ਹੁੰਦੀ, ਉਸੇ ਵਿਚ ਮੁਲਾਜ਼ਮ ਕਸੂਰਵਾਰ ਪਾਇਆ ਜਾਂਦਾ ਸੀ।

ਅਫ਼ਸਰਾਂ ਦੀ ਇਸ ਬੇਰੁਖ਼ੀ ’ਤੇ ਮੁਲਾਜ਼ਮ ਤਿਲਮਿਲਾ ਰਹੇ ਸਨ। ਮਨ ਹੀ ਮਨ ਸਭ ਨੇ ਫ਼ੈਸਲਾ ਕਰ ਲਿਆ ਕਿ ਜਦੋਂ ਅਫ਼ਸਰ ਹੀ ਉਹਨਾਂ ਦੇ ਸਿਰ ’ਤੇ ਹੱਥ ਨਹੀਂ ਰੱਖਦੇ ਤਾਂ ਉਹ ਬਲਦੀ ਅੱਗ ਵਿਚ ਹੱਥ ਕਿਉਂ ਪਾਉਣ। ਅੱਗੋਂ ਤੋਂ ਉਹਨਾਂ ਗ਼ਲਤ ਕੰਮ ਤਾਂ ਕੀ ਕਰਨਾ ਹੈ, ਉਹ ਸਹੀ ਕੰਮ ਵੀ ਨਹੀਂ ਕਰਨਗੇ। ਗਸ਼ਤ ਕੀਤੀ ਤੇ ਕੁਆਟਰ ਜਾ ਸੁੱਤੇ। ਸਾਹਮਣੇ ਕਤਲ ਹੁੰਦਾ ਹੈ ਤਾਂ ਹੁੰਦਾ ਰਹੇ। ਸਾਹਮਣੇ ਡੋਡਿਆਂ ਦਾ ਟਰੱਕ ਉਤਰਦੈ ਤਾਂ ਉਤਰਦਾ ਰਹੇ। ਅਫ਼ਸਰ ਜਾਣਨ ਤੇ ਮੁਲਜ਼ਮ ਜਾਣਨ। ਨਾ ਕੰਮ ਹੋਏਗਾ, ਨਾ ਗ਼ਲਤੀ ਹੋਏਗੀ। ਨਾ ਗ਼ਲਤੀ ਹੋਏਗੀ, ਨਾ ਅਫ਼ਸਰ ਉਹਨਾਂ ਦਾ ਕੁਝ ਵਿਗਾੜ ਸਕਣਗੇ।

ਮੁਲਾਜ਼ਮਾਂ ਦੇ ਇਸ ਫ਼ੈਸਲੇ ਨਾਲ ਵੀ ਸੰਮਤੀ ਦਾ ਮਕਸਦ ਹੱਲ ਨਹੀਂ ਸੀ ਹੋ ਰਿਹਾ। ਸੰਮਤੀ ਨੇ ਇਕ-ਦੋ ਗਵਾਹਾਂ ਨੂੰ ਘਰ ਭੇਜਣ ਦਾ ਤਜਰਬਾ ਕਰ ਕੇ ਦੇਖਿਆ ਸੀ। ਡਿਪਟੀ ਅਤੇ ਮੁੱਖ ਅਫ਼ਸਰ ਉਹਨਾਂ ’ਤੇ ਬਾਜ਼ਾਂ ਵਾਂਗ ਝਪਟ ਪਏ ਸਨ। ਸੰਮਤੀ ਚੌਕਸ ਨਾ ਹੁੰਦੀ ਤਾਂ ਗਵਾਹ ਪੁਲਿਸ ਦੇ ਹੱਥ ਲੱਗ ਚੁੱਕੇ ਹੁੰਦੇ।

ਰਾਵਣ ਦੇ ਦੋ-ਚਾਰ ਸਿਰ ਕੱਟਣ ਨਾਲ ਮਸਲਾ ਹੱਲ ਨਹੀਂ ਸੀ ਹੋਣਾ। ਤੀਰ ਉਸ ਦੀ ਧੁੰਨੀ ਵਿਚ ਮਾਰਨਾ ਪੈਣਾ ਸੀ।

ਜੇ ਮੁੱਖ ਅਫ਼ਸਰ ਨੂੰ ਆਸਾਨੀ ਨਾਲ ਕਾਬੂ ਕਰਨਾ ਸੀ ਤਾਂ ਸੰਮਤੀ ਨੂੰ ਕਰਤਾਰੋ ਦੇ ਚੁਬਾਰੇ ਦੀ ਨਾਕਾਬੰਦੀ ਕਰਨੀ ਪੈਣੀ ਸੀ।

ਸ਼ਾਮ ਨੂੰ ਹਵਾ ਪਿਆਜ਼ੀ ਹੋ ਕੇ ਉਸ ਦੇ ਦਰ ’ਤੇ ਦਸਤਕ ਦੇਣਾ ਉਸ ਦਾ ਨਿੱਤਨੇਮ ਸੀ। ਕਰਤਾਰੋ ਉਸ ਨੂੰ ਨਕਦ-ਨਰਾਇਣ ਵੀ ਭੇਟ ਕਰਦੀ ਸੀ ਅਤੇ ਕੁਆਰਾ ਹੁਸਨ ਵੀ। ਉਹ ਦੋਹਾਂ ਦਾ ਸ਼ੌਕੀਨ ਸੀ।

ਕਰਤਾਰੋ ਤਕ ਪਹੁੰਚ ਕਰਨਾ ਖ਼ਾਲਾ ਜੀ ਦਾ ਵਾੜਾ ਨਹੀਂ ਸੀ। ਉਸ ਦਾ ਚੁਬਾਰਾ ਹਰ ਐਰੇ-ਗ਼ੈਰੇ ਲਈ ਨਹੀਂ ਸੀ ਖੁੱਲਦਾ। ਉਸ ਕੋਲ ਖ਼ਾਸ ਤਰ੍ਹਾਂ ਦਾ ਮਾਲ ਸੀ ਅਤੇ ਖ਼ਾਸ ਤਰ੍ਹਾਂ ਦੇ ਗਾਹਕ। ਅੱਲ੍ਹੜ ਮੁੰਡੇ ਅਤੇ ਸ਼ੋਖ਼ ਕੁੜੀਆਂ। ਨਾ ਕੁੜੀਆਂ ਨੂੰ ਪੈਸੇ ਦੀ ਝਾਕ, ਨਾ ਮੁੰਡਿਆਂ ਨੂੰ ਕੋਈ ਪਰਵਾਹ। ਧਨ ਕਰਤਾਰੋ ਬਟੋਰਦੀ, ਅਨੰਦ ਗਾਹਕ ਮਾਣਦੇ। ਕਰਤਾਰੋ ਦੇ ਚੁਬਾਰੇ ਚੜ੍ਹਨ ਲਈ ਉਂਝ ਵੀ ਨੋਟਾਂ ਦਾ ਢੇਰ ਚਾਹੀਦਾ ਸੀ।

ਉਸ ਦਾ ਘਰ ਭੀੜੀ ਗਲੀ ਵਿਚ ਸੀ। ਗਲੀ ਦਾ ਇਕ ਸਿਰਾ ਬੰਦ ਸੀ। ਆਲੇ-ਦੁਆਲੇ ਬਹੁਤੇ ਘਰ ਨਹੀਂ ਸੀ। ਜਿਹੜੇ ਸਨ, ਉਹਨਾਂ ਵਿਚ ਰਿਹਾਇਸ਼ ਨਹੀਂ ਸੀ। ਉਹਨਾਂ ਘਰਾਂ ਨੂੰ ਗੁਦਾਮਾਂ ਦੇ ਤੌਰ ’ਤੇ ਵਰਤਿਆ ਜਾ ਰਿਹਾ ਸੀ। ਸੰਮਤੀ ਨੂੰ ਆਲੇ-ਦੁਆਲੇ ਤੋਂ ਕੋਈ ਮਦਦ ਨਹੀਂ ਸੀ ਮਿਲ ਸਕਦੀ।

ਜਲਦੀ ਕੀਤੇ ਕਰਤਾਰੋ ਕਿਸੇ ਨੂੰ ਪੱਲਾ ਨਹੀਂ ਸੀ ਫੜਾਉਂਦੀ। ਚੁਬਾਰੇ ਚੜ੍ਹਨ ਤੋਂ ਪਹਿਲਾਂ ਗਾਹਕ ਨੂੰ ਕਈ-ਕਈ ਦਿਨ ਹੇਠਲੀ ਬੈਠਕ ਵਿਚ ਚੌਕੀ ਭਰਨੀ ਪੈਂਦੀ ਸੀ। ਗੱਲੀਂ-ਬਾਤੀਂ ਕਰਤਾਰੋ ਗਾਹਕ ਦੀ ਪਸੰਦ ਵੀ ਜਾਣ ਲੈਂਦੀ ਅਤੇ ਉਸ ਦੇ ਬਟੂਏ ਦੀ ਮੋਟਾਈ ਵੀ ਮਾਪ ਲੈਂਦੀ।

ਸੰਮਤੀ ਦੇ ਕਾਰਕੁਨਾਂ ਨੂੰ ਕਈ ਦਿਨ ਬੇਰੰਗ ਮੁੜਨਾ ਪਿਆ। ਬੈਠਕ ਵਿਚ ਬੈਠੇ ਬੰਦੇ ਨੂੰ ਕੁਝ ਪਤਾ ਨਹੀਂ ਸੀ ਲੱਗਦਾ, ਚੁਬਾਰੇ ਵਿਚ ਕੀ ਹੋ ਰਿਹੈ। ਇਹ ਵੀ ਪਤਾ ਨਹੀਂ ਸੀ ਕਿ ਚੁਬਾਰੇ ਨੂੰ ਇਕ ਪੌੜੀ ਲੱਗਦੀ ਹੈ ਜਾਂ ਦੋ। ਕਮਰੇ ਦੋ ਹਨ ਜਾਂ ਚਾਰ। ਗਾਹਕ ਵਾਪਸ ਵੀ ਮੁੜਦਾ ਹੈ ਜਾਂ

ਉਪਰ ਹੀ ਸੌਂਦਾ ਹੈ? ਕੁੜੀਆਂ ਕਿਧਰ ਦੀ ਆਉਂਦੀਆਂ ਅਤੇ ਕਿਧਰ ਦੀ ਜਾਂਦੀਆਂ ਹਨ? ਗਾਹਕ ਕਦੋਂ ਜਾਮ ਛਲਕਾਉਂਦਾ ਹੈ? ਕਦੋਂ ਜ਼ੁਲਫ਼ਾਂ ਨਾਲ ਖੇਡਦਾ ਹੈ ਅਤੇ ਕਦੋਂ ਸੇਜ ਸਜਾਉਂਦਾ ਹੈ?

ਕਰਤਾਰੋ ਦੇ ਦਰ 'ਤੇ ਕਈ ਦਿਨ ਅਲਖ ਜਗਾਉਣ ਤੋਂ ਬਾਅਦ ਉਹਨਾਂ ਨੂੰ ਪਤਾ ਲੱਗਾ ਕਿ ਚੁਬਾਰੇ ਵਿਚ ਦੋ ਕਮਰੇ ਸਨ। ਆਮ ਗਾਹਕ ਲਈ ਇਕ ਨੰਬਰ ਕਮਰੇ ਦੀ ਵਰਤੋਂ ਕੀਤੀ ਜਾਂਦੀ ਸੀ। ਦੋ ਨੰਬਰ ਕਮਰਾ ਖ਼ਾਸ-ਖ਼ਾਸ ਮੌਕਿਆਂ 'ਤੇ ਖ਼ਾਸ-ਖ਼ਾਸ ਮਹਿਮਾਨਾਂ ਲਈ ਖੁੱਲ੍ਹਦਾ ਸੀ। ਮੁੱਖ ਅਫ਼ਸਰ ਦੋ ਨੰਬਰ ਕਮਰੇ ਵਿਚ ਠਹਿਰਦਾ ਸੀ। ਸੰਮਤੀ ਨੇ ਜੇ ਉਸ ਨੂੰ ਨਗਨ ਹਾਲਤ ਵਿਚ ਕਾਬੂ ਕਰਨਾ ਹੈ ਤਾਂ ਉਸ ਨੂੰ ਇਕ ਨੰਬਰ ਕਮਰੇ 'ਤੇ ਸਾਰੀ ਰਾਤ ਕਾਬਜ਼ ਰਹਿਣਾ ਪੈਣਾ ਸੀ।

ਇਸੇ ਤਰ੍ਹਾਂ ਕੀਤਾ ਗਿਆ। ਨੋਟਾਂ ਦੀ ਗੁੱਥੀ ਨਾਲ ਕਰਤਾਰੋ ਨੂੰ ਚੁੰਧਿਆਇਆ ਗਿਆ। ਇਕ ਨੰਬਰ ਕਮਰਾ ਸਾਰੀ ਰਾਤ ਲਈ ਬੁੱਕ ਕਰਵਾਇਆ ਗਿਆ।

ਲਾਲ ਸਿੰਘ ਪਹਿਲਾਂ ਹੀ ਗੁੱਟ ਹੋ ਕੇ ਆਇਆ ਸੀ। ਆਉਂਦਿਆਂ ਹੀ ਆਪਣੀ ਪਿਆਸ ਬੁਝਾਉਣ ਲੱਗਾ।

ਜਦੋਂ ਲਾਲ ਸਿੰਘ ਪੂਰੀ ਤਰ੍ਹਾਂ ਸੁੱਧ-ਬੁੱਧ ਗਵਾ ਬੈਠਾ ਤਾਂ ਚੁਬਾਰੇ ਵਿਚਲੇ ਕਾਰਕੁਨਾ ਨੇ ਸੀਟੀ ਵਜਾ ਦਿੱਤੀ।

ਸੀਟੀ ਦੀ ਆਵਾਜ਼ ਸੁਣਦਿਆਂ ਹੀ ਬੈਠਕ ਵਿਚ ਬੈਠੇ ਅਤੇ ਇਧਰ-ਉਧਰ ਛੁਪੇ ਸੰਮਤੀ ਦੇ ਕਾਰਕੁਨ ਦਗੜ-ਦਗੜ ਕਰਦੇ ਚੁਬਾਰੇ ਜਾ ਚੜ੍ਹੇ। ਕਰਤਾਰੋ ਨੂੰ ਕੁਝ ਸਮਝ ਨਾ ਆਇਆ ਕਿ ਇਹ ਕਿਹੜੇ ਸਟਾਫ਼ ਦਾ ਛਾਪਾ ਹੈ? ਕਰਤਾਰੋ ਜਿਸ ਨੂੰ ਵੀ ਰੋਕਣ ਦਾ ਯਤਨ ਕਰਦੀ, ਉਹੋ ਧੱਕਾ ਮਾਰ ਕੇ ਅੱਗੇ ਲੰਘ ਜਾਂਦਾ।

ਕਰਤਾਰੋ ਨੂੰ ਉਸ ਸਮੇਂ ਹੀ ਸਮਝ ਆਈ ਜਦੋਂ ਚਾਰ ਜਣੇ ਨੰਗ-ਧੜੰਗ ਲਾਲ ਸਿੰਘ ਨੂੰ ਪੌੜੀਆਂ ਉਤਾਰਨ ਲੱਗੇ। ਪੌੜੀਆਂ 'ਚ ਖੜੇ ਪੱਤਰਕਾਰ ਧੜਾ-ਧੜ ਫ਼ੋਟੋਆਂ ਖਿੱਚਣ ਲੱਗੇ।

ਲਾਲ ਸਿੰਘ ਦੇ ਇਸ ਕਾਰਨਾਮੇ ਨੇ ਪਹਿਲਾਂ ਉਸ ਨੂੰ ਲਾਈਨ ਹਾਜ਼ਰ ਕਰਾਇਆ ਅਤੇ ਫੇਰ ਮੁਅੱਤਲ।

ਰਾਵਣ ਦੇ ਮਰਦਿਆਂ ਹੀ ਲੰਕਾ ਵਿਚ ਮਾਤਮ ਛਾ ਗਿਆ।

ਸਹਿਮੇ ਮੁਲਾਜ਼ਮ ਦਿਨ-ਕਟੀ ਕਰਨ ਲੱਗੇ। ਹਰ ਇਕ ਨੂੰ ਆਪਣੀ-ਆਪਣੀ ਨੌਕਰੀ ਦਾ ਫ਼ਿਕਰ ਪੈ ਗਿਆ।

ਪੁਲਿਸ ਕਪਤਾਨ ਦੀ ਕਿਸੇ ਨੂੰ ਪਰਵਾਹ ਨਹੀਂ ਸੀ ਰਹੀ। ਗਵਾਹ ਸ਼ਰੇਆਮ ਗਲੀਆਂ-ਬਜ਼ਾਰਾਂ ਵਿਚ ਘੁੰਮਣ ਲੱਗੇ। ਜਿਵੇਂ ਬਿੱਲੀ ਨੂੰ ਦੇਖ ਕੇ ਕਬੂਤਰ ਅੱਖਾਂ ਮੀਚ ਲੈਂਦਾ ਹੈ, ਉਸੇ ਤਰ੍ਹਾਂ ਉਹ ਵੀ ਨੀਵੀਂ ਪਾ ਕੇ ਕੋਲ ਦੀ ਲੰਘਣ ਲੱਗੇ।

ਕੁਝ ਦਿਨਾਂ ਤੋਂ ਕਪਤਾਨ ਵੀ ਖ਼ਾਮੋਸ਼ ਸੀ। ਸੰਮਤੀ ਇਸ ਚੁੱਪ ਦਾ ਮਤਲਬ ਸਮਝਦੀ ਸੀ। ਇਹ ਕਿਸੇ ਆਉਣ ਵਾਲੇ ਤੂਫ਼ਾਨ ਦਾ ਸੰਕੇਤ ਸੀ।



# 22

ਕਾਨੂੰਨ ਵਿਗਿਆਨ ਦਾ ਇਕ ਅਹਿਮ ਨਿਯਮ ਮੰਗ ਕਰਦਾ ਸੀ ਕਿ ਬਾਰ ਅਤੇ ਬੈਂਚ ਵਿਚਕਾਰ ਸੰਬੰਧ ਸੁਖਾਵੇਂ ਰਹਿਣ। ਜਿੰਨੇ ਸੁਖਾਵੇਂ ਸੰਬੰਧ, ਓਨਾ ਵਧੀਆ ਇਨਸਾਫ਼।

ਪਹਿਲਾਂ ਇਥੇ ਇਸ ਨਿਯਮ ਦੀ ਪੂਰੀ-ਪੂਰੀ ਪਾਲਣਾ ਹੁੰਦੀ ਸੀ। ਜਦੋਂ ਦਾ ਗੁਰਮੀਤ ਬਾਰ ਦਾ ਮੈਂਬਰ ਬਣਿਆ ਸੀ, ਇਹ ਸੰਬੰਧ ਵਿਗੜਦੇ ਜਾ ਰਹੇ ਸਨ। ਗੁਰਮੀਤ ਦੇ ਨਾਲ ਹੀ ਸੰਮਤੀ ਦੀ ਸਿਆਸਤ ਵੀ ਬਾਰ ਵਿਚ ਘੁਸੜ ਗਈ ਸੀ।

ਸੀਨੀਅਰ ਵਕੀਲਾਂ ਨੇ ਫ਼ੈਸਲਾ ਕੀਤਾ ਕਿ ਉਹਨਾਂ ਨੂੰ ਚੁੱਪ ਨਹੀਂ ਬੈਠਣਾ ਚਾਹੀਦਾ। ਉਹਨਾਂ ਨੂੰ ਇਸ 'ਸ਼ਰਾਰਤੀ' ਅਨਸਰ ਦਾ ਵਿਰੋਧ ਕਰਨਾ ਚਾਹੀਦਾ ਹੈ।

ਇਸ ਫ਼ੈਸਲੇ ਬਾਅਦ ਸੀਨੀਅਰ ਵਕੀਲਾਂ ਨੇ ਨਿਆਂ-ਪਾਲਿਕਾ ਦਾ ਪੱਖ ਲੈਣਾ ਅਤੇ ਸੈੱਲ ਦਾ ਮੱਕੂ ਠੱਪਣਾ ਸ਼ੁਰੂ ਕਰ ਦਿੱਤਾ।

ਸੈੱਲ ਵਾਲੇ ਜਿਉਂ ਹੀ ਨਾਥ ਦੇ ਵਿਰੁੱਧ ਸਾਹ ਕੱਢਣ ਲੱਗਦੇ, ਸੀਨੀਅਰ ਵਕੀਲ ਕਾਵਾਂ ਵਾਂਗ ਇਕੱਠੇ ਹੋ ਜਾਂਦੇ। ਸੀਨੀਅਰਾਂ ਦੀਆਂ ਲੱਛੇਦਾਰ ਦਲੀਲਾਂ ਅੱਗੇ ਸੈੱਲ ਦੇ ਨੁਕਤੇ ਮਾਤ ਪੈ ਜਾਂਦੇ।

ਇਸ ਭਰਾ-ਮਾਰੂ ਜੰਗ ਤੋਂ ਸੈੱਲ ਨੂੰ ਘਬਰਾਹਟ ਹੋਣ ਲੱਗੀ। ਜ਼ਰੂਰ ਉਹਨਾਂ ਤੋਂ ਕਿਤੇ ਕੋਈ ਗ਼ਲਤੀ ਹੋਈ ਸੀ।

ਮਸਲਾ ਸੰਮਤੀ ਵਿਚ ਵਿਚਾਰਿਆ ਗਿਆ।

ਸਮੁੰਦਰ ਮੰਥਨ ਪਿੱਛੋਂ ਸਬਕ ਦਾ ਇਕ ਸੁੱਚਾ ਮੋਤੀ ਲੱਭਿਆ ਗਿਆ। "ਸੀਨੀਅਰ ਵਕੀਲਾਂ ਅਤੇ ਜੱਜਾਂ ਦੇ ਮੁਫ਼ਾਦ ਸਾਂਝੇ ਸਨ। ਇਕ ਵੱਲੋਂ ਦੂਜੇ ਦੀ ਰੱਖਿਆ ਕਰਨੀ ਸੁਭਾਵਕ ਸੀ।"

ਸੈੱਲ ਨੇ ਜੂਨੀਅਰ ਵਕੀਲਾਂ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਜੂਨੀਅਰ ਵਕੀਲਾਂ ਅਤੇ ਕਚਹਿਰੀ ਵਿਚ ਧੱਕੇ ਖਾਂਦੇ ਸਾਇਲਾਂ ਦੀ ਹਾਲਤ ਵਿਚ ਉੱਨੀ-ਇੱਕੀ ਦਾ ਹੀ ਫ਼ਰਕ ਸੀ। ਉਹ ਜੱਜਾਂ ਤੋਂ ਵੀ ਦੁਖੀ ਸਨ ਅਤੇ ਸੀਨੀਅਰਾਂ ਤੋਂ ਵੀ। ਦੁਖਦੀ ਰਗ 'ਤੇ ਉਂਗਲ ਰੱਖੀ ਗਈ।

ਨਤੀਜੇ ਫੌਰੀ ਤੌਰ 'ਤੇ ਸਾਹਮਣੇ ਆਉਣ ਲੱਗੇ। ਇਕੱਲੇ ਜੱਜਾਂ ਵਿਰੁੱਧ ਹੀ ਕਿਉਂ? ਉਹਨਾਂ ਦੇ ਸਮਰਥਕ ਸੀਨੀਅਰ ਵਕੀਲਾਂ ਵਿਰੁੱਧ ਵੀ ਝੰਡਾ ਚੁੱਕਿਆ ਜਾਵੇ। ਜੱਜ ਤਾਂ ਸਾਇਲਾਂ ਦੀ ਛਿੱਲ ਲਾਹੁੰਦੇ ਸਨ। ਇਹ ਮਗਰਮੱਛ ਆਪਣੇ ਹੀ ਭਾਈਚਾਰੇ ਨੂੰ ਨਿਗਲਦੇ ਸਨ।

ਜੂਨੀਅਰ ਵਕੀਲ ਸੈੱਲ ਨਾਲੋਂ ਵੀ ਤੱਤੇ ਨਿਕਲੇ। ਉਹ ਜੱਜਾਂ ਅਤੇ ਸੀਨੀਅਰ ਵਕੀਲਾਂ ਦੇ ਗੁਪਤ ਰਿਸ਼ਤਿਆਂ ਦੇ ਪਾਜ ਖੋਲ੍ਹਣ ਲੱਗੇ।

ਅਵਤਾਰ ਸਿੰਘ ਸਭ ਤੋਂ ਵੱਧ ਰੋਹ ਵਿਚ ਸੀ। ਉਹ ਬਾਰ ਦੇ ਸਭ ਤੋਂ ਸੀਨੀਅਰ ਵਕੀਲ

ਹਰੀ ਪ੍ਰਕਾਸ਼ ਦੇ ਕਾਰਨਾਮੇ ਜੱਗਰ ਕਰਨਾ ਚਾਹੁੰਦਾ ਸੀ।

ਤਿੰਨ ਸਾਲ ਉਹ ਹਰੀ ਪ੍ਰਕਾਸ਼ ਦਾ ਜੂਨੀਅਰ ਰਿਹਾ ਸੀ।

ਇਹਨਾਂ ਤਿੰਨਾਂ ਸਾਲਾਂ ਵਿਚ ਅਵਤਾਰ ਨੇ ਉਸ ਦਾ ਰੱਜਵਾਂ ਗੋਹਾ-ਕੂੜਾ ਕੀਤਾ ਸੀ ਪਰ ਉਸ ਨੇ ਨਾ ਕਦੇ ਉਸ ਦੇ ਹੱਥ 'ਤੇ ਪੈਸਾ ਧਰਿਆ ਸੀ, ਨਾ ਕਾਨੂੰਨੀ ਵਾਕਫ਼ੀਅਤ ਦੇ ਨੇੜੇ ਢੁੱਕਣ ਦਿੱਤਾ ਸੀ।

ਕੁਝ ਵਰ੍ਹੇ ਪਹਿਲਾਂ ਜੂਨੀਅਰ ਵਕੀਲਾਂ ਨੇ ਲੜਾਈ ਲੜੀ ਸੀ। ਲੰਬੇ ਸੰਘਰਸ਼ ਬਾਅਦ ਹਾਈ ਕੋਰਟ ਕੋਲੋਂ ਇਕ ਨਿਯਮ ਬਣਵਾਇਆ ਸੀ। ਕੋਈ ਸੀਨੀਅਰ ਵਕੀਲ ਜਦੋਂ ਵੱਡਾ ਮੁਕੱਦਮਾ ਲੜੇ ਤਾਂ ਨਾਲ ਇਕ ਜੂਨੀਅਰ ਨੂੰ ਰੱਖੇ। ਇਸ ਨਾਲ ਜੂਨੀਅਰ ਨੂੰ ਕਈ ਫ਼ਾਇਦੇ ਹੁੰਦੇ। ਇਕ ਤਾਂ ਉਹ ਕੰਮ ਸਿੱਖ ਜਾਂਦੇ, ਦੂਜਾ ਉਹਨਾਂ ਦਾ ਖ਼ਰਚਾ ਨਿਕਲ ਜਾਂਦਾ।

ਹਰੀ ਪ੍ਰਕਾਸ਼ ਸਾਇਲ ਤੋਂ ਤਾਂ ਜੂਨੀਅਰ ਦੀ ਫ਼ੀਸ ਲੈ ਲੈਂਦਾ ਪਰ ਅਵਤਾਰ ਨੂੰ ਕਦੇ ਨਾ ਦਿੰਦਾ। ਕੋਈ ਪੁੱਛਦਾ ਤਾਂ ਉਹ ਘੜਿਆ-ਘੜਾਇਆ ਉੱਤਰ ਸੁਣਾ ਦਿੰਦਾ।

"ਕਿਸੇ ਰਿੱਧੀ-ਸਿੱਧੀ ਨੂੰ ਹਾਸਲ ਕਰਨ ਲਈ ਤਪੱਸਿਆ ਕਰਨੀ ਪੈਂਦੀ ਹੈ। ਤਪ ਲਾਲਚ ਤਿਆਗ ਕੇ ਹੁੰਦੈ। ਜੇ ਮੁੰਡਿਆਂ ਨੂੰ ਕੰਮ ਸਿਖਾਉਣੈ ਤਾਂ ਉਹਨਾਂ ਨੂੰ ਮੋਹ-ਮਾਇਆ ਤੋਂ ਦੂਰ ਰੱਖੋ।"

ਅਵਤਾਰ ਮੋਹ-ਮਾਇਆ ਤੋਂ ਵੀ ਦੂਰ ਰਿਹਾ ਤੇ ਰਿੱਧੀ-ਸਿੱਧੀ ਵੀ ਹਾਸਲ ਨਾ ਕਰ ਸਕਿਆ।

ਹਰੀ ਪ੍ਰਕਾਸ਼ ਨੰਗ-ਮੁਨੰਗ ਹੁੰਦਾ, ਅਵਤਾਰ ਨੂੰ ਆਪਣੀ ਫ਼ੀਸ ਹੜੱਪੇ ਜਾਣ ਦਾ ਫੇਰ ਵੀ ਦੁੱਖ ਨਾ ਹੁੰਦਾ। ਉਹ ਸੱਚ-ਮੁੱਚ ਕਰੋੜਪਤੀ ਸੀ। ਸ਼ਹਿਰ ਦੇ ਕਿਸੇ ਵੀ ਬੈਂਕ-ਕੰਪਲੈਕਸ, ਦੁਕਾਨ, ਪਲਾਟ, ਕੋਲਡ-ਸਟੋਰ ਜਾਂ ਮਾਰਕੀਟ ਵੱਲ ਉਂਗਲ ਕਰੋ, ਉਹ ਇਸੇ ਦੀ ਨਿਕਲਦੀ।

ਇਹ ਜਾਇਦਾਦ ਉਸ ਨੂੰ ਵਿਰਾਸਤ ਵਿਚ ਨਹੀਂ ਸੀ ਮਿਲੀ। ਇਹ ਕਿਵੇਂ ਬਣੀ ? ਅਵਤਾਰ ਇਹੋ ਦੱਸਦਾ ਫਿਰਦਾ ਸੀ।

ਸ਼ਹਿਰ ਦਾ ਪੁਰਾਣਾ ਬੱਸ-ਸਟੈਂਡ ਸ਼ਹਿਰ ਦੇ ਵਿਚਕਾਰ ਆ ਗਿਆ ਸੀ। ਆਏ ਦਿਨ ਹਾਦਸੇ ਹੋਣ ਲੱਗ ਪਏ ਸਨ। ਬੱਸਾਂ ਨੂੰ ਅੱਡੇ ਤਕ ਪੁੱਜਣ ਲਈ ਘੰਟਿਆਂ-ਬੱਧੀ ਜਾਮ ਵਿਚ ਫਸਣਾ ਪੈਂਦਾ ਸੀ।

ਸ਼ਹਿਰ ਦੇ ਲੋਕ ਮੰਗ ਕਰਨ ਲੱਗੇ। ਬੱਸ-ਅੱਡਾ ਬਾਹਰ ਲਿਜਾਓ।

ਕਈ ਸਾਲ ਸਰਕਾਰ ਦੇ ਕੰਨ 'ਤੇ ਜੂੰ ਨਾ ਸਰਕੀ। ਲੋਕਾਂ ਸੰਘਰਸ਼ ਕੀਤਾ ਤਾਂ ਸਰਕਾਰ ਝੁਕ ਗਈ।

ਨਵਾਂ ਬੱਸ-ਸਟੈਂਡ ਕਿਥੇ ਬਣਾਇਆ ਜਾਵੇ ? ਇਸ ਬਾਰੇ ਲੋਕਾਂ ਦੀ ਰਾਏ ਮੰਗੀ ਗਈ।

ਵੱਖ-ਵੱਖ ਧੜਿਆਂ ਨੇ ਵੱਖ-ਵੱਖ ਰਾਵਾਂ ਪੇਸ਼ ਕੀਤੀਆਂ।

ਹਰ ਧੜਾ ਬੱਸ-ਸਟੈਂਡ ਨੂੰ ਆਪਣੇ ਵੱਲ ਧੂਹਣ ਲੱਗਾ।

ਸ਼ਹਿਰੀਆਂ ਨੇ ਜਿਹੜੀ ਥਾਂ ਸੁਝਾਈ ਸੀ, ਬਹੁ-ਸੰਮਤੀ ਉਸ ਨਾਲ ਸੀ।

ਸਾਰਾ ਉਦਯੋਗ ਉਸੇ ਦਿਸ਼ਾ ਵੱਲ ਸੀ। ਨਵੀਆਂ ਕਚਹਿਰੀਆਂ ਵੀ ਨੇੜੇ ਸਨ ਅਤੇ ਕਾਲਜ ਵੀ। ਵਿਚਕਾਰ ਕੋਈ ਰੇਲਵੇ ਫਾਟਕ ਵੀ ਨਹੀਂ ਪੈਂਦਾ। ਉਪਰੋਂ ਵਾਧਾ ਇਹ ਕਿ ਉਥੋਂ ਚਾਰੇ ਦਿਸ਼ਾਵਾਂ ਨੂੰ ਸੜਕਾਂ ਨਿਕਲਦੀਆਂ ਸਨ।

ਆਲੇ-ਦੁਆਲੇ ਦੀਆਂ ਪੰਚਾਇਤਾਂ ਨੇ ਵੀ ਉਸੇ ਥਾਂ ਦੇ ਹੱਕ ਵਿਚ ਮਤੇ ਪਾ ਦਿੱਤੇ।



ਹਰੀ ਪ੍ਰਕਾਸ਼ ਇਸ ਥਾਂ ਦਾ ਵਿਰੋਧ ਕਰਨ ਲੱਗਾ।

ਇਕ ਤਜਵੀਜ਼ ਉਸ ਨੇ ਆਪਣੇ ਵੱਲੋਂ ਪੇਸ਼ ਕੀਤੀ।

ਸੰਧੂ ਪੱਤੀ ਵਿਚ ਪੰਚਾਇਤ ਦੀ ਇਕ ਢਾਬ ਸੀ। ਢਾਬ ਭਰ ਕੇ ਉਪਰ ਬਸ-ਸਟੈਂਡ ਬਣਾਇਆ ਜਾਵੇ। ਨਾਲ ਹਰੀ ਪ੍ਰਕਾਸ਼ ਦੀ ਜ਼ਮੀਨ ਲੱਗਦੀ ਸੀ। ਹੋਰ ਲੋੜ ਪਏ ਤਾਂ ਉਹ ਹਾਜ਼ਰ ਸੀ।

ਜਦੋਂ ਹਰੀ ਪ੍ਰਕਾਸ਼ ਨੂੰ ਸ਼ਹਿਰੀਆਂ ਵਾਲੀ ਥਾਂ ਮਨਜ਼ੂਰ ਹੁੰਦੀ ਦਿਖਾਈ ਦਿੱਤੀ ਤਾਂ ਉਸ ਨੇ ਚੰਡੀਗੜ੍ਹ ਡੇਰਾ ਲਾ ਲਿਆ। ਮੁੱਖ ਮੰਤਰੀ ਕਿਸੇ ਜ਼ਮਾਨੇ 'ਚ ਉਸ ਤੋਂ ਵਕਾਲਤ ਸਿੱਖਦਾ ਰਿਹਾ ਸੀ। ਹੁਣ ਫ਼ਾਇਦਾ ਨਹੀਂ ਪਹੁੰਚਾਏਗਾ, ਫੇਰ ਕਦੋਂ ਪਹੁੰਚਾਏਗਾ।

ਸਰਕਾਰ ਨੂੰ ਬੁਰਕੀ ਸੁੱਟੀ ਗਈ। ਢਾਬ ਹਰੀ ਪ੍ਰਕਾਸ਼ ਆਪਣੇ ਖ਼ਰਚੇ 'ਤੇ ਭਰੇਗਾ। ਜ਼ਮੀਨ ਵੀ ਮੁਫ਼ਤ ਦੇਵੇਗਾ।

ਹਰੀ ਪ੍ਰਕਾਸ਼ ਦੇ ਸੁਝਾਅ ਨੂੰ ਮੁੱਖ ਰੱਖਦਿਆਂ ਨਜ਼ਰ-ਸਾਨੀ ਲਈ ਮਿਸਲ ਮੁੜ ਹੇਠਾਂ ਨੂੰ ਭੇਜੀ ਗਈ।

ਦਫ਼ਤਰਾਂ ਦੇ ਚੱਕਰ ਕੱਟਦੀ-ਕੱਟਦੀ ਮਿਸਲ ਜਦੋਂ ਹੇਠਾਂ ਤਕ ਅੱਪੜੀ, ਉਦੋਂ ਤਕ ਹਰੀ ਪ੍ਰਕਾਸ਼ ਨੇ ਕਈ ਜਾਲ ਵਿਛਾ ਲਏ।

ਸੱਤਾਧਾਰੀ ਪਾਰਟੀ ਨੂੰ ਚੋਗਾ ਪਾਇਆ ਗਿਆ। ਪਾਰਟੀ ਦਫ਼ਤਰ ਲਈ ਦੋ ਵਿਘੇ ਜ਼ਮੀਨ ਉਸ ਦੇ ਨਾਂ ਕਰਾਈ ਗਈ। ਟਰੱਕ ਯੂਨੀਅਨ ਨੂੰ ਇਕ ਵਿਘਾ ਅਲੱਗ ਦਿੱਤਾ ਗਿਆ। ਢਾਬ ਭਰਨ ਦੀ ਜ਼ਿੰਮੇਵਾਰੀ ਯੂਨੀਅਨ ਨੂੰ ਸੌਂਪੀ ਗਈ। ਪ੍ਰਧਾਨ ਲਈ ਕੋਠੀ ਦਾ ਪਲਾਟ ਵੱਖਰਾ।

ਐਸ.ਡੀ.ਐਮ., ਤਹਿਸੀਲਦਾਰ ਅਤੇ ਹੋਰ ਸੰਬੰਧਤ ਅਫ਼ਸਰਾਂ ਨੂੰ ਪੁਚਕਾਰਿਆ ਗਿਆ। ਉਹਨਾਂ ਨੂੰ ਦਰਜਾ-ਬ-ਦਰਜਾ ਪਲਾਟ ਦਿੱਤੇ ਗਏ।

ਨਵੀਂ ਥਾਂ ਵਿਚ ਸਾਰਾ ਅਮਲਾ-ਫੈਲਾ ਦਿਲਚਸਪੀ ਲੈਣ ਲੱਗਾ।

ਨਵੀਂ ਸਕੀਮ ਦਿਨਾਂ ਵਿਚ ਮਨਜ਼ੂਰ ਹੋ ਗਈ।

ਲੋਕ ਸੁੱਤੇ ਹੀ ਰਹਿ ਗਏ। ਉਦੋਂ ਹੀ ਪਤਾ ਲੱਗਾ ਜਦੋਂ ਬੱਸਾਂ ਢਾਬ ਦੁਆਲੇ ਆ ਖੜੋਤੀਆਂ।

ਸ਼ਹਿਰੀਆਂ ਅਤੇ ਆਲੇ-ਦੁਆਲੇ ਦੇ ਪਿੰਡਾਂ ਵਾਲਿਆਂ ਨੇ ਉਜ਼ਰ ਕੀਤਾ। ਨਵੀਂ ਥਾਂ ਕਿਸੇ ਤਰ੍ਹਾਂ ਵੀ ਢੁੱਕਵੀਂ ਨਹੀਂ। ਨਾ ਇਥੇ ਕੋਈ ਸੜਕ ਹੈ, ਨਾ ਸਕੂਲ, ਕਾਲਜ। ਲੰਬੇ ਰੂਟ ਵਾਲੀਆਂ ਬੱਸਾਂ ਬਾਈਪਾਸ ਤੋਂ ਹੀ ਲੰਘ ਜਾਇਆ ਕਰਨਗੀਆਂ। ਇਹ ਅੱਡਾ ਆਬਾਦੀ ਦੇ ਨੇੜੇ ਸੀ। ਕੁਝ ਸਾਲਾਂ ਬਾਅਦ ਫੇਰ ਬਦਲਣਾ ਪੈਣਾ ਸੀ।

ਹਰੀ ਪ੍ਰਕਾਸ਼ ਅਤੇ ਪਾਰਟੀ ਦੇ ਦਬਾਅ ਹੇਠ ਮੁੱਖ ਮੰਤਰੀ ਲੋਕਾਂ ਦੇ ਵਫ਼ਦਾਂ ਨੂੰ ਟਾਲਦਾ ਰਿਹਾ।

ਇਧਰ ਸਰਕਾਰੀ ਅਧਿਕਾਰੀਆਂ ਨੇ ਜੰਗੀ-ਪੱਧਰ 'ਤੇ ਉਸਾਰੀ ਆਰੰਭ ਦਿੱਤੀ।

ਉਧਰ ਹਰੀ ਪ੍ਰਕਾਸ਼ ਨੇ ਪਲਾਟ ਕੱਟਣੇ ਸ਼ੁਰੂ ਕਰ ਦਿੱਤੇ।

ਲੋਕਾਂ ਦੀ ਮੁਹਿੰਮ ਜ਼ੋਰ ਫੜਨ ਲੱਗੀ ਤਾਂ ਹਰੀ ਪ੍ਰਕਾਸ਼ ਨੇ ਆਪਣਾ ਦਾਅਵਾ ਠੋਕ ਦਿੱਤਾ।

ਵਕੀਲ ਦਾ ਇਹ ਨਿੱਜੀ ਕੇਸ ਸੀ। ਜੱਜ ਨੇ ਝੱਟ ਬੰਦੀ ਦੇ ਦਿੱਤੀ। ਅਗਲੇ ਹੁਕਮਾਂ ਤਕ ਬੱਸ-ਸਟੈਂਡ ਨੂੰ ਕਿਧਰੇ ਹੋਰ ਲਿਜਾਣ ਦੀ ਮਨਾਹੀ ਹੋ ਗਈ।

ਹਰੀ ਪ੍ਰਕਾਸ਼ ਨੇ ਬਾਕੀ ਬਚਦੀ ਜ਼ਮੀਨ ਦੇ ਇਕ ਵਾਰ ਫੇਰ ਹਿੱਸੇ ਪਾਏ। ਇਸ ਵਾਰੀ ਬਾਕੀ ਅਫ਼ਸਰਾਂ ਦੇ ਨਾਲ-ਨਾਲ ਨਿਆਂ-ਪਾਲਿਕਾ ਨੂੰ ਹਿੱਸੇਦਾਰ ਬਣਾਇਆ ਗਿਆ।

ਨਾਥ ਸਾਹਿਬ ਨੇ ਬੰਦੀ ਵਿਰੁੱਧ ਹੋਈ ਅਪੀਲ ਛੇ ਮਹੀਨੇ ਲਟਕਾਈ ਰੱਖੀ। ਕਦੇ ਵਕੀਲ ਗ਼ੈਰ-ਹਾਜ਼ਰ ਹੋ ਜਾਂਦੇ ਅਤੇ ਕਦੇ ਜੱਜ। ਕਦੇ ਮਿਸਲ ਗੁੰਮ ਜਾਂਦੀ ਅਤੇ ਕਦੇ ਅਹਿਲਮੱਦ।

ਇਹਨਾਂ ਛੇ ਮਹੀਨਿਆਂ ਵਿਚ ਸਰਕਾਰ ਨੇ ਪੈਸਾ ਪਾਣੀ ਵਾਂਗ ਵਹਾ ਦਿੱਤਾ। ਕਿਧਰੇ ਇਮਾਰਤਾਂ ਉਸਰ ਗਈਆਂ, ਕਿਧਰੇ ਸੜਕਾਂ ਵਿਛ ਗਈਆਂ।

ਲੋਕਾਂ ਨੇ ਵੀ ਉਸਾਰੀ ਲਾ ਲਈ। ਦੁਕਾਨਾਂ ਬਣ ਗਈਆਂ। ਮਕਾਨ ਉਸਰ ਗਏ।

"ਹੁਣ ਬੱਸ-ਸਟੈਂਡ ਕਿਧਰੇ ਹੋਰ ਲਿਜਾਣਾ ਪਿਆ ਤਾਂ ਸਰਕਾਰ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋਏਗਾ।" ਪਿੱਛੋਂ ਇਸੇ ਤਰਕ ਦੇ ਆਧਾਰ 'ਤੇ ਬੰਦੀ ਪੱਕੀ ਹੋ ਗਈ।

ਨਿਹੱਥੇ ਹੋਏ ਲੋਕ ਘਰੋ-ਘਰੀ ਬੈਠ ਗਏ।

ਅਫ਼ਸਰਾਂ ਨਾਲ ਹੁੰਦੇ ਸੌਦਿਆਂ ਦੀ ਭਿਣਕ ਅਵਤਾਰ ਨੂੰ ਪੈਂਦੀ ਰਹਿੰਦੀ ਸੀ। ਉਹਨੀਂ ਦਿਨੀਂ ਹਰੀ ਪ੍ਰਕਾਸ਼ ਅਵਤਾਰ ਦੀ ਗੱਡੀ ਵਿਚ ਹੀ ਘੁੰਮਦਾ ਸੀ।

ਉਸ ਆਦਮੀ ਨੂੰ ਅਵਤਾਰ ਚੰਗੀ ਤਰ੍ਹਾਂ ਜਾਣਦਾ ਸੀ ਜਿਸ ਦੇ ਨਾਂ ਨਾਥ ਦੇ ਹਿੱਸੇ ਦੇ ਪਲਾਟ ਹੋਏ ਸਨ। ਉਹ ਨਾਥ ਦੇ ਭਰਾ ਦਾ ਸਾਲਾ ਸੀ। ਰਿਸ਼ਤੇਦਾਰ ਗ਼ਰੀਬ ਸੀ। ਲੁਧਿਆਣੇ ਦੀ ਇਕ ਮਾਮੂਲੀ ਫ਼ੈਕਟਰੀ ਵਿਚ ਕਲਰਕ ਸੀ। ਉਸ ਕੋਲ ਇੰਨੇ ਮਹਿੰਗੇ ਪਲਾਟ ਖ਼ਰੀਦਣ ਦੀ ਪਰੋਖੋਂ ਨਹੀਂ ਸੀ। ਨਾ ਵੇਚੇ ਪਲਾਟਾਂ ਦਾ ਉਹ ਹਿਸਾਬ-ਕਿਤਾਬ ਦੇ ਸਕਦਾ ਸੀ। ਪੜਤਾਲ ਸ਼ੁਰੂ ਹੁੰਦਿਆਂ ਹੀ ਅਸਲੀਅਤ ਉਗਲ ਦੇਣੀ ਸੀ।

ਇਸ ਕੇਸ ਦੇ ਖੁੱਲ੍ਹਣ ਨਾਲ ਸੈੱਲ ਨੂੰ ਇਕ ਫ਼ਾਇਦਾ ਹੋਰ ਹੋਣਾ ਸੀ। ਬੱਸ-ਸਟੈਂਡ ਐਕਸ਼ਨ ਕਮੇਟੀ ਨੇ ਸੁਰਜੀਤ ਹੋ ਜਾਣਾ ਸੀ। ਕਮੇਟੀ ਦੇ ਸੁਰਜੀਤ ਹੁੰਦਿਆਂ ਹੀ ਸੈੱਲ ਦੇ ਹੱਥ ਮਜ਼ਬੂਤ ਹੋ ਜਾਣਗੇ।

ਕੁਝ ਮਸਾਲਾ ਸ਼ਿੰਦਰਪਾਲ ਕੋਲ ਸੀ।

ਉਸ ਦਾ ਸੀਨੀਅਰ ਜੂਨੀਅਰਾਂ ਨੂੰ ਫ਼ੀਸ ਤਾਂ ਦਿਵਾਉਂਦਾ ਸੀ, ਪਰ ਅਫ਼ਸਰਾਂ ਨਾਲ ਮਿਲ ਕੇ ਮਾਰੀ ਠੱਗੀ ਵਿਚੋਂ ਹਿੱਸਾ ਨਹੀਂ ਸੀ ਦਿੰਦਾ।

ਸ਼ਿੰਦਰਪਾਲ ਦਾ ਬਾਪ ਸ਼ਹਿਰ ਦਾ ਸਿਰਕੱਢ ਆੜ੍ਹਤੀਆ ਸੀ। ਅਠਾਰ੍ਹਾਂ ਪਿੰਡਾਂ ਦੀ ਆੜ੍ਹਤ ਉਹਨਾਂ ਦੀ ਦੁਕਾਨ 'ਤੇ ਆਉਂਦੀ ਸੀ। ਇਹਨਾਂ ਪਿੰਡਾਂ ਦਾ ਕੰਮ ਸ਼ਿੰਦਰਪਾਲ ਕੋਲ ਆਉਂਦਾ ਸੀ। ਲਗਦੀ ਵਾਹ ਉਹ ਕੰਮ ਆਪ ਕਰਦਾ ਸੀ। ਨਵਾਂ ਹੋਣ ਕਾਰਨ ਗੁੰਝਲਦਾਰ ਮੁਕੱਦਮਿਆਂ ਨੂੰ ਹੱਥ ਪਾਉਣ ਤੋਂ ਡਰਦਾ ਸੀ। ਵਕੀਲ ਦੀ ਸ਼ੁਰੂ ਵਿਚ ਹੀ ਬਦਨਾਮੀ ਹੋ ਜਾਵੇ ਤਾਂ ਸਥਾਪਤ ਹੋਣ ਵਿਚ ਦਿੱਕਤ ਆਉਂਦੀ ਹੈ। ਅਜਿਹੇ ਕੇਸ ਉਹ ਆਪਣੇ ਸੀਨੀਅਰ ਸੁਰਜੀਤ ਰਾਏ ਨੂੰ ਦਿੰਦਾ ਸੀ। ਜੇ ਉਹ ਕਿਸੇ ਹੋਰ ਵਕੀਲ ਨੂੰ ਕੇਸ ਦਿਵਾਉਂਦਾ ਤਾਂ ਅਗਲਾ ਹੱਸ ਕੇ ਅੱਧ ਦਿੰਦਾ। ਇਹ ਗੁਰੂ-ਚੇਲੇ ਦੇ ਰਿਸ਼ਤੇ ਵਿਚ ਹੀ ਸਾਰ ਦਿੰਦਾ ਸੀ। ਕਦੇ ਮੂੰਹ ਪਾੜ ਕੇ ਮੰਗ ਵੀ ਲਿਆ ਤਾਂ ਪੰਜ-ਚਾਰ ਸੌ ਤੋਂ ਵੱਧ ਪੱਲੇ ਨਹੀਂ ਸੀ ਪਾਉਂਦਾ।

ਛੋਟੀਆਂ-ਮੋਟੀਆਂ ਫ਼ੀਸਾਂ ਦੀ ਸ਼ਿੰਦਰਪਾਲ ਨੇ ਕਦੇ ਪਰਵਾਹ ਨਹੀਂ ਸੀ ਕੀਤੀ। ਜਦੋਂ ਉਹ ਲੱਖਾਂ ਦਾ ਘਪਲਾ ਕਰ ਗਿਆ ਤਾਂ ਸ਼ਿੰਦਰਪਾਲ ਨੂੰ ਬਗ਼ਾਵਤ ਵਾਲਾ ਝੰਡਾ ਚੁੱਕਣਾ ਪਿਆ ਸੀ।

ਪਿਛਲੇ ਸਾਲ ਭਾਰਤ ਸਰਕਾਰ ਨੇ ਛਾਉਣੀ ਬਣਾਉਣ ਲਈ ਰੋੜੂ ਪਿੰਡ ਦੀ ਸਾਰੀ ਜ਼ਮੀਨ 'ਉਕਾਇਰ' ਕਰ ਲਈ ਸੀ। ਪਿੰਡ ਵਾਲਿਆਂ ਨੂੰ ਕਰੋੜਾਂ ਰੁਪਏ ਦਾ ਕਲੇਮ ਮਿਲਣਾ ਸੀ। ਸਾਰੇ ਪਿੰਡ ਨੇ ਰਲ ਕੇ ਇਕੋ ਵਕੀਲ ਕੀਤਾ ਸੀ। ਵਕੀਲ ਦੀ ਫ਼ੀਸ ਪੰਜ ਸੌ ਰੁਪਿਆ ਫ਼ੀ ਕੇਸ ਤਹਿ ਹੋਈ ਸੀ। ਸ਼ਿੰਦਰਪਾਲ ਰਾਹੀਂ ਸੁਰਜੀਤ ਰਾਏ ਨੂੰ ਡੇਢ ਲੱਖ ਬਣਿਆ ਸੀ। ਇਸ ਫ਼ੀਸ ਵਿਚੋਂ



ਸ਼ਿੰਦਰਪਾਲ ਨੇ ਹਿੱਕ 'ਚ ਗੋਡਾ ਦੇ ਕੇ ਬਰਾਬਰ ਦਾ ਹਿੱਸਾ ਲਿਆ ਸੀ।

ਪੰਝੱਤਰ ਹਜ਼ਾਰ ਜੇਬ 'ਚ ਪਾ ਕੇ ਸ਼ਿੰਦਰਪਾਲ ਪਹਾੜਾਂ ਨੂੰ ਨਿਕਲ ਗਿਆ।

ਸਰਕਾਰ ਨੇ ਜ਼ਮੀਨ ਦਾ ਮੁੱਲ ਪੰਜਾਹ ਹਜ਼ਾਰ ਰੁਪਿਆ ਫ਼ੀ ਕਿੱਲਾ ਪਾਇਆ ਸੀ। ਬਜ਼ਾਰੂ ਮੁੱਲ ਸੱਤਰ ਹਜ਼ਾਰ ਤੋਂ ਵੱਧ ਨਹੀਂ ਸੀ। ਨਾਥ ਸਾਹਿਬ ਨੇ ਇਸ ਮੁੱਲ ਨੂੰ ਵਧਾ ਕੇ ਇਕ ਲੱਖ ਰੁਪਿਆ ਫ਼ੀ ਕਿੱਲਾ ਕਰਨਾ ਸੀ। ਵਾਧੂ ਰਕਮ ਦੇ ਹਿੱਸੇ ਪੈਣੇ ਸਨ। ਕੇਸਾਂ ਨੂੰ ਇਕ ਮਹੀਨੇ ਦੇ ਅੰਦਰ-ਅੰਦਰ ਮੁਕਾਇਆ ਜਾਣਾ ਸੀ। ਸੁਰਜੀਤ ਰਾਏ ਦੀ ਜ਼ਿੰਮੇਵਾਰੀ ਸਾਇਲਾਂ ਤੋਂ ਫ਼ੀਸ ਵਸੂਲਣ ਦੀ ਸੀ। ਬਾਕੀ ਸਾਰਾ ਬੰਦੋਬਸਤ ਨਾਥ ਸਾਹਿਬ ਨੇ ਕਰਨਾ ਸੀ।

ਪਹਿਲੇ ਹਫ਼ਤੇ ਮੁਕੱਦਮਾ ਦਾਇਰ ਹੁੰਦਾ। ਦੂਜੇ ਹਫ਼ਤੇ ਸਰਕਾਰੀ ਧਿਰ ਹਾਜ਼ਰ ਹੋ ਜਾਂਦੀ । ਤੀਜੇ ਹਫ਼ਤੇ ਫ਼ੈਸਲਾ ਹੋ ਜਾਂਦਾ ਤੇ ਚੌਥੇ ਹਫ਼ਤੇ ਮੁਆਵਜ਼ੇ ਦੇ ਚੈੱਕ ਮਿਲ ਜਾਂਦੇ।

ਸ਼ਿੰਦਰਪਾਲ ਦੇ ਪਹਾੜੋਂ ਮੁੜਨ ਤਕ ਸੁਰਜੀਤ ਰਾਏ ਲੱਖਾਂ ਰੁਪਏ ਡਕਾਰ ਚੁੱਕਾ ਸੀ। ਸੂਹ ਮਿਲਦੇ ਹੀ ਸ਼ਿੰਦਰਪਾਲ ਨੇ ਆਪਣਾ ਹਿੱਸਾ ਮੰਗਿਆ। ਸੁਰਜੀਤ ਰਾਏ ਝੱਗਾ ਚੁੱਕ ਗਿਆ।

ਸ਼ਿੰਦਰਪਾਲ ਬਦਲਾ ਲੈਣਾ ਚਾਹੁੰਦਾ ਸੀ।

ਬਹੁਤੇ ਨਹੀਂ ਤਾਂ ਕੁਝ ਕੁ ਪਿੰਡ ਵਾਲਿਆਂ ਨੂੰ ਉਹ ਨਾਥ ਦੇ ਵਿਰੁੱਧ ਭੁਗਤਾ ਸਕਦਾ ਸੀ।

ਕੁਝ ਜੂਨੀਅਰਾਂ ਨੂੰ ਜੱਜਾਂ ਨਾਲ ਗਿਲਾ ਸੀ। ਉਹ ਦੇਖ-ਦੇਖ ਟਿਕੇ ਕੱਢਦੇ ਸਨ। ਜੂਨੀਅਰਾਂ ਦਾ ਬਣਦਾ ਹੱਕ ਵੀ ਨਹੀਂ ਦਿੰਦੇ। ਸੀਨੀਅਰ ਦੀ ਝੋਲੀ ਉਂਝ ਹੀ ਭਰਦੇ ਰਹਿੰਦੇ ਹਨ।

ਮੰਗਤ ਰਾਏ ਨੂੰ ਗਿਲਾ ਸੀ ਕਿ ਨਾਥ ਸਾਹਿਬ ਨੇ ਹਾਲੇ ਤਕ ਉਸ ਨੂੰ ਇਕ ਵਾਰ ਵੀ ਲੋਕਲ ਕਮਿਸ਼ਨ ਨਿਯੁਕਤ ਨਹੀਂ ਸੀ ਕੀਤਾ। ਉਸਦੇ ਨਾਲ ਦੇ ਕਈ-ਕਈ ਵਾਰ ਮੋਟੀਆਂ ਫ਼ੀਸਾਂ ਉਗਰਾਹ ਚੁੱਕੇ ਸਨ। ਜਦੋਂ ਵੀ ਉਸ ਨੇ ਜੱਜ ਕੋਲ ਰੋਸ ਪ੍ਰਗਟ ਕੀਤਾ, ਉਸ ਨੂੰ ਇਕੋ ਜਵਾਬ ਮਿਲਿਆ। ਗ਼ਲਤੀ ਨਾਲ ਉਸ ਦਾ ਨਾਂ ਲਿਸਟ ਵਿਚੋਂ ਕੱਟਿਆ ਗਿਐ। ਹੁਣ ਨਾਂ ਦੁਬਾਰਾ ਲਿਖ ਲਿਆ ਗਿਐ। ਅਗਲੀ ਵਾਰ ਉਸੇ ਦਾ ਨੰਬਰ ਲੱਗੇਗਾ। ਨਾ ਦੁਬਾਰਾ ਕਦੇ ਉਸ ਦਾ ਨਾਂ ਲਿਖਿਆ ਗਿਆ, ਨਾ ਉਸ ਨੂੰ ਕਮਿਸ਼ਨ ਮਿਲਿਆ।

ਉਸ ਨੂੰ ਇਹ ਵੀ ਗਿਲਾ ਸੀ ਕਿ ਬਹੁਤੇ ਕਮਿਸ਼ਨ ਭੰਡਾਰੀ ਜਾਂ ਚਹਿਲ ਦੇ ਜੂਨੀਅਰਾਂ ਨੂੰ ਮਿਲਦੇ ਸਨ। ਕਾਰਨ ਕਿਸੇ ਤੋਂ ਲੁਕੇ ਨਹੀਂ ਸਨ।

ਭੰਡਾਰੀ ਦੀ ਸੋਲਨ ਕੋਠੀ ਹੈ। ਜੂਨ ਮਹੀਨੇ ਦੀਆਂ ਛੁੱਟੀਆਂ ਉਹ ਉਥੇ ਹੀ ਗੁਜ਼ਾਰਦਾ ਹੈ। ਉਥੇ ਮਹਿਮਾਨਾਂ ਨੂੰ ਸ਼ਰਾਬ ਦੇ ਨਾਲ-ਨਾਲ ਸ਼ਬਾਬ ਵੀ ਮਿਲਦਾ ਹੈ।

ਹਰ ਵਰ੍ਹੇ ਕੋਈ ਜੱਜ ਭੰਡਾਰੀ ਦਾ ਮਹਿਮਾਨ ਹੁੰਦਾ ਹੈ। ਆਪ ਤਾ ਭੰਡਾਰੀ ਬੁੱਢਾ ਹੋ ਗਿਐ। ਹਰ ਕੰਮ ਵਿਚ ਜੱਜਾਂ ਦਾ ਸਾਥ ਕੋਈ ਜੂਨੀਅਰ ਹੀ ਨਿਭਾਉਂਦਾ ਹੈ।

ਚਹਿਲ ਕੋਲ ਦੋ-ਦੋ ਕਾਰਾਂ ਹਨ। ਕਿਸੇ ਵੀ ਜੱਜ ਨੇ ਬਾਹਰ-ਅੰਦਰ ਜਾਣਾ ਹੋਵੇ ਤਾਂ ਉਸ ਦੀ ਕਾਰ ਹਾਜ਼ਰ ਹੁੰਦੀ ਹੈ। ਕਾਰ ਨੂੰ ਡਰਾਈਵ ਕੋਈ ਜੂਨੀਅਰ ਕਰਦਾ ਹੈ। ਚਹਿਲ ਗੱਡੀ ਦੀ ਟੈਂਕੀ ਵੀ ਫੁਲ ਕਰਵਾ ਕੇ ਦਿੰਦਾ ਹੈ ਅਤੇ ਡਿੱਗੀ ਵੀ।

ਮੰਗਤ ਰਾਏ ਕੋਲ ਤਾਂ ਆਪਣੇ ਸਕੂਟਰ ਵਿਚ ਤੇਲ ਪਵਾਉਣ ਲਈ ਪੈਸੇ ਨਹੀਂ ਹੁੰਦੇ। ਉਹ ਨਾਥ ਨੂੰ ਗੱਡੀਆਂ ਵਿਚ ਕਿਵੇਂ ਘੁਮਾਏ ?

ਜੂਨੀਅਰਾਂ ਨਾਲ ਹੁੰਦੀਆਂ ਇਹ ਬੇਇਨਸਾਫ਼ੀਆਂ ਬੰਦ ਹੋਣੀਆਂ ਹੀ ਚਾਹੀਦੀਆਂ ਸਨ।

ਨੌਜਵਾਨਾਂ ਦੇ ਜੋਸ਼ ਨੂੰ ਨਾ ਕਿਸੇ ਸੀਨੀਅਰ ਦੀ ਨਸੀਹਤ ਠੱਲ੍ਹ ਸਕੀ, ਨਾ ਕਿਸੇ ਜੱਜ ਦੀ ਧਮਕੀ।

ਬਾਰ ਦੀ ਮੀਟਿੰਗ ਬੁਲਾਉਣ ਲਈ ਦਸਤਖ਼ਤੀ ਮੁਹਿੰਮ ਚਲਾਈ ਗਈ। ਪਹਿਲੇ ਹੀ ਦਿਨ ਇਕ ਸੌ ਸੱਤਰਾਂ ਵਿਚੋਂ ਅਠਾਹਟਾਂ ਦੇ ਦਸਤਖ਼ਤ ਹੋ ਗਏ।

ਅਗਲੇ ਦਿਨ ਨਾਥ ਦੇ ਖ਼ਿਲਾਫ਼ ਮਤਾ ਪਾਸ ਹੋ ਗਿਆ।

ਜੱਜ ਨਾਲ ਟੱਕਰ ਲੈਣ ਦੀ ਤਿਆਰੀ ਜੰਗੀ ਪੱਧਰ ਤੇ ਸ਼ੁਰੂ ਹੋ ਗਈ।



# 23

ਆਪਣੇ ਖ਼ਿਲਾਫ਼ ਪਏ ਮਤੇ ਦੀ ਨਾਥ ਨੂੰ ਕੋਈ ਪਰਵਾਹ ਨਹੀਂ ਸੀ। ਇਹ ਅਨਾੜੀ ਵਕੀਲਾਂ ਦਾ ਇਕ ਵਲਵਲਾ ਸੀ, ਜਿਹੜਾ ਸਮੇਂ ਦੀ ਧੂੜ ਵਿਚ ਗੁਆਚ ਜਾਣਾ ਸੀ।

ਘੁਸਮੁਸਾ ਹੁੰਦਿਆਂ ਹੀ ਬਾਰ ਦਾ ਸਕੱਤਰ ਕੋਠੀ ਆਇਆ ਸੀ। ਪਾਸ ਹੋਏ ਮਤੇ ਦੀ ਨਕਲ ਨਾਲ ਲਿਆਇਆ ਸੀ। ਆਉਂਦਿਆਂ ਹੀ ਉਸ ਮਾਫ਼ੀ ਮੰਗੀ ਸੀ। ਅਚਾਨਕ ਵਾ-ਵਰੋਲਾ ਜਿਹਾ ਉੱਠ ਖੜੋਤਾ ਸੀ। ਘਬਰਾਹਟ ਵਾਲੀ ਕੋਈ ਗੱਲ ਨਹੀਂ। ਸੀਨੀਅਰ ਵਕੀਲ ਨਾਥ ਦੇ ਨਾਲ ਸਨ। ਇਹਨਾਂ ਵਿਹਲੜਾਂ ਨੂੰ ਕੌਣ ਪੁੱਛਦੈ ?

ਸਕੱਤਰ ਨੇ ਇਕ ਰਾਜ਼ ਦੀ ਗੱਲ ਦੱਸੀ। ਹਾਊਸ ਨੇ ਮਤੇ ਦੀਆਂ ਨਕਲਾਂ ਨੂੰ ਬਹੁਤ ਥਾਈਂ ਭੇਜਣ ਦੀ ਸਿਫ਼ਾਰਸ਼ ਕੀਤੀ ਸੀ। ਕੁਝ ਕਾਪੀਆਂ ਸਕੱਤਰ ਨੇ ਹਜ਼ਮ ਕਰ ਲਈਆਂ। ਬਾਕੀ ਨਾਥ ਡਕਾਰ ਲਏ।

ਰਜਿਸਟਰੀਆਂ ਛੋਟੇ ਡਾਕਘਰੋਂ ਹੋਈਆਂ ਸਨ। ਉਥੋਂ ਲਿਫ਼ਾਫ਼ੇ ਗੁੰਮ ਕਰਾਉਣੇ ਨਾਥ ਲਈ ਖੱਬੇ ਹੱਥ ਦੀ ਖੇਡ ਸੀ।

ਪੱਤਰਕਾਰਾਂ ਨੂੰ ਵੀ ਆਖਿਆ ਗਿਆ ਸੀ, ਉਹ ਖ਼ਬਰਾਂ ਭੇਜਣ। ਅੰਗਰੇਜ਼ੀ ਅਖ਼ਬਾਰ ਦੇ ਪੱਤਰਕਾਰ ਸਿਆਣੇ ਸਨ। ਬਲੈਕ-ਮੇਲ ਕਰਨ ਵਾਲੀਆਂ ਖ਼ਬਰਾਂ ਕਦੇ ਨਹੀਂ ਭੇਜਦੇ। ਹਿੰਦੀ ਵਾਲੇ ਸਕੱਤਰ ਦੇ ਵਾਕਿਫ਼ ਸਨ। ਇਸ਼ਾਰੇ ਨਾਲ ਸਕੱਤਰ ਨੇ ਉਹਨਾਂ ਨੂੰ ਸਮਝਾ ਦਿੱਤਾ ਸੀ। ਜੱਜ ਸਾਹਿਬ ਕੰਮ ਆਉਣ ਵਾਲੇ ਬੰਦੇ ਸਨ, ਖ਼ਬਰ ਨਾ ਭੇਜੀ ਜਾਵੇ। ਬੱਸ ਪੰਜਾਬੀ ਅਖ਼ਬਾਰਾਂ ਦੇ ਪੱਤਰਕਾਰਾਂ ਦਾ ਇੰਤਜ਼ਾਮ ਕਰਨਾ ਬਾਕੀ ਸੀ। ਉਹਨਾਂ ਨੂੰ ਪੁਚਕਾਰਨ ਨਈ ਇਕ ਹੌਲਦਾਰ ਕਾਫ਼ੀ ਸੀ।

ਕਈ ਹੋਰ ਵਕੀਲਾਂ ਦੇ ਫ਼ੋਨ ਆਏ। ਨਾਥ ਨਾਲ ਉਹਨਾਂ ਆਪਣੀ ਵਫ਼ਾਦਾਰੀ ਪ੍ਰਗਟਾਈ। ਉਹਨਾਂ ਵੀ ਯਕੀਨ ਦਿਵਾਇਆ। ਮੁੰਡੇ-ਖੁੰਡੇ ਜਿੰਨਾ ਮਰਜ਼ੀ ਰੌਲਾ ਪਾ ਲੈਣ। ਉਹ ਆਪਣੇ ਇਕ ਵੀ ਸਾਇਲ ਨੂੰ ਜੱਜ ਦੇ ਖ਼ਿਲਾਫ਼ ਸਾਹ ਨਹੀਂ ਕੱਢਣ ਦੇਣਗੇ।

ਐਸ.ਡੀ.ਐਮ. ਅਤੇ ਡਿਪਟੀ ਵੀ ਚੱਕਰ ਲਾ ਗਏ। ਉਹਨਾਂ ਲਾਇਕ ਕੋਈ ਸੇਵਾ ਹੋਵੇ ਤਾਂ ਉਹ ਹਾਜ਼ਰ ਸਨ। ਉਹ ਚੌਵੀ ਘੰਟੇ ਵਕੀਲਾਂ ਦੇ ਜਾਇਜ਼-ਨਜਾਇਜ਼ ਕੰਮ ਕਰਦੇ ਹਨ। ਵਕੀਲ ਹੁਣ ਅਫ਼ਸਰਾਂ ਦੇ ਕੰਮ ਨਹੀਂ ਆਉਣਗੇ, ਫੇਰ ਕਦੋਂ ਆਉਣਗੇ ?

ਸਿਆਸੀ ਬੰਦਿਆਂ ਦੇ ਵੀ ਫ਼ੋਨ ਆਏ। ਕਿਸੇ ਸਿਆਸੀ ਦਬਾਅ ਦੀ ਜ਼ਰੂਰਤ ਹੋਵੇ ਤਾਂ ਬਿਨਾਂ ਝਿਜਕ ਉਹਨਾਂ ਨੂੰ ਦੱਸਿਆ ਜਾਵੇ।

ਚਾਰੇ ਪਾਸਿਉਂ ਮਿਲਣ ਵਾਲੀ ਇਸ ਹਮਾਇਤ ਨਾਲ ਨਾਥ ਦੇ ਹੌਸਲੇ ਬੁਲੰਦ ਹੋਣ ਲੱਗੇ।

ਮਤੇ, ਪੜਤਾਲਾਂ ਵੈਸੇ ਵੀ ਨਾਥ ਲਈ ਨਵੇਂ ਨਹੀਂ ਸਨ। ਉਸ ਦੀ ਕੋਈ ਨਾ ਕੋਈ ਪੜਤਾਲ ਚੱਲਦੀ ਹੀ ਰਹਿੰਦੀ ਸੀ। ਪੜਤਾਲਾਂ ਦੇ ਇਸ ਲੰਬੇ ਇਤਿਹਾਸ ਤੋਂ ਉਸ ਨੇ ਕਈ ਸਬਕ ਸਿੱਖੇ ਸਨ। ਜਦੋਂ ਚਾਰ ਪੈਸੇ ਪੱਲੇ ਹੋਣ ਤਾਂ ਕੋਈ ਕਿਸੇ ਦਾ ਕੁਝ ਨਹੀਂ ਵਿਗਾੜ ਸਕਦਾ। ਇਹ ਪਹਿਲਾ

ਸਬਕ ਸੀ। ਜਿਉਂ-ਜਿਉਂ ਪੜਤਾਲਾਂ ਦੀ ਲਿਸਟ ਲੰਬੀ ਹੁੰਦੀ ਗਈ, ਤਿਉਂ-ਤਿਉਂ ਪੈਸੇ ਇਕੱਠੇ ਕਰਨ ਵਾਲੇ ਉਸ ਦੇ ਫੌੜੇ ਦੀ ਰਫ਼ਤਾਰ ਵੀ ਤੇਜ਼ ਹੁੰਦੀ ਗਈ।

ਦੂਜੇ ਸਬਕ ਤਹਿਤ ਉਹ ਉਪਰ ਬਣਾ ਕੇ ਰੱਖਦਾ ਸੀ। ਰਜਿਸਟਰਾਰ ਉਸ ਦੇ ਸਾਹ ਵਿਚ ਸਾਹ ਲੈਂਦਾ ਸੀ। ਹਾਈਕੋਰਟ ਦੇ ਜੱਜਾਂ ਵਿਚ ਦੋ ਧੜੇ ਸਨ। ਭਾਰੂ ਧੜਾ ਹਮੇਸ਼ਾ ਉਸ ਦੀ ਜੇਬ ਵਿਚ ਰਹਿੰਦਾ ਸੀ। ਕਮਾਇਆ ਧਨ ਉਹ ਇਹਨਾਂ ਕੰਮਾਂ 'ਤੇ ਖੁੱਲ੍ਹ ਕੇ ਖ਼ਰਚਦਾ ਸੀ।

ਆਉਣ ਵਾਲੇ ਫ਼ੋਨਾਂ ਦੀ ਵਧਦੀ ਗਿਣਤੀ ਨਾਥ ਲਈ ਚਿੰਤਾ ਦਾ ਕਾਰਨ ਬਣਨ ਲੱਗੀ। ਇੰਨੇ ਫ਼ੋਨਾਂ ਦਾ ਮਤਲਬ ਸੀ ਕਿ ਖ਼ਬਰ ਸਾਰੇ ਇਲਾਕੇ ਵਿਚ ਫੈਲ ਚੁੱਕੀ ਸੀ। ਅਫ਼ਵਾਹਾਂ ਦਾ ਬਜ਼ਾਰ ਵੀ ਗਰਮ ਸੀ। ਖ਼ਬਰ ਅੱਗੇ ਤੋਰਨ ਵਾਲਾ ਹਰ ਆਦਮੀ ਆਪਣੇ ਵੱਲੋਂ ਵੀ ਮਿਰਚ-ਮਸਾਲਾ ਲਾਉਂਦਾ ਸੀ। ਅਜਿਹੇ ਲੋਕਾਂ ਰਾਹੀਂ ਕਈ ਅਜਿਹੇ ਪੋਲ ਖੁੱਲ੍ਹ ਰਹੇ ਸਨ, ਜਿਨ੍ਹਾਂ ਦਾ ਹਾਲੇ ਤਕ ਨਾ ਸੰਮਤੀ ਨੂੰ ਪਤਾ ਸੀ, ਨਾ ਸੈੱਲ ਨੂੰ। ਇਹ ਰੁਝਾਨ ਖ਼ਤਰਨਾਕ ਸੀ।

ਕੁਝ ਵਕੀਲਾਂ ਦੇ ਫ਼ੋਨ ਆ ਚੁੱਕੇ ਸਨ। ਜਿਹੜੇ ਖ਼ਾਮੋਸ਼ ਸਨ, ਮਤਲਬ ਸੀ ਕਿ ਉਹਨਾਂ ਦਾ ਨਾਥ ਨਾਲ ਮਨ-ਮੁਟਾਵ ਸੀ। ਅਜਿਹੇ ਵਕੀਲਾਂ ਨਾਲ ਨਾਥ ਖ਼ੁਦ ਸੰਪਰਕ ਕਾਇਮ ਕਰਨ ਲੱਗਾ।

ਸਹਾਇਤਾ ਲਈ ਤਿੰਨੋਂ ਮੈਜਿਸਟ੍ਰੇਟ ਕੋਠੀ ਬੁਲਾ ਲਏ। ਕਿਸੇ ਮੈਜਿਸਟ੍ਰੇਟ ਦਾ ਕਿਸੇ ਵਕੀਲ ਨਾਲ ਯਾਰਾਨਾ ਸੀ ਅਤੇ ਕਿਸੇ ਦਾ ਕਿਸੇ ਨਾਲ। ਇਕ ਨੇ ਦੋ-ਦੋ ਵਕੀਲ ਕਾਬੂ ਕਰ ਲਏ ਤਾਂ ਵੀ ਮਸਲਾ ਹੱਲ ਹੋ ਜਾਣਾ ਸੀ।

"ਬੱਸ ਜੀ ਮੁੰਡਿਆਂ ਨੇ ਧੱਕੇ ਨਾਲ ਦਸਤਖ਼ਤ ਕਰਾ ਲਏ। ਮਨੋਂ ਅਸੀਂ ਤੁਹਾਡੇ ਨਾਲ ਹਾਂ।" ਵਕੀਲਾਂ ਦਾ ਅਜਿਹਾ ਰਵੱਈਆ ਉਤਸ਼ਾਹ-ਜਨਕ ਸੀ।

ਕਿਸੇ-ਕਿਸੇ ਨੇ ਗਿਲਾ ਸ਼ਿਕਵਾ ਵੀ ਪ੍ਰਗਟ ਕੀਤਾ। ਇਕ-ਦੋ ਨੇ ਨਸੀਹਤ ਵੀ ਕੀਤੀ।

"ਹਰ ਕੰਮ ਪੈਸੇ ਨਾਲ ਨਾ ਤੋਲਿਆ ਕਰੋ। ਕਦੇ-ਕਦੇ ਇਨਸਾਫ਼ ਵੀ ਕਰਿਆ ਕਰੋ।"

ਕੰਨਾਂ 'ਚ ਤੇਲ ਪਾਈ ਨਾਥ ਸਭ ਕੁਝ ਸੁਣਦਾ ਰਿਹਾ। ਮਾੜੀ ਘੜੀ ਲੰਘਾਉਣ ਲਈ ਹਰ ਤਰ੍ਹਾਂ ਦਾ ਵਾਅਦਾ ਕਰਦਾ ਰਿਹਾ।

ਅੱਗੇ ਤੋਂ ਕੋਈ ਸ਼ਿਕਾਇਤ ਨਹੀਂ ਆਏਗੀ। ਗਿਲੇ-ਸ਼ਿਕਵੇ ਆਪਸੀ ਗੱਲਬਾਤ ਰਾਹੀਂ ਨਜਿੱਠ ਲਏ ਜਾਣਗੇ। ਹਾਲ ਦੀ ਘੜੀ ਮਤਾ ਵਾਪਸ ਲੈਣ ਵਿਚ ਨਾਥ ਦੀ ਮਦਦ ਕੀਤੀ ਜਾਵੇ। ਸੀਨੀਅਰ ਤਾਂ ਮੰਨ ਗਏ, ਜੂਨੀਅਰਾਂ ਨੂੰ ਮਨਾਉਣ ਵਿਚ ਦਿੱਕਤ ਆਉਣ ਲੱਗੀ। ਟਾਂਵਾ-ਟੱਲਾ ਜੂਨੀਅਰ ਹੀ ਨਾਥ ਦੇ ਕਾਬੂ ਆਇਆ। ਬਹੁਤੇ ਮਾਂਹ ਦੇ ਆਟੇ ਵਾਂਗ ਆਕੜੇ ਰਹੇ।

"ਜਦੋਂ ਸੀਨੀਅਰ ਵਕੀਲ ਮੇਰੇ ਨਾਲ ਹਨ ਤਾਂ ਮੈਨੂੰ ਇਹਨਾਂ ਟੱਟੂਆਂ ਦੀ ਕੀ ਪਰਵਾਹ ਹੈ ?" ਸੋਚਦੇ ਨਾਥ ਨੇ ਮੈਜਿਸਟ੍ਰੇਟਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਜਾਮ ਖੜਕਾਏ ਅਤੇ ਅਰਾਮ ਨਾਲ ਸੌਂ ਗਿਆ।

ਸਵੇਰੇ ਜਦੋਂ ਅਖ਼ਬਾਰਾਂ ਚੁੱਕੀਆਂ ਤਾਂ ਮੋਟੀਆਂ-ਮੋਟੀਆਂ ਸੁਰਖ਼ੀਆਂ ਵਿਚ ਆਪਣਾ ਨਾਂ ਨਜ਼ਰ ਆਇਆ।

ਇਹ ਕੀ ਭਾਣਾ ਵਰਤ ਗਿਆ ? ਨਾਥ ਦੇ ਹੱਥ-ਪੈਰ ਫੁੱਲ ਗਏ। ਉਸ ਨੇ ਤਾਂ ਇਕ-ਇਕ ਪੱਤਰਕਾਰ ਨਾਲ ਸੰਪਰਕ ਕਾਇਮ ਕੀਤਾ ਸੀ। ਉਹਨਾਂ ਨੂੰ ਖ਼ਬਰਾਂ ਭੇਜਣੋਂ ਵਰਜਿਆ ਸੀ। ਮਤੇ ਦੀਆਂ ਨਕਲਾਂ ਵਾਪਸ ਮੰਗਵਾ ਕੇ ਬੋਝੇ ਪਾ ਲਈਆਂ ਸਨ। ਫੇਰ ਇਹ ਖ਼ਬਰਾਂ ਕਿਸ ਨੇ ਭੇਜੀਆਂ ?

ਇਸ ਤੋਂ ਸਪੱਸ਼ਟ ਸੀ ਕਿ ਰਜਿਸਟਰੀਆਂ ਵੀ ਰਸਤੇ ਵਿਚ ਜਾਮ ਨਹੀਂ ਹੋਣਗੀਆਂ। ਉਹ ਵੀ ਆਪਣੀ-ਆਪਣੀ ਮੰਜ਼ਿਲ 'ਤੇ ਪਹੁੰਚ ਕੇ ਰਹਿਣਗੀਆਂ।



ਬਦਨਾਮੀ ਦੀ ਨਾਥ ਨੂੰ ਕੋਈ ਪਰਵਾਹ ਨਹੀਂ ਸੀ। ਖ਼ਬਰਾਂ ਨਾਲ ਕਿਹੜਾ ਉਸ ਦੀਆ ਧੀਆਂ ਦਾ ਰਿਸ਼ਤਾ ਛੁੱਟ ਜਾਣਾ ਸੀ।

ਹਾਈਕੋਰਟ ਦਾ ਪਾਲਾ ਮਾਰ ਰਿਹਾ ਸੀ। ਅਜਿਹੀਆਂ ਖ਼ਬਰਾਂ ਦਾ ਹਾਈਕੋਰਟ ਗੰਭੀਰ ਨੋਟਿਸ ਲੈਂਦੀ ਸੀ। ਖ਼ਬਰਾਂ ਦੇ ਆਧਾਰ 'ਤੇ ਹੀ ਪੜਤਾਲ ਸ਼ੁਰੂ ਕਰ ਦਿੰਦੀ ਹੈ।

ਨਾਥ ਚਾਹੁੰਦਾ ਸੀ, ਅੱਜ ਹੀ ਹਾਈਕੋਰਟ ਪੁੱਜ ਕੇ ਕੋਈ ਇੰਤਜ਼ਾਮ ਕੀਤਾ ਜਾਵੇ।

ਪਹਿਲੇ ਦਿਨ ਹੀ ਛੁੱਟੀ ਲੈ ਕੇ ਭੱਜਣਾ ਵੀ ਮੋਕ ਮਾਰਨ ਬਰਾਬਰ ਸੀ। ਇਸ ਤਰ੍ਹਾਂ ਵਿਰੋਧੀਆਂ ਨੂੰ ਸ਼ਹਿ ਮਿਲਣੀ ਸੀ।

ਚੰਡੀਗੜ੍ਹ ਉਸ ਨੂੰ ਇਕ-ਦੋ ਦਿਨ ਠਹਿਰ ਕੇ ਜਾਣਾ ਚਾਹੀਦਾ ਸੀ।

ਦੇਰ ਕਰਨ ਨਾਲ ਹਨੇਰ ਵੀ ਪੈ ਸਕਦਾ ਸੀ। ਲੰਘਿਆ ਸਮਾਂ ਹੱਥ ਨਹੀਂ ਸੀ ਆਉਣਾ। ਆਪਣੇ ਬੰਦਿਆਂ ਨੇ ਆਖਣਾ ਸੀ : ਪਹਿਲਾਂ ਕਿਉਂ ਨਹੀਂ ਦੱਸਿਆ। ਬੁਰਾਈ ਨੂੰ ਜਲਦੀ ਤੋਂ ਜਲਦੀ ਕੁਚਲ ਦੇਣਾ ਚਾਹੀਦਾ ਸੀ ।

ਹੋਰ ਨਹੀਂ ਤਾਂ ਰਜਿਸਟਰਾਰ ਸਾਹਿਬ ਦੇ ਨੋਟਿਸ ਵਿਚ ਤਾਂ ਲਿਆਂਦਾ ਹੀ ਜਾਵੇ।

ਰਜਿਸਟਰਾਰ ਨਾਥ 'ਤੇ ਮਿਹਰਬਾਨ ਸੀ।

ਰਜਿਸਟਰਾਰ ਨੂੰ ਫ਼ੋਨ ਖੜਕਾਇਆ ਗਿਆ। ਵੈਸੇ ਤਾਂ ਸ਼ਾਮ ਤਕ ਸਭ ਠੀਕ ਹੋ ਜਾਏਗਾ। ਫੇਰ ਵੀ ਜੇ ਲੋੜ ਪਏ ਤਾਂ ਉਹ ਦੋ ਕੁ ਦਿਨ ਲੰਘਾ ਲੈਣ। ਪਿੱਛੋਂ ਨਾਥ ਆਪੇ ਸੰਭਾਲ ਲਏਗਾ।

ਰਜਿਸਟਰਾਰ ਨੇ ਨਾਥ ਦੀ ਪਿੱਠ ਥਾਪੜੀ। ਵੱਡੇ ਭਰਾ ਦੇ ਹੁੰਦੇ ਉਸ ਨੂੰ ਫ਼ਿਕਰ ਕਰਨ ਦੀ ਕੋਈ ਲੋੜ ਨਹੀਂ। ਸੰਕਟ ਟਲ ਗਿਆ ਤਾਂ ਠੀਕ, ਨਹੀਂ ਤਾਂ ਬੱਸ ਫ਼ੋਨ ਹੀ ਕਾਫ਼ੀ ਸੀ। ਫੇਰ ਰਜਿਸਟਰਾਰ ਜਾਣੇ, ਉਸ ਦਾ ਕੰਮ ਜਾਣੇ।

ਰਜਿਸਟਰਾਰ ਦੀ ਹੱਲਾ-ਸ਼ੇਰੀ ਨਾਲ ਨਾਥ ਦੀ ਘਬਰਾਹਟ ਘੱਟ ਗਈ। ਦਲੇਰੀ 'ਚ ਆਇਆ ਨਾਥ ਸਿਆਸੀ ਚਾਲਾਂ ਚੱਲਣ ਲੱਗਾ।

ਅਦਾਲਤ 'ਚ ਆਉਂਦਿਆਂ ਹੀ ਉਸ ਨੇ ਬਾਰ ਦੇ ਪ੍ਰਧਾਨ ਅਤੇ ਸਕੱਤਰ ਨੂੰ ਬੁਲਾਇਆ। ਉਹਨਾਂ ਨਾਲ ਗਿਲਾ ਪ੍ਰਗਟ ਕੀਤਾ। ਨਾਥ ਨੇ ਤਾਂ ਕਦੇ ਉਹਨਾਂ ਦਾ ਬੁਰਾ ਨਹੀਂ ਕੀਤਾ। ਹਮੇਸ਼ਾਂ ਉਹਨਾਂ ਦਾ ਖ਼ਿਆਲ ਰੱਖਿਆ ਸੀ। ਵੱਧੋ-ਵੱਧ ਮੁਕੱਦਮੇ ਉਹਨਾਂ ਦੇ ਹੱਕ ਵਿਚ ਕੀਤੇ ਹਨ। ਨਾਥ ਦੀ ਮਿਹਰਬਾਨੀ ਸਦਕਾ ਉਹਨਾਂ ਦੀ ਵਕਾਲਤ ਦੁੱਗਣੀ-ਤਿੱਗਣੀ ਹੋ ਗਈ ਸੀ। ਉਹਨਾਂ ਦੇ ਪ੍ਰਧਾਨ, ਸਕੱਤਰ ਹੁੰਦਿਆਂ ਨਾਥ ਦੇ ਖ਼ਿਲਾਫ਼ ਇਹ ਸਭ ਕੁਝ ਨਹੀਂ ਸੀ ਹੋਣਾ ਚਾਹੀਦਾ।

ਨਾਥ ਸਾਹਿਬ ਠੀਕ ਆਖਦੇ ਸਨ, ਪਰ ਮਜਬੂਰ ਸਨ। ਸੱਚ ਵੀ ਇਹ ਸੀ ਕਿ ਉਹਨਾਂ ਦੇ ਹੱਥ-ਵੱਸ ਕੁਝ ਰਿਹਾ ਹੀ ਨਹੀਂ ਸੀ। ਵਕੀਲਾਂ ਵਿਚ ਰੋਹ ਦੀ ਜਵਾਲਾ ਭੜਕ ਉੱਠੀ ਸੀ। ਜਿਨ੍ਹਾਂ ਵਕੀਲਾਂ ਦੇ ਮੂੰਹ ਵਿਚ ਬੋਲ ਨਹੀਂ ਸੀ, ਕੱਲ੍ਹ ਉਹ ਵੀ ਸ਼ੇਰਾਂ ਵਾਂਗ ਗਰਜ ਰਹੇ ਸਨ।

"ਚਲੋ ਜੋ ਹੋ ਗਿਆ, ਸੋ ਹੋ ਗਿਆ। ਅੱਗੋਂ ਤੋਂ ਕੋਈ ਕਾਰਵਾਈ ਨਹੀਂ ਹੋਣੀ ਚਾਹੀਦੀ। ਮਤੇ ਨੂੰ ਇਥੇ ਹੀ ਦੱਬ ਦਿਓ। ਇਸ ਮਸਲੇ 'ਤੇ ਹੋਰ ਮੀਟਿੰਗ ਨਹੀਂ ਹੋਣੀ ਚਾਹੀਦੀ। ਸੈੱਲ ਵਾਲਿਆਂ ਨੂੰ ਕੋਈ ਲਿਸਟ ਨਾ ਦਿੱਤੀ ਜਾਵੇ। ਤੁਸੀਂ ਮੇਰਾ ਸਾਥ ਦਿਓ, ਬਾਕੀ ਮੈਂ ਆਪੇ ਸੰਭਾਲ ਲਵਾਂਗਾ।" ਨਾਥ ਇਸ ਤਰ੍ਹਾਂ ਹੁਕਮ ਝਾੜ ਰਿਹਾ ਸੀ ਜਿਵੇਂ ਸਾਹਮਣੇ ਅਹੁਦੇਦਾਰਾਂ ਦੀ ਥਾਂ ਮੁਲਜ਼ਮ ਖੜੇ ਹੋਣ।

ਪ੍ਰਧਾਨ, ਸਕੱਤਰ ਨੇ ਪੈਰਾਂ 'ਤੇ ਪਾਣੀ ਨਾ ਪੈਣ ਦਿੱਤਾ। ਕੱਲ੍ਹ ਦੇ ਤੂਫ਼ਾਨ ਨੇ ਉਹਨਾਂ ਦੀਆਂ ਜੜ੍ਹਾਂ ਵੀ ਉਖਾੜ ਦਿੱਤੀਆਂ ਸਨ। ਹੁਣ ਹੁਕਮ ਮੁੰਡਿਆਂ ਦਾ ਚੱਲਦਾ ਸੀ। ਉਹ ਮਹਿਜ਼ ਰਬੜ

ਦੀ ਮੋਹਰ ਬਣ ਕੇ ਰਹਿ ਗਏ ਸਨ। ਆਪਣੇ ਤੌਰ ’ਤੇ ਉਹ ਕੋਈ ਵਾਅਦਾ ਨਹੀਂ ਸੀ ਕਰ ਸਕਦੇ।

ਅਹੁਦੇਦਾਰਾਂ ਦਾ ਮਨ ਕੰਬ ਰਿਹਾ ਸੀ। ਉਹਨਾਂ ਦਾ ਧਿਆਨ ਬਾਹਰ ਅਤੇ ਕੰਨ ਅੰਦਰ ਵੱਲ ਸਨ। ਕੋਈ ਵਸਾਹ ਨਹੀਂ, ਬਾਹਰ ਜੂਨੀਅਰ ਵਕੀਲ ਉਹਨਾਂ ਦੀ ਨਾਕਾਬੰਦੀ ਕਰੀ ਬੈਠੇ ਹੋਣ। ਜੱਜ ਅਤੇ ਉਹਨਾਂ ਵਿਚਕਾਰ ਹੋ ਰਹੀ ਗੱਲਬਾਤ ਸੁਣ ਰਹੇ ਹੋਣ।

ਅਹੁਦੇਦਾਰਾਂ ਨੂੰ ਆਪਣੇ ਕੱਲ੍ਹ ਦੇ ਕੀਤੇ ’ਤੇ ਪਛਤਾਵਾ ਸੀ।

ਜੂਨੀਅਰ ਵਕੀਲਾਂ ਵੱਲੋਂ ਸੁਬ੍ਹਾ ਹੀ ਉਹਨਾਂ ਨੂੰ ਝਾਂੜਾਂ ਪੈ ਚੁੱਕੀਆਂ ਸਨ। ਉਹਨਾਂ ਨੂੰ ਸਕੱਤਰ ਦੇ ਜੱਜ ਦੀ ਕੋਠੀ ਜਾਣ ਅਤੇ ਪ੍ਰਧਾਨ ਦੇ ਫ਼ੋਨ ਕਰਨ ਦੀ ਭਿਣਕ ਪੈ ਚੁੱਕੀ ਸੀ।

ਪ੍ਰਧਾਨ, ਸਕੱਤਰ ਨੇ ਕੋਈ ਹੋਰ ਗ਼ਲਤੀ ਕੀਤੀ ਤਾਂ ਉਹਨਾਂ ਖ਼ਿਲਾਫ਼ ਵੀ ਮਤਾ ਪੈ ਸਕਦਾ ਹੈ। ਉਹ ਕੋਲਿਆਂ ਦੀ ਦਲਾਲੀ ਵਿਚ ਮੂੰਹ ਕਾਲਾ ਕਿਉਂ ਕਰਨ ?

ਨਾਥ ਪ੍ਰਤੀ ਉਹਨਾਂ ਦੇ ਮਨ ਵਿਚ ਪਹਿਲਾਂ ਵਾਲੀ ਸ਼ਰਧਾ ਵੀ ਨਹੀਂ ਸੀ ਰਹੀ। ਜਿਸ ਤਰ੍ਹਾਂ ਦੀਆਂ ਕਹਾਣੀਆਂ ਪ੍ਰਧਾਨ, ਸਕੱਤਰ ਨੂੰ ਸੁਣਨ ਨੂੰ ਮਿਲ ਰਹੀਆਂ ਸਨ, ਜੇ ਉਹ ਸੱਚ ਸਨ ਤਾਂ ਨਾਥ ਵਰਗੇ ਜੱਜ ਦੇ ਖ਼ਿਲਾਫ਼ ਕਾਰਵਾਈ ਹੋਣੀ ਹੀ ਚਾਹੀਦੀ ਸੀ।

ਪ੍ਰਧਾਨ, ਸਕੱਤਰ ਖਹਿੜਾ ਛੁਡਾਉਣ ਲਈ ਉਤਾਵਲੇ ਪੈਣ ਲੱਗੇ।

ਨਾਥ ਨੂੰ ਸਾਹਮਣਿਉਂ ਕੋਈ ਠੋਸ ਹੁੰਗਾਰਾ ਮਿਲਦਾ ਨਜ਼ਰ ਨਾ ਆਇਆ। ਬਦਲੇ ਹਾਲਾਤ ਮੁਤਾਬਕ ਉਸ ਨੂੰ ਆਪਣੇ ਨਵਾਬੀ ਹੁਕਮਾਂ ਵਿਚ ਤਬਦੀਲੀ ਲਿਆਉਣੀ ਪਈ।

“ਜੇ ਤੁਹਾਡੀ ਕੋਈ ਮਜਬੂਰੀ ਹੈ ਤਾਂ ਇਕ-ਦੋ ਸੀਨੀਅਰ ਵਕੀਲ ਹੋਰ ਬੁਲਾ ਲਓ। ਆਪਸੀ ਮੱਤਭੇਦ ਦੂਰ ਕਰ ਲੈਂਦੇ ਹਾਂ। ਮੇਰੀ ਗ਼ਲਤੀ ਹੋਈ, ਮੈਂ ਮੁਆਫ਼ੀ ਮੰਗ ਲਵਾਂਗਾ.....ਪਰ ਆਹ ਬਾਂਦਰਾਂ ਸਾਹਮਣੇ ਆਪਾਂ ਨਹੀਂ ਝੁਕਣਾ.....।”

“ਇਸ ਵਾਰ ਵਾਗਡੋਰ ਬਾਂਦਰਾਂ ਦੇ ਹੱਥ ਹੈ.....ਫੇਰ ਵੀ ਅਸੀਂ ਕੋਸ਼ਿਸ਼ ਕਰ ਕੇ ਦੇਖਦੇ ਹਾਂ।” ਆਖਦੇ ਅਹੁਦੇਦਾਰ ਉੱਠ ਖੜੋਤੇ।

“ਫੇਰ ਕਦੋਂ ਦੱਸੋਗੇ ?” ਉਹਨਾਂ ਦੇ ਸਵਾਗਤ ਵਿਚ ਨਾਥ ਵੀ ਉੱਠ ਖੜੋਤਾ।

“ਸ਼ਾਮ ਤਕ।”

“ਨਹੀਂ ਲੰਚ ’ਚ ਮਿਲਣਾ। ਜ਼ਰਾ ਸਿਆਸੀ ਢੰਗ ਨਾਲ ਨਜਿੱਠਣਾ।” ਨਾਥ ਦੇ ਤਰਲੇ ਅਹੁਦੇਦਾਰਾਂ ਦਾ ਦਰਵਾਜ਼ੇ ਤਕ ਪਿੱਛਾ ਕਰਦੇ ਰਹੇ।

ਅਹੁਦੇਦਾਰਾਂ ਨੇ ਨਾ ਕੋਈ ਕੋਸ਼ਿਸ਼ ਕਰਨੀ ਸੀ, ਨਾ ਕੀਤੀ। ਨਾ ਉਹ ਲੰਚ ਟਾਇਮ ’ਚ ਜੱਜ ਨੂੰ ਮਿਲੇ, ਨਾ ਸ਼ਾਮ ਨੂੰ।

ਜਦੋਂ ਸਮੱਸਿਆ ਹੱਲ ਹੁੰਦੀ ਨਜ਼ਰ ਨਾ ਆਈ ਤਾਂ ਨਾਥ ਚੰਡੀਗੜ੍ਹ ਨੂੰ ਚੜ੍ਹ ਗਿਆ।

ਚੰਡੀਗੜ੍ਹੋਂ ਮੁੜਿਆ ਨਾਥ ਮੁੜ ਗਿੱਦੜੋਂ ਸ਼ੇਰ ਬਣ ਗਿਆ।

ਹਾਈਕੋਰਟ ’ਚ ਉਸ ਦੇ ਗੁਟ ਦੇ ਜੱਜਾਂ ਨੇ ਉਸ ਦੀ ਪਿੱਠ ਥਾਪੜੀ। ਚੀਫ਼ ਜਸਟਿਸ ਵੀ ਉਹਨਾਂ ਦੇ ਗਰੁੱਪ ਦਾ ਹੈ ਅਤੇ ਵਿਜੀਲੈਂਸ ਜੱਜ ਵੀ। ਅਜਿਹੀਆਂ ਬੀਸੀਆਂ ਖ਼ਬਰਾਂ ਛਪਦੀਆਂ ਹਨ। ਸੈਂਕੜੇ ਮਤੇ ਪੈਂਦੇ ਹਨ। ਜੇ ਹਾਈਕੋਰਟ ਅਜਿਹੀਆਂ ਛੋਟੀਆਂ-ਛੋਟੀਆਂ ਗੱਲਾਂ ਵੱਲ ਧਿਆਨ ਦੇਣ ਲੱਗੇ ਤਾਂ ਹੋ ਗਏ ਫ਼ੈਸਲੇ। ਜੱਜ ਦਾ ਕੰਮ ਅਜੀਬ ਤਰ੍ਹਾਂ ਦਾ ਹੈ। ਇਕ ਧਿਰ ਨੇ ਨਰਾਜ਼ ਹੋਣਾ ਹੀ ਹੈ। ਨਰਾਜ਼ ਧਿਰ ਨੇ ਜੱਜ ’ਤੇ ਚਿੱਕੜ ਵੀ ਸੁੱਟਣਾ ਹੈ। ਜੇ ਹਾਈ ਕੋਰਟ ਜੱਜ ਦੇ ਹਰ ਕੰਮ ਵਿਚ ਮੀਨ-ਮੇਖ ਕਰਦੀ ਰਹੇ ਤਾਂ ਜੱਜ ਨਿਡਰਤਾ ਅਤੇ ਨਿਰਪੱਖਤਾ ਨਾਲ ਕੰਮ ਕਿਵੇਂ ਕਰਨਗੇ ?

ਰਜਿਸਟਰਾਰ ਨੇ ਖ਼ੁਸ਼ਖ਼ਬਰੀ ਸੁਣਾਈ। ਪਹਿਲਾ ਮਤਾ ਉਹ ਪੀ ਚੁੱਕਾ ਸੀ। ਖ਼ਬਰਾਂ ਜਾਂ ਮਤਾ



ਚੀਫ਼ ਜਸਟਿਸ ਦੇ ਪੇਸ਼ ਹੀ ਨਹੀਂ ਕੀਤਾ। ਜਦੋਂ ਬਾਂਸ ਹੀ ਨਾ ਰਿਹਾ ਤਾਂ ਬੰਸਰੀ ਕਿਥੋਂ ਵੱਜੇਗੀ ?

ਨਾਥ ਨੂੰ ਇਕ ਤਾੜਨਾ ਵੀ ਕੀਤੀ। ਇਸ ਪੁਆੜੇ ਦਾ ਜੜ੍ਹ ਬੰਟੀ ਕਤਲ ਕੇਸ ਸੀ। ਉਹ ਨਿੱਜੀ ਦਿਲਚਸਪੀ ਲੈਣੀ ਛੱਡ ਦੇਵੇ। ਕਿਸੇ ਨਾ ਕਿਸੇ ਬਹਾਨੇ ਲੰਬੀ ਤਾਰੀਖ਼ ਪਾ ਦੇਵੇ। ਆਪੇ ਸਾੜ੍ਹਸਤੀ ਟਲ ਜਾਏਗੀ।

ਮੁੜ ਹਫ਼ਤਾ ਭਰ ਨਾ ਬਾਰ ਨੇ ਸੁੱਧ ਲਈ, ਨਾ ਸੈੱਲ ਨੇ।

ਸਭ ਨੂੰ ਆਸ ਸੀ, ਕਾਰਵਾਈ ਆਪੇ ਹੋਏਗੀ। ਪੜਤਾਲ ਲਈ ਜੱਜ ਬਿਠਾਇਆ ਜਾਏਗਾ। ਦੋਸ਼ਾਂ ਦੀ ਪੁਸ਼ਟੀ ਲਈ ਜੱਜ ਸਬੂਤ ਮੰਗੇਗਾ। ਉਹ ਸਬੂਤ ਇਕੱਠੇ ਕਰਦੇ ਰਹੇ।

ਇਕ ਹਫ਼ਤਾ ਹੋਰ ਲੰਘ ਗਿਆ। ਫੇਰ ਵੀ ਕੋਈ ਕਾਰਵਾਈ ਨਾ ਹੋਈ।

ਬਾਰ ਵਿਚ ਘੁਸਰ-ਮੁਸਰ ਹੋਣ ਲੱਗੀ। ਦਾਲ ਵਿਚ ਕੁਝ ਕਾਲਾ ਹੈ।

ਨਾਥ ਦੀ ਰੱਸੇ ਚੱਬਣ ਦੀ ਆਦਤ ਵੀ ਕਾਇਮ ਸੀ। ਮੌਕਾ ਤਾੜ ਕੇ ਉਹ ਅਸਾਮੀ ਬਟੋਰ ਲੈਂਦਾ ਸੀ।

ਸੁਲਗਦੀ ਅੱਗ ਉਸ ਸਮੇਂ ਭਾਂਬੜ ਬਣ ਗਈ ਜਦੋਂ ਹਾਈ ਕੋਰਟ ਕਿਸੇ ਕੰਮ ਗਏ ਮੋਹਨ ਜੀ ਨੂੰ ਪਤਾ ਲੱਗਾ ਕਿ ਉਥੇ ਤਾਂ ਵਾਈ-ਧਾਈ ਵੀ ਨਹੀਂ। ਕਲਰਕ ਤੋਂ ਲੈ ਕੇ ਰਜਿਸਟਰਾਰ ਤਕ ਨੂੰ ਨਾ ਮਤੇ ਦਾ ਇਲਮ ਹੈ, ਨਾ ਖ਼ਬਰਾਂ ਦਾ।

ਜੂਨੀਅਰਾਂ ਦੇ ਅਨੁਰੋਧ ’ਤੇ ਮੁੜ ਮੀਟਿੰਗ ਬੁਲਾਈ ਗਈ।

ਇਸ ਵਾਰ ਫ਼ੈਸਲਾ ਹੋਇਆ ਕਿ ਵਕੀਲਾਂ ਦਾ ਇਕ ਵਫ਼ਦ ਚੀਫ਼ ਜਸਟਿਸ ਨੂੰ ਮਿਲੇ। ਉਹ ਵਫ਼ਦ ਨਾਥ ਵਿਰੁੱਧ ਇਕੱਠੇ ਕੀਤੇ ਸਬੂਤਾਂ ਦਾ ਚਿੱਠਾ ਖ਼ੁਦ ਚੀਫ਼ ਅੱਗੇ ਪੇਸ਼ ਕਰੇ।

ਸੁਰਜੀਤ ਹੋਈ ਬੱਸ-ਸਟੈਂਡ ਐਕਸ਼ਨ ਕਮੇਟੀ ਨੇ ਵੀ ਆਪਣੇ ਦੁਖੜੇ ਰੋਣ ਦਾ ਮਨ ਬਣਾ ਲਿਆ।

ਜਦੋਂ ਸਭ ਜਾ ਰਹੇ ਸਨ ਤਾਂ ਸੰਘਰਸ਼ ਸੰਮਤੀ ਪਿੱਛੇ ਕਿਉਂ ਰਹੇ ? ਇਕ ਵਫ਼ਦ ਉਸ ਦਾ ਵੀ ਜਾਏਗਾ।

ਏਡੇ ਵੱਡੇ ਵਫ਼ਦ ਨੂੰ ਦੇਖ ਕੇ ਰਜਿਸਟਰਾਰ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਲੱਗੀ। ਪੂਰੀ ਤਨਦੇਹੀ ਨਾਲ ਉਹ ਵਫ਼ਦ ਨੂੰ ਟਰਕਾਉਣ ਲੱਗਾ। ਪੈਰ-ਪੈਰ ’ਤੇ ਝੂਠ ਬੋਲਣ ਲੱਗਾ।

ਪਹਿਲਾਂ ਕਹਿੰਦਾ ਹਾਈ ਕੋਰਟ ਵਿਚ ਕੋਈ ਮਤਾ ਆਇਆ ਹੀ ਨਹੀਂ।

ਬਾਰ ਨੇ ਇਕ ਸਰਟੀਫ਼ਿਕੇਟ ਪੇਸ਼ ਕੀਤਾ। ਪੋਸਟ-ਆਫ਼ਿਸ ਵਾਲਿਆਂ ਤਸਦੀਕ ਕੀਤਾ ਸੀ ਕਿ ਰਜਿਸਟਰੀ ਹਾਈਕੋਰਟ ਦੇ ਫਲਾਣੇ ਕਲਰਕ ਨੇ ਫਲਾਣੀ ਤਾਰੀਖ਼ ਨੂੰ ਵਸੂਲ ਕੀਤੀ ਸੀ।

ਸਰਟੀਫ਼ਿਕੇਟ ਦੇਖ ਕੇ ਰਜਿਸਟਰਾਰ ਨੇ ਪੈਂਤੜਾ ਬਦਲਿਆ :

“ਅੱਛਾ ! ਅੱਛਾ ! ਉਹ ਮਤਾ.....। ਉਹ ਤਾਂ ਕਦੋਂ ਦਾ ਫ਼ਾਇਲ ਹੋ ਗਿਆ.....।”

ਬਾਰ ਵਾਲਿਆਂ ਕਾਰਨ ਪੁੱਛਿਆ ਤਾਂ ਪਤਾ ਲੱਗਾ, ਵਕੀਲਾਂ ਦਾ ਇਕ ਵਫ਼ਦ ਚੰਡੀਗੜ੍ਹ ਆਇਆ ਸੀ। ਕੁਝ ਨੇ ਦੱਸਿਆ ਸੀ, ਮਤੇ ’ਤੇ ਉਹਨਾਂ ਦੇ ਦਸਤਖ਼ਤ ਧੱਕੇ ਨਾਲ ਕਰਵਾਏ ਗਏ ਸਨ। ਕੁਝ ਨੇ ਲਿਖ ਕੇ ਦਿੱਤਾ ਸੀ ਕਿ ਮਤੇ ’ਤੇ ਹੋਏ ਉਹਨਾਂ ਦੇ ਦਸਤਖ਼ਤ ਜਾਅਲੀ ਸਨ। ਉਹਨਾਂ ਨੂੰ ਨਾਥ ਨਾਲ ਕੋਈ ਗਿਲਾ ਨਹੀਂ ਸੀ।

ਇਹ ਸਰਾਸਰ ਝੂਠ ਸੀ। ਸੈੱਲ ਅਤੇ ਜੂਨੀਅਰ ਵਕੀਲਾਂ ਨੇ ਬਾਕੀ ਵਕੀਲਾਂ ’ਤੇ ਬਰਾਬਰ ਨਜ਼ਰ ਰੱਖੀ ਸੀ। ਨਾ ਕੋਈ ਵਕੀਲ ਚੰਡੀਗੜ੍ਹ ਆਇਆ ਸੀ ਨਾ ਕਿਸੇ ਨੇ ਕੁਝ ਲਿਖ ਕੇ ਦਿੱਤਾ ਸੀ। ਇਹ ਮਨ-ਘੜਤ ਕਹਾਣੀ ਸੀ, ਜਿਹੜੀ ਵਕੀਲਾਂ ਵਿਚ ਫੁੱਟ ਪਾਉਣ ਅਤੇ ਨਾਥ ਨੂੰ ਬਚਾਉਣ

ਲਈ ਘੜੀ ਗਈ ਸੀ।

ਵਫ਼ਦ ਨੇ ਮੰਗ ਕੀਤੀ, ਉਹ ਲਿਖਤ ਉਸ ਨੂੰ ਦਿਖਾਈ ਜਾਵੇ।

ਮਾਮਲਾ ਗੁਪਤ ਸੀ, ਰਜਿਸਟਰਾਰ ਅਜਿਹਾ ਨਹੀਂ ਕਰ ਸਕਦਾ।

ਕੀ ਮਾਜਰਾ ਹੈ, ਵਫ਼ਦ ਦੀ ਸਮਝ ਆ ਗਿਆ। ਰਜਿਸਟਰਾਰ ਨਾਥ ਦਾ ਹੀ ਦੂਸਰਾ ਰੂਪ ਸੀ।

ਲਿਖਤ ਨਹੀਂ ਦਿਖਾਉਣੀ ਤਾਂ ਵਫ਼ਦ ਨੂੰ ਚੀਫ਼ ਜਸਟਿਸ ਨਾਲ ਮਿਲਾਇਆ ਜਾਵੇ।

ਰਜਿਸਟਰਾਰ ਫੇਰ ਟੰਗ ਅੜਾਉਣ ਲੱਗਾ। ਚੀਫ਼ ਨੂੰ ਮਿਲਣ ਦਾ ਇਕ ਜ਼ਾਬਤਾ ਹੈ। ਉਸ ਦੀ ਪਾਲਣਾ ਕੀਤੀ ਜਾਵੇ।

ਵਫ਼ਦ ਨੂੰ ਰਜਿਸਟਰਾਰ ’ਤੇ ਭਰੋਸਾ ਹੀ ਨਹੀਂ ਸੀ ਰਿਹਾ। ਪਹਿਲੀ ਸ਼ਿਕਾਇਤ ਉਸੇ ਨੇ ਖ਼ੁਰਦ- ਬੁਰਦ ਕੀਤੀ ਸੀ। ਦੂਜੀ ਕਿਉਂ ਨਹੀਂ ਕਰੇਗਾ ? ਜਾਬਤੇ ਅਨੁਸਾਰ ਉਹ ਦੂਜੀ ਸ਼ਿਕਾਇਤ ਰਜਿਸਟਰਾਰ ਨੂੰ ਦੇਣ ਲਈ ਤਿਆਰ ਨਹੀ ਸੀ ।

ਵਫ਼ਦ ਆਪਣੀ ਸ਼ਿਕਾਇਤ ਚੀਫ਼ ਅੱਗੇ ਹੀ ਪੇਸ਼ ਕਰੇਗਾ। ਜੇ ਰਜਿਸਟਰਾਰ ਵਫ਼ਦ ਨੂੰ ਚੈਂਬਰ ਵਿਚ ਨਹੀਂ ਮਿਲਣ ਦੇਵੇਗਾ ਤਾਂ ਵਫ਼ਦ ਚੀਫ਼ ਦੀ ਕੋਠੀ ਜਾਏਗਾ। ਚੀਫ਼ ਕੋਠੀ ਮਿਲਣੋਂ ਨਾਂਹ ਕਰੇਗਾ ਤਾਂ ਵਫ਼ਦ ਧਰਨਾ ਦੇਵੇਗਾ, ਭੁੱਖ ਹੜਤਾਲ ਕਰੇਗਾ। ਪ੍ਰੈਸ ਕਾਨਫ਼ਰੰਸ ਬੁਲਾਏਗਾ।

ਪਾਣੀ ਜਦੋਂ ਸਿਰੋਂ ਲੰਘਣ ਲੱਗਾ ਤਾਂ ਰਜਿਸਟਰਾਰ ਝੁਕਣ ਲੱਗਾ।

ਹੌਲੀ-ਹੌਲੀ ਰਜਿਸਟਰਾਰ ਨੇ ਵਫ਼ਦ ਨੂੰ ਠੰਢਾ ਕੀਤਾ।

ਵਫ਼ਦ ਤੋਂ ਮੈਮੋਰੈਂਡਮ ਲਿਆ। ਮੈਮੋਰੈਂਡਮ ਨਾਲ ਲੱਗੇ ਕੇਸਾਂ ਦੀ ਘੋਖ ਕੀਤੀ। ਹਲਫ਼ੀਆ ਬਿਆਨ ਪੜ੍ਹੇ। ਫੇਰ ਮਿਸਲ ਤਿਆਰ ਕਰ ਕੇ ਚੀਫ਼ ਦੇ ਪੇਸ਼ ਕਰ ਦਿੱਤੀ।

ਚੀਫ਼ ਨੇ ਵਫ਼ਦ ਨੂੰ ਠੰਢੇ ਦਿਮਾਗ਼ ਨਾਲ ਸੁਣਿਆ।

ਤੁਰੰਤ ਵਿਜੀਲੈਂਸ ਜੱਜ ਨੂੰ ਬੁਲਾਇਆ। ਸਾਰੇ ਕਾਗ਼ਜ਼-ਪੱਤਰ ਉਸ ਦੇ ਹਵਾਲੇ ਕੀਤੇ। ਵਿਜੀਲੈਂਸ ਜੱਜ ਫ਼ੌਰਨ ਪੜਤਾਲ ਕਰੇ। ਹਫ਼ਤੇ ਦੇ ਅੰਦਰ-ਅੰਦਰ ਰਿਪੋਰਟ ਪੇਸ਼ ਕਰੇ। ਵਿਜੀਲੈਂਸ ਜੱਜ ਨੂੰ ਹੁਕਮ ਸੁਣਾਇਆ।

ਬੰਟੀ ਕਤਲ ਕੇਸ ਦੀ ਕਾਰਵਾਈ ਇਕ ਮਹੀਨੇ ਲਈ ਰੋਕ ਦਿੱਤੀ ਗਈ।

ਖ਼ੁਸ਼ ਹੋਇਆ ਵਫ਼ਦ ਵਿਜੀਲੈਂਸ ਜੱਜ ਦੀ ਉਡੀਕ ਕਰਨ ਲੱਗਾ।

ਸੰਮਤੀ, ਸੈੱਲ ਅਤੇ ਜੂਨੀਅਰ ਸਭ ਦੁਖੀ ਧਿਰਾਂ ਨਾਲ ਰਾਬਤਾ ਰੱਖਣ ਲੱਗੇ। ਉਹ ਨਿਧੜਕ ਹੋ ਕੇ ਗਵਾਹੀ ਦੇਣ। ਸਭ ਨੂੰ ਸਮਝਾਉਣ ਲੱਗੇ।

“ਜੱਜ ਦੀ ਪੜਤਾਲ ਹੋਣੀ ਹੈ।” ਇਹ ਸੁਣ ਕੇ ਕਈ ਹੋਰ ਧਿਰਾਂ ਵੀ ਦਲੇਰੀ ਫੜ ਗਈਆਂ। ਉਹਨਾਂ ਵੀ ਆਪਣੇ ਹਲਫ਼ੀਆ ਬਿਆਨ ਤਸਦੀਕ ਕਰਾ ਲਏ।

ਸੈੱਲ ਦੇ ਹੌਸਲੇ ਬੁਲੰਦ ਸਨ। ਵਿਜੀਲੈਂਸ ਜੱਜ ਦੇ ਆਉਂਦਿਆਂ ਹੀ ਨਾਥ ਦੀ ਫੱਟੀ ਪੁੱਚ ਜਾਣੀ ਸੀ।

ਪਰ ਵਿਜੀਲੈਂਸ ਜੱਜ ਸੀ ਕਿ ਆ ਹੀ ਨਹੀਂ ਸੀ ਰਿਹਾ।

ਅੱਕੇ-ਥੱਕੇ ਲੋਕਾਂ ਦੇ ਹੌਸਲੇ ਢਹਿਨ ਲੱਗੇ, ਨਿਰਾਸ਼ ਹੋ ਕੇ ਉਹ ਮੁੜ ਕੰਮੀਂ-ਧੰਦੀਂ ਰੁੱਝ ਗਏ।

ਨਾਥ ਇਸ ਸੁਸਤੀ ਦਾ ਫ਼ਾਇਦਾ ਉਠਾਉਣ ਲੱਗਾ। ਉਸ ਨੂੰ ਅਜਿਹੇ ਕੇਸਾਂ ਦੀ ਲਿਸਟ ਮਿਲ ਚੁੱਕੀ ਸੀ, ਜਿਨ੍ਹਾਂ ਵਿਚ ਉਸ ’ਤੇ ਪੈਸੇ ਲੈਣ ਦਾ ਦੋਸ਼ ਲਾਇਆ ਗਿਆ ਸੀ।

ਵਿਜੀਲੈਂਸ ਜੱਜ ਵੱਲੋਂ ਉਸਨੂੰ ਧਿਰਾਂ ਨਾਲ ਸੰਪਰਕ ਕਰਨ ਲਈ ਖੁੱਲ੍ਹਾ ਸਮਾਂ ਦਿੱਤਾ ਗਿਆ



ਸੀ। ਉਸ ਸਮੇਂ ਦਾ ਉਹ ਫ਼ਾਇਦਾ ਉਠਾਉਂਦਾ ਰਿਹਾ।

ਕਿਸੇ ਧਿਰ ਦਾ ਕੋਈ ਰਿਸ਼ਤੇਦਾਰ ਬੁਲਾਇਆ ਗਿਆ। ਰਿਸ਼ਤੇਦਾਰ ਵੱਲੋਂ ਧਿਰ ਨੂੰ ਸਮਝਾਇਆ ਗਿਆ :

“ਭਲਿਆ ਲੋਕਾ, ਮੂਰਖਾਂ ਪਿੱਛੇ ਲੱਗ ਕੇ ਮੂਰਖ ਕਿਉਂ ਬਣਦਾ ਹੈਂ ? ਪੜਤਾਲ ਹਾਈ ਕੋਰਟ ਕਰ ਰਹੀ ਹੈ। ਜੇ ਤੂੰ ਆਖ ਦਿੱਤਾ, ਪੈਸੇ ਦੇ ਕੇ ਕੇਸ ਕਰਾਇਆ ਹੈ ਤਾਂ ਉਹ ਫ਼ੈਸਲਾ ਰੱਦ ਨਹੀਂ ਕਰ ਦੇਊ ? ਆਪਣੇ ਪੈਰ ’ਤੇ ਆਪ ਕੁਹਾੜਾ ਕਿਉਂ ਮਾਰਦੈਂ ?”

ਕੁਝ ਸਮਝ ਗਏ।

ਜਿਹੜੇ ਨਾ ਸਮਝੇ, ਉਹਨਾਂ ਨੂੰ ਥਾਣੇ ਬੁਲਾਇਆ ਗਿਆ। ਕਿਸੇ ਹੋਰ ਕੇਸ ਦੀ ਆੜ ਵਿਚ ਡਰਾਇਆ-ਧਮਕਾਇਆ ਗਿਆ।

ਕੁਝ ਡਰ ਗਏ।

ਜਿਹੜੇ ਨਾ ਡਰੇ, ਉਹਨਾਂ ਨੂੰ ਅੱਧ-ਪਚੱਧ ਪੈਸੇ ਮੋੜ ਕੇ ਵਿਰਾਇਆ ਗਿਆ।

ਵਕੀਲਾਂ ਵਿਚ ਵੀ ਭੰਨ-ਤੋੜ ਕੀਤੀ ਗਈ। ਕਿਸੇ ਦਾ ਸਾਲਾ ਲਿਆਂਦਾ ਗਿਆ, ਕਿਸੇ ਦਾ ਜੀਜਾ। ਕਿਸੇ ਨੂੰ ਚੁੱਪ ਰਹਿਣ ਦਾ ਹੁਕਮ ਸਿਆਸੀ ਪਾਰਟੀ ਨੇ ਦਿੱਤਾ, ਕਿਸੇ ਨੂੰ ਕਿਸੇ ਸਭਾ ਸੋਸਾਇਟੀ ਨੇ। ਕੁਝ ਦਾ ਮਿੰਨਤ-ਤਰਲਾ ਕੀਤਾ। ਕੁਝ ਨੂੰ ਲਾਲਚ ਦਿੱਤਾ।

ਜਦੋਂ ਸਭ ਅੱਛਾ ਹੋ ਗਿਆ ਤਾਂ ਵਿਜੀਲੈਂਸ ਜੱਜ ਨੂੰ ਬੁਲਾਇਆ ਗਿਆ।

ਜੱਜ ਦੇ ਅਚਾਨਕ ਆ ਧਮਕਣ ’ਤੇ ਬਾਰ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਫ਼ਰਿਆਦੀਆਂ ਨੂੰ ਇਕੱਠੇ ਕਰਨ ਲਈ ਕੇਵਲ ਅਠਾਰ੍ਹਾਂ ਘੰਟੇ ਮਿਲੇ ਸਨ।

ਪੜਤਾਲ ਦਾ ਦਿਨ ਐਤਵਾਰ ਰੱਖਿਆ ਗਿਆ। ਬਹੁਤੇ ਵਕੀਲ ਸੂਚਨਾ ਮਿਲਣ ਤੋਂ ਪਹਿਲਾਂ ਹੀ ਪਿੰਡਾਂ ਨੂੰ ਤੁਰ ਚੁੱਕੇ ਸਨ।

ਸਾਰੇ ਫ਼ਰਿਆਦੀਆਂ ਨਾਲ ਸੰਪਰਕ ਨਾ ਹੋ ਸਕਿਆ। ਜਿਨ੍ਹਾਂ ਨਾਲ ਹੋਇਆ ਉਹ ਮਜਬੂਰ ਸਨ। ਕਿਸੇ ਨੇ ਵਿਆਹ ਜਾਣਾ ਸੀ, ਕਿਸੇ ਨੇ ਗ਼ਮੀ।

ਕੁਝ ਧਿਰਾਂ ਨੂੰ ਮੁਕਰਾ ਲਿਆ ਗਿਆ ਸੀ। ਕੁਝ ਨੂੰ ਖਿਸਕਾ ਲਿਆ ਗਿਆ ਸੀ। ਕੋਈ ਥਾਣੇ ਬੰਦ ਸੀ। ਕੋਈ ਕਿਸੇ ਅਫ਼ਸਰ ਦੀ ਕੋਠੀ।

ਜੱਜ ਦੇ ਪੇਸ਼ ਕਰਨ ਲਈ ਬਾਰ ਨੂੰ ਇਕ ਵੀ ਫ਼ਰਿਆਦੀ ਨਹੀਂ ਸੀ ਲੱਭਾ।

ਘੋਖ ਕਰਨ ’ਤੇ ਪਤਾ ਲੱਗਾ ਇੰਝ ਗਿਣੀ-ਮਿਥੀ ਸਾਜ਼ਿਸ਼ ਤਹਿਤ ਹੋਇਆ ਸੀ। ਨਾਥ ਨੂੰ ਕਈ ਦਿਨ ਪਹਿਲਾਂ ਹੀ ਟੂਰ-ਪ੍ਰੋਗਰਾਮ ਭੇਜ ਦਿੱਤਾ ਗਿਆ ਸੀ। ਬਾਰ ਨੂੰ ਜਾਣ-ਬੁਝ ਕੇ ਹਨੇਰੇ ਵਿਚ ਰੱਖਿਆ ਗਿਆ ਸੀ।

ਵਿਜੀਲੈਂਸ ਜੱਜ ਨੇ ਨਾਥ ਨੂੰ ਸਮਝਾਇਆ ਸੀ, ਕਿਵੇਂ ਨਾ ਕਿਵੇਂ ਉਹ ਉਸ ਨੂੰ ਇਕ ਵਾਰ ਬੇਰੰਗ ਮੋੜ ਦੇਵੇ। ਮੁੜ ਪੜਤਾਲ ਲਈ ਉਹ ਸ਼ਹਿਰ ਪੈਰ ਨਹੀਂ ਪਾਏਗਾ, ਭਾਵੇਂ ਸਾਰਾ ਸ਼ਹਿਰ ਨਾਥ ਦੇ ਖ਼ਿਲਾਫ਼ ਭੁਗਤਣ ਲਈ ਤਿਆਰ ਹੋ ਜਾਵੇ।

ਇੰਝ ਹੀ ਹੋ ਰਿਹਾ ਸੀ। ਵਿਜੀਲੈਂਸ ਜੱਜ ਪੂਰੇ ਚਾਰ ਘੰਟੇ ਰੈਸਟ ਹਾਊਸ ਵਿਚ ਬੈਠਾ ਰਿਹਾ। ਇਕ ਵੀ ਫ਼ਰਿਆਦੀ ਉਸ ਸਾਹਮਣੇ ਪੇਸ਼ ਨਾ ਹੋਇਆ।

ਵਾਪਸ ਜਾਣ ਤੋਂ ਪਹਿਲਾਂ ਵਿਜੀਲੈਂਸ ਜੱਜ ਨੇ ਪਤਵੰਤਿਆਂ ਨੂੰ ਬੁਲਾਇਆ। ਉਹਨਾਂ ਨੂੰ ਮਿਲ ਕੇ ਚੱਲਣ ਦਾ ਉਪਦੇਸ਼ ਦਿੱਤਾ। ਬਾਰ ਅਤੇ ਬੈਂਚ ਇਕੋ ਗੱਡੀ ਦੇ ਦੋ ਪਹੀਏ ਸਨ। ਜਿੰਨਾ ਚਿਰ ਮਿਲ ਕੇ ਨਹੀਂ ਚੱਲਣਗੇ, ਇਨਸਾਫ਼ ਵਾਲੀ ਗੱਡੀ ਨਹੀਂ ਰਿੜ੍ਹੇਗੀ।

ਸੈੱਲ ਵਾਲੇ ਇਹਨਾਂ ਮੋਮੋਠਗਣੀਆਂ ਗੱਲਾਂ ਵਿਚ ਆਉਣ ਵਾਲੇ ਨਹੀਂ ਸਨ। ਉਹਨਾਂ ਨੂੰ ਸਬੂਤ ਪੇਸ਼ ਕਰਨ ਦੇ ਮੌਕੇ ਤੋਂ ਜਾਣ-ਬੁਝ ਕੇ ਵਾਂਝਿਆਂ ਰੱਖਿਆ ਗਿਆ ਸੀ। ਪੜਤਾਲ ਨਿਰਪੱਖ ਨਹੀਂ ਸੀ। ਉਸ ਨੂੰ ਇਕ ਮੌਕਾ ਹੋਰ ਦਿੱਤਾ ਜਾਵੇ।

ਜੱਜ ਵਿਹਲਾ ਨਹੀਂ ਸੀ। ਹਾਈ ਕੋਰਟ ਵੱਲੋਂ ਉਸ ਨੂੰ ਪਹਿਲਾਂ ਹੀ ਬਹੁਤ ਘੱਟ ਸਮਾਂ ਦਿੱਤਾ ਗਿਆ। ਉਹ ਦੁਬਾਰਾ ਨਹੀਂ ਆ ਸਕਦਾ। ਕੋਈ ਸਬੂਤ ਪੇਸ਼ ਕਰਨਾ ਹੈ ਤਾਂ ਅਜ ਹੀ ਕਰੋ। ਨਹੀਂ ਉਹ ਸਮਝੇਗਾ, ਉਹਨਾਂ ਕੋਲ ਆਖਣ ਲਈ ਕੁਝ ਨਹੀਂ।

ਵਿਜੀਲੈਂਸ ਜੱਜ ਵੱਲੋਂ ਇਕ ਰਾਜ਼ੀਨਾਮਾ ਟਾਈਪ ਕਰਵਾਇਆ ਗਿਆ। ਜਿਨ੍ਹਾਂ-ਜਿਨ੍ਹਾਂ ਵਕੀਲਾਂ ਨੂੰ ਪੜਤਾਲ 'ਤੇ ਤਸੱਲੀ ਸੀ, ਉਹ ਦਸਤਖ਼ਤ ਕਰ ਦੇਣ। ਬਾਕੀਆਂ ਦੀ ਮਰਜ਼ੀ।

ਰੋਹ 'ਚ ਆਏ ਜੂਨੀਅਰਾਂ ਨੇ ਰਾਜ਼ੀਨਾਮਾ ਪਾੜ ਦਿੱਤਾ। ਜੱਜ ਪੜਤਾਲ ਲਈ ਆਇਆ ਸੀ, ਨਾ ਕਿ ਰਾਜ਼ੀਨਾਮੇ ਲਈ। ਉਹ ਆਪਣੇ ਅਧਿਕਾਰ-ਖੇਤਰ ਤੋਂ ਬਾਹਰ ਜਾ ਰਿਹੈ।

ਪਾਸਾ ਪੁੱਠਾ ਪੈਂਦੇ ਦੇਖ ਕੇ ਵਿਜੀਲੈਂਸ ਜੱਜ ਨਰਮ ਹੋਣ ਲੱਗਾ ।

ਦੋ ਦਿਨਾਂ ਦਾ ਸਮਾਂ ਹੋਰ ਦਿੱਤਾ ਗਿਆ। ਜੇ ਉਹਨਾਂ ਕੋਲ ਕੋਈ ਗਵਾਹ ਹੋਵੇ ਤਾਂ ਉਸ ਨੂੰ ਚੰਡੀਗੜ੍ਹ ਲਿਆ ਕੇ ਭੁਗਤਾ ਲਿਆ ਜਾਵੇ।

ਸੈੱਲ ਨੇ ਚੰਡੀਗੜ੍ਹ ਦੇ ਕਈ ਚੱਕਰ ਲਾਏ। ਕੁਝ ਪੱਲੇ ਨਾ ਪਿਆ। ਜਦੋਂ ਗਵਾਹ ਜਾਂਦੇ, ਜੱਜ ਨਾ ਹੁੰਦਾ। ਜਦੋਂ ਜੱਜ ਹੁੰਦਾ, ਗਵਾਹ ਨਾ ਜਾਂਦੇ।

ਖਿੱਚ-ਧੂਹ ਕਰ ਕੇ ਕੁਝ ਹੀ ਗਵਾਹ ਭੁਗਤ ਸਕੇ।

ਵਿਜੀਲੈਂਸ ਜੱਜ ਦੇ ਰਿਪੋਰਟ ਪੇਸ਼ ਕਰਨ ਦੇ ਇਕ ਮਹੀਨਾ ਬਾਅਦ ਤਕ ਵੀ ਜਦੋਂ ਕੋਈ ਕਾਰਵਾਈ ਨਾ ਹੋਈ ਤਾਂ ਬਾਰ ਨੂੰ ਮੁੜ ਵਫ਼ਦ ਲੈ ਕੇ ਚੰਡੀਗੜ੍ਹ ਜਾਣਾ ਪਿਆ।

ਇਸ਼ ਵਾਰ ਚੀਫ਼ ਵੀ ਉਹਨਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਸੀ। ਸੈੱਲ ਵਾਲੇ ਨਿੱਜੀ ਦੁਸ਼ਮਣੀਆਂ ਕੱਢ ਰਹੇ ਸਨ। ਜੱਜ ਨੂੰ ਜਾਣ-ਬੁਝ ਕੇ ਬਦਨਾਮ ਕਰ ਰਹੇ ਸਨ। ਸੈਸ਼ਨ ਜੱਜ ਅਤੇ ਵਿਜੀਲੈਂਸ ਜੱਜ ਦੀ ਰਿਪੋਰਟ ਆ ਚੁੱਕੀ ਸੀ। ਕੁਝ ਸੀਨੀਅਰ ਵਕੀਲ ਨਾਥ ਦੇ ਹੱਕ ਵਿਚ ਭੁਗਤੇ ਸਨ। ਕਈ ਧਿਰਾਂ ਦੇ ਬਿਆਨ ਕਲਮਬੰਦ ਹੋਏ ਸਨ। ਕੁਝ ਧਿਰਾਂ ਨੂੰ ਚੀਫ਼ ਨੇ ਖ਼ੁਦ ਸੁਣਿਆ ਸੀ। ਜੱਜ 'ਤੇ ਲੱਗੇ ਸਭ ਦੋਸ਼ ਝੂਠੇ ਸਾਬਤ ਹੋਏ ਸਨ। ਸ਼ਿਕਾਇਤ ਖ਼ਾਰਜ ਹੋ ਚੁੱਕੀ ਸੀ।

ਇਹ ਸਭ ਕਦੋਂ ਅਤੇ ਕਿਥੇ ਹੋਇਆ ? ਇਸ ਬਾਰੇ ਵਫ਼ਦ ਨੂੰ ਕੁਝ ਨਹੀਂ ਸੀ ਦੱਸਿਆ ਗਿਆ।

ਜਦੋਂ ਕੁੱਤੀ ਹੀ ਚੋਰਾਂ ਨਾਲ ਮਿਲ ਜਾਏ ਤਾਂ ਰਾਖੀ ਦੀ ਕਿਸ ਤੋਂ ਆਸ ਰੱਖੀ ਜਾਏ ? ਵਕੀਲ ਫਿਰ ਵੀ ਹਿੰਮਤ ਹਾਰਨ ਵਾਲੇ ਨਹੀਂ ਸਨ।

ਨਾਥ ਨੂੰ ਸਬਕ ਸਿਖਾਉਣ ਦਾ ਨਵਾਂ ਰਾਹ ਲੱਭਿਆ ਗਿਆ।

ਸੈੱਲ-ਪੱਖੀ ਵਕੀਲਾਂ ਦਾ ਜਦੋਂ ਵੀ ਕੋਈ ਕੇਸ ਨਾਥ ਦੇ ਲੱਗਦਾ ਝੱਟ ਇਕ ਦਰਖ਼ਾਸਤ ਦੇ ਦਿੱਤੀ ਜਾਂਦੀ। ਧਿਰ ਨੂੰ ਜੱਜ 'ਤੇ ਵਿਸ਼ਵਾਸ ਨਹੀਂ। ਕੇਸ ਕਿਸੇ ਹੋਰ ਅਦਾਲਤ ਵਿਚ ਤਬਦੀਲ ਕੀਤਾ ਜਾਏ। ਸਬੂਤ ਵਜੋਂ ਕੁਝ ਤੱਥ ਪੇਸ਼ ਕੀਤੇ ਜਾਂਦੇ। ਹਲਫ਼ੀਆ ਬਿਆਨ ਕਦੇ ਧਿਰ ਦਾ ਲੱਗਦਾ, ਕਦੇ ਵਕੀਲ ਦਾ।

ਹਾਸੋ-ਹੀਣੀ ਸਥਿਤੀ ਉਸ ਸਮੇਂ ਪੈਦਾ ਹੁੰਦੀ, ਜਦੋਂ ਕੇਸ ਤਬਦੀਲ ਕਰਾਉਣ ਦੀ ਦਰਖ਼ਾਸਤ ਦੋਹਾਂ ਧਿਰਾਂ ਵੱਲੋਂ ਆ ਜਾਂਦੀ।



ਮਜਬੂਰ ਹੋਈ ਹਾਈ ਕੋਰਟ ਨੂੰ ਆਏ ਦਿਨ ਕੋਈ ਨਾ ਕੋਈ ਕੇਸ ਨਾਥ ਦੀ ਅਦਾਲਤ ਵਿਚੋਂ ਬਦਲਣਾ ਪੈਂਦਾ।

ਅਦਾਲਤ ਖ਼ਾਲੀ ਹੁੰਦੀ ਜਾ ਰਹੀ ਸੀ।

ਬੰਟੀ ਕਤਲ ਕੇਸ ਦੀ ਤਾਰੀਖ਼ ਨੇੜੇ ਆਈ ਤਾਂ ਉਸ ਵਿਚ ਵੀ ਦਰਖ਼ਾਸਤ ਦਿੱਤੀ ਗਈ। ਦੋਸ਼ਾਂ ਦੀ ਪੁਸ਼ਟੀ ਲਈ ਦੋ-ਦੋ ਵਕੀਲਾਂ ਦੇ ਹਲਫ਼ੀਆ ਬਿਆਨ ਨੱਥੀ ਕੀਤੇ ਗਏ ।

ਜੱਜ 'ਤੇ ਪਹਿਲਾ ਦੋਸ਼ ਸੀ ਕਿ ਉਹ ਸਰਕਾਰੀ ਧਿਰ ਨਾਲ ਰਲਿਆ ਹੋਇਆ ਸੀ। ਪਹਿਲੇ ਦਿਨ ਗਵਾਹ ਮੁੱਕਰ ਗਏ ਸਨ। ਦੂਸਰੇ ਦਿਨ ਮੁੱਕਰਨ ਦੀ ਸੰਭਾਵਨਾ ਸੀ। ਕਿਵੇਂ ਨਾ ਕਿਵੇਂ ਅਗਲੇ ਦਿਨ ਗਵਾਹਾਂ ਨੂੰ ਟਾਲਿਆ ਜਾਵੇ। ਇਸ ਆਸ਼ੇ ਨੂੰ ਲੈ ਕੇ ਨਾਥ, ਡਿਪਟੀ ਅਤੇ ਸਰਕਾਰੀ ਵਕੀਲ ਦੌਰਾਨ ਮੀਟਿੰਗ ਹੋਈ ਸੀ। ਜਿਸ ਸਾਜ਼ਿਸ਼ ਦੇ ਸਬੂਤ ਵਜੋਂ ਟੈਲੀਫ਼ੋਨ ਦੇ ਬਿੱਲ ਪੇਸ਼ ਕੀਤੇ ਗਏ। ਪਹਿਲਾ ਫ਼ੋਨ ਬਚਨ ਸਿੰਘ ਅਤੇ ਡੀ.ਏ. ਵਿਚਕਾਰ ਹੋਇਆ ਸੀ, ਦੂਜਾ ਡੀ.ਏ. ਅਤੇ ਸੈਸ਼ਨ ਜੱਜ ਵਿਚਕਾਰ ਅਤੇ ਤੀਜਾ ਸੈਸ਼ਨ ਜੱਜ ਅਤੇ ਨਾਥ ਵਿਚਕਾਰ।

ਇਹਨਾਂ ਹਲਫ਼ੀਆ ਬਿਆਨਾਂ ਨੇ ਹਾਈ ਕੋਰਟ ਨੂੰ ਉਲਝਾ ਲਿਆ।

ਹਲਫ਼ੀਆ ਬਿਆਨਾਂ ਦੀ ਆੜ ਵਿਚ ਪ੍ਰੈਸ ਵਾਲੇ ਦੱਬੇ ਮੁਰਦੇ ਵੀ ਉਖਾੜਨ ਲੱਗੇ। ਨਾਥ ਦੀਆਂ ਹੇਰਾਫੇਰੀਆਂ ਦੇ ਕਿੱਸੇ ਆਏ ਦਿਨ ਅਖ਼ਬਾਰਾਂ ਵਿਚ ਛਪਣ ਲੱਗੇ।

ਜਦੋਂ ਲੋਕਾਂ ਦਾ ਜੱਜ ਤੋਂ ਵਿਸ਼ਵਾਸ ਉੱਠ ਗਿਆ ਤਾਂ ਉਸ ਨੂੰ ਤਬਦੀਲ ਕਿਉਂ ਨਹੀਂ ਕੀਤਾ ਜਾਂਦਾ ? ਜਦੋਂ ਲੋਕ ਜੱਜ 'ਤੇ ਕੁਰੱਪਸ਼ਨ ਦਾ ਦੋਸ਼ ਲਾ ਰਹੇ ਹਨ ਤਾਂ ਪੜਤਾਲ ਖੁੱਲ੍ਹੇ-ਆਮ ਕਿਉਂ ਨਹੀਂ ਹੁੰਦੀ ? ਇਸ ਵਾਰ ਪ੍ਰੈਸ ਦੀ ਆਲੋਚਨਾ ਦਾ ਕੇਂਦਰ ਹਾਈ ਕੋਰਟ ਬਣਿਆ ਸੀ।

ਹਾਈ ਕੋਰਟ ਦੀਆ ਆਪਣੀਆਂ ਸੀਮਾਵਾਂ ਸਨ। ਜਦੋਂ ਹੱਥ ਆਪਣੀ ਹੀ ਪੱਗ ਨੂੰ ਪੈਣ ਲੱਗੇ ਤਾਂ ਦੂਜੇ ਦੀ ਪੱਗ ਦਾ ਖ਼ਿਆਲ ਨਹੀਂ ਰਹਿੰਦਾ।

ਸੈੱਲ ਦੀ ਦਰਖ਼ਾਸਤ ਰੱਦ ਕੀਤੀ ਗਈ।

ਕੇਸ ਤਬਦੀਲ ਕਰਨ ਦੀ ਥਾਂ ਜੱਜ ਤਬਦੀਲ ਕੀਤਾ ਗਿਆ ।

"ਜੱਜ ਖ਼ਿਲਾਫ਼ ਲੱਗੇ ਦੋਸ਼ਾਂ ਦੀ ਮੁੜ ਪੜਤਾਲ ਹੋਏਗੀ। ਉਹ ਵੀ ਖੁੱਲ੍ਹੀ ਕਚਹਿਰੀ ਵਿਚ।"

ਇਹ ਹੁਕਮ ਫ਼ੁਰਮਾਇਆ ਗਿਆ।

# 24

ਨਾਥ ਦੀ ਬਦਲੀ ਅਤੇ ਮੁੜ ਸ਼ੁਰੂ ਹੋਈ ਪੜਤਾਲ ਨਾਲ ਸੰਮਤੀ ਦੀ ਚੜ੍ਹ ਮੱਚੀ।

ਹੁਣ ਪਾਲਾ ਅਤੇ ਮੀਤਾ ਬਰੀ ਹੋ ਜਾਣਗੇ। ਲੋਕਾਂ ਵਿਚ ਚਰਚਾ ਹੋਣ ਲੱਗੀ।

ਇਹ ਚਰਚਾ ਯੁਵਾ ਸੰਘ ਲਈ ਖ਼ਤਰਨਾਕ ਸੀ।

ਸੰਘ ਦੀ ਹੋਂਦ ਪਹਿਲਾਂ ਹੀ ਖ਼ਤਰੇ ਵਿਚ ਸੀ। ਬੰਟੀ ਦੇ ਕਤਲ ਬਾਅਦ ਸੰਘ ਦੇ ਸੰਗਠਨਾਤਮਕ ਢਾਂਚੇ ਵਿਚ ਤਰੇੜ ਆ ਗਈ ਸੀ। ਸਮੇਂ ਦੇ ਬੀਤਣ ਨਾਲ ਇਹ ਤਰੇੜ ਵਧਦੀ ਜਾ ਰਹੀ ਸੀ।

"ਸੰਘ ਆਪਣੇ ਅਸਲ ਉਦੇਸ਼ ਤੋਂ ਭਟਕ ਗਿਐ। ਸਮਾਜ ਸੇਵਾ ਦੀ ਥਾਂ ਇਸ ਦਾ ਉਦੇਸ਼ ਬੰਟੀ ਕਤਲ ਕੇਸ ਦੀ ਪੈਰਵਾਈ ਕਰਨਾ ਅਤੇ ਅਫ਼ਸਰਾਂ ਦਾ ਹੱਥ-ਠੋਕਾ ਬਣਨਾ ਰਹਿ ਗਿਆ ਹੈ।" ਕੁਝ ਵਰਕਰਾਂ ਦੀ ਇਹ ਧਾਰਨਾ ਬਣਦੀ ਜਾ ਰਹੀ ਸੀ।

ਇਹ ਵਿਚਾਰ ਉਹ ਧੜਾ ਰੱਖਦਾ ਸੀ, ਜਿਹੜੇ ਕਿਸੇ ਵੀ ਮਸਲੇ ਨੂੰ ਹੱਥ ਪਾਉਣ ਤੋਂ ਪਹਿਲਾਂ ਉਸ ਮਸਲੇ ਦੀ ਤਹਿ ਤਕ ਜਾਣਾ ਪਸੰਦ ਕਰਦਾ ਸੀ।

ਇਸ ਧੜੇ ਦੀ ਘੋਖ ਦੱਸਦੀ ਸੀ ਕਿ ਪਾਲਾ ਅਤੇ ਮੀਤਾ ਨਿਰਦੋਸ਼ ਸਨ। ਉਹਨਾਂ ਨੂੰ ਬੇਕਸੂਰ ਸਾਬਤ ਕਰਨ ਲਈ ਸੰਮਤੀ ਜਿਹੜੇ ਤੱਥ ਪੇਸ਼ ਕਰ ਰਹੀ ਸੀ, ਉਹ ਠੀਕ ਸਨ। ਇਹ ਵਰਕਰ ਆਪਣੇ ਨੇਤਾਵਾਂ ਤੋਂ ਪੁੱਛਦੇ ਸਨ ਕਿ ਬਿਨਾਂ ਮਤਲਬ ਸੰਮਤੀ ਨੂੰ ਐਡਾ ਵੱਡਾ ਜੱਹਾਦ ਛੇੜਨ ਦੀ ਕੀ ਲੋੜ ਸੀ? ਨਾ ਸੰਮਤੀ ਨਾਲ ਕੋਈ ਦੁਸ਼ਮਣੀ ਸੀ, ਨਾ ਉਸ ਦੀ ਪਾਲੇ ਅਤੇ ਮੀਤੇ ਨਾਲ ਕੋਈ ਦੋਸਤੀ ਸੀ। ਸੰਮਤੀ ਦਾ ਇਕੋ-ਇਕ ਉਦੇਸ਼ ਪਾਲੇ ਅਤੇ ਮੀਤੇ ਨੂੰ ਬਰੀ ਕਰਾਉਣਾ ਹੀ ਨਹੀਂ, ਉਹ ਅਸਲ ਕਾਤਲਾਂ ਨੂੰ ਵੀ ਫੜਾਉਣਾ ਚਾਹੁੰਦੀ ਸੀ। ਸੰਘ ਜੇ ਪੁਲਿਸ ਦੀ ਹਾਂ ਵਿਚ ਹਾਂ ਮਿਲਾਉਂਦਾ ਰਿਹਾ ਤਾਂ ਅਸਲ ਕਾਤਲ ਬਚ ਨਿਕਲਣਗੇ।

ਇਹ ਧੜਾ ਸੰਘ ਦੇ ਉਸ ਫ਼ੈਸਲੇ ਦੀ ਵੀ ਨਿੰਦਿਆ ਕਰਦਾ ਸੀ ਜਿਸ ਅਨੁਸਾਰ ਉਹਨਾਂ ਬਾਬੇ ਦਾ ਜਲੂਸ ਕੱਢਿਆ ਸੀ। ਹੁਣ ਇਹ ਸ਼ੀਸ਼ੇ ਵਾਂਗ ਸਾਫ਼ ਸੀ ਕਿ ਉਹ ਜਲੂਸ ਪੁਲਿਸ ਨੇ ਆਪਣੇ ਹਿੱਤਾਂ ਦੀ ਪੂਰਤੀ ਲਈ ਕਢਵਾਇਆ ਸੀ। ਸਾੜ-ਫੂਕ ਅਤੇ ਮਾਰ-ਕੁਟਾਈ ਤਾਂ ਸੰਘ ਦੀ ਯੋਜਨਾ ਵਿਚ ਸ਼ਾਮਲ ਨਹੀਂ ਸੀ। ਫੇਰ ਇੰਝ ਕਿਉਂ ਅਤੇ ਕਿਸ ਦੇ ਇਸ਼ਾਰੇ 'ਤੇ ਹੋਇਆ?

ਇਹ ਧੜਾ ਬਿਨਾਂ ਮਤਲਬ ਪੁਲਿਸ ਦੀ ਸਹਾਇਤਾ ਕਰਨ ਦੇ ਖ਼ਿਲਾਫ਼ ਸੀ।

ਬੰਟੀ ਕਤਲ ਕੇਸ ਨੂੰ ਕਾਮਯਾਬ ਕਰਨ ਲਈ ਪੁਲਿਸ ਜਦੋਂ ਝੂਠੇ ਗਵਾਹਾਂ ਦੀ ਕਤਾਰ ਖੜੀ ਕਰ ਰਹੀ ਸੀ ਤਾਂ ਸੰਘ ਨੂੰ ਵੀ ਅੱਗੇ ਆਉਣ ਲਈ ਆਖਿਆ ਗਿਆ ਸੀ। ਇਸ ਧੜੇ ਨੇ ਉਸ ਸਮੇਂ ਵੀ ਝੂਠੀਆਂ ਗਵਾਹੀਆਂ ਦਾ ਵਿਰੋਧ ਕੀਤਾ ਸੀ।

ਸੰਘ ਦੇ ਪ੍ਰਧਾਨ ਨੇ ਗਵਾਹ ਬਣਨ ਤੋਂ ਇਨਕਾਰ ਕਰਨ ਵਾਲੇ ਵਰਕਰਾਂ ਨੂੰ ਗ਼ਦਾਰ ਗਰਦਾਨ ਦਿੱਤਾ ਸੀ।



ਪ੍ਰਧਾਨ ਦਾ ਵਿਚਾਰ ਸੀ ਕਿ ਇਹ ਘੜੀ ਸੰਘ ਲਈ ਸੰਕਟ ਦੀ ਘੜੀ ਸੀ। ਸੰਘ ਦੇ ਬਾਨੀ ਦਾ ਪੋਤਾ ਕਤਲ ਹੋਇਆ ਸੀ। ਦੋਸ਼ੀਆਂ ਨੂੰ ਸਜ਼ਾ ਹੋਣੀ ਚਾਹੀਦੀ ਸੀ। ਜੇ ਪੁਲਿਸ ਗਵਾਹ ਮੰਗਦੀ ਸੀ ਤਾਂ ਇਸ ਵਿਚ ਪੁਲਿਸ ਦਾ ਕੀ ਕਸੂਰ ਸੀ? ਸਾਡਾ ਕਾਨੂੰਨੀ ਢਾਂਚਾ ਹੀ ਅਜਿਹਾ ਹੈ। ਪੈਰ-ਪੈਰ 'ਤੇ ਸਬੂਤ ਮੰਗਦਾ ਹੈ। ਜਿਹੜਾ ਸਬੂਤ ਘੜ ਗਿਆ, ਉਹ ਕਾਮਯਾਬ। ਜਿਹੜਾ ਰਹਿ ਗਿਆ, ਉਹ ਫ਼ੇਲ੍ਹ।

ਆਪਣੀ ਦਲੀਲ ਦੀ ਪੁਸ਼ਟੀ ਲਈ ਰਾਮ ਸਰੂਪ ਹੱਡ-ਬੀਤੀ ਸੁਣਾਉਂਦਾ ਸੀ।

ਇਕ ਵਾਰ ਬੱਸ-ਸਟੈਂਡ 'ਤੇ ਇਕ ਜੇਬ ਕਤਰੇ ਨੂੰ ਜੇਬ ਕੱਟਦਿਆਂ ਉਸ ਨੇ ਰੰਗੇ ਹੱਥੀਂ ਫੜਿਆ ਸੀ। ਗਵਾਹੀ ਦੇਣ ਗਿਆ ਰਾਮ ਸਰੂਪ ਸੱਚ ਬੋਲਣ 'ਤੇ ਅੜਿਆ ਰਿਹਾ। ਪੁਲਿਸ ਵੱਲੋਂ ਲਿਖੇ ਬਿਆਨ ਦੀ ਥਾਂ ਉਸ ਨੇ ਉਹੋ ਆਖਿਆ ਜੋ ਸੱਚ ਸੀ। ਸਚ ਇਹ ਸੀ ਕਿ ਉਸ ਨੂੰ ਨਹੀਂ ਸੀ ਪਤਾ ਕਿ ਵਕੂਏ ਸਮੇਂ ਉਸ ਦੀ ਜੇਬ ਵਿਚ ਕਿੰਨੇ ਰੁਪਏ ਸਨ। ਉਸ ਨੂੰ ਇਹ ਵੀ ਨਹੀਂ ਸੀ ਪਤਾ ਕਿ ਪੰਜਾਹ-ਪੰਜਾਹ ਦੇ ਨੋਟ ਕਿੰਨੇ ਸਨ, ਦਸ-ਦਸ ਅਤੇ ਪੰਜ-ਪੰਜ ਦੇ ਕਿੰਨੇ। ਉਸ ਨੇ ਇਹ ਵੀ ਮੰਨਿਆ ਸੀ ਕਿ ਹਰ ਪੰਜਾਹ ਦਾ ਨੋਟ ਇਕੋ ਜਿਹਾ ਹੁੰਦਾ ਹੈ। ਉਸ ਕੋਲ ਇਹ ਸਾਬਤ ਕਰਨ ਲਈ ਕੋਈ ਸਬੂਤ ਨਹੀਂ ਕਿ ਜਿਹੜਾ ਨੋਟ ਜੇਬ ਕਤਰੇ ਦੇ ਹੱਥ ਵਿਚ ਫੜਿਆ ਗਿਆ ਸੀ, ਉਹ ਜੇਬ ਕਤਰੇ ਦਾ ਨਹੀਂ, ਰਾਮ ਸਰੂਪ ਦਾ ਸੀ। ਰਾਮ ਸਰੂਪ ਧਰਮ-ਪੁੱਤਰ ਹੀ ਬਣਿਆ ਰਹਿ ਗਿਆ। ਜੇਬ-ਕਤਰਾ ਬਰੀ ਵੀ ਹੋ ਗਿਆ ਅਤੇ ਰਾਮ ਸਰੂਪ ਦੇ ਨੋਟ ਵੀ ਲੈ ਗਿਆ।

ਜੇ ਰਾਮ ਸਰੂਪ ਪੁਲਿਸ ਦੇ ਆਖੇ ਲੱਗਦਾ ਅਤੇ ਉਸ ਵੱਲੋਂ ਲਿਖਿਆ ਬਿਆਨ ਦਿੰਦਾ ਤਾਂ ਨਤੀਜਾ ਉਲਟ ਹੁੰਦਾ। ਪੁਲਿਸ ਬਿਆਨ ਅਨੁਸਾਰ ਉਸ ਨੇ ਇਹ ਆਖਣਾ ਸੀ ਕਿ ਵਕੂਏ ਸਮੇਂ ਉਸ ਦੀ ਜੇਬ ਵਿਚ ਪੰਜ ਸੌ ਰੁਪਿਆ ਸੀ। ਚਾਰ ਨੋਟ ਸੌ-ਸੌ ਦੇ ਸਨ। ਦੋ ਪੰਜਾਹ-ਪੰਜਾਹ ਦੇ। ਨੋਟ ਉਹ ਆੜ੍ਹਤੀਏ ਤੋਂ ਲਿਆਇਆ ਸੀ। ਨਵੀਂ-ਨਕੋਰ ਕਾਪੀ ਵਿਚੋਂ। ਕਾਪੀ ਦੇ ਨੋਟ ਆੜ੍ਹਤੀਏ ਕੋਲ ਸਨ। ਰਾਮ ਸਰੂਪ ਦੇ ਨੋਟਾਂ ਦੇ ਨੰਬਰ ਫਲਾਣੇ-ਫਲਾਣੇ ਸਨ।

ਉਸ ਦਿਨ ਤੋਂ ਰਾਮ ਸਰੂਪ ਦੀ ਇਹ ਧਾਰਨ ਬਣ ਗਈ ਸੀ ਕਿ ਮੁਕੱਦਮੇ ਨੂੰ ਕਾਨੂੰਨ ਦੀ ਜ਼ੱਦ ਵਿਚ ਲਿਆਉਣ ਲਈ ਜੇ ਥੋੜ੍ਹਾ-ਬਹੁਤ ਝੂਠ ਵੀ ਬੋਲਣਾ ਪਏ ਤਾਂ ਕੋਈ ਹਰਜ ਨਹੀਂ।

ਪੁਲਿਸ ਇਹ ਸਾਬਤ ਕਰ ਚੁੱਕੀ ਸੀ ਕਿ ਪਾਲਾ ਅਤੇ ਮੀਤਾ ਹੀ ਬੰਟੀ ਦੇ ਕਾਤਲ ਹਨ। ਉਹਨਾਂ ਨੂੰ ਸਜ਼ਾ ਕਰਾਉਣ ਲਈ ਪੁਲਿਸ ਨੂੰ ਜੇ ਕੁਝ ਸਬੂਤ ਘੜਨੇ ਪੈ ਰਹੇ ਸਨ ਤਾਂ ਬਿਨਾਂ ਸ਼ੱਕ ਉਸ ਨੂੰ ਘੜਨੇ ਚਾਹੀਦੇ ਸਨ। ਸੰਘ ਦਾ ਉਦੇਸ਼ ਫਲ ਖਾਣਾ ਸੀ, ਪੇੜ ਗਿਣਨਾ ਨਹੀਂ। ਫਲ ਤਕ ਅੱਪੜਨ ਲਈ ਪੁਲਿਸ ਕਿਹੜਾ ਰਾਹ ਅਪਣਾਉਂਣੀ ਹੈ? ਰਾਮ ਸਰੂਪ ਨੂੰ ਇਸ ਨਾਲ ਕੋਈ ਮਤਲਬ ਨਹੀਂ ਸੀ। ਰਾਮ ਸਰੂਪ ਨੇ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਬਤੌਰ ਗਵਾਹ ਪੇਸ਼ ਕੀਤਾ ਸੀ।

ਇਸ ਦੇ ਉਲਟ ਨਰਾਤਾ ਰਾਮ ਨੇ ਗਵਾਹ ਬਣਨ ਤੋਂ ਸਾਫ਼ ਇਨਕਾਰ ਕੀਤਾ ਸੀ।

"ਮੈਨੂੰ ਅਜਿਹੀਆਂ ਅਦਾਲਤਾਂ ਨਾਲ ਨਫ਼ਰਤ ਹੈ, ਜਿਹੜੀਆਂ ਲੋਕਾਂ ਨੂੰ ਭੰਬਲ-ਭੂਸਿਆਂ ਵਿਚ ਪਾਉਂਦੀਆਂ ਅਤੇ ਝੂਠੇ ਸਬੂਤ ਘੜਨ ਲਈ ਉਕਸਾਉਂਦੀਆਂ ਹਨ।"

ਆਖਦਾ ਨਰਾਤਾ ਰਾਮ ਆਪਣੇ ਤਰਕ ਦੀ ਪੁਸ਼ਟੀ ਲਈ ਜੱਗ-ਬੀਤੀ ਸੁਣਾਉਂਦਾ ਸੀ।

ਰਾਏਸਰ ਵਾਲੇ ਪ੍ਰਧਾਨ ਦਾ ਕਤਲ ਭਰੀ ਕਚਹਿਰੀ ਵਿਚ ਹੋਇਆ ਸੀ। ਸੈਂਕੜੇ ਬੰਦਿਆਂ ਨੇ ਇਕ ਮਾੜਚੂ ਜਿਹੇ ਬੰਦੇ ਨੂੰ ਪ੍ਰਧਾਨ ਨੂੰ ਗੋਲੀ ਮਾਰਦਿਆਂ ਦੇਖਿਆ ਸੀ। ਉਸ ਨੂੰ ਮੌਕੇ 'ਤੇ ਹੀ ਫੜ ਲਿਆ ਗਿਆ ਸੀ।

ਇਧਰ ਅਦਾਲਤਾਂ ਨਿਯਮ ਘੜੀ ਬੈਠੀਆਂ ਸਨ ਕਿ ਬੰਦਾ ਮਰਦੇ ਸਮੇਂ ਝੂਠ ਨਹੀਂ ਬੋਲਦਾ। ਉਧਰ ਪ੍ਰਧਾਨ ਨੇ ਮਰਦੇ ਸਮੇਂ ਵੀ ਮਨੋ-ਖੋਰ ਨਹੀਂ ਸੀ ਖੋਇਆ।

ਇਕ ਪਾਸੇ ਉਹ ਮੌਤ ਨਾਲ ਗੱਲਾਂ ਕਰ ਰਿਹਾ ਸੀ ਤੇ ਦੂਜੇ ਪਾਸੇ ਆਪਣੇ ਦੁਸ਼ਮਣਾਂ ਲਈ ਫਾਂਸੀ ਦਾ ਫੰਦਾ ਤਿਆਰ ਕਰ ਰਿਹਾ ਸੀ।

ਬੜੇ ਫ਼ਖ਼ਰ ਨਾਲ ਉਸ ਨੇ ਬਿਆਨ ਦਿੱਤਾ ਸੀ, ਦੋ ਦੁਸ਼ਮਣਾਂ ਨੇ ਉਸ ਦੀਆਂ ਬਾਹਾਂ ਫੜੀਆਂ। ਤੀਜੇ ਨੇ ਗੋਲੀ ਮਾਰੀ।

ਮਰਨ ਵਾਲੇ ਨੇ ਤਾਂ ਜੋ ਕੁਫ਼ਰ ਤੋਲਣਾ ਸੀ, ਤੋਲ ਦਿੱਤਾ। ਜੱਜ ਨੇ ਉਸ ਤੋਂ ਵੀ ਲੋਹੜਾ ਮਾਰਿਆ।

ਜਦੋਂ ਗੋਲੀ ਚੱਲੀ ਸੀ ਤਾਂ 'ਬਾਹਾਂ ਫੜਨ' ਵਾਲੇ ਦੋਸ਼ੀ ਉਸੇ ਦੀ ਅਦਾਲਤ ਵਿਚ ਮੌਜੂਦ ਸਨ। ਉਹਨਾਂ ਜੱਜ ਕੋਲ ਅਰਜ਼ ਵੀ ਕੀਤੀ ਸੀ। ਪ੍ਰਧਾਨ ਉਹਨਾਂ ਦਾ ਦੁਸ਼ਮਣ ਹੈ। ਕਿਧਰੇ ਪਰਚੇ ਵਿਚ ਨਾਂ ਹੀ ਨਾ ਲਿਖਾ ਦੇਵੇ। ਜੱਜ ਵੱਲੋਂ ਉਹਨਾਂ ਦੀ ਹਾਜ਼ਰੀ ਦਾ ਜ਼ਿਕਰ ਆਪਣੀ ਮਿਸਲ ਵਿਚ ਕਰ ਲਿਆ ਜਾਵੇ। ਸਫ਼ਾਈ ਸਮੇਂ ਉਹਨਾਂ ਲਈ ਇਹੋ ਸਬੂਤ ਕਾਫ਼ੀ ਹੋਵੇਗਾ।

ਗਵਾਹ ਬਣਨ ਤੋਂ ਟਲਦਾ ਅਤੇ ਪਾਰਟੀਬਾਜ਼ੀ ਤੋਂ ਡਰਦਾ ਜੱਜ ਟਾਲ-ਮਟੋਲ ਕਰ ਗਿਆ।

ਫ਼ੈਸਲਾ ਸੁਣਾਉਂਦੇ ਸਮੇਂ ਉਸੇ ਜੱਜ ਨੇ ਇਸੇ ਘਿਸੇ-ਪਿਟੇ ਨਿਯਮ ਨੂੰ ਮਾਨਤਾ ਦਿੱਤੀ। 'ਬਾਹਾਂ ਫੜਨ' ਵਾਲਿਆਂ ਨੂੰ ਵੀ ਮਰਨ ਵਾਲੇ ਦੇ ਬਿਆਨ ਦੇ ਆਧਾਰ 'ਤੇ ਸਜ਼ਾ ਸੁਣਾ ਦਿੱਤੀ।

ਨਰਾਤਾ ਆਖਦਾ ਸੀ, "ਜਿਥੋਂ ਦਾ ਕਾਨੂੰਨ ਅੰਨ੍ਹਾ ਅਤੇ ਬੋਲਾ ਹੋਵੇ, ਜਿਥੋਂ ਦੇ ਜੱਜਾਂ ਨੂੰ ਅਸਲੀਅਤ ਖੋਜਣ ਲਈ ਹੱਥ-ਪੈਰ ਮਾਰਨ ਦੀ ਇਜਾਜ਼ਤ ਨਾ ਹੋਵੇ, ਜਿਥੇ ਧਿਰਾਂ ਮੂਕ ਦਰਸ਼ਕ ਬਣ ਕੇ ਖੜੀਆਂ ਰਹਿੰਦੀਆਂ ਹੋਣ, ਜਿਥੇ ਵਕੀਲਾਂ ਦੇ ਜਾਬ੍ਹਾਂ ਦੇ ਭੇੜ ਨੂੰ ਤਰਜੀਹ ਦਿੱਤੀ ਜਾਂਦੀ ਹੋਵੇ, ਜਿਥੇ ਇਨਸਾਫ਼ ਦੀ ਥਾਂ ਜ਼ਾਬਤੇ ਨੂੰ ਅਹਿਮੀਅਤ ਦਿੱਤੀ ਜਾਂਦੀ ਹੋਵੇ, ਉਥੋਂ ਦੇ ਸ਼ਹਿਰੀਆਂ ਨੂੰ ਚਾਹੀਦਾ ਹੈ, ਉਹ ਸੁਚੇਤ ਰਹਿਣ।"

ਨਰਾਤਾ ਰਾਮ ਸੁਚੇਤ ਸੀ। ਉਸ ਨੇ ਸੰਘ ਦੇ ਬਾਕੀ ਵਰਕਰਾਂ ਨੂੰ ਵੀ ਸੁਚੇਤ ਕੀਤਾ। ਉਹ ਓਨਾ ਚਿਰ ਗਵਾਹੀ ਨਾ ਦੇਣ, ਜਿੰਨਾ ਚਿਰ ਤਕ ਉਹਨਾਂ ਗਵਾਹੀ ਵਾਲਾ ਤੱਥ ਅੱਖੀਂ ਹੁੰਦਿਆਂ ਨਾ ਡਿੱਠਾ ਹੋਵੇ।

ਇਹਨੀਂ ਦਿਨੀਂ ਸੰਮਤੀ ਨੇ ਪੁਲਿਸ, ਪ੍ਰਾਸੀਕਿਊਸ਼ਨ ਅਤੇ ਨਿਆਂ-ਪਾਲਿਕਾ ਨੂੰ ਵਖ਼ਤ ਪਾਇਆ ਹੋਇਆ ਸੀ। ਇਸ ਦਾ ਕਾਰਨ ਵੀ ਬੰਟੀ ਕਤਲ ਕੇਸ ਸੀ।

ਰਾਮ ਸਰੂਪ ਚਾਹੁੰਦਾ ਸੀ ਕਿ ਸੰਘ ਅਫ਼ਸਰਾਂ ਦਾ ਡਟ ਕੇ ਸਾਥ ਦੇਵੇ। ਜੇ ਸੰਮਤੀ ਇਹਨਾਂ ਨੂੰ ਡਰਾਉਣ ਵਿਚ ਕਾਮਯਾਬ ਹੋ ਗਈ ਤਾਂ ਕੇਸ ਦਾ ਭੱਠਾ ਬੈਠ ਜਾਣਾ ਸੀ।

ਦੂਜਾ ਧੜਾ ਇਥੇ ਵੀ ਰਾਮ ਸਰੂਪ ਦੀ ਵਿਰੋਧਤਾ ਕਰਦਾ ਸੀ।

"ਅਫ਼ਸਰ ਫ਼ਰੇਬੀ, ਬੇਈਮਾਨ ਅਤੇ ਝੂਠੇ ਹਨ। ਆਪਣੇ ਗੁਨਾਹਾਂ ਨੂੰ ਛੁਪਾਉਣ ਲਈ ਉਹ ਸੰਘ ਦੀ ਓਟ ਭਾਲਦੇ ਹਨ। ਜੇ ਉਹ ਸੱਚੇ-ਸੁੱਚੇ ਹਨ ਤਾਂ ਆਪਣੇ ਪੈਰਾਂ 'ਤੇ ਖੜੋ ਕੇ ਸਥਿਤੀ ਦਾ ਮੁਕਾਬਲਾ ਕਿਉਂ ਨਹੀਂ ਕਰਦੇ।"

ਨਰਾਤਾ ਰਾਮ ਧੜੇ ਦਾ ਇਹ ਵਿਚਾਰ ਸੀ ਕਿ ਅਫ਼ਸਰਾਂ ਦੀ ਮਦਦ ਮੈਰਿਟ ਦੇ ਆਧਾਰ 'ਤੇ ਕੀਤੀ ਜਾਵੇ। ਨਿਰਦੋਸ਼ ਅਫ਼ਸਰ ਦੀ ਮਦਦ ਕੀਤੀ ਜਾਵੇ। ਦੋਸ਼ੀ ਦਾ ਵਿਰੋਧ।

ਬਚਨ ਸਿੰਘ ਦੇ ਕਾਰਨਾਮਿਆਂ ਦਾ ਕਿਸ ਨੂੰ ਨਹੀਂ ਪਤਾ ? ਜੇ ਉਹ ਦੁੱਧ ਧੋਤਾ ਹੁੰਦਾ



ਤਾਂ ਵਿਜੀਲੈਂਸ ਦੇ ਰੇਡ ਤੋਂ ਡਰਦਾ ਛੁੱਟੀ ਨਾ ਭੱਜਦਾ।

ਨਾਥ ਦੇ ਕਿਰਦਾਰ ਬਾਰੇ ਵੀ ਸੰਘ ਨੂੰ ਚੰਗੀ ਤਰ੍ਹਾਂ ਪਤਾ ਸੀ। ਸੰਘ ਦਾ ਕਿਹੜਾ ਵਰਕਰ ਹੈ, ਜਿਸ ਨੇ ਕਦੇ ਨਾ ਕਦੇ ਨਾਥ ਨੂੰ ਰਿਸ਼ਵਤ ਨਾ ਦਿੱਤੀ ਹੋਵੇ । ਕਿਸੇ ਨੇ ਸੈਂਪਲ ਦੇ ਕੇਸ ਵਿਚੋਂ ਬਰੀ ਹੋਣ ਲਈ ਥੈਲੀ ਭੇਂਟ ਕੀਤੀ ਸੀ ਅਤੇ ਕਿਸੇ ਨੇ ਮਰੀ ਆਸਾਮੀ ਤੋਂ ਪੈਸੇ ਕਢਾਉਣ ਲਈ।

ਸੰਮਤੀ ਨੇ ਪੜਤਾਲ ਲਈ ਜਿਨ੍ਹਾਂ ਕੇਸਾਂ ਦੀ ਲਿਸਟ ਹਾਈ ਕੋਰਟ ਨੂੰ ਭੇਜੀ ਸੀ, ਉਹਨਾਂ ਵਿਚੋਂ ਕੁਝ ਕੇਸਾਂ ਦੀ ਪੜਤਾਲ ਇਸ ਧੜੇ ਨੇ ਵੀ ਕੀਤੀ ਸੀ। ਜਿਸ ਧਿਰ ਨਾਲ ਵੀ ਸੰਪਰਕ ਕਾਇਮ ਕੀਤਾ, ਉਹੋ ਦੁਹੱਥੜੇ ਮਾਰ ਕੇ ਰੋ ਪਈ। ਬਹੁਤਿਆਂ ਨੂੰ ਗਹਿਣਾ-ਗੱਟਾ ਵੇਚ ਕੇ ਜੱਜ ਦਾ ਘਰ ਭਰਨਾ ਪਿਆ ਸੀ।

ਬੰਟੀ ਕਤਲ ਕੇਸ ਵਿਚ ਇਕ ਤਾਰੀਖ਼ 'ਤੇ ਗਵਾਹ ਮੋੜ ਕੇ ਨਾਥ ਸਾਹਿਬ ਰਾਜਾ ਹਰੀਸ਼ ਚੰਦਰ ਨਹੀਂ ਬਣ ਗਏ ।

ਕਰਤਾਰੋ ਦਾ ਅੱਡਾ ਸੰਘ ਨੂੰ ਵੀ ਰੜਕਦਾ ਸੀ। ਸੰਘ ਵਿਚ ਲਾਲ ਸਿੰਘ ਨੂੰ ਹੱਥ ਪਾਉਣ ਦੀ ਹਿੰਮਤ ਨਹੀਂ ਸੀ। ਜੇ ਉਹੋ ਕੰਮ ਸੰਮਤੀ ਨੇ ਕਰ ਦਿੱਤਾ ਤਾਂ ਕੀ ਮਾੜਾ ਹੋ ਗਿਆ ? ਪੁਲਿਸੀਆਂ ਦੇ ਕਾਰਿਆਂ ਦਾ ਕਿਸ ਨੂੰ ਨਹੀਂ ਪਤਾ ?

"ਅੱਖਾਂ ਦੇ ਕੈਂਪ ਲਾਉਣਾ ਜਾਂ ਮਾੜੇ ਮੰਗਤਿਆਂ ਵਿਚ ਕੰਬਲ, ਜਰਸੀਆਂ ਵੰਡਣਾ ਹੀ ਸਮਾਜ ਸੇਵਾ ਨਹੀਂ। ਲੋਕਾਂ ਨੂੰ ਰਿਸ਼ਵਤ ਵਰਗੇ ਕੋਹੜ ਤੋਂ ਨਿਜਾਤ ਦਿਵਾਉਣਾ ਵੀ ਇਕ ਸਮਾਜ ਸੇਵਾ ਹੈ। ਸੰਘ ਨੂੰ ਇਸ ਪਰਉਪਕਾਰ ਤੋਂ ਮੁੱਖ ਨਹੀਂ ਮੋੜਨਾ ਚਾਹੀਦਾ।"

ਅਜਿਹੇ ਨੁਕਤਿਆਂ 'ਤੇ ਵਿਚਾਰ ਕਰਦਿਆਂ ਵਰਕਰਾਂ ਵਿਚਕਾਰ ਅਕਸਰ ਝਪਟਾਂ ਹੋ ਜਾਇਆ ਕਰਦੀਆਂ ਸਨ। ਨੇਤਾਵਾਂ ਵਿਚ ਮਨ-ਮੁਟਾਵ ਰਹਿਣ ਲੱਗਾ। ਇਕ ਨੇਤਾ ਕੋਈ ਪ੍ਰੋਗਰਾਮ ਉਲੀਕਦਾ ਤਾਂ ਦੂਜਾ ਉਸ ਨੂੰ ਰੱਦ ਕਰ ਦਿੰਦਾ।

ਨੇਤਾਵਾਂ ਦੀ ਚੁੰਝ-ਚਰਚਾ ਤੋਂ ਵਰਕਰ ਦੁਖੀ ਰਹਿਣ ਲੱਗੇ। ਸਮਾਜ ਸੇਵਾ ਹੀ ਕਰਨੀ ਹੈ ਤਾਂ ਇਹ ਸੰਘ ਤੋਂ ਬਿਨਾਂ ਹੀ ਹੋ ਸਕਦੀ ਹੈ। ਉਦਾਸੀਨ ਹੋਏ ਬਹੁਤੇ ਵਰਕਰ ਸੰਘ ਤੋਂ ਲਾਂਭੇ ਹੋਣ ਲੱਗੇ।

ਉਤੋਂ ਸਿਤਮ ਇਹ ਕਿ ਲਾਲਾ ਜੀ ਵੀ ਮੌਨ ਧਾਰ ਗਏ। ਅੱਗੇ ਕੋਈ ਸਮੱਸਿਆ ਖੜੀ ਹੁੰਦੀ ਤਾਂ ਉਹ ਝੱਟ ਸੁਲਝਾ ਦਿੰਦੇ। ਉਹਨਾਂ ਦੀ ਰਾਏ ਵਰਕਰਾਂ ਲਈ ਰੱਬੀ ਹੁਕਮ ਵਰਗੀ ਹੁੰਦੀ।

ਬੰਟੀ ਦੇ ਕਤਲ ਬਾਅਦ ਉਹ ਇਕ ਵਾਰੀ ਵੀ ਮੀਟਿੰਗ ਵਿਚ ਨਹੀਂ ਸਨ ਆਏ। ਘਰ ਬੈਠੇ ਮਾਲਾ ਫੇਰਦੇ ਰਹਿੰਦੇ। ਕਦੇ ਕੋਈ ਵਰਕਰ ਰਾਏ-ਮਸ਼ਵਰੇ ਲਈ ਜਾਂਦਾ ਤਾਂ ਖਿਝ ਜਾਂਦੇ। ਆਪਣੇ ਮਸਲੇ ਆਪੇ ਨਿਬੇੜਨ ਦੀ ਰਾਏ ਦਿੰਦੇ।

ਸੰਘ ਦੇ ਬਹੁਤੇ ਵਰਕਰ ਅਮੀਰ ਘਰਾਣਿਆਂ ਨਾਲ ਸੰਬੰਧ ਰੱਖਦੇ ਸਨ। ਸੰਘ ਦੇ ਮੈਂਬਰ ਉਹ ਸਮਾਜ ਸੇਵਾ ਲਈ ਬਣੇ ਸਨ, ਥਾਣੇ-ਕਚਹਿਰੀਆਂ ਵਿਚ ਧੱਕੇ ਖਾਣ ਲਈ ਨਹੀਂ। ਮੁਕੱਦਮੇਬਾਜ਼ੀ ਜਾਂ ਪਾਰਟੀਬਾਜ਼ੀ ਤੋਂ ਉਹਨਾਂ ਕੀ ਲੈਣਾ ਸੀ। ਉਹ ਸੰਘ ਦੇ ਇਸ ਝੰਜਟ ਵਿਚੋਂ ਨਿਕਲਣ ਦੀ ਉਡੀਕ ਕਰਨ ਲੱਗੇ। ਓਨੀ ਦੇਰ ਲਈ ਮਨ-ਪ੍ਰਚਾਵੇ ਲਈ ਕਿਸੇ ਨੇ ਸਪੋਰਟਸ ਕਲੱਬ ਬਣਾ ਲਿਆ ਅਤੇ ਕਿਸੇ ਨੇ ਸਭਿਆਚਾਰਕ ਮੰਚ।

ਸੱਚੇ-ਸੁੱਚੇ ਵਰਕਰਾਂ ਦੇ ਮਨਾਂ ਨੂੰ ਕਚਹਿਰੀਆਂ ਦੇ ਮਾਹੌਲ ਨੇ ਵੀ ਠੇਸ ਪਹੁੰਚਾਈ ਸੀ । ਉਹਨਾਂ ਸੁਣਿਆ ਸੀ ਕਿ ਕਚਹਿਰੀ ਇਕ ਮੰਦਰ ਹੈ। ਉਥੇ ਦੂਜਾ ਰੱਬ ਵੱਸਦਾ ਹੈ। ਪਰ ਤਜਰਬੇ ਉਲਟ ਹੋਏ ਸਨ।

ਜਿਸ ਭੰਡਾਰੀ ਨੂੰ ਸੰਘ ਦਾਨਵੀਰ ਕਰਣ ਆਖਿਆ ਕਰਦਾ ਸੀ, ਉਸ ਦਾ ਅਸਲੀ ਭੱਦਾ

ਚਿਹਰਾ ਉਹਨਾਂ ਨੂੰ ਕਚਹਿਰੀ ਵਿਚ ਹੀ ਨਜ਼ਰ ਆਇਆ ਸੀ। ਇਕ ਵਾਰ ਨਰਾਤਾ ਰਾਮ ਨੇ ਦੇਖਿਆ ਸੀ, ਇਕ ਵਿਧਵਾ ਔਰਤ ਨੇ ਭੰਡਾਰੀ ਦੀ ਫ਼ੀਸ ਉਤਾਰਨ ਲਈ ਆਪਣੇ ਅੱਠਾਂ ਸਾਲਾਂ ਦੇ ਪੁੱਤਰ ਦੀ ਗੋਲਕ ਭੰਨੀ ਸੀ। ਡੁਸਕਦੇ ਬੱਚੇ ਦਾ ਭੰਡਾਰੀ ਦੇ ਮਨ 'ਤੇ ਕੋਈ ਅਸਰ ਨਹੀਂ ਸੀ ਹੋਇਆ।

ਉਸੇ ਦਿਨ ਤੋਂ ਨਰਾਤਾ ਰਾਮ ਦਾ ਕਚਹਿਰੀ ਜਾਂਦੇ ਦਾ ਮਨ ਘਬਰਾਉਂਦਾ ਸੀ।

ਰਾਮ ਸਰੂਪ ਅਤੇ ਦਰਸ਼ਨ ਦਾ ਧਰਮ ਦੀ ਸਹੁੰ ਖਾ ਕੇ ਝੂਠ ਬੋਲਣਾ ਵੀ ਉਹਨਾਂ ਨੂੰ ਬੁਰਾ ਲੱਗਾ ਸੀ।

ਨਰਾਤਾ ਰਾਮ ਧੜੇ ਨੂੰ ਜਦੋਂ 'ਸੰਮਤੀ ਦੇ ਏਜੰਟ' ਆਖਿਆ ਜਾਣ ਲੱਗਾ ਤਾਂ ਉਹਨਾਂ ਪੂਰੀ ਤਰ੍ਹਾਂ ਆਪਣੇ ਆਪ ਨੂੰ ਇਸ ਝਮੇਲੇ ਤੋਂ ਵੱਖ ਕਰ ਲਿਆ।

ਇਧਰ ਸੰਘ ਖਿੰਡ ਰਿਹਾ ਸੀ, ਉਧਰ ਸੰਮਤੀ ਮਜ਼ਬੂਤ ਹੁੰਦੀ ਜਾ ਰਹੀ ਸੀ।

ਰਾਮ ਸਰੂਪ ਬੇਚੈਨ ਸੀ। ਸੰਘ ਆਖ਼ਰ ਕਦੋਂ ਕੁ ਤਕ ਆਪਣੀ ਮਿਹਨਤ ਦੇ ਇਸ ਫਲ ਨੂੰ ਲੁੱਟਿਆ ਜਾਂਦਾ ਦੇਖਦਾ ਰਹੇਗਾ।

ਉਸ ਨੇ ਆਪਣੇ ਸਕੱਤਰ ਨਾਲ ਮਸ਼ਵਰਾ ਕੀਤਾ। ਸਮਾਂ ਮੰਗ ਕਰਦਾ ਸੀ ਕਿ ਸੰਘ ਨੂੰ ਮੁੜ ਸੰਗਠਤ ਕੀਤਾ ਜਾਵੇ। ਕੇਸ ਦੀ ਪੈਰਵਾਈ ਪੂਰੀ ਤਨਦੇਹੀ ਨਾਲ ਕੀਤੀ ਜਾਵੇ। ਜਿਹੜੇ ਸਹਿਮਤ ਹਨ ਉਹ ਸੰਘ ਵਿਚ ਰਹਿਣ, ਜਿਹੜੇ ਨਹੀਂ ਉਹ ਨਿਕਲ ਜਾਣ। ਸੰਘ ਲੜਾਈ ਲੜੇਗਾ ਭਾਵੇਂ ਉਹ ਦੋ ਹੀ ਰਹਿ ਜਾਣ।

ਹਾਲਾਤ ਇਕੱਲੇ ਰਹਿਣ ਵਰਗੇ ਹੀ ਬਣਦੇ ਜਾ ਰਹੇ ਸਨ। ਰਾਮ ਸਰੂਪ ਅਤੇ ਦਰਸ਼ਨ ਦੇ ਸਿਰ ਤੋੜ ਯਤਨਾਂ ਦੇ ਬਾਵਜੂਦ ਵੀ ਸੰਘ ਦੀ ਗਿਣਤੀ ਦਸ ਤੋਂ ਵਧ ਨਹੀਂ ਸੀ। ਇੰਨੇ ਕੁ ਵਰਕਰਾਂ ਨਾਲ ਨਾ ਜਲਸੇ ਕੀਤੇ ਜਾ ਸਕਦੇ ਸਨ, ਨਾ ਜਲੂਸ ਕੱਢੇ ਜਾ ਸਕਦੇ ਸਨ। ਫੇਰ ਵੀ ਜੋ ਕੁਝ ਕੀਤਾ ਜਾ ਸਕਦਾ ਸੀ, ਉਹ ਕੁਝ ਤਾਂ ਕੀਤਾ ਜਾਵੇ।

ਮੁੜ ਗਠਿਤ ਹੋਏ ਸੰਘ ਦਾ ਪਹਿਲਾ ਟੀਚਾ ਮੁੱਖ ਮੰਤਰੀ ਨੂੰ ਮਿਲਣਾ ਮਿਥਿਆ ਗਿਆ।

ਸੰਘ ਨੂੰ ਮੁੱਖ ਮੰਤਰੀ 'ਤੇ ਗਿਲਾ ਸੀ। ਉਹ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਵਾ ਕੇ ਸੁਰਖ਼ਰੂ ਹੋ ਗਿਆ ਲੱਗਦਾ ਸੀ। ਮੁੜ ਨਾ ਉਸ ਨੇ ਸ਼ਹਿਰ ਗੇੜਾ ਮਾਰਿਆ, ਨਾ ਮੁਕੱਦਮੇ ਦੀ ਸਾਰ ਲਈ।

ਪੁਲਿਸ ਠੰਢੀ ਪੈ ਚੁੱਕੀ ਸੀ। ਉਸ ਨੂੰ ਕੇਸ ਸਿਰੇ ਚਾੜ੍ਹਨ ਦੀ ਕੋਈ ਪਰਵਾਹ ਨਹੀਂ। ਬਹੁਤੇ ਕੇਸ ਪੁਲਿਸ ਦੀ ਅਣਗਹਿਲੀ ਕਾਰਨ ਫ਼ੇਲ੍ਹ ਹੋ ਜਾਂਦੇ ਸਨ। ਇਹ ਕੇਸ ਵੀ ਉਸੇ ਅਣਗਹਿਲੀ ਦਾ ਸ਼ਿਕਾਰ ਹੁੰਦਾ ਜਾ ਰਿਹਾ ਸੀ।

ਪਹਿਲਾਂ ਸੰਘ ਨੇ ਸਿਆਣੇ-ਸਿਆਣੇ ਵਕੀਲਾਂ ਦੀ ਰਾਏ ਲਈ। ਫੇਰ ਨਵੀਆਂ-ਨਵੀਆਂ ਤਜਵੀਜ਼ਾਂ ਲੈ ਕੇ ਉਹ ਮੁੱਖ ਮੰਤਰੀ ਕੋਲ ਜਾ ਪੁੱਜੇ।

ਸੰਘ ਨੂੰ ਮੁੱਖ ਮੰਤਰੀ ਖਿੜੇ ਮੱਥੇ ਮਿਲਿਆ।

ਦੋ ਕੁ ਗੱਲਾਂ ਕਰ ਕੇ ਸੰਘ ਦਾ ਗ਼ੁੱਸਾ ਜਾਂਦਾ ਰਿਹਾ। ਮੁੱਖ ਮੰਤਰੀ ਕੇਸ 'ਤੇ ਪੂਰੀ ਨਜ਼ਰ ਰੱਖ ਰਿਹਾ ਸੀ। ਛੋਟੀ ਤੋਂ ਛੋਟੀ ਘਟਨਾ ਮੁੱਖ ਮੰਤਰੀ ਦੇ ਨੋਟਿਸ ਵਿਚ ਸੀ। ਉਹ ਮਜਬੂਰ ਸੀ। ਕੀ ਕਰੇ ? ਸਮਝ ਨਹੀਂ ਸੀ ਆ ਰਿਹਾ।

ਸੰਘ ਵੱਲੋਂ ਪੇਸ਼ ਕੀਤੀਆਂ ਤਜਵੀਜ਼ਾਂ ਨੂੰ ਮੁੱਖ ਮੰਤਰੀ ਨੇ ਗਹੁ ਨਾਲ ਵਿਚਾਰਿਆ।

ਨਤੀਜੇ ਫ਼ੌਰੀ ਤੌਰ 'ਤੇ ਸਾਹਮਣੇ ਆਉਣ ਲੱਗੇ।

ਨਾਥ ਸਾਹਿਬ ਦੀ ਥਾਂ ਕਿਹੜਾ ਜੱਜ ਲਾਇਆ ਜਾਏ ? ਇਹ ਵਿਚਾਰਨ ਲਈ ਜਸਟਿਸ ਸ਼ਿੰਗਾਰਾ ਸਿੰਘ ਨੂੰ ਕੋਠੀ ਬੁਲਾਇਆ ਗਿਆ।



ਜਸਟਿਸ ਮੁੱਖ ਮੰਤਰੀ ਦਾ ਰਿਸ਼ਤੇਦਾਰ ਵੀ ਸੀ ਅਤੇ ਉਸ ਨੂੰ ਕੁਰਸੀ 'ਤੇ ਵੀ ਮੁੱਖ ਮੰਤਰੀ ਨੇ ਹੀ ਬਿਠਾਇਆ ਸੀ।

ਹਾਈ ਕੋਰਟ ਵਿਚ ਵਕਾਲਤ ਸ਼ੁਰੂ ਕਰਨ ਤੋਂ ਪਹਿਲਾਂ ਸ਼ਿੰਗਾਰਾ ਸਿੰਘ ਪਟਿਆਲੇ ਵਕਾਲਤ ਕਰਦਾ ਸੀ। ਵਕਾਲਤ ਭਾਵੇਂ ਬਹੁਤੀ ਨਹੀਂ ਸੀ ਚੱਲਦੀ, ਪਰ ਸਿਆਸਤ ਵਿਚ ਵਾਹਵਾ ਥਾਂ ਸੀ। ਪਿਛਲੀ ਵਜ਼ਾਰਤ ਵਿਚ ਮੁੱਖ ਮੰਤਰੀ ਜੀ ਸਿਹਤ ਮੰਤਰੀ ਬਣੇ ਸਨ। ਉਸ ਸਮੇਂ ਉਨ੍ਹਾਂ ਸ਼ਿੰਗਾਰਾ ਸਿੰਘ ਨੂੰ ਚੰਡੀਗੜ੍ਹ ਬੁਲਾ ਲਿਆ ਸੀ।

ਅਕਾਲੀ ਪਾਰਟੀ ਵਿਚ ਪੜ੍ਹਿਆਂ-ਲਿਖਿਆਂ ਦੀ ਕਮੀ ਸੀ। ਜਿਹੋ ਜਿਹੇ ਨੇਤਾ, ਉਹੋ ਜਿਹੇ ਰਿਸ਼ਤੇਦਾਰ। ਕਈ ਵਾਰ ਤਾਂ ਜਥੇਦਾਰਾਂ ਨੂੰ ਉੱਚੀਆਂ ਪਦਵੀਆਂ 'ਤੇ ਬਿਠਾਉਣ ਲਈ ਪੜ੍ਹੇ-ਲਿਖੇ ਰਿਸ਼ਤੇਦਾਰ ਵੀ ਨਹੀਂ ਸੀ ਲੱਭਦੇ। ਹਾਈ ਕੋਰਟ ਵਿਚ ਜੱਜਾਂ ਦੀਆਂ ਨੌਕਰੀਆਂ ਨਿਕਲਦੀਆਂ ਹੀ ਰਹਿੰਦੀਆਂ ਸਨ। ਜਦੋਂ ਦਾਅ ਲੱਗਾ, ਮੰਤਰੀ ਉਸ ਨੂੰ ਜਸਟਿਸ ਬਣਾ ਦੇਵੇਗਾ।

ਅਕਾਲੀ ਪਾਰਟੀ ਬਹੁਤਾ ਸਮਾਂ ਵਿਰੋਧੀ ਧਿਰ ਵੱਜੋਂ ਹੀ ਕੰਮ ਕਰਦੀ ਸੀ। ਵਿਰੋਧੀ ਧਿਰ ਵਿਚ ਬੈਠ ਕੇ ਪਾਰਟੀ ਨੂੰ ਮੋਰਚੇ ਲਾਉਣੇ ਪੈਂਦੇ। ਮੋਰਚਿਆਂ 'ਚ ਅੰਦਰ ਹੋਏ ਨੇਤਾਵਾਂ ਨੂੰ ਹਾਈ ਕੋਰਟ ਦੀ ਜ਼ਰੂਰਤ ਪੈਂਦੀ ਸੀ। ਸ਼ਿੰਗਾਰਾ ਸਿੰਘ ਹਾਈ ਕੋਰਟ 'ਚ ਬੈਠਾ ਹੋਇਆ ਵੇਲੇ-ਕੁਵੇਲੇ ਕੰਮ ਆਏਗਾ।

ਇਸੇ ਸਿਆਸਤ ਅਧੀਨ ਸ਼ਿੰਗਾਰਾ ਸਿੰਘ ਨੂੰ ਜਸਟਿਸ ਬਣਾਇਆ ਗਿਆ ਸੀ।

ਤੇ ਸ਼ਿੰਗਾਰਾ ਸਿੰਘ ਨੇ ਵੀ ਸੰਵਿਧਾਨ ਦੀ ਥਾਂ ਪਾਰਟੀ ਅਤੇ ਮੁੱਖ ਮੰਤਰੀ ਪ੍ਰਤੀ ਜ਼ਿਆਦਾ ਵਫ਼ਾਦਾਰੀ ਨਿਭਾਈ ਸੀ। ਜਦੋਂ ਵੀ ਲੋੜ ਪਈ, ਉਸ ਨੇ ਕਾਇਦੇ-ਕਾਨੂੰਨ ਛਿੱਕੇ ਟੰਗ ਕੇ ਪਾਰਟੀ ਦਾ ਹਿੱਤ ਪੂਰਿਆ। ਨਿੱਜੀ ਕੰਮ ਵੀ ਦਲੇਰੀ ਨਾਲ ਕੀਤੇ। ਪਾਰਟੀ ਨੇ ਇਸ਼ਾਰਾ ਕੀਤਾ ਤਾਂ ਬਰੀ ਹੋਣ ਵਾਲੇ ਬੰਦੇ ਨੂੰ ਫਾਂਸੀ ਲਾ ਦਿੱਤਾ। ਮੁੱਖ ਮੰਤਰੀ ਨੇ ਚਾਹਿਆ ਤਾਂ ਫਾਂਸੀ ਲੱਗਣ ਵਾਲੇ ਬੰਦੇ ਨੂੰ ਬਰੀ ਕਰ ਦਿੱਤਾ।

ਹੁਣ ਵੀ ਮੁੱਖ ਮੰਤਰੀ ਨੂੰ ਉਸ ਦੀਆਂ ਸੇਵਾਵਾਂ ਦੀ ਜ਼ਰੂਰਤ ਸੀ।

ਜਸਟਿਸ ਨੂੰ ਸਾਰੀ ਸਮੱਸਿਆ ਸਮਝਾਈ ਗਈ।

ਨਾਥ ਦੀ ਥਾਂ ਕੋਈ ਅਜਿਹਾ ਜੱਜ ਲਾਇਆ ਜਾਵੇ, ਜਿਹੜਾ ਈਮਾਨਦਾਰੀ ਲਈ ਵੀ ਪ੍ਰਸਿੱਧ ਹੋਵੇ ਅਤੇ ਜਲਸੇ-ਜਲੂਸਾਂ ਤੋਂ ਵੀ ਨਾ ਡਰੇ। ਇਸ ਦਾ ਮਤਲਬ ਇਹ ਨਹੀਂ ਸੀ ਕਿ ਉਹ ਨਿਰਾ ਅੜੀਅਲ ਟੱਟੂ ਹੀ ਹੋਵੇ। ਸਰਕਾਰ ਦੀ ਵੀ ਪਰਵਾਹ ਨਾ ਕਰਦਾ ਹੋਵੇ। ਲੋੜ ਪੈਣ 'ਤੇ ਸ਼ਿੰਗਾਰਾ ਸਿੰਘ ਉਸ ਨੂੰ ਕੱਠ-ਪੁਤਲੀ ਵਾਂਗ ਨਚਾ ਵੀ ਸਕੇ।

ਸ਼ਿੰਗਾਰਾ ਸਿੰਘ ਨੇ ਝੱਟ ਮੋਤਾ ਸਿੰਘ ਦਾ ਨਾਂ ਤਜਵੀਜ਼ ਕਰ ਦਿੱਤਾ। ਉਹ ਮੁੱਖ ਮੰਤਰੀ ਦੀ ਕਸਵੱਟੀ 'ਤੇ ਪੂਰਾ ਉਤਰਦਾ ਸੀ।

ਸ਼ਿੰਗਾਰਾ ਸਿੰਘ ਨੂੰ ਹੁਕਮ ਹੋਇਆ ਮੋਤਾ ਸਿੰਘ ਨੂੰ ਤੁਰੰਤ ਸ਼ਹਿਰ ਪਹੁੰਚਾਇਆ ਜਾਵੇ।

ਸੰਘ ਦੀ ਦੂਜੀ ਮੰਗ ਕੇਸ ਦੀ ਪੈਰਵਾਈ ਲਈ ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਨਿਯੁਕਤ ਕਰਨ ਦੀ ਸੀ। ਨਿਕੰਮੇ ਸਰਕਾਰੀ ਵਕੀਲਾਂ ਦੇ ਇਹ ਵੱਸ ਦਾ ਰੋਗ ਨਹੀਂ ਸੀ।

ਇਹ ਸੇਵਾ ਗਿਆਨ ਸਿੰਘ ਹੁਰਾਂ ਨੂੰ ਸੌਂਪੀ ਗਈ।

ਗਿਆਨ ਸਿੰਘ ਹਾਈ ਕੋਰਟ ਦਾ ਚੋਟੀ ਦਾ ਵਕੀਲ ਸੀ। ਹੇਠਲੀਆਂ ਅਦਾਲਤਾਂ ਵਿਚ ਜਾਣਾ ਉਸ ਦੀ ਸ਼ਾਨ ਦੇ ਖ਼ਿਲਾਫ਼ ਸੀ, ਪਰ ਉਹ ਮੁੱਖ ਮੰਤਰੀ ਦੇ ਨੇੜਲੇ ਮਿੱਤਰਾਂ ਵਿਚੋਂ ਇਕ ਸੀ। ਮੁੱਖ ਮੰਤਰੀ ਦਾ ਉਹ ਹੁਕਮ ਨਹੀਂ ਸੀ ਟਾਲ ਸਕਦਾ।

ਵਿਸ਼ੇਸ਼ ਦੂਤ ਰਾਹੀਂ ਗਿਆਨ ਸਿੰਘ ਨੂੰ ਤਲਬ ਕੀਤਾ ਗਿਆ।

ਗਿਆਨ ਸਿੰਘ ਲਈ ਹਰ ਪੇਸ਼ੀ ਦਾ ਪੰਜ ਹਜ਼ਾਰ। ਆਉਣ-ਜਾਣ ਲਈ ਗੱਡੀ। ਰਹਿਣ ਲਈ ਸਰਕਟ ਹਾਊਸ। ਨਾਲ ਇਕ ਵਾਅਦਾ-ਕੇਸ ਦੇ ਕਾਮਯਾਬ ਹੁੰਦਿਆਂ ਹੀ ਵਧੀਆ ਜਿਹਾ ਕੋਈ ਅਹੁਦਾ ਵੀ।

ਗਿਆਨ ਸਿੰਘ ਨੂੰ ਨਾ ਪੰਜ ਹਜ਼ਾਰ ਰੁਪਏ ਪ੍ਰਤੀ ਪੇਸ਼ੀ ਦਾ ਲਾਲਚ ਸੀ, ਨਾ ਕਾਰ-ਬੰਗਲੇ ਦਾ। ਉਸ ਦੀ ਫ਼ੀਸ ਤਾਂ ਗਿਆਰਾਂ ਹਜ਼ਾਰ ਰੁਪਿਆ ਪ੍ਰਤੀ ਪੇਸ਼ੀ ਸੀ। ਉਹ ਵੀ ਘਰ ਬੈਠਿਆਂ। ਕਈ ਵਾਰ ਪੇਸ਼ੀਆਂ ਵੀ ਦੋ-ਦੋ, ਤਿੰਨ-ਤਿੰਨ।

ਬਾਹਰ ਜਾਣ ਨਾਲ ਨੁਕਸਾਨ ਹੋਣਾ ਸੀ। ਪਿੱਛੋਂ ਕੰਮ ਚੌਪਟ ਹੋ ਜਾਂਦਾ ਸੀ। ਗਾਹਕ ਅਤੇ ਮੌਤ ਦਾ ਕੀ ਪਤਾ ਕਦੋਂ ਆ ਜਾਵੇ ? ਗ਼ੈਰ-ਹਾਜ਼ਰੀ ਵਿਚ ਦੋ-ਚਾਰ ਜਾਂ ਦਸ ਮੁਕੱਦਮੇ ਵੀ ਖੁੱਸ ਸਕਦੇ ਸਨ।

ਕਾਰਾਂ ਉਸ ਕੋਲ ਪਹਿਲਾਂ ਹੀ ਦੋ ਸਨ। ਕੋਠੀ ਮੁੱਖ ਮੰਤਰੀ ਦੀ ਕੋਠੀ ਜਿੱਡੀ ਸੀ।

ਕੇਸ ਨੂੰ ਸਵੀਕਾਰ ਕਰਨ ਦੀ ਜੇ ਕੋਈ ਖਿੱਚ ਸੀ ਤਾਂ ਉਹ ਸੀ ਮੁੱਖ ਮੰਤਰੀ ਦਾ ਵਾਅਦਾ।

ਹਾਈ ਕੋਰਟ ਵਿਚ ਕਈ ਅਸਾਮੀਆਂ ਖ਼ਾਲੀ ਸਨ। ਜੱਜ ਬਣਨ ਦੀਆਂ ਸਾਰੀਆਂ ਸ਼ਰਤਾਂ ਗਿਆਨ ਸਿੰਘ ਪੂਰੀਆਂ ਕਰਦਾ ਸੀ। ਮੁੱਖ ਮੰਤਰੀ ਖ਼ੁਸ਼ ਹੋ ਗਿਆ ਤਾਂ ਇਕ ਸੀਟ ਵੱਟ 'ਤੇ ਸੀ।

ਜੱਜ ਨਹੀਂ ਤਾਂ ਐਡਵੋਕੇਟ ਜਨਰਲ ਦੀ ਕੁਰਸੀ ਹੀ ਸਹੀ।

ਇਹ ਨਹੀਂ ਤਾਂ ਕਿਸੇ ਬੋਰਡ, ਕਾਰਪੋਰੇਸ਼ਨ ਜਾਂ ਕਮਿਸ਼ਨ ਦੀ ਚੇਅਰਮੈਨਸ਼ਿਪ ਤਾਂ ਦੇਵੇਗਾ ਹੀ।

ਪਾਰਟੀ ਟਿਕਟ ਵੀ ਮਿਲ ਸਕਦੈ ਅਤੇ ਵਜ਼ੀਰੀ ਵੀ।

ਇਕ ਲਾਲਚ ਹੋਰ ਸੀ।

ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਬਣ ਕੇ ਵਕਾਲਤ ਹੋਰ ਚਮਕਣੀ ਸੀ।

ਇਕ ਪਾਸੇ ਮੀਡੀਏ ਰਾਹੀਂ ਪਬਲੀਸਿਟੀ ਹੋਣੀ ਸੀ, ਦੂਜੇ ਪਾਸੇ ਅਫ਼ਸਰਾਂ ਨੂੰ ਕੰਨ ਹੋਣੇ ਸਨ। ਸਪੈਸ਼ਲ ਪੀ.ਪੀ. ਬਣਨ ਦਾ ਮਾਣ ਜਣੇ-ਖਣੇ ਵਕੀਲ ਨੂੰ ਨਹੀਂ ਮਿਲਦਾ। ਇਸ ਦਾ ਮਤਲਬ ਸੀ ਕਿ ਵਕੀਲ ਦੀ ਸਰਕਾਰੇ-ਦਰਬਾਰੇ ਪਹੁੰਚ ਸੀ। ਸਰਕਾਰ ਨੂੰ ਵਕੀਲ ਦੀ ਲਿਆਕਤ 'ਤੇ ਮਾਣ ਸੀ। ਸਰਕਾਰੇ-ਦਰਬਾਰੇ ਮਾਨਤਾ ਪ੍ਰਾਪਤ ਵਕੀਲ ਦੀ ਵਕਾਲਤ ਦੂਣੀ-ਤੀਣੀ ਹੋ ਜਾਂਦੀ ਹੈ।

ਸਰਕਾਰੀ ਕੰਮ ਧੜਾ-ਧੜ ਮਿਲਣਾ ਸੀ। ਮੂੰਹ-ਮੰਗੀ ਫ਼ੀਸ ਮਿਲਣੀ ਸੀ। ਅਫ਼ਸਰਾਂ ਨੂੰ ਕੇਸ ਨਾਲੋਂ ਵੱਧ ਦਿਲਚਸਪੀ ਉਸ ਨੂੰ ਖ਼ੁਸ਼ ਕਰਨ ਵਿਚ ਹੋਣੀ ਸੀ।

ਉਜਲੇ ਭਵਿੱਖ ਦਾ ਸੁਪਨਾ ਦੇਖ ਕੇ ਗਿਆਨ ਸਿੰਘ ਨੇ ਕੇਸ ਲੜਨਾ ਮੰਨ ਲਿਆ।

ਗਿਆਨ ਸਿੰਘ ਦੇ ਮਸ਼ਵਰੇ 'ਤੇ ਹੇਠਲੇ ਅਫ਼ਸਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ।

ਜ਼ਿਲ੍ਹਾ ਅਟਾਰਨੀ ਖ਼ੁਦ ਸਪੈਸ਼ਲ ਪੀ.ਪੀ. ਦੀ ਮਦਦ ਕਰੇਗਾ। ਹਰ ਪੇਸ਼ੀ 'ਤੇ ਉਹ ਸ਼ਹਿਰ ਜਾਇਆ ਕਰੇਗਾ।

ਗਵਾਹਾਂ ਨੂੰ ਤਲਬ ਕਰਨ, ਸਮਝਾਉਣ ਅਤੇ ਸਰਕਾਰੀ ਵਕੀਲ ਅੱਗੇ ਪੇਸ਼ ਕਰਨ ਦੀ ਜ਼ਿੰਮੇਵਾਰੀ ਪੁਲਿਸ ਕਪਤਾਨ ਦੀ ਨਿੱਜੀ ਹੋਵੇਗੀ।

ਇਸ ਕੰਮ ਲਈ ਇਕ ਵਿਸ਼ੇਸ਼ ਪੁਲਿਸ ਪਾਰਟੀ ਤਿਆਰ ਕੀਤੀ ਜਾਵੇ। ਇਸ ਪਾਰਟੀ ਦਾ ਇੰਚਾਰਜ ਘੱਟੋ-ਘੱਟ ਇੰਸਪੈਕਟਰ ਲਾਇਆ ਜਾਏ। ਇਹ ਇੰਸਪੈਕਟਰ ਪੁਲਿਸ ਕਪਤਾਨ ਦੇ ਨਾਲ-ਨਾਲ ਸਪੈਸ਼ਲ ਪੀ.ਪੀ. ਨੂੰ ਵੀ ਜਵਾਬ-ਦੇਹ ਹੋਵੇ।

ਗ੍ਰਹਿ-ਵਿਭਾਗ ਦੇ ਇਕ ਡਿਪਟੀ ਸੈਕਟਰੀ ਨੂੰ ਕੇਸ ਦਾ ਇੰਚਾਰਜ ਬਣਾਇਆ ਗਿਆ।



ਮੁੱਖ ਮੰਤਰੀ ਨੂੰ ਰੁਝੇਵਿਆਂ ਕਾਰਨ ਬਾਹਰ-ਅੰਦਰ ਜਾਣਾ ਪੈਂਦਾ ਸੀ। ਸਪੈਸ਼ਲ ਪੀ.ਪੀ. ਜਿਵੇਂ ਆਖੇ ਉਹ ਮੁੱਖ ਮੰਤਰੀ ਦੀ ਤਰਫ਼ੋਂ ਉਸੇ ਤਰ੍ਹਾਂ ਹੁਕਮ ਜਾਰੀ ਕਰਦਾ ਰਹੇ।

ਪੇਸ਼ੀ ਵਾਲੇ ਦਿਨ ਡਿਪਟੀ ਸੈਕਟਰੀ ਜ਼ਿਲ੍ਹਾ ਹੈਡਕੁਆਰਟਰ 'ਤੇ ਹਾਜ਼ਰ ਰਹੇ।

ਡਿਪਟੀ ਸੈਕਟਰੀ ਮੁੱਖ ਮੰਤਰੀ ਨਾਲ ਵੀ ਸੰਪਰਕ ਰੱਖੇ। ਹਰ ਕਾਰਵਾਈ ਦੀ ਸੂਚਨਾ ਉਸ ਨੂੰ ਦਿੰਦਾ ਰਹੇ।

ਰਾਮ ਸਰੂਪ ਅਤੇ ਦਰਸ਼ਨ ਨੂੰ ਵੀ ਡਿਪਟੀ ਸੈਕਟਰੀ ਨਾਲ ਮਿਲਾਇਆ ਗਿਆ।

ਉਹਨਾਂ ਨੂੰ ਉਹ ਮੁੱਖ ਮੰਤਰੀ ਦਾ ਰੂਪ ਹੀ ਸਮਝੇ, ਉਸ ਨੂੰ ਸਮਝਾਇਆ ਗਿਆ।

ਹੁਣ ਤਾਂ ਖ਼ੁਸ਼ ਸੀ ਨਾ ਸੰਘ ?

# 25

ਸੰਘ ਸੁਰਜੀਤ ਹੋ ਚੁੱਕਾ ਸੀ। ਮੁੱਖ ਮੰਤਰੀ ਮੁੜ ਕੇਸ ਵਿਚ ਦਿਲਚਸਪੀ ਲੈਣ ਲੱਗਾ ਸੀ। ਇਸ ਨਾਲ ਅਫ਼ਸਰਾਂ ਨੂੰ ਰਾਹਤ ਮਹਿਸੂਸ ਹੋਣ ਲੱਗੀ।

ਲੋਕਾਂ ਦਾ ਭਰੋਸਾ ਜਿੱਤਣ ਲਈ ਨਵੇਂ ਆਏ ਮੁੱਖ ਅਫ਼ਸਰ ਨੇ ਥਾਣੇ ਅਖੰਡ ਪਾਠ ਖੁਲ੍ਹਵਾਇਆ। ਪਤਵੰਤੇ ਸੱਜਣਾਂ ਤੋਂ ਇਲਾਵਾ ਪੁਲਿਸ ਕਪਤਾਨ ਅਤੇ ਡਿਪਟੀ ਕਮਿਸ਼ਨਰ ਨੂੰ ਬੁਲਾਇਆ ਗਿਆ। ਮਹਾਰਾਜ ਦੀ ਹਜ਼ੂਰੀ ਵਿਚ ਪੁਲਿਸ ਵਾਲਿਆਂ ਨੇ ਸਹੁੰ ਖਾਧੀ, ਅੱਗੋਂ ਤੋਂ ਨਾ ਉਹ ਗ਼ਲਤ ਕੰਮ ਕਰਨਗੇ, ਨਾ ਰਿਸ਼ਵਤ ਲੈਣਗੇ।

ਜ਼ਿਲ੍ਹਾ ਅਟਾਰਨੀ ਨੇ ਕਈ ਦਿਨ ਪਹਿਲਾਂ ਹੀ ਸ਼ਹਿਰ 'ਚ ਡੇਰਾ ਲਾ ਲਿਆ। ਆਪਣੀ ਸਹਾਇਤਾ ਲਈ ਦੋ ਡਿਪਟੀ ਜ਼ਿਲ੍ਹਾ ਅਟਾਰਨੀਆਂ ਨੂੰ ਬੁਲਾ ਲਿਆ।

ਸਾਰੀ ਮਿਸਲ ਦਾ ਇਕ ਵਾਰ ਫੇਰ ਮੁਆਇਨਾ ਹੋਇਆ। ਕੋਈ ਕਮੀ ਤਾਂ ਨਹੀਂ ? ਜੇ ਹੈ ਤਾਂ ਉਹ ਕਿਵੇਂ ਦੂਰ ਹੋਵੇ ? ਇਹ ਵਿਚਾਰਿਆ ਗਿਆ।

ਸਰਕਾਰੀ ਫ਼ਰਜ਼ ਨਿਭਾ ਕੇ ਜ਼ਿਲ੍ਹਾ ਅਟਾਰਨੀ ਨੇ ਆਪਣਾ ਧਿਆਨ ਗਿਆਨ ਸਿੰਘ 'ਤੇ ਕੇਂਦਰਿਤ ਕੀਤਾ। ਸਪੈਸ਼ਨ ਪੀ.ਪੀ. ਮੁੱਖ ਮੰਤਰੀ ਦੀ ਮੁੱਛ ਦਾ ਵਾਲ ਸੀ। ਜ਼ਿਲ੍ਹਾ ਅਟਾਰਨੀ ਨੂੰ ਅਜਿਹੇ ਬੰਦੇ ਦੀ ਤਲਾਸ਼ ਸੀ। ਇਸ ਜ਼ਿਲ੍ਹੇ 'ਚ ਉਸ ਦੀ ਟਰਮ ਪੂਰੀ ਹੋ ਚੁੱਕੀ ਸੀ। ਅਪਰੈਲ 'ਚ ਬਦਲੀ ਦੀ ਸੰਭਾਵਨਾ ਸੀ। ਜੇ ਗਿਆਨ ਸਿੰਘ ਖ਼ੁਸ਼ ਹੋ ਗਿਆ ਤਾਂ ਕੇਸ ਦੀ ਪੈਰਵਾਈ ਦੇ ਬਹਾਨੇ ਬਦਲੀ ਰੁਕਵਾ ਦੇਵੇਗਾ। ਬਦਲੀ ਨਾ ਰੁਕਵਾ ਸਕਿਆ ਤਾਂ ਚੰਗਾ ਸਟੇਸ਼ਨ ਦਿਵਾ ਦੇਵੇਗਾ।

ਕੇਸ ਦੀ ਤਿਆਰੀ ਦੇ ਨਾਲ-ਨਾਲ ਗਿਆਨ ਸਿੰਘ ਨੂੰ ਖ਼ੁਸ਼ ਕਰਨ ਵੱਲ ਵੀ ਧਿਆਨ ਦਿੱਤਾ ਗਿਆ। ਉਸ ਦੀ ਮਨ-ਪਸੰਦ ਵਿਸਕੀ ਦੇ ਬਰਾਂਡ ਦਾ ਪਤਾ ਕੀਤਾ ਗਿਆ। ਉਸ ਨੂੰ ਕਿਸ ਕਿਸਮ ਦੇ 'ਸਨੈਕਸ' ਪਸੰਦ ਸਨ, ਇਹ ਖੁਰਾ ਖੋਜਿਆ ਗਿਆ। ਫੇਰ ਉਸੇ ਮੁਤਾਬਕ ਕਿਸੇ ਨੂੰ ਤਿੱਤਰ ਫੜਨ ਭੇਜਿਆ ਗਿਆ ਤੇ ਕਿਸੇ ਨੂੰ ਮੱਛੀ।

ਪੁਲਿਸ ਵਿਭਾਗ ਨੇ ਵੀ ਆਪਣੀ ਗੰਭੀਰਤਾ ਦਾ ਸਬੂਤ ਦਿੱਤਾ।

ਪੈਰਵਾਈ ਲਈ ਇਕ ਵਿਸ਼ੇਸ਼ ਟੀਮ ਬਣਾਈ ਗਈ। ਸੁੰਦਰ ਦਾਸ ਇੰਸਪੈਕਟਰ ਨੂੰ ਇਸ ਦਾ ਮੁਖੀ ਬਣਾਇਆ ਗਿਆ। ਟੀਮ ਵਿਚ ਲਿਖਾ-ਪੜ੍ਹੀ ਦੇ ਮਾਹਿਰ ਅਫ਼ਸਰ ਵੀ ਲਏ ਗਏ ਅਤੇ ਮਾਰ-ਧਾੜ ਕਰਨ ਵਾਲੇ ਵੀ। ਮਾਰ-ਧਾੜ ਵਾਲੇ ਅਫ਼ਸਰਾਂ ਨੇ ਗਵਾਹਾਂ ਨੂੰ ਤਲਬ ਕਰਨਾ ਸੀ। ਮਾਹਿਰਾਂ ਨੇ ਬਿਆਨ ਸਮਝਾਉਣਾ ਸੀ। ਸੁੰਦਰ ਦਾਸ ਨੇ ਉਹਨਾਂ ਗਵਾਹਾਂ ਨਾਲ ਆਪ ਨਜਿੱਠਣਾ ਸੀ, ਜਿਹੜੇ ਗਵਾਹੀ ਦੇਣ ਤੋਂ ਟਲਣ ਦਾ ਯਤਨ ਕਰਨ।

ਮੀਡੀਏ ਰਾਹੀਂ ਸਰਕਾਰ ਦੇ ਇਹਨਾਂ ਯਤਨਾਂ ਦਾ ਖ਼ੂਬ ਪ੍ਰਚਾਰ ਕੀਤਾ ਗਿਆ।

ਸੰਘ ਨੇ ਵੀ ਕਮਰਕੱਸੇ ਕੱਸ ਲਏ। ਇਸ ਵਾਰ ਉਹ ਗਵਾਹਾਂ ਨੂੰ ਸੰਮਤੀ ਦੇ ਚੁੰਗਲ ਵਿਚ ਨਹੀਂ ਫਸਣ ਦੇਣਗੇ।



ਮੋਤਾ ਸਿੰਘ ਨੇ ਵੀ ਅਹੁਦਾ ਸੰਭਾਲ ਲਿਆ।

ਘਰ-ਘਰ ਉਸ ਦੀ ਈਮਾਨਦਾਰੀ ਅਤੇ ਦਲੇਰੀ ਦੇ ਚਰਚੇ ਹੋਣ ਲੱਗੇ।

ਕੋਈ ਆਖਦਾ ਅੱਠ ਸਾਲ ਦੀ ਨੌਕਰੀ ਦੇ ਬਾਵਜੂਦ ਵੀ ਉਸ ਕੋਲ ਸਕੂਟਰ ਤਕ ਨਹੀਂ, ਨਾ ਰੰਗਦਾਰ ਟੀ.ਵੀ. ਹੈ। ਬੱਚਿਆਂ ਦੀ ਪੜ੍ਹਾਈ ਦਾ ਖ਼ਰਚ ਚਲਾਉਣ ਲਈ ਉਸ ਨੂੰ ਕਦੇ ਜੀ.ਪੀ. ਫੰਡ ਵਿਚੋਂ ਉਧਾਰ ਲੈਣਾ ਪੈਂਦਾ ਹੈ, ਕਦੇ ਯਾਰਾਂ-ਦੋਸਤਾਂ ਕੋਲੋਂ।

ਕੋਈ ਆਖਦਾ : ਉਹ ਸਰਦਾਰਾਂ ਦਾ ਕਾਕਾ ਹੈ। ਪੰਜਾਹ ਏਕੜ ਜ਼ਮੀਨ ਇਕੱਲੇ ਦੇ ਹਿੱਸੇ ਆਉਂਦੀ ਹੈ, ਪੈਸੇ 'ਤੇ ਧਾਰ ਨਹੀਂ ਮਾਰਦਾ।

ਕੋਈ ਆਖਦਾ : ਉਹ ਮੁੱਖ ਮੰਤਰੀ ਤਕ ਦੀ ਪਰਵਾਹ ਨਹੀਂ ਕਰਦਾ। ਬਲਤਾਕਾਰ ਦੇ ਇਕ ਕੇਸ ਵਿਚ ਉਸ ਨੇ ਇਕ ਐਮ.ਐਲ.ਏ. ਨੂੰ ਸਜ਼ਾ ਸੁਣਾ ਦਿੱਤੀ ਸੀ।

ਕੋਈ ਆਖਦਾ : ਇਕ ਵਾਰ ਲੁਧਿਆਣਾ ਦਾ ਇਕ ਸਨਅਤਕਾਰ ਉਸ ਨੂੰ ਇਕ ਲੱਖ ਰੁਪਿਆ ਦੇਣ ਆਇਆ ਸੀ। ਜੱਜ ਨੇ ਨੋਟਾਂ ਵਾਲਾ ਬੈਗ ਸੜਕ 'ਤੇ ਵਗਾਹ ਮਾਰਿਆ ਸੀ ਤੇ ਸੇਠ ਨੂੰ ਰਿਸ਼ਵਤ ਦੇਣ ਦੇ ਦੋਸ਼ ਵਿਚ ਜੇਲ੍ਹ ਭਿਜਵਾ ਦਿੱਤਾ ਸੀ।

ਮੋਤਾ ਸਿੰਘ ਦੀ ਨਿਯੁਕਤੀ 'ਤੇ ਸੰਮਤੀ ਨਾ ਖ਼ੁਸ਼ ਸੀ, ਨਾ ਉਦਾਸ। ਕਿਸੇ ਐਮ.ਐਲ.ਏ. ਨੂੰ ਵਿਸ਼ੇਸ਼ ਹਾਲਤ ਵਿਚ ਸਜ਼ਾ ਸੁਣਾਉਣਾ ਜਾਂ ਪੈਸੇ ਠੁਕਰਾਉਣਾ ਹੋਰ ਗੱਲ ਸੀ, ਸਿਆਸੀ ਦਬਾਅ ਨੂੰ ਠੁਕਰਾ ਕੇ ਨਿਰਪੱਖ ਫ਼ੈਸਲਾ ਸੁਣਾਉਣਾ ਹੋਰ ਗੱਲ।

ਫੇਰ ਵੀ ਇਕ ਤਸੱਲੀ ਸੀ। ਨਾ ਮੋਤਾ ਸਿੰਘ ਨੂੰ ਪੈਸਾ ਖ਼ਰੀਦ ਸਕੇਗਾ, ਨਾ ਨਾਅਰੇ ਡਰਾ ਸਕਣਗੇ। ਨਾ ਵਿਸਕੀ ਦੀ ਪੇਟੀ ਬਦਲੇ ਕਿਸੇ ਨੂੰ ਤਾਰੀਖ਼ ਮਿਲੇਗੀ, ਨਾ ਕਿਸੇ ਡਿਪਟੀ ਨੂੰ ਕੋਠੀ ਵੜਨ ਦਿੱਤਾ ਜਾਏਗਾ।

ਸੰਘ ਲਈ ਇਹ ਖ਼ੁਸ਼ੀਆਂ ਭਰਿਆ ਮੌਕਾ ਸੀ।

ਸਪੈਸ਼ਲ ਪੀ.ਪੀ. ਦੀ ਨਿਯੁਕਤੀ ਨਾਲ ਸੰਘ ਦੀ ਵਾਹਵਾ ਹੋਣ ਲੱਗੀ ਸੀ। ਲੋਕਾਂ ਨੂੰ ਯਕੀਨ ਹੋਣ ਲੱਗਾ ਕਿ ਸਰਕਾਰੇ-ਦਰਬਾਰੇ ਸੰਘ ਦੀ ਹਾਲੇ ਵੀ ਪੁੱਛ ਹੈ।

ਸੰਘ ਦੀ ਇਸ ਪ੍ਰਾਪਤੀ 'ਤੇ ਕਈ ਰੁੱਸੇ ਵਰਕਰ ਮੰਨ ਗਏ। ਸੰਘ ਦੀਆਂ ਮੀਟਿੰਗਾਂ ਵਿਚ ਮੁੜ ਰੌਣਕ ਹੋਣ ਲੱਗੀ।

ਭਾਵੇਂ ਦੋਹਾਂ ਧਿਰਾਂ ਨੂੰ ਜੱਜ 'ਤੇ ਵਿਸ਼ਵਾਸ ਸੀ, ਫੇਰ ਵੀ ਕੋਈ ਧਿਰ ਜ਼ੋਖ਼ਮ ਨਹੀਂ ਸੀ ਉਠਾ ਰਹੀ।

ਪੁਲਿਸ ਗਵਾਹਾਂ ਪਿੱਛੇ ਹਰਲ-ਹਰਲ ਕਰਦੀ ਫਿਰਦੀ ਸੀ।

ਪੁਲਿਸ ਅਤੇ ਜ਼ਿਲ੍ਹਾ ਅਟਾਰਨੀ ਦੀਆਂ ਸਰਗਰਮੀਆਂ ਨੂੰ ਧਿਆਨ ਵਿਚ ਰੱਖਦਿਆਂ ਸੰਮਤੀ ਨੇ ਅਹਿਮ-ਅਹਿਮ ਗਵਾਹ ਮੁੜ ਖਿਸਕਾ ਲਏ।

ਸੰਘ ਨੇ ਆਪਣੇ ਪੱਕੇ ਗਵਾਹਾਂ 'ਤੇ ਪੁਲਿਸ ਦਾ ਪਹਿਰਾ ਲਗਵਾ ਲਿਆ।

ਜਿਹੜੇ-ਜਿਹੜੇ ਗਵਾਹ ਮਿਲੇ ਉਹਨਾਂ ਨੂੰ ਫੜ ਕੇ ਪੁਲਿਸ ਨੇ ਜ਼ਿਲ੍ਹਾ ਅਟਾਰਨੀ ਅੱਗੇ ਪੇਸ਼ ਕੀਤਾ।

ਜਿਹੜੇ ਗਵਾਹ ਨਹੀਂ ਮਿਲ ਰਹੇ ਸਨ, ਉਹੋ ਅਹਿਮ ਸਨ। ਉਹਨਾਂ ਨੂੰ ਵਾਰ-ਵਾਰ ਸਮਝਾਉਣਾ ਜ਼ਰੂਰੀ ਸੀ। ਸਪੈਸ਼ਲ ਪੀ.ਪੀ. ਨੇ ਵੀ ਉਹਨਾਂ 'ਤੇ ਹੀ ਮਗ਼ਜ਼-ਖਪਾਈ ਕਰਨੀ ਸੀ।

ਪੇਸ਼ੀ ਵਿਚ ਇਕ ਦਿਨ ਬਾਕੀ ਸੀ। ਸਵੇਰੇ ਹੀ ਗਿਆਨ ਸਿੰਘ ਹੁਰਾਂ ਆ ਜਾਣਾ ਸੀ। ਗਵਾਹ ਸਨ ਕਿ ਪੂਰੇ ਨਹੀਂ ਸਨ ਹੋ ਰਹੇ।

ਘਬਰਾਏ ਜ਼ਿਲ੍ਹਾ ਅਟਾਰਨੀ ਨੇ ਪੁਲਿਸ ਕਪਤਾਨ ਨੂੰ ਫ਼ੋਨ ਕੀਤਾ।

ਕਪਤਾਨ ਨੇ ਖ਼ੁਫ਼ੀਆ ਵਿਭਾਗ ਤੋਂ ਰਿਪੋਰਟ ਮੰਗੀ। ਕੁਝ ਗਵਾਹ ਬਾਬੇ ਦੀ ਕੋਠੀ ਸਨ ਅਤੇ ਕੁਝ ਗੁਰਮੀਤ ਦੇ ਘਰ।

ਅਜਿਹੇ ਗਵਾਹਾਂ ਨੂੰ ਤਲਬ ਕਰਨ ਲਈ ਸੰਮਤੀ ਨਾਲ ਟੱਕਰ ਲੈਣੀ ਪੈਣੀ ਸੀ। ਕਪਤਾਨ ਅਜਿਹੇ ਮੂਡ ਵਿਚ ਨਹੀਂ ਸੀ। ਖ਼ੁਫ਼ੀਆ ਵਿਭਾਗ ’ਤੇ ਭਰੋਸਾ ਨਹੀਂ ਸੀ ਕੀਤਾ ਜਾ ਸਕਦਾ। ਜੇ ਗਵਾਹ ਕੋਠੀਉਂ ਨਾ ਮਿਲੇ ਤਾਂ ਮੁਸੀਬਤ ਖੜ੍ਹੀ ਹੋ ਜਾਏਗੀ। ਮੁੱਖ ਮੰਤਰੀ ਦੀਆਂ ਹਦਾਇਤਾਂ ਤੋਂ ਬਿਨਾਂ ਉਹ ਕੋਈ ਵੀ ਗ਼ੈਰ-ਕਾਨੂੰਨੀ ਕੰਮ ਕਰਨ ਨੂੰ ਤਿਆਰ ਨਹੀਂ ਸੀ।

ਜ਼ਿਲ੍ਹਾ ਅਟਾਰਨੀ ਚੁੱਪ ਕਰ ਗਿਆ। ਉਸ ਦੀ ਡਿਊਟੀ ਪੁਲਿਸ ਵੱਲੋਂ ਲਿਆਂਦੇ ਗਵਾਹਾਂ ਨੂੰ ਸਮਝਾਉਣਾ ਸੀ। ਜਿਹੜੇ ਗਵਾਹ ਹਾਜ਼ਰ ਸਨ ਉਹਨਾਂ ਨੂੰ ਤੋਤੇ ਬਣਾ ਦਿੱਤਾ ਗਿਆ ਸੀ। ਜੇ ਪੁਲਿਸ ਬਾਕੀ ਗਵਾਹ ਤਲਬ ਕਰਨ ਤੋਂ ਝਿਜਕਦੀ ਸੀ ਤਾਂ ਜ਼ਿਲ੍ਹਾ ਅਟਾਰਨੀ ਨੂੰ ਬਲਾ ਆਪਣੇ ਗਲ ਪਾਉਣ ਦੀ ਕੀ ਜ਼ਰੂਰਤ ਸੀ।

ਚੁੱਪ ਕਰ ਕੇ ਉਹ ਸਪੈਸ਼ਲ ਪੀ.ਪੀ. ਦੀ ਉਡੀਕ ਕਰਨ ਲੱਗਾ।

ਸਪੈਸ਼ਲ ਪੀ.ਪੀ. ਮਿਥੇ ਸਮੇਂ ’ਤੇ ਪੁੱਜ ਗਿਆ।

ਗਵਾਹਾਂ ਬਾਰੇ ਰਿਪੋਰਟ ਤਸੱਲੀਬਖ਼ਸ਼ ਨਹੀਂ ਸੀ।

ਇਹੋ ਸਥਿਤੀ ਰਹੀ ਤਾਂ ਪੇਸ਼ੀ ਹੋਰ ਲੈਣੀ ਪਏਗੀ ਜਾਂ ਗਵਾਹਾਂ ਨੂੰ ਸਫ਼ਾਈ ਧਿਰ ਦੇ ਹੱਕ ਵਿਚ ਭੁਗਤ ਜਾਣ ਦੇਣਾ ਪਏਗਾ। ਦੋਹਾਂ ਸਥਿਤੀਆਂ ਵਿਚ ਨੁਕਸਾਨ ਸਰਕਾਰੀ ਧਿਰ ਦਾ ਹੋਏਗਾ।

ਡਿਪਟੀ ਸੈਕਟਰੀ ਨੂੰ ਫ਼ੋਨ ਕੀਤਾ ਗਿਆ। ਉਸ ਨੂੰ ਤੁਰੰਤ ਜ਼ਿਲ੍ਹਾ ਹੈੱਡਕੁਆਰਟਰ ਬੁਲਾਇਆ ਗਿਆ।

ਸਾਰੇ ਅਹਿਲਕਾਰਾਂ ਨੇ ਸਥਿਤੀ ਦਾ ਜਾਇਜ਼ਾ ਲਿਆ।

ਬਹਿਸ ਦਾ ਸਾਰ ਇਹ ਸੀ ਕਿ ਸਾਰੇ ਗਵਾਹ ਝੂਠੇ ਸਨ। ਸੰਮਤੀ ਗਵਾਹਾਂ ਦੀ ਆਤਮਾ ਨੂੰ ਝੰਜੋੜਨ ਵਿਚ ਕਾਮਯਾਬ ਹੋ ਚੁੱਕੀ ਸੀ। ਹੁਣ ਗਵਾਹ ਝੂਠ ਬੋਲਣ ਤੋਂ ਟਲ ਰਹੇ ਸਨ।

ਜੋ ਗਿਆ ਸੋ ਗਿਆ। ਅਹਿਲਕਾਰਾਂ ਦਾ ਕੰਮ ਸਰਕਾਰ ਦਾ ਵਕਾਰ ਬਹਾਲ ਕਰਨਾ ਸੀ। ਇਥੋਂ ਹੀ ਕੋਈ ਰਾਹ ਲੱਭਿਆ ਜਾਣਾ ਚਾਹੀਦਾ ਸੀ।

ਗਿਆਨ ਸਿੰਘ ਚਾਹੁੰਦਾ ਸੀ, ਗਵਾਹ ਜਿਥੇ ਵੀ ਹੋਣ ਉਹਨਾਂ ਨੂੰ ਚੁੱਕ ਲਿਆਂਦਾ ਜਾਵੇ। ਗਵਾਹ ਨਾ ਮਿਲਣ ਤਾਂ ਵਾਰਿਸਾਂ ’ਤੇ ਸਖ਼ਤੀ ਕੀਤੀ ਜਾਵੇ।

ਇਸ ਮਸ਼ਵਰੇ ਨਾਲ ਕੋਈ ਅਫ਼ਸਰ ਸਹਿਮਤ ਨਹੀਂ ਸੀ।

ਡਿਪਟੀ ਕਮਿਸ਼ਨਰ ਅਤੇ ਪੁਲਿਸ ਕਪਤਾਨ ਕੋਲ ਪੱਕੀ ਖ਼ਬਰ ਸੀ ਕਿ ਸੰਮਤੀ ਨੇ ਆਪਣੀ ਸਾਰੀ ਤਾਕਤ ਇਕ-ਮੁੱਠ ਕਰ ਰੱਖੀ ਸੀ। ਉਹ ਕਿਸੇ ਮੌਕੇ ਦੀ ਤਾਕ ਵਿਚ ਸੀ। ਮੌਕਾ ਮਿਲਦੇ ਹੀ ਉਸ ਨੇ ਆਪਣੀ ਸ਼ਕਤੀ ਦਾ ਵਿਖਾਵਾ ਕਰਨਾ ਸੀ। ਧਰਨਿਆਂ, ਰੈਲੀਆਂ ਅਤੇ ਜਲਸੇ-ਜਲੂਸਾਂ ਰਾਹੀਂ ਸਰਕਾਰ ਬਦਨਾਮ ਕੀਤੀ ਜਾਣੀ ਸੀ। ਪੁਲਿਸ ਵੱਲੋਂ ਇਕ ਵੀ ਗਵਾਹ ਨੂੰ ਹੱਥ ਪਾਉਣ ਨਾਲ ਸੂਬਾ-ਵਿਆਪੀ ਲਹਿਰ ਉੱਠ ਖੜ੍ਹੋਣੀ ਸੀ।

ਡਿਪਟੀ ਸੈਕਟਰੀ ਦੀ ਵੀ ਇਹੋ ਰਾਏ ਸੀ। ਮੁੱਖ ਮੰਤਰੀ ਸਾਹਿਬ ਦੀ ਸਖ਼ਤ ਹਦਾਇਤ ਸੀ, ਮੁਕੱਦਮਾ ਕਾਨੂੰਨੀ ਚਾਰਾਜੋਈ ਨਾਲ ਜਿੱਤਿਆ ਜਾਏ। ਸਰਕਾਰ ਪਹਿਲਾਂ ਹੀ ਬਹੁਤ ਬਦਨਾਮ ਹੋ ਚੁੱਕੀ ਸੀ। ਕੇਸ ਨੂੰ ਗਲੀਆਂ ਵਿਚ ਹੋਰ ਨਾ ਘੜੀਸਿਆ ਜਾਵੇ।



ਕਾਨੂੰਨੀ ਰਾਹ ਇਕੋ ਸੀ। ਪਹਿਲਾਂ ਇਹ ਪਤਾ ਲਾਇਆ ਜਾਵੇ ਕਿ ਕਿਹੜਾ ਗਵਾਹ ਕਿਸ ਕੋਲ ਹੈ ? ਗਵਾਹ ਕਿਥੇ ਛੁਪਿਆ ਹੈ ? ਫੇਰ ਉਸ ਥਾਂ ਦਾ ‘ਸਰਚ-ਵਾਰੰਟ’ ਲਿਆ ਜਾਵੇ।

ਸਰਚ-ਵਾਰੰਟ ਹਾਸਲ ਕਰਨ ਲਈ ਅਦਾਲਤ ਵਿਚ ਦਰਖ਼ਾਸਤ ਦਿੱਤੀ ਗਈ।

ਦਰਖ਼ਾਸਤ ਵਿਚ ਦੋਸ਼ ਲਾਇਆ ਗਿਆ। ਸਫ਼ਾਈ ਧਿਰ ਗਵਾਹਾਂ ਨੂੰ ਡਰਾ-ਧਮਕਾ ਰਹੀ ਸੀ। ਕਈ ਗਵਾਹ ਉਸ ਦੇ ਕਬਜ਼ੇ ਵਿਚ ਸਨ, ਉਹਨਾਂ ਨੂੰ ਰਿਹਾਅ ਕਰਾਇਆ ਜਾਵੇ। ਗਵਾਹ ਨਿਰਪੱਖ ਹੋ ਕੇ ਗਵਾਹੀ ਦੇ ਸਕਣ, ਇਸ ਲਈ ਇਹ ਜ਼ਰੂਰੀ ਸੀ।

ਵਾਰੰਟ ਜਾਰੀ ਹੋਣ ਤੋਂ ਪਹਿਲਾਂ ਲੀਗਲ ਸੈੱਲ ਨੇ ਵੀ ਦਰਖ਼ਾਸਤ ਦੇ ਦਿੱਤੀ। ਵਾਰੰਟ ਜਾਰੀ ਕਰਨ ਤੋਂ ਪਹਿਲਾਂ ਉਸਨੂੰ ਵੀ ਸੁਣਿਆ ਜਾਵੇ।

ਸੈੱਲ ਨੂੰ ਵੀ ਸਪੈਸ਼ਲ ਪੀ.ਪੀ. ਵਾਲਾ ਇਤਰਾਜ਼ ਸੀ। ਗਵਾਹ ਸੱਚ ਬੋਲਣਾ ਚਾਹੁੰਦੇ ਸਨ, ਪੁਲਿਸ ਝੂਠ ਬੁਲਾਉਣਾ ਚਾਹੁੰਦੀ ਸੀ।

ਇਸੇ ਕਾਰਨ ਪਿਛਲੀ ਪੇਸ਼ੀ ਗਵਾਹ ਨਹੀਂ ਸਨ ਲਿਖੇ ਗਏ। ਮਹੀਨੇ ਦੀ ਤਾਰੀਖ਼ ਪਾ ਕੇ ਜੱਜ ਨੇ ਪੁਲਿਸ ਨੂੰ ਮਨ-ਮਾਨੀ ਕਰਨ ਦਾ ਖੁੱਲ੍ਹਾ ਸਮਾਂ ਦਿੱਤਾ ਸੀ।

ਗੁਰਮੀਤ ਨੇ ਮੰਨਿਆ ਕੁਝ ਗਵਾਹ ਸਫ਼ਾਈ ਧਿਰ ਕੋਲ ਸਨ। ਸੰਮਤੀ ਗਵਾਹਾਂ ਨੂੰ ਅਦਾਲਤ ਵਿਚ ਪੇਸ਼ ਕਰਨ ਲਈ ਤਿਆਰ ਸੀ। ਅਦਾਲਤ ਇਹ ਯਕੀਨ ਦਿਵਾਏ ਕਿ ਕੋਈ ਧਿਰ ਗਵਾਹਾਂ ’ਤੇ ਦਬਾਅ ਨਹੀਂ ਪਾਏਗੀ। ਗਵਾਹਾਂ ਨੂੰ ਮਰਜ਼ੀ ਨਾਲ ਬਿਆਨ ਦੇਣ ਦੀ ਖੁੱਲ੍ਹ ਹੋਏਗੀ।

ਗਿਆਨ ਸਿੰਘ ਭੰਬਲ-ਭੂਸਿਆਂ ਵਿਚ ਪੈ ਗਿਆ। ਇਨਸਾਫ਼ ਦੇ ਪੱਖੋਂ ਸਫ਼ਾਈ ਧਿਰ ਦੀ ਦਲੀਲ ਦਰੁਸਤ ਸੀ। ਜੇ ਉਹ ਸਫ਼ਾਈ ਦਾ ਵਕੀਲ ਹੁੰਦਾ ਤਾਂ ਇਹੋ ਦਲੀਲ ਦਿੰਦਾ।

ਗਿਆਨ ਸਿੰਘ ਦੀ ਜ਼ਮੀਰ ਆਖਦੀ ਸੀ, ਉਹ ਸੰਮਤੀ ਦੀ ਦਲੀਲ ਦਾ ਵਿਰੋਧ ਨਾ ਕਰੇ, ਪਰ ਵਕੀਲ ਦੀ ਆਪਣੀ ਕੋਈ ਜ਼ਮੀਰ ਨਹੀਂ ਹੁੰਦੀ। ਉਸ ਨੂੰ ਉਸੇ ਧਿਰ ਦੀ ਜ਼ਮੀਰ ਦੀ ਅਵਾਜ਼ ਨੂੰ ਸੁਣਨਾ ਪੈਂਦਾ ਹੈ, ਜਿਸ ਦਾ ਉਹ ਵਕੀਲ ਹੁੰਦਾ ਹੈ। ਇਸ ਸਮੇਂ ਗਿਆਨ ਸਿੰਘ ਸਰਕਾਰ ਦਾ ਨਮਕ ਖਾ ਰਿਹਾ ਸੀ। ਉਸ ਨੂੰ ਉਸੇ ਦੀ ਬੋਲੀ ਬੋਲਣੀ ਪੈਣੀ ਸੀ।

“ਗਵਾਹ ਸਰਕਾਰੀ ਧਿਰ ਦੇ ਹਨ। ਸਰਕਾਰੀ ਵਕੀਲ ਨੂੰ ਆਪਣੇ ਗਵਾਹਾਂ ਨੂੰ ਮਿਲਣ ਦਾ ਅਤੇ ਉਹਨਾਂ ਨੂੰ ਬਿਆਨ ਸਮਝਾਉਣ ਦਾ ਪੂਰਾ ਹੱਕ ਹੈ।”

“ਗਵਾਹ ਕਿਸੇ ਧਿਰ ਦੇ ਨਹੀਂ ਹੁੰਦੇ। ਉਹਨਾਂ ਜੋ ਦੇਖਿਆ-ਸੁਣਿਆ ਹੁੰਦਾ ਹੈ, ਉਹਨਾਂ ਉਹੋ ਦੱਸਣਾ ਹੁੰਦਾ ਹੈ। ਉਹਨਾਂ ਨੂੰ ਕੁਝ ਪੜ੍ਹਾਉਣ ਜਾਂ ਸਮਝਾਉਣ ਦਾ ਕੀ ਮਤਲਬ ?” ਗੁਰਮੀਤ ਸਿੰਘ ਨੇ ਗਿਆਨ ਸਿੰਘ ਦੇ ਤਰਕ ਨੂੰ ਕੱਟਿਆ।

ਜੱਜ ਗੁਰਮੀਤ ਨਾਲ ਸਹਿਮਤ ਸੀ।

ਪਰ ਗਵਾਹੀ ਤਕ ਗਵਾਹਾਂ ਨੂੰ ਰੱਖਿਆ ਕਿਥੇ ਜਾਵੇ ?

ਸਰਕਾਰੀ ਧਿਰ ਨੂੰ ਜੇਲ੍ਹ ਹੀ ਢੁਕਵੀਂ ਥਾਂ ਲੱਗੀ ਸੀ।

ਸਫ਼ਾਈ ਧਿਰ ਨੂੰ ਇਸ ’ਤੇ ਸਖ਼ਤ ਇਤਰਾਜ਼ ਸੀ। ਜੇਲ੍ਹ ਥਾਣੇ ਦਾ ਹੀ ਦੂਸਰਾ ਨਾਂ ਸੀ। ਆਖਣ ਨੂੰ ਇਹ ਨਿਆਂਇਕ ਹਿਰਾਸਤ ਸੀ। ਕੰਟਰੋਲ ਉਥੇ ਵੀ ਪੁਲਿਸ ਦਾ ਸੀ। ਪੁਲਿਸ ਉਥੇ ਅਸਾਨੀ ਨਾਲ ਆ-ਜਾ ਸਕਦੀ ਸੀ। ਗਵਾਹਾਂ ਨੂੰ ਡਰਾ-ਧਮਕਾ ਸਕਦੀ ਸੀ। ਸਫ਼ਾਈ ਧਿਰਾਂ ਦੀ ਉਥੇ ਚਿੜੀ ਤਕ ਨਹੀਂ ਫੜਕ ਸਕੇਗੀ।

“ਮੈਂ ਗਵਾਹਾਂ ਨੂੰ ਆਪਣੀ ਕੋਠੀ ਤਾਂ ਰੱਖਣੋਂ ਰਿਹਾ ?” ਖਿਝੇ ਜੱਜ ਨੇ ਢੁਕਵੀਂ ਥਾਂ ਦਾ ਫ਼ੈਸਲਾ ਸਫ਼ਾਈ ਧਿਰ ’ਤੇ ਸੁੱਟ ਦਿੱਤਾ।

ਗੁਰਮੀਤ ਦਾ ਵਿਚਾਰ ਸੀ ਕਿ ਗਵਾਹਾਂ ਨੂੰ ਜਲੰਧਰ ਦੇ 'ਆਬਜ਼ਰਵੇਸ਼ਨ ਹੋਮ' ਵਿਚ ਭੇਜ ਦਿੱਤਾ ਜਾਵੇ। ਉਥੋਂ ਦੇ ਮੁਲਾਜ਼ਮ ਸਰਕਾਰ ਦੇ ਸਿੱਧੇ ਪ੍ਰਭਾਵ ਹੇਠਾਂ ਨਹੀਂ ਸਨ।

ਅਦਾਲਤ ਵੱਲੋਂ 'ਹੋਮ' ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਹੋਈਆਂ।

ਗਵਾਹਾਂ ਨੂੰ ਬਾਕੀ ਬੰਦਿਆਂ ਨਾਲੋਂ ਅਲੱਗ ਰੱਖਿਆ ਜਾਵੇ। ਇਸਤਗਾਸੇ ਜਾਂ ਸਫ਼ਾਈ ਧਿਰ ਤੋਂ ਲੈ ਕੇ ਗਵਾਹਾਂ ਦੇ ਰਿਸ਼ਤੇਦਾਰਾਂ ਤਕ ਨੂੰ ਉਹਨਾਂ ਨਾਲ ਨਾ ਮਿਲਾਇਆ ਜਾਵੇ।

ਵਕੀਲਾਂ ਦਾ ਇਕ ਪੈਨਲ ਹੋਮ ਵਿਚ ਰਹੇਗਾ। ਪੈਨਲ 'ਤੇ ਇਕ-ਇਕ ਨੁਮਾਇੰਦਾ ਦੋਹਾਂ ਧਿਰਾਂ ਦਾ ਹੋਏਗਾ ਅਤੇ ਇਕ ਅਦਾਲਤ ਦਾ। ਪੈਨਲ ਗਵਾਹਾਂ 'ਤੇ ਨਜ਼ਰ ਰੱਖੇਗਾ।

ਸਰਕਾਰੀ ਧਿਰ ਨੂੰ ਭਾਵੇਂ ਇਹ ਯੋਜਨਾ ਜਚੀ ਨਹੀਂ ਸੀ ਪਰ ਉਸ ਕੋਲ ਕੋਈ ਬਦਲਵਾਂ ਸੁਝਾਅ ਵੀ ਨਹੀਂ ਸੀ।

ਗਵਾਹ ਖੁੱਲ੍ਹੇ ਮਾਹੌਲ ਵਿਚ ਨਿਰਪੱਖਤਾ ਨਾਲ ਸੋਚ ਸਕਣ, ਇਸ ਲਈ ਪੇਸ਼ੀ ਨੂੰ ਇਕ ਹਫ਼ਤੇ ਲਈ ਅਗਾਂਹ ਖਿਸਕਾ ਦਿੱਤਾ ਗਿਆ।



# 26

ਦਸ ਵਜਦਿਆਂ ਹੀ ਅਦਾਲਤੀ ਕਾਰਵਾਈ ਸ਼ੁਰੂ ਹੋ ਗਈ।

ਗਿਆਨ ਸਿੰਘ ਦੀ ਸਹਾਇਤਾ ਲਈ ਜ਼ਿਲ੍ਹਾ ਅਟਾਰਨੀ ਹਾਜ਼ਰ ਸੀ। ਜ਼ਿਲ੍ਹਾ ਅਟਾਰਨੀ ਦੀ ਸਹਾਇਤਾ ਲਈ ਇਕ ਬੁੱਢਾ ਕਲਰਕ।

ਕਲਰਕ ਦੇ ਹੱਥ ਵਿਚ ਮੋਟੀ ਸਾਰੀ ਮਿਸਲ ਸੀ। ਮਿਸਲ ਨੂੰ ਸੱਜ-ਵਿਆਹੀ ਵਹੁਟੀ ਵਾਂਗ ਸਜਾਇਆ ਗਿਆ ਸੀ। ਅੱਜ ਭੁਗਤਣ ਵਾਲੇ ਗਵਾਹਾਂ ਦੇ ਬਿਆਨਾਂ 'ਤੇ ਰੰਗ-ਬਰੰਗੇ ਫਲੈਗ ਲਗਾਏ ਗਏ ਸਨ। ਹਰ ਫ਼ਲੈਗ 'ਤੇ ਗਵਾਹ ਦਾ ਨਾਂ ਲਿਖਿਆ ਗਿਆ ਸੀ।

ਮੇਜ਼ 'ਤੇ ਕੁਝ ਕਿਤਾਬਾਂ ਵੀ ਸਜਾਈਆਂ ਗਈਆਂ ਸਨ। ਹਰ ਪੁਸਤਕ ਦੇ ਕੁਝ ਵਿਸ਼ੇਸ਼ ਪੰਨਿਆਂ ਵਿਚਕਾਰ ਕਾਗ਼ਜ਼ ਫਸਾਇਆ ਗਿਆ ਸੀ। ਲੋੜ ਪੈਣ 'ਤੇ ਪੰਨਾ ਤੁਰੰਤ ਕੱਢਿਆ ਜਾ ਸਕੇ, ਇਸ ਸਹੂਲਤ ਦਾ ਧਿਆਨ ਰੱਖਿਆ ਗਿਆ ਸੀ।

ਜਿਉਂ ਹੀ ਮੁਸ਼ਤਾਕ ਅਲੀ ਗਵਾਹ ਨੂੰ ਹਾਜ਼ਰ ਹੋਣ ਲਈ ਆਵਾਜ਼ ਪਈ, ਬੁੱਢੇ ਬਾਬੂ ਨੇ ਫ਼ਲੈਗ ਤੋਂ ਅਲੀ ਦਾ ਨਾਂ ਪੜ੍ਹਿਆ, ਬਿਆਨ ਵਾਲਾ ਪੰਨਾ ਕੱਢਿਆ ਅਤੇ ਬੜੇ ਅਦਬ ਨਾਲ ਮਿਸਲ ਸਪੈਸ਼ਲ ਪੀ.ਪੀ. ਦੇ ਅੱਗੇ ਰੱਖ ਦਿੱਤੀ।

ਗਿਆਨ ਸਿੰਘ ਕਈ ਦਿਨਾਂ ਤੋਂ ਮਿਸਲ ਨੂੰ ਘੋਟਾ ਲਾਉਂਦਾ ਆ ਰਿਹਾ ਸੀ। ਬਿਆਨ ਦਾ ਅੱਖਰ-ਅੱਖਰ ਉਸ ਨੂੰ ਯਾਦ ਸੀ। ਫੇਰ ਵੀ ਰਸਮੀ ਕਾਰਵਾਈ ਪੂਰੀ ਕਰਨ ਲਈ ਉਸ ਨੇ ਬਿਆਨ 'ਤੇ ਨਜ਼ਰ ਮਾਰਨੀ ਸ਼ੁਰੂ ਕੀਤੀ।

ਪੁਲਿਸ ਅਨੁਸਾਰ ਮੁਸ਼ਤਾਕ ਅਲੀ ਪਿਛਲੇ ਤੀਹ ਸਾਲ ਤੋਂ ਸ਼ਹਿਰ ਵਿਚ ਪਹਿਰੇਦਾਰੀ ਕਰਦਾ ਸੀ। ਸ਼ਹਿਰ ਦੀ ਸੜਕ-ਸੜਕ ਅਤੇ ਗਲੀ-ਗਲੀ ਦਾ ਉਹ ਵਾਕਿਫ਼ ਸੀ। ਸੜਕ 'ਤੇ ਘੁੰਮਣ ਵਾਲੇ ਓਪਰੇ ਬੰਦੇ ਨੂੰ ਉਹ ਤੋਰ ਤੋਂ ਹੀ ਪਛਾਣ ਲੈਂਦਾ ਸੀ।

ਵਕੂਏ ਵਾਲੇ ਦਿਨ ਉਸ ਦੀ ਡਿਊਟੀ ਹਸਪਤਾਲ ਵਾਲੇ ਇਲਾਕੇ ਵਿਚ ਸੀ। ਰਾਤ ਦੇ ਗਿਆਰਾਂ ਕੁ ਵਜੇ ਦੋ ਆਦਮੀ ਉਸ ਨੂੰ ਮਿਲੇ ਸਨ। ਤੇਜ਼-ਕਦਮੀਂ ਉਹ ਹਸਪਤਾਲ ਦੇ ਅਹਾਤੇ ਵੱਲ ਜਾ ਰਹੇ ਸਨ। ਇਕ ਦੀ ਕੁੱਛੜ ਵਿਚ ਬੋਰੀ ਸੀ। ਬੋਰੀ ਵਿਚ ਕੁਝ ਲਪੇਟਿਆ ਹੋਇਆ ਸੀ।

ਖੰਭੇ ਦੀ ਰੌਸ਼ਨੀ ਵਿਚ ਪਹਿਰੇਦਾਰ ਨੇ ਦੋਹਾਂ ਨੂੰ ਘੇਰ ਲਿਆ। ਕਿਥੋਂ ਆਏ ਹੋ ? ਕਿਧਰ ਜਾਣਾ ਹੈ ? ਅਜਿਹੇ ਸਾਰੇ ਰਸਮੀ ਸਵਾਲ ਉਸ ਨੇ ਪੁੱਛੇ ਸਨ। ਇਕ ਨੇ ਆਪਣਾ ਨਾਂ ਪਾਲਾ ਅਤੇ ਦੂਜੇ ਨੇ ਮੀਤਾ ਦੱਸਿਆ ਸੀ। ਉਹ ਗੱਡੀਉਂ ਉਤਰ ਕੇ ਆਏ ਸਨ। ਉਹਨਾਂ ਧਾਨਕਿਆਂ ਦੀ ਬਸਤੀ ਜਾਣਾ ਸੀ।

ਪਹਿਰੇਦਾਰ ਦੀ ਤਸੱਲੀ ਹੋ ਗਈ। ਗੱਡੀ ਦਾ ਸਮਾਂ ਸੀ। ਦੇਖਣ ਨੂੰ ਵੀ ਉਹ ਧਾਨਕਿਆਂ ਦੇ ਹੀ ਮੁੰਡੇ ਲੱਗਦੇ ਸਨ। ਜਿਸ ਦਿਸ਼ਾ ਵੱਲ ਜਾ ਰਹੇ ਸਨ, ਉਧਰ ਚੋਰੀ ਹੋਣ ਦੀ ਸੰਭਾਵਨਾ ਨਹੀਂ ਸੀ।

ਬਸਤੀ ਵਿਚ ਦਿਨੇ ਕੁਝ ਨਹੀਂ ਲੱਭਦਾ, ਰਾਤ ਨੂੰ ਕੀ ਲੱਭਣਾ ਸੀ ?

ਪਹਿਰੇਦਾਰ ਨੇ ਬਿਨਾਂ ਰੋਕ-ਟੋਕ ਦੇ ਉਹਨਾਂ ਨੂੰ ਹਸਪਤਾਲ ਵੱਲ ਜਾਣ ਦਿੱਤਾ ਸੀ।

ਉਸ ਰਾਤ ਪਹਿਰੇਦਾਰ ਨੂੰ ਜਿਹੜੇ ਬੰਦੇ ਮਿਲੇ ਸਨ ਉਹ ਉਹੋ ਸਨ, ਜਿਹੜੇ ਅੱਜ ਦੋਸ਼ੀਆਂ ਦੇ ਕਟਹਿਰੇ ਵਿਚ ਖੜੇ ਸਨ। ਜਿਸ ਬੋਰੀ ਵਿਚੋਂ ਬੰਟੀ ਦੀ ਲਾਸ਼ ਮਿਲੀ ਸੀ, ਉਹ ਵੀ ਉਹੋ ਸੀ, ਜਿਹੜੀ ਇਹਨਾਂ ਵਿਚੋਂ ਇਕ ਨੇ ਆਪਣੀ ਕੁੱਛੜ ਦਿੱਤੀ ਹੋਈ ਸੀ।

ਇਹ ਗਵਾਹ ਮੁਦੱਈ ਧਿਰ ਲਈ ਬਹੁਤ ਅਹਿਮ ਸੀ, ਪਰ ਸੀ ਇਹ ਸੰਮਤੀ-ਪੱਖੀ। ਪਹਿਲਾਂ ਵੀ ਇਹ ਸੰਮਤੀ ਦੇ ਕਬਜ਼ੇ ਵਿਚ ਰਿਹਾ ਸੀ। ਹੁਣ ਵੀ 'ਹੋਮ' ਵਿਚੋਂ ਆਇਆ ਸੀ।

ਗਿਆਨ ਸਿੰਘ ਦਾ ਤਜਰਬਾ ਆਖਦਾ ਸੀ ਕਿ ਸਫ਼ਾਈ ਧਿਰ ਦਾ ਨਮਕ ਖਾਣ ਵਾਲਾ ਗਵਾਹ ਮੁਦੱਈ ਧਿਰ ਦੇ ਹੱਕ ਵਿਚ ਕਦੇ ਵੀ ਨਹੀਂ ਭੁਗਤਦਾ। ਫੇਰ ਵੀ ਆਸ ਦੀ ਇਕ ਕਿਰਨ ਉਸ ਨੂੰ ਦਿਖਾਈ ਦਿੰਦੀ ਸੀ।

ਪੁਲਿਸ ਅਤੇ ਪਹਿਰੇਦਾਰ ਇਕੋ ਸਿੱਕੇ ਦੇ ਦੋ ਪਾਸੇ ਸਨ। ਇਕ ਦੀ ਦੂਜੇ ਬਿਨਾਂ ਗਤੀ ਨਹੀਂ ਸੀ ਹੁੰਦੀ। ਪੁਲਿਸ ਨੇ ਪਹਿਰੇਦਾਰ ਤੋਂ ਸ਼ੱਕੀ ਬੰਦਿਆਂ ਦੀ ਮੁਖ਼ਬਰੀ ਲੈਣੀ ਹੁੰਦੀ ਸੀ ਤੇ ਬਦਲੇ ਵਿਚ ਪਹਿਰੇਦਾਰ ਨੇ ਸੁਰੱਖਿਆ। ਪਹਿਰੇਦਾਰ ਦੇ ਸਿਰ 'ਤੇ ਪੁਲਿਸ ਦਾ ਹੱਥ ਨਾ ਹੋਵੇ ਤਾਂ ਚੋਰ-ਉਚੱਕੇ ਆਥਣ ਨੂੰ ਉਸ ਦਾ ਭੁੱਗਾ ਕੁੱਟ ਦੇਣ। ਗਿਆਨ ਸਿੰਘ ਨੂੰ ਉਮੀਦ ਸੀ, ਪਹਿਰੇਦਾਰ ਸਮੁੰਦਰ 'ਚ ਰਹਿ ਕੇ ਮਗਰਮੱਛ ਨਾਲ ਦੁਸ਼ਮਣੀ ਮੁੱਲ ਨਹੀਂ ਲਏਗਾ।

ਆਸ਼ਾ-ਨਿਰਾਸ਼ਾ ਦੀਆਂ ਘੁੰਮਣ-ਘੇਰੀਆਂ ਵਿਚ ਫਸਿਆ ਸਪੈਸ਼ਲ ਪੀ.ਪੀ. ਮੁਸ਼ਤਾਕ ਅਲੀ ਦਾ ਬਿਆਨ ਕਰਾਉਣ ਲੱਗਾ।

ਗਿਆਨ ਸਿੰਘ ਦੀ ਆਸ ਧਰੀ-ਧਰਾਈ ਰਹਿ ਗਈ।

ਮੁਸ਼ਤਾਕ ਅਲੀ ਮੁੱਕਰ ਜਾਂਦਾ ਤਾਂ ਕੋਈ ਅਣਹੋਣੀ ਗੱਲ ਨਾ ਹੁੰਦੀ ਪਰ ਉਸ ਦਾ ਬਿਆਨ ਪੁਲਿਸ ਕਹਾਣੀ ਨੂੰ ਜਿਹੜਾ ਨਵਾਂ ਮੋੜ ਕਟਾ ਗਿਆ, ਇਹ ਸਭ ਲਈ ਚਿੰਤਾ ਦਾ ਵਿਸ਼ਾ ਸੀ।

ਕਟਹਿਰੇ ਵਿਚ ਖੜੇ ਦੋਹਾਂ ਦੋਸ਼ੀਆਂ ਨੂੰ ਅਲੀ ਬਚਪਨ ਤੋਂ ਜਾਣਦਾ ਸੀ। ਜਦੋਂ ਉਹ ਚੋਰੀਆਂ ਕਰਿਆ ਕਰਦੇ ਸਨ ਤਾਂ ਕਈ ਵਾਰ ਪਹਿਰੇਦਾਰ ਦੇ ਹੱਥ ਆਏ ਸਨ। ਪਹਿਲਾਂ ਉਹ ਉਹਨਾਂ ਦੀ ਖ਼ੁਦ ਧੌੜੀ ਲਾਹੁੰਦਾ ਸੀ, ਫੇਰ ਪੁਲਿਸ ਦੇ ਹਵਾਲੇ ਕਰਦਾ ਸੀ। ਜੇ ਉਸ ਰਾਤ ਉਹ ਉਸ ਨੂੰ ਮਿਲੇ ਹੁੰਦੇ ਜਾਂ ਉਹਨਾਂ ਕੋਈ ਜੁਰਮ ਕੀਤਾ ਹੁੰਦਾ ਤਾਂ ਅਲੀ ਉਹਨਾਂ ਨੂੰ ਸੁੱਕੇ ਨਾ ਜਾਣ ਦਿੰਦਾ।

ਕੁਝ ਅਰਸੇ ਤੋਂ ਉਹ ਜਰਾਇਮ-ਪੇਸ਼ੇ ਨੂੰ ਤਿਆਗ ਚੁੱਕੇ ਸਨ। ਹਲਾਲ ਦੀ ਰੋਟੀ ਖਾਣ ਵਾਲੇ ਨੂੰ ਸੜਕਾਂ ਕੱਛਣ ਦੀ ਜ਼ਰੂਰਤ ਨਹੀਂ ਪੈਂਦੀ।

ਸੱਚ ਪੁੱਛੋ ਤਾਂ ਉਸ ਰਾਤ ਪਾਲੇ ਅਤੇ ਮੀਤੇ ਦੀ ਥਾਂ ਪੁਲਿਸ ਦੀ ਜੀਪ ਉਸ ਇਲਾਕੇ 'ਚ ਚੱਕਰ ਕੱਟਦੀ ਰਹੀ ਸੀ। ਪਹਿਲਾਂ ਜਦੋਂ ਵੀ ਕਦੇ ਪੁਲਿਸ ਪਹਿਰੇਦਾਰ ਨੂੰ ਮਿਲਦੀ ਤਾਂ 'ਸਭ ਅੱਛਾ' ਦੀ ਰਿਪੋਰਟ ਲੈਂਦੀ। ਉਸ ਦਿਨ ਜੀਪ ਪਹਿਰੇਦਾਰ ਤੋਂ ਕਿਨਾਰਾ ਕਰਦੀ ਰਹੀ। ਆਖ਼ਰੀ ਚੱਕਰ 'ਚ ਜੀਪ ਡੰਗਰਾਂ ਦੇ ਹਸਪਤਾਲ ਗਈ ਅਤੇ ਕਾਫ਼ੀ ਦੇਰ ਉਥੇ ਰੁਕੀ ਰਹੀ।

ਉਹਨੀਂ ਦਿਨੀਂ ਸ਼ਹਿਰ 'ਚ ਕਰਫ਼ਿਊ ਲੱਗਾ ਹੋਇਆ ਸੀ। ਕਿਸੇ ਐਰੇ-ਗ਼ੈਰੇ ਬੰਦੇ ਦਾ ਸੜਕਾਂ 'ਤੇ ਘੁੰਮਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਨਾ ਉਸ ਰਾਤ ਪਾਲਾ ਅਤੇ ਮੀਤਾ ਉਸ ਨੂੰ ਮਿਲੇ ਸਨ ਨਾ ਪੁਲਿਸ ਕੋਲ ਉਸ ਨੇ ਕੋਈ ਬਿਆਨ ਦਿੱਤਾ ਸੀ।

ਅਲੀ ਨੂੰ ਸ਼ੱਕ ਸੀ ਕਿ ਇਹ ਲਾਸ਼ ਪੁਲਿਸ ਨੇ ਉਥੇ ਸੁੱਟੀ ਸੀ।



ਮਰੇ-ਮੁੱਕਰੇ ਦਾ ਕੋਈ ਇਲਾਜ ਨਹੀਂ ਹੁੰਦਾ। ਫ਼ਜ਼ੂਲ ਦੇ ਸਵਾਲ ਪੁੱਛ ਕੇ ਗਿਆਨ ਸਿੰਘ ਸਮਾਂ ਬਰਬਾਦ ਕਰਨਾ ਨਹੀਂ ਸੀ ਚਾਹੁੰਦਾ।

ਸਫ਼ਾਈ ਧਿਰ ਦਾ ਬੁੱਤਾ ਉਂਝ ਹੀ ਸਰ ਗਿਆ।

ਝੱਟ ਅਗਲੇ ਗਵਾਹ ਨੂੰ ਬੁਲਾਇਆ ਗਿਆ।

ਅਗਲਾ ਗਵਾਹ ਤਾਰਾ ਮਸੀਹ ਸੀ, ਜੋ ਹਸਪਤਾਲ ਦਾ ਚੌਕੀਦਾਰ ਸੀ। ਉਹ ਵੀ ਅਬਜ਼ਰਵੇਸ਼ਨ ਹੋਮ ਵਿਚੋਂ ਆਇਆ ਸੀ। ਉਸ ਵੱਲੋਂ ਬੋਲੀ ਜਾਣ ਵਾਲੀ ਬੋਲੀ ਦਾ ਕਿਆਸ ਵੀ ਗਿਆਨ ਸਿੰਘ ਭਲੀ ਪ੍ਰਕਾਰ ਲਾ ਸਕਦਾ ਸੀ।

ਪੁਲਿਸ ਬਿਆਨ ਅਨੁਸਾਰ ਉਸ ਰਾਤ ਚੌਕੀਦਾਰ ਨੇ ਦੋ ਸ਼ੱਕੀ ਬੰਦਿਆਂ ਨੂੰ ਹਸਪਤਾਲ ਦੇ ਉਜਾੜ ਕਮਰਿਆਂ ਵਿਚੋਂ ਨਿਕਲੇ ਦੇਖਿਆ ਸੀ। ਚੌਕੀਦਾਰ ਨੇ ਉਹਨਾਂ ਦਾ ਪਿੱਛਾ ਕੀਤਾ ਸੀ। ਹੱਥੋਪਾਈ ਹੋਈ ਸੀ। ਬੰਦੇ ਤਾਂ ਭੱਜ ਗਏ ਪਰ ਨਿਸ਼ਾਨੀ ਪਿੱਛੇ ਛੱਡ ਗਏ। ਇਕ ਦਾ ਬਟੂਆ ਡਿੱਗਾ ਸੀ ਅਤੇ ਦੂਜੇ ਦੀ ਪੱਗ। ਬਟੂਏ ਵਿਚੋਂ ਮੀਤੇ ਦੀ ਫ਼ੋਟੋ ਨਿਕਲੀ ਸੀ। ਪੱਗ ਦੀ ਪਛਾਣ ਲਲਾਰੀ ਨੇ ਕੀਤੀ ਸੀ। ਉਹ ਪਾਲੇ ਦੀ ਸੀ।

ਮੁਦੱਈ ਧਿਰ ਲਈ ਇਹ ਗਵਾਹ ਵੀ ਬੜਾ ਅਹਿਮ ਸੀ। ਆਪਣੇ ਬਿਆਨ ਤੋਂ ਤਾਂ ਇਹ ਮੁੱਕਰੇਗਾ ਹੀ, ਕਿਧਰੇ ਇਹ ਵੀ ਅਲੀ ਦੇ ਰਾਹ ਨਾ ਤੁਰ ਪਏ। ਗਿਆਨ ਸਿੰਘ ਨੂੰ ਇਹੋ ਫ਼ਿਕਰ ਸੀ।

ਜ਼ਿਲ੍ਹਾ ਅਟਾਰਨੀ ਸਪੈਸ਼ਲ ਪੀ.ਪੀ. ਦੀ ਪਿੱਠ ਥਾਪੜ ਰਿਹਾ ਸੀ। ਇਹ ਗਵਾਹ ਸਰਕਾਰ ਦੇ ਹੱਕ ਵਿਚ ਭੁਗਤੇਗਾ, ਉਹ ਯਕੀਨ ਦਿਵਾ ਰਿਹਾ ਸੀ।

ਸਖ਼ਤ ਪਹਿਰੇ ਦੇ ਬਾਵਜੂਦ ਵੀ ਪੁਲਿਸ ਉਸ ਨਾਲ ਹੋਮ ਵਿਚ ਸੰਪਰਕ ਕਾਇਮ ਕਰ ਚੁੱਕੀ ਸੀ। ਗਵਾਹ ਨੂੰ ਸਮਝਾਇਆ ਵੀ ਗਿਆ ਸੀ ਅਤੇ ਡਰਾਇਆ ਵੀ। ਜੇ ਉਹ ਸਹੀ ਭੁਗਤ ਗਿਆ ਤਾਂ ਸਰਕਾਰ ਵੱਲੋਂ ਇਨਾਮ ਮਿਲੇਗਾ, ਮੁੱਕਰ ਗਿਆ ਤਾਂ ਹੱਥਕੜੀ।

ਉਸ ਨੂੰ ਇਸ ਕੇਸ ਵਿਚ ਉਲਝਾਉਣਾ ਬਹੁਤ ਆਸਾਨ ਸੀ।

ਉਹ ਹਸਪਤਾਲ ਦਾ ਚੌਕੀਦਾਰ ਸੀ। ਰਾਤ ਨੂੰ ਪਹਿਰਾ ਦੇਣਾ ਉਸ ਦੀ ਡਿਊਟੀ ਸੀ। ਚੌਕੀਦਾਰ ਦੇ ਹਾਜ਼ਰ ਹੁੰਦਿਆਂ ਹਸਪਤਾਲ ਵਿਚ ਲਾਸ਼ ਕਿਵੇਂ ਆਈ ? ਚੌਕੀਦਾਰ ਖ਼ੁਦ ਕਾਤਲ ਸੀ ਜਾਂ ਕਾਤਲਾਂ ਨਾਲ ਮਿਲਿਆ ਹੋਇਆ ਸੀ।

ਚੌਕੀਦਾਰ ਨੂੰ ਸਮਝਾਉਣ ਵਾਲੇ ਉਸ ਦੇ ਅਫ਼ਸਰ ਨੂੰ ਵੀ ਕਚਹਿਰੀ ਵਿਚ ਬੁਲਾਇਆ ਗਿਆ ਸੀ। ਅਫ਼ਸਰ ਦੇ ਹਾਜ਼ਰ-ਨਾਜ਼ਰ ਹੁੰਦਿਆਂ ਉਹ ਭਲਾ ਪੁਲਿਸ ਬਿਆਨ ਦੀ ਪੁਸ਼ਟੀ ਕਿਉਂ ਨਹੀਂ ਕਰੇਗਾ ?

ਹੋਇਆ ਉਹੋ ਜਿਸ ਦੀ ਗਿਆਨ ਸਿੰਘ ਨੂੰ ਤਵੱਕੋ ਸੀ। ਤਾਰਾ ਮਸੀਹ ਨੇ ਨਾ ਧਮਕੀਆਂ ਦੀ ਪਰਵਾਹ ਕੀਤੀ ਨਾ ਅਫ਼ਸਰ ਦੀ ਹਾਜ਼ਰੀ ਦੀ।

ਉਲਟਾ ਉਸ ਨੇ ਠੋਕ-ਵਜਾ ਕੇ ਮੁਸ਼ਤਾਕ ਅਲੀ ਵੱਲੋਂ ਸਿਰਜੀ ਕਹਾਣੀ ਦੀ ਪੁਸ਼ਟੀ ਕਰਨੀ ਸ਼ੁਰੂ ਕਰ ਦਿੱਤੀ।

ਵਕੂਏ ਵਾਲੇ ਦਿਨ ਦੋਸ਼ੀਆਂ ਦੀ ਥਾਂ ਪੁਲਿਸ ਹਸਪਤਾਲ ਆਈ ਸੀ। ਚੌਕੀਦਾਰ ਨੂੰ ਜਾਗਦਾ ਦੇਖ ਕੇ ਉਹ ਘਬਰਾਈ ਸੀ। ਚਾਹ ਬਣਾਉਣ ਦੇ ਬਹਾਨੇ ਚੌਕੀਦਾਰ ਨੂੰ ਉਥੋਂ ਟਾਲਿਆ ਗਿਆ ਸੀ। ਜਦੋਂ ਤਕ ਉਹ ਚਾਹ ਬਣਾ ਕੇ ਲਿਆਇਆ, ਪੁਲਿਸ ਜਾ ਚੁੱਕੀ ਸੀ। ਚੌਕੀਦਾਰ ਦਾ ਮੱਥਾ ਉਦੋਂ ਹੀ ਠਣਕ ਗਿਆ ਸੀ। ਪੁਲਿਸ ਉਸ ਨੂੰ ਫਸਾਉਣ ਲਈ ਕਿਧਰੇ ਕੁਝ ਸੁੱਟ ਹੀ ਨਾ ਗਈ ਹੋਵੇ, ਉਸ ਨੇ ਇਧਰ-ਉਧਰ ਝਾਤ ਮਾਰੀ ਸੀ। ਉਸ ਨੂੰ ਕਮਰੇ ਦੀ ਇਕ ਨੁੱਕਰ ਵਿਚ ਪਈ ਬੋਰੀ ਓਪਰੀ-ਓਪਰੀ ਜਿਹੀ ਲੱਗੀ ਸੀ ਪਰ ਮਸੀਹ ਨੇ ਬੋਰੀ ਵੱਲ ਬਹੁਤਾ ਧਿਆਨ ਨਹੀਂ ਸੀ ਦਿੱਤਾ।

ਪੁਲਿਸ ਦੀ ਜੀਪ ਜਾਣ ਦੇ ਘੰਟਾ ਬਾਅਦ ਹੀ ਉਥੇ ਪਹਿਰਾ ਲੱਗ ਗਿਆ। ਫੇਰ ਪੁਲਿਸ ਨੇ ਖ਼ੁਦ ਹੀ ਸ਼ੋਰ ਮਚਾਇਆ, "ਬੰਟੀ ਦੀ ਲਾਸ਼ ਲੱਭ ਪਈ, ਬੰਟੀ ਦੀ ਲਾਸ਼ ਲੱਭ ਪਈ।"

ਚੌਕੀਦਾਰ ਨੇ ਕੋਈ ਕੁਤਾਹੀ ਨਹੀਂ ਸੀ ਕੀਤੀ। ਨਾ ਓਥੇ ਕੋਈ ਓਪਰਾ ਬੰਦਾ ਆਇਆ ਸੀ, ਨਾ ਉਸ ਦੀ ਕਿਸੇ ਨਾਲ ਹੱਥੋਪਾਈ ਹੋਈ ਸੀ। ਨਾ ਕਿਸੇ ਦਾ ਬਟੂਆ ਡਿੱਗਾ ਸੀ ਨਾ ਪੱਗ।

ਤਾਰਾ ਮਸੀਹ ਦੇ ਬਿਆਨ ਨਾਲ ਗਿਆਨ ਸਿੰਘ ਦੇ ਮਨੋਂ ਭੁਲੇਖਾ ਨਿਕਲ ਗਿਆ। ਸਫ਼ਾਈ ਧਿਰ ਦੇ ਵਕੀਲ ਨਾ ਨਵੇਂ ਸਨ ਨਾ ਅਨਾੜੀ। ਬੜੀ ਸੂਝ-ਬੂਝ ਨਾਲ ਉਹ ਕੇਸ ਲੜ ਰਹੇ ਸਨ। ਮੁਦੱਈ ਦੀਆਂ ਜੁੱਤੀਆਂ ਨਾਲ ਹੀ ਮੁਦੱਈ ਦਾ ਸਿਰ ਕੁੱਟ ਰਹੇ ਸਨ।

"ਮੁਰਦਾ ਬੋਲੂ ਖੱਫਣ ਪਾੜੂ।" ਸਮਝੇ ਸਮਝਾਏ ਗਵਾਹ ਤੋਂ ਹੋਰ ਸਵਾਲ ਪੁੱਛਣਾ ਖ਼ਤਰਨਾਕ ਸਿੱਧ ਹੋ ਸਕਦਾ ਸੀ। ਢੋਲ ਨੂੰ ਢੱਕਿਆ ਹੀ ਰਹਿਣ ਦੇਣਾ ਚਾਹੀਦਾ ਸੀ।

ਅਗਲੇ ਸਾਰੇ ਗਵਾਹ ਸੰਘ ਦੇ ਆਪਣੇ ਸਨ। ਇੱਟ ਵਰਗੇ ਪੱਕੇ। ਉਹਨਾਂ ਦੇ ਸਹੀ ਭੁਗਤਣ ਨਾਲ ਦੋਸ਼ੀਆਂ ਨੂੰ ਸਜ਼ਾ ਹੋਣ ਦੀ ਸੰਭਾਵਨਾ ਬਣ ਸਕਦੀ ਸੀ। ਗਿਆਨ ਸਿੰਘ ਉਹਨਾਂ ਗਵਾਹਾਂ ਵੱਲ ਧਿਆਨ ਕੇਂਦਰਤ ਕਰਨ ਲੱਗਾ।

ਸੌ ਫ਼ੀਸਦੀ ਸਰਕਾਰ ਦੇ ਹੱਕ ਵਿਚ ਭੁਗਤਣ ਵਾਲੇ ਪਹਿਲੇ ਗਵਾਹ ਦਾ ਨਾਂ ਰਾਮ ਸਰੂਪ ਸੀ।

ਉਹ ਬਰਾਮਦਗੀ ਦਾ ਗਵਾਹ ਸੀ।

ਗ੍ਰਿਫ਼ਤਾਰੀ ਪਿੱਛੋਂ ਦੋਸ਼ੀਆਂ ਦੀ ਪੁੱਛ-ਗਿੱਛ ਉਸੇ ਸਾਹਮਣੇ ਹੋਈ ਸੀ।

ਪੁੱਛ-ਗਿੱਛ ਦੌਰਾਨ ਪਹਿਲਾਂ ਪਾਲੇ ਨੇ ਇਕਬਾਲ ਕੀਤਾ ਸੀ। ਉਹ ਰਾਡ ਜਿਸ ਨਾਲ ਬੰਟੀ ਮਾਰਿਆ ਗਿਆ ਸੀ, ਉਸ ਨੇ ਸ਼ਹਿਰ ਦੇ ਬਾਹਰਲੇ ਭੱਠੇ ਦੇ ਖੰਡਰਾਂ ਵਿਚ ਛੁਪਾ ਰੱਖੀ ਸੀ। ਉਸ ਬਾਰੇ ਕੇਵਲ ਉਸੇ ਨੂੰ ਪਤਾ ਸੀ। ਨਿਸ਼ਾਨਦੇਹੀ ਕਰਕੇ ਬਰਾਮਦ ਕਰਵਾ ਸਕਦਾ ਸੀ।

ਫੇਰ ਜ਼ੇਰ ਹਿਰਾਸਤ ਪੁਲਿਸ ਅੱਗੇ-ਅੱਗੇ ਚੱਲ ਕੇ ਪਾਲੇ ਨੇ ਉਹ ਰਾਡ ਬਰਾਮਦ ਕਰਾਈ ਸੀ। ਉਹ ਰਾਡ ਅੱਜ ਅਦਾਲਤ ਵਿਚ ਹਾਜ਼ਰ ਸੀ।

ਇਸੇ ਤਰ੍ਹਾਂ ਮੀਤੇ ਨੇ ਬਿਆਨ ਦਿੱਤਾ ਸੀ। ਬੰਟੀ ਦੀ ਉਹ ਵਰਦੀ ਜਿਹੜੀ ਅਗਵਾ ਸਮੇਂ ਉਸ ਨੇ ਪਹਿਨ ਰੱਖੀ ਸੀ, ਮੀਤੇ ਨੇ ਮੋਮੀ ਕਾਗ਼ਜ਼ ਵਿਚ ਲਪੇਟ ਕੇ ਆਪਣੇ ਘਰ ਦੇ ਵਿਹੜੇ ਵਿਚ ਦੱਬ ਰੱਖੀ ਸੀ।

ਫੇਰ ਪੁਲਿਸ ਰਾਮ ਸਰੂਪ ਸਮੇਤ ਮੀਤੇ ਦੇ ਘਰ ਗਈ ਸੀ। ਮੀਤੇ ਨੇ ਦੱਸੀ ਹੋਈ ਥਾਂ ਤੋਂ ਵਰਦੀ ਬਰਾਮਦ ਕਰਾਈ ਸੀ। ਵਰਦੀ ਨੂੰ ਰਾਮ ਸਰੂਪ ਨੇ ਬੰਟੀ ਦੀ ਹੋਣਾ ਸ਼ਨਾਖ਼ਤ ਕੀਤਾ ਸੀ।

ਰਟੇ-ਰਟਾਏ ਬਿਆਨ ਨੂੰ ਹੂ-ਬਹੂ ਦੁਹਰਾਉਣ ਵਿਚ ਰਾਮ ਸਰੂਪ ਨੂੰ ਕੋਈ ਦਿੱਕਤ ਮਹਿਸੂਸ ਨਹੀਂ ਸੀ ਹੋਈ।

ਸਫ਼ਾਈ ਧਿਰ ਵੱਲੋਂ ਰਾਮ ਸਰੂਪ 'ਤੇ ਜਿਰਾਹ ਪਿਆਰੇ ਲਾਲ ਨੇ ਕਰਨੀ ਸੀ।

ਪਿਆਰੇ ਲਾਲ ਦਾ ਬਹੁਤਾ ਜ਼ੋਰ ਇਹ ਸਾਬਤ ਕਰਨ 'ਤੇ ਲੱਗਣਾ ਸੀ ਕਿ ਆਉਣ ਵਾਲੇ ਸਾਰੇ ਗਵਾਹ 'ਇਨਟਰੈਸਟਡ ਵਿਟਨੈਸ' ਸਨ। ('ਇਨਟਰੈਸਟਡ ਵਿਟਨੈਸ' ਅਜਿਹੇ ਗਵਾਹ ਨੂੰ ਆਖਿਆ ਜਾਂਦਾ ਹੈ, ਜਿਸ ਦੀ ਵਫ਼ਾਦਾਰੀ ਇਨਸਾਫ਼ ਨਾਲ ਘੱਟ ਪਰ ਉਸ ਧਿਰ ਨਾਲ ਜ਼ਿਆਦਾ ਹੁੰਦੀ ਹੈ ਜਿਸ ਵੱਲੋਂ ਉਹ ਗਵਾਹੀ ਦੇਣ ਆਇਆ ਹੁੰਦਾ ਹੈ। ਫ਼ੌਜਦਾਰੀ ਕੇਸਾਂ ਵਿਚ ਅਜਿਹੇ ਗਵਾਹਾਂ ਦੀ ਬਹੁਤੀ ਅਹਿਮੀਅਤ ਨਹੀਂ ਰਹਿੰਦੀ)।

ਪਹਿਲੀ ਲੜੀ ਦੇ ਸਾਰੇ ਪ੍ਰਸ਼ਨ ਇਸੇ ਉਦੇਸ਼ ਨੂੰ ਮੁੱਖ ਰੱਖ ਕੇ ਪੁੱਛੇ ਗਏ ਸਨ। ਸਭਨਾਂ



ਪ੍ਰਸ਼ਨਾਂ ਦਾ ਉੱਤਰ ਰਾਮ ਸਰੂਪ ਨੂੰ ਹਾਂ ਵਿਚ ਦੇਣਾ ਪਿਆ।

ਇਹ ਠੀਕ ਸੀ ਕਿ ਉਹ ਯੁਵਾ ਸੰਘ ਦਾ ਪ੍ਰਧਾਨ ਸੀ। ਯੁਵਾ ਸੰਘ ਦੀ ਨੀਂਹ ਲਾਲਾ ਜੀ ਨੇ ਰੱਖੀ ਸੀ। ਯੁਵਾ-ਸੰਘ ਬੰਟੀ ਦੇ ਅਗਵਾ ਹੋਣ ਤੋਂ ਲੈ ਕੇ ਹੁਣ ਤਕ ਪੂਰੀ ਤਰ੍ਹਾਂ ਇਸ ਕੇਸ ਨਾਲ ਜੁੜਿਆ ਰਿਹਾ ਸੀ। ਬੱਚੇ ਨੂੰ ਜਲਦੀ ਬਰਾਮਦ ਕੀਤਾ ਜਾਵੇ। ਪਹਿਲਾਂ ਇਸ ਮੁੱਦੇ ਨੂੰ ਲੈ ਕੇ ਸੰਘ ਨੇ ਸ਼ਹਿਰ ਵਿਚ ਹੜਤਾਲਾਂ ਕਰਵਾਈਆਂ, ਜਲਸੇ ਕੀਤੇ ਅਤੇ ਜਲੂਸ ਕੱਢੇ। ਪਾਲੇ ਅਤੇ ਮੀਤੇ ਦੀ ਗ੍ਰਿਫ਼ਤਾਰੀ 'ਤੇ ਸੰਘ ਨੇ ਜਸ਼ਨ ਮਨਾਏ। ਹੁਣ ਸੰਘ ਮੁਕੱਦਮੇ ਦੀ ਪੈਰਵਾਈ ਕਰ ਰਿਹਾ ਸੀ। ਪਹਿਲਾਂ-ਪਹਿਲ ਦੋਸ਼ੀਆਂ ਨੂੰ ਫਾਹੇ ਲਾਉਣ ਦੀ ਮੰਗ ਲੈ ਕੇ ਕਚਹਿਰੀ ਵਿਚ ਨਾਅਰੇਬਾਜ਼ੀ ਵੀ ਹੁੰਦੀ ਰਹੀ ਸੀ ਆਦਿ ।

ਦੂਜੀ ਲੜੀ ਦੇ ਪ੍ਰਸ਼ਨਾਂ ਨੇ ਇਹ ਸਾਬਤ ਕਰਨਾ ਸੀ ਕਿ ਰਾਮ ਸਰੂਪ ਨੇ ਇਸੇ ਉਦੇਸ਼ ਦੀ ਪ੍ਰਾਪਤੀ ਲਈ ਝੂਠ ਬੋਲਿਆ ਸੀ।

ਪਾਲੇ ਕੋਲੋਂ ਬਰਾਮਦ ਹੋਈ ਰਾਡ ਬਾਰੇ ਬਹੁਤੀ ਪੁਣ-ਛਾਣ ਦੀ ਜ਼ਰੂਰਤ ਨਹੀਂ ਸੀ। ਡਾਕਟਰ ਪਹਿਲਾਂ ਹੀ ਸਾਬਤ ਕਰ ਚੁੱਕਾ ਸੀ ਕਿ ਬਰਾਮਦ ਹੋਈ ਰਾਡ ਉਹ ਨਹੀਂ ਸੀ ਜਿਸ ਨਾਲ ਬੰਟੀ ਦੇ ਸੱਟ ਮਾਰੀ ਗਈ ਸੀ।

ਮੀਤੇ ਕੋਲੋਂ ਵਰਦੀ ਬਰਾਮਦ ਹੋਈ ਦਿਖਾ ਕੇ ਪੁਲਿਸ ਇਹ ਸਾਬਤ ਕਰਨਾ ਚਾਹੁੰਦੀ ਸੀ ਕਿ ਅਸਲ ਕਾਤਲ ਉਹੋ ਸਨ। ਕਾਤਲਾਂ ਦਾ ਵਰਦੀ ਲਾਹੁਣ ਦਾ ਮਕਸਦ ਬੱਚੇ ਦੀ ਸ਼ਨਾਖ਼ਤ ਛੁਪਾਉਣਾ ਸੀ।

ਪਰ ਸਿਆਣੀ ਪੁਲਿਸ ਅਤੇ ਚੁਸਤ ਗਵਾਹ ਇਹ ਭੁੱਲ ਗਏ ਸਨ ਕਿ ਅਸਲ ਵਰਦੀ ਪਹਿਲੇ ਦਿਨ ਹੀ ਲਾਲਾ ਜੀ ਦੇ ਘਰ ਪੁੱਜ ਚੁੱਕੀ ਸੀ।

ਰਾਮ ਸਰੂਪ ਦਾ ਮੁਖੌਟਾ ਉਤਾਰਨ ਲਈ ਪਿਆਰੇ ਲਾਲ ਵਿਅੰਗਮਈ ਸਵਾਲ ਪੁੱਛਣ ਲੱਗਾ :

ਪ੍ਰਸ਼ਨ : "ਸਕੂਲ ਜਾਂਦਾ ਬੱਚਾ ਇਕ ਵਰਦੀ ਪਹਿਨਦਾ ਹੈ ਜਾਂ ਦੋ ?"

ਉੱਤਰ : "ਇਕ।"

ਪ੍ਰਸ਼ਨ : "ਇਹ ਠੀਕ ਹੈ ਕਿ ਬੰਟੀ ਦੇ ਅਗਵਾਕਾਰਾਂ ਨੇ ਬੰਟੀ ਦਾ ਬਸਤਾ ਅਤੇ ਫਿਰੌਤੀ ਬਾਰੇ ਇਕ ਚਿੱਠੀ ਇਕ ਟੋਪੀਏ ਹੇਠ ਛੁਪਾ ਕੇ ਲਾਲਾ ਜੀ ਦੇ ਘਰ ਅੱਗੇ ਰੱਖ ਦਿੱਤੀ ਸੀ ?"

ਉੱਤਰ : "ਹਾਂ।"

ਪ੍ਰਸ਼ਨ : ਟੋਪੀਏ ਹੇਠੋਂ ਬਸਤੇ ਦੇ ਨਾਲ-ਨਾਲ ਬੰਟੀ ਦੀ ਇਕ ਵਰਦੀ ਵੀ ਮਿਲੀ ਸੀ। ਇਹ ਵੀ ਠੀਕ ਹੈ ?"

ਉੱਤਰ : "ਜੀ ਹਾਂ।"

ਪ੍ਰਸ਼ਨ : "ਫੇਰ ਬੰਟੀ ਦੀ ਅਸਲ ਵਰਦੀ ਤਾਂ ਉਸ ਦਿਨ ਬਰਾਮਦ ਹੋ ਗਈ ਸੀ। ਮੀਤੇ ਕੋਲ ਵਰਦੀ ਕਿਥੋਂ ਆਈ ?"

ਇਸ ਪ੍ਰਸ਼ਨ ਦਾ ਉੱਤਰ ਦਿੰਦੇ ਰਾਮ ਸਰੂਪ ਦੇ ਮੱਥੇ 'ਤੇ ਪਸੀਨੇ ਦੀਆਂ ਬੂੰਦਾਂ ਟਪਕ ਪਈਆਂ। ਉਸ ਦਾ ਸਰੀਰ ਕੰਬਣ ਲੱਗਾ। ਅੱਖਾਂ ਅੱਗੇ ਭੰਬੂ-ਤਾਰੇ ਨੱਚਣ ਲੱਗੇ। ਰਾਮ ਸਰੂਪ ਨੂੰ ਲੱਗਾ ਜਿਵੇਂ ਉਸ ਦਾ ਬਲੱਡ-ਪ੍ਰੈਸ਼ਰ ਇਕ ਦਮ ਵਧ ਗਿਆ ਹੋਵੇ। ਕਿਸੇ ਵੀ ਸਮੇਂ ਉਸ ਦਾ ਸਿਰ ਫਟ ਸਕਦਾ ਸੀ।

ਰਾਮ ਸਰੂਪ ਦਾ ਉੱਤਰ ਸੁਣਨ ਲਈ ਚਾਰੇ ਪਾਸੇ ਸੱਨਾਟਾ ਛਾ ਗਿਆ। ਲੱਗਦਾ ਸੀ ਜਿਵੇਂ ਕੁਝ ਪਲਾਂ ਲਈ ਵਕਤ ਰੁਕ ਗਿਆ ਹੋਵੇ।

"ਬੋਲ ਬਈ.....। ਹਾਂ ਜਾਂ ਨਾ ਵਿਚ ਉੱਤਰ ਦੇ।" ਜੱਜ ਗਵਾਹ ਨੂੰ ਬਹੁਤੀ ਦੇਰ ਖ਼ਾਮੋਸ਼

ਰਹਿਣ ਦੀ ਇਜਾਜ਼ਤ ਨਹੀਂ ਸੀ ਦੇ ਰਿਹਾ।

"ਇਸ ਬਾਰੇ ਮੈਨੂੰ ਕੀ ਪਤਾ ? ਮੈਨੂੰ ਤਾਂ ਇੰਨਾ ਪਤਾ ਬਈ ਇਹ ਵਰਦੀ ਬੰਟੀ ਦੀ ਹੈ।"

ਕੁਝ ਦੇਰ ਖ਼ਾਮੋਸ਼ ਰਹਿ ਕੇ ਵੀ ਜਦੋਂ ਰਾਮ ਸਰੂਪ ਨੂੰ ਕੋਈ ਢੁਕਵਾਂ ਉੱਤਰ ਨਾ ਸੁਝਿਆ ਤਾਂ ਉਸ ਨੇ ਗਿਆਨ ਸਿੰਘ ਵਾਲਾ ਫ਼ਾਰਮੂਲਾ ਅਜ਼ਮਾਇਆ ਸੀ। ਬਿਆਨ ਸਮਝਾਉਣ ਲੱਗਿਆਂ ਗਿਆਨ ਸਿੰਘ ਨੇ ਦੱਸਿਆ ਸੀ ਕਿ ਜਿਹੜੇ ਪ੍ਰਸ਼ਨ ਦਾ ਉੱਤਰ ਗਵਾਹ ਨੂੰ ਠੀਕ ਆਉਂਦਾ ਹੋਵੇ ਉਹ ਦੇ ਦੇਵੇ, ਜਿਸ ਪ੍ਰਸ਼ਨ ਦਾ ਉੱਤਰ ਨਾ ਆਉਂਦਾ ਹੋਵੇ ਜਾਂ ਜਿਹੜਾ ਪ੍ਰਸ਼ਨ ਭੰਬਲ-ਭੂਸਿਆਂ ਵਿਚ ਪਾਉਂਦਾ ਹੋਵੇ ਅਜਿਹੇ ਪ੍ਰਸ਼ਨ ਦੇ ਉੱਤਰ ਨੂੰ 'ਯਾਦ ਨਹੀਂ' ਆਖ ਕੇ ਟਾਲ ਦਿੱਤਾ ਜਾਵੇ।

ਅੱਗੇ ਪਿਆਰੇ ਲਾਲ ਵੀ ਪੀਰਾਂ ਦਾ ਪੀਰ ਸੀ। ਭਲਮਾਣਸੀ ਨਾਲ ਖਹਿੜਾ ਛੱਡਣ ਵਾਲਾ ਉਹ ਵੀ ਨਹੀਂ ਸੀ।

ਦੂਜੀ ਵਰਦੀ ਕਿਥੋਂ ਆਈ, ਇਸ ਬਾਰੇ ਰਾਮ ਸਰੂਪ ਨੂੰ ਚੰਗੀ ਤਰ੍ਹਾਂ ਪਤਾ ਸੀ। ਕਿਸੇ ਹੋਰ ਨੇ ਨਹੀਂ, ਰਾਮ ਸਰੂਪ ਨੇ ਖ਼ੁਦ ਇਹ ਵਰਦੀ ਲਾਲਾ ਜੀ ਦੇ ਘਰੋਂ ਖਿਸਕਾਈ ਸੀ। ਵਰਦੀ ਹਾਸਲ ਕਰ ਕੇ ਨਾਜ਼ਰ ਸਿੰਘ ਨੇ ਹਿੱਕ ਥਾਪੜ ਕੇ ਆਖਿਆ ਸੀ, "ਵਰਦੀ ਦੀ ਬਰਾਮਦਗੀ ਦਿਖਾ ਕੇ ਇਕ ਨੂੰ ਤਾਂ ਬੱਚੂ ਬਣਾ ਦੂੰ।"

ਉਸ ਸਮੇਂ ਰਾਮ ਸਰੂਪ ਨੂੰ ਕੀ ਪਤਾ ਸੀ ਕਿ ਕਚਹਿਰੀ ਵਿਚ ਉਸੇ ਨੂੰ ਬੱਚੂ ਬਣਨਾ ਪਊ।

ਰਾਮ ਸਰੂਪ ਦੇ ਮੂੰਹੋਂ ਊਟ-ਪਟਾਂਗ ਉੱਤਰ ਸੁਣ ਕੇ ਗਿਆਨ ਸਿੰਘ ਦਾ ਦਿਲ ਧੱਕ-ਧੱਕ ਕਰਨ ਲੱਗਾ। ਉਸ ਨੇ ਇਹ ਕੇਸ ਪ੍ਰਸਿੱਧੀ ਪ੍ਰਾਪਤ ਕਰਨ ਲਈ ਲਿਆ ਸੀ। ਲੱਗਦਾ ਸੀ ਕਾਲਖ਼ ਦਾ ਟਿੱਕਾ ਮੱਥੇ ਲੱਗੇਗਾ।

ਪੁਲਿਸ ਦੇ ਹੱਕ ਵਿਚ ਖੜੋਣ ਵਾਲਾ ਦੂਸਰਾ ਗਵਾਹ ਦੇਸ ਰਾਜ ਭਾਂਡਿਆਂ ਵਾਲਾ ਸੀ। ਉਹ ਵੀ ਲਾਲਾ ਜੀ ਦੇ ਭਗਤਾਂ ਵਿਚੋਂ ਇਕ ਸੀ।

ਪਿਆਰੇ ਲਾਲ ਗ਼ਫ਼ੂਰ ਮੀਆਂ ਵਾਲਾ ਫ਼ਾਰਮੂਲਾ ਦੇਸ ਰਾਜ 'ਤੇ ਵੀ ਲਾਗੂ ਕਰਨਾ ਚਾਹੁੰਦਾ ਸੀ। ਸ਼ਾਇਦ ਉਹ ਵੀ ਗੀਤਾ 'ਤੇ ਹੱਥ ਰੱਖ ਕੇ ਝੂਠ ਨਾ ਬੋਲੇ। ਲੋਕਾਂ ਨੂੰ ਧਰਮ ਦੇ ਰਸਤੇ ਚੱਲਣ ਦੀਆਂ ਨਸੀਹਤਾਂ ਦੇਣ ਵਾਲਾ ਖ਼ੁਦ ਕੁਰਾਹੇ ਪਏਗਾ ਇਸ ਦੀ ਪਿਆਰੇ ਲਾਲ ਨੂੰ ਆਸ ਨਹੀਂ ਸੀ। ਗੀਤਾ 'ਤੇ ਹੱਥ ਰੱਖ ਕੇ ਕੁਝ ਪਲਾਂ ਲਈ ਉਹ ਝਿਜਕਿਆ। ਝੱਟ ਹੀ ਸੰਭਲ ਗਿਆ। ਫੇਰ ਟੇਪ ਰਿਕਾਰਡ ਵਾਂਗ ਉਹ ਬਿਆਨ ਸੁਣਾਉਣ ਲੱਗਾ।

ਲਾਲਾ ਜੀ ਦੇ ਘਰ ਅੱਗੇ ਰੱਖਿਆ ਟੋਪੀਆ ਦੇਸ ਰਾਜ ਦੀ ਦੁਕਾਨ ਤੋਂ ਵਿਕਿਆ ਸੀ। ਖ਼ਰੀਦਣ ਵਾਲੇ ਨੇ ਟੋਪੀਏ 'ਤੇ ਆਪਣਾ ਨਾਂ ਖੁਦਵਾਇਆ ਸੀ। ਖ਼ਰੀਦਦਾਰ ਪਾਲਾ ਸੀ। ਪਾਲਾ ਦੇਸ ਰਾਜ ਦਾ ਪੁਰਾਣਾ ਗਾਹਕ ਸੀ। ਪਹਿਲਾਂ ਉਹ ਦੇਸ ਰਾਜ ਕੋਲ ਚੋਰੀ ਦਾ ਮਾਲ ਵੇਚਿਆ ਕਰਦਾ ਸੀ। ਇਹ ਟੋਪੀਆ ਪਾਲੇ ਨੇ ਬੰਟੀ ਦੇ ਅਗਵਾ ਹੋਣ ਤੋਂ ਦੋ ਦਿਨ ਪਹਿਲਾਂ ਖ਼ਰੀਦਿਆ ਸੀ। ਟੋਪੀਏ 'ਤੇ ਉਕਰੇ ਨਾਂ ਤੋਂ ਦੇਸ ਰਾਜ ਨੇ ਪਹਿਲਾਂ ਟੋਪੀਏ ਦੀ ਸ਼ਨਾਖ਼ਤ ਕੀਤੀ, ਫੇਰ ਖ਼ਰੀਦਦਾਰ ਦੀ।

ਜਿਰਾਹ ਵਿਚ ਦੇਸ ਰਾਜ ਨੂੰ ਮੰਨਣਾ ਪਿਆ ਕਿ ਉਸ ਦੀ ਥੋਕ ਦੀ ਦੁਕਾਨ ਸੀ। ਉਹ ਇਨਕਮ ਟੈਕਸ ਦਿੰਦਾ ਸੀ। ਸੇਲ ਟੈਕਸ ਭਰਦਾ ਸੀ। ਪਿੱਤਲ ਦੇ ਭਾਂਡਿਆਂ 'ਤੇ ਸੇਲ ਟੈਕਸ ਲੱਗਦਾ ਸੀ। ਜਿਸ ਚੀਜ਼ 'ਤੇ ਸੇਲ ਟੈਕਸ ਲੱਗਦਾ ਹੋਵੇ, ਉਸ ਦਾ ਬਿੱਲ ਕੱਟਣਾ ਪੈਂਦਾ ਸੀ। ਇਸ ਟੋਪੀਏ ਨੂੰ ਪਾਲੇ ਨੂੰ ਵੇਚਣ ਸੰਬੰਧੀ ਦੇਸ ਰਾਜ ਨੇ ਨਾ ਕੋਈ ਬਿੱਲ ਕੱਟਿਆ ਸੀ ਨਾ ਅਜਿਹੇ ਕਿਸੇ ਵਿਕਰੀ ਦਾ ਜ਼ਿਕਰ ਉਸ ਦੀਆਂ ਵਹੀਆਂ ਵਿਚ ਸੀ।

"ਬਿੱਲ ਕਿਉਂ ਨਹੀਂ ਕੱਟੇ ਗਏ ? ਇੰਦਰਾਜ ਕਿਉਂ ਨਹੀਂ ਹੋਏ ?"



ਇਸ ਦਾ ਉੱਤਰ ਦੇਸ ਰਾਜ ਕੋਲ ਨਹੀਂ, ਪਿਆਰੇ ਲਾਲ ਕੋਲ ਸੀ।

ਦੇਸ ਰਾਜ ਜਿਸ ਦਿਨ ਟੋਪੀਆ ਵੇਚਣ ਦੀ ਗੱਲ ਕਰ ਰਿਹਾ ਸੀ, ਉਸ ਦਿਨ ਉਹ ਇਸ ਸ਼ਹਿਰ ਵਿਚ ਹਾਜ਼ਰ ਨਹੀਂ ਸੀ। ਦੇਸ ਰਾਜ ਭਾਂਡੇ ਖ਼ਰੀਦਣ ਜਗਾਧਰੀ ਗਿਆ ਹੋਇਆ ਸੀ। ਉਥੇ ਉਹ ਦੋ ਦਿਨ ਰਿਹਾ ਸੀ। ਪਿਆਰੇ ਲਾਲ ਨੇ ਉਹਨਾਂ ਫ਼ਰਮਾਂ ਦੇ ਨਾਂ ਦੱਸੇ ਅਤੇ ਬਿੱਲਾਂ ਦੀਆਂ ਨਕਲਾਂ ਪੇਸ਼ ਕੀਤੀਆਂ, ਜਿਥੋਂ ਉਸ ਨੇ ਮਾਲ ਖ਼ਰੀਦਿਆ ਸੀ। ਸੇਲ ਟੈਕਸ ਦੇ ਉਹ ਫ਼ਾਰਮ ਵੀ ਪੇਸ਼ ਕੀਤੇ, ਜਿਹੜੇ ਉਸ ਨੇ ਜਗਾਧਰੀ ਦੀਆਂ ਫ਼ਰਮਾਂ ਨੂੰ ਦਿੱਤੇ ਸਨ ਅਤੇ ਜਿਨ੍ਹਾਂ ਉਪਰ ਉਸ ਦੇ ਦਸਤਖ਼ਤ ਸਨ।

ਦੇਸ ਰਾਜ ਨੂੰ ਝੂਠਾ ਸਾਬਤ ਕਰਨ ਲਈ ਹੋਰ ਵੀ ਸਬੂਤ ਪੇਸ਼ ਕੀਤੇ ਗਏ।

ਪਹਿਲਾਂ-ਪਹਿਲ ਇਸ ਕੇਸ ਦੀ ਤਫ਼ਤੀਸ਼ ਮਨਬੀਰ ਸਿੰਘ ਥਾਣੇਦਾਰ ਨੇ ਕੀਤੀ ਸੀ। ਪੈਸੇ ਬਟੋਰਨ ਲਈ ਉਸ ਨੇ ਪ੍ਰੈਸ ਅਤੇ ਭਾਂਡਿਆਂ ਵਾਲਿਆਂ ਨੂੰ ਥਾਣੇ ਬੁਲਾਇਆ ਸੀ। ਮਨਬੀਰ ਸਿੰਘ ਨੇ ਦੇਸ ਰਾਜ ਦਾ ਬਿਆਨ ਕਲਮਬੰਦ ਕੀਤਾ ਸੀ। ਉਸ ਸਮੇਂ ਦੇਸ ਰਾਜ ਨੇ ਜਗਾਧਰੀ ਜਾਣ ਦਾ ਬਹਾਨਾ ਘੜ ਕੇ ਆਪਣਾ ਖਹਿੜਾ ਛੁਡਾਇਆ ਸੀ। ਜੇ ਇਹ ਟੋਪੀਆ ਪਾਲੇ ਨੇ ਖ਼ਰੀਦਿਆ ਸੀ ਤਾਂ ਦੇਸ ਰਾਜ ਨੇ ਉਸ ਸਮੇਂ ਉਸ ਦਾ ਨਾਂ ਕਿਉਂ ਨਹੀਂ ਲਿਆ ?

ਭਾਂਡਿਆਂ ਵਾਲਿਆਂ ਨੇ ਮਨਬੀਰ ਦੀ ਧੱਕੇਸ਼ਾਹੀ ਵਿਰੁੱਧ ਜਲੂਸ ਕੱਢਿਆ ਸੀ। ਉਸ ਦੇ ਵਿਰੁੱਧ ਸ਼ਹਿਰ ਵਿਚ ਪੋਸਟਰ ਲੱਗੇ ਸਨ। ਪੋਸਟਰਾਂ ਵਿਚ ਹੋਰਾਂ ਤੋਂ ਇਲਾਵਾ ਦੇਸ ਰਾਜ ਦੇ ਵੀ ਦਸਤਖ਼ਤ ਸਨ। ਜੇ ਟੋਪੀਆ ਉਸੇ ਕੋਲੋਂ ਵਿਕਿਆ ਸੀ ਤਾਂ ਉਸ ਨੇ ਮਨਬੀਰ ਨੂੰ ਪੈਸੇ ਕਿਉਂ ਦਿੱਤੇ ? ਪਾਲੇ ਦਾ ਨਾਂ ਕਿਉਂ ਨਾ ਲਿਆ ?

ਕਿਸੇ ਵੀ ਪ੍ਰਸ਼ਨ ਦਾ ਦੇਸ ਰਾਜ ਕੋਲ ਉੱਤਰ ਨਹੀਂ ਸੀ।

ਸਿਰ ਸੁੱਟੀ ਉਹ ਉਸ ਘੜੀ ਨੂੰ ਕੋਸਦਾ ਰਿਹਾ ਜਿਸ ਘੜੀ ਉਸ ਨੇ ਗਵਾਹੀ ਪਾਉਣ ਲਈ ਹਾਂ ਕੀਤੀ ਸੀ।

ਕਮਲਾ ਪ੍ਰਿੰਟਿੰਗ ਪ੍ਰੈਸ ਵਾਲੇ ਕਮਲ ਪ੍ਰਸ਼ਾਦ ਨੇ ਵੀ ਪੁਲਿਸ ਕਹਾਣੀ ਦੀ ਹੀ ਤਾਈਦ ਕਰਨੀ ਸੀ।

ਜਿਨ੍ਹਾਂ ਲੈਟਰ-ਪੈਡਾਂ 'ਤੇ ਦੋਸ਼ੀਆਂ ਨੇ ਧਮਕੀ-ਪੱਤਰ ਲਿਖੇ ਸਨ, ਉਹ ਪੈਡ ਉਸੇ ਦੀ ਪ੍ਰੈਸ ਵਿਚ ਛਪੇ ਸਨ। ਪੈਡ ਮੀਤੇ ਨੇ ਛਪਵਾਏ ਸਨ। ਪੈਡ ਛਪਵਾਉਣ ਲਈ ਉਸ ਨੇ ਪਿਸਤੌਲ ਦੀ ਵਰਤੋਂ ਕੀਤੀ ਸੀ। ਲੋਕਾਂ ਨੂੰ ਧਮਕੀ-ਪੱਤਰ ਲਿਖ ਕੇ ਪੈਸੇ ਵਸੂਲਣ ਵਾਲੀਆਂ ਬੀਸੀਆਂ ਜਥੇਬੰਦੀਆਂ ਬਣੀਆਂ ਫਿਰਦੀਆਂ ਹਨ। ਕੋਈ ਇਹਨਾਂ ਦਾ ਆਖਾ ਨਾ ਮੰਨੇ, ਇਹ ਗੋਲੀ ਮਾਰ ਦਿੰਦੇ ਹਨ।

ਡਰਦੇ ਕਮਲ ਪ੍ਰਸ਼ਾਦ ਨੇ ਵੀ ਕਾਗ਼ਜ਼ ਛਾਪ ਦਿੱਤੇ। ਦਹਿਸ਼ਤਗਰਦਾਂ ਤੋਂ ਡਰਦਾ ਪਹਿਲਾਂ ਉਹ ਚੁੱਪ ਰਿਹਾ। ਗ੍ਰਿਫ਼ਤਾਰੀ ਬਾਅਦ ਉਸ ਨੇ ਮੀਤੇ ਨੂੰ ਪਛਾਣ ਲਿਆ।

ਕਮਲ ਪ੍ਰਸ਼ਾਦ 'ਤੇ ਜਿਰਾਹ ਕਰਨ ਦੀ ਵਾਰੀ ਮੋਹਨ ਜੀ ਦੀ ਸੀ।

ਕਮਲ ਪ੍ਰਸ਼ਾਦ ਨੇ ਮੰਨਿਆ ਕਈ ਸਾਲਾਂ ਤੋਂ ਉਹ ਸੇਵਾ ਸੰਮਤੀ ਦਾ ਪ੍ਰਧਾਨ ਚਲਿਆ ਆ ਰਿਹਾ ਸੀ। ਲਾਲਾ ਜੀ ਵੱਲੋਂ ਲਾਏ ਹਰ ਕੈਂਪ ਵਿਚ ਉਹ ਮੋਹਰੀ ਹੁੰਦਾ ਸੀ। ਸੇਵਾ ਸੰਮਤੀ ਵੱਲੋਂ ਛਾਪੇ ਜਾਂਦੇ ਸਭ ਇਸ਼ਤਿਹਾਰ ਉਸੇ ਦੀ ਪ੍ਰੈਸ ਤੋਂ ਛਪਦੇ ਸਨ। ਸੇਵਾ ਸੰਮਤੀ ਤੋਂ ਉਹ ਕੋਈ ਪੈਸਾ ਨਹੀਂ ਸੀ ਲੈਂਦਾ।

ਪ੍ਰੈਸ ਦਾ ਮਾਲਕ ਹੋਣ ਦੇ ਨਾਤੇ ਉਹ ਕਾਊਂਟਰ 'ਤੇ ਬੈਠਦਾ ਸੀ। ਕੰਪੋਜ਼ ਕਰਨਾ ਜਾਂ ਮਸ਼ੀਨ

ਚਲਾਉਣਾ ਉਸ ਦੇ ਵੱਸ ਦਾ ਰੋਗ ਨਹੀਂ ਸੀ। ਵਰਕਰਾਂ ਦੇ ਹੁੰਦੇ ਇਸ ਦੀ ਜ਼ਰੂਰਤ ਵੀ ਨਹੀਂ ਸੀ।

ਇਹ ਪੈਡ ਕੰਪੋਜ਼ ਕਿਸੇ ਹੋਰ ਵਰਕਰ ਨੇ ਕੀਤਾ ਸੀ ਅਤੇ ਛਾਪਿਆ ਕਿਸੇ ਹੋਰ ਵਰਕਰ ਨੇ ਸੀ। ਇਸ ਦੀ ਜਿਲਦਸਾਜ਼ੀ ਤੀਜੀ ਥਾਂ ਹੋਈ ਸੀ।

ਸਾਰੇ ਕੰਮ ਲਈ ਘੱਟੋ-ਘੱਟ ਦੋ ਘੰਟੇ ਦਾ ਸਮਾਂ ਤਾਂ ਲੱਗਾ ਹੀ ਹੋਏਗਾ।

ਇਹ ਪੈਡ ਕਿਸ ਵਰਕਰ ਨੇ ਕੰਪੋਜ਼ ਕੀਤਾ ? ਕਿਸ ਵਰਕਰ ਨੇ ਛਾਪਿਆ ? ਮੀਤਾ ਕਿਸ ਸਮੇਂ ਆਇਆ ? ਇੰਨਾ ਸਮਾਂ ਉਹ ਕਿਥੇ ਬੈਠਾ ਰਿਹਾ ? ਇੰਨੇ ਬੰਦਿਆਂ ਨੂੰ ਇਕੱਲਾ ਕਿਵੇਂ ਡਰਾਉਂਦਾ ਰਿਹਾ ? ਜੇ ਉਹ ਧਮਕੀ ਦੇ ਕੇ ਚਲਾ ਗਿਆ ਸੀ ਤਾਂ ਕਿਸੇ ਨੇ ਪੁਲਿਸ ਨੂੰ ਇਤਲਾਹ ਕਿਉਂ ਨਾ ਦਿੱਤੀ ?

ਕਿਸੇ ਵੀ ਪ੍ਰਸ਼ਨ ਦਾ ਕਮਲ ਪ੍ਰਸ਼ਾਦ ਕੋਲ ਤਸੱਲੀ-ਬਖ਼ਸ਼ ਉੱਤਰ ਨਹੀਂ ਸੀ।

ਉਸ ਨੇ ਬੱਸ ਇਕੋ ਰਟ ਲਾਈ ਰੱਖੀ, "ਅਸੀਂ ਡਰੇ ਹੋਏ ਸੀ।"

ਕਮਲ ਪ੍ਰਸ਼ਾਦ ਨੂੰ ਇਹ ਵੀ ਯਾਦ ਨਹੀਂ ਸੀ ਕਿ ਪੈਡ ਨੂੰ ਵਧੀਆ ਕਾਗ਼ਜ਼ ਲਾਇਆ ਗਿਆ ਸੀ ਜਾਂ ਘਟੀਆ ? ਪੈਡ ਦੋ ਰੰਗਾਂ ਵਿਚ ਛਾਪਿਆ ਗਿਆ ਸੀ ਜਾਂ ਇਕ ਵਿਚ ? ਕਿਸੇ ਬਲਾਕ ਦੀ ਵਰਤੋਂ ਹੋਈ ਜਾਂ ਨਹੀਂ ? ਸਾਰੇ ਪੈਡ ਲਈ ਇਕੋ ਤਰ੍ਹਾਂ ਦਾ ਕਾਗ਼ਜ਼ ਲੱਗਾ ਸੀ ਜਾਂ ਤਰ੍ਹਾਂ-ਤਰ੍ਹਾਂ ਦਾ ?

ਯਾਦਦਾਸ਼ਤ ਤਾਜ਼ਾ ਕਰਾਉਣ ਲਈ ਉਸ ਨੂੰ ਅਦਾਲਤ ਵਾਲੀ ਮਿਸਲ ਦਿਖਾਈ ਗਈ। ਮਿਸਲ ਨਾਲ ਲੱਗੀਆਂ ਚਿੱਠੀਆਂ ਦੀ ਉਸ ਤੋਂ ਘੋਖ ਕਰਾਈ ਗਈ।

ਸਵਾਲਾਂ ਦੀ ਝੜੀ ਇਕ ਵਾਰ ਫੇਰ ਲਾਈ ਗਈ।

ਇਹ ਦਰੁਸਤ ਸੀ ਕਿ ਮਿਸਲ ਨਾਲ ਲੱਗੀਆਂ ਚਿੱਠੀਆਂ ਦੋ ਤਰ੍ਹਾਂ ਦੇ ਪੈਡ 'ਤੇ ਲਿਖੀਆਂ ਗਈਆਂ ਸਨ। ਇਕ ਪੈਡ ਦਾ ਕਾਗ਼ਜ਼ ਵਧੀਆ ਸੀ ਅਤੇ ਦੂਜੇ ਦਾ ਘਟੀਆ। ਵਧੀਆ ਕਾਗ਼ਜ਼ ਵਾਲੀ ਪੈਡ ਦੀ ਸਿਆਹੀ ਵੀ ਉੱਤਮ ਸੀ ਅਤੇ ਛਪੀ ਵੀ ਦੋ ਰੰਗਾਂ ਵਿਚ ਸੀ। ਇਸ ਪੈਡ 'ਤੇ ਛਪੇ ਜਥੇਬੰਦੀ ਦੇ ਚਿੰਨ੍ਹ ਨੂੰ ਛਾਪਣ ਲਈ ਬਲਾਕ ਦੀ ਵਰਤੋਂ ਕੀਤੀ ਗਈ ਸੀ।

ਦੂਸਰਾ ਪੈਡ ਇਕ ਰੰਗ ਵਿਚ ਛਪਿਆ ਸੀ ਅਤੇ ਉਸ ਦੀ ਸਿਆਹੀ ਘਟੀਆ ਸੀ।

ਜਦੋਂ ਕਮਲ ਪ੍ਰਸ਼ਾਦ ਤੋਂ ਇਹ ਪੁੱਛਿਆ ਗਿਆ ਕਿ ਕਿਹੜਾ ਪੈਡ ਉਸ ਦੀ ਪ੍ਰੈਸ ਵਿਚੋਂ ਛਪਿਆ ਸੀ ਤਾਂ ਝੱਟ ਉਸ ਨੇ ਦੂਸਰੀ ਕਿਸਮ ਦੇ ਪੈਡ 'ਤੇ ਉਂਗਲ ਰੱਖ ਦਿੱਤੀ।

ਇਹੋ ਸੱਚ ਸੀ। ਇਹ ਉਹੋ ਪੈਡ ਸੀ ਜਿਹੜਾ ਨਾਜ਼ਰ ਸਿੰਘ ਨੇ ਉਸ ਤੋਂ ਛਪਵਾਇਆ ਸੀ। ਵਗਾਰ ਦੇ ਕੰਮਾਂ ਵਿਚ ਨਾ ਕਾਗ਼ਜ਼ ਵਧੀਆ ਲੱਗਦਾ ਹੈ, ਨਾ ਸਿਆਹੀ।

ਧਮਕੀਆਂ ਲਿਖਣ ਲਈ ਅਸਲ ਦੋਸ਼ੀਆਂ ਨੇ ਵਧੀਆ ਪੈਡ ਦੀ ਵਰਤੋਂ ਕੀਤੀ ਸੀ। ਘਟੀਆ ਪੈਡ 'ਤੇ ਧਮਕੀਆਂ ਪੁਲਿਸ ਨੇ ਪਿੱਛੋਂ ਲਿਖਵਾਈਆਂ ਸਨ। ਇਹ ਤੱਥ ਹੱਥ-ਲਿਖਤ ਦਾ ਮਾਹਿਰ ਪਹਿਲਾਂ ਹੀ ਸਾਬਤ ਕਰ ਚੁੱਕਾ ਸੀ। ਹੁਣ ਸੋਨੇ 'ਤੇ ਸੁਹਾਗਾ ਹੋ ਗਿਆ ਸੀ।

ਕੇਸ ਦੀ ਆਖ਼ਰੀ ਕੜੀ ਵਿਚ ਉਹ ਗਵਾਹ ਭੁਗਤਣਾ ਸੀ, ਜਿਸ ਦੇ ਸਾਹਮਣੇ ਦੋਸ਼ੀਆਂ ਨੇ ਬੰਟੀ ਨੂੰ ਅਗਵਾ ਕਰਨ ਦੀ ਸਾਜ਼ਿਸ਼ ਘੜੀ ਸੀ।

ਇਹ ਤੱਥ ਰਾਧੇ ਸ਼ਿਆਮ ਚਾਹ ਵਾਲੇ ਨੇ ਸਾਬਤ ਕਰਨਾ ਸੀ।

ਰਾਧੇ ਦੀ ਦੁਕਾਨ ਟਰੱਕ ਯੂਨੀਅਨ ਦੇ ਸਾਹਮਣੇ ਸੀ। ਦਾਣਾ-ਫੱਕਾ ਸੰਭਰਦਾ ਪਾਲਾ ਅਕਸਰ ਉਸ ਦੀ ਦੁਕਾਨ 'ਤੇ ਆਇਆ ਸੀ। ਮੀਤੇ ਦਾ ਰੇੜ੍ਹਾ ਵੀ ਉਥੋਂ ਦੀ ਲੰਘਦਾ ਹੁੰਦਾ ਸੀ। ਉਹ



ਵੀ ਰਾਧੇ ਦੀ ਮੁੱਛ-ਮਰੋੜ ਚਾਹ ਦਾ ਸ਼ੌਕੀਨ ਸੀ।

ਬੰਟੀ ਦੇ ਅਗਵਾ ਹੋਣ ਤੋਂ ਇਕ ਦਿਨ ਪਹਿਲਾਂ ਮੂੰਹ-ਹਨੇਰੇ ਉਹ ਦੋਵੇਂ ਉਸ ਦੀ ਦੁਕਾਨ 'ਤੇ ਆਏ ਸਨ। ਅਖ਼ੀਰਲੇ ਕੈਬਨ ਵਿਚ ਬੈਠ ਕੇ ਉਹਨਾਂ ਚਾਹ ਮੰਗਵਾਈ ਸੀ। ਚਾਹ ਦੇਣ ਗਏ ਰਾਧੇ ਨੇ ਉਹਨਾਂ ਦੀਆਂ ਗੱਲਾਂ ਸੁਣੀਆਂ ਸਨ। ਉਹ ਕਿਸੇ ਬੱਚੇ ਨੂੰ ਅਗਵਾ ਕਰ ਕੇ ਪੈਸੇ ਬਟੋਰਨ ਦੀਆਂ ਸਕੀਮਾਂ ਘੜ ਰਹੇ ਸਨ।

ਰਾਧਾ ਕਬੀਲਦਾਰ ਬੰਦਾ ਸੀ। ਉਹ ਇਹਨਾਂ ਝੰਜਟਾਂ ਵਿਚ ਨਹੀਂ ਸੀ ਪੈਣਾ ਚਾਹੁੰਦਾ। ਗੱਲ ਇਕ ਕੰਨ ਸੁਣੀ ਤੇ ਦੂਸਰੇ ਰਾਹੀਂ ਕੱਢ ਦਿੱਤੀ।

ਰਾਧੇ ਸ਼ਿਆਮ ਦੇ ਪੋਤੜਿਆਂ ਤਕ ਸਫ਼ਾਈ ਧਿਰ ਨੂੰ ਪਤਾ ਸੀ।

ਜਿਥੇ ਉਹ ਦੁਕਾਨ ਕਰਦਾ ਸੀ, ਉਹ ਥਾਂ ਮਿਉਂਸਿਪੈਲਟੀ ਦੀ ਸੀ। ਦੁਕਾਨ ਕਰਨ ਤੋਂ ਪਹਿਲਾਂ ਉਹ ਹਲਵਾਈ ਦੀ ਦੁਕਾਨ 'ਤੇ ਨੌਕਰੀ ਕਰਦਾ ਸੀ। ਰਾਮ ਲੀਲ੍ਹਾ ਦੇ ਦਿਨਾਂ ਵਿਚ ਚਾਹ ਉਸੇ ਹਲਵਾਈ ਦੀ ਦੁਕਾਨ ਤੋਂ ਜਾਂਦੀ ਸੀ। ਚਾਹ ਦੇਣ ਰਾਧਾ ਜਾਇਆ ਕਰਦਾ ਸੀ।

ਲਾਲਾ ਜੀ ਨੂੰ ਰਾਧੇ 'ਤੇ ਰਹਿਮ ਆ ਗਿਆ। ਪਹਿਲਾਂ ਰਾਧੇ ਨੂੰ ਰਾਮ ਲੀਲ੍ਹਾ ਗਰਾਊਂਡ ਵਿਚ ਤਖ਼ਤ-ਪੋਸ਼ ਰੱਖ ਕੇ ਚਾਹ ਦੀ ਦੁਕਾਨ ਲਾਉਣ ਦੀ ਇਜਾਜ਼ਤ ਦਿੱਤੀ ਗਈ। ਫੇਰ ਕਮੇਟੀ ਦੇ ਪ੍ਰਧਾਨ ਕੋਲ ਸਿਫ਼ਾਰਸ਼ ਕਰ ਕੇ ਇਹ ਥਾਂ ਅਲਾਟ ਕਰਾਈ ਗਈ। ਇਸ ਤਰ੍ਹਾਂ ਲਾਲਾ ਜੀ ਨੇ ਰਾਧੇ ਨੂੰ ਨੌਕਰ ਤੋਂ ਮਾਲਕ ਬਣਾਇਆ। ਉਹ ਲਾਲਾ ਜੀ ਦਾ ਅੰਨ੍ਹਾ ਭਗਤ ਬਣ ਗਿਆ। ਲਾਲਾ ਜੀ ਲਈ ਉਹ ਖੂਹ 'ਚ ਛਾਲ ਮਾਰਨ ਲਈ ਤਿਆਰ ਸੀ। ਝੂਠੀ ਗਵਾਹੀ ਦੇਣਾ ਤਾਂ ਮਾਮੂਲੀ ਗੱਲ ਸੀ।

ਇਹ ਵੀ ਠੀਕ ਸੀ ਕਿ ਉਸ ਕੋਲ ਦਸ-ਬਾਰਾਂ ਮੁਲਾਜ਼ਮ ਕੰਮ ਕਰਦੇ ਸਨ। ਪੰਦਰਾਂ-ਵੀਹ ਗਾਹਕ ਹਰ ਵਕਤ ਦੁਕਾਨ 'ਤੇ ਬੈਠੇ ਰਹਿੰਦੇ ਸਨ। ਰਾਧੇ ਸ਼ਿਆਮ ਨੂੰ ਤਾਂ ਭੱਠੀ ਹੀ ਜਕੜੀ ਰੱਖਦੀ ਸੀ। ਗਾਹਕਾਂ ਨੂੰ ਚਾਹ ਫੜਾਉਣ ਦਾ ਉਸ ਕੋਲ ਵਕਤ ਕਿਥੇ ?

ਫੇਰ ਉਸ ਦਿਨ ਉਹ ਚਾਹ ਫੜਾਉਣ ਕਿਉਂ ਗਿਆ ? ਰਾਧੇ ਕੋਲ ਇਸ ਪ੍ਰਸ਼ਨ ਦਾ ਕੋਈ ਉੱਤਰ ਨਹੀਂ ਸੀ।

ਰਾਧਾ ਝੂਠ ਬੋਲ ਰਿਹਾ ਸੀ। ਉਸ ਦੀ ਦੁਕਾਨ ਵਿਚ ਕੋਈ ਸਾਜ਼ਿਸ਼ ਨਹੀਂ ਘੜੀ ਗਈ। ਰਾਧੇ ਨੂੰ ਝੂਠਾ ਸਾਬਤ ਕਰਨ ਲਈ ਮੋਹਨ ਜੀ ਸਬੂਤ ਪੇਸ਼ ਕਰਨ ਲੱਗਾ।

ਜਿਸ ਦਿਨ ਸਾਜ਼ਿਸ਼ ਘੜੀ ਦੱਸੀ ਗਈ ਸੀ, ਉਸ ਦਿਨ ਪਾਲਾ ਇਸ ਸ਼ਹਿਰ ਵਿਚ ਮੌਜੂਦ ਨਹੀਂ ਸੀ। ਉਸ ਦਿਨ ਉਹ ਪਟਿਆਲੇ ਗਿਆ ਹੋਇਆ ਸੀ।

ਜੀਵਨ ਆੜ੍ਹਤੀਏ ਦਾ ਕੋਈ ਰਿਸ਼ਤੇਦਾਰ ਰਾਜਿੰਦਰਾ ਹਸਪਤਾਲ ਦਾਖ਼ਲ ਸੀ। ਉਸ ਦਾ ਪਤਾ ਲੈਣ ਜਾਣਾ ਸੀ। ਪਾਲੇ ਨੇ ਸਾਥ ਦਾ ਲਾਹਾ ਤਕ ਲਿਆ। ਕਈ ਦਿਨਾਂ ਤੋਂ ਉਸ ਦੀਆਂ ਅੱਖਾਂ ਵਿਚ ਸਖ਼ਤ ਦਰਦ ਸੀ।

ਅੱਖਾਂ ਦੇ ਵਿਭਾਗ ਦੇ ਮੁਖੀ ਨੇ ਉਸ ਦੀਆਂ ਅੱਖਾਂ ਟੈਸਟ ਕੀਤੀਆਂ ਸਨ। ਮੁਖੀ ਨੇ ਪਰਚੀ ਆਪਣੇ ਹੱਥੀਂ ਤਿਆਰ ਕੀਤੀ ਸੀ।

ਇਥੇ ਹੀ ਬੱਸ ਨਹੀਂ, ਪਾਲੇ ਦਾ ਕੇਸ ਗੁੰਝਲਦਾਰ ਸੀ। ਉਸ ਨੂੰ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਸਾਹਮਣੇ ਪੇਸ਼ ਕੀਤਾ ਗਿਆ ਸੀ। ਕਾਲਜ ਵਿਚ ਦੋ ਦਿਨ ਉਸ 'ਤੇ ਲੈਕਚਰ ਹੁੰਦਾ ਰਿਹਾ ਸੀ। ਇਹਨਾਂ ਦੋ ਦਿਨਾਂ ਵਿਚ ਉਹ ਦਿਨ ਵੀ ਸ਼ਾਮਲ ਸੀ, ਜਿਸ ਦਿਨ ਬੰਟੀ ਅਗਵਾ

ਹੋਇਆ ਸੀ।

ਇਸ ਤੱਥ ਦੀ ਪੁਸ਼ਟੀ ਲਈ ਮੋਹਨ ਜੀ ਨੇ ਹਸਪਤਾਲ ਦੀ ਪਰਚੀ, ਮੁਖੀ ਦਾ ਸਰਟੀਫ਼ਿਕੇਟ ਅਤੇ ਵਿਦਿਆਰਥੀਆਂ ਦੇ ਹਲਫ਼ੀਆ ਬਿਆਨ ਪੇਸ਼ ਕੀਤੇ।

ਇਹਨਾਂ ਬਾਰੀਕੀਆਂ ਦਾ ਰਾਧੇ ਸ਼ਿਆਮ ਨੂੰ ਕੀ ਪਤਾ ਸੀ ? ਉਹ ਅਨਪੜ੍ਹ ਬੰਦਾ ਸੀ। "ਹੋ ਸਕਦੈ ਸਾਜ਼ਿਸ਼ ਇਕ-ਦੋ ਦਿਨ ਅੱਗੋਂ-ਪਿੱਛੋਂ ਘੜੀ ਗਈ ਹੋਵੇ।"

"ਫੇਰ ਤਾਂ ਇਹ ਵੀ ਹੋ ਸਕਦੈ ਕਿ ਗੱਲਾਂ ਕਰਨ ਵਾਲਿਆਂ ਵਿਚ ਪਾਲੇ ਦੀ ਥਾਂ ਗਾਮਾ ਅਤੇ ਮੀਤੇ ਦੀ ਥਾਂ ਨੈਬਾ ਹੋਵੇ।" ਰਾਧੇ ਦੇ ਉੱਤਰ ਤੋਂ ਖਿਝੇ ਅਤੇ ਉਸ ਦਾ ਮੌਜੂ ਉਡਾਉਣ ਲਈ ਤਤਪਰ ਹੋਏ ਮੋਹਨ ਜੀ ਨੇ ਵਿਅੰਗ ਕੀਤਾ।

"ਆਹੋ ! ਇਹ ਵੀ ਹੋ ਸਕਦੈ", ਵਕੀਲ ਦੇ ਸਮਝਾਏ ਅਨੁਸਾਰ ਪੈਂਤੜਾ ਬਦਲਣ ਦੀ ਕੋਸ਼ਿਸ਼ ਕਰਦਾ ਰਾਧਾ ਕੁਝ ਹੋਰ ਹੀ ਆਖ ਗਿਆ। ਰਾਧੇ ਦੇ ਇਸ ਉੱਤਰ ਨਾਲ ਕਚਹਿਰੀ ਵਿਚ ਹਾਸਾ ਪੈ ਗਿਆ। ਜਦੋਂ ਗੱਲਾਂ ਕਰਨ ਵਾਲੇ ਪਾਲਾ ਅਤੇ ਮੀਤਾ ਨਹੀਂ ਸਨ ਤਾਂ ਝੰਜਟ ਹੀ ਮੁੱਕ ਗਿਆ। ਸਫ਼ਾਈ ਧਿਰ ਨੂੰ ਹੋਰ ਮਗ਼ਜ਼-ਖਪਾਈ ਕਰਨ ਦੀ ਜ਼ਰੂਰਤ ਨਹੀਂ ਸੀ।

ਇਸ ਹਾਸੇ-ਠੱਠੇ ਨਾਲ ਅੱਜ ਦੀ ਕਾਰਵਾਈ ਸਮਾਪਤ ਹੋ ਗਈ।

ਕੁਰਸੀ ਛੱਡਣ ਤੋਂ ਪਹਿਲਾਂ ਜੱਜ ਨੇ ਦੋਹਾਂ ਧਿਰਾਂ ਦਾ ਧੰਨਵਾਦ ਕੀਤਾ। ਉਹਨਾਂ ਦੀ ਸੂਝ-ਬੂਝ ਸਦਕਾ ਹੀ ਮਾਹੌਲ ਮਿੱਤਰਤਾ ਭਰਿਆ ਬਣਿਆ ਰਿਹਾ ਸੀ।

ਸਰਕਾਰੀ ਵਕੀਲਾਂ ਦੇ ਚਿਹਰੇ ਉਤਰੇ ਹੋਏ ਸਨ। ਮੂੰਹ ਲਟਕਾਈ ਉਹ ਅਦਾਲਤੋਂ ਬਾਹਰ ਜਾਣ ਲੱਗੇ।

ਸਫ਼ਾਈ ਧਿਰ ਦੇ ਵਕੀਲਾਂ ਦੇ ਚਿਹਰਿਆਂ 'ਤੇ ਜਲੌਂ ਸੀ।

ਜੋਸ਼ ਨਾਲ ਭਰੇ ਸੰਮਤੀ ਦੇ ਵਰਕਰਾਂ ਨੇ ਕੋਰਟ ਰੂਮ 'ਤੇ ਧਾਵਾ ਬੋਲ ਦਿੱਤਾ।

ਕੋਈ ਵਰਕਰ ਮੋਹਨ ਜੀ ਨੂੰ ਚੁੰਮਣ ਲੱਗਾ, ਕੋਈ ਪਿਆਰੇ ਲਾਲ ਦੀ ਪਿੱਠ ਥਾਪੜਨ ਲੱਗਾ, ਕੋਈ ਗੁਰਮੀਤ ਨੂੰ ਕਲਾਵੇ 'ਚ ਭਰਨ ਲੱਗਾ।

ਵਧਾਈਆਂ ਕਬੂਲਦੇ ਬਾਬੇ ਦੀ ਹਿੱਕ ਵੀ ਗਿੱਠ ਚੌੜੀ ਹੋਈ ਹੋਈ ਸੀ।

ਪਾਲੇ ਅਤੇ ਮੀਤੇ ਦੀ ਕਿਸੇ ਨੂੰ ਸੁੱਧ ਨਹੀਂ ਸੀ। ਹੱਥਕੜੀਆਂ ਵਿਚ ਜਕੜੇ, ਅਦਾਲਤ ਦੀ ਇਕ ਨੁੱਕਰੇ ਖੜੇ ਉਹ ਵਕੀਲਾਂ ਦੇ ਮੂੰਹੋਂ ਕੁਝ ਸੁਣਨਾ ਚਾਹੁੰਦੇ ਸਨ।

ਗਵਾਹਾਂ ਨੇ ਕੀ ਗਵਾਹੀ ਦਿੱਤੀ ? ਸਫ਼ਾਈ ਧਿਰ ਨੇ ਕੀ ਜਿਰਾਹ ਕੀਤੀ ? ਮੁਕੱਦਮੇ ਦਾ ਰੁਖ਼ ਕਿਧਰ ਨੂੰ ਸੀ ? ਸਾਰਾ ਕੁਝ ਅੱਖੀਂ ਦੇਖ ਅਤੇ ਕੰਨੀਂ ਸੁਣ ਕੇ ਵੀ ਉਹਨਾਂ ਦੇ ਕੱਖ ਪੱਲੇ ਨਹੀਂ ਸੀ ਪਿਆ।

ਸੰਮਤੀ ਦੇ ਵਰਕਰਾਂ ਦੇ ਉਤਸ਼ਾਹ ਤੋਂ ਹੀ ਉਹ ਅੰਦਾਜ਼ਾ ਲਗਾ ਰਹੇ ਸਨ। ਜ਼ਰੂਰ ਕੇਸ ਉਹਨਾਂ ਦੇ ਹੱਕ ਵਿਚ ਗਿਆ ਹੋਵੇਗਾ।

ਫੇਰ ਵੀ ਉਹ ਆਪਣੇ ਵਕੀਲਾਂ ਦੇ ਮੂੰਹੋਂ ਕੁਝ ਸੁਣਨਾ ਚਾਹੁੰਦੇ ਸਨ।

ਪਾਲੇ ਨੇ ਇਕ-ਦੋ ਵਾਰ ਆਵਾਜ਼ਾਂ ਵੀ ਮਾਰੀਆਂ, ਪਰ ਉਹ ਕਾਵਾਂ-ਰੌਲੀ ਵਿਚ ਗਵਾਚ ਗਈਆਂ।

ਪੁਲਿਸ ਦੀ ਵੈਨ ਅਦਾਲਤ ਅੱਗੇ ਆ ਰੁਕੀ।

ਸਿਪਾਹੀ ਦੋਸ਼ੀਆਂ ਨੂੰ ਜੇਲ੍ਹ ਲਿਜਾਣ ਲਈ ਕਾਹਲੇ ਪੈਣ ਲੱਗੇ।

ਦੋਸ਼ੀਆਂ ਦੇ ਮਿੰਨਤ-ਤਰਲੇ 'ਤੇ ਦੋ-ਚਾਰ-ਪੰਜ ਮਿੰਟ ਹੋਰ ਉਡੀਕਿਆ ਗਿਆ। ਜਦੋਂ ਫੇਰ



ਵੀ ਕਿਸੇ ਨੇ ਉਹਨਾਂ ਦੀ ਜਾਤ ਨਾ ਪੁੱਛੀ ਤਾਂ ਧੂਹ ਕੇ ਉਹਨਾਂ ਨੂੰ ਗੱਡੀ ਵਿਚ ਸੁੱਟ ਲਿਆ ਗਿਆ।

ਪਾਲੇ ਅਤੇ ਮੀਤੇ ਦੇ ਇਸ ਤਰ੍ਹਾਂ ਨਿਰਾਸ਼ ਹੋ ਕੇ ਮੁੜਨ ਦਾ ਅਹਿਸਾਸ ਸੰਮਤੀ ਨੂੰ ਉਸ ਸਮੇਂ ਹੋਇਆ ਜਦੋਂ ਉਹਨਾਂ ਨੂੰ ਲਿਜਾਣ ਵਾਲੀ ਵੈਨ ਅੱਖਾਂ ਤੋਂ ਓਹਲੇ ਹੋ ਗਈ।

ਖ਼ੁਸੀਆਂ ਦੇ ਜਸ਼ਨ ਤੁਰੰਤ ਬੰਦ ਕੀਤੇ ਗਏ।

ਪਿਆਰੇ ਲਾਲ ਜੇਲ੍ਹ ਜਾਏ। ਉਹਨਾਂ ਨਾਲ ਮੁਲਾਕਾਤ ਕਰ ਕੇ ਖ਼ੁਸ਼ਖ਼ਬਰੀ ਸੁਣਾਏ। ਇਹ ਪ੍ਰਬੰਧ ਕੀਤੇ ਜਾਣ ਲੱਗੇ।

## 27

ਮੁਦੱਈ ਧਿਰ ਦੀ ਗਵਾਹੀ ਖ਼ਤਮ ਹੋਣ ’ਤੇ ਮੁਲਜ਼ਮਾਂ ਦੇ ਬਿਆਨ ਲਿਖੇ ਗਏ। ਫੇਰ ਦੋਸ਼ੀਆਂ ਨੂੰ ਸਫ਼ਾਈ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ।

ਸਾਧਾਰਨ ਕੇਸ ਹੁੰਦਾ ਤਾਂ ਸਫ਼ਾਈ ਧਿਰ ਨੂੰ ਦਸਤਾਵੇਜ਼ ਇਕੱਠੇ ਕਰਨ ਅਤੇ ਗਵਾਹਾਂ ਨਾਲ ਸੰਪਰਕ ਕਾਇਮ ਕਰਨ ਲਈ ਘੱਟੋ-ਘੱਟ ਮਹੀਨੇ ਦਾ ਸਮਾਂ ਮਿਲਦਾ। ਲਟਕਦਾ-ਲਟਕਦਾ ਇਹ ਸਾਲਾਂ ਵਿਚ ਤਬਦੀਲ ਹੋ ਜਾਂਦਾ। ਕਿਸੇ ਵੀ ਧਿਰ ਨੂੰ ਫ਼ੈਸਲੇ ਦੀ ਕਾਹਲ ਨਾ ਹੁੰਦੀ। ਸਫ਼ਾਈ ਧਿਰ ਨੂੰ ਸਜ਼ਾ ਦਾ ਡਰ ਹੁੰਦਾ। ਮੁਦੱਈ ਧਿਰ ਨੂੰ ਦੋਸ਼ੀਆਂ ਦੇ ਬਰੀ ਹੋਣ ਦਾ। ਜੱਜ ਸੌ ਸਫ਼ਿਆਂ ਦਾ ਫ਼ੈਸਲਾ ਲਿਖਣ ਤੋਂ ਕਤਰਾ ਰਿਹਾ ਹੁੰਦਾ।

ਇਸ ਕੇਸ ਦੀ ਸਥਿਤੀ ਉਲਟ ਸੀ। ਸਾਰੀਆਂ ਧਿਰਾਂ ਕੇਸ ਨੂੰ ਜਲਦੀ ਨਿਪਟਾਉਣ ’ਤੇ ਤੁਲੀਆਂ ਹੋਈਆਂ ਸਨ।

ਸਜ਼ਾ ਕਰਾਉਣ ਵਾਲਿਆਂ ਦੀ ਗਿਣਤੀ ਬਰੀ ਕਰਾਉਣ ਵਾਲਿਆਂ ਨਾਲੋਂ ਕਈ ਗੁਣਾ ਜ਼ਿਆਦਾ ਸੀ। ਕੇਸ ਦਾ ਲਟਕਦੇ ਰਹਿਣਾ ਸੰਮਤੀ ਲਈ ਖ਼ਤਰਨਾਕ ਸੀ। ਸਫ਼ਾਈ ਦੇ ਗਵਾਹ ਮੁਕਰਾਏ ਜਾ ਸਕਦੇ ਹਨ। ਸਰਕਾਰ ਵੱਲੋਂ ਜੱਜ ਤਕ ਪਹੁੰਚ ਕੀਤੀ ਜਾ ਸਕਦੀ ਸੀ। ਸਰਕਾਰ ਕੋਈ ਹੋਰ ਹੱਥ-ਕੰਡਾ ਵੀ ਵਰਤ ਸਕਦੀ ਸੀ।

ਕੇਸ ਬਹੁਤ ਕਮਜ਼ੋਰ ਹੋ ਚੁੱਕਾ ਸੀ। ਸਜ਼ਾ ਹੋਣ ਦੀ ਸੰਭਾਵਨਾ ਨਹੀਂ ਸੀ। ਸੰਮਤੀ ਦਾ ਭਲਾ ਫ਼ੈਸਲਾ ਜਲਦੀ ਕਰਾਉਣ ਵਿਚ ਹੀ ਸੀ।

ਸੰਘ ਵਾਲਿਆਂ ਦੇ ਵੀ ਸੱਤੂ ਮੁੱਕ ਚੁੱਕੇ ਸਨ। ਉਹਨਾਂ ਦੀ ਜਥੇਬੰਦੀ ਮੁੜ ਖੇਰੂੰ-ਖੇਰੂੰ ਹੋਣ ਲੱਗੀ ਸੀ। ਹੋਰ ਧੂਹ-ਘਸੀਟ ਕਰਨੀ ਮੁਸ਼ਕਲ ਸੀ। ਝੂਠ ਦਾ ਪੋਲ ਖੁੱਲ੍ਹ ਚੁੱਕਾ ਸੀ। ਸੰਘ ਦੇ ਸਮਰਥਕ ਗਵਾਹ ਕਿਤੇ ਮੂੰਹ ਵਿਖਾਉਣ ਜੋਗੇ ਨਹੀਂ ਸੀ ਰਹੇ। ਹਾਲੇ ਮੁੱਖ ਮੰਤਰੀ ਦੀ ਗੱਦੀ ਕਾਇਮ ਸੀ। ਉਸ ਦੀ ਨਿੱਜੀ ਦਿਲਚਸਪੀ ਕਾਰਨ ਦੋਸ਼ੀਆਂ ਨੂੰ ਸਜ਼ਾ ਹੋ ਸਕਦੀ ਸੀ। ਉਸ ਦੇ ਗੱਦੀਉਂ ਲਹਿੰਦਿਆਂ ਹੀ ਉਹ ਬਰੀ ਹੋ ਸਕਦੇ ਸਨ।

ਇਸ ਕੇਸ ਕਾਰਨ ਸ਼ਹਿਰ ਵਿਚ ਤਣਾਓ ਰਹਿੰਦਾ ਸੀ। ਪ੍ਰਸ਼ਾਸਨ ਇਸ ਤਣਾਓ ਤੋਂ ਬੜਾ ਦੁਖੀ ਸੀ। ਜਦੋਂ ਦਾ ਇਹ ਮਸਲਾ ਭਖਿਆ ਸੀ, ਕਈ ਅਫ਼ਸਰ ਮੁਅੱਤਲ ਹੋ ਚੁੱਕੇ ਸਨ। ਕਈਆਂ ਨੂੰ ਘਰ ਬੈਠਣਾ ਪਿਆ ਸੀ। ਤਬਾਦਲੇ ਦੀ ਤਲਵਾਰ ਹਰ ਵਕਤ ਸਿਰ ’ਤੇ ਲਟਕਦੀ ਰਹਿੰਦੀ ਸੀ।

ਪ੍ਰਸ਼ਾਸਨ ਝੋਟਿਆਂ ਦੇ ਭੇੜ ਵਿਚ ਫਸਿਆ ਮਹਿਸੂਸ ਕਰਦਾ ਸੀ।

ਇਕ ਪਾਸੇ ਸੰਘ ਸੀ, ਜਿਸ ਦੀ ਪਿੱਠ ’ਤੇ ਸਰਕਾਰ ਸੀ।

ਦੂਜੇ ਪਾਸੇ ਸੰਮਤੀ ਸੀ ਜਿਹੜੀ ਕਿਸੇ ਵੀ ਹੱਦ ਤਕ ਜਾ ਸਕਦੀ ਸੀ। ਜਿਸ ਹਿਸਾਬ ਨਾਲ ਸੰਮਤੀ ਨੇ ਰਿਕਾਰਡ ਇਕੱਠਾ ਕੀਤਾ ਸੀ ਅਤੇ ਸਰਕਾਰੀ ਗਵਾਹਾਂ ਨਾਲ ਨਜਿੱਠਿਆ ਸੀ, ਉਸ



ਤੋਂ ਸਿਆਣੇ ਅਫ਼ਸਰਾਂ ਨੂੰ ਆਪਣਾ ਦਾਮਨ ਬਚਾਈ ਰੱਖਣ ਦਾ ਸਬਕ ਮਿਲਿਆ ਸੀ।

ਪ੍ਰਸ਼ਾਸਨ ਚਾਹੁੰਦਾ ਸੀ ਕੇਸ ਦਾ ਫ਼ੈਸਲਾ ਜਲਦੀ ਹੋਵੇ। ਦੋਸ਼ੀ ਬਰੀ ਹੋਣ ਜਾਂ ਸਜ਼ਾ ਉਸ ਦੀ ਬਲਾ ਨੂੰ। ਅੱਗੇ ਕੇਸ ਹਾਈ ਕੋਰਟ ਚੱਲਣਾ ਸੀ। ਜਲਸੇ-ਜਲੂਸ ਉਥੇ ਹੋਣੇ ਸਨ। ਜ਼ਿਲ੍ਹਾ ਅਧਿਕਾਰੀਆਂ ਦਾ ਖਹਿੜਾ ਛੁੱਟਣਾ ਸੀ।

ਜੱਜ ਦਾ ਵਿਚਾਰ ਵੀ ਇਹੋ ਜਿਹਾ ਸੀ। ਉਸ ਉਪਰ ਵੀ ਸਭ ਪਾਸਿਉਂ ਦਬਾਅ ਪੈ ਰਿਹਾ ਸੀ। ਇਕ ਪਾਸੇ ਸਰਕਾਰ ਵੱਲੋਂ ਇਸ਼ਾਰੇ ਹੋ ਰਹੇ ਸਨ, ਦੋਸ਼ੀਆਂ ਨੂੰ ਸਜ਼ਾ ਕਰੋ। ਦੂਜੇ ਪਾਸੇ ਸੰਮਤੀ ਦਾ ਖ਼ੁਫ਼ੀਆ ਵਿਭਾਗ ਉਸ ਦਾ ਪਿੱਛਾ ਕਰ ਰਿਹਾ ਸੀ। ਮੋਤਾ ਸਿੰਘ ਕੈਦੀਆਂ ਵਰਗੀ ਜ਼ਿੰਦਗੀ ਬਤੀਤ ਕਰ ਰਿਹਾ ਸੀ। ਡਰਦਾ ਨਾ ਕਿਸੇ ਨੂੰ ਮਿਲਦਾ ਸੀ, ਨਾ ਕਿਸੇ ਦੇ ਜਾਂਦਾ ਸੀ। ਉਹ ਫ਼ੋਨ ਤਕ ਨਹੀਂ ਸੀ ਕਰਦਾ। ਕੀ ਪਤਾ ਸੰਮਤੀ ਸੁਣ ਰਹੀ ਹੋਵੇ।

ਹਾਲੇ ਤਕ ਭਾਵੇਂ ਕਿਸੇ ਨੇ ਮੋਤਾ ਸਿੰਘ ਤਕ ਪਹੁੰਚ ਨਹੀਂ ਸੀ ਕੀਤੀ, ਫੇਰ ਵੀ ਉਸ ਨੂੰ ਚੌਵੀ ਘੰਟੇ ਡਰ ਬਣਿਆ ਰਹਿੰਦਾ ਸੀ। ਹਾਈ ਕੋਰਟ ਦੇ ਕਿਸੇ ਜੱਜ ਨੇ ਫ਼ੋਨ ਕਰ ਦਿੱਤਾ ਤਾਂ ਉਹ ਕੀ ਕਰੇਗਾ ? ਉਹ ਜਲਦੀ ਤੋਂ ਜਲਦੀ ਇਸ ਝੰਜਟ ਵਿਚੋਂ ਨਿਕਲਣਾ ਚਾਹੁੰਦਾ ਸੀ।

ਜਦੋਂ ਮੀਆਂ-ਬੀਵੀ ਰਾਜ਼ੀ ਤਾਂ ਕੀ ਕਰੇਗਾ ਕਾਜ਼ੀ ਵਾਲੀ ਅਖਾਉਤ ਵਾਂਗ ਸਭ ਧਿਰਾਂ ਦੀ ਸਹਿਮਤੀ ਨਾਲ ਸਫ਼ਾਈ ਲਈ ਇਕ ਹਫ਼ਤੇ ਦੀ ਪੇਸ਼ੀ ਪਾਈ ਗਈ।

ਬੰਟੀ ਕਤਲ ਕੇਸ ਨੂੰ ਜੇ ਸਿਆਸੀ ਰੰਗਤ ਨਾ ਚੜ੍ਹੀ ਹੁੰਦੀ ਤਾਂ ਜੱਜ ਨੇ ਹਫ਼ਤੇ ਦੀ ਤਾਰੀਖ਼ ਵੀ ਨਹੀਂ ਸੀ ਦੇਣੀ। ਮੁਦੱਈ ਧਿਰ ਦੇ ਸਬੂਤ ਬੰਦ ਹੁੰਦਿਆਂ ਹੀ ਜੱਜ ਦੋਸ਼ੀਆਂ ਨੂੰ ‘ਘਰ ਦੌੜ’ ਜਾਣ ਦਾ ਹੁਕਮ ਸੁਣਾ ਦੇਣਾ ਸੀ। ਇਕ-ਦੋ ਜਾਂ ਚਾਰ-ਪੰਜ ਨੇ ਨਹੀਂ, ਇਸ ਕੇਸ ਵਿਚ ਤਾਂ ਸਾਰੇ ਦੇ ਸਾਰੇ ਗਵਾਹਾਂ ਨੇ ਕੇਸ ਦਾ ਭੱਠਾ ਬਿਠਾਇਆ ਸੀ।

ਸਮੇਂ ਦੀ ਨਜ਼ਾਕਤ ਨੂੰ ਪਹਿਚਾਣਦਾ ਜੱਜ ਖ਼ਾਮੋਸ਼ ਰਿਹਾ ਸੀ। ਸਫ਼ਾਈ ਦੇਣੀ ਹੈ ਜਾਂ ਨਹੀਂ, ਇਸ ਦਾ ਫ਼ੈਸਲਾ ਸਫ਼ਾਈ ਧਿਰ ’ਤੇ ਛੱਡ ਦਿੱਤਾ ਗਿਆ ਸੀ।

ਸਫ਼ਾਈ ਦੇਣੀ ਹੈ ਜਾਂ ਨਹੀਂ ? ਜੇ ਹਾਂ ਤਾਂ ਕਿਹੜੀ ? ਇਸ ਨੁਕਤੇ ਦਾ ਫ਼ੈਸਲਾ ਕਰਨ ਲਈ ਲੀਗਲ ਸੈੱਲ ਦੀ ਮੀਟਿੰਗ ਹੋਈ ਸੀ।

ਪਿਆਰੇ ਲਾਲ ਸਫ਼ਾਈ ਦੇਣ ਦੇ ਹੱਕ ਵਿਚ ਨਹੀਂ ਸੀ। ਜਦੋਂ ਦੋਸ਼ੀਆਂ ਦੇ ਖ਼ਿਲਾਫ਼ ਕੁਝ ਸਾਬਤ ਹੀ ਨਹੀਂ ਹੁੰਦਾ ਤਾਂ ਸਫ਼ਾਈ ਕਿਸ ਨੁਕਤੇ ’ਤੇ ਦੇਣੀ ਸੀ ? ਜੱਜ ਦੇ ਇਸ਼ਾਰੇ ਨੂੰ ਸਮਝਣਾ ਚਾਹੀਦਾ ਸੀ। ਹਫ਼ਤੇ ਦੀ ਤਾਰੀਖ਼ ਪਾਉਣ ਦਾ ਉਸ ਦਾ ਇਹੋ ਮਤਲਬ ਸੀ। “ਤੁਸੀਂ ਸਫ਼ਾਈ ਬੰਦ ਕਰੋ। ਮੈਂ ਦੋਸ਼ੀ ਬਰੀ ਕਰਾਂ।” ਸਫ਼ਾਈ ਦੇ ਗਵਾਹ ਤਲਬ ਕਰ ਕੇ ਸਮਾਂ ਅਤੇ ਪੈਸਾ ਨਸ਼ਟ ਨਹੀਂ ਸੀ ਕਰਨਾ ਚਾਹੀਦਾ।

ਅਗਲੀ ਪੇਸ਼ੀ ’ਤੇ ਸਫ਼ਾਈ ਦੀ ਥਾਂ ਬਹਿਸ ਹੋਣੀ ਚਾਹੀਦੀ ਸੀ।

ਗੁਰਮੀਤ ਸਿੰਘ ਦੁਸ਼ਮਣ ਨੂੰ ਕਮਜ਼ੋਰ ਸਮਝਣ ਦੇ ਹੱਕ ਵਿਚ ਨਹੀਂ ਸੀ।

ਸੈੱਲ ਨੂੰ ਸਿਆਸੀ ਕੇਸਾਂ ਦੇ ਫ਼ੈਸਲਿਆਂ ਦੇ ਇਤਿਹਾਸ ਨੂੰ ਯਾਦ ਰੱਖਣਾ ਚਾਹੀਦਾ ਸੀ। ਭੁੱਟੋ ਨੂੰ ਫ਼ਾਂਸੀ ਲਾਉਣ ਲੱਗਿਆਂ ਫ਼ੌਜੀ ਅਦਾਲਤਾਂ ਨੇ ਕਾਨੂੰਨੀ ਪਾਬੰਦੀਆਂ ਦੀ ਪਰਵਾਹ ਨਹੀਂ ਸੀ ਕੀਤੀ। ਪਿਆਰੇ ਲਾਲ ਨੂੰ ਚੋਪੜਾ ਬੱਚਿਆਂ ਦੇ ਕਤਲ ਕੇਸ ਦੀ ਕਹਾਣੀ ਵੀ ਯਾਦ ਹੋਵੇਗੀ। ਰੰਗੇ ਅਤੇ ਬਿੱਲੇ ਨੂੰ ਸਿਆਸੀ ਗ਼ੁੱਸੇ ਦਾ ਸ਼ਿਕਾਰ ਹੋਣਾ ਪਿਆ ਸੀ। ਇੰਦਰਾ ਕਤਲ ਕੇਸ ਤਾਂ

ਕੱਲ੍ਹ ਦੀ ਕਹਾਣੀ ਹੈ। ਇਸ ਲਈ ਜਿਥੋਂ ਤਕ ਹੋ ਸਕੇ ਸਫ਼ਾਈ ਧਿਰ ਨੂੰ ਆਪਣੇ ਹੱਥ ਮਜ਼ਬੂਤ ਕਰ ਲੈਣੇ ਚਾਹੀਦੇ ਸਨ।

ਸਫ਼ਾਈ ਧਿਰ ਦੇ ਹੱਥ ਮਜ਼ਬੂਤ ਕਰਨ ਲਈ ਮੋਹਨ ਜੀ ਨੇ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ।

ਜੇ ਮੁਦੱਈ ਧਿਰ ਨੇ ਝੂਠੇ ਸਬੂਤ ਘੜੇ ਹਨ ਤਾਂ ਸਫ਼ਾਈ ਧਿਰ ਨੂੰ ਵੀ ਘੜਨੇ ਚਾਹੀਦੇ ਹਨ। ਜੇ ਸੈੱਲ ਚਾਹੇ ਤਾਂ ਮੋਹਨ ਜੀ ਕਿਸੇ ਵੀ ਦੋਸ਼ੀ ਨੂੰ, ਕਿਸੇ ਵੀ ਦਿਨ, ਕਿਸੇ ਵੀ ਹਸਪਤਾਲ ਵਿਚ ਦਾਖ਼ਲ ਜਾਂ ਕਿਸੇ ਜੇਲ੍ਹ ਵਿਚ ਬੰਦ ਦਿਖਾ ਸਕਦਾ ਹੈ। ਮਨ-ਮਰਜ਼ੀ ਦੀਆਂ ਪੰਚਾਇਤਾਂ ਤੋਂ ਪਿਛਲੀਆਂ ਤਾਰੀਖ਼ਾਂ ਵਿਚ ਮਨ-ਮਰਜ਼ੀ ਦੇ ਮਤੇ ਪਵਾ ਸਕਦਾ ਹੈ। ਡਾਕਖ਼ਾਨੇ ਤੋਂ ਦਿੱਤੀਆਂ ਤਾਰਾਂ, ਕਰਾਈਆਂ ਰਜਿਸਟਰੀਆਂ ਦੇ ਸਬੂਤ ਲਿਆ ਸਕਦਾ ਹੈ।

ਗੁਰਮੀਤ ਮੋਹਨ ਜੀ ਨਾਲ ਵੀ ਸਹਿਮਤ ਨਹੀਂ ਸੀ। ਸੈੱਲ ਦਾ ਪੱਲੜਾ ਭਾਰੀ ਸੀ। ਉਹ ਅਸਲੀਅਤ ਵੀ ਸਾਹਮਣੇ ਲਿਆਏਗਾ ਅਤੇ ਸੱਚ ਦਾ ਪੱਲਾ ਵੀ ਨਹੀਂ ਛੱਡੇਗਾ।

ਅਦਾਲਤਾਂ ਬੰਦਿਆਂ ਨਾਲੋਂ ਕਾਗ਼ਜ਼ਾਂ 'ਤੇ ਵੱਧ ਵਿਸ਼ਵਾਸ ਕਰਦੀਆਂ ਹਨ। ਸੈੱਲ ਦਸਤਾਵੇਜ਼ਾਂ ਦਾ ਢੇਰ ਲਾਏਗਾ।

ਆਪਣੇ ਹੱਕ ਦੇ ਕੁਝ ਦਸਤਾਵੇਜ਼ ਸੈੱਲ ਪਹਿਲਾਂ ਹੀ ਪੇਸ਼ ਕਰ ਚੁੱਕਾ ਸੀ। ਕੁਝ ਦਸਤਾਵੇਜ਼ ਉਸ ਨੇ ਹੋਰ ਪੇਸ਼ ਕਰਨੇ ਸਨ।

ਉਹਨਾਂ ਵਿਚੋਂ ਵੀ ਅਹਿਮ ਸੀ ਉਹ ਮਿਸਲ ਜਿਸ ਰਾਹੀਂ ਸੰਮਤੀ ਨੇ ਥਾਣੇ 'ਤੇ ਰੇਡ ਕਰਾਇਆ ਸੀ।

ਇਸ ਮਿਸਲ ਰਾਹੀਂ ਵਾਰੰਟ ਅਫ਼ਸਰ ਨੇ ਇਹ ਸਾਬਤ ਕਰਨਾ ਸੀ ਕਿ ਦੋਸ਼ੀਆਂ ਦੀ ਗ੍ਰਿਫ਼ਤਾਰੀ ਤੋਂ ਇਕ ਦਿਨ ਪਹਿਲਾਂ ਜਦੋਂ ਉਸ ਨੇ ਥਾਣੇ 'ਤੇ ਰੇਡ ਕੀਤਾ ਸੀ ਤਾਂ ਰੇਡ ਸਮੇਂ ਸੰਮਤੀ ਦੇ ਕਾਰਕੁਨਾਂ ਦੇ ਨਾਲ-ਨਾਲ ਉਸ ਨੂੰ ਪਾਲਾ ਅਤੇ ਮੀਤਾ ਵੀ ਥਾਣੇ ਬੈਠੇ ਮਿਲੇ ਸਨ।

ਇਸ ਤੱਥ ਦੀ ਪੁਸ਼ਟੀ ਲਈ ਸੰਮਤੀ ਵੱਲੋਂ ਕੁਝ ਗਵਾਹਾਂ ਨੂੰ ਵੀ ਭੁਗਤਾਇਆ ਗਿਆ ਸੀ।

ਗਵਾਹਾਂ ਦੀ ਗਵਾਹੀ ਨੂੰ ਪਰਖਣ ਲਈ ਅਦਾਲਤ ਦੀ ਆਪਣੀ ਹੀ ਕਸਵੱਟੀ ਸੀ। ਗਵਾਹੀ ਦੀ ਸੱਚਾਈ ਨੂੰ ਗਵਾਹ ਦੇ ਰੁਤਬੇ ਅਨੁਸਾਰ ਪਰਖਿਆ ਜਾਂਦਾ ਸੀ। ਕਲਰਕ ਨਾਲੋਂ ਗਜ਼ਟਿਡ ਅਫ਼ਸਰ, ਮਜ਼ਦੂਰ ਨਾਲੋਂ ਕਾਰਖ਼ਾਨੇਦਾਰ ਅਤੇ ਕਰਜ਼ਾਈ ਨਾਲੋਂ ਸ਼ਾਹੂਕਾਰ ਜ਼ਿਆਦਾ ਭਰੋਸੇਮੰਦ ਹੋਣਾ ਸੀ।

ਕਾਨੂੰਨ ਦੀ ਇਸ ਕਮਜ਼ੋਰੀ ਦਾ ਸਫ਼ਾਈ ਧਿਰ ਨੇ ਖ਼ਿਆਲ ਰੱਖਿਆ ਸੀ। ਉਸ ਵੱਲੋਂ ਗਵਾਹ ਉੱਚੇ ਰੁਤਬੇ ਵਾਲੇ ਹੀ ਭੁਗਤਾਏ ਜਾਣੇ ਸਨ।

ਮੋਹਨ ਜੀ ਨੂੰ ਉਹ ਕੇਸ ਯਾਦ ਸੀ ਜਿਸ ਵਿਚ ਇਕ ਡਿਪਟੀ ਕਮਿਸ਼ਨਰ ਨੇ ਸਫ਼ਾਈ ਵਿਚ ਭੁਗਤ ਕੇ ਕੇਸ ਦਾ ਪਾਸਾ ਪਲਟ ਦਿੱਤਾ ਸੀ।

ਉਸ ਕੇਸ ਵਿਚ ਫ਼ਰਮ ਦੇ ਇਕ ਹਿੱਸੇਦਾਰ ਨੇ ਦੂਜੇ ਹਿੱਸੇਦਾਰ ਦਾ ਕਤਲ ਕੀਤਾ ਸੀ। ਕਤਲ ਹੋਟਲ ਵਰਗੀ ਸ਼ਰੇਆਮ ਜਗ੍ਹਾ 'ਤੇ ਹੋਇਆ ਸੀ। ਚਸ਼ਮਦੀਦ ਗਵਾਹ ਬੀਸੀਆਂ ਸਨ। ਗਵਾਹਾਂ ਦੀ ਗਵਾਹੀ ਵੀ ਠੋਕਵੀਂ ਸੀ ਅਤੇ ਕਤਲ ਦਾ ਮਕਸਦ ਵੀ ਸਪੱਸ਼ਟ ਸੀ। ਹਿਸਾਬ-ਕਿਤਾਬ



ਕਾਰਨ ਹਿੱਸੇਦਾਰਾਂ ਵਿਚ ਝਗੜਾ ਸੀ। ਤੂੰ-ਤੂੰ ਮੈਂ-ਮੈਂ ਪਹਿਲਾਂ ਵੀ ਕਈ ਵਾਰ ਹੋਈ ਸੀ। ਮਾਰ-ਧਾੜ ਪਹਿਲੀ ਵਾਰ ਹੋਈ ਸੀ। ਕਾਤਲ ਕੋਲ ਲਾਇਸੈਂਸੀ ਪਿਸਤੌਲ ਸੀ। ਉਸੇ ਪਿਸਤੌਲ ਨਾਲ ਮਿਰਤਕ ਨੂੰ ਮਾਰਿਆ ਗਿਆ ਸੀ।

ਜਦੋਂ ਬਰੀ ਹੋਣ ਦੇ ਸਾਰੇ ਰਾਹ ਬੰਦ ਹੋ ਗਏ ਤਾਂ ਸਿਆਣੇ ਵਕੀਲ ਨੂੰ ਇਕੋ ਰਾਹ ਲੱਭਾ ਸੀ। ਕਾਤਲ ਦਾ ਇਕ ਦੋਸਤ ਰਾਜਸਥਾਨ ਵਿਚ ਕਿਧਰੇ ਡਿਪਟੀ ਕਮਿਸ਼ਨਰ ਲੱਗਾ ਹੋਇਆ ਸੀ। ਜੇ ਉਹ ਸਫ਼ਾਈ ਵਿਚ ਭੁਗਤ ਜਾਵੇ ਤਾਂ ਬਚਾਅ ਹੋ ਸਕਦਾ ਸੀ।

ਦੋਸਤੀ ਖ਼ਾਤਰ ਡਿਪਟੀ ਕਮਿਸ਼ਨਰ ਆਇਆ ਸੀ। ਸਹੁੰ ਖਾ ਕੇ ਉਸ ਨੇ ਝੂਠ ਬੋਲਿਆ ਸੀ, ਕਤਲ ਵਾਲੀ ਰਾਤ ਉਸ ਦਾ ਦੋਸਤ ਉਸ ਕੋਲ ਰਾਜਸਥਾਨ ਸੀ। ਵਾਰਦਾਤ ਵਾਲੀ ਥਾਂ ਉਥੋਂ ਪੰਜ ਸੌ ਮੀਲ ਦੂਰ ਸੀ। ਹਵਾਈ ਜਹਾਜ਼ ਰਾਹੀਂ ਉਥੇ ਪੁੱਜਣਾ ਹੋਵੇ ਤਾਂ ਵੀ ਦਿਹਾੜੀ ਚਾਹੀਦੀ ਸੀ।

ਜੱਜ ਨੂੰ ਇਕ ਆਈ.ਏ.ਐਸ. ਅਫ਼ਸਰ ਦੀ ਗਵਾਹੀ ਝੁਠਲਾਉਣੀ ਮੁਸ਼ਕਲ ਹੋ ਗਈ। ਮਾਮੂਲੀ ਜਿਹੀ ਗੱਲ ਖ਼ਾਤਰ ਐਡੇ ਵੱਡੇ ਅਫ਼ਸਰ ਨੂੰ ਝੂਠ ਬੋਲਣ ਦੀ ਕੀ ਲੋੜ ਸੀ ? ਇਹ ਕਾਨੂੰਨ ਵੀ ਆਖਦਾ ਸੀ ਅਤੇ ਜੱਜ ਦਾ ਦਿਲ ਵੀ।

ਡਿਪਟੀ ਕਮਿਸ਼ਨਰ ਦੇ ਬਿਆਨ ਨੇ ਦੋਸ਼ੀ ਦੀਆਂ ਹੱਥਕੜੀਆਂ ਖੁਲ੍ਹਵਾ ਦਿੱਤੀਆਂ।

ਕਾਨੂੰਨ ਦਾ ਢਿੱਡ ਭਰਨ ਲਈ ਸੈੱਲ ਨੇ ਸਾਮਾਜਿਕ ਰੁਤਬਿਆਂ ਵਾਲੇ ਗਵਾਹ ਭੁਗਤਾਉਣੇ ਸ਼ੁਰੂ ਕੀਤੇ।

ਇਸ ਲੜੀ ਦਾ ਪਹਿਲਾ ਗਵਾਹ ਜੀਵਨ ਆੜ੍ਹਤੀਆ ਸੀ।

ਉਹ ਪੰਜ ਲੱਖ ਦੀ ਅਸਾਮੀ ਸੀ। ਲੱਖਾਂ ਰੁਪਿਆ ਇਨਕਮ ਟੈਕਸ ਭਰਦਾ ਸੀ। ਨਾ ਉਸ ਨੇ ਚਾਰ-ਪੰਜ ਸੌ ਲਈ ਝੂਠ ਬੋਲਣਾ ਸੀ, ਨਾ ਝੂਠੀ ਸਹੁੰ ਖਾ ਕੇ ਨਰਕਾਂ ਦਾ ਭਾਗੀ ਬਣਨਾ ਸੀ।

ਮੀਤੇ ਵਾਂਗ ਪਾਲਾ ਵੀ ਸੁਧਰ ਚੁੱਕਾ ਸੀ। ਉਹ ਜੀਵਨ ਦੀ ਦੁਕਾਨ 'ਤੇ ਮਜ਼ਦੂਰੀ ਕਰਦਾ ਸੀ। ਸਾਜ਼ਿਸ਼ ਅਤੇ ਅਗਵਾ ਵਾਲੇ ਦਿਨ ਉਹ ਉਸ ਨਾਲ ਪਟਿਆਲੇ ਗਿਆ ਹੋਇਆ ਸੀ। ਪਿੱਛੋਂ ਵੀ ਨਿਧੜਕ ਹੋ ਕੇ ਦੁਕਾਨ 'ਤੇ ਕੰਮ ਕਰਦਾ ਰਿਹਾ ਸੀ।

ਜਦੋਂ ਫੜ-ਫੜਾਈ ਸ਼ੁਰੂ ਹੋਈ ਤਾਂ ਡਰਦਾ ਪਾਲਾ ਉਸ ਕੋਲ ਆਇਆ । ਜੀਵਨ ਨੇ ਉਸ ਨੂੰ ਉਸ ਸਮੇਂ ਦੇ ਸਰਕਾਰੀ ਵਕੀਲ ਗੁਰਮੀਤ ਰਾਹੀਂ ਥਾਣੇ ਪੇਸ਼ ਕੀਤਾ ਸੀ। ਇਸ ਤੱਥ ਦੀ ਤਾਈਦ ਗੁਰਮੀਤ ਨੇ ਕਟਹਿਰੇ ਵਿਚ ਖੜ੍ਹੋ ਕੇ ਕੀਤੀ ਸੀ।

ਕੰਮੀਂ-ਕਾਰੀਂ ਗੁਰਮੀਤ ਜਦੋਂ ਥਾਣੇ ਜਾਂਦਾ ਸੀ ਤਾਂ ਪਾਲੇ ਦੇ ਨਾਲ-ਨਾਲ ਮੀਤੇ ਨੂੰ ਵੀ ਮਿਲਦਾ ਸੀ। ਥਾਣੇਦਾਰ ਕੋਲ ਦੋਹਾਂ ਨੂੰ ਛੱਡਣ ਦੀ ਸਿਫ਼ਾਰਸ਼ ਕਰਦਾ ਸੀ। ਕਿਸੇ ਨਾ ਕਿਸੇ ਬਹਾਨੇ ਰਿਹਾਈ ਟਲਦੀ ਰਹੀ ਸੀ।

ਇਹਨਾਂ ਗ੍ਰਿਫ਼ਤਾਰੀਆਂ ਦੇ ਵਿਰੁੱਧ ਹੀ ਉਸ ਨੇ ਅਸਤੀਫ਼ਾ ਦਿੱਤਾ ਸੀ।

ਬਾਬਾ ਗੁਰਦਿੱਤ ਸਿੰਘ ਵੀ ਪਿੱਛੇ ਨਹੀਂ ਸੀ ਰਿਹਾ।

ਬੰਟੀ ਦੇ ਕਾਤਲਾਂ ਨੂੰ ਲੱਭਣ ਨਈ ਪੁਲਿਸ ਨੇ ਜੋ ਅੱਤਿਆਚਾਰ ਆਰੰਭਿਆ ਸੀ, ਉਸੇ ਨੂੰ ਠੱਲ੍ਹ ਪਾਉਣ ਲਈ ਬਾਬੇ ਨੇ ਸੰਘਰਸ਼ ਸੰਮਤੀ ਦਾ ਗਠਨ ਕੀਤਾ ਸੀ। ਸੰਘਰਸ਼ ਦੌਰਾਨ ਬਾਬੇ ਨੂੰ ਗ੍ਰਿਫ਼ਤਾਰੀ ਦੇਣੀ ਪਈ ਸੀ।

ਜਦੋਂ ਬਾਬਾ ਪੁਲਿਸ ਹਿਰਾਸਤ ਵਿਚ ਸੀ ਤਾਂ ਹੋਰ ਮੁਸ਼ਤਵਿਆਂ ਦੇ ਨਾਲ-ਨਾਲ ਬਾਬੇ ਨੇ

ਪਾਲੇ ਅਤੇ ਮੀਤੇ ਨੂੰ ਵੀ ਥਾਣੇ ਬੈਠਿਆਂ ਦੇਖਿਆ ਸੀ। ਬਾਬੇ ਦੀ ਉਹਨਾਂ ਨਾਲ ਗੱਲਬਾਤ ਵੀ ਹੋਈ ਸੀ।

ਸੰਮਤੀ ਕੋਲ ਭੁਗਤਾਉਣ ਲਈ ਬਥੇਰੇ ਗਵਾਹ ਸਨ, ਪਰ ਬਾਬੇ ਨੂੰ ਭੁਗਤਾ ਕੇ ਉਸਨੂੰ ਲੱਗਾ ਜਿਵੇਂ ਹਾਥੀ ਦੀ ਪੈੜ ਵਿਚ ਸਭੇ ਪੈੜਾਂ ਆ ਗਈਆਂ ਸਨ।



# 28

ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਤਿੰਨ ਦਿਨਾਂ ਤੋਂ ਬਹਿਸ ਦੀ ਤਿਆਰੀ ਕਰ ਰਿਹਾ ਸੀ। ਪੂਰੀ ਮਗ਼ਜ਼-ਖਪਾਈ ਦੇ ਬਾਵਜੂਦ ਵੀ ਕੇਸ ਪਕੜ ਵਿਚ ਨਹੀਂ ਸੀ ਆ ਰਿਹਾ।

ਕਈ ਵਾਰ ਉਸ ਦੇ ਮਨ ਵਿਚ ਆਇਆ, ਕਿਉਂ ਨਾ ਸਰਕਾਰੀ ਵਕੀਲ ਦੇ ਅਸਲ ਫ਼ਰਜ਼ ਨਿਭਾਏ ਜਾਣ। ਕਿਉਂ ਨਾ ਅਦਾਲਤ ਨੂੰ ਸਾਫ਼-ਸਾਫ਼ ਆਖ ਦਿੱਤਾ ਜਾਵੇ ਕਿ ਕੇਸ ਵਿਚ ਕੁਝ ਨਹੀਂ। ਦੋਸ਼ੀਆਂ ਨੂੰ ਬਰੀ ਕਰ ਦਿੱਤਾ ਜਾਵੇ।

ਝੱਟ ਹੀ ਉਹ ਮਨ ਬਦਲ ਲੈਂਦਾ। ਮੁੱਖ ਮੰਤਰੀ ਦਾ ਮੂੰਹ-ਮੁਲਾਹਜ਼ਾ, ਆਪਣੀ ਵਕਾਲਤ ਦਾ ਭਵਿੱਖ ਅਤੇ ਹਾਲਾਤ ਮੰਗ ਕਰਦੇ ਸਨ ਕਿ ਉਹ ਫ਼ਰਜ਼ਾਂ ਨੂੰ ਛਿੱਕੇ ਟੰਗ ਕੇ ਦੋਸ਼ੀਆਂ ਨੂੰ ਸਜ਼ਾ ਕਰਾਏ। ਹਰ ਹੀਲੇ ਮੁੱਖ ਮੰਤਰੀ ਦੀ ਪੱਗ ਬਚਾਏ।

ਦੋਸ਼ੀ ਬਰੀ ਹੋ ਗਏ ਤਾਂ ਮੁੱਖ ਮੰਤਰੀ ਦੀ ਸਭ ਤੋਂ ਵੱਧ ਬਦਨਾਮੀ ਹੋਣੀ ਸੀ। ਵਿਰੋਧੀ ਧਿਰ ਉਸ ਦੇ ਭਿਉਂ-ਭਿਉਂ ਛਿੱਤਰ ਲਾਏਗੀ। ਸਰਕਾਰ ਕਰੀਬ ਸੱਠ ਹਜ਼ਾਰ ਰੁਪਿਆ ਗਿਆਨ ਸਿੰਘ ਨੂੰ ਨਕਦ ਦੇ ਚੁੱਕੀ ਸੀ। ਇੰਨਾ ਉਸ ’ਤੇ ਹੋਰ ਖ਼ਰਚ ਚੁੱਕੀ ਸੀ। ਜੇ ਦੋਸ਼ੀ ਬਰੀ ਹੀ ਕਰਾਉਣੇ ਸਨ ਤਾਂ ਗਿਆਨ ਸਿੰਘ ਵਰਗੇ ਸਫ਼ੈਦ ਹਾਥੀ ਦੀ ਕੀ ਜ਼ਰੂਰਤ ਸੀ। ਇਹ ਕੰਮ ਕੋਈ ਵੀ ਸਰਕਾਰੀ ਵਕੀਲ ਕਰ ਸਕਦਾ ਸੀ।

ਗਿਆਨ ਸਿੰਘ ਦਾ ਆਪਣਾ ਵਕਾਰ ਵੀ ਦਾਅ ’ਤੇ ਸੀ। ਸਰਕਾਰ ਨੇ ਉਸ ਦੀ ਕਾਬਲੀਅਤ ’ਤੇ ਭਰੋਸਾ ਕੀਤਾ ਸੀ। ਜੇ ਦੋਸ਼ੀ ਬਰੀ ਹੋ ਗਏ ਤਾਂ ਉਸ ਦੀ ਡੋਂ-ਡੋਂ ਹੋਣੀ ਸੀ।

ਕੇਸ ਕਬੂਲਦੇ ਸਮੇਂ ਗਿਆਨ ਸਿੰਘ ਨੇ ਗੰਗਾਨਗਰ ਵਾਲਾ ਮਹਿੰਗਾ ਸਿੰਘ ਬਣਨ ਦਾ ਸੁਪਨਾ ਲਿਆ ਸੀ।

ਇਕ ਵਾਰ ਗੰਗਾਨਗਰ ਦੀ ਇਕ ਪਾਰਟੀ ਤੋਂ ਬਠਿੰਡੇ ਕਤਲ ਹੋ ਗਿਆ। ਮਰਨ ਵਾਲੇ ਦਾ ਮਾਮਾ ਬਠਿੰਡੇ ਦਾ ਸਿਰਕੱਢ ਵਕੀਲ ਸੀ। ਬਠਿੰਡੇ ਦਾ ਕੋਈ ਵੀ ਵਕੀਲ ਦੋਸ਼ੀਆਂ ਨਾਲ ਖੜ੍ਹਨ ਦੀ ਜੁਰਅੱਤ ਨਾ ਕਰ ਸਕਿਆ। ਕੇਸ ਲੜਨ ਲਈ ਦੋਸ਼ੀ ਆਪਣਾ ਵਕੀਲ ਗੰਗਾਨਗਰ ਤੋਂ ਲਿਆਉਣ ਲੱਗੇ। ਮਹਿੰਗਾ ਸਿੰਘ ਦੋਸ਼ੀਆਂ ਨੂੰ ਬਰੀ ਕਰਾਉਣ ਵਿਚ ਕਾਮਯਾਬ ਹੋ ਗਿਆ। ਝੱਟ ਉਸ ਦੀ ਪੈਂਠ ਪੈ ਗਈ। ਬਠਿੰਡੇ ਵਾਲੇ ਉਸ ਦੇ ਭਗਤ ਬਣ ਗਏ। ਅੱਧਿਆਂ ਨਾਲੋਂ ਵੱਧ ਕੇਸਾਂ ਵਿਚ ਉਹ ਵਕੀਲ ਹੋਣ ਲੱਗਾ। ਬਠਿੰਡੇ ਤੋਂ ਉਹ ਸੰਗਰੂਰ ਪੁੱਜ ਗਿਆ ਅਤੇ ਸੰਗਰੂਰ ਤੋਂ ਪਟਿਆਲੇ। ਅੱਜ ਕੱਲ੍ਹ ਸਾਰੇ ਪੰਜਾਬ ’ਚ ਉਸ ਦਾ ਸਿੱਕਾ ਚੱਲਦਾ ਸੀ। ਉਹ ਮੂੰਹੋਂ ਮੰਗੀ ਫ਼ੀਸ ਲੈਂਦਾ ਸੀ। ਮਰਜ਼ੀ ਦੇ ਕੇਸ ਚੁਣਦਾ ਸੀ।

ਜੇ ਗਿਆਨ ਸਿੰਘ ਹਾਰ ਕਬੂਲ ਕਰ ਗਿਆ ਤਾਂ ਉਸ ਨੂੰ ਨਵੇਂ ਕੇਸ ਤਾਂ ਕੀ ਮਿਲਣੇ ਸਨ, ਪੁਰਾਣੇ ਵੀ ਖੁੱਸ ਜਾਣੇ ਸਨ।

ਗਿਆਨ ਸਿੰਘ ਨੇ ਜੇ ਮਹਿੰਗਾ ਸਿੰਘ ਬਣਨਾ ਹੈ ਤਾਂ ਉਸ ਨੂੰ ਦੋਸ਼ੀਆਂ ਨੂੰ ਸਜ਼ਾ ਕਰਾਉਣੀ ਹੀ ਪਏਗੀ।

ਪਰ ਸਜ਼ਾ ਹੋਵੇ ਤਾਂ ਕਿਸ ਤਰ੍ਹਾਂ ?

ਗਿਆਨ ਸਿੰਘ ਕੇਸ ਦੇ ਹੱਕ ਵਿਚ ਇਕ ਨੁਕਤਾ ਲੱਭਦਾ ਤਾਂ ਵਿਰੋਧ ਵਿਚ ਵੀਹ ਨੁਕਤੇ ਖੜ੍ਹੇ ਹੋ ਜਾਂਦੇ।

ਹਰ ਵਾਰ ਉਸ ਨੂੰ ਬਹਿਸ ਨਵੇਂ ਸਿਰਿਉਂ ਤਿਆਰ ਕਰਨੀ ਪੈਂਦੀ।

ਵੱਡੀ ਸਮੱਸਿਆ ਇਹ ਸੀ ਕਿ ਇਹ ਇਕ 'ਬਲਾਈਂਡ ਮਰਡਰ ਕੇਸ' ਸੀ। ਬੱਚੇ ਦੇ ਅਗਵਾ ਹੋਣ ਅਤੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਵਿਚਕਾਰ ਕਰੀਬ ਮਹੀਨੇ ਦਾ ਫ਼ਰਕ ਸੀ। ਚਸ਼ਮਦੀਦ ਗਵਾਹਾਂ ਦੀ ਅਣਹੋਂਦ ਕਾਰਨ ਕੇਸ ਹਾਲਾਤ 'ਤੇ ਆਧਾਰਤ ਗਵਾਹੀ 'ਤੇ ਖੜ੍ਹਾ ਸੀ। ਹਾਲਾਤ ਘੜਦੀ ਪੁਲਿਸ ਨੇ ਪੈਰ-ਪੈਰ 'ਤੇ ਗ਼ਲਤੀ ਕੀਤੀ ਸੀ। ਸਰਕਾਰੀ ਵਕੀਲਾਂ ਨੇ ਵੀ ਅੱਖਾਂ ਮੀਚ ਕੇ ਮੱਖੀ 'ਤੇ ਮੱਖੀ ਮਾਰ ਦਿੱਤੀ। ਗਿਆਨ ਸਿੰਘ ਮੁਰਦੇ ਵਿਚ ਜਾਨ ਪਾਵੇ ਤਾਂ ਕਿਸ ਤਰ੍ਹਾਂ ?

ਖਿਝੇ ਗਿਆਨ ਸਿੰਘ ਨੇ ਕਈ ਵਾਰੀ ਮੁੱਖ ਮੰਤਰੀ ਦੇ ਨਾਂ ਚਿੱਠੀ ਲਿਖੀ। ਕਸੂਰਵਾਰ ਪੁਲਿਸ ਅਫ਼ਸਰਾਂ ਅਤੇ ਸਰਕਾਰੀ ਵਕੀਲਾਂ ਦੇ ਖ਼ਿਲਾਫ਼ ਕਾਰਵਾਈ ਕਰਨ ਦੀ ਸਿਫ਼ਾਰਿਸ਼ ਕੀਤੀ।

ਜਿਉਂ ਗੁੱਸਾ ਠੰਢਾ ਹੁੰਦਾ, ਉਹ ਚਿੱਠੀ ਪਾੜ ਦਿੰਦਾ।

ਗਹੁ ਨਾਲ ਘੋਖਦਾ ਤਾਂ ਸਾਰੇ ਹੀ ਬੇਕਸੂਰ ਜਾਪਦੇ।

ਪਹਿਲਾਂ ਪੁਲਿਸ 'ਤੇ ਦਬਾਅ ਪਾਇਆ ਗਿਆ। ਦੋਸ਼ੀਆਂ ਨੂੰ ਬੰਟੀ ਦੇ ਭੋਗ ਤਕ ਗ੍ਰਿਫ਼ਤਾਰ ਕਰੋ। ਅਸਲ ਦੋਸ਼ੀ ਨਾ ਮਿਲੇ ਤਾਂ ਇਹ ਫੜ ਲਏ ਗਏ।

ਫੇਰ ਹੁਕਮ ਹੋਇਆ, ਨੱਬੇ ਦਿਨਾਂ ਦੇ ਅੰਦਰ-ਅੰਦਰ ਚਲਾਨ ਪੇਸ਼ ਕਰੋ।

ਹੁਕਮ ਦੀ ਤਾਮੀਲ ਲਈ ਫਟਾ-ਫਟ ਸਬੂਤ ਘੜੇ ਗਏ।

ਤਫ਼ਤੀਸ਼ੀ ਕੋਲ ਇਹ ਤਸਦੀਕ ਕਰਨ ਦਾ ਵਕਤ ਹੀ ਨਹੀਂ ਸੀ ਕਿ ਅਖੌਤੀ ਸਾਜ਼ਿਸ਼ ਵਾਲੇ ਦਿਨ ਦੋਸ਼ੀ ਸ਼ਹਿਰ ਵਿਚ ਮੌਜੂਦ ਸਨ ਜਾਂ ਨਹੀਂ।

ਮੁੱਢਲੀ ਤਫ਼ਤੀਸ਼ ਕਿਸੇ ਹੋਰ ਥਾਣੇਦਾਰ ਨੇ ਕੀਤੀ ਸੀ। ਪਹਿਲੀ ਵਰਦੀ ਬਰਾਮਦ ਹੋਣ ਦਾ ਮਿਸਲ ਵਿਚ ਕਿਧਰੇ ਜ਼ਿਕਰ ਨਹੀਂ ਸੀ। ਨਵੇਂ ਤਫ਼ਤੀਸ਼ੀ ਨੂੰ ਪਹਿਲੀ ਵਰਦੀ ਦਾ ਸੁਪਨਾ ਕਿਥੋਂ ਆਉਂਦਾ ?

ਟੋਪੀਆ ਜਦੋਂ ਦੇਸ ਰਾਜ ਦੀ ਦੁਕਾਨ ਤੋਂ ਵਿਕਿਆ ਹੀ ਨਹੀਂ ਤਾਂ ਉਸ ਦੀਆਂ ਵਹੀਆਂ ਵਿਚ ਵਿਕਰੀ ਦਾ ਜ਼ਿਕਰ ਕਿਵੇਂ ਹੋ ਜਾਂਦਾ ?

ਫੇਰ ਕਸੂਰਵਾਰ ਹੋਇਆ ਤਾਂ ਕੌਣ ?

ਗਿਆਨ ਸਿੰਘ ਵੀ ਸਰਕਾਰ ਦਾ ਪੱਖ ਪੂਰਨ ਆਇਆ ਸੀ। ਕੇਸ ਜਿੱਤਣ ਲਈ ਉਸ ਨੇ ਅੱਡੀ-ਚੋਟੀ ਦਾ ਜ਼ੋਰ ਲਾਇਆ ਸੀ। ਜੇ ਦੋਸ਼ੀ ਫੇਰ ਵੀ ਬਰੀ ਹੋ ਗਏ ਤਾਂ ਇਸ ਦਾ ਇਹ ਮਤਲਬ ਥੋੜ੍ਹਾ ਹੋਣਾ ਸੀ ਕਿ ਗਿਆਨ ਸਿੰਘ ਨਾਲਾਇਕ ਸੀ।

ਇਸ ਤਰ੍ਹਾਂ ਸੋਚਦਾ ਗਿਆਨ ਸਿੰਘ ਆਪੇ ਅਫ਼ਸਰਾਂ ਨੂੰ ਦੋਸ਼ੀ ਠਹਿਰਾ ਦਿੰਦਾ ਅਤੇ ਆਪੇ ਦੋਸ਼-ਮੁਕਤ ਕਰ ਦਿੰਦਾ।

ਗਿਆਨ ਸਿੰਘ ਦਾ ਬਹੁਤਾ ਤਜਰਬਾ ਸਫ਼ਾਈ ਧਿਰ ਵੱਲੋਂ ਪੇਸ਼ ਹੋਣ ਦਾ ਸੀ। ਉਹ ਇਸੇ ਦ੍ਰਿਸ਼ਟੀਕੋਣ ਤੋਂ ਸੋਚਣ ਦਾ ਆਦੀ ਸੀ। ਸ਼ਾਇਦ ਇਸੇ ਲਈ ਉਸ ਨੂੰ ਗੁਣ ਘੱਟ ਅਤੇ ਔਗੁਣ ਵੱਧ ਦਿਖਾਈ ਦੇ ਰਹੇ ਸਨ।

ਆਪਣੀ ਤਸੱਲੀ ਲਈ ਗਿਆਨ ਸਿੰਘ ਨੇ ਜ਼ਿਲ੍ਹਾ ਅਟਾਰਨੀ ਨੂੰ ਬੁਲਾ ਲਿਆ। ਉਹ ਸਰਕਾਰੀ ਪੱਖ ਪੇਸ਼ ਕਰਨ ਦਾ ਮਾਹਿਰ ਸੀ।



ਗਵਾਹਾਂ ਦੀ ਕਾਰਗੁਜ਼ਾਰੀ 'ਤੇ ਜ਼ਿਲ੍ਹਾ ਅਟਾਰਨੀ ਡਾਢਾ ਖ਼ੁਸ਼ ਸੀ। ਅਜਿਹੇ ਕੇਸਾਂ ਵਿਚ ਕੁਝ ਗਵਾਹ ਮੁੱਕਰ ਹੀ ਜਾਇਆ ਕਰਦੇ ਸਨ। ਕੁਝ ਗਵਾਹ ਇਧਰ-ਉਧਰ ਵੀ ਹੋ ਜਾਂਦੇ ਸਨ। ਕੁਲ ਮਿਲਾ ਕੇ ਗਵਾਹੀਆਂ ਕਾਨੂੰਨ ਦੇ ਹਰ ਨੁਕਤੇ ਦਾ ਢਿੱਡ ਭਰਦੀਆਂ ਸਨ।

"ਮਸਲਨ ?" ਜ਼ਿਲ੍ਹਾ ਅਟਾਰਨੀ ਦੇ ਤਸੱਲੀ ਪ੍ਰਗਟਾਉਣ 'ਤੇ ਹੈਰਾਨ ਹੋਏ ਗਿਆਨ ਸਿੰਘ ਨੇ ਜਦੋਂ ਉਦਾਹਰਣ ਪੁੱਛੀ ਤਾਂ ਜ਼ਿਲ੍ਹਾ ਅਟਾਰਨੀ ਸਪੱਸ਼ਟੀਕਰਨ ਦੇਣ ਲੱਗਾ।

ਸਰਕਾਰੀ ਧਿਰ ਦਾ ਪਹਿਲਾ ਫ਼ਰਜ਼ ਜੁਰਮ ਪਿਛਲਾ ਉਦੇਸ਼ ਸਾਬਤ ਕਰਨਾ ਸੀ। ਭੁਗਤੀਆਂ ਗਵਾਹੀਆਂ ਤੋਂ ਪਾਲੇ ਅਤੇ ਮੀਤੇ ਦਾ ਉਦੇਸ਼ ਸਪੱਸ਼ਟ ਹੁੰਦਾ ਸੀ। ਇਹ ਕਾਰਾ ਉਹਨਾਂ ਨੇ ਫਿਰੌਤੀ ਵਸੂਲਣ ਲਈ ਕੀਤਾ ਸੀ।

"ਕੋਈ ਸਬੂਤ ?"

"ਦੋਸ਼ੀਆਂ ਦੇ ਹੱਥੀਂ ਲਿਖੀਆਂ ਚਿੱਠੀਆਂ।"

"ਸਵਾਹ ਅਤੇ ਖੇਹ।' ਜ਼ਿਲ੍ਹਾ ਅਟਾਰਨੀ ਦੇ ਜਵਾਬ 'ਤੇ ਖਿਝੇ ਗਿਆਨ ਸਿੰਘ ਦੇ ਮੂੰਹੋਂ ਇਕ-ਦਮ ਨਿਕਲਿਆ।

"ਮੀਤਾ ਮਸ਼ਹੂਰ ਜੇਬ ਕਤਰਾ ਹੈ। ਵੀਹ-ਪੰਜਾਹ ਹਜ਼ਾਰ ਦੀ ਜੇਬ ਕੱਟ ਲੈਣਾ ਉਸ ਦੇ ਖੱਬੇ ਹੱਥ ਦੀ ਖੇਡ ਹੈ। ਪਾਲਾ ਨਾਮੀ ਚੋਰ ਹੈ। ਕਿਸੇ ਦੀ ਛਾਪ ਚੁਰਾ ਲੈਂਦਾ ਤਾਂ ਵੀ ਚਾਰ-ਪੰਜ ਹਜ਼ਾਰ ਵੱਟਿਆ ਜਾਂਦਾ। ਢਾਈ-ਢਾਈ ਹਜ਼ਾਰ ਦੀ ਮਾਮੂਲੀ ਰਕਮ ਲਈ ਉਹਨਾਂ ਨੂੰ ਐਡਾ ਜ਼ੋਖ਼ਮ ਮੁੱਲ ਲੈਣ ਦੀ ਕੀ ਲੋੜ ਸੀ ? ਫੇਰ ਇਹ ਵੀ ਸਿੱਧ ਹੋ ਚੁੱਕਾ ਸੀ ਕਿ ਅਸਲ ਚਿੱਠੀਆਂ ਉਹਨਾਂ ਲਿਖੀਆਂ ਹੀ ਨਹੀਂ।"

"ਨਹੀਂ ਜਨਾਬ ! ਪੰਜਾਬ ਵਿਚ ਜਿਹੋ ਜਿਹਾ ਮਾਹੌਲ ਚੱਲ ਰਿਹੈ, ਉਸ ਵਿਚ ਜੇਬਾਂ ਕੱਟਣੀਆਂ ਅਤੇ ਚੋਰੀਆਂ ਕਰਨੀਆਂ ਔਖੀਆਂ ਹੋਈਆਂ ਪਈਆਂ ਨੇ। ਥਾਂ-ਥਾਂ ਪੁਲਿਸ ਦਾ ਪਹਿਰਾ ਹੈ। ਇਹ ਚੋਰੀ ਕਿਥੇ ਕਰਨ ? ਜੇਬਾਂ ਕਿਥੇ ਕੱਟਣ ? ਅਜਿਹੇ ਪੇਸ਼ੇਵਾਰ ਮੁਲਜ਼ਮਾਂ ਨੇ ਆਪਣੇ ਧੰਦੇ ਬਦਲ ਲਏ ਹਨ। ਹੁਣ ਇਹਨਾਂ ਫਿਰੌਤੀ ਵਸੂਲਣ ਵਰਗੇ ਜੁਰਮ ਕਰਨੇ ਸ਼ੁਰੂ ਕਰ ਦਿੱਤੇ ਹਨ । ਤਾਂ ਹੀ ਦਿਨੋ-ਦਿਨ ਅਮੀਰ ਲੋਕਾਂ ਨੂੰ ਅਗਵਾ ਕਰ ਕੇ ਫਿਰੌਤੀ ਵਸੂਲਣ ਵਰਗੀਆਂ ਘਟਨਾਵਾਂ ਵਧ ਰਹੀਆਂ ਹਨ।

"ਜੇ ਫਰੌਤੀ ਹੀ ਵਸੂਲਣੀ ਸੀ ਤਾਂ ਲੱਖ ਦੋ ਲੱਖ ਤਾਂ ਮੰਗਦੇ।"

"ਇਹੋ ਤਾਂ ਇਹਨਾਂ ਦੀ ਚਲਾਕੀ ਹੈ। ਇਹਨਾਂ ਜਾਣ-ਬੁਝ ਕੇ ਘੱਟ ਰਕਮ ਮੰਗੀ ਸੀ। ਪਤਾ ਸੀ ਛੋਟੀ ਰਕਮ ਜਲਦੀ ਮਿਲ ਜਾਏਗੀ। ਇਹ ਲਾਲਾ ਜੀ ਦੀ ਬਦਕਿਸਮਤੀ ਸੀ ਕਿ ਚਿੱਠੀ ਪੁਲਿਸ ਦੇ ਹੱਥ ਲੱਗ ਗਈ। ਨਹੀਂ ਤਾਂ ਰਕਮ ਪੁੱਜ ਜਾਂਦੀ ਤੇ ਬੱਚਾ ਬਚਿਆ ਰਹਿੰਦਾ। ਜੇ ਇਹ ਕਾਰਾ ਕਿਸੇ ਅੱਤਵਾਦੀ ਸੰਸਥਾ ਦਾ ਹੁੰਦਾ ਤਾਂ ਉਹਨਾਂ ਲੱਖ ਹੀ ਮੰਗਣਾ ਸੀ। ਇਹੋ ਨੁਕਤਾ ਸਾਡੇ ਹੱਕ 'ਚ ਜਾਂਦੈ।" ਆਪਣੇ ਤਰਕ ਨਾਲ ਗਿਆਨ ਸਿੰਘ ਨੂੰ ਸਹਿਮਤ ਹੁੰਦਾ ਦੇਖ ਕੇ ਜ਼ਿਲ੍ਹਾ ਅਟਾਰਨੀ ਦਾ ਹੌਸਲਾ ਵਧਣ ਲੱਗਾ।

"ਇਕ ਨੁਕਤਾ ਹੋਰ ਵੀ। ਕਤਲ ਪਿੱਛੇ ਜੇ ਕੋਈ ਅੱਤਵਾਦੀ ਸੰਸਥਾ ਹੁੰਦੀ ਤਾਂ ਬੱਚੇ ਨੂੰ ਗੋਲੀ ਨਾ ਮਾਰਦੀ ?" ਇਹ ਮਾਮੂਲੀ ਮੁਲਜ਼ਮ ਹਨ। ਇਹਨਾਂ ਕੋਲ ਕੀਮਤੀ ਹਥਿਆਰ ਸਨ ਹੀ ਨਹੀਂ। ਬੱਚਾ ਚੁੱਕ ਤਾਂ ਬੈਠੇ ਪਰ ਮੋੜਨਾ ਮੁਸ਼ਕਲ ਹੋ ਗਿਆ। ਬੱਚੇ ਨੂੰ ਸਹੀ-ਸਲਾਮਤ ਘਰ ਮੋੜਦੇ ਤਾਂ ਫੜੇ ਜਾਂਦੇ। ਖਹਿੜਾ ਛੁਡਾਉਣ ਦਾ ਇਕੋ-ਇਕ ਰਾਹ ਕਤਲ ਸੀ। ਸੋ ਇਹਨਾਂ ਕਰ ਦਿੱਤਾ।"

"ਜੋ ਕੁਝ ਤੁਸੀਂ ਆਖਿਆ ਇਹ ਸੱਚ ਹੋ ਸਕਦੈ, ਪਰ ਇਸ ਬਾਰੇ ਮਿਸਲ 'ਚ ਕੋਈ ਸਬੂਤ ਹੈ ?" ਗਿਆਨ ਸਿੰਘ ਦਲੀਲ ਨਾਲੋਂ ਤੱਥ ਨੂੰ ਪਹਿਲ ਦਿੰਦਾ ਸੀ।

"ਕਿਸ ਨੂੰ ਨਹੀਂ ਪਤਾ ਜਨਾਬ ਕਿ ਦਹਿਸ਼ਤਗਰਦੀ ਕਾਰਨ ਪੰਜਾਬ ਦੇ ਲੋਕ ਡਰੇ ਹੋਏ ਹਨ। ਕਿਸੇ ਦਾ ਸਕਾ ਪਿਓ ਵੀ ਜੇ ਅੱਖਾਂ ਸਾਹਮਣੇ ਕਤਲ ਹੋਇਆ ਹੋਵੇ, ਉਹ ਵੀ ਗਵਾਹੀ ਨਹੀਂ ਦਿੰਦਾ। ਇਸ ਕੇਸ ਵਿਚ ਗਵਾਹ ਡਰਾਏ ਧਮਕਾਏ ਗਏ। ਇਹ ਤੱਥ ਮਿਸਲ 'ਚ ਆ ਚੁੱਕੈ। ਗਵਾਹ ਕਿਉਂ ਮੁੱਕਰ ਗਏ ? ਅਦਾਲਤ ਆਪੇ ਜੁਡੀਸ਼ੀਅਲ ਨੋਟਿਸ ਲੈ ਲਏਗੀ।"

"ਡੀ.ਏ. ਸਾਹਿਬ ! ਅਸੀਂ ਕਿਸੇ ਸੈਮੀਨਾਰ ਜਾਂ ਕਲਾਸ-ਰੂਮ ਵਿਚ ਭਾਸ਼ਣ ਨਹੀਂ ਦੇਣਾ। ਅਸੀਂ ਅਦਾਲਤ ਵਿਚ ਬਹਿਸ ਕਰਨੀ ਹੈ। ਹਰ ਦਲੀਲ ਦੀ ਪੁਸ਼ਟੀ ਲਈ ਤੱਥਾਂ ਦਾ ਹਵਾਲਾ ਦੇਣਾ ਪੈਣੈ। ਅਸਮਾਨ ਵਿਚ ਉੱਡਣ ਦੀ ਥਾਂ ਧਰਤੀ 'ਤੇ ਖੜ੍ਹੇ ਕੇ ਗੱਲ ਕਰੋ।"

ਜ਼ਿਲ੍ਹਾ ਅਟਾਰਨੀ ਦੇ ਲੰਬੇ-ਚੌੜੇ ਭਾਸ਼ਨ ਤੋਂ ਅੱਕੇ ਗਿਆਨ ਸਿੰਘ ਕੋਲ ਉਸ ਨੂੰ ਝਾੜਨ ਤੋਂ ਸਿਵਾ ਕੋਈ ਚਾਰਾ ਨਹੀਂ ਸੀ।

"ਤੱਥ ਤਾਂ ਜਨਾਬ ਫੇਰ ਇਹੋ ਜਿਹੇ ਹੀ ਨੇ। ਸਿੱਧੀ ਸਪੱਸ਼ਟ ਗਵਾਹੀ ਤਾਂ ਸਾਡੇ ਹੱਕ ਵਿਚ ਇਕ ਵੀ ਨਹੀਂ। ਸਾਨੂੰ ਕਾਨੂੰਨੀ ਨੁਕਤਿਆਂ ਦਾ ਹੀ ਸਹਾਰਾ ਲੈਣਾ ਪਊ।"

ਸ਼ਰਮਸਾਰ ਹੋਇਆ ਜ਼ਿਲ੍ਹਾ ਅਟਾਰਨੀ ਇਕਦਮ ਪਾਣੀ ਵਿਚ ਬੈਠਣ ਲੱਗਾ।

"ਮੈਨੂੰ ਤਾਂ ਕੋਈ ਨੁਕਤਾ ਨਜ਼ਰ ਨਹੀਂ ਆਉਂਦਾ।"

"ਕਾਨੂੰਨੀ ਨੁਕਤਾ ਹੈ ਜਨਾਬ ! ਦੋਵੇਂ ਦੋਸ਼ੀ ਦਸ ਨੰਬਰੀਏ ਹਨ। ਦੋਹਾਂ 'ਤੇ ਬੀਸੀਆਂ ਮੁਕੱਦਮੇ ਚੱਲ ਚੁੱਕੇ ਹਨ। ਕਈ-ਕਈ ਵਾਰ ਸਜ਼ਾ ਕੱਟ ਆਏ ਹਨ। ਇਕ ਜੇਬ ਕਤਰਾ ਹੈ, ਦੂਜਾ ਚੋਰ। ਇਹਨਾਂ ਜੁਰਮਾਂ ਵਿਚ ਪੈਸਾ ਅਸਾਨੀ ਨਾਲ ਬਣ ਜਾਂਦੈ। ਅਜਿਹੀਆਂ ਸੈਂਕੜੇ ਉਦਾਹਰਣਾਂ ਮੌਜੂਦ ਹਨ, ਜਿਨ੍ਹਾਂ ਵਿਚ ਪਹਿਲਾਂ ਦੋਸ਼ੀ ਜੁਰਮ ਕਰਨਾ ਛੱਡ ਗਏ ਪਰ ਜਦੋਂ ਹੱਡ-ਭੰਨਵੀਂ ਮਿਹਨਤ ਕਰਨੀ ਪਈ ਤਾਂ ਫੇਰ ਜਰਾਇਮ-ਪੇਸ਼ੇ ਵਿਚ ਆ ਗਏ। ਇੰਝ ਹੀ ਸਾਡੇ ਦੋਸ਼ੀਆਂ ਨਾਲ ਹੋਇਆ। ਦੋਸ਼ੀਆਂ ਦੇ ਭੈੜੇ ਚਾਲ-ਚਲਣ ਦਾ ਨੁਕਤਾ ਸਾਡੇ ਹੱਕ 'ਚ ਜਾਂਦੈ।"

"ਭਲਿਆ ਲੋਕਾ, ਇਸ ਦਲੀਲ ਦਾ ਫ਼ਾਇਦਾ ਸਾਡੇ ਨਾਲੋਂ ਸਫ਼ਾਈ ਧਿਰ ਨੂੰ ਵੱਧ ਹੋਵੇਗਾ। ਸਾਡੇ ਗਵਾਹਾਂ ਦਾ ਚਾਲ-ਚਲਣ ਦੋਸ਼ੀਆਂ ਨਾਲੋਂ ਵੱਧ ਸ਼ੱਕੀ ਹੈ। ਜਿਨ੍ਹਾਂ ਗਵਾਹਾਂ ਦਾ ਚਾਲ-ਚਲਣ ਠੀਕ ਸੀ, ਉਹ ਲਾਲਾ ਜੀ ਦੇ ਭਗਤ ਨਿਕਲੇ।" ਗਿਆਨ ਸਿੰਘ ਨੂੰ ਕੋਈ ਨੁਕਤਾ ਜਚ ਨਹੀਂ ਸੀ ਰਿਹਾ।

"ਪੁਲਿਸ ਦੀ ਦੋਸ਼ੀਆਂ ਨਾਲ ਕੋਈ ਦੁਸ਼ਮਣੀ ਨਹੀਂ। ਪੁਲਿਸ ਨੂੰ ਇਹਨਾਂ 'ਤੇ ਝੂਠਾ ਕੇਸ ਪਾਉਣ ਦੀ ਕੀ ਲੋੜ ਸੀ ?" ਅਖ਼ੀਰ ਵਿਚ ਜ਼ਿਲ੍ਹਾ ਅਟਾਰਨੀ ਸਪੈਸ਼ਲ ਪੀ.ਪੀ. ਨੂੰ ਇਹ ਘਸੀ-ਪਿੱਟੀ ਦਲੀਲ ਸੁਣਾਉਣ ਲੱਗਾ।

"ਪੁਲਿਸ ਨੂੰ ਇਸ ਤਰ੍ਹਾਂ ਕਰਨ ਦੀ ਸਖ਼ਤ ਜ਼ਰੂਰਤ ਸੀ। ਇਸ ਲੋੜ ਦਾ ਜ਼ਿਕਰ ਸਫ਼ਾਈ ਧਿਰ ਨੇ ਥਾਂ-ਥਾਂ ਕੀਤੈ। ਅਸੀਂ ਇਹ ਦਲੀਲ ਦਿੱਤੀ ਤਾਂ ਸਫ਼ਾਈ ਧਿਰ ਨੂੰ ਮੁੱਖ ਮੰਤਰੀ ਨੂੰ ਕੇਸ ਵਿਚ ਘੜੀਸਣ ਦਾ ਮੌਕਾ ਮਿਲ ਜਾਣੈ। ਉਹਨਾਂ ਦਾ ਕੇਸ ਨਾਲ ਲਗਾਓ ਸਾਬਤ ਕਰਨ ਲਈ ਗਿਆਨ ਸਿੰਘ ਦੀ ਨਿਯੁਕਤੀ ਦੀ ਉਦਾਹਰਣ ਦਿੱਤੀ ਜਾਵੇਗੀ।"

ਇਸ ਤੋਂ ਸਿਵਾ ਜ਼ਿਲ੍ਹਾ ਅਟਾਰਨੀ ਨੂੰ ਕੁਝ ਨਹੀਂ ਸੀ ਸੁਝ ਰਿਹਾ।

ਗਿਆਨ ਸਿੰਘ ਨੂੰ ਜਦ ਕੁਝ ਵੀ ਚੰਗਾ ਨਾ ਲੱਗਾ ਤਾਂ ਜ਼ਿਲ੍ਹਾ ਅਟਾਰਨੀ ਵੀ ਖਿਝ ਗਿਆ। ਅਜੀਬ ਸੀ ਸਪੈਸ਼ਲ ਪੀ.ਪੀ.। ਜ਼ਿਲ੍ਹਾ ਅਟਾਰਨੀ ਦੀ ਹਰ ਦਲੀਲ ਨੂੰ ਰੱਦ ਕਰਦਾ ਜਾ ਰਿਹਾ ਸੀ। ਹੋਰ ਬਹਿਸ ਕਿਸ ਤਰ੍ਹਾਂ ਦੀ ਹੁੰਦੀ ਸੀ ? ਬਹਿਸ ਵਿਚ ਇਹੋ ਕੁਝ ਤਾਂ ਹੁੰਦਾ ਹੈ। ਜ਼ਿਲ੍ਹਾ ਅਟਾਰਨੀ ਤਾਂ ਇਸੇ ਤਰ੍ਹਾਂ ਬਹਿਸ ਕਰਦਾ ਸੀ। ਦੋਸ਼ੀ ਸਜ਼ਾ ਵੀ ਹੁੰਦੇ ਸਨ। ਗਿਆਨ ਸਿੰਘ ਉਸ ਤੋਂ ਹੋਰ ਕੀ ਭਾਲਦਾ ਸੀ ?



ਗਿਆਨ ਸਿੰਘ ਦੀਆਂ ਦਲੀਲਾਂ ਨੇ ਜ਼ਿਲ੍ਹਾ ਅਟਾਰਨੀ ਦਾ 'ਬਰੇਨ ਵਾਸ਼' ਕਰ ਦਿੱਤਾ। ਉਸ ਦਾ ਮਨੋਬਲ ਗਿਰ ਗਿਆ। ਉਸ ਨੂੰ ਮਹਿਸੂਸ ਹੋਣ ਲੱਗਾ ਜਿਵੇਂ ਸੱਚਮੁੱਚ ਕੇਸ ਵਿਚ ਕੁਝ ਨਹੀਂ ਸੀ।

ਭੰਡਾਰੀ ਵਕੀਲ ਵੀ ਸਰਕਾਰੀ ਪੱਖ ਪੂਰ ਰਿਹਾ ਸੀ। ਕਿਉਂ ਨਾ ਉਸ ਦੇ ਦਿਮਾਗ਼ ਨੂੰ ਵੀ ਪਰਖ ਲਿਆ ਜਾਵੇ। ਸ਼ਾਇਦ ਉਹ ਕੋਈ ਨਵੀਂ ਗੱਲ ਕਰ ਸਕੇ।

ਭੰਡਾਰੀ ਨੂੰ ਬੁਲਾਇਆ ਗਿਆ।

"ਜਿਥੋਂ ਤਕ ਕੇਸ ਦਾ ਸੰਬੰਧ ਹੈ ਇਸ ਵਿਚ ਕੱਖ ਨਹੀਂ। ਦੋਸ਼ੀ ਬਰੀ ਨੇ, ਪਰ ਜੇ ਗਿਆਨ ਸਿੰਘ ਹੁਰੀਂ ਚਾਹੁਣ ਤਾਂ ਦੋਸ਼ੀਆਂ ਨੂੰ ਸਜ਼ਾ ਹੋ ਸਕਦੀ ਹੈ।" ਬਿਨਾਂ ਕਿਸੇ ਵਿੰਗ-ਵਲ ਦੇ ਆਪਣੀ ਹਾਰ ਕਬੂਲਦਾ ਭੰਡਾਰੀ ਕੇਸ ਜਿੱਤਣ ਦੇ ਰਾਹ ਸੁਝਾਉਣ ਲੱਗਾ।

"ਵਾਹ ਭੰਡਾਰੀ ਸਾਹਿਬ ! ਮੈਂ ਕੇਸ ਜਿੱਤਣਾ ਕਿਉਂ ਨਹੀਂ ਚਾਹਾਂਗਾ ? ਮੈਂ ਇਥੇ ਆਇਆ ਹੀ ਇਸੇ ਮਕਸਦ ਨਾਲ ਹਾਂ।" ਭੰਡਾਰੀ ਦਾ ਸੁਝਾਅ ਜਾਣਨ ਲਈ ਗਿਆਨ ਸਿੰਘ ਕਾਹਲਾ ਪੈਣ ਲੱਗਾ।

"ਫੇਰ ਸੁਣੋ। ਕਾਨੂੰਨ ਅਤੇ ਦਲੀਲ ਤੋਂ ਸਿਵਾ ਦੋਸ਼ੀਆਂ ਨੂੰ ਸਜ਼ਾ ਕਰਾਉਣ ਦੇ ਹੋਰ ਬਥੇਰੇ ਰਾਹ ਹਨ।"

ਅਗਲੀ ਗੱਲ ਗਿਆਨ ਸਿੰਘ ਆਪੇ ਹੀ ਸਮਝ ਗਿਆ।

ਭੰਡਾਰੀ ਬਿਲਕੁਲ ਠੀਕ ਆਖਦਾ ਸੀ।

ਕੱਲ੍ਹ ਉਹ ਬਹਿਸ ਸਮਾਪਤ ਨਹੀਂ ਕਰਨਗੇ। ਬਹਿਸ ਨੂੰ ਅਗਲੇ ਦਿਨ ਤਕ ਲਟਕਾਇਆ ਜਾਏਗਾ।

ਰਾਤ ਨੂੰ ਉਹ ਚੰਡੀਗੜ੍ਹ ਜਾਏਗਾ। ਸਾਰੀ ਸਥਿਤੀ ਮੁੱਖ ਮੰਤਰੀ ਨੂੰ ਸਮਝਾਏਗਾ। ਨਵੇਂ ਰਾਹ ਸੁਝਾਏਗਾ।

ਦੋਸ਼ੀਆਂ ਨੂੰ ਸਜ਼ਾ ਦਾ ਇੰਤਜ਼ਾਮ ਹੋ ਚੁੱਕਾ ਸੀ।

ਮਿਸਲ ਅਤੇ ਕਾਨੂੰਨ ਦੀਆਂ ਕਿਤਾਬਾਂ ਪਰੇ ਸੁੱਟ ਕੇ ਉਹ ਇਉਂ ਘੁਰਾੜੇ ਮਾਰਨ ਲੱਗਾ ਜਿਵੇਂ ਘੋੜੇ ਵੇਚ ਕੇ ਸੁੱਤਾ ਹੋਵੇ।

## 29

ਫ਼ੈਸਲਾ ਬਹਿਸ ਦੇ ਤਿੰਨ ਦਿਨਾਂ ਬਾਅਦ ਸੁਣਾਇਆ ਜਾਣਾ ਸੀ।

ਇਹ ਤਿੰਨ ਦਿਨਾਂ ਦਾ ਸਮਾਂ ਸਭ ਲਈ ਉਤੇਜਨਾ ਭਰਿਆ ਸੀ।

ਜਿਥੇ ਵੀ ਦੋ ਬੰਦੇ ਜੁੜਦੇ, ਇਸ ਕੇਸ ਦੇ ਚਰਚੇ ਛਿੜ ਪੈਂਦੇ।

ਵਕੀਲਾਂ ਨੂੰ ਤਾਂ ਜਿਵੇਂ ਹੋਰ ਕੋਈ ਕੰਮ ਹੀ ਨਹੀਂ ਸੀ। ਬਾਰ ਰੂਮ ਵਿਚ ਵਿਹਲੇ ਬੈਠੇ ਵਕੀਲ ਉਪਰੋਂ-ਉਪਰੋਂ ਸੈੱਲ ਦੇ ਵਕੀਲਾਂ ਦੀ ਮਿਹਨਤ ਦੀ ਦਾਦ ਦਿੰਦੇ, ਅੰਦਰੋਂ ਉਹਨਾਂ ਦੀ ਸਫ਼ਲਤਾ 'ਤੇ ਚਿੜਦੇ।

ਸੀਨੀਅਰ ਵਕੀਲਾਂ ਨੂੰ ਕੁਝ ਜ਼ਿਆਦਾ ਹੀ ਚਿੰਤਾ ਸੀ। ਕੱਲ੍ਹ ਦੀਆਂ ਭੂਤਨੀਆਂ ਦਾ ਸਿਵੇ 'ਚ ਅੱਧ ਬਣਦਾ ਜਾ ਰਿਹਾ ਸੀ।

ਇਕ ਨਹੀਂ, ਦੋ ਨਹੀਂ ਪੂਰੇ ਤਿੰਨ-ਤਿੰਨ ਵਕੀਲ ਸਥਾਪਤ ਹੋਣ ਲੱਗੇ ਸਨ।

ਕੁਝ ਵਕੀਲ ਇਸ ਕਾਮਯਾਬੀ ਦਾ ਸਿਹਰਾ ਮੋਹਨ ਜੀ ਦੇ ਸਿਰ ਬੰਨ੍ਹਦੇ। ਗਵਾਹਾਂ ਦੀ ਪੈੜ ਉਸੇ ਨੇ ਨੱਪੀ ਸੀ। ਜੇ ਗਵਾਹ ਪੈਰੋਂ ਨਾ ਨਿਕਲਦੇ ਤਾਂ ਕੁਝ ਪੱਲੇ ਨਾ ਪੈਂਦਾ।

ਰਾਤੋ-ਰਾਤ ਮੋਹਨ ਜੀ ਸੀਨੀਅਰ ਵਕੀਲ ਬਣ ਗਿਆ ਸੀ। ਹੁਣ ਉਹ ਆਖਦਾ ਫਿਰਦਾ ਸੀ, ਛੋਟੀਆਂ ਅਦਾਲਤਾਂ ਨਾਲੋਂ ਵੱਡੀਆਂ ਅਦਾਲਤਾਂ ਵਿਚ ਕੰਮ ਕਰਨਾ ਸੌਖਾ ਹੈ। ਨਵੇਂ ਸਭ ਸ਼ੈਸਨ ਕੇਸ ਉਸ ਨੇ ਆਪਣੇ ਕੋਲ ਰੱਖ ਲਏ। ਦੋਸ਼ੀਆਂ ਦੇ ਬਰੀ ਹੁੰਦਿਆਂ ਹੀ ਉਸ ਦੇ ਹੌਸਲੇ ਬੁਲੰਦ ਹੋ ਜਾਣਗੇ। ਫੇਰ ਸੈਸ਼ਨ ਕੋਰਟ ਵਿਚ ਵੀ ਮੋਹਨ ਜੀ-ਮੋਹਨ ਜੀ ਹੋਇਆ ਕਰੇਗੀ।

ਕੁਝ ਵਕੀਲ ਕੇਸ ਦਾ ਛੁਪਿਆ ਰੁਸਤਮ ਗੁਰਮੀਤ ਨੂੰ ਸਮਝਦੇ ਸਨ। ਉਹ ਬੋਲਦਾ ਘੱਟ ਤੇ ਕੰਮ ਜ਼ਿਆਦਾ ਕਰਦਾ ਸੀ। ਕੇਸ ਜਿੱਤਣ ਵਿਚ ਉਸ ਦਾ ਪੁਲਿਸ ਰਸੂਖ਼ ਸਭ ਤੋਂ ਵੱਧ ਕੰਮ ਆਇਆ ਸੀ। ਸਿਪਾਹੀ ਤੋਂ ਲੈ ਕੇ ਡਿਪਟੀ ਤਕ ਉਸ ਦੇ ਹਮਾਇਤੀ ਸਨ। ਕੇਸ ਦੀਆਂ ਜ਼ਿਮਨੀਆਂ, ਬਿਆਨਾਂ ਦੀਆਂ ਨਕਲਾਂ, ਅਸਲੀ ਨਕਲੀ ਚਿੱਠੀਆਂ ਦੇ ਸੈੱਟ ਜੇ ਸਮੇਂ ਸਿਰ ਨਾ ਮਿਲਦੇ ਤਾਂ ਕੇਸ ਦਾ ਰੁਖ਼ ਦੂਜੇ ਪਾਸੇ ਹੋਣਾ ਸੀ।

ਜਿਸ ਵਕੀਲ ਦੀ ਮਦਦ ਪੁਲਿਸ ਕਰਦੀ ਹੋਵੇ, ਉਸ ਨੂੰ ਸਫ਼ਲਤਾ ਦੀ ਪੌੜੀ ਚੜ੍ਹਨਾ ਕੀ ਔਖਾ ਸੀ ? ਹੁਣ ਜਦੋਂ ਗੁਰਮੀਤ ਨੇ ਵਕਾਲਤ ਕਰਨ ਦਾ ਮਨ ਬਣਾ ਹੀ ਲਿਆ ਸੀ ਤਾਂ ਫ਼ੌਜਦਾਰੀ ਵਕੀਲਾਂ ਨੂੰ ਕਿਸੇ ਹੋਰ ਥਾਂ ਦੀ ਤਲਾਸ਼ ਕਰਨੀ ਚਾਹੀਦੀ ਸੀ।

ਕੱਲ੍ਹ ਤਕ ਸ਼ਰਾਬੀ-ਕਬਾਬੀ ਅਤੇ ਨਿਕੰਮਾ ਸਮਝਿਆ ਜਾਂਦਾ ਪਿਆਰੇ ਲਾਲ ਵੀ ਇਕਦਮ ਹੀ ਧਰੂ ਤਾਰੇ ਵਾਂਗ ਚਮਕ ਪਿਆ ਸੀ। ਬਹਿਸ ਵਰਗੀ ਮਹੱਤਵਪੂਰਨ ਜ਼ਿੰਮੇਵਾਰੀ ਉਸੇ ਨੇ ਨਿਭਾਈ ਸੀ। ਇਕ-ਇਕ ਨੁਕਤੇ ਨੂੰ ਜਿਸ ਅੰਦਾਜ਼ ਨਾਲ ਉਸ ਨੇ ਪੇਸ਼ ਕੀਤਾ, ਉਸ ਤੋਂ ਸੀਨੀਅਰ ਤੋਂ ਸੀਨੀਅਰ ਵਕੀਲ ਵੀ ਪ੍ਰਭਾਵਿਤ ਹੋਇਆ ਸੀ। ਬਹਿਸ ਦੌਰਾਨ ਉਸ ਨੇ ਅਜਿਹੇ ਬੀਸੀਆਂ ਸਵਾਲ ਉਠਾਏ ਸਨ ਜਿਨ੍ਹਾਂ ਦਾ ਸਰਕਾਰੀ ਧਿਰ ਕੋਲ ਕੋਈ ਉੱਤਰ ਨਹੀਂ ਸੀ। ਜਵਾਬ



ਦੀ ਮੰਗ ਕਰਦੀਆਂ ਉਸ ਦੀਆਂ ਸਵਾਲੀਆ ਅੱਖਾਂ ਜਦੋਂ ਗਿਆਨ ਸਿੰਘ ਵੱਲ ਉੱਠਦੀਆਂ ਤਾਂ ਗਿਆਨ ਸਿੰਘ ਦਾ ਮੱਥਾ ਪਸੀਨੇ ਨਾਲ ਤਰ ਹੋ ਜਾਂਦਾ ਅਤੇ ਸ਼ਰਮ ਦਾ ਮਾਰਿਆ ਉਹ ਸਿਰ ਝੁਕਾ ਲੈਂਦਾ।

ਬਹਿਸ ਸੁਣਦੇ ਹਰ ਸਰੋਤੇ ਨੂੰ ਇਹੋ ਮਹਿਸੂਸ ਹੁੰਦਾ ਸੀ ਜਿਵੇਂ ਦੋਸ਼ੀ ਸੌ ਫ਼ੀਸਦੀ ਬੇਕਸੂਰ ਸਨ। ਇਹੋ ਵਧੀਆ ਬਹਿਸ ਦੀ ਨਿਸ਼ਾਨੀ ਸੀ।

ਅਦਾਲਤੋਂ ਬਾਹਰ ਆ ਕੇ ਗਿਆਨ ਸਿੰਘ ਨੂੰ ਵੀ ਪਿਆਰੇ ਲਾਲ ਦੀ ਪਿੱਠ ਥਾਪੜਨੀ ਪਈ ਸੀ।

ਲੋਕਾਂ ਨੇ ਉਸ ਦੀ ਲਿਆਕਤ ਨੂੰ ਮਾਨਤਾ ਦੇਣੀ ਸ਼ੁਰੂ ਕਰ ਦਿੱਤੀ ਸੀ। ਅੱਜ ਕੱਲ੍ਹ ਉਸ ਦਾ ਫੱਟਾ ਪਹਿਲਾਂ ਵਾਂਗ ਬੇ-ਰੌਣਕਾ ਨਹੀਂ ਸੀ ਰਹਿੰਦਾ। ਕੁਝ-ਕੁਝ ਕੇਸਾਂ ਵਿਚ ਉਸ ਦੇ ਵਕਾਲਤ-ਨਾਮੇ ਲੱਗਣ ਲੱਗੇ ਸਨ।

ਪਾਲੇ ਅਤੇ ਮੀਤੇ ਦੇ ਬਰੀ ਹੁੰਦਿਆਂ ਹੀ ਉਸ ਦੀ ਝੰਡੀ ਸਭ ਤੋਂ ਉਪਰ ਹੋਣੀ ਸੀ।

ਸਿਆਣੇ ਮੁਨਸ਼ੀਆਂ ਨੇ ਉਹਨਾਂ ਦੇ ਭਵਿੱਖ ਨੂੰ ਭਾਂਪ ਲਿਆ ਸੀ। ਹਾਲੇ ਤਕ ਨਾ ਗੁਰਮੀਤ ਨੇ ਮੁਨਸ਼ੀ ਰੱਖਿਆ ਸੀ ਨਾ ਪਿਆਰੇ ਲਾਲ ਨੇ। ਕੁਝ ਪੁਰਾਣੇ ਮੁਨਸ਼ੀ ਉਹਨਾਂ ਦੁਆਲੇ ਕੱਟੀਆਂ-ਵੱਛੀਆਂ ਬੰਨ੍ਹਣ ਲੱਗੇ ਸਨ। ਕੁਝ ਚੁਸਤ ਮੁਨਸ਼ੀਆਂ ਨੇ ਇਕ-ਇਕ, ਦੋ-ਦੋ ਕੇਸ ਦਿਵਾ ਕੇ ਉਹਨਾਂ ਨੂੰ ਭਰਮਾਉਣਾ ਵੀ ਸ਼ੁਰੂ ਕਰ ਦਿੱਤਾ ਸੀ।

ਕਈ ਸਿਆਣੇ ਸਾਇਲਾਂ ਨੇ ਵੀ ਗੁਦੜੀ ਦੇ ਲਾਲ ਪਛਾਣ ਲਏ। ਕੁਝ ਫ਼ੈਸਲੇ ਦੀ ਉਡੀਕ ਕਰਨ ਲੱਗੇ। ਪਾਲੇ ਅਤੇ ਮੀਤੇ ਦੇ ਬਰੀ ਹੁੰਦਿਆਂ ਹੀ ਉਹਨਾਂ ਆਪਣੇ ਲਿਫ਼ਾਫ਼ੇ ਚੁੱਕ ਕੇ ਉਹਨਾਂ ਕੋਲ ਆ ਜਾਣਾ ਸੀ। ਸਾਈਆਂ ਵਧਾਈਆਂ ਉਹ ਪਹਿਲਾਂ ਹੀ ਲਾਉਣ ਲੱਗੇ।

ਇਸ ਸਾਰੀ ਉਥਲ-ਪੁੱਥਲ ਨੂੰ ਦੇਖ ਕੇ ਪਿਆਰੇ ਲਾਲ ਦੇ ਮਨ ਵਿਚ ਲੱਡੂ ਫੁੱਟਣ ਲੱਗਦੇ। ਵੈਸੇ ਉਸ ਨੂੰ ਯਕੀਨ ਸੀ ਕਿ ਫ਼ੈਸਲਾ ਉਹਨਾਂ ਦੇ ਹੱਕ ਵਿਚ ਹੋਏਗਾ। ਫੇਰ ਵੀ ਕਈ ਵਾਰ ਮਨ ਡੋਲ ਜਾਂਦਾ। ਕੱਪ ਅਤੇ ਬੁੱਲ੍ਹਾਂ ਵਿਚਕਾਰਲੇ ਫ਼ਾਸਲੇ ਵਾਲੀ ਅੰਗਰੇਜ਼ੀ ਅਖਾਉਤ ਉਸ ਨੂੰ ਡਰਾਉਣ ਲੱਗਦੀ।

ਇੰਤਜ਼ਾਰ ਦੀ ਹਰ ਘੜੀ ਉਸ ਨੂੰ ਇਕ ਯੁੱਗ ਜਿੱਡੀ ਲੱਗਦੀ।

ਕਚਹਿਰੀਆਂ ਦੇ ਭੇਤੀ ਲੋਕ ਬਹਿਸ ਦੌਰਾਨ ਹੀ ਭਾਂਪ ਜਾਂਦੇ ਹਨ ਕਿ ਊਠ ਕਿਧਰ ਨੂੰ ਕਰਵਟ ਲਏਗਾ। ਜੱਜ ਦਾ ਮੂਡ ਭਾਂਪਣ ਲਈ ਪਿਆਰੇ ਲਾਲ ਵੀ ਤਰਲੋਮੱਛੀ ਹੋ ਰਿਹਾ ਸੀ। ਪਾਲੇ ਅਤੇ ਮੀਤੇ ਦੀ ਜ਼ਿੰਦਗੀ ਦੇ ਨਾਲ-ਨਾਲ ਉਸ ਦੇ ਭਵਿੱਖ ਦਾ ਵੀ ਫ਼ੈਸਲਾ ਹੋਣਾ ਸੀ।

ਆਪਣੀ ਜਗਿਆਸਾ ਸ਼ਾਂਤ ਕਰਨ ਲਈ ਕਦੇ ਉਹ ਮੋਹਨ ਜੀ ਦੇ ਮੁਨਸ਼ੀ ਕੋਲ ਜਾ ਬੈਠਦਾ।

"ਕੇਸ ਲੀਗਲ ਸੈੱਲ ਹੀ ਜਿੱਤੇਗਾ।" ਦਾਅਵਾ ਕਰਦਾ ਮੁਨਸ਼ੀ ਸ਼ਰਤ ਲਾਉਣ ਤਕ ਨੂੰ ਤਿਆਰ ਹੋ ਜਾਂਦਾ।

ਤੁਸੀਂ ਦੇਖਿਆ ਤਾਂ ਸੀ ਜੱਜ ਗਵਾਹਾਂ ਨੂੰ ਕਿਵੇਂ ਝਈਆਂ ਲੈ-ਲੈ ਪੈਂਦਾ ਸੀ। ਆਹ ਕਿਵੇਂ ਹੋਇਆ ? ਉਹ ਕਿਵੇਂ ਹੋਇਆ ? ਇਸਤਗਾਸਾ ਧਿਰ ਨੂੰ ਮਿਉਂ-ਮਿਉਂ ਕਰਨ ਤੋਂ ਸਿਵਾ ਕਦੇ ਕੁਝ ਸੁੱਝਿਆ ਸੀ ? ਸਾਥੋਂ ਤਾਂ ਜੱਜ ਨੇ ਥੋੜ੍ਹੇ ਜਿਹੇ ਸਪੱਸ਼ਟੀਕਰਨ ਮੰਗੇ ਸਨ। ਹਰ ਸਪੱਸ਼ਟੀਕਰਨ 'ਤੇ ਉਹਦੀ ਤਸੱਲੀ ਹੋ ਜਾਂਦੀ ਸੀ। ਜੱਜ ਦੇ ਮਨ 'ਚ ਪੈਦਾ ਹੋਇਆ ਸ਼ੰਕਿਆਂ ਦਾ ਫ਼ਾਇਦਾ ਸਫ਼ਾਈ ਧਿਰ ਨੂੰ ਹੀ ਜਾਏਗਾ। ਨਹੀਂ ?"

ਪਿਆਰੇ ਲਾਲ ਮੁਨਸ਼ੀ ਦੇ ਤਰਕ ਨਾਲ ਸਹਿਮਤ ਤਾਂ ਹੁੰਦਾ ਪਰ ਉਸ ਦਾ ਦਿਲ ਨਾ

ਟਿਕਦਾ। ਲਛਮਣ ਦਾਸ ਉਹਨਾਂ ਦਾ ਆਪਣਾ ਮੁਨਸ਼ੀ ਸੀ। ਵਕੀਲ ਵਾਂਗ ਮੁਨਸ਼ੀ ਦਾ ਮਨ ਵੀ ਕੇਸ ਦੀ ਸਫ਼ਲਤਾ ਨਾਲ ਜੁੜਿਆ ਹੋਇਆ ਸੀ। ਉਸ ਨੂੰ ਚਾਰੇ ਪਾਸੇ ਹਰਾ-ਹਰਾ ਦਿਖਾਈ ਦੇਣਾ ਹੀ ਸੀ।

ਭਾਨੇ ਨੰਬਰਦਾਰ ਨੇ ਵੀ ਆਪਣੇ ਵਾਲ ਕਚਹਿਰੀਆਂ ਵਿਚ ਹੀ ਸਫ਼ੈਦ ਕੀਤੇ ਸਨ। ਉਸ ਨੇ ਵੀ ਸਾਰੀ ਬਹਿਸ ਸੁਣੀ ਸੀ। ਸਾਇਲਾਂ ਨੂੰ ਉਸ 'ਤੇ ਰੱਬ ਵਰਗਾ ਭਰੋਸਾ ਸੀ। ਬਹਿਸ ਸੁਣ ਕੇ ਜਿਸ ਤਰ੍ਹਾਂ ਉਹ ਆਖਿਆ ਕਰਦਾ ਸੀ, ਫ਼ੈਸਲਾ ਅਕਸਰ ਉਸੇ ਤਰ੍ਹਾਂ ਹੋਇਆ ਕਰਦਾ ਸੀ।

ਭਾਵੇਂ ਨੰਬਰਦਾਰ ਭੰਡਾਰੀ ਦੇ ਕੈਬਨ ਵਿਚ ਬੈਠਦਾ ਸੀ। ਉਸੇ ਦਾ ਨਮਕ ਖਾਂਦਾ ਸੀ, ਫੇਰ ਵੀ ਪਿਆਰੇ ਲਾਲ ਨੂੰ ਯਕੀਨ ਸੀ ਕਿ ਉਸ ਕੋਲ ਉਹ ਝੂਠ ਨਹੀਂ ਬੋਲੇਗਾ।

ਕਦੇ ਪਿਆਰੇ ਲਾਲ ਭਾਨੇ ਕੋਲ ਜਾ ਬੈਠਦਾ।

"ਇਹ ਕੇਸ ਤਾਂ ਭਤੀਜ ਤੂੰ ਜਿੱਤਣੈ। ਗੱਡਾ ਭਰ ਕੇ ਕਿਤਾਬਾਂ ਦਾ ਜੋ ਲੈ ਗਿਆ ਸੀ। ਸਾਡਾ ਵਕੀਲ ਤਾਂ ਤਿੰਨ ਕਿਤਾਬਾਂ ਈ ਲੈ ਗਿਆ ਸੀ। ਉਹ ਵੀ ਬਿਨਾਂ ਦਿਖਾਏ ਮੋੜ ਲਿਆਇਆ। ਜਿਸ ਦੇ ਕੇਸ 'ਚ ਦਮ ਹੋਊ, ਉਹੋ ਕਿਤਾਬਾਂ ਲਿਜਾਊ। ਜਿਸ ਦੇ ਹੱਕ 'ਚ ਕਾਨੂੰਨ ਹੋਊ, ਭਤੀਜ ਫੇਰ ਕੇਸ ਵੀ ਉਹੋ ਜਿੱਤੂ।"

ਨੰਬਰਦਾਰ ਦੀ ਬਹੁਤੀਆਂ ਕਿਤਾਬਾਂ ਵਾਲੀ ਦਲੀਲ ਪਿਆਰੇ ਲਾਲ ਨੂੰ ਘੱਟ-ਵੱਧ ਹੀ ਜਚਦੀ। ਸੌ ਸੁਨਿਆਰ ਦੀ ਅਤੇ ਇਕ ਲੋਹਾਰ ਦੀ ਵਾਂਗ ਕਈ ਵਾਰ ਇਕੋ ਕਿਤਾਬ ਸੌ ਕਿਤਾਬਾਂ ਜਿੰਨਾ ਕੰਮ ਦੇ ਜਾਂਦੀ ਸੀ। ਤਿੰਨ ਕਿਤਾਬਾਂ ਲਿਆਉਣ ਵਾਲੀ ਧਿਰ ਸਰਕਾਰੀ ਸੀ। ਸਰਕਾਰ ਨੇ ਕਿਤਾਬਾਂ ਦਿਖਾ-ਦਿਖਾ ਕਿਹੜਾ ਸਾਇਲ 'ਤੇ ਰੋਹਬ ਪਾਉਣਾ ਸੀ। ਇਹ ਨਾਟਕ ਪ੍ਰਾਈਵੇਟ ਵਕੀਲਾਂ ਨੂੰ ਕਰਨਾ ਪੈਂਦਾ ਸੀ। ਭਾਵੇਂ ਪਿਆਰੇ ਲਾਲ ਨੇ ਦਿਖਾਵਾ ਨਹੀਂ ਸੀ ਕੀਤਾ, ਫੇਰ ਵੀ ਕਿਤਾਬਾਂ ਦੀ ਗਿਣਤੀ ਫ਼ੈਸਲੇ ਦਾ ਆਧਾਰ ਨਹੀਂ ਸੀ ਬਣ ਸਕਦੀ।

ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਤਾਂ ਸੀਨੀਅਰ ਵਕੀਲ ਹੀ ਕਰ ਸਕਦੇ ਸਨ। ਕਈਆਂ ਸੀਨੀਅਰ ਵਕੀਲਾਂ ਨੇ ਕੇਸ ਦੀ ਹਰ ਸੁਣਵਾਈ ਨੂੰ ਗਹੁ ਨਾ ਵਾਚਿਆ ਸੀ। ਉਹਨਾਂ ਵਿਚੋਂ ਇਕ ਧੀਰ ਵੀ ਸੀ।

ਧੀਰ ਕੋਲ ਜਾਣ ਲੱਗਿਆਂ ਪਿਆਰੇ ਲਾਲ ਨੂੰ ਕੁਆਰੀਆਂ ਕੁੜੀਆਂ ਵਾਂਗ ਸ਼ਰਮ ਆਉਂਦੀ ਸੀ। ਉਸ ਨੂੰ ਲੱਗਦਾ ਸੀ ਵਕੀਲ ਸੋਚੇਗਾ ਜਿਵੇਂ ਪਿਆਰੇ ਲਾਲ ਫੂਕ ਛਕ ਰਿਹੈ। ਆਪਣੀ ਤਾਰੀਫ਼ ਸੁਣਨਾ ਚਾਹੁੰਦੈ। ਅਸਲੀਅਤ ਇਹ ਨਹੀਂ ਸੀ। ਉਹ ਤਾਂ ਫ਼ੈਸਲਾ ਜਾਣਨਾ ਚਾਹੁੰਦਾ ਸੀ। ਫ਼ੈਸਲੇ ਦੇ ਰੁਖ਼ ਬਾਰੇ ਜਾਣਨਾ ਚਾਹੁੰਦਾ ਸੀ।

ਕੰਟੀਨ ਵਿਚ ਧੀਰ ਨੂੰ ਇਕੱਲਾ ਬੈਠਾ ਦੇਖ ਕੇ ਪਿਆਰੇ ਲਾਲ ਨੇ ਮਨ ਕਰੜਾ ਕੀਤਾ ਅਤੇ ਉਸ ਦੁਆਲੇ ਹੋ ਗਿਆ।

"ਲਾਲਾ ਜੀ, ਜੇ ਫ਼ੈਸਲੇ ਗੁਣਾਂ ਔਗੁਣਾਂ ਦੇ ਆਧਾਰ 'ਤੇ ਹੋਣ ਤੇ ਫੇਰ ਗੱਲਾਂ ਕਾਹਦੀਆਂ। ਫ਼ੈਸਲਾ ਕਰਨ ਤੋਂ ਪਹਿਲਾਂ ਜੱਜ ਸੌ ਕੁਝ ਦੇਖਦੈ। ਪੈਸਾ, ਸਿਫ਼ਾਰਿਸ਼, ਧਿਰਾਂ ਦਾ ਰੁਤਬਾ ਅਤੇ ਆਪਣੀ ਇੱਜ਼ਤ। ਮੈਰਿਟ ਦੀ ਵਾਰੀ ਅਖ਼ੀਰ ਵਿਚ ਆਉਂਦੀ ਹੈ। ਈਮਾਨਦਾਰ ਜੱਜਾਂ ਨੇ ਬੇਈਮਾਨ ਜੱਜਾਂ ਨਾਲੋਂ ਵੱਧ ਇਨਸਾਫ਼ ਦਾ ਭੱਠਾ ਬਿਠਾ ਰੱਖਿਐ। ਉਸ ਨੂੰ ਇਕੋ ਖ਼ਤਰਾ ਬਣਿਆ ਰਹਿੰਦੈ। ਦੋਸ਼ੀ ਬਰੀ ਕਰਨ ਨਾਲ ਕਿਧਰੇ ਉਸ ਦੀ ਇੱਜ਼ਤ ਨਾ ਚਲੀ ਜਾਵੇ। ਲੋਕ ਇਹ ਨਾ ਆਖਣ ਜੱਜ ਨੇ ਪੈਸੇ ਲੈ ਕੇ ਦੋਸ਼ੀ ਬਰੀ ਕਰਤਾ। ਮੈਨੂੰ ਤਾਂ ਇਸ ਗੋਰਖ ਧੰਦੇ ਦੀ ਸਾਰੀ ਉਮਰ ਸਮਝ ਨਹੀਂ ਆਈ।



ਸਜ਼ਾ ਵਾਲੇ ਕੇਸ ਬਰੀ ਹੋ ਜਾਂਦੇ ਨੇ ਬਰੀ ਵਾਲੇ ਸਜ਼ਾ। ਜਿੰਨਾ ਚਿਰ ਜੱਜ ਦੇ ਮੂੰਹੋਂ ਹੁਕਮ ਨਹੀਂ ਨਿਕਲਦਾ, ਓਨਾ ਚਿਰ ਖੂਹ 'ਚ ਇੱਟ ਹੀ ਸਮਝੋ।"

ਧੀਰ ਦੀਆਂ ਖਰੀਆਂ-ਖਰੀਆਂ ਗੱਲਾਂ ਨੇ ਪਿਆਰੇ ਲਾਲ ਦਾ ਦਿਲ ਧੱਕ-ਧੱਕ ਕਰਨ ਲਾ ਦਿੱਤਾ।

ਇਸ ਕੌੜੇ ਸੱਚ ਨੂੰ ਨਿਕਲਣਾ ਪਿਆਰੇ ਲਾਲ ਲਈ ਮੁਸ਼ਕਲ ਹੋ ਗਿਆ।

"ਰਾਵਾਂ ਆਖ਼ਰ ਰਾਵਾਂ ਹੁੰਦੀਆਂ ਹਨ। ਜਿਸ ਦਾ ਜਿਹੋ ਜਿਹਾ ਤਜਰਬਾ, ਉਸ ਦੀ ਉਹੋ ਜਿਹੀ ਖੱਟੀ-ਮਿੱਠੀ ਰਾਏ।" ਸੋਚਦਾ-ਸੋਚਦਾ ਪਿਆਰੇ ਲਾਲ ਰਾਵਾਂ ਦਾ ਖਹਿੜਾ ਛੱਡ ਕੇ ਅਸਲੀਅਤ ਪਿੱਛੇ ਘੁੰਮਣ ਲੱਗਾ।

ਜੱਜ ਦਾ ਸਟੈਨੋ ਇਕੋ-ਇਕ ਅਜਿਹਾ ਬੰਦਾ ਸੀ ਜਿਹੜਾ ਸਾਰੀ ਅਸਲੀਅਤ ਜਾਣਦਾ ਸੀ। ਅਦਾਲਤ ਦੇ ਸਾਰੇ ਦਰਵਾਜ਼ੇ ਬੰਦ ਕਰ ਕੇ ਜੱਜ ਦੋ ਦਿਨਾਂ ਤੋਂ ਉਸ ਨੂੰ ਫ਼ੈਸਲਾ ਲਿਖਵਾ ਰਿਹਾ ਸੀ।

ਕਲ੍ਹ ਥੱਕਾ-ਟੁੱਟਾ ਸਟੈਨੋ ਜਦੋਂ ਰਿਟਾਇਰਿੰਗ ਰੂਮ ਵਿਚੋਂ ਬਾਹਰ ਨਿਕਲਿਆ ਸੀ ਤਾਂ ਪਿਆਰੇ ਲਾਲ ਨੇ ਉਸ ਨੂੰ ਘੇਰਿਆ ਸੀ।

"ਹਾਲੇ ਪਹਿਲਾ ਹਿੱਸਾ ਹੀ ਲਿਖਾਇਐ। ਕੇਸ ਦੇ ਰੁਖ਼ ਦਾ ਅਗਲੇ ਹਿੱਸੇ ਤੋਂ ਪਤਾ ਲੱਗੂ।" ਸਟੈਨੋ ਨੇ ਹਾਲੇ ਇੰਨਾ ਕੁ ਭੇਤ ਹੀ ਖੋਲ੍ਹਿਆ ਸੀ ਕਿ ਏਨੇ ਨੂੰ ਭੰਡਾਰੀ ਦਾ ਮੁਨਸ਼ੀ ਆ ਧਮਕਿਆ।

ਸਿਗਰਟ ਬੀੜੀ ਪਿਲਾਉਣ ਦੇ ਬਹਾਨੇ ਉਹ ਸਟੈਨੋ ਨੂੰ ਆਪਣੇ ਕੈਬਨ ਵੱਲ ਧੂਹਣ ਲੱਗਾ।

ਪਿਆਰੇ ਲਾਲ ਨਾਲੋਂ ਮੁਨਸ਼ੀ ਦਾ ਸਟੈਨੋ 'ਤੇ ਵੱਧ ਜ਼ੋਰ ਸੀ। ਪਿਆਰੇ ਲਾਲ ਨੂੰ ਪਹਿਲੀ ਵਾਰ ਕੰਮ ਪਿਆ ਸੀ। ਮੁਨਸ਼ੀ ਉਸ ਨੂੰ ਹਰ ਰੋਜ਼ ਗੱਫੇ ਦਿਵਾਉਂਦਾ ਸੀ।

ਮੁਨਸ਼ੀ ਅਤੇ ਸਟੈਨੋ ਦੀ ਬੁੱਕਲ ਸਾਂਝੀ ਸੀ। ਇਕ ਸ਼ਿਕਾਰ ਨੂੰ ਉਠਾਉਂਦਾ ਸੀ ਅਤੇ ਦੂਜਾ ਫੁੰਡਦਾ ਸੀ।

"ਜੋ ਮੈਂ ਆਖਿਆ ਠੀਕ ਆਖਿਆ। ਮੇਰੇ 'ਤੇ ਯਕੀਨ ਕਰੋ।" ਮੁਨਸ਼ੀ ਨਾਲ ਜਾਂਦੇ ਸਟੈਨੋ ਨੇ ਪਿਆਰੇ ਲਾਲ ਨੂੰ ਇਕ ਵਾਰ ਫੇਰ ਯਕੀਨ ਦਿਵਾਇਆ ਸੀ।

ਬਦਨਾਮੀ ਤੋਂ ਬਚਣ ਲਈ ਮੁਨਸ਼ੀ ਸਟੈਨੋ ਨੂੰ ਭੰਡਾਰੀ ਦੀ ਥਾਂ ਸ਼ਿੰਦੇ ਵਕੀਲ ਦੇ ਕੈਬਨ ਵਿਚ ਲੈ ਗਿਆ।

ਪਹਿਲਾਂ ਸਿਗਰਟਾਂ ਦੀ ਡੱਬੀ ਫੂਕੀ ਗਈ। ਸਟੈਨੋ ਜਦੋਂ ਫੇਰ ਵੀ ਕੁਝ ਨਾ ਉਚਰਿਆ ਤਾਂ ਬੋਤਲ ਮੰਗਵਾਈ ਗਈ।

ਬੋਤਲ ਦੇਖ ਕੇ ਪਿਆਰੇ ਲਾਲ ਦੀ ਆਸ ਦਾ ਦੀਵਾ ਬੁੱਝ ਗਿਆ।

ਪਹਿਲੇ ਪੈੱਗ ਨਾਲ ਸਟੈਨੋ ਨੇ ਸ਼ਰਾਬੀ ਹੋ ਜਾਣਾ ਸੀ। ਸ਼ਰਾਬੀ ਹੋ ਕੇ ਉਸ ਨੇ ਅਬਾ-ਤਬਾ ਬੋਲਣਾ ਸੀ। ਵਗਾਰ ਤੇ ਵਗਾਰ ਪਾਉਣੀ ਸੀ। ਵਗਾਰ ਪੂਰੀ ਨਾ ਹੋ ਸਕੀ ਤਾਂ ਨੁਕਸਾਨ ਕਰਨਾ ਸੀ।

ਪਿਆਰੇ ਲਾਲ ਨੂੰ ਕੰਨ ਲਪੇਟ ਕੇ ਤੁਰ ਜਾਣ ਵਿਚ ਹੀ ਭਲਾ ਲੱਗਾ ਸੀ।

ਪਿਆਰੇ ਲਾਲ ਦੇ ਪਿੱਛੋਂ ਲਹਿ ਜਾਣ 'ਤੇ ਮੁਨਸ਼ੀ ਨੇ ਸੁਖ ਦਾ ਸਾਹ ਲਿਆ ਸੀ।

"ਬੰਟੀ ਕਤਲ ਕੇਸ 'ਚ ਕੀ ਹੋ ਰਿਹੈ ?" ਅੱਧੀ ਬੋਤਲ ਸੜਾਕ ਕੇ ਅਤੇ ਦੋ ਘੰਟੇ ਬਰਬਾਦ ਕਰਕੇ ਵੀ ਜਦੋਂ ਸਟੈਨੋ ਨੇ ਕੋਈ ਰਾਹ ਨਾ ਦਿੱਤਾ ਤਾਂ ਖਿਝੇ ਮੁਨਸ਼ੀ ਨੇ ਆਪੇ ਗੱਲ ਤੋਰੀ।

"ਦੇਵੀ ਦੀ ਸਹੁੰ। ਜੱਜ ਨੇ ਹਾਲੇ ਤੱਥ ਲਿਖਾਏ ਨੇ। ਜਿੰਨਾ ਚਿਰ ਬਹਿਸ ਨੀ ਲਿਖਾਉਂਦਾ,

ਕੁਸ਼ ਪਤਾ ਨੀ ਲੱਗਦਾ।"

"ਤੇਰੀ ਮਰਜ਼ੀ।" ਸਟੈਨੋ ਦੀ ਸਹੁੰ ਨੂੰ ਨਜ਼ਰ ਅੰਦਾਜ਼ ਕਰ ਕੇ ਮੁਨਸ਼ੀ ਨੇ ਰੋਸ ਪ੍ਰਗਟਾਇਆ।

ਜਦੋਂ ਸਟੈਨੋ ਨੇ ਫੇਰ ਵੀ ਰਾਹ ਨਾ ਦਿੱਤਾ ਤਾਂ ਹਰਖੇ ਮੁਨਸ਼ੀ ਨੇ ਬਾਕੀ ਬਚਦੀ ਸ਼ਰਾਬ ਨੂੰ ਗਲਾਸਾਂ ਵਿਚ ਪਾਇਆ, ਅੰਦਰ ਸੁੱਟਿਆ ਤੇ ਘਰ ਜਾਣ ਲਈ ਉੱਠ ਖੜੋਤਾ।

"ਤੂੰ ਐਵੇਂ ਗ਼ੁੱਸਾ ਕਰ ਗਿਆ। ਮੈਂ ਸੱਚ ਆਖ ਰਿਹਾਂ।" ਸਟੈਨੋ ਰੁੱਸੇ ਮੁਨਸ਼ੀ ਨੂੰ ਮਨਾਉਣ ਦਾ ਯਤਨ ਕਰਨ ਲੱਗਾ।

ਸਟੈਨੋ ਦਾ ਹਾਲੇ ਕੁਝ ਨਹੀਂ ਸੀ ਬਣਿਆ। ਉਹ ਉੱਠਣ ਦੇ ਮੂਡ ਵਿਚ ਨਹੀਂ ਸੀ।

ਮੁਨਸ਼ੀ ਦੇ ਅੱਧ ਵਿਚਕਾਰ ਡੋਬਾ ਦੇ ਕੇ ਤੁਰ ਜਾਣ 'ਤੇ ਸਟੈਨੋ ਪਛਤਾਉਣ ਲੱਗਾ। ਮੁਨਸ਼ੀ ਦੇ ਲਾਲਚ 'ਚ ਉਹ ਪਿਆਰੇ ਲਾਲ ਨੂੰ ਵੀ ਹੱਥੋਂ ਕੱਢ ਚੁੱਕਾ ਸੀ।

ਪੱਲਿਉਂ ਪੀਣ ਵਾਲਾ ਸਟੈਨੋ ਵੀ ਨਹੀਂ ਸੀ।

ਪਿਆਰੇ ਲਾਲ ਦਾ ਕਮਰਾ ਕਿਹੜਾ ਦੂਰ ਸੀ। ਡਿਗਦਾ-ਢਹਿੰਦਾ ਉਹ ਪਿਆਰੇ ਲਾਲ ਕੋਲ ਪੁੱਜ ਗਿਆ।

ਪਿਆਰੇ ਲਾਲ ਨੇ ਉਸ ਨੂੰ ਦਾਰੂ ਨਾਲ ਨੁਹਾ ਦਿੱਤਾ। ਫ਼ੈਸਲੇ ਬਾਰੇ ਦੱਸਣ ਲਈ ਉਸ ਕੋਲ ਫੇਰ ਵੀ ਕੁਝ ਨਹੀਂ ਸੀ।

ਦੂਜੇ ਦਿਨ ਵੀ ਪਨਾਲਾ ਉਥੇ ਦਾ ਉਥੇ ਸੀ।

ਜੱਜ ਦਾ ਮਨ ਸਥਿਰ ਨਹੀਂ ਸੀ। ਕਦੇ ਉਹ ਸਜ਼ਾ ਵਾਲਾ ਫ਼ੈਸਲਾ ਲਿਖਵਾ ਦਿੰਦਾ ਅਤੇ ਕਦੇ ਬਰੀ ਵਾਲਾ। ਫੇਰ ਸਾਰੇ ਵਰਕੇ ਪਾੜ ਦਿੰਦਾ।

ਸਟੈਨੋ ਨੂੰ ਕੱਲ੍ਹ ਸੁਬ੍ਹਾ ਕੋਠੀ ਬੁਲਾਇਆ ਗਿਆ ਸੀ। ਜੱਜ ਨੇ ਉਸ ਨਾਲ ਵਾਅਦਾ ਕੀਤਾ ਸੀ। ਰਾਤ ਨੂੰ ਉਹ ਆਪਣਾ ਮਨ ਬਣਾ ਲਏਗਾ। ਕੱਲ੍ਹ ਨੂੰ ਹਰ ਹਾਲਤ ਵਿਚ ਉਹ ਫ਼ੈਸਲਾ ਡਿਕਟੇਟ ਕਰਾਏਗਾ।

"ਕੱਲ੍ਹ ਵੀ ਆ ਜਾਏਗੀ।" ਹਉਕਾ ਭਰ ਕੇ ਸਬਰ ਕਰਨ ਤੋਂ ਸਿਵਾ ਪਿਆਰੇ ਲਾਲ ਕੁਝ ਨਹੀਂ ਸੀ ਕਰ ਸਕਿਆ।



# 30

ਬੇਚੈਨ ਪਿਆਰੇ ਲਾਲ ਸਾਰੀ ਰਾਤ ਉਸਲ-ਵੱਟੇ ਲੈਂਦਾ ਰਿਹਾ। ਕਦੇ ਅੱਖ ਝਪਕਦੀ ਵੀ ਤਾਂ ਕਚਹਿਰੀ ਦੇ ਸੁਪਨੇ ਆਉਣ ਲੱਗਦੇ। ਕਦੇ ਜੱਜ ਦੋਸ਼ੀਆਂ ਨੂੰ ਸਜ਼ਾ ਕਰ ਰਿਹਾ ਹੁੰਦਾ, ਕਦੇ ਬਰੀ। ਕਦੇ ਪਿਆਰੇ ਲਾਲ ਦੀ ਵਾਹ-ਵਾਹ ਹੋ ਰਹੀ ਹੁੰਦੀ, ਕਦੇ ਨਿੰਦਿਆ।

ਬਹਿਸ ਹੋਈ ਨੂੰ ਦੋ ਦਿਨ ਹੋ ਗਏ ਸਨ। ਸਟੈਨੋ ਆਖਦਾ ਸੀ ਜੱਜ ਨੇ ਹਾਲੇ ਤਕ ਮਨ ਨਹੀਂ ਬਣਾਇਆ। ਪਿਆਰੇ ਲਾਲ ਨੂੰ ਇਹ ਬਹਾਨਾ ਜਚਿਆ ਨਹੀਂ ਸੀ। ਇਹ ਕਿਹੜਾ ਅਫ਼ੀਮ ਸ਼ਰਾਬ ਦਾ ਕੇਸ ਸੀ ਬਈ ਦਿਲ ਕਰਿਆ ਚਾਰ ਪੰਨੇ ਲਿਖਵਾ ਦਿੱਤੇ। ਇਹ ਉਲਝਣਾਂ ਭਰਿਆ ਕਤਲ ਕੇਸ ਸੀ। ਜੱਜ ਨੂੰ ਘੱਟੋ-ਘੱਟ ਸੌ ਪੰਨਾ ਲਿਖਣਾ ਪੈਣਾ ਸੀ। ਐਡਾ ਫ਼ੈਸਲਾ ਲਿਖਣਾ ਹੋਵੇ ਤਾਂ ਜੱਜ ਨੂੰ ਮਨ ਕਈ ਦਿਨ ਪਹਿਲਾਂ ਬਣਾਉਣਾ ਪੈਂਦਾ ਸੀ।

ਪਿਆਰੇ ਲਾਲ ਨੂੰ ਸਟੈਨੋ 'ਤੇ ਸ਼ੱਕ ਸੀ। ਉਸ ਨੇ ਸਟੈਨੋ ਦੀ ਮੁੱਠੀ ਗਰਮ ਨਹੀਂ ਸੀ ਕੀਤੀ। ਇਸ ਲਈ ਉਹ ਝੂਠ ਬੋਲ ਗਿਆ ਸੀ।

ਇਹ ਵੀ ਹੋ ਸਕਦੈ ਦੋਸ਼ੀਆਂ ਨੂੰ ਸਜ਼ਾ ਹੋਣੀ ਹੋਵੇ। ਸਟੈਨੋ ਡਰ ਗਿਆ ਹੋਵੇ। ਸੰਮਤੀ ਕਿਧਰੇ ਪਹਿਲਾਂ ਹੀ ਰੌਲਾ ਨਾ ਪਾ ਦੇਵੇ। ਜੱਜ ਦੇ ਖ਼ਿਲਾਫ਼ ਮੋਰਚਾ ਨਾ ਲਾ ਲਵੇ। ਇੰਝ ਹੋ ਗਿਆ ਤਾਂ ਸਟੈਨੋ ਦਾ ਕੀ ਬਣੇਗਾ?

ਸਚਾਈ ਜਾਨਣ ਦਾ ਇੱਛੁਕ ਪਿਆਰੇ ਲਾਲ ਸਾਝਰੇ ਹੀ ਤਿਆਰ ਹੋ ਗਿਆ।

ਕਚਹਿਰੀ ਜਾਣ ਲਈ ਉਸ ਨੇ ਉਹ ਰਾਹ ਚੁਣਿਆ ਜਿਹੜਾ ਜੱਜ ਦੀ ਕੋਠੀ ਅੱਗੋਂ ਦੀ ਲੰਘਦਾ ਸੀ।

ਸਟੈਨੋ ਦਾ ਸਕੂਟਰ ਕੋਠੀ ਅੱਗੇ ਖੜਾ ਦੇਖ ਕੇ ਪਿਆਰੇ ਲਾਲ ਨੂੰ ਕੁਝ ਰਾਹਤ ਮਹਿਸੂਸ ਹੋਈ। ਸਟੈਨੋ ਨੇ ਝੂਠ ਨਹੀਂ ਸੀ ਬੋਲਿਆ।

ਪਿਆਰੇ ਲਾਲ ਦਾ ਦਿਲ ਕੋਠੀ ਅੱਗੇ ਧਰਨਾ ਲਾਉਣ ਨੂੰ ਕੀਤਾ, ਉਹ ਸਟੈਨੋ ਤੋਂ ਖ਼ੁਸ਼ਖ਼ਬਰੀ ਸੁਣ ਕੇ ਹੀ ਕਚਹਿਰੀ ਜਾਵੇ।

ਪਰ ਇਹ ਸ਼ੇਖ਼ਚਿੱਲੀ ਵਾਲੇ ਸੁਪਨੇ ਸਨ। ਸਟੈਨੋ ਦਾ ਇੰਤਜ਼ਾਰ ਕਚਹਿਰੀ ਬੈਠ ਕੇ ਹੀ ਹੋ ਸਕਦਾ ਸੀ।

ਖ਼ੁਸ਼ੀਆਂ-ਗ਼ਮੀਆਂ 'ਚ ਗਵਾਚਾ ਪਿਆਰੇ ਲਾਲ ਕਚਹਿਰੀ ਆ ਬੈਠਾ।

ਗੁਰਮੀਤ ਪਹਿਲਾਂ ਦਾ ਹੀ ਆਇਆ ਬੈਠਾ ਸੀ। ਪਿੱਛੇ ਹੀ ਬਾਬਾ ਆ ਗਿਆ। ਤਾਜ਼ਾ ਦਮ ਹੋਣ ਲਈ ਉਹ ਕੰਟੀਨ ਵਿਚ ਜਾ ਬੈਠੇ।

ਸ਼ਹਿਰ ਤੋਂ ਲੈ ਕੇ ਰੂਸ ਤਕ ਦੇ ਚਲੰਤ ਮਸਲਿਆਂ 'ਤੇ ਬਹਿਸ ਹੋਣ ਲੱਗੀ।

"ਕਿਉਂ ਗੁਰਮੀਤ, ਫ਼ੈਸਲੇ ਬਾਰੇ ਤੇਰਾ ਕੀ ਵਿਚਾਰ ਐ?" ਪਿਆਰੇ ਲਾਲ 'ਤੇ ਇਕੋ ਧੁਨ ਸਵਾਰ ਸੀ। ਘੁਮਾ-ਫਿਰਾ ਕੇ ਉਹ ਗੱਲਬਾਤ ਨੂੰ ਇਸੇ ਵਿਸ਼ੇ 'ਤੇ ਲਿਆ ਖੜ੍ਹਾਉਂਦਾ।

"ਜੇ ਫ਼ੈਸਲਾ ਕਾਨੂੰਨ ਮੁਤਾਬਕ ਹੋਇਆ ਤਾਂ ਅਸੀਂ ਜਿੱਤਾਂਗੇ, ਨਹੀਂ ਤਾਂ ਹਾਰਾਂਗੇ।" ਫ਼ੈਸਲੇ ਬਾਰੇ ਗੁਰਮੀਤ ਦੇ ਵਿਚਾਰ ਸਪੱਸ਼ਟ ਸਨ।

"ਤੇ ਬਹੁਤੀ ਸੰਭਾਵਨਾ ਦੂਸਰੀ ਤਰ੍ਹਾਂ ਦੇ ਫ਼ੈਸਲੇ ਦੀ ਹੈ।" ਬਾਬਾ ਵੀ ਪਿਆਰੇ ਲਾਲ ਨੂੰ ਕਿਸੇ ਭੁਲੇਖੇ ਵਿਚ ਨਹੀਂ ਸੀ ਰਹਿਣ ਦੇਣਾ ਚਾਹੁੰਦਾ।

"ਫ਼ੈਸਲਾ ਕਾਨੂੰਨ ਮੁਤਾਬਕ ਕਿਉਂ ਨਹੀਂ ਹੋਏਗਾ ? ਜੱਜ ਬੜਾ ਭਲਾਮਾਣਸ ਹੈ। ਕਾਨੂੰਨ ਨੂੰ ਨਜ਼ਰ-ਅੰਦਾਜ਼ ਕਿਉਂ ਕਰੇਗਾ ? ਤੁਸੀਂ ਦੇਖ ਲੈਣਾ, ਫ਼ੈਸਲਾ ਮਿਸਲ ਮੁਤਾਬਕ ਹੋਵੇਗਾ।" ਪਿਆਰੇ ਲਾਲ ਨੂੰ ਹਰ ਉਹ ਵਿਅਕਤੀ ਬੁਰਾ ਲੱਗਦਾ ਸੀ ਜਿਹੜਾ ਕੇਸ ਦੇ ਹਾਰਨ ਦੀ ਗੱਲ ਕਰਦਾ ਸੀ। ਉਹ ਬਾਬਾ ਹੋਵੇ ਭਾਵੇਂ ਗੁਰਮੀਤ।

"ਇਸ ਕੇਸ ਵਿਚ ਨਾ ਜੱਜ ਦੀ ਵੁੱਕਤ ਹੈ, ਨਾ ਕਾਨੂੰਨ ਦੀ। ਫ਼ੈਸਲਾ ਸਰਕਾਰ ਦੀ ਇੱਛਾ ਅਨੁਸਾਰ ਹੋਣੈ।" ਗੁਰਮੀਤ ਚਾਹੁੰਦਾ ਸੀ ਆਉਣ ਵਾਲੀਆਂ ਪਰਸਥਿਤੀਆਂ ਦਾ ਸਾਹਮਣਾ ਕਰਨ ਲਈ ਆਪਣੇ ਆਪ ਨੂੰ ਪਹਿਲਾਂ ਹੀ ਤਿਆਰ ਕਰ ਲਿਆ ਜਾਵੇ। ਜਿੰਨੀ ਵੱਧ ਉਹ ਆਸ ਰੱਖਣਗੇ, ਪਿੱਛੋਂ ਓਨਾ ਵੱਧ ਨਿਰਾਸ਼ ਹੋਣਗੇ।

"ਜੇ ਫ਼ੈਸਲੇ ਦਾ ਪਹਿਲਾਂ ਹੀ ਪਤਾ ਸੀ ਤਾਂ ਆਹ ਮਹਾਂਭਾਰਤ ਕਿਉਂ ਲੜਿਆ ? ਕਿਉਂ ਗਵਾਹਾਂ ਦੀਆਂ ਮਿੰਨਤਾਂ ਕੀਤੀਆਂ ? ਕਿਉਂ ਸਾਰੀ-ਸਾਰੀ ਰਾਤ ਅੱਖਾਂ ਗਾਲੀਆਂ ?" ਮਿਹਨਤ ਦਾ ਫਲ ਹੱਥੋਂ ਖੁੱਸਦਾ ਪਿਆਰੇ ਲਾਲ ਤੋਂ ਜਰਿਆ ਨਹੀਂ ਸੀ ਜਾ ਰਿਹਾ।

"ਉਦਾਸ ਨਾ ਹੋ। ਸਾਡੀ ਜਿੱਤ ਪਾਲੇ ਅਤੇ ਮੀਤੇ ਦੇ ਸਜ਼ਾ ਜਾਂ ਬਰੀ ਹੋਣ ਨਾਲ ਨਹੀਂ ਜੁੜੀ ਹੋਈ। ਸਾਡੀ ਮੰਜ਼ਿਲ ਦੂਰ ਹੈ। ਮੁਕੱਦਮਾ ਬੇਸ਼ੱਕ ਅਸੀਂ ਹਾਰ ਜਾਈਏ, ਜਿੱਤ ਫੇਰ ਵੀ ਸਾਡੀ ਹੋਏਗੀ। ਅਸੀਂ ਲੋਕ ਰਾਏ ਜਾਗ੍ਰਿਤ ਕੀਤੀ ਹੈ। ਇਕ ਸੱਚੀ-ਸੁੱਚੀ ਨਿਆਂ-ਪਸੰਦ ਬਾਰ ਦੇ ਕੀ ਫ਼ਰਜ਼ ਹੁੰਦੇ ਹਨ ? ਲੋਕਾਂ ਨੂੰ ਇਹ ਦਰਸਾਇਆ ਹੈ।" ਗ਼ਮਾਂ ਦੀਆਂ ਗਹਿਰਾਈਆਂ 'ਚ ਉਤਰਦੇ ਜਾ ਰਹੇ ਪਿਆਰੇ ਲਾਲ ਨੂੰ ਗੁਰਮੀਤ ਸੰਭਾਲਣ ਦਾ ਯਤਨ ਕਰਨ ਲੱਗਾ।

ਪਿਆਰੇ ਲਾਲ ਹਾਲੇ ਵੀ ਘੁੰਮਣ-ਘੇਰੀਆਂ ਵਿਚ ਫਸਿਆ ਹੋਇਆ ਸੀ। ਬਾਬੇ ਅਤੇ ਗੁਰਮੀਤ ਦੀਆਂ ਗੱਲਾਂ ਤੋਂ ਲੱਗਦਾ ਸੀ, ਉਹ ਕੇਸ ਹਾਰਨਗੇ। ਪਿਆਰੇ ਲਾਲ ਦਾ ਮਨ ਆਖਦਾ ਸੀ ਉਹ ਕੇਸ ਜਿੱਤਣਗੇ।

ਅਜਿਹੀ ਦੋਚਿੱਤੀ ਵਿਚ ਸਟੈਨੋ ਦੀ ਮਹੱਤਤਾ ਹੋਰ ਵੀ ਵਧ ਗਈ ਸੀ।

ਯਾਦ ਆਉਂਦਿਆਂ ਹੀ ਜਾਦੂ ਦੇ ਜਿੰਨ ਵਾਂਗ ਉਹ ਉਹਨਾਂ ਸਾਹਮਣੇ ਆ ਖਲੋਤਾ।

ਇਸ ਵਾਰ ਕੁਝ ਦੱਸਣ ਦੀ ਉਤਸੁਕਤਾ ਸਟੈਨੋ ਨੂੰ ਸੀ। ਉਸ ਦੀ ਉਤੇਜਨਾ ਬਹੁਤ ਪ੍ਰਬਲ ਸੀ। ਜੱਜ ਦੀ ਕੋਠੀ ਕੀ ਵਾਪਰਿਆ ? ਇਸ ਦਾ ਵੇਰਵਾ ਦੇਣ ਲੱਗਿਆਂ ਉਹ ਇਹ ਵੀ ਭੁੱਲ ਗਿਆ ਕਿ ਉਹ ਕੰਟੀਨ ਵਰਗੀ ਸ਼ਰੇਆਮ ਜਗ੍ਹਾ 'ਤੇ ਖੜਾ ਸੀ। ਸਟੈਨੋ ਵੱਲੋਂ ਕੀਤੀ ਗੱਲ ਨੂੰ ਖੰਭ ਲੱਗ ਸਕਦੇ ਸਨ ਤੇ ਇਹ ਖੰਭ ਸਟੈਨੋ ਲਈ ਘਾਤਕ ਸਿੱਧ ਹੋ ਸਕਦੇ ਸਨ।

ਬਿਨਾਂ ਚੰਗੇ ਮਾੜੇ ਦੀ ਪਰਵਾਹ ਕਰੇ ਸਟੈਨੋ ਮਨ ਦਾ ਗ਼ੁਬਾਰ ਕੱਢਣ ਲੱਗਾ।

ਸਟੈਨੋ ਦਿੱਤੇ ਸਮੇਂ 'ਤੇ ਕੋਠੀ ਪੁੱਜ ਗਿਆ ਸੀ। ਜੱਜ ਪਹਿਲਾਂ ਹੀ ਤਿਆਰ ਬੈਠਾ ਸੀ। ਉਸ ਦਾ ਚਿਹਰਾ ਸ਼ਾਂਤ ਸੀ ਅਤੇ ਮਨ ਇਕਾਗਰ।

ਜਿਉਂ ਹੀ ਜੱਜ ਨੇ ਫ਼ੈਸਲਾ ਲਿਖਾਉਣਾ ਸ਼ੁਰੂ ਕੀਤਾ ਤਾਂ ਬੈੱਲ ਖੜਕ ਗਈ।

ਅਰਦਲੀ ਨੇ ਆਏ ਮਹਿਮਾਨ ਦਾ ਨਾਂ ਜੱਜ ਦੇ ਕੰਨ ਵਿਚ ਦੱਸਿਆ।

ਭਾਵੇਂ ਮਹਿਮਾਨ ਅਨਪੜ੍ਹ ਗਵਾਰ ਲੱਗਦਾ ਸੀ ਫੇਰ ਵੀ ਉਸ ਨੂੰ ਵਿਸ਼ੇਸ਼ ਅਹਿਮੀਅਤ



ਦਿੱਤੀ ਗਈ। ਸਤਿਕਾਰ ਨਾਲ ਉਸ ਨੂੰ ਡਰਾਇੰਗ ਰੂਮ ਵਿਚ ਬਿਠਾਇਆ ਗਿਆ। ਬੜੇ ਠਰ੍ਹੰਮੇ ਨਾਲ ਉਸ ਦੀ ਗੱਲ ਸੁਣੀ ਗਈ।

ਮਹਮਿਾਨ ਕੁਝ ਜ਼ਰੂਰੀ ਕਾਗ਼ਜ਼ ਅਤੇ ਇਕ ਨਿੱਜੀ ਚਿੱਠੀ ਦੇਣ ਆਇਆ ਸੀ।

ਪਹਿਲਾਂ ਸਟੈਨੋ ਨੇ ਸੋਚਿਆ ਉਹ ਜੱਜ ਦਾ ਰਿਸ਼ਤੇਦਾਰ ਹੋਵੇਗਾ ਪਰ ਜਦੋਂ ਜੱਜ ਦੀ ਇਕਾਗਰਤਾ ਭੰਗ ਹੋ ਗਈ ਤਾਂ ਸਟੈਨੋ ਨੂੰ ਸ਼ੱਕ ਹੋਣ ਲੱਗਾ।

ਮਹਿਮਾਨ ਦੇ ਜਾਂਦਿਆਂ ਹੀ ਜੱਜ ਦੀ ਫ਼ੈਸਲੇ ਤੋਂ ਪਕੜ ਜਾਂਦੀ ਰਹੀ। ਕਦੇ ਕੁਝ ਲਿਖਾ ਦਿੰਦਾ ਅਤੇ ਕਦੇ ਕੁਝ।

ਘੰਟਾ ਮੱਥਾ ਮਾਰ ਕੇ ਵੀ ਜਦੋਂ ਕੋਈ ਸਿੱਟਾ ਨਾ ਨਿਕਲਿਆ ਤਾਂ ਜੱਜ ਨੇ ਸਟੈਨੋ ਤੋਂ ਮੁਆਫ਼ੀ ਮੰਗੀ। ਜੱਜ ਉਸ ਨੂੰ ਵਾਧੂ ਵਿਚ ਤਕਲੀਫ਼ ਦੇ ਰਿਹਾ ਸੀ। ਜੱਜ ਦਾ ਮਨ ਵਿਚਲਿਤ ਹੋ ਗਿਆ ਸੀ। ਮਨ ਟਿਕਾਣੇ ਆਇਆ ਤਾਂ ਉਹ ਫ਼ੈਸਲਾ ਹੱਥ ਨਾਲ ਲਿਖ ਲਏਗਾ। ਫ਼ੈਸਲਾ ਨਾ ਲਿਖਿਆ ਗਿਆ ਤਾਂ ਹੋਰ ਤਾਰੀਖ਼ ਪਾ ਦੇਵੇਗਾ।

ਕੋਠੀਉਂ ਵਾਪਸ ਮੁੜਦੇ ਸਟੈਨੋ ਦਾ ਸ਼ੱਕ ਪੱਕਾ ਹੋ ਗਿਆ। ਮਹਿਮਾਨ ਕੋਈ ਸਾਧਾਰਨ ਆਦਮੀ ਨਹੀਂ ਸੀ। ਉਹ ਕੁਝ ਜਾਣਿਆ-ਪਹਿਚਾਣਿਆ ਜਿਹਾ ਲੱਗਦਾ ਸੀ।

ਹੁਣ ਤੱਕ ਸਟੈਨੋ ਮਹਿਮਾਨ ਨੂੰ ਪਛਾਨਣ ਵਿਚ ਕਾਮਯਾਬ ਹੋ ਚੁੱਕਾ ਸੀ। ਉਹ ਜਸਟਿਸ ਸ਼ਿੰਗਾਰਾ ਸਿੰਘ ਦਾ ਪੀ.ਏ. ਸੀ। ਦੋ ਸਾਲ ਪਹਿਲਾਂ ਜਦੋਂ ਸ਼ਿੰਗਾਰਾ ਸਿੰਘ ਇੰਸਪੈਕਸ਼ਨ 'ਤੇ ਆਇਆ ਸੀ ਤਾਂ ਸਟੈਨੋ ਦੀ ਉਸ ਨਾਲ ਮੁਲਾਕਾਤ ਹੋਈ ਸੀ।

ਪੀ.ਏ. ਦਾ ਭੇਸ ਵਟਾ ਕੇ ਆਉਣ ਦਾ ਕਾਰਨ ਸਪੱਸ਼ਟ ਸੀ। ਉਹ ਜਸਟਿਸ ਸ਼ਿੰਗਾਰਾ ਸਿੰਘ ਦਾ ਕੋਈ ਗੁਪਤ ਸੁਨੇਹਾ ਲੈ ਕੇ ਆਇਆ ਸੀ। ਸੁਨੇਹਾ ਇਸੇ ਕੇਸ ਨਾਲ ਸੰਬੰਧਤ ਸੀ। ਭੇਸ ਸੰਮਤੀ ਦੇ ਡਰੋਂ ਵਟਾਇਆ ਗਿਆ ਸੀ।

ਸਟੈਨੋ ਦੇ ਵਿਚਾਰ ਅਨੁਸਾਰ ਕੁਝ ਮਾੜਾ ਵਾਪਰਨ ਵਾਲਾ ਸੀ।

ਸੰਮਤੀ ਨੂੰ ਸੁਚੇਤ ਕਰ ਕੇ ਸਟੈਨੋ ਨੇ ਮੁਫ਼ਤ ਕਾਨੂੰਨੀ ਸਹਾਇਤਾ ਦੇ ਇਸ ਯੱਗ ਵਿਚ ਆਪਣੀ ਆਹੂਤੀ ਪਾ ਲਈ।

"ਹੁਣ ਕੀ ਕੀਤਾ ਜਾਵੇ ?" ਸੋਚ ਵਿਚਾਰ ਕਰਨ ਲਈ ਉਹ ਕੰਟੀਨ ਤੋਂ ਉੱਠ ਕੇ ਪਿਆਰੇ ਲਾਲ ਦੇ ਤਖ਼ਤਪੋਸ਼ 'ਤੇ ਜਾ ਬੈਠੇ।

ਉਹਨਾਂ ਵਿਚਾਰ ਸ਼ੁਰੂ ਕੀਤਾ ਹੀ ਸੀ ਕਿ ਜੀਵਨ ਆੜ੍ਹਤੀਆ ਆ ਧਮਕਿਆ।

ਉਸ ਕੋਲ ਵੀ ਭੈੜੀ ਖ਼ਬਰ ਸੀ।

ਚੰਡੀਗੜ੍ਹੋਂ ਫ਼ੋਨ ਆਇਆ ਸੀ। ਉਥੋਂ ਦੇ ਵਰਕਰਾਂ ਨੇ ਗਿਆਨ ਸਿੰਘ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਸੀ।

ਸ਼ਹਿਰੋਂ ਆ ਕੇ ਗਿਆਨ ਸਿੰਘ ਸਿੱਧਾ ਮੁੱਖ ਮੰਤਰੀ ਦੀ ਕੋਠੀ ਗਿਆ ਸੀ। ਉਸ ਨਾਲ ਭੰਡਾਰੀ ਵਕੀਲ ਅਤੇ ਸੰਘ ਦਾ ਇਕ ਵਫ਼ਦ ਵੀ ਸੀ।

ਪਿੱਛੋਂ ਮੁੱਖ ਮੰਤਰੀ ਨੇ ਸ਼ਿੰਗਾਰਾ ਸਿੰਘ ਨੂੰ ਤਲਬ ਕੀਤਾ ਸੀ। ਫੇਰ ਉਹਨਾਂ ਵਿਚਕਾਰ ਕੋਈ ਖਿਚੜੀ ਪੱਕੀ ਸੀ।

ਫ਼ੈਸਲਾ ਕਿਸੇ ਤੋਂ ਚੰਡੀਗੜ੍ਹੋਂ ਲਿਖਵਾਇਆ ਗਿਆ ਸੀ। ਉਹ ਟਾਈਪ ਹੋ ਕੇ ਸ਼ਿੰਗਾਰਾ ਸਿੰਘ ਦੇ ਪੀ.ਏ. ਰਾਹੀਂ ਸ਼ਹਿਰ ਭੇਜਿਆ ਜਾ ਰਿਹਾ ਸੀ।

ਹੋ ਸਕੇ ਤਾਂ ਪੀ.ਏ. ਨੂੰ ਸ਼ਹਿਰ 'ਚ ਘੇਰਿਆ ਜਾਵੇ। ਫ਼ੈਸਲਾ ਖੋਹ ਲਿਆ ਜਾਵੇ।

ਚੰਡੀਗੜ੍ਹ ਵਾਲਿਆਂ ਨੇ ਹਾਈ ਕੋਰਟ ਵਿਚ ਦਰਖ਼ਾਸਤ ਦੇ ਦਿੱਤੀ ਸੀ। ਕੇਸ ਮੋਤਾ ਸਿੰਘ ਦੀ ਅਦਾਲਤ ਵਿਚੋਂ ਤਬਦੀਲ ਕੀਤਾ ਜਾਵੇ। ਪਰ ਫੈਸਲਾ ਕਿਸ ਨੇ ਲਿਖਿਆ ਹੈ ? ਕਿਥੇ ਟਾਈਪ ਹੋਇਆ ? ਇਸ ਤਰ੍ਹਾਂ ਦੇ ਠੋਸ ਸਬੂਤ ਹਾਲੇ ਹੱਥ ਨਹੀਂ ਸਨ ਲੱਗੇ। ਖੋਜ ਜਾਰੀ ਸੀ।

ਦਰਖ਼ਾਸਤ ਦੀ ਸੁਣਵਾਈ ਕੱਲ੍ਹ ਹੋਣੀ ਸੀ। ਕੋਈ ਸਬੂਤ ਮਿਲ ਗਿਆ ਤਾਂ ਕੇਸ ਕੱਲ੍ਹ ਹੀ ਤਬਦੀਲ ਹੋ ਜਾਏਗਾ। ਨਹੀਂ ਬੰਦੀ ਤਾਂ ਹੋ ਹੀ ਜਾਏਗੀ।

ਇਕ ਦਰਖ਼ਾਸਤ ਹੇਠਲੀ ਅਦਾਲਤ ਵਿਚ ਵੀ ਦਿੱਤੀ ਜਾਏ। ਮੋਤਾ ਸਿੰਘ ਨੂੰ ਦਰਖ਼ਾਸਤ ਦੇ ਫ਼ੈਸਲੇ ਤਕ ਫ਼ੈਸਲਾ ਸੁਣਾਉਣ ਤੋਂ ਰੋਕਿਆ ਜਾਵੇ।

ਸੁਨੇਹਾ ਸੁਣਦਿਆਂ ਹੀ ਸਭ ਦੇ ਚਿਹਰਿਆਂ 'ਤੇ ਮੁਰਦਨੀ ਛਾ ਗਈ।

ਸ਼ਿੰਗਾਰਾ ਸਿੰਘ ਦਾ ਦੂਤ ਹੱਥੋਂ ਨਿਕਲ ਚੁੱਕਾ ਸੀ।

ਫੌਰੀ ਕਾਰਵਾਈ ਦੇ ਤੌਰ 'ਤੇ ਕੇਵਲ ਦਰਖ਼ਾਸਤ ਹੀ ਦਿੱਤੀ ਜਾ ਸਕਦੀ ਸੀ।

ਇਹ ਕਿੱਸਾ ਸੁਣ ਕੇ ਪਿਆਰੇ ਲਾਲ ਦੀ ਫ਼ੈਸਲਾ ਸੁਣਨ ਦੀ ਉਤਸੁਕਤਾ ਉੱਕਾ ਹੀ ਜਾਂਦੀ ਰਹੀ।



# 31

ਮੋਤਾ ਸਿੰਘ ਨੂੰ ਯਕੀਨ ਦਿਵਾਇਆ ਗਿਆ ਸੀ ਕਿ ਹੋਣ ਵਾਲੇ ਫ਼ੈਸਲੇ ਦਾ ਰਾਜ਼ ਉਸ ਅਤੇ ਸ਼ਿੰਗਾਰਾ ਸਿੰਘ ਦੇ ਵਿਚਕਾਰ ਹੀ ਰਹੇਗਾ।

ਪਰ ਸੰਮਤੀ ਵੱਲੋਂ ਆਈ ਦਰਖ਼ਾਸਤ ਅਤੇ ਸ਼ਹਿਰ ਵਿਚ ਹੋ ਰਹੇ ਸਖ਼ਤ ਸੁਰੱਖਿਆ ਪ੍ਰਬੰਧਾਂ ਤੋਂ ਲੱਗਦਾ ਸੀ ਜਿਵੇਂ ਹੋਣ ਵਾਲੇ ਫ਼ੈਸਲੇ ਦੀ ਕਨਸੋਅ ਦੁਨੀਆਂ ਭਰ ਨੂੰ ਹੋ ਗਈ ਸੀ।

ਆਪਣੀ ਜ਼ਮੀਰ ਵਿਰੁੱਧ ਫ਼ੈਸਲਾ ਸੁਣਾਉਣ ਦਾ ਉਸ ਦਾ ਇਹ ਪਹਿਲਾ ਮੌਕਾ ਸੀ।

ਪਹਿਲਾਂ ਕਦੇ ਉਸ ਨੇ ਇੰਝ ਨਹੀਂ ਸੀ ਕੀਤਾ।

ਉਸ ਨੂੰ ਪਤਾ ਸੀ ਕਿ ਉਸ ਦਾ ਇਹ ਰਵੱਈਆ ਉਸ ਨੂੰ ਮਹਿੰਗਾ ਪੈ ਰਿਹਾ ਸੀ। ਉਹ ਸਮਾਜ ਅਤੇ ਭਾਈਚਾਰੇ ਨਾਲੋਂ ਅਲੱਗ-ਥਲੱਗ ਹੋ ਰਿਹਾ ਸੀ।

ਇਕ-ਇਕ ਕਰਕੇ ਰਿਸ਼ਤੇਦਾਰ ਉਸ ਨਾਲੋਂ ਨਾਤਾ ਤੋੜਦੇ ਜਾ ਰਹੇ ਸਨ। ਉਹ ਆਖਦੇ ਸਨ ਕਿ ਮੋਤਾ ਸਿੰਘ ਦੀ ਗਰਦਨ ਵਿਚ ਜੱਜੀ ਵਾਲਾ ਕਿੱਲਾ ਅੜ ਗਿਐ। ਹੁਣ ਉਸ ਨੇ ਰਿਸ਼ਤੇਦਾਰਾਂ ਤੋਂ ਕੀ ਲੈਣੈ ?

ਇਕ-ਇਕ ਕਰਕੇ ਅਫ਼ਸਰ ਵੀ ਔਖੇ ਹੋ ਗਏ। ਆਖਦੇ ਸਨ : ਇਹ ਹਰੀਸ਼ ਚੰਦਰ ਬਣਿਆ ਬੈਠੈ। ਉਤਲੇ-ਹੇਠਲੇ ਕਿਸੇ ਦੀ ਵੀ ਪਰਵਾਹ ਨਹੀਂ ਕਰਦਾ।

ਮੋਤਾ ਸਿੰਘ ਨੂੰ ਸੱਚਮੁੱਚ ਕਿਸੇ ਦੀ ਪਰਵਾਹ ਨਹੀਂ ਸੀ। ਸਿਫ਼ਾਰਸ਼ੀ ਮੂੰਹ ਸੁਜਾਉਂਦੇ ਸਨ ਸੁਜਾ ਲੈਣ। ਰਿਸ਼ਤੇਦਾਰ ਰੁੱਸਦੇ ਸਨ ਰੁੱਸ ਜਾਣ। ਉਹ ਬਿਨਾਂ ਸਿਫ਼ਾਰਸ਼ਾਂ ਵਾਲਿਆਂ ਦਾ ਗਲਾ ਕਿਵੇਂ ਘੁੱਟ ਦੇਵੇ ?

ਪਰ ਅੱਜ ਉਸ ਨੂੰ ਦੋ ਮਾਸੂਮਾਂ ਦਾ ਗਲਾ ਘੁੱਟਣਾ ਪੈ ਰਿਹਾ ਸੀ।

ਆਪਣੀ ਜ਼ਮੀਰ ਵਿਰੁੱਧ ਫ਼ੈਸਲਾ ਸੁਣਾਉਣ ਲਈ ਮਨ ਬਣਾਉਂਦੇ ਮੋਤਾ ਸਿੰਘ ਨੂੰ ਦਿੱਕਤ 'ਤੇ ਦਿੱਕਤ ਪੇਸ਼ ਆ ਰਹੀ ਸੀ। ਆਪਣੀ ਬਾਗ਼ੀ ਜ਼ਮੀਰ 'ਤੇ ਕਾਬੂ ਪਾਉਣ ਲਈ ਕਦੇ ਉਹ ਕਿਸੇ ਤਰਕ ਦਾ ਸਹਾਰਾ ਲੈਂਦਾ ਅਤੇ ਕਦੇ ਕਿਸੇ ਤਰਕ ਦਾ।

ਸਭ ਤੋਂ ਸ਼ਕਤੀਸ਼ਾਲੀ ਤਰਕ ਉਸ 'ਤੇ ਸ਼ਿੰਗਾਰਾ ਸਿੰਘ ਵੱਲੋਂ ਹੋਏ ਅਹਿਸਾਨਾਂ ਦਾ ਸੀ।

ਮੋਤਾ ਸਿੰਘ ਵੱਡਾ ਜ਼ਿਮੀਂਦਾਰ ਜ਼ਰੂਰ ਸੀ ਪਰ ਵੱਡਾ ਵਕੀਲ ਨਹੀਂ ਸੀ।

ਉਸ ਦੇ ਰਿਸ਼ਤੇਦਾਰ ਵੱਡੇ-ਵੱਡੇ ਅਫ਼ਸਰ ਸਨ। ਕੋਈ ਐਸ.ਐਸ.ਪੀ. ਅਤੇ ਕੋਈ ਡਿਪਟੀ ਕਮਿਸ਼ਨਰ। ਉਹਨਾਂ ਦੇ ਸਹਾਰੇ ਮੋਤਾ ਸਿੰਘ ਨੂੰ ਕੰਮ ਮਿਲਦਾ ਸੀ। ਉਹਨਾਂ ਦੇ ਸਹਾਰੇ ਉਹ ਮੁਕੱਦਮੇ ਵੀ ਜਿੱਤਦਾ ਸੀ। ਫੇਰ ਵੀ ਉਸ ਦਾ ਨਾਂ ਚੋਟੀ ਦੇ ਵਕੀਲਾਂ ਵਿਚ ਸ਼ਾਮਲ ਨਹੀਂ ਸੀ ਹੁੰਦਾ।

ਉਸ ਦੀ ਆਮਦਨ ਵੀ ਬੱਝਵੀਂ ਨਹੀਂ ਸੀ। ਜਦੋਂ ਰਿਸ਼ਤੇਦਾਰ ਨੇੜੇ-ਤੇੜੇ ਤਾਇਨਾਤ ਹੁੰਦੇ ਤਾਂ ਆਮਦਨ ਦਾ ਗਰਾਫ਼ ਅਸਮਾਨ ਛੂਹਣ ਲੱਗਦਾ, ਜਦੋਂ ਉਹ ਦੂਰ ਨਿਕਲ ਜਾਂਦੇ ਤਾਂ ਗਰਾਫ਼ ਹੇਠਾਂ ਨੂੰ ਡਿੱਗਣ ਲੱਗਦਾ।

ਇਸ ਅਨਿਸ਼ਚਿਤਤਾ ਤੋਂ ਤੰਗ ਆਇਆ ਮੋਤਾ ਸਿੰਘ ਕੋਈ ਕਾਰੋਬਾਰ ਸ਼ੁਰੂ ਕਰਨ ਬਾਰੇ ਸੋਚ ਹੀ ਰਿਹਾ ਸੀ ਕਿ ਮਾਮੇ ਦੀ ਲਾਟਰੀ ਨਿਕਲ ਆਈ। ਸ਼ਿੰਗਾਰਾ ਸਿੰਘ ਹਾਈ ਕੋਰਟ ਦਾ ਜੱਜ ਬਣ ਗਿਆ।

ਕੁਰਸੀ ਸੰਭਾਲਦਿਆਂ ਹੀ ਮਾਮੇ ਨੇ ਭਾਣਜੇ ਦੀ ਪਿੱਠ ਥਾਪੜੀ। ਐਡੀਸ਼ਨਲ ਸੈਸ਼ਨ ਜੱਜਾਂ ਦੀਆਂ ਨੌਕਰੀਆਂ ਨਿਕਲਣ ਸਹੀ, ਪਹਿਲੀ ਥਾਂ ਭਾਣਜੇ ਲਈ ਰਾਖਵੀਂ ਹੋਏਗੀ।

ਇੰਝ ਹੀ ਹੋਇਆ। ਅਗਲੇ ਸਾਲ ਮੋਤਾ ਸਿੰਘ ਨੂੰ ਵੀ ਜੱਜੀ ਮਿਲ ਗਈ।

ਮਾਮੇ ਨੇ ਭਾਣਜੇ ਲਈ ਬਥੇਰੀਆਂ ਕੁਰਬਾਨੀਆਂ ਦਿੱਤੀਆਂ ਸਨ।

ਮਾਮੇ ਦੇ ਹਿੱਸੇ ਇਕ ਪੋਸਟ ਆਈ ਸੀ।

ਉਹ ਚਾਹੁੰਦਾ ਤਾਂ ਇਸ ਦਾ ਮੁੱਲ ਵੱਟ ਲੈਂਦਾ। ਦਸ-ਵੀਹ ਲੱਖ ਬੋਝੇ ਪਾ ਲੈਂਦਾ।

ਉਹ ਚਾਹੁੰਦਾ ਤਾਂ ਕਿਸੇ ਨੇਤਾ ਨੂੰ ਖ਼ੁਸ਼ ਕਰ ਲੈਂਦਾ। ਵਜ਼ੀਰੀ ਲਈ ਰਾਹ ਪੱਧਰਾ ਹੋ ਜਾਂਦਾ।

ਉਹ ਚਾਹੁੰਦਾ ਤਾਂ ਆਪਣੇ ਕਿਸੇ ਬਾਸ ਦੀ ਵਾਹਵਾ ਖੱਟ ਲੈਂਦਾ। ਸੁਪਰੀਮ ਕੋਰਟ ਦੀ ਜੱਜੀ ਲਈ ਇਕ ਵੋਟ ਪੱਕੀ ਕਰ ਲੈਂਦਾ।

ਪਰ ਸ਼ਿੰਗਾਰਾ ਸਿੰਘ ਨੇ ਕੇਵਲ ਮੋਤਾ ਸਿੰਘ ਦੇ ਸਿਰ 'ਤੇ ਹੀ ਹੱਥ ਰੱਖਿਆ ਸੀ।

ਹੁਣ ਮੋਤਾ ਸਿੰਘ ਉਸ ਹੱਥ ਨੂੰ ਕਿਵੇਂ ਝਟਕ ਦੇਵੇ ?

ਇਹ ਕੁਰਸੀ ਮੋਤਾ ਸਿੰਘ ਨੂੰ ਕਦੇ ਵੀ ਆਪਣੀ ਨਹੀਂ ਸੀ ਲੱਗੀ। ਇਸ ਦਾ ਅਸਲੀ ਮਾਲਕ ਉਸ ਨੂੰ ਸ਼ਿੰਗਾਰਾ ਸਿੰਘ ਹੀ ਲੱਗਦਾ ਸੀ। ਉਸ ਦੇ ਮੂੰਹੋਂ ਉਹੋ ਹੁਕਮ ਨਿਕਲੇਗਾ ਜਿਹੜਾ ਜੇ ਸ਼ਿੰਗਾਰਾ ਸਿੰਘ ਇਸ ਕੁਰਸੀ 'ਤੇ ਬੈਠਾ ਹੁੰਦਾ ਤਾਂ ਉਸ ਦੇ ਮੂੰਹੋਂ ਨਿਕਲਦਾ।

ਸ਼ਿੰਗਾਰਾ ਸਿੰਘ ਦੇ ਹੁਕਮ ਦੀ ਤਾਮੀਲ ਕਰ ਕੇ ਮੋਤਾ ਸਿੰਘ ਨੂੰ ਸਕੂਨ ਦੀ ਤਮੰਨਾ ਸੀ। ਉਸ ਦੇ ਸਿਰ ਚੜ੍ਹੇ ਅਹਿਸਾਨਾਂ ਦਾ ਬੋਝ ਕੁਝ ਹਲਕਾ ਹੋਣਾ ਸੀ।

ਮਾਮੇ ਨੇ ਭਾਣਜੇ ਨੂੰ ਪਹਿਲੀ ਵਾਰ ਸਵਾਲ ਪਾਇਆ ਸੀ।

ਅਗਾਂਹ ਮਾਮੇ ਦੀ ਮਜਬੂਰੀ ਸੀ। ਜਲਦੀ ਹੀ ਉਸ ਨੇ ਰਿਟਾਇਰ ਹੋ ਜਾਣਾ ਸੀ। ਉਸ ਲਈ ਮੁੱਖ ਮੰਤਰੀ ਨੂੰ ਖ਼ੁਸ਼ ਕਰਨਾ ਬਹੁਤ ਜ਼ਰੂਰੀ ਸੀ। ਖ਼ੁਸ਼ ਹੋਇਆ ਮੁੱਖ ਮੰਤਰੀ ਉਸ ਨੂੰ ਸੁਪਰੀਮ ਕੋਰਟ ਭੇਜ ਸਕਦਾ ਸੀ, ਕੋਈ ਪੜਤਾਲੀਆ ਕਮਿਸ਼ਨ ਬਿਠਾ ਕੇ ਉਸ ਦਾ ਚੇਅਰਮੈਨ ਬਣਾ ਸਕਦਾ ਸੀ। ਗਵਰਨਰੀ, ਅੰਬੈਸਡਰੀ ਲਈ ਸਿਫ਼ਾਰਸ਼ ਕਰ ਸਕਦਾ ਸੀ।

ਭੇਲੀ ਟੁੱਟੀ ਤਾਂ ਡਲੀ ਮੋਤਾ ਸਿੰਘ ਨੂੰ ਵੀ ਮਿਲਣੀ ਸੀ।

ਉਸ ਦੀ ਤਰੱਕੀ ਦਾ ਕੇਸ ਅੜਿਆ ਪਿਆ ਸੀ। ਮੋਤਾ ਸਿੰਘ ਤੋਂ ਉਪਰਲੇ ਜੱਜ ਦਾ ਰਿਕਾਰਡ ਖ਼ਰਾਬ ਸੀ, ਪਰ ਹਾਈ ਕੋਰਟ ਦੇ ਜੱਜਾਂ ਦਾ ਇਕ ਧੜਾ ਉਸ ਜੱਜ ਦੀ ਮਦਦ ਕਰ ਰਿਹਾ ਸੀ। ਉਹ ਧੜਾ ਉਸ ਨੂੰ 'ਇਗਨੋਰ' ਨਹੀਂ ਸੀ ਹੋਣ ਦੇ ਰਿਹਾ। ਵਿਰੋਧੀ ਧੜਾ ਉਸ ਨੂੰ ਪਰਮੋਟ ਨਹੀਂ ਸੀ ਹੋਣ ਦਿੰਦਾ। ਤਿੰਨਾਂ ਸਾਲਾਂ ਤੋਂ ਇਹੋ ਝਗੜਾ ਚਲਿਆ ਆ ਰਿਹਾ ਸੀ। ਉਪਰਲੇ ਜੱਜ ਦਾ ਕੋਈ ਫ਼ੈਸਲਾ ਹੋਵੇ ਤਾਂ ਮੋਤਾ ਸਿੰਘ ਦਾ ਨੰਬਰ ਆਵੇ।

ਦੋਸ਼ੀਆਂ ਨੂੰ ਸਜ਼ਾ ਹੋਣ ਨਾਲ ਸ਼ਿੰਗਾਰਾ ਸਿੰਘ ਦੀ ਸਰਕਾਰੇ-ਦਰਬਾਰੇ ਪੁੱਛ ਵਧਣੀ ਸੀ। ਉਸ ਦੇ ਹੱਥ ਮਜ਼ਬੂਤ ਹੋਣੇ ਸਨ। ਮਜ਼ਬੂਤ ਹੋਏ ਸ਼ਿੰਗਾਰਾ ਸਿੰਘ ਨੇ ਮੋਤਾ ਸਿੰਘ ਦੀ ਤਰੱਕੀ ਲਈ ਅੜ ਜਾਣਾ ਸੀ। ਮੋਤਾ ਸਿੰਘ ਨੂੰ ਜੇ ਸਾਧਾਰਨ ਤਰੱਕੀ ਨਹੀਂ ਦੇਣੀ ਤਾਂ ਸਪੈਸ਼ਲ ਤਰੱਕੀ ਦਿਓ। ਜੇ ਇੰਦਰਾ ਨੂੰ ਬਾਇੱਜ਼ਤ ਬਰੀ ਕਰਨ ਵਾਲੇ ਅਤੇ ਸਤਵੰਤ ਸਿੰਘ ਅਤੇ ਕਿਹਰ ਸਿੰਘ ਨੂੰ ਫ਼ਾਂਸੀ



ਦੀ ਸਜ਼ਾ ਸੁਣਾਉਣ ਵਾਲੇ ਜੱਜਾਂ ਨੂੰ ਵਿਸ਼ੇਸ਼ ਤਰੱਕੀ ਮਿਲ ਸਕਦੀ ਹੈ ਤਾਂ ਮੋਤਾ ਸਿੰਘ ਨੂੰ ਕਿਉਂ ਨਹੀਂ ? ਉਹ ਵੀ ਤਾਂ ਉਹਨਾਂ ਦੀਆਂ ਹੀ ਪੈੜਾਂ 'ਤੇ ਚੱਲਿਆ ਸੀ।

ਕਿਥੇ ਐਡੀਸ਼ਨਲ ਸੈਸ਼ਨ ਜੱਜ। ਮਹਿਜ਼ ਇਕ ਡਿਗਨੀਫਾਈਡ ਕਲਰਕ। ਕਿਥੇ ਸੈਸ਼ਨ ਜੱਜ, ਜ਼ਿਲ੍ਹੇ ਦਾ ਮਾਲਕ।

ਕੁਝ ਦੇਰ ਲਈ ਜ਼ਿਲ੍ਹੇ ਦੀ ਮਾਲਕੀ ਦਾ ਨਸ਼ਾ ਮੋਤਾ ਸਿੰਘ ਨੂੰ ਭਰਮਾਉਂਦਾ ਰਿਹਾ।

ਪਰ ਸੰਮਤੀ ਦੀ ਦੋਸ਼ਾਂ ਭਰੀ ਦਰਖ਼ਾਸਤ ਨੇ ਮੋਤਾ ਸਿੰਘ ਨੂੰ ਝੰਜੋੜ ਦਿੱਤਾ। ਸ਼ਿੰਗਾਰਾ ਸਿੰਘ ਅਤੇ ਸੈਸ਼ਨ ਜੱਜੀ ਨਾਲੋਂ ਉਸ ਦਾ ਮੋਹ ਭੰਗ ਹੋਣ ਲੱਗਾ।

ਸਾਰੀ ਰਾਤ ਮੋਤਾ ਸਿੰਘ ਬੇਚੈਨ ਰਿਹਾ ਸੀ। ਨਿਰਦੋਸ਼ਾਂ ਦੇ ਖ਼ੂਨ ਨਾਲ ਹੱਥ ਰੰਗਣ ਤੋਂ ਕਿਵੇਂ ਬਚਿਆ ਜਾਵੇ ? ਇਸ ਬਾਰੇ ਸੋਚਦਾ ਰਿਹਾ ਸੀ।

ਸਭ ਤੋਂ ਸਹੀ ਅਤੇ ਪਾਕ ਰਾਹ ਗੁਰਮੀਤ ਵਾਲਾ ਸੀ।

ਗੁਰਮੀਤ ਨੇ ਆਪਣੀ ਜ਼ਮੀਰ ਦੀ ਆਵਾਜ਼ ਸੁਣੀ ਸੀ। ਉਸ ਨੇ ਰਬੜ ਦੀ ਮੋਹਰ ਬਣਨ ਦੀ ਥਾਂ ਨੌਕਰੀ ਛੱਡਣ ਨੂੰ ਤਰਜੀਹ ਦਿੱਤੀ ਸੀ।

ਗੁਰਮੀਤ ਨਾਲੋਂ ਮੋਤਾ ਸਿੰਘ ਨੂੰ ਨੌਕਰੀ ਛੱਡਣੀ ਸੌਖੀ ਸੀ। ਗੁਰਮੀਤ ਦੀ ਸਾਰੀ ਆਰਥਿਕਤਾ ਉਸੇ ਨੌਕਰੀ 'ਤੇ ਨਿਰਭਰ ਸੀ। ਮੋਤਾ ਸਿੰਘ ਨੂੰ ਨਾ ਆਰਥਿਕਤਾ ਦੀ ਸਮੱਸਿਆ ਸੀ, ਨਾ ਕਬੀਲਦਾਰੀ ਦੀ। ਜਾਇਦਾਦ ਉਸ ਕੋਲ ਬਥੇਰੀ ਸੀ। ਦੋਵੇਂ ਲੜਕੇ ਪੜ੍ਹ-ਲਿਖ ਕੇ ਚੰਗੀਆਂ ਨੌਕਰੀਆਂ 'ਤੇ ਲੱਗ ਗਏ ਸਨ। ਇਕੋ-ਇਕ ਧੀ ਕੀਨੀਆ ਵਿਆਹੀ ਹੋਈ ਸੀ।

ਜੇ ਗੁਰਮੀਤ ਨੌਕਰੀ ਦੀ ਥਾਂ ਸੱਚ ਨੂੰ ਤਰਜੀਹ ਦੇ ਸਕਦਾ ਸੀ ਤਾਂ ਮੋਤਾ ਸਿੰਘ ਕਿਉਂ ਨਹੀਂ ?

ਮੋਤਾ ਸਿੰਘ ਗੁਰਮੀਤ ਨਹੀਂ ਸੀ ਬਣ ਸਕਦਾ। ਆਰਥਿਕਤਾ ਹੀ ਤਾਂ ਸਭ ਕੁਝ ਨਹੀਂ ਹੁੰਦੀ। ਰੁਤਬਾ ਵੀ ਤਾਂ ਮਹੱਤਵ ਰੱਖਦੈ। ਕਿਥੇ ਮਾਮੂਲੀ ਜਿਹੀ ਨੌਕਰੀ। ਕਿਥੇ ਸ਼ਹਿਨਸ਼ਾਹਾਂ ਵਰਗੀ ਸੈਸ਼ਨ ਜੱਜੀ। ਅੱਗੇ-ਪਿੱਛੇ ਫਿਰਦੀ ਪੁਲਿਸ। ਜੀ ਹਜ਼ੂਰੀ ਕਰਦੇ ਸੇਠਾਂ, ਸਰਦਾਰਾਂ ਦਾ ਝੁਰਮਟ। ਹੱਥ ਜੋੜੀ ਖੜੇ ਦੋਸ਼ੀ। ਇਹ ਨਸ਼ਾ ਕਿਤੇ ਧਰਿਆ ਪਿਐ।

ਫੇਰ ਤਰੱਕੀਆਂ ਹੀ ਤਰੱਕੀਆਂ। ਹਾਈ ਕੋਰਟ, ਸੁਪਰੀਮ ਕੋਰਟ, ਗਵਰਨਰੀ ਅਤੇ ਹੋਰ ਕੁਝ ਵੀ।

ਜੇ ਮੋਤਾ ਸਿੰਘ ਜੱਜ ਨਾ ਹੁੰਦਾ ਤਾਂ ਉਸ ਦੇ ਧੀਆਂ-ਪੁੱਤ ਨਾ ਐਡੇ ਰੁਤਬਿਆਂ 'ਤੇ ਪੁੱਜ ਸਕਦੇ, ਨਾ ਐਡੇ ਘਰ ਵਿਆਹੇ ਜਾਂਦੇ। ਜੇ ਉਸ ਨੇ ਨੌਕਰੀ ਛੱਡ ਦਿੱਤੀ ਤਾਂ ਕੁੜਮ ਕੀ ਆਖਣਗੇ ? ਰਿਸ਼ਤਾ ਕਰਨ ਲੱਗਿਆਂ ਰਿਸ਼ਤੇਦਾਰਾਂ ਨੇ ਉਸ ਦੇ ਸਿਆੜ ਥੋੜ੍ਹਾ ਦੇਖੇ ਸਨ। ਰੁਤਬਾ ਦੇਖਿਆ ਸੀ।

ਮੋਤਾ ਸਿੰਘ ਨੇ ਆਪਣੀ ਕੁਰਸੀ ਵੀ ਬਚਾਉਣੀ ਸੀ, ਮਾਮੇ ਦੀ ਇੱਜ਼ਤ ਅਤੇ ਆਪਣੀ ਜ਼ਮੀਰ ਵੀ। ਉਸ ਨੂੰ ਕੋਈ ਢੁਕਵਾਂ ਰਾਹ ਲੱਭਣਾ ਚਾਹੀਦਾ ਸੀ।

ਪਹਿਲਾਂ ਇੱਜ਼ਤ ਵਾਲਾ ਰਾਹ ਇਹੋ ਸੀ ਕਿ ਸੰਮਤੀ ਵੱਲੋਂ ਆਈ ਦਰਖ਼ਾਸਤ ਮਨਜ਼ੂਰ ਕਰ ਲਈ ਜਾਏ। ਫ਼ੈਸਲੇ ਨੂੰ ਟਾਲਣ ਦੀ ਥਾਂ ਉਹ ਮੁਕੱਦਮਾ ਹੀ ਟਾਲ ਦੇਵੇ।

ਨਿਆਂ-ਪਾਲਿਕਾ ਦਾ ਸਦਾਚਾਰ ਵੀ ਇਹੋ ਮੰਗ ਕਰਦਾ ਸੀ। ਜੱਜ ਦੀ ਇੱਜ਼ਤ ਕੁਆਰੀਆਂ ਕੁੜੀਆਂ ਵਰਗੀ ਹੁੰਦੀ ਹੈ। ਸ਼ੱਕ ਦਾ ਵਹਿਮ ਵੀ ਉਸ ਦੀ ਨਿਰਪੱਖਤਾ ਨੂੰ ਦਾਗ਼ੀ ਕਰ ਦਿੰਦਾ ਹੈ। ਜਦੋਂ ਕਿਸੇ ਧਿਰ ਨੂੰ ਜੱਜ ਦੀ ਨਿਰਪੱਖਤਾ 'ਤੇ ਸ਼ੱਕ ਹੋਵੇ ਤਾਂ ਉਹ ਫ਼ੈਸਲੇ ਦੀ ਥਾਂ ਕੇਸ ਤਬਦੀਲ ਕਰ ਦਿਆ ਕਰਦਾ ਹੈ।

ਸਾਧਾਰਨ ਹਾਲਾਤ ਹੁੰਦੇ ਤਾਂ ਮੋਤਾ ਸਿੰਘ ਇੰਝ ਹੀ ਕਰਦਾ। ਆਪੇ ਕੇਸ ਤਬਦੀਲ ਕਰਨ ਨਾਲ ਉਲਟਾ ਉਸ ਦੀ ਇੱਜ਼ਤ ਵਿਚ ਵਾਧਾ ਹੁੰਦਾ।

ਇਸ ਸਮੇਂ ਫ਼ੈਸਲਾ ਟਾਲਣਾ ਖ਼ਤਰੇ ਭਰਿਆ ਸੀ। ਜਲਦੀ ਫ਼ੈਸਲੇ ਦੀ ਆਪਣੀ ਇੱਛਾ ਹਾਈ ਕੋਰਟ ਵਿਚ ਪਹਿਲਾਂ ਹੀ ਜ਼ਾਹਰ ਕਰ ਚੁੱਕਾ ਸੀ।

ਕੇਸ ਤਬਦੀਲ ਹੋਣ ’ਤੇ ਹਾਈ ਕੋਰਟ ਨੇ ਮੋਤਾ ਸਿੰਘ ’ਤੇ ਸ਼ੱਕ ਕਰਨਾ ਸੀ। ਮੋਤਾ ਸਿੰਘ ਡਰ ਗਿਆ ਜਾਂ ਲਾਲਚ ’ਚ ਆ ਗਿਆ। ਦੋਹਾਂ ਹਾਲਤਾਂ ਵਿਚ ਉਸ ਦੀ ਅਤੇ ਸ਼ਿੰਗਾਰਾ ਸਿੰਘ ਦੀ ਪੈਂਠ ਖ਼ਰਾਬ ਹੋਣੀ ਸੀ।

ਕੇਸ ਤਬਦੀਲ ਕਰਨ ਨਾਲ ਮੋਤਾ ਸਿੰਘ ਨੂੰ ਮਾਨਸਿਕ ਸੰਤੁਸ਼ਟੀ ਮਿਲ ਜਾਏਗੀ, ਪਰ ਦੋਸ਼ੀਆਂ ਨੂੰ ਕੋਈ ਫ਼ਾਇਦਾ ਨਹੀਂ ਸੀ ਹੋਣਾ। ਹੇਠਲੀ ਅਦਾਲਤ ਦੀ ਕੀ ਮਜਾਲ ਸੀ ਕਿ ਉਹ ਉਪਰਲੀ ਅਦਾਲਤ ਦੀ ਇੱਛਾ ਦੇ ਵਿਰੁੱਧ ਜਾ ਸਕੇ। ਕੇਸ ਜਿਥੇ ਵੀ ਜਾਏਗਾ ਉਥੇ ਕੋਈ ਮੋਤਾ ਸਿੰਘ ਵਰਗਾ ਬੈਠਾ ਹੋਏਗਾ। ਦੋਸ਼ੀਆਂ ਨੂੰ ਜਦੋਂ ਸਜ਼ਾ ਹੀ ਹੋਣੀ ਹੈ ਤਾਂ ਮੋਤਾ ਸਿੰਘ ਹੀ ਕਿਉਂ ਨਾ ਕਰ ਦੇਵੇ।

ਦੋਸ਼ੀਆਂ ਨੂੰ ਫ਼ਾਇਦਾ ਘੱਟ ਸਜ਼ਾ ਦੇ ਕੇ ਵੀ ਪਹੁੰਚਾਇਆ ਜਾ ਸਕਦਾ ਹੈ।

“ਪਾਲੇ ਅਤੇ ਮੀਤੇ ਵਰਗੇ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਂਦਾ।” ਲੋਕਾਂ ਨੂੰ ਇਹ ਜਤਾ ਕੇ ਸਰਕਾਰ ਆਪਣੀ ਇੱਜ਼ਤ ਰੱਖਣਾ ਚਾਹੁੰਦੀ ਸੀ।

ਲੋਕਾਂ ਦੇ ਮਨ ਦੋਸ਼ੀਆਂ ਨੂੰ ਉਮਰ ਕੈਦ ਕਰਵਾ ਕੇ ਵੀ ਜਿੱਤੇ ਜਾ ਸਕਦੇ ਸਨ। ਸਜ਼ਾ ਦਾ ਮਕਸਦ ਸਮਾਜ ਨੂੰ ਗੁਨਾਹਗਾਰਾਂ ਤੋਂ ਮੁਕਤ ਕਰਾਉਣਾ ਸੀ। ਪਾਲੇ ਅਤੇ ਮੀਤੇ ਨੂੰ ਉਮਰ ਕੈਦ ਹੋਣ ਨਾਲ ਵੀ ਸਮਾਜ ਨੂੰ ਰਾਹਤ ਮਿਲਣੀ ਸੀ।

ਚੰਗਾ ਹੋਵੇ ਜੇ ਮੋਤਾ ਸਿੰਘ ਫ਼ਾਂਸੀ ਦੀ ਥਾਂ ਉਮਰ ਕੈਦ ਦੀ ਸਜ਼ਾ ਸੁਣਾ ਦੇਵੇ। ਇੰਝ ਮੋਤਾ ਸਿੰਘ ਨਿਰਦੋਸ਼ਾਂ ਦੇ ਕਤਲ ਦੇ ਜੁਰਮ ਤੋਂ ਵੀ ਬਚ ਜਾਏਗਾ ਅਤੇ ਸਰਕਾਰ ਦੀ ਵੀ ਰਹਿ ਜਾਏਗੀ।

ਇਸ ਸਜ਼ਾ ਨਾਲ ਦੋਸ਼ੀਆਂ ਨੂੰ ਵੀ ਲਾਭ ਪੁੱਜੇਗਾ।

ਫ਼ਾਂਸੀ ਦੀ ਸਜ਼ਾ ਹੋਣ ਨਾਲ ਹਾਈ ਕੋਰਟ ਨੂੰ ਝੱਟ ਸੁਣਵਾਈ ਕਰਨੀ ਪਏਗੀ। ਝੱਟ ਸੁਣਵਾਈ ਹੋਈ ਤਾਂ ਨਤੀਜਾ ਹੇਠਲੀ ਅਦਾਲਤ ਵਾਲਾ ਹੀ ਰਹੇਗਾ।

ਉਮਰ ਕੈਦ ਨਾਲ ਅਪੀਲ ਦੀ ਸੁਣਵਾਈ ਅੱਠ-ਦਸ ਸਾਲ ਲਈ ਟਲ ਜਾਏਗੀ। ਇਹ ਮਿਸਲ ਵੀ ਬਾਕੀ ਮਿਸਲਾਂ ਦੇ ਢੇਰ ਹੇਠ ਦੱਬ ਜਾਏਗੀ। ਜਦੋਂ ਤਕ ਇਸ ਦੀ ਵਾਰੀ ਆਏਗੀ, ਕਰੋੜਾਂ ਗੈਲਨ ਪਾਣੀ ਪੁਲਾਂ ਹੇਠ ਦੀ ਲੰਘ ਚੁੱਕਾ ਹੋਏਗਾ। ਨਾ ਮੁੱਖ ਮੰਤਰੀ ਹੇਠ ਕੁਰਸੀ ਹੋਏਗੀ, ਨਾ ਸ਼ਿੰਗਾਰਾ ਸਿੰਘ ਹੇਠ। ਕੋਈ ਕੁਰਸੀ ’ਤੇ ਹੋਇਆ ਵੀ ਤਾਂ ਉਸ ਕੋਲ ਇਸ ਕੇਸ ਲਈ ਵਕਤ ਨਹੀਂ ਹੋਏਗਾ। ਉਸ ਸਮੇਂ ਤਕ ਹਜ਼ਾਰਾਂ ਨਵੇਂ ਮਸਲੇ ਉੱਠ ਖੜੇ ਹੋਣਗੇ। ਲੋਕ ਬੰਟੀ ਅਤੇ ਪਾਲੇ ਤੇ ਮੀਤੇ ਨੂੰ ਭੁੱਲ ਚੁੱਕੇ ਹੋਣਗੇ। ਉਦੋਂ ਤਕ ਹੋਰ ਸੈਂਕੜੇ ਨਿਰਦੋਸ਼ਾਂ ਦੇ ਕਤਲ ਹੋ ਚੁੱਕੇ ਹੋਣਗੇ। ਲੋਕ ਕਿਸ-ਕਿਸ ਪਾਲੇ ਦਾ ਪਿੱਛਾ ਕਰਨਗੇ ?

ਫੇਰ ਫ਼ੈਸਲਾ ਮੈਰਿਟ ਦੇ ਆਧਾਰ ’ਤੇ ਹੋਏਗਾ। ਫ਼ੈਸਲਾ ਮੈਰਿਟ ਦੇ ਆਧਾਰ ’ਤੇ ਹੋਇਆ ਤਾਂ ਸਖ਼ਤ ਤੋਂ ਸਖ਼ਤ ਜੱਜ ਵੀ ਇਹਨਾਂ ਨੂੰ ਸਜ਼ਾ ਨਹੀਂ ਦੇਵੇਗਾ।

ਇੰਝ ਦੋਸ਼ੀਆਂ ਨੂੰ ਬਰੀ ਹੋਏ ਦੇਖ ਕੇ ਕਿਸੇ ਨਾ ਕਿਸੇ ਦਿਨ ਮੋਤਾ ਸਿੰਘ ਆਪਣੇ ਮਨ ਦੇ ਬੋਝ ਤੋਂ ਮੁਕਤ ਹੋ ਜਾਏਗਾ।

ਜਿਉਂ ਹੀ ਮੋਤਾ ਸਿੰਘ ਟਾਈਪ ਹੋਏ ਫ਼ੈਸਲੇ ਵਿਚ ਰੱਦੋ-ਬਦਲ ਕਰਨ ਦੀ ਹਿੰਮਤ ਬਟੋਰਦਾ ਤਿਉਂ ਹੀ ਸ਼ਿੰਗਾਰਾ ਸਿੰਘ ਦੇ ਪੀ.ਏ. ਦੀ ਤਾੜਨਾ ਆੜ੍ਹੇ ਆ ਜਾਂਦੀ।



“ਸਾਹਿਬ ਦਾ ਫ਼ੁਰਮਾਨ ਹੈ। ਫ਼ੈਸਲਾ ਹੂ-ਬ-ਹੂ ਲਾਗੂ ਹੋਣਾ ਚਾਹੀਦੈ।”

ਜੇ ਦੁੱਧ ਦੇਣਾ ਹੀ ਹੈ ਤਾਂ ਮੇਂਗਣਾਂ ਕਿਉਂ ਘੋਲੀਆਂ ਜਾਣ ?

ਮੋਤਾ ਸਿੰਘ ਉਹੋ ਕਰੇਗਾ, ਜੋ ਉਸ ਨੂੰ ਹੁਕਮ ਹੋਇਆ ਹੈ। ਰਾਤ ਮੋਤਾ ਸਿੰਘ ਨੇ ਮਨ ਕਰੜਾ ਕਰ ਲਿਆ ਪਰ ਹੁਣ ਜਦੋਂ ਉਹ ਇਨਸਾਫ਼ ਦੀ ਕੁਰਸੀ ’ਤੇ ਬੈਠਣ ਜਾ ਰਿਹਾ ਸੀ ਤਾਂ ਉਸ ਦਾ ਮਨ ਮੁੜ ਡੋਲ ਗਿਆ।

ਅਦਾਲਤ ਜਾਣ ਤੋਂ ਪਹਿਲਾਂ ਮੋਤਾ ਸਿੰਘ ਮਹਾਰਾਜ ਦੀ ਹਜ਼ੂਰੀ ਵਿਚ ਪੇਸ਼ ਹੋਇਆ। ਚਿੱਤ ਇਕਾਗਰ ਕਰ ਕੇ ਉਸ ਨੇ ਅਰਦਾਸ ਕੀਤੀ।

“ਹੇ ਵਾਹਿਗੁਰੂ ! ਹਾਈ ਕੋਰਟ ਦੇ ਜੱਜਾਂ ਦੇ ਦਿਲ ’ਚ ਮਿਹਰ ਪਾ। ਦੋਸ਼ੀਆਂ ਦੀ ਦਰਖ਼ਾਸਤ ਮਨਜ਼ੂਰ ਕਰ। ਆਪਣੇ ਇਸ ਸੇਵਕ ਨੂੰ ਨਰਕਾਂ ਦਾ ਭਾਗੀ ਹੋਣ ਤੋਂ ਬਚਾ।”

ਰੱਬ ’ਤੇ ਡੋਰੀ ਸੁੱਟ ਕੇ ਮੋਤਾ ਸਿੰਘ ਕੁਝ ਰਾਹਤ ਮਹਿਸੂਸ ਕਰਨ ਲੱਗਾ।

# 32

ਗੜਬੜ ਦੀ ਸੰਭਾਵਨਾ ਨੂੰ ਮੁੱਖ ਰੱਖਦੇ ਹੋਏ ਸਾਰੇ ਸ਼ਹਿਰ ਵਿਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ।

ਸੁਰੱਖਿਆ ਬਲਾਂ ਨੇ ਰਾਤ ਹੀ ਜੱਜ ਦੀ ਕੋਠੀ ਨੂੰ ਘੇਰ ਲਿਆ ਸੀ। ਗੇਟ ਤੋਂ ਲੈ ਕੇ ਛੱਤ ਤਕ 'ਤੇ ਪਹਿਰਾ ਲਗਾ ਦਿੱਤਾ ਗਿਆ ਸੀ।

ਕੋਠੀਉਂ ਕਚਹਿਰੀ ਤਕ ਦੇ ਇਕ ਕਿੱਲੋਮੀਟਰ ਦੇ ਰਸਤੇ 'ਤੇ ਚੱਪੇ-ਚੱਪੇ 'ਤੇ ਸਿਪਾਹੀ ਖੜਾ ਸੀ।

ਜੱਜ ਨੂੰ ਕਚਹਿਰੀ ਲੈ ਜਾਣ ਲਈ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਇਕ ਕਾਲੇ ਸ਼ੀਸ਼ਿਆਂ ਵਾਲੀ ਬੁਲਟ-ਪਰੂਫ਼ ਕਾਰ ਵਿਚ ਜੱਜ ਨੇ ਬੈਠਣਾ ਸੀ। ਦੋ ਹਥਿਆਰਬੰਦ ਕਮਾਂਡੋਆਂ ਨੇ ਉਸ ਦੇ ਸੱਜੇ-ਖੱਬੇ ਹੋਣਾ ਸੀ। ਕਾਰ ਦੇ ਅੱਗੇ ਪਾਇਲਟ ਜੀਪ ਅਤੇ ਪਿੱਛੇ ਇਸਕਾਰਟ ਗੱਡੀ ਹੋਣੀ ਸੀ।

ਕਚਹਿਰੀ ਦੇ ਅਹਾਤੇ ਵਿਚ ਦਫ਼ਾ ਇਕ ਸੌ ਚੁਤਾਲੀ ਲਗਾ ਦਿੱਤੀ ਗਈ ਸੀ। ਕਿਰਪਾਨ, ਸੋਟੀ ਤਾਂ ਕੀ, ਕਿਸੇ ਬੁੱਢੇ ਠੇਰੇ ਨੂੰ ਖੂੰਡੀ ਤਕ ਅਹਾਤੇ ਵਿਚ ਲੈ ਜਾਣ ਦੀ ਇਜਾਜ਼ਤ ਨਹੀਂ ਸੀ।

ਕਚਹਿਰੀ ਵਿਚ ਸਾਇਲਾਂ ਨਾਲੋਂ ਵੱਧ ਭੀੜ ਸੁਰੱਖਿਆ ਜਵਾਨਾਂ ਦੀ ਸੀ। ਕੁਝ ਵਰਦੀ ਵਿਚ ਸਨ। ਉਸ ਤੋਂ ਕਈ ਗੁਣਾਂ ਵਧ ਬਿਨਾਂ ਵਰਦੀ ਤੋਂ।

ਸੁਰੱਖਿਆ ਪ੍ਰਬੰਧਾਂ ਦੀ ਦੇਖ-ਰੇਖ ਲਈ ਡਿਪਟੀ ਖ਼ੁਦ ਅਹਾਤੇ ਵਿਚ ਮੌਜੂਦ ਸੀ। ਲਾਠੀ ਚਾਰਜ, ਅਥਰੂ ਗੈਸ, ਰਬੜ ਦੀਆਂ ਗੋਲੀਆਂ ਤੋਂ ਲੈ ਕੇ ਅਸਲ ਗੋਲੀ ਤਕ ਦਾ ਪ੍ਰਬੰਧ ਕੀਤਾ ਗਿਆ ਸੀ।

ਸਿਵਲ ਅਧਿਕਾਰੀ ਵੀ ਪਿੱਛੇ ਨਹੀਂ ਸਨ ਰਹੇ। ਦੋ ਫ਼ਾਇਰ ਬ੍ਰਿਗੇਡ ਅਤੇ ਦੋ ਐਂਬੂਲੈਂਸ ਤਿਆਰ-ਬਰ-ਤਿਆਰ ਖੜੇ ਸਨ। ਜ਼ਿਲ੍ਹਾ ਮੈਜਿਸਟ੍ਰੇਟ ਨੇ ਸਾਰੇ ਅਧਿਕਾਰ ਐਸ.ਡੀ.ਐਮ. ਨੂੰ ਸੌਂਪ ਦਿੱਤੇ ਸਨ। ਮੌਕੇ ਮੁਤਾਬਕ ਉਸ ਨੂੰ ਹਰ ਤਰ੍ਹਾਂ ਦਾ ਹੁਕਮ ਸੁਣਾਉਣ ਦੀ ਖੁੱਲ੍ਹ ਸੀ।

ਐਸ.ਡੀ.ਐਮ. ਨੇ ਜੀਪ 'ਤੇ ਲਾਊਡ ਸਪੀਕਰ ਫਿੱਟ ਕਰਵਾ ਲਿਆ ਸੀ। ਵਾਕੀ-ਟਾਕੀ ਅਤੇ ਵਾਇਰਲੈੱਸ ਸਿਸਟਮ ਵੀ ਤਿਆਰ ਸੀ। ਲੋੜ ਪੈਣ 'ਤੇ ਉਹ ਜ਼ਿਲ੍ਹਾ ਮੈਜਿਸਟ੍ਰੇਟ ਤੋਂ ਲੈ ਕੇ ਸ਼ਹਿਰ ਵਿਚ ਤਾਇਨਾਤ ਹਰ ਸਿਪਾਹੀ ਨਾਲ ਸੰਪਰਕ ਕਰ ਸਕਦਾ ਸੀ। ਫੌਰੀ ਕਾਰਵਾਈ ਲਈ ਉਹ ਅਹਾਤੇ ਵਿਚ ਮੌਜੂਦ ਸੀ।

ਇਹ ਸਾਰੀ ਨਾਟਕਬਾਜ਼ੀ ਮੋਤਾ ਸਿੰਘ ਨੂੰ ਪਸੰਦ ਨਹੀਂ ਸੀ ਆਈ। ਇਸ ਦਿਖਾਵੇ ਨਾਲ ਨਿਆਂ-ਪਾਲਿਕਾ ਦਾ ਵਕਾਰ ਘੱਟ ਰਿਹਾ ਸੀ। ਆਪਣਾ ਰੋਸ ਉਸ ਨੇ ਜ਼ਿਲ੍ਹਾ ਪ੍ਰਸ਼ਾਸਨ ਕੋਲ ਪ੍ਰਗਟਾਇਆ ਸੀ।

ਪ੍ਰੋਟੈਸਟ ਦੇ ਤੌਰ 'ਤੇ ਮੋਤਾ ਸਿੰਘ ਨੇ ਸਰਕਾਰੀ ਗੱਡੀ 'ਚ ਚੜ੍ਹਨ ਤੋਂ ਨਾਂਹ ਕਰ ਦਿੱਤੀ। ਆਮ ਦਿਨਾਂ ਵਾਂਗ ਉਹ ਆਪਣੇ ਸਕੂਟਰ 'ਤੇ ਕਚਹਿਰੀ ਜਾਏਗਾ।



ਉਸ ਨੂੰ ਸਮਝਾਉਣ ਜ਼ਿਲ੍ਹਾ ਮੈਜਿਸਟ੍ਰੇਟ ਖ਼ੁਦ ਆਇਆ ਸੀ।

ਸਖ਼ਤ ਸੁਰੱਖਿਆ ਪ੍ਰਬੰਧ ਪ੍ਰਸ਼ਾਸਨ ਦੀ ਮਜਬੂਰੀ ਸੀ। ਪ੍ਰਸ਼ਾਸਨ ਨੂੰ ਦੋਹਾਂ ਧਿਰਾਂ ਤੋਂ ਖ਼ਤਰਾ ਸੀ।

ਮੋਤਾ ਸਿੰਘ ਨੂੰ ਪ੍ਰਸ਼ਾਸਨ ਦੀ ਇਹ ਦਲੀਲ ਨਿਰਮੂਲ ਲੱਗੀ ਸੀ। ਸੰਘ ਕੋਈ ਖ਼ਤਰਾ ਖੜਾ ਕਰਨ ਦੀ ਸਥਿਤੀ ਵਿਚ ਨਹੀਂ ਸੀ। ਖ਼ਤਰਾ ਸੰਮਤੀ ਤੋਂ ਹੋ ਸਕਦਾ ਸੀ। ਸਖ਼ਤ ਸੁਰੱਖਿਆ ਪ੍ਰਬੰਧਾਂ ਦਾ ਮਤਲਬ ਸੰਮਤੀ ਤੋਂ ਸੁਚੇਤ ਹੋਣਾ ਸੀ। ਸੰਮਤੀ ਤੋਂ ਸੁਚੇਤ ਹੋਣ ਦਾ ਮਤਲਬ ਦੋਸ਼ੀਆਂ ਨੂੰ ਸਜ਼ਾ ਹੋਣਾ ਸੀ।

ਮੋਤਾ ਸਿੰਘ ਦਾ ਗੱਡੀ ਵਿਚ ਬੈਠਣਾ ਜ਼ਰੂਰੀ ਸੀ। ਉਸ ਨੇ ਮਨ-ਮਰਜ਼ੀ ਦਾ ਫ਼ੈਸਲਾ ਸੁਣਾਉਣਾ ਹੁੰਦਾ ਫੇਰ ਸਥਿਤੀ ਆਮ ਵਰਗੀ ਹੁੰਦੀ। ਹੁਣ ਫ਼ੈਸਲਾ ਉਪਰੋਂ ਆਇਆ ਸੀ। ਇਸ ਬਾਰੇ ਸੰਮਤੀ ਨੂੰ ਪਤਾ ਲੱਗ ਚੁੱਕਾ ਸੀ। ਗ਼ੁੱਸੇ 'ਚ ਆਈ ਸੰਮਤੀ ਜੱਜ ਨੂੰ ਨੁਕਸਾਨ ਪਹੁੰਚਾ ਸਕਦੀ ਸੀ।

ਮਜਬੂਰੀ ਵੱਸ ਜੱਜ ਨੂੰ ਕਾਰ 'ਚ ਬੈਠਣਾ ਪਿਆ।

ਕਾਰ ਵਿਚ ਬੈਠੇ ਜੱਜ ਨੂੰ ਅਜੀਬ-ਅਜੀਬ ਖ਼ਿਆਲ ਆਉਣ ਲੱਗੇ। ਉਹ ਆਪਣੇ ਆਪ ਨੂੰ ਪਾਲੇ ਅਤੇ ਮੀਤੇ ਨਾਲੋਂ ਵੀ ਭੈੜੀ ਸਥਿਤੀ ਵਿਚ ਮਹਿਸੂਸ ਕਰਨ ਲੱਗਾ। ਉਹ ਵੀ ਆਪਣੇ ਆਪ ਨੂੰ ਪੁਲਿਸ ਹਿਰਾਸਤ ਵਿਚ ਮਹਿਸੂਸ ਕਰਨ ਲੱਗਾ। ਉਸ ਨੂੰ ਲੱਗਾ ਜਿਵੇਂ ਸਰਕਾਰੀ ਪਿਸਤੌਲ ਉਸ ਦੀ ਪੁੜਪੁੜੀ ਕੋਲ ਤਣਿਆ ਹੋਇਆ ਸੀ। ਜਿਵੇਂ ਇਹ ਪਿਸਤੌਲ ਉਸ ਨੂੰ ਸਰਕਾਰੀ ਬੋਲੀ ਬੋਲਣ ਲਈ ਮਜਬੂਰ ਕਰ ਰਿਹਾ ਸੀ।

ਕੁਝ ਕੁ ਪਲਾਂ ਦੀ ਪੁਲਿਸ ਹਿਰਾਸਤ ਨੇ ਮੋਤਾ ਸਿੰਘ ਨੂੰ ਯੁੱਗਾਂ ਜਿੱਡੀ ਗ਼ੁਲਾਮੀ ਦਾ ਅਹਿਸਾਸ ਕਰਵਾ ਦਿੱਤਾ। ਮੁੜ ਆਪਣੀ ਜ਼ਮੀਰ ਅਨੁਸਾਰ ਫ਼ੈਸਲਾ ਸੁਣਾਉਣ ਲਈ ਉਹ ਤੜਫਣ ਲੱਗਾ।

ਹਾਈ ਕੋਰਟ ਤੋਂ ਮਿਲਣ ਵਾਲੀ ਬੰਦੀ ਦੀ ਆਸ ਰੱਖ ਕੇ ਜੱਜ ਨੇ ਕੁਰਸੀ ਸੰਭਾਲ ਲਈ।

ਪਹਿਲਾਂ ਦੋਸ਼ੀਆਂ ਨੂੰ ਕਚਹਿਰੀ ਵਿਚ ਲਿਆਂਦਾ ਗਿਆ।

ਧੜਕਦੇ ਦਿਲ, ਭਰੇ ਮਨ ਅਤੇ ਸਿੱਲ੍ਹੀਆਂ ਅੱਖਾਂ ਨਾਲ ਮੋਤਾ ਸਿੰਘ ਨੇ ਦੋਸ਼ੀਆਂ ਵੱਲ ਤੱਕਿਆ।

ਦੋਹਾਂ ਦੇ ਚਿਹਰੇ ਪੀਲੇ ਭੂਕ ਸਨ। ਕਰੜ-ਬਰੜੀ ਦਾੜ੍ਹੀ ਇਕੜ-ਦੁੱਕੜ ਹੋਈ ਪਈ ਸੀ। ਅੱਖਾਂ ਅੰਦਰ ਨੂੰ ਧਸ ਗਈਆਂ ਸਨ ਅਤੇ ਜਾਭਾਂ ਬਾਹਰ ਨੂੰ ਨਿਕਲ ਆਈਆਂ ਸਨ। ਕਾਲੀ ਸ਼ਾਹ ਬੁੱਲ੍ਹਾਂ 'ਤੇ ਸਿੱਕਰੀ ਜੰਮੀ ਹੋਈ ਸੀ। ਸਰੀਰ ਸੁੱਕ ਕੇ ਕਾਨੇ ਬਣੇ ਪਏ ਸਨ।

ਇਹਨਾਂ ਹੱਡੀਆਂ ਦੇ ਢਾਂਚਿਆਂ ਨੂੰ ਭਾਰੀਆਂ ਬੇੜੀਆਂ ਅਤੇ ਪੁੱਠੀਆਂ ਹੱਥਕੜੀਆਂ ਵਿਚ ਜਕੜਿਆ ਹੋਇਆ ਸੀ।

ਦੋਹਾਂ ਦੋਸ਼ੀਆਂ ਦੀਆਂ ਅੱਖਾਂ ਬੰਦ ਸਨ। ਉਹਨਾਂ ਦੇ ਬੁੱਲ੍ਹ ਤੇਜ਼ੀ ਨਾਲ ਫਰਕ ਰਹੇ ਸਨ। ਜਿਵੇਂ ਉਹ ਕਿਸੇ ਪਾਠ ਦਾ ਜਾਪ ਕਰ ਰਹੇ ਹੋਣ।

ਲੱਗਦਾ ਸੀ ਜਿਵੇਂ ਉਹ ਕਾਹਲ ਵਿਚ ਸਨ। ਜਿਵੇਂ ਫ਼ੈਸਲੇ ਤਕ ਉਹਨਾਂ ਨੂੰ ਆਪਣੇ ਪਾਠ ਮੁਕੰਮਲ ਹੋਣ ਦੀ ਆਸ ਨਹੀਂ ਸੀ। ਜਿਵੇਂ ਉਹਨਾਂ ਨੂੰ ਹੋਣ ਵਾਲੇ ਫ਼ੈਸਲੇ ਦਾ ਇਲਮ ਸੀ। ਜਿਵੇਂ ਉਹ ਮੌਤ ਨਾਲ ਗੱਲਾਂ ਕਰ ਰਹੇ ਸਨ। ਜਿਵੇਂ ਕੁਝ ਹੀ ਪਲਾਂ ਬਾਅਦ ਉਹਨਾਂ ਪਾਗ਼ਲ ਹੋ ਜਾਣਾ ਸੀ।

ਇਕ ਵਾਰੀ ਦੋਸ਼ੀਆਂ ਨੇ ਅੱਖਾਂ ਖੋਲ੍ਹੀਆਂ। ਪਾਗ਼ਲਾਂ ਵਾਂਗ ਉਹਨਾਂ ਕੁਰਸੀ 'ਤੇ ਬੈਠੇ ਦੂਜੇ ਰੱਬ ਵੱਲ ਤੱਕਿਆ। ਝੱਟ ਉਹਨਾਂ ਅੱਖਾਂ ਮੀਚ ਲਈਆਂ ਜਿਵੇਂ ਕਬੂਤਰਾਂ ਨੂੰ ਬਿੱਲੀ ਦਾ ਝਉਲਾ ਪਿਆ ਹੋਵੇ।

"ਇਹ ਕੀ ਸੋਚ ਰਹੇ ਹੋਣਗੇ?" ਮੋਤਾ ਸਿੰਘ ਉਹਨਾਂ ਦੀ ਮਨੋਦਸ਼ਾ ਦਾ ਅੰਦਾਜ਼ਾ ਲਾਉਣ ਲੱਗਾ।

"ਸ਼ਾਇਦ ਉਹ ਰੱਬ ਕੋਲੋਂ ਪੁੱਛ ਰਹੇ ਹੋਣ। ਨਿਰਦੋਸ਼ਾਂ ਨੂੰ ਸਜ਼ਾ ਕਰ ਕੇ ਮੋਤਾ ਸਿੰਘ ਵੀ ਇਕ ਜੁਰਮ ਕਰੇਗਾ। ਫੇਰ ਸਜ਼ਾ ਦੀ ਥਾਂ ਉਸ ਨੂੰ ਤਰੱਕੀ ਕਿਉਂ ਮਿਲੇਗੀ?

ਇਸ ਕਿਉਂ ਦਾ ਮੋਤਾ ਸਿੰਘ ਨੂੰ ਕੋਈ ਉੱਤਰ ਨਹੀਂ ਸੀ ਸੁੱਝ ਰਿਹਾ।

ਜਵਾਬ ਲੱਭਣ ਦੀ ਥਾਂ ਉਹ ਮਿਸਲ ਦੇ ਵਰਕੇ ਉਲਟਾਉਣ ਲੱਗਾ।

ਕੁਝ ਦੇਰ ਬਾਅਦ ਦੋਹਾਂ ਧਿਰਾਂ ਦੇ ਵਕੀਲ ਵੀ ਅਦਾਲਤ ਵਿਚ ਆ ਗਏ।

ਅੰਤਿਮ ਫ਼ੈਸਲੇ ਤੋਂ ਪਹਿਲਾਂ ਸਫ਼ਾਈ ਧਿਰ ਦੀ ਦਰਖ਼ਾਸਤ 'ਤੇ ਫ਼ੈਸਲਾ ਹੋਣਾ ਸੀ।

ਸਰਕਾਰੀ ਧਿਰ ਵੱਲੋਂ ਜ਼ਿਲ੍ਹਾ ਅਟਾਰਨੀ ਅਤੇ ਸਫ਼ਾਈ ਧਿਰ ਵੱਲੋਂ ਪਿਆਰੇ ਲਾਲ ਆਇਆ ਸੀ।

ਗੁਰਮੀਤ ਨੇ ਅੱਜ ਕਾਲਾ ਕੋਟ ਨਹੀਂ ਸੀ ਪਹਿਨਿਆ। ਵਕੀਲ ਦੀ ਥਾਂ ਅੱਜ ਉਸ ਨੇ ਸੰਮਤੀ ਦੇ ਇਕ ਕਾਰਕੁਨ ਦੇ ਫ਼ਰਜ਼ ਨਿਭਾਉਣੇ ਸਨ।

ਸਾਰੀ ਸਥਿਤੀ ਦੇ ਸਪੱਸ਼ਟ ਹੋ ਜਾਣ ਦੇ ਬਾਵਜੂਦ ਵੀ ਪਿਆਰੇ ਲਾਲ ਦੇ ਦਿਲ ਦੇ ਕਿਸੇ ਕੋਨੇ ਵਿਚ ਹਾਲੇ ਵੀ ਆਸ ਦੀ ਜੋਤ ਜਗਦੀ ਸੀ। ਸ਼ਾਇਦ ਚੰਡੀਗੜ੍ਹ ਵਾਲੇ ਵਰਕਰਾਂ ਨੂੰ ਭੁਲੇਖਾ ਲੱਗਾ ਹੋਵੇ। ਨਾ ਟਾਈਪ ਹੋਇਆ ਫ਼ੈਸਲਾ ਕਿਧਰੋਂ ਆ ਸਕਦੈ, ਨਾ ਕੋਈ ਜੱਜ ਲਿਖਿਆ-ਲਿਖਾਇਆ ਫ਼ੈਸਲਾ ਸੁਣਾ ਸਕਦੈ। ਸ਼ਾਇਦ ਮੋਤਾ ਸਿੰਘ ਦੀ ਜ਼ਮੀਰ ਜਾਗ ਪਏ। ਸ਼ਾਇਦ ਨਿੱਜੀ ਮੁਫ਼ਾਦਾਂ ਨਾਲੋਂ ਇਨਸਾਫ਼ ਦੀ ਮਰਿਆਦਾ ਉਸ 'ਤੇ ਭਾਰੂ ਹੋ ਜਾਵੇ।

ਇਹੋ ਜਿਹਾ ਸੋਚਦਾ ਪਿਆਰੇ ਲਾਲ ਕਾਲਾ ਕੋਟ ਪਾ ਕੇ ਦਰਖ਼ਾਸਤ 'ਤੇ ਬਹਿਸ ਕਰਨ ਆਇਆ ਸੀ।

ਸਫ਼ਾਈ ਧਿਰ ਦੀ ਦਲੀਲ ਸੀ ਕਿ ਕੁਝ ਦਿਨ ਫ਼ੈਸਲਾ ਅੱਗੇ ਪਾਉਣ 'ਤੇ ਸਰਕਾਰੀ ਧਿਰ ਨੂੰ ਕੋਈ ਉਜਰ ਨਹੀਂ ਹੋਣਾ ਚਾਹੀਦਾ। ਇਹਨਾਂ ਚਾਰ ਦਿਨਾਂ 'ਚ ਫ਼ੈਸਲੇ ਨੇ ਕੋਈ ਬਦਲ ਥੋੜ੍ਹਾ ਜਾਣਾ ਸੀ। ਬੱਸ ਸਫ਼ਾਈ ਧਿਰ ਦੀ ਤਸੱਲੀ ਹੋ ਜਾਣੀ ਸੀ।

ਫ਼ੈਸਲਾ ਅੱਗੇ ਪਾਏ ਜਾਣ 'ਤੇ ਸਰਕਾਰੀ ਧਿਰ ਨੂੰ ਸਖ਼ਤ ਇਤਰਾਜ਼ ਸੀ।

ਸਰਕਾਰ ਨੂੰ ਖ਼ੁਫ਼ੀਆ ਵਿਭਾਗ ਤੋਂ ਰਿਪੋਰਟ ਮਿਲੀ ਸੀ। ਫ਼ੈਸਲੇ ਵਾਲੇ ਦਿਨ ਭਾਰੀ ਗੜਬੜ ਹੋਣੀ ਸੀ। ਦੋਸ਼ੀ ਸਜ਼ਾ ਹੋਏ ਤਾਂ ਸੰਮਤੀ ਗੜਬੜ ਕਰੇਗੀ। ਬਰੀ ਹੋਏ ਤਾਂ ਸੰਘ। ਸਰਕਾਰ ਨੇ ਵਿਆਪਕ ਸੁਰੱਖਿਆ ਪ੍ਰਬੰਧ ਕੀਤੇ ਸਨ। ਲੱਖਾਂ ਰੁਪਿਆ ਖ਼ਰਚਿਆ ਸੀ। ਵਾਰ-ਵਾਰ ਅਜਿਹੇ ਪ੍ਰਬੰਧ ਨਹੀਂ ਕੀਤੇ ਜਾ ਸਕਦੇ।

ਅਦਾਲਤ ਜੋ ਮਰਜ਼ੀ ਫ਼ੈਸਲਾ ਸੁਣਾਏ, ਪਰ ਸੁਣਾਏ ਅੱਜ ਹੀ।

ਉਂਝ ਜ਼ਿਲ੍ਹਾ ਅਟਾਰਨੀ ਨੂੰ ਐਡਵੋਕੇਟ ਜਨਰਲ ਦਾ ਕੱਲ੍ਹ ਹੀ ਫ਼ੋਨ ਆ ਗਿਆ ਸੀ। ਹਾਈ ਕੋਰਟ ਵੱਲੋਂ ਬੰਦੀ ਨਹੀਂ ਹੋਣ ਦਿੱਤੀ ਜਾਏਗੀ। ਫ਼ੈਸਲਾ ਅੱਗੇ ਨਾ ਪੈਣ ਦਿੱਤਾ ਜਾਏ। ਸਫ਼ਾਈ ਧਿਰ ਬਹੁਤਾ ਜ਼ੋਰ ਪਾਵੇ ਤਾਂ ਫ਼ੈਸਲਾ ਦੁਪਹਿਰ ਤਕ ਰੁਕਵਾ ਲਿਆ ਜਾਵੇ। ਤਦ ਤਕ ਹੋਏ ਫ਼ੈਸਲੇ ਦੀ ਸੂਚਨਾ ਜੱਜ ਤਕ ਪਹੁੰਚਾ ਦਿੱਤੀ ਜਾਏਗੀ।

ਸਰਕਾਰੀ ਧਿਰ ਦੇ ਮਸ਼ਵਰੇ 'ਤੇ ਫ਼ੈਸਲਾ ਦੁਪਹਿਰ ਤਕ ਟਾਲ ਦਿੱਤਾ ਗਿਆ।

ਹਾਈ ਕੋਰਟ ਵਿਚ ਅਜਿਹੀਆਂ ਦਰਖ਼ਾਸਤਾਂ 'ਤੇ ਸੁਣਵਾਈ ਗਿਆਰਾਂ ਵਜੇ ਤਕ ਹੋ ਜਾਇਆ ਕਰਦੀ ਸੀ। ਬੰਦੀ ਮਿਲ ਗਈ ਤਾਂ ਲੰਬੀ ਤਾਰੀਖ਼ ਪਾ ਦਿੱਤੀ ਜਾਵੇਗੀ, ਨਾ ਮਿਲੀ ਤਾਂ ਫ਼ੈਸਲਾ



ਸੁਣਾ ਦਿੱਤਾ ਜਾਏਗਾ। ਇਸ ਸਮੇਂ ਦੌਰਾਨ ਧਿਰਾਂ ਆਪਣੇ-ਆਪਣੇ ਸੂਤਰਾਂ ਤੋਂ ਹੋਏ ਫ਼ੈਸਲੇ ਦੀ ਇਤਲਾਹ ਲੈ ਲੈਣ।

ਜ਼ਿਲ੍ਹਾ ਅਟਾਰਨੀ ਨੂੰ ਗਿਆਰਾਂ ਵਜੇ ਹੀ ਇਤਲਾਹ ਮਿਲ ਗਈ। ਦਰਖ਼ਾਸਤ ਖ਼ਾਰਜ ਹੋ ਚੁੱਕੀ ਸੀ। ਸਫ਼ਾਈ ਧਿਰ ਨੂੰ ਚੰਗੀਆਂ ਝਾੜਾਂ ਪਈਆਂ ਸਨ। ਸਫ਼ਾਈ ਧਿਰ ਹਰ ਜੱਜ 'ਤੇ ਦੋਸ਼ ਲਾਉਣ ਦੀ ਆਦੀ ਹੋ ਗਈ ਸੀ। ਇੰਝ ਹਾਈ ਕੋਰਟ ਕੇਸ ਬਦਲਣ ਲੱਗੇ ਤਾਂ ਫ਼ੈਸਲੇ ਕਿਵੇਂ ਹੋਣਗੇ?

ਜ਼ਿਲ੍ਹਾ ਅਟਾਰਨੀ ਨੂੰ ਇਹ ਵੀ ਦੱਸਿਆ ਗਿਆ ਕਿ ਫ਼ੋਨ ਰਾਹੀਂ ਜੱਜ ਨੂੰ ਵੀ ਸੂਚਿਤ ਕੀਤਾ ਜਾ ਚੁੱਕਾ ਸੀ। ਫੇਰ ਵੀ ਜੇ ਲੋੜ ਪਵੇ ਤਾਂ ਜ਼ਿਲ੍ਹਾ ਅਟਾਰਨੀ ਬਿਨਾਂ ਝਿਜਕ ਆਪਣਾ ਹਲਫ਼ੀਆ ਬਿਆਨ ਦੇ ਦੇਵੇ। ਜ਼ਿਲ੍ਹਾ ਅਟਾਰਨੀ ਜੋ ਮਰਜ਼ੀ ਹੱਥ-ਕੰਡਾ ਵਰਤੇ ਪਰ ਫ਼ੈਸਲਾ ਅੱਜ ਹੀ ਕਰਾਏ।

ਹਲਫ਼ੀਆ ਬਿਆਨ ਟਾਈਪ ਕਰਵਾ ਕੇ ਜ਼ਿਲ੍ਹਾ ਅਟਾਰਨੀ ਦੁਪਹਿਰ ਹੋਣ ਦਾ ਇੰਤਜ਼ਾਰ ਕਰਨ ਲੱਗਾ।

ਦੁਪਹਿਰ ਤਕ ਸਾਰੇ ਸ਼ਹਿਰ ਵਿਚ ਖ਼ਬਰ ਫੈਲ ਗਈ। ਅੱਜ ਬੰਟੀ ਕਤਲ ਕੇਸ ਦਾ ਫ਼ੈਸਲਾ ਹੋਣਾ ਹੈ।

ਸੰਮਤੀ ਨੇ ਸਥਿਤੀ ਦਾ ਫ਼ਾਇਦਾ ਉਠਾਇਆ। ਉਹਨਾਂ ਨਾਲ ਇਕ ਖ਼ਬਰ ਹੋਰ ਜੋੜ ਦਿੱਤੀ। ਦੋਸ਼ੀਆਂ ਨੂੰ ਫ਼ਾਂਸੀ ਦੀ ਸਜ਼ਾ ਹੋਏਗੀ। ਫ਼ੈਸਲਾ ਮੁੱਖ ਮੰਤਰੀ ਨੇ ਚੰਡੀਗੜ੍ਹੋਂ ਭੇਜਿਐ।

ਅਜੀਬੋ-ਗ਼ਰੀਬ ਕੇਸ ਦਾ ਅਜੀਬੋ-ਗ਼ਰੀਬ ਫ਼ੈਸਲਾ ਸੁਣਨ ਲਈ ਲੋਕ ਵਹੀਰਾਂ ਘੱਤ ਕੇ ਕਚਹਿਰੀ ਵੱਲ ਤੁਰ ਪਏ।

ਸੰਮਤੀ ਦੇ ਵਰਕਰ ਵੀ ਲੋਕਾਂ ਵਿਚ ਰਲ ਕੇ ਕਚਹਿਰੀ ਪੁੱਜ ਗਏ। ਦਫ਼ਾ ਚੁਤਾਲੀ ਕਾਰਨ ਫੜ-ਫੜਾਈ ਦੇ ਡਰੋਂ ਉਹ ਇਧਰ-ਉਧਰ ਖਿੰਡ ਗਏ। ਕੋਈ ਕਿਸੇ ਵਕੀਲ ਕੋਲ ਜਾ ਬੈਠਾ, ਕੋਈ ਕਿਸੇ ਅਰਜ਼ੀ-ਨਵੀਸ ਕੋਲ।

ਸੰਘ ਦੇ ਸਾਰੇ ਵਰਕਰ ਕਚਹਿਰੀ ਪੁੱਜੇ ਹੋਏ ਸਨ। ਨਾ ਉਹਨਾਂ ਨੂੰ ਪੁਲਿਸ ਦਾ ਡਰ ਸੀ, ਨਾ ਪੁਲਿਸ ਨੂੰ ਉਹਨਾਂ ਤੋਂ। ਉਹਨਾਂ ਨੂੰ ਬਿਨਾਂ ਰੋਕ-ਟੋਕ ਘੁੰਮਣ ਦੀ ਖੁੱਲ੍ਹ ਸੀ।

ਦੋਸ਼ੀਆਂ ਨੂੰ ਸਜ਼ਾ ਹੋਣੀ ਸੀ। ਰਾਮ ਸਰੂਪ ਚਾਹੁੰਦਾ ਸੀ ਕਿ ਇਸ ਖ਼ੁਸ਼ੀ ਵਿਚ ਲੱਡੂ ਵੰਡੇ ਜਾਣ।

ਇਸ ਤਜਵੀਜ਼ 'ਤੇ ਪੁਲਿਸ ਨੂੰ ਸਖ਼ਤ ਇਤਰਾਜ਼ ਸੀ। ਪੁਲਿਸ ਦੇ ਯਤਨਾਂ ਦੇ ਬਾਵਜੂਦ ਵੀ ਸੰਮਤੀ ਦੇ ਕੁਝ ਵਰਕਰਾਂ ਵੱਲੋਂ ਕਚਹਿਰੀ ਵਿਚ ਹਥਿਆਰ ਲੈ ਆਉਣ ਦੀ ਸੰਭਾਵਨਾ ਬਣੀ ਹੋਈ ਸੀ। ਸੰਘ ਨੇ ਸੰਜਮ ਤੋਂ ਕੰਮ ਨਾ ਲਿਆ ਤਾਂ ਕੋਈ ਵੀ ਘਟਨਾ ਵਾਪਰ ਸਕਦੀ ਸੀ।

ਹਥਿਆਰਾਂ ਦੀ ਗੱਲ ਸੁਣ ਕੇ ਭੰਡਾਰੀ ਧੁਰ ਅੰਦਰ ਤਕ ਕੰਬ ਗਿਆ। ਉਸ ਨੂੰ ਆਪਣਾ ਪਾਲਾ ਖਾਣ ਲੱਗਾ। ਭੰਡਾਰੀ ਨੇ ਅਦਾਲਤ ਵਿਚ ਵਕਾਲਤ ਘੱਟ ਕੀਤੀ ਸੀ ਅਤੇ ਬਾਹਰ ਜ਼ਿਆਦਾ। ਉਹ ਕਈ ਵਾਰ ਮੁੱਖ ਮੰਤਰੀ ਨੂੰ ਮਿਲ ਚੁੱਕਾ ਸੀ। ਸਪੈਸ਼ਲ ਪੀ.ਪੀ. ਲਾਉਣ ਦਾ ਸੁਝਾਅ ਉਸੇ ਦਾ ਸੀ। ਉਸੇ ਦੇ ਸੁਝਾਅ 'ਤੇ ਫ਼ੈਸਲਾ ਚੰਡੀਗੜ੍ਹੋਂ ਟਾਈਪ ਹੋ ਕੇ ਆਇਆ ਸੀ। ਉਸੇ ਦੀਆਂ ਕੋਸ਼ਿਸ਼ਾਂ ਸਦਕਾ ਪਾਲੇ ਅਤੇ ਮੀਤੇ ਨੂੰ ਸਜ਼ਾ ਹੋਣ ਲੱਗੀ ਸੀ।

ਭੰਡਾਰੀ ਦੀ ਨਿੱਜੀ ਦਿਲਚਸਪੀ ਕਾਰਨ ਸੰਮਤੀ ਪਹਿਲਾਂ ਹੀ ਉਸ 'ਤੇ ਨਰਾਜ਼ ਸੀ। ਹੁਣ ਕਚਹਿਰੀ ਖਚਾਖਚ ਭਰੀ ਹੋਈ ਸੀ। ਭਲਮਾਣਸੀ ਨਾਲ ਪੁਲਿਸ ਇੰਨੇ ਲੋਕਾਂ ਨੂੰ ਕਾਬੂ ਨਹੀਂ ਸੀ ਕਰ ਸਕਦੀ। ਸੰਮਤੀ ਵਾਲਿਆਂ ਨੇ ਭੰਡਾਰੀ 'ਤੇ ਹਮਲਾ ਕਰ ਦਿੱਤਾ ਤਾਂ ਉਹ ਕਿਸ ਦੀ

ਮਾਂ ਨੂੰ ਮਾਸੀ ਆਖੇਗਾ।

ਭੰਡਾਰੀ ਨੂੰ ਆਪਣੇ ਕੀਤੇ ਦਾ ਪਛਤਾਵਾ ਹੋਇਆ। ਉਸ ਨੂੰ ਵੀ ਮੋਹਨ ਜੀ ਵਾਂਗ ਆਪਣੀਆਂ ਗਤੀਵਿਧੀਆਂ ਨੂੰ ਮੁਕੱਦਮੇ ਤਕ ਹੀ ਸੀਮਤ ਰੱਖਣਾ ਚਾਹੀਦਾ ਸੀ।

ਹੁਣ ਬਿਹਤਰੀ ਕਿਸੇ ਨਾ ਕਿਸੇ ਬਹਾਨੇ ਅਦਾਲਤੋਂ ਟਲ ਜਾਣ ਵਿਚ ਸੀ।

ਖਾਣੇ ਦਾ ਸਮਾਂ ਸੀ।

ਪਹਿਲਾਂ ਭੰਡਾਰੀ ਲੰਚ ਦੇ ਬਹਾਨੇ ਤੁਰ ਗਿਆ। ਫੇਰ ਘਰੋਂ ਫ਼ੋਨ ਕਰ ਦਿੱਤਾ। ਉਸ ਦੇ ਪੇਟ ਵਿਚ ਦਰਦ ਹੈ, ਕਚਹਿਰੀ ਨਹੀਂ ਆ ਸਕੇਗਾ।

ਖਾਣੇ ਦਾ ਸਮਾਂ ਸਮਾਪਤ ਹੁੰਦਿਆਂ ਹੀ ਮੁੜ ਕਾਰਵਾਈ ਸ਼ੁਰੂ ਹੋਈ।

ਦਰਖ਼ਾਸਤ ਦੇ ਰੱਦ ਹੋਣ ਦੀ ਸੂਚਨਾ ਦੋਹਾਂ ਧਿਰਾਂ ਦੇ ਵਕੀਲਾਂ ਨੂੰ ਮਿਲ ਚੁੱਕੀ ਸੀ। ਹੁਣ ਜੱਜ ਫ਼ੈਸਲਾ ਸੁਣਾਉਣ ਲਈ ਆਜ਼ਾਦ ਸੀ।

ਫ਼ੈਸਲਾ ਸੁਣਾਉਣ ਤੋਂ ਪਹਿਲਾਂ ਜੱਜ ਨੇ ਦੋਹਾਂ ਧਿਰਾਂ ਦੇ ਵਕੀਲਾਂ ਅਤੇ ਦੋਸ਼ੀਆਂ ਨੂੰ ਕੋਲ ਬੁਲਾਇਆ।

ਇਸ ਤੋਂ ਪਹਿਲਾਂ ਕਿ ਫ਼ੈਸਲੇ ਦਾ ਕੋਈ ਸ਼ਬਦ ਜੱਜ ਦੇ ਮੂੰਹੋਂ ਨਿਕਲਦਾ, ਅਦਾਲਤ ਦੇ ਬਾਹਰ ਜੁੜੀ ਭੀੜ ਵਿਚੋਂ ਕਿਸੇ ਨੇ ਨਾਅਰਾ ਮਾਰ ਦਿੱਤਾ।

ਫੇਰ ਨਾਅਰਿਆਂ ਨਾਲ ਅਸਮਾਨ ਗੂੰਜਣ ਲੱਗਾ।

ਹੌਲੀ-ਹੌਲੀ ਗੁੱਥੀ ਸੁਲਝੀ। ਨਾਅਰੇਬਾਜ਼ੀ ਸੰਮਤੀ ਵੱਲੋਂ ਹੋ ਰਹੀ ਸੀ। ਬਾਬੇ ਦੀ ਕੜਕਵੀਂ ਆਵਾਜ਼ ਮਾਹੌਲ ਨੂੰ ਜੋਸ਼ੀਲਾ ਬਣਾ ਰਹੀ ਸੀ। ਅੰਦਰ ਹੋਣ ਵਾਲਾ ਫ਼ੈਸਲਾ ਪਹਿਲਾਂ ਹੀ ਬਾਹਰ ਸੁਣਾਇਆ ਜਾ ਰਿਹਾ ਸੀ।

ਪੁਲਿਸ ਨੇ ਪੁਜ਼ੀਸ਼ਨਾਂ ਸੰਭਾਲ ਲਈਆਂ। ਫੜੋ-ਫੜੀ ਸ਼ੁਰੂ ਹੋ ਗਈ।

ਪੁਲਿਸ ਦੀ ਲਲਕਾਰ ਅਤੇ ਸੰਮਤੀ ਦੇ ਨਾਅਰੇ ਸਾਫ਼ ਸਣਾਈ ਦੇਣ ਲੱਗੇ।

ਰੀਡਰ, ਸਟੈਨੋ, ਅਰਦਲੀ ਅਤੇ ਜ਼ਿਲ੍ਹਾ ਅਟਾਰਨੀ, ਅਦਾਲਤ ਵਿਚ ਹਾਜ਼ਰ ਵਿਅਕਤੀ ਦਾ ਦਿਲ ਧੜਕਣ ਲੱਗਾ। ਬਾਹਰ ਪੈਂਦੇ ਰੌਲੇ-ਰੱਪੇ ਤੋਂ ਸਾਫ਼ ਜ਼ਾਹਰ ਸੀ ਕਿ ਬਾਹਰ ਕੁਝ ਵੀ ਵਾਪਰ ਸਕਦਾ ਸੀ।

ਸਭ ਨੂੰ ਆਪਣਾ-ਆਪਣਾ ਫ਼ਿਕਰ ਸੀ। ਫ਼ੈਸਲਾ ਹੋਵੇ ਤੇ ਉਹ ਸੁੱਖੀਂ-ਸਾਂਦੀ ਘਰ ਪੁੱਜਣ ਦਾ ਇੰਤਜ਼ਾਮ ਕਰਨ।

"ਪਿਆਰੇ ਲਾਲ ਜੀ, ਮੁਆਫ਼ ਕਰਨਾ। ਮੈਂ ਤੁਹਾਡੇ ਸਾਇਲਾਂ ਨੂੰ ਬਰੀ ਨਹੀਂ ਕਰ ਸਕਿਆ। ਸਰਕਾਰ ਦਾ ਪੱਲੜਾ ਭਾਰੀ ਸੀ।"

ਫ਼ੈਸਲਾ ਸੁਣਾਉਂਦੇ ਜੱਜ ਦੇ ਹੱਥ ਅਤੇ ਆਵਾਜ਼ ਦੋਵੇਂ ਕੰਬਣ ਲੱਗੇ।

"ਸਜ਼ਾ ਬਾਰੇ ਕੁਝ ਕਹਿਣਾ ਹੈ ?" ਜ਼ਾਬਤਾ ਪੂਰਾ ਕਰਨ ਲਈ ਜੱਜ ਨੇ ਸਫ਼ਾਈ ਧਿਰ 'ਤੇ ਅਗਲਾ ਸਵਾਲ ਕੀਤਾ।

ਪਿਆਰੇ ਲਾਲ ਪਹਿਲਾਂ ਹੀ ਭਰਿਆ-ਪੀਤਾ ਖਲੋਤਾ ਸੀ। ਇਸ ਉਪਚਾਰਕਤਾ ਨਾਲ ਉਸ ਦਾ ਚਿਹਰਾ ਹੋਰ ਵੀ ਸੂਹਾ ਹੋ ਗਿਆ। ਜੋਸ਼ ਅਤੇ ਗ਼ੁੱਸੇ ਨਾਲ ਉਸ ਦਾ ਸਰੀਰ ਕੰਬਣ ਲੱਗਾ।

ਜੱਜ ਦਾ ਫ਼ੈਸਲਾ ਜਿਵੇਂ ਬਾਹਰ ਖੜੇ ਲੋਕਾਂ ਦੇ ਕੰਨੀਂ ਵੀ ਪੈ ਗਿਆ। ਸੰਮਤੀ ਦੇ ਵਰਕਰ ਰੋਹ ਵਿਚ ਆ ਗਏ। ਪੁਲਿਸ ਘਬਰਾ ਗਈ। ਲਾਠੀ ਚਾਰਜ ਹੋਣ ਲੱਗਾ।

"ਜੋ ਉਪਰੋਂ ਲਿਖ ਕੇ ਆਇਆ ਹੈ ਉਹੋ ਸੁਣਾ ਦੇਵੋ।"

ਪਿਆਰੇ ਲਾਲ ਦੇ ਮਨੋ ਜਦੋਂ ਨਿਆਂ-ਪਾਲਿਕਾ ਪ੍ਰਤੀ ਬਚਦਾ-ਖੁਚਦਾ ਵਿਸ਼ਵਾਸ ਉੱਠ



ਗਿਆ ਤਾਂ ਉਸ ਨੇ ਵੀ ਸਖ਼ਤ ਰਵੱਈਆ ਅਪਣਾ ਲਿਆ।

"ਇਹ ਅਦਾਲਤ ਦੀ ਤੌਹੀਨ ਹੈ" ਜ਼ਿਲ੍ਹਾ ਅਟਾਰਨੀ ਨੂੰ ਪਿਆਰੇ ਲਾਲ ਦੇ ਇਸ ਕਟਾਖ਼ਸ਼ 'ਤੇ ਸਖ਼ਤ ਇਤਰਾਜ਼ ਸੀ।

"ਬਿਲਕੁਲ ਨਹੀਂ। ਅਦਾਲਤ ਉਹ ਹੁੰਦੀ ਹੈ ਜਿਸ ਦੇ ਹੱਥ ਵਿਚ ਇਨਸਾਫ਼ ਦੀ ਤੱਕੜੀ ਹੋਵੇ। ਜਿਸ ਅਦਾਲਤ ਦੀ ਤੱਕੜੀ ਦਾ ਇਕੋ ਪੱਲੜਾ ਹੋਵੇ ਅਤੇ ਉਹ ਵੀ ਸਰਕਾਰੀ, ਅਜਿਹੀ ਅਦਾਲਤ ਨੂੰ ਮੈਂ ਅਦਾਲਤ ਹੀ ਨਹੀਂ ਸਮਝਦਾ। ਜਦੋਂ ਇਹ ਅਦਾਲਤ ਹੀ ਨਹੀਂ, ਇਸ ਦੀ ਇੱਜ਼ਤ ਕਾਹਦੀ ?"

ਪਿਆਰੇ ਲਾਲ ਪੂਰੀ ਦ੍ਰਿੜ੍ਹਤਾ ਨਾਲ ਆਪਣੇ ਸ਼ਬਦਾਂ 'ਤੇ ਅੜਿਆ ਰਿਹਾ।

ਮੋਤਾ ਸਿੰਘ ਨੇ ਕੰਨਾਂ ਵਿਚ ਤੇਲ ਪਾ ਲਿਆ। ਮਨ ਹੀ ਮਨ ਉਸ ਨੇ ਪਿਆਰੇ ਲਾਲ ਨੂੰ ਸ਼ਾਬਾਸ਼ ਦਿੱਤੀ। ਪਿਆਰੇ ਲਾਲ ਸੱਚ ਆਖ ਰਿਹਾ ਸੀ।

ਬਾਹਰਲੀ ਭੀੜ ਕਾਬੂ ਤੋਂ ਬਾਹਰ ਹੁੰਦੀ ਜਾ ਰਹੀ ਸੀ। ਅੱਥਰੂ ਗੈਸ ਦਾ ਧੂੰਆਂ ਕੋਰਟ ਰੂਮ ਤਕ ਪੁੱਜਣ ਲੱਗਾ।

"ਜੱਜ ਸਾਹਿਬ, ਜਲਦੀ ਕਰੋ। ਭੀੜ ਕਾਬੂ ਤੋਂ ਬਾਹਰ ਹੁੰਦੀ ਜਾ ਰਹੀ ਹੈ। ਕਾਰਵਾਈ ਪੂਰੀ ਕਰੋ ਤੇ ਬਾਹਰ ਨਿਕਲੋ।"

ਅਚਾਨਕ ਡਿਪਟੀ ਕੋਰਟ ਰੂਮ ਆ ਧਮਕਿਆ। ਉਸ ਦੇ ਹੱਥ ਵਿਚ ਭਰਿਆ ਹੋਇਆ ਪਿਸਤੌਲ ਸੀ।

"ਮੈਂ ਗੱਡੀ ਰਿਟਾਇਰਿੰਗ ਰੂਮ ਵਿਚ ਅੱਗੇ ਲਾ ਦਿੱਤੀ ਹੈ। ਫਟਾਫਟ ਵਿਚ ਬੈਠੋ। ਤੁਸੀਂ ਵੀ ਡੀ.ਏ. ਸਾਹਿਬ।"

ਡਿਪਟੀ ਹਫਿਆ ਹੋਇਆ ਸੀ ਤਾਂ ਸਥਿਤੀ ਖ਼ਤਰਨਾਕ ਹੀ ਹੋਏਗੀ।

ਡਿਪਟੀ ਦੀ ਤਾੜਨਾ ਸੁਣ ਕੇ ਅਦਾਲਤ ਦੇ ਅਮਲੇ-ਫੈਲੇ ਨੂੰ ਵੀ ਹੱਥਾਂ-ਪੈਰਾਂ ਦੀ ਪੈ ਗਈ। ਜੱਜ ਅਤੇ ਡੀ.ਏ. ਲਈ ਗੱਡੀ ਹਾਜ਼ਰ ਸੀ। ਉਹਨਾਂ ਨੇ ਆਪਣੀ ਰੱਖਿਆ ਆਪ ਕਰਨੀ ਸੀ।

"ਇਹ ਬੜਾ ਸੰਗੀਨ ਜੁਰਮ ਹੈ। ਮਾਮੂਲੀ ਜਿਹੀ ਰਕਮ ਬਦਲੇ ਇਕ ਮਾਸੂਮ ਬੱਚੇ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ। ਅਜਿਹੇ ਖ਼ੌਫ਼ਨਾਕ ਜੁਰਮ ਦੀ ਸਜ਼ਾ ਮੌਤ ਤੋਂ ਘੱਟ ਨਹੀਂ ਹੋ ਸਕਦੀ। ਮੈਂ ਦੋਹਾਂ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਸੁਣਾਉਂਦਾ ਹਾਂ।

ਭਰੇ ਗਲੇ ਨਾਲ ਮੋਤਾ ਸਿੰਘ ਨੇ ਫ਼ੈਸਲਾ ਸੁਣਾਇਆ ਅਤੇ ਕੰਬਦੇ ਹੱਥਾਂ ਨਾਲ ਕਾਗ਼ਜ਼ਾਂ 'ਤੇ ਦਸਤਖ਼ਤ ਕੀਤੇ। ਆਖ਼ਰੀ ਅੱਖਰ ਪਾ ਕੇ ਉਸ ਨੇ ਪੈੱਨ ਦਾ ਨਿੱਬ ਤੋੜਿਆ ਤੇ ਫੇਰ ਟੁੱਟੇ ਪੈੱਨ ਨੂੰ ਪਰ੍ਹਾਂ ਵਗਾਹ ਮਾਰਿਆ।

ਇਹਨੀਂ ਦਿਨੀਂ ਨਿੱਬ ਤੋੜਨ ਦੀ ਪ੍ਰਥਾ ਨਹੀਂ ਸੀ। ਪਹਿਲਾਂ ਮੋਤਾ ਸਿੰਘ ਨੇ ਵੀ ਕਦੇ ਇੰਝ ਨਹੀਂ ਸੀ ਕੀਤਾ। ਅੱਜ ਪਹਿਲੀ ਵਾਰ ਉਸ ਨੂੰ ਆਪਣੀ ਕਲਮ 'ਤੇ ਗ਼ੁੱਸਾ ਆਇਆ ਸੀ।

ਬਾਹਰ ਰਬੜ ਦੀਆਂ ਗੋਲੀਆਂ ਚੱਲਣ ਲੱਗੀਆਂ। ਕਿਸੇ ਵੀ ਸਮੇਂ ਫ਼ਾਇਰ ਖੁੱਲ੍ਹ ਸਕਦਾ ਸੀ।

ਬਾਕੀ ਦੇ ਕਾਗ਼ਜ਼ ਮੋਤਾ ਸਿੰਘ ਨੇ ਰੀਡਰ ਦੇ ਹਵਾਲੇ ਕੀਤੇ। ਭਾਰੇ-ਭਾਰੇ ਕਦਮ ਪੁੱਟਦਾ ਆਪ ਉਹ ਡਿਪਟੀ ਦੇ ਬਰਾਬਰ ਜਾ ਖੜੋਤਾ।

ਬਾਹਰ ਖੜੀ ਜੀਪ ਵੱਲ ਉਹ ਵਧਣ ਹੀ ਲੱਗੇ ਸਨ ਕਿ ਇਕ ਭਾਰੀ ਕਾਲੀ ਚੀਜ਼ ਉਹਨਾਂ ਦੇ ਪੈਰਾਂ 'ਚ ਆ ਡਿੱਗੀ।

ਸਭ ਤ੍ਰਬਕ ਗਏ। ਮੋਤਾ ਸਿੰਘ ਦੀ ਤਾਂ ਚੀਕ ਹੀ ਨਿਕਲ ਚੱਲੀ ਸੀ।

ਮੋਤਾ ਸਿੰਘ ਨੇ ਗਹੁ ਨਾਲ ਤੱਕਿਆ। ਇਹ ਕਾਲਾ ਕੋਟ ਸੀ ਜਿਹੜਾ ਉਹਨਾਂ ਉਪਰ ਸੁੱਟਿਆ ਗਿਆ ਸੀ।

ਮੋਤਾ ਸਿੰਘ ਨੇ ਉਸ ਦਿਸ਼ਾ ਵੱਲ ਤੱਕਿਆ ਜਿਧਰੋਂ ਕੋਟ ਆਇਆ ਸੀ। ਇਹ ਕੋਟ ਪਿਆਰੇ ਲਾਲ ਦਾ ਸੀ। ਉਹ ਕਾਲੀ ਟਾਈ ਵੀ ਲਾਹ ਕੇ ਸੁੱਟ ਚੁੱਕਾ ਸੀ। ਇਹਨਾਂ ਕਾਲੀਆਂ ਚੀਜ਼ਾਂ ਤੋਂ ਖਹਿੜਾ ਛੁਡਾ ਕੇ ਪਿਆਰੇ ਲਾਲ ਭੀੜ ਵੱਲ ਤੁਰਿਆ ਜਾ ਰਿਹਾ ਸੀ।

ਇਕ ਵਾਰ ਮੋਤਾ ਸਿੰਘ ਦਾ ਦਿਲ ਕੀਤਾ, ਉਹ ਕੋਟ ਨੂੰ ਚੁੱਕ ਕੇ ਹਿੱਕ ਨਾਲ ਲਾ ਲਏ। ਇਹ ਵਰਦੀ ਦੀ ਤੌਹੀਨ ਸੀ।

ਦੂਸਰੇ ਹੀ ਪਲ ਉਹ ਰੁਕ ਗਿਆ। ਵਰਦੀ ਦੀ ਇਸ ਤੋਂ ਵੱਧ ਤੌਹੀਨ ਉਸ ਨੇ ਖ਼ੁਦ ਕੀਤੀ ਸੀ। ਮੋਤਾ ਸਿੰਘ ਨੂੰ ਆਪਣਾ ਕੋਟ ਆਪਣੇ ਮੋਢਿਆਂ 'ਤੇ ਰੱਖਣ ਦਾ ਵੀ ਅਧਿਕਾਰ ਨਹੀਂ ਸੀ ਰਿਹਾ।

ਮੋਤਾ ਸਿੰਘ ਕੋਟ ਤੋਂ ਲਾਂਭੇ ਹੋ ਕੇ ਲੰਘਣਾ ਚਾਹੁੰਦਾ ਸੀ, ਪਰ ਡਿਪਟੀ ਕੋਲ ਇੰਨਾ ਵਕਤ ਨਹੀਂ ਸੀ।

ਕੋਟ ਨੂੰ ਲਿਤਾੜਦਾ ਡਿਪਟੀ ਅੱਗੇ ਲੰਘ ਗਿਆ।

ਮਿੱਧੇ ਜਾ ਰਹੇ ਕੋਟ ਨੂੰ ਦੇਖ ਕੇ ਮੋਤਾ ਸਿੰਘ ਦੇ ਸੀਨੇ 'ਚ ਰੁੱਗ ਭਰਿਆ ਗਿਆ। ਖ਼ਾਕੀ ਵਰਦੀ ਨੇ ਕਾਲਾ ਕੋਟ ਦਰੜ ਦਿੱਤਾ ਸੀ।